# ਜਗਤਗੁਰੂ ਰਵਿਦਾਸ ਅੰਮ੍ਰਿਤ ਬਾਣੀ
## (ਸਟੀਕ)
## ਅਤੇ ਸੰਖੇਪ ਜੀਵਨ

ਨਿਸ਼ਾਨ ਸਾਹਿਬ
ਰਵਿਦਾਸੀਆ ਸੰਪ੍ਰਦਾਇ

*ਪ੍ਰਕਾਸ਼ਕ :*
ਸ਼੍ਰੀ ਗੁਰੂ ਰਵਿਦਾਸ ਜਨਮ ਸਥਾਨ ਪਬਲਿਕ ਚੈਰੀਟੇਬਲ ਟਰੱਸਟ
ਵਾਰਾਣਸੀ (ਯੂ.ਪੀ.)
ਹੈੱਡ ਆਫਿਸ—ਡੇਰਾ ਸ਼੍ਰੀ 108 ਸੰਤ ਸਰਵਣ ਦਾਸ ਜੀ
ਸੱਚਖੰਡ ਬੱਲਾਂ, ਜ਼ਿਲ੍ਹਾ ਜਲੰਧਰ (ਪੰਜਾਬ)

# ਜਗਤਗੁਰੂ ਰਵਿਦਾਸ ਅੰਮ੍ਰਿਤ ਬਾਣੀ
## (ਸਟੀਕ)
## ਅਤੇ ਸੰਖੇਪ ਜੀਵਨ

*ਪ੍ਰਕਾਸ਼ਕ :*
ਸ਼੍ਰੀ ਗੁਰੂ ਰਵਿਦਾਸ ਜਨਮ ਸਥਾਨ ਪਬਲਿਕ ਚੈਰੀਟੇਬਲ ਟਰੱਸਟ
ਵਾਰਾਣਸੀ (ਯੂ.ਪੀ.)
ਹੈੱਡ ਆਫਿਸ—ਡੇਰਾ ਸ਼੍ਰੀ 108 ਸੰਤ ਸਰਵਣ ਦਾਸ ਜੀ
ਸੱਚਖੰਡ ਬੱਲਾਂ ਜ਼ਿਲ੍ਹਾ ਜਲੰਧਰ

ਸਭ ਹੱਕ ਰਾਖਵੇਂ ਹਨ।

*ਟੀਕਾਕਾਰ :*
**ਸੰਤ ਸੁਰਿੰਦਰ ਦਾਸ ਬਾਵਾ**
**ਡੇਰਾ ਸੱਚਖੰਡ ਬੱਲਾਂ, ਜਲੰਧਰ**

ਮਿਤੀ 16 ਅਗਸਤ, 2009

ਗਿਣਤੀ : 5,000 (ਦੂਸਰਾ ਐਡੀਸ਼ਨ)

ਛਾਪਕ : ਰਵਿ ਪ੍ਰਕਾਸ਼ ਪ੍ਰਿੰਟਿੰਗ ਪ੍ਰੈਸ,
ਮੁਹੱਲਾ ਸੁੰਦਰ ਨਗਰ, ਜਲੰਧਰ
ਫੋਨ : 0181-2611697

## ਨਿਸ਼ਾਨ ਸਾਹਿਬ
### ਰਵਿਦਾਸੀਆ ਕੌਮ

## ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਸੰਬੰਧੀ ਮਹੱਤਵਪੂਰਨ ਤੱਥ

- **ਪ੍ਰਕਾਸ਼ ਦਿਹਾੜਾ :**
  ਮਾਘ ਸੁਦੀ ਪੰਦ੍ਰਾਸ 1433 ਵਿਕਰਮੀ ਸੰਮਤ
  ਸੰਨ 1377 ਈ.।
- **ਜਨਮ ਸਥਾਨ :**
  ਸੀਰ ਗੋਵਰਧਨਪੁਰ, ਬਨਾਰਸ (ਯੂ. ਪੀ.)
- **ਮਾਤਾ ਪਿਤਾ ਜੀ ਦੇ ਨਾਮ :**
  ਪਿਤਾ ਸਤਿਕਾਰਯੋਗ ਸ਼੍ਰੀਮਾਨ ਸੰਤੋਖ ਦਾਸ ਜੀ
  ਮਾਤਾ ਸਤਿਕਾਰਯੋਗ ਸ਼੍ਰੀਮਤੀ ਕਲਸੀ ਦੇਵੀ ਜੀ
- **ਦਾਦਾ ਦਾਦੀ ਜੀ ਦੇ ਨਾਮ :**
  ਦਾਦਾ ਸਤਿਕਾਰਯੋਗ ਸ਼੍ਰੀਮਾਨੀ ਕਾਲੂ ਰਾਮ ਜੱਸਲ ਜੀ
  ਦਾਦੀ ਸਤਿਕਾਰਯੋਗ ਸ਼੍ਰੀਮਤੀ ਲੱਖਪਤੀ ਸਰੋਏ ਜੀ
- **ਸੁਪਤਨੀ ਅਤੇ ਸਪੁੱਤਰ ਦਾ ਨਾਮ :**
  ਸੁਪਤਨੀ ਸਤਿਕਾਰਯੋਗ ਸ਼੍ਰੀਮਤੀ ਲੋਨਾ ਜੀ
  ਸਪੁੱਤਰ ਸਤਿਕਾਰਯੋਗ ਸ਼੍ਰੀਮਾਨ ਵਿਜੈ ਦਾਸ ਜੀ
- **ਬ੍ਰਹਮਲੀਨ :**
  ਹਾੜ ਦੀ ਸੰਗਰਾਂਦ 1584 ਵਿਕਰਮੀ ਸੰਮਤ
  (1528 ਈ.) ਬਨਾਰਸ ਵਿਖੇ।

# *Festivals of the Faiths*
2002



TRADE MARKS REGISTRY

REGISTRATION CERTIFICATE

Trade Marks Act 1994 of Great Britain and Northern Ireland

The mark shown below has been registered under No. 2318217 as of the date 09 December 2002

The mark has been registered in respect of:

Class 35:
Advertising services, provided via the Internet, television and radio; business management, and office functions; public relations services.

Class 41:
Providing educational training, entertainment and cultural activities.

Class 42:
Providing industrial analysis and research services; design and development of computer hardware and software, which includes installation, maintenance and repair of computer software and design, drawing commissioned writing for the compilation of web sites; creating, maintaining and hosting web sites services.

In the name of Sri Guru Ravidass International Organization for Human Rights

**The mark on this certificate was filed in colour and is reproduced here in colour. It has been scanned as accurately as our equipment allows but you should refer to the application form, which is available for public inspection, and any colour standard provided by the applicant to determine the exact colour(s).**

Signed this day at my direction

ALISON BRIMELOW, REGISTRAR
DATE 14 November 2003


# THE COPYRIGHT ACT, 1957.

(REPRESENTATION)

Deputy Registrar
Copyright Office
New Delhi



ਜਗਤ ਗੁਰੂ ਰਵਿਦਾਸ ਜੀ ਮਹਾਰਾਜ






ਤਪ ਅਸਥਾਨ ਸ਼੍ਰੀ 108 ਸੰਤ ਸਰਵਣ ਦਾਸ ਜੀ ਮਹਾਰਾਜ (ਡੇਰਾ ਸੱਚਖੰਡ ਬੱਲਾਂ)



ਪਿੰਡ ਬੱਲਾਂ ਵਿਖੇ ਇਤਿਹਾਸਕ ਤਪ ਅਸਥਾਨ, ਜਿਸ ਥਾਂ ਸੰਤ ਬਾਬਾ ਪਿੱਪਲ ਦਾਸ ਜੀ ਅਤੇ ਸ਼੍ਰੀ 108 ਸੰਤ ਸਰਵਣ ਦਾਸ ਜੀ ਨੇ ਖੁਦ ਤਪੱਸਿਆ ਕੀਤੀ।



ਸ੍ਰੀ ਗੁਰੂ ਰਵਿਦਾਸ ਸਤਿਸੰਗ ਭਵਨ, ਡੇਰਾ ਸੱਚਖੰਡ ਬੱਲਾਂ (ਜਲੰਧਰ)




ਸੰਤ ਸਰਵਣ ਦਾਸ ਚੈਰੀਟੇਬਲ ਆਈ ਹਸਪਤਾਲ ਡੇਰਾ ਸੱਚਖੰਡ ਬੱਲਾਂ (ਜਲੰਧਰ)



ਸ੍ਰੀ ਗੁਰੂ ਰਵਿਦਾਸ ਮੰਦਰ, ਹਦੀਆਬਾਦ, ਫਗਵਾੜਾ



ਸੰਤ ਸਰਵਣ ਦਾਸ ਮਾਡਲ ਸਕੂਲ, ਹਦੀਆਬਾਦ, ਫਗਵਾੜਾ।




ਸੰਤ ਸਰਵਣ ਦਾਸ ਚੈਰੀਟੇਬਲ ਹਸਪਤਾਲ, ਅੱਡਾ ਕਠਾਰ (ਜਲੰਧਰ)

# ਸਮਰਪਣ



**ਰਵਿਦਾਸੀਆ ਕੌਮ ਦੇ ਮਹਾਨ ਸ਼ਹੀਦ**
**ਜਗਤਗੁਰੂ ਰਵਿਦਾਸ ਜੀ ਦੇ ਮਿਸ਼ਨ ਧੁਰੇ,**
**ਗੁਰੂ ਰਵਿਦਾਸ ਮਹਾਰਾਜ ਜੀ ਦੇ ਅਨਮੋਲ ਹੀਰੇ,**
**ਮਹਾਨ ਵਿਦਵਾਨ, ਕੌਮ ਦੇ ਮਹਾਨ ਸ਼ਹੀਦ**

## ਸ੍ਰੀਮਾਨ 108 ਸੰਤ ਰਾਮਾਨੰਦ ਜੀ

ਜਿਨ੍ਹਾਂ ਪੂਰੇ ਵਿਸ਼ਵ ਵਿਚ ਜਾ ਕੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ। ਰਵਿਦਾਸੀਆ ਸਮਾਜ ਨੂੰ ਵਿਸ਼ਵ ਪੱਧਰ 'ਤੇ ਇੱਕ ਪਲੇਟ ਫਾਰਮ ਹਰਿ ਦੇ ਨਿਸ਼ਾਨ ਹੇਠ ਇਕੱਠੇ ਕਰਦੇ ਹੋਏ ਸ੍ਰੀ ਗੁਰੂ ਰਵਿਦਾਸ ਮੰਦਰ ਵਿਆਨਾ (ਅਸਟਰੀਆ) ਵਿਖੇ ਸ਼ਹਾਦਤ ਦਾ ਜਾਮ ਪੀਂਦੇ ਹੋਏ ਬ੍ਰਹਮਲੀਨ ਹੋ ਗਏ। ਦਾਸ ਉਨ੍ਹਾਂ ਨੂੰ ਇਹ ਪਾਵਨ ਪੁਸਤਕ 'ਜਗਤਗੁਰੂ ਰਵਿਦਾਸ ਅੰਮ੍ਰਿਤ ਬਾਣੀ ਸਟੀਕ ਅਤੇ ਸੰਖੇਪ ਜੀਵਨ' ਸਮਰਪਿਤ ਕਰਦਾ ਹੋਇਆ ਉਨ੍ਹਾਂ ਦੇ ਚਰਨਾਂ ਵਿਚ ਸ਼ਰਧਾ ਦੇ ਫੁੱਲ ਭੇਟ ਕਰਦਾ ਹੈ।

# ਆਸ਼ੀਰਵਾਦ

**ਤੂ ਜਾਨਤ ਮੈ ਕਿਛੁ ਨਹੀਂ ਭਵ ਖੰਡਨ ਰਾਮ॥**
**ਸਗਲ ਜੀਅ ਸਰਨਾਗਤੀ ਪ੍ਰਭ ਪੂਰਨ ਕਾਮ॥**

ਧੰਨ-ਧੰਨ ਜਗਤ ਗੁਰੂ ਰਵਿਦਾਸ ਜੀ ਦੇ ਮਿਸ਼ਨ ਨੂੰ ਜਨ-ਜਨ ਤੱਕ ਪਹੁੰਚਾਉਣ ਵਾਲੇ ਡੇਰਾ ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ (ਜਲੰਧਰ) ਦੇ ਮਹਾਨ ਮਹਾਂਪੁਰਸ਼ ਬ੍ਰਹਮਲੀਨ ਸੰਤ ਬਾਬਾ ਪਿੱਪਲ ਦਾਸ ਜੀ ਮਹਾਰਾਜ, ਬ੍ਰਹਮ ਗਿਆਨੀ ਬ੍ਰਹਮਲੀਨ ਸ੍ਰੀ 108 ਸੰਤ ਸਰਵਣ ਦਾਸ ਜੀ ਮਹਾਰਾਜ, ਬ੍ਰਹਮਲੀਨ ਸ਼੍ਰੀ 108 ਸੰਤ ਹਰੀ ਦਾਸ ਜੀ ਮਹਾਰਾਜ, ਬ੍ਰਹਮਲੀਨ ਸ੍ਰੀ 108 ਸੰਤ ਗਰੀਬ ਦਾਸ ਜੀ ਮਹਾਰਾਜ ਅਜਿਹੇ ਤੱਤਵੇਤਾ ਸੰਤ ਹੋਏ ਹਨ ਜਿਹਨਾਂ ਨੇ ਪ੍ਰਭੂ ਭਗਤੀ ਤਿਆਗ ਅਤੇ ਪਰਉਪਕਾਰ ਵਾਲਾ ਜੀਵਨ ਬਤੀਤ ਕੀਤਾ।

ਉਹਨਾਂ ਦੇ ਪੂਰਨਿਆਂ ਤੇ ਚਲਦੇ ਹੋਏ ਸ਼੍ਰੀ 108 ਸੰਤ ਨਿਰੰਜਣ ਦਾਸ ਜੀ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਜਨਮ ਸਥਾਨ ਪਬਲਿਕ ਚੈਰੀਟੇਬਲ ਟਰੱਸਟ ਵਾਰਾਨਸੀ ਅਤੇ ਮੌਜੂਦਾ ਗੱਦੀ ਨਸ਼ੀਨ ਡੇਰਾ ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ, ਜਲੰਧਰ (ਪੰਜਾਬ), ਮਾਨਵਤਾ ਦੀ ਭਲਾਈ ਦੇ ਨਾਲ-ਨਾਲ ਸ੍ਰੀ ਗੁਰੂ ਰਵਿਦਾਸ ਜੀ ਦੀ ਅੰਮ੍ਰਿਤ ਬਾਣੀ ਨੂੰ ਜਨ-ਜਨ ਤੱਕ ਪਹੁੰਚਾ ਰਹੇ ਹਨ।

ਸਤਿਗੁਰੂ ਹਰੀ ਦਾਸ ਜੀ ਮਹਾਰਾਜ, ਸਤਿਗੁਰੂ ਗਰੀਬ ਦਾਸ ਜੀ ਮਹਾਰਾਜ, ਮੌਜੂਦਾ ਗੱਦੀ ਨਸ਼ੀਨ ਸ਼੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਅਤੇ ਸ੍ਰੀ 108 ਸੰਤ ਰਾਮਾ ਨੰਦ ਜੀ ਦੇ ਆਸ਼ੀਰਵਾਦ ਨਾਲ ਵਿੱਦਿਆ ਪ੍ਰਾਪਤ ਕਰਨ ਅਤੇ ਗੁਰਬਾਣੀ ਦਾ ਅਧਿਐਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ।

**ਜਾਮਿ ਗੁਰੂ ਹੋਇ ਵਲਿ ਗਿਆਨ ਅਰੁ ਧਿਆਨ ਅਨਨ ਪਰਿ॥**
**ਜਾਮਿ ਗੁਰੂ ਹੋਇ ਵਲਿ ਸ਼ਬਦੁ ਸਾਖੀ ਸੁ ਸਚਹ ਘਰਿ॥**

ਹਥਲੀ ਪੁਸਤਕ 'ਜਗਤ ਗੁਰੂ ਰਵਿਦਾਸ ਅੰਮ੍ਰਿਤ ਬਾਣੀ (ਸਟੀਕ) ਅਤੇ ਸੰਖੇਪ ਜੀਵਨ' ਦਾ ਦੂਸਰਾ ਐਡੀਸ਼ਨ ਸ਼੍ਰੀ 108 ਸੰਤ ਨਿਰੰਜਣ ਦਾਸ ਜੀ ਦੇ ਆਸ਼ੀਰਵਾਦ ਸਦਕਾ ਹੀ ਸੰਗਤਾਂ ਦੀ ਸੇਵਾ ਹਿੱਤ ਭੇਂਟ ਕਰਨ ਦਾ ਸ਼ੁੱਭ ਅਵਸਰ ਪ੍ਰਾਪਤ ਹੋਇਆ ਹੈ

*ਗੁਰੂ ਚਰਨਾਂ ਦਾ ਦਾਸ :*
**—ਸੰਤ ਸੁਰਿੰਦਰ ਦਾਸ ਬਾਵਾ**
ਡੇਰਾ ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ (ਜਲੰਧਰ)

# ਭੂਮਿਕਾ

**ਰਵਿਦਾਸ ਚਮਾਰੁ ਉਸਤਤਿ ਕਰੇ**
**ਹਰਿ ਕੀਰਤਿ ਨਿਮਖ ਇਕ ਗਾਇ॥**
**ਪਤਿਤ ਜਾਤਿ ਉਤਮੁ ਭਇਆ**
**ਚਾਰਿ ਵਰਨ ਪਏ ਪਗਿ ਆਇ॥**

ਗੁਰੂ ਰਾਮ ਦਾਸ ਜੀ ਫਰਮਾਉਂਦੇ ਹਨ ਕਿ ਗੁਰੂ ਰਵਿਦਾਸ ਜੀ ਨੇ ਏਕ ਓਂਕਾਰ ਪਰਮਾਤਮਾ ਦੀ ਐਸੀ ਭਗਤੀ, ਅਰਾਧਨਾ ਤੇ ਉਸਤਤ ਕੀਤੀ ਕਿ ਉਹ ਰੱਬ ਰੂਪ ਹੋ ਗਏ। ਦੁਨੀਆਂ ਦੀ ਨਜ਼ਰ ਵਿਚ (ਕਹਿਣ ਮਾਤਰ ਲਈ) ਤਾਂ ਉਹ ਨੀਚ ਸਨ ਪ੍ਰੰਤੂ ਉਹਨਾਂ ਦੀ ਬੰਦਗੀ ਤੇ ਰੂਹਾਨੀਅਤ ਕਾਰਨ ਚਾਰ-ਵਰਣਾ ਦੇ ਲੋਕ ਉਹਨਾਂ ਦੇ ਚਰਨੀ ਢਹਿ ਪਏ। ਗੁਰੂ ਰਵਿਦਾਸ ਜੀ ਆਪਣੀ ਬਾਣੀ ਅੰਦਰ ਉਚਾਰਨ ਕਰਦੇ ਹਨ—

**ਮੇਰੀ ਜਾਤਿ ਕੁਟ ਬਾਂਡਲਾ ਢੋਰ ਢੋਵੰਤਾ**
**ਨਿਤਹਿ ਬਨਾਰਸੀ ਆਸ ਪਾਸਾ॥**
**ਅਬ ਬਿਪ੍ਰ ਪਰਧਾਨੁ ਤਿਹਿ ਕਹਰਿ ਡੰਡਉਤਿ**
**ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥**

ਗੁਰੂ ਰਵਿਦਾਸ ਜੀ ਨੇ ਆਪਣੀ ਅੰਮ੍ਰਿਤਮਈ ਬਾਣੀ ਨਾਲ ਭਗਤੀ ਨੂੰ ਮੁੜ ਸਥਾਪਿਤ ਕੀਤਾ ਅਤੇ ਕਰਮ ਕਾਂਡ ਤੇ ਪਾਖੰਡ ਨੂੰ ਨੰਗਾ ਕੀਤਾ। ਮਾਨਵਤਾ ਪ੍ਰਤੀ ਉਪਕਾਰ ਨੂੰ ਆਪਣੀ ਬਾਣੀ ਰਾਹੀਂ ਸੰਤ ਗੁਰੂ ਪੀਪਾ ਜੀ ਇਸ ਤਰ੍ਹਾਂ ਉਚਾਰਦੇ ਹਨ।

**ਜੇ ਕਲਿ ਰੈਦਾਸ ਕਬੀਰ ਨ ਹੋਤੇ  ਲੋਕ ਵੇਦ ਅਰੁ ਕਲਿਜੁਗ**
**ਮਿਲਿ ਕਰ ਭਗਤਿ ਰਸਾਤਲ ਦੇਤੇ।**

ਭਾਵ ਜੇਕਰ ਸਤਿਗੁਰੂ ਰਵਿਦਾਸ ਜੀ ਅਤੇ ਸਤਿਗੁਰੂ ਕਬੀਰ ਜੀ ਲੋੜ ਸਮੇਂ ਨਾ ਆਉਂਦੇ ਤਾਂ ਤਤਕਾਲੀ ਉੱਚ ਵਰਗ, ਵੇਦ ਅਤੇ ਕਲਯੁਗੀ ਵਿਚਾਰਧਾਰਾ ਨੇ ਭਗਤੀ ਨੂੰ ਪਤਾਲ ਵਿਚ ਦਫ਼ਨ ਕਰ ਦੇਣਾ ਸੀ। ਆਪ ਜੀ ਨੂੰ ਭਗਤੀ ਦਾ ਸਿਰਮੌਰ ਸਮਝਦੇ ਹੋਏ ਸਤਿਗੁਰੂ ਕਬੀਰ ਸਾਹਿਬ ਜੀ ਫਰਮਾਉਂਦੇ ਹਨ ਕਿ—

**ਸਾਧਨ ਮੇਂ ਰਵਿਦਾਸ ਸੰਤ ਹੈ ਸੁਪਚ ਰਿਸ਼ੀ ਸੋ ਮਾਨਿਆ।**
**ਹਿੰਦੂ ਤੁਰਕ ਦੁਈ ਦੀਨ ਬਨੇ ਹੈ ਕਛੂ ਨਹੀਂ ਪਹਿਚਾਨਿਆ।**

ਸੰਤਾਂ ਵਿਚ ਮਹਾਨ ਸੰਤ ਰਵਿਦਾਸ ਜੀ ਹਨ ਜਿਹਨਾਂ ਨੂੰ ਦੁਨੀਆਂ ਇਕ ਮਹਾਨ ਰਿਸ਼ੀ ਮੰਨਦੀ ਹੈ। ਤਤਕਾਲੀ ਸਮੇਂ ਦੇ ਹਿੰਦੂ ਅਤੇ ਮੁਸਲਮਾਨ ਦੋਨੋਂ ਹੀ ਚਰਨੀਂ ਪਏ ਅਤੇ ਗੁਰੂ ਰਵਿਦਾਸ ਜੀ ਨੂੰ ਪ੍ਰਭੂ ਕਰਕੇ ਜਾਣਿਆ।

ਗੁਰੂ ਰਵਿਦਾਸ ਜੀ ਨੇ ਦੁਨੀਆਂ 'ਤੇ ਅਵਤਾਰ ਧਾਰਕੇ ਮਾਨਵਤਾ 'ਤੇ ਉਪਕਾਰ ਕੀਤਾ। ਅਜਿਹੇ ਕਾਰਜ ਕੀਤੇ ਜਿਹੜੇ ਉਸ ਸਮੇਂ ਤਾਂ ਕੀ ਅੱਜ ਵੀ ਅਸੰਭਵ ਹਨ ਜਿਵੇਂ ਕਿ ਗੰਗਾ ਮਾਤਾ ਵਲੋਂ ਆਪ ਪ੍ਰਗਟ ਹੋ ਕੇ ਦਮੜੀ ਪ੍ਰਾਪਤ ਕਰਕੇ ਆਪ ਜੀ ਪ੍ਰਤੀ ਸ਼ਰਧਾ ਪ੍ਰਗਟ ਕੀਤੀ। ਜਿਸ ਬਾਰੇ ਬਾਬਾ ਸੰਤ ਭਗਵਾਨ ਨਰਾਇਣ ਜੀ ਇੰਝ ਉਚਾਰਦੇ ਹਨ :

**ਹਿੰਦੂ ਤੁਰਕ ਜਗ ਮਹਿ ਘਨੈ ਹਰਿ ਭਗਤਨ ਕੈ ਅਧੀਨ॥**
**ਨਾਰਾਇਣ ਨੀਚ ਜਾਤਿ ਰਵਿਦਾਸ ਜੀ ਗੰਗਾ ਦਮੜੀ ਲੀਨ॥**

ਜਦੋਂ ਗੁਰੂ ਰਵਿਦਾਸ ਜੀ ਦੀ ਅੰਮ੍ਰਿਤ ਬਾਣੀ ਦਾ ਸੱਚ ਆਪ ਮੁਹਾਰੇ ਲੋਕਾਂ ਦੀ ਜੁਬਾਨੀ ਚੜ੍ਹ ਬੋਲਿਆ ਤਾਂ ਆਮ ਜਨਤਾ ਤਾਂ ਕੀ ਅਨੇਕਾਂ ਰਾਜੇ ਮਹਾਰਾਜੇ ਆਪ ਜੀ ਦੀ ਸ਼ਰਣਗਤਿ ਹੋਏ ਜਿਵੇਂ ਕਿ ਰਾਜਾ ਨਾਗਰ ਮੱਲ (ਹਰਦੇਵ ਸਿੰਘ), ਰਾਣਾ ਵੀਰ ਬਘੇਲ ਸਿੰਘ, ਸਿਕੰਦਰ ਲੋਧੀ, ਮਹਾਰਾਣਾ ਸੰਗਰਾਮ ਸਿੰਘ (ਰਾਣਾ ਸਾਂਗਾ), ਰਾਜਾ ਚੰਦਰ ਪ੍ਰਤਾਪ, ਰਾਜਾ ਅਲਾਵਦੀ ਬਾਦਸ਼ਾਹ ਬਿਜਲੀਖਾਨ, ਰਾਣਾ ਰਤਨ ਸਿੰਘ, ਮਹਾਂਰਾਣਾ ਕੁਭਾ ਜੀ, ਮਹਾਂਰਾਣੀ ਝਾਲੀਬਾਈ, ਮਹਾਨ ਸੰਤ ਮੀਰਾਂ ਬਾਈ ਜੀ, ਬੀਬੀ ਕਰਮਾਂ ਬਾਈ ਜੀ, ਬੀਬੀ ਭਾਨ ਮਤੀ ਜੀ ਮਹਾਨ ਸੰਤ ਗੋਰਖ ਨਾਥ ਜੀ ਆਦਿ ਪ੍ਰਮੁੱਖ ਹਨ।

ਮਾਨਵਤਾ ਦੇ ਮਸੀਹਾ ਡਾ. ਭੀਮ ਰਾਓ ਅੰਬੇਡਕਰ ਸਾਹਿਬ ਜੀ ਨੇ ਭਾਰਤੀ ਸੰਵਿਧਾਨ ਦੀ ਰਚਨਾ ਗੁਰੂ ਜੀ ਦੇ ਪਾਵਨ ਸ਼ਬਦ 'ਬੇਗਮਪੁਰਾ ਸਹਰ ਕੋ ਨਾਉ' ਦੇ ਅਧਾਰ ਤੇ ਕੀਤੀ। ਉਸੇ ਪ੍ਰਕਾਰ ਯੂ.ਐਨ.ਓ. ਨੇ ਟੋਰਾਂਟੋ (ਕੈਨੇਡਾ) ਵਿਚ ਐਲਾਨ ਕੀਤਾ ਕਿ ਸੰਸਾਰ ਵਿਚ ਸਾਰੇ ਨਾਗਰਿਕ ਅਧਿਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਦਿੱਤੇ ਜਾਣਗੇ ਅਤੇ ਸੰਸਾਰ ਦੀ ਵਿਵਸਥਾ ਸ੍ਰੀ ਗੁਰੂ ਰਵਿਦਾਸ ਜੀ ਦੇ ਪਾਵਨ ਸ਼ਬਦ 'ਬੇਗਮਪੁਰਾ ਸਹਰ ਕੋ ਨਾਉ' ਦੇ ਅਧਾਰ ਤੇ ਹੋਵੇਗੀ। ਜਿਸ ਤੋਂ ਪਤਾ ਚਲਦਾ ਹੈ ਕਿ ਅੱਜ ਵੀ ਗੁਰੂ ਰਵਿਦਾਸ ਜੀ ਦੀ ਬਾਣੀ ਸੰਸਾਰ ਵਾਸਤੇ ਕਿੰਨੀ ਜ਼ਰੂਰੀ ਅਤੇ ਕਲਿਆਣਕਾਰੀ ਹੈ। ਅੱਜ ਤੱਕ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਬਾਣੀ ਤੋਂ ਪ੍ਰਭਾਵਿਤ ਹੋ ਕੇ ਅਨੇਕਾਂ ਹੀ ਲੇਖਕਾਂ ਨੇ ਪੁਸਤਕਾਂ ਲਿਖੀਆਂ ਹਨ। ਹਥਲੀ ਪੁਸਤਕ 'ਸ਼੍ਰੀ ਗੁਰੂ ਰਵਿਦਾਸ ਅੰਮ੍ਰਿਤ ਬਾਣੀ (ਸਟੀਕ) ਅਤੇ ਸੰਖੇਪ ਜੀਵਨ' ਵੀ ਏਸੇ ਸੰਦਰਭ ਵਿਚ ਇਕ ਛੋਟਾ ਜਿਹਾ ਪੁਰਸ਼ਾਰਥ ਹੈ। ਜਿਸ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ।

1. ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ 40 ਸ਼ਬਦ ਅਤੇ ਇਕ ਸ਼ਲੋਕ ਵਿਆਖਿਆ ਸਹਿਤ ਦਰਜ ਕੀਤੇ ਹਨ।
2. ਵੱਖ-ਵੱਖ ਯੂਨੀਵਰਸਿਟੀਆਂ ਵਿਚ ਪਈਆਂ ਹੱਥ ਲਿਖਤਾਂ ਦੇ ਨਾਲ-ਨਾਲ ਧਾਰਮਿਕ ਪੁਸਤਕਾਂ ਵਿਚੋਂ ਉਪਲਭਧ ਸ਼ਬਦਾਂ ਅਤੇ ਦੋਹਿਆਂ ਨੂੰ ਸਰਲ ਅਰਥਾਂ ਸਹਿਤ ਅੰਕਿਤ ਕੀਤਾ ਹੈ।
3. ਸ਼੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਸੰਬੰਧੀ ਉਹ ਸਾਖੀਆਂ ਦਰਜ਼ ਕੀਤੀਆਂ ਹਨ ਜੋ ਵੱਖ-ਵੱਖ ਧਾਰਮਿਕ ਪੁਸਤਕਾਂ ਵਿਚ ਦਰਜ਼ ਹਨ।

ਦਾਸ ਆਸ ਕਰਦਾ ਹੈ ਕਿ ਸੰਗਤਾਂ ਇਸ ਉਪਰਾਲੇ ਤੋਂ ਭਰਪੂਰ ਲਾਭ ਉਠਾਉਣਗੀਆਂ।

*****

# ਪ੍ਰੇਰਨਾ ਸ੍ਰੋਤ

ਜਦੋਂ ਵੀ ਕਿਸੇ ਜੀਵ ਨੂੰ ਕੋਈ ਸਫਲਤਾ ਮਿਲਦੀ ਹੈ ਤਾਂ ਸੁਭਾਵਿਕ ਤੌਰ ਤੇ ਉਸ ਨੂੰ ਬੇਹੱਦ ਖੁਸ਼ੀ ਮਹਿਸੂਸ ਹੁੰਦੀ ਹੈ। ਪ੍ਰੰਤੂ ਉਸ ਸਫ਼ਲਤਾ ਦੇ ਪਿੱਛੇ ਕੋਈ ਨਾ ਕੋਈ ਪ੍ਰੇਰਨਾ ਦਾ ਸ੍ਰੋਤ ਹੁੰਦਾ ਹੈ। ਪ੍ਰੇਰਨਾ ਸ੍ਰੋਤ ਤੋਂ ਬਿਨਾਂ ਸਫ਼ਲਤਾ ਹਮੇਸ਼ਾ ਹੀ ਅਧੂਰੀ ਹੁੰਦੀ ਹੈ। ਹਥਲੀ ਪੁਸਤਕ 'ਸ਼੍ਰੀ ਗੁਰੂ ਰਵਿਦਾਸ ਅੰਮ੍ਰਿਤ ਬਾਣੀ (ਸਟੀਕ) ਅਤੇ ਸੰਖੇਪ ਜੀਵਨ' ਨੂੰ ਸੰਗਤਾਂ ਦੇ ਪੁਰਸ਼ਾਰਥ ਹਿੱਤ ਭੇਟ ਕਰਦਿਆਂ ਦਾਸ ਨੂੰ ਅਤਿਅੰਤ ਖੁਸ਼ੀ ਮਹਿਸੂਸ ਹੋ ਰਹੀ ਹੈ। ਪਰੰਤੂ ਇਸ ਖੁਸ਼ੀ ਦਾ ਰਾਜ ਹੈ ਮੇਰੇ ਪ੍ਰੇਰਨਾ ਸ੍ਰੋਤ ਅਤੇ ਮਾਰਗ ਦਰਸ਼ਕ, ਮਹਾਨ ਵਿਦਵਾਨ, ਕੀਰਤਨ ਦੇ ਧਨੀ ਅਤੇ ਸੇਵਾ ਦੇ ਪੁੰਜ ਸ੍ਰੀ 108 ਸੰਤ ਰਾਮਾ ਨੰਦ ਜੀ, ਜਿਨ੍ਹਾਂ ਨੂੰ ਬ੍ਰਹਮਲੀਨ ਸ੍ਰੀ 108 ਸੰਤ ਗਰੀਬ ਦਾਸ ਜੀ ਮਹਾਰਾਜ ਅਤੇ ਮੌਜੂਦਾ ਗੱਦੀ ਨਸ਼ੀਨ ਸ੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਦੀ ਸੰਗਤ ਵਿਚ ਸੰਸਾਰ ਦੇ ਕੋਨੇ-ਕੋਨੇ ਵਿਚ ਜਾ ਕੇ ਗੁਰੂ ਜੀ ਦੇ ਪਾਵਨ ਮਿਸ਼ਨ ਦਾ ਪ੍ਰਚਾਰ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਆਪ ਜੀ ਨੇ ਹਰ ਖੇਤਰ ਵਿਚ ਮੇਰੇ ਬਚਪਨ ਤੋਂ ਲੈ ਕਿ ਅੱਜ ਤੱਕ ਮਾਰਗ ਦਰਸ਼ਨ ਕੀਤਾ। ਵਿੱਦਿਆ ਪੜ੍ਹਾਈ ਉਪਰੰਤ ਆਪ ਜੀ ਨੇ ਮੈਨੂੰ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਦੀਆਂ ਰੂਹਾਨੀ ਗੁੰਝਲਾਂ ਤੇ ਰਹੱਸ ਨੂੰ ਸਮਝਣ ਵਿਚ ਅਹਿਮ ਭੂਮਿਕਾ ਅਦਾ ਕੀਤੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਨੂਰੀ ਬਾਣੀ ਦਾ ਅਧਿਐਨ ਆਪਣੀ ਦੇਖ ਰੇਖ ਵਿਚ ਕਰਵਾਇਆ।

ਜਗਤ ਗੁਰੂ ਰਵਿਦਾਸ ਜੀ ਦੀ ਅੰਮ੍ਰਿਤ ਮਈ ਤੇ ਪ੍ਰਮਾਰਥੀ ਬਾਣੀ ਦੇ ਅਰਥ ਕਰਨਾ ਇਕ ਅਤਿਅੰਤ ਕਠਿਨ ਕੰਮ ਹੈ ਪਰੰਤੂ ਸ੍ਰੀ 108 ਸੰਤ ਰਾਮਾ ਨੰਦ ਜੀ ਨੇ ਹਥਲੀ ਪੁਸਤਕ ਲਿਖਣ ਲਈ ਪ੍ਰੇਰਨਾ ਦਿਤੀ। ਇਸ ਪੁਸਤਕ ਦੇ ਪਹਿਲੇ ਐਡੀਸ਼ਨ ਦੇ ਪੂਰੇ ਖਰੜੇ ਨੂੰ ਆਪ ਪੜ੍ਹ ਕੇ, ਉਸ ਵਿਚ ਲੋੜੀਂਦੀ ਸੋਧ ਕਰਕੇ ਇਸ ਨੂੰ ਮੌਜੂਦਾ ਰੂਪ ਪ੍ਰਦਾਨ ਕੀਤਾ, ਹੁਣ ਇਸ ਪੁਸਤਕ ਦਾ ਦੂਸਰਾ ਐਡੀਸ਼ਨ ਸੰਗਤਾਂ ਦੀ ਸੇਵਾ ਵਿਚ ਭੇਟ ਕਰਦਾ ਹਾਂ। ਇਸ ਐਡੀਸ਼ਨ ਲਈ ਪ੍ਰੋ. ਰੀਨਾ ਵਿਰਦੀ, ਪ੍ਰੋ. ਸੀਮਾ ਵਿਰਦੀ, ਵਿਜੈ ਕੁਮਾਰ 'ਹਜ਼ਾਰਾ' ਅਤੇ ਬੇਗ਼ਮਪੁਰਾ ਸ਼ਹਿਰ ਪੱਤ੍ਰਿਕਾ ਦੇ ਸਮੂਹ ਸਟਾਫ਼ ਨੇ ਵਿਸ਼ੇਸ਼ ਸਹਿਯੋਗ ਦਿੱਤਾ ਹੈ।

ਇਸ ਪੁਸਤਕ ਵਿਚ ਕੁਝ ਕਮੀਆਂ ਰਹਿ ਗਈਆਂ ਹੋਣਗੀਆਂ ਦਾਸ ਉਹਨਾਂ ਵਾਸਤੇ ਖ਼ਿਮਾ ਦਾ ਜਾਚਕ ਹੈ।

*—ਸੰਤ ਸੁਰਿੰਦਰ ਦਾਸ ਬਾਵਾ*
**ਡੇਰਾ ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ**

# ਡੇਰਾ 108 ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ

ਇਹ ਪਵਿੱਤਰ ਧਰਤੀ ਮਹਾਨ ਤਪੱਸਵੀ, ਪਰਉਪਕਾਰੀ, ਦੀਰਘ-ਦਰਸ਼ੀ, ਤਤਬੇਤਾ, ਬ੍ਰਹਮ-ਗਿਆਨੀ, ਨਾਮ ਬਾਣੀ ਦੇ ਰਸੀਏ, ਦੁਖੀਆਂ ਦੇ ਹਮਦਰਦ, ਮਹਾਂ-ਪੁਰਸ਼ਾਂ ਦਾ ਅਸਥਾਨ ਹੈ। ਅੱਜ ਤੱਕ ਨਿਮਨ ਲਿਖਤ ਮਹਾਂਪੁਰਸ਼ਾਂ ਨੇ ਇਸ ਦਰਬਾਰ ਦੇ ਗੱਦੀ ਨਸ਼ੀਨ ਹੋ ਕੇ ਸੇਵਾ ਕੀਤੀ।

* ਸ੍ਰੀ 108 ਬਾਬਾ ਪਿੱਪਲ ਦਾਸ ਜੀ ਜੋਤੀ ਜੋਤ ਸਮਾਏ 1928
* ਸ੍ਰੀ 108 ਸੰਤ ਸਰਵਣ ਦਾਸ ਜੀ ਜੋਤੀ ਜੋਤ ਸਮਾਏ 11 ਜੂਨ 1972
* ਸ੍ਰੀ 108 ਸੰਤ ਹਰੀ ਦਾਸ ਜੀ ਜੋਤੀ ਜੋਤ ਸਮਾਏ 6 ਫਰਵਰੀ 1982
* ਸ੍ਰੀ 108 ਸੰਤ ਗਰੀਬ ਦਾਸ ਜੀ ਜੋਤੀ ਜੋਤ ਸਮਾਏ 23 ਜੁਲਾਈ 1994
* ਸ੍ਰੀ 108 ਸੰਤ ਨਿਰੰਜਣ ਦਾਸ ਜੀ ਮੌਜੂਦਾ ਗੱਦੀ ਨਸ਼ੀਨ

## ਬਾਬਾ ਪਿੱਪਲ ਦਾਸ ਜੀ

ਮਹਾਰਾਜ ਜੀ ਦਾ ਜਨਮ ਪਿੰਡ ਗਿੱਲ-ਪੱਟੀ, ਜ਼ਿਲ੍ਹਾ ਬਠਿੰਡਾ ਵਿਖੇ ਹੋਇਆ। ਆਪ ਬਚਪਨ ਤੋਂ ਹੀ ਬੜੇ ਪ੍ਰਮਾਰਥੀ ਸੁਭਾਉ ਦੇ ਸਨ। ਗ੍ਰਹਿਸਥ ਜੀਵਨ ਬਤੀਤ ਕਰਦੇ ਹੋਏ ਆਪ ਆਪਣੇ ਪੂਜਨੀਯ ਗੁਰਦੇਵ ਬਾਬਾ ਮੋਹਣ ਦਾਸ ਜੀ ਦੇ ਸ਼ੁੱਭ ਉਪਦੇਸ਼ ਨੂੰ ਜੀਵਨ ਵਿਚ ਧਾਰਣ ਕਰਦੇ ਹੋਏ ਪ੍ਰਮਾਤਮਾ ਦੇ ਸਿਮਰਨ ਵਿਚ ਨਿਮਗਨ ਰਹਿੰਦੇ ਸੀ। ਆਪ ਜੀ ਦਾ ਗ੍ਰਹਿਸਥ ਜੀਵਨ ਵੀ ਪੂਰਨ ਤਿਆਗਮਈ ਸੀ। ਆਪ ਜੀ ਦੇ ਜੀਵਨ ਸਾਥੀ ਬੀਬੀ ਸ਼ੋਭਾਵੰਤੀ ਜੀ ਵੀ ਬਹੁਤ ਪਵਿੱਤਰ ਵਿਚਾਰਾਂ ਦੇ ਸਨ। ਸਮੇਂ ਅਨੁਸਾਰ ਆਪ ਦੇ ਗ੍ਰਹਿ ਵਿਖੇ ਇਕ ਬਾਲਕ ਨੇ ਜਨਮ ਲਿਆ ਜੋ ਆਉਣ ਵਾਲੇ ਸਮੇਂ ਵਿਚ ਮਹਾਨ ਸੰਤ ਸਰਵਣ ਦਾਸ ਜੀ ਦੇ ਨਾਮ ਨਾਲ ਪ੍ਰਸਿੱਧ ਹੋਏ। ਸੁਆਮੀ ਸਰਵਣ ਦਾਸ ਜੀ ਅਜੇ ਬਾਲ ਅਵਸਥਾ ਵਿਚ ਹੀ ਸਨ ਜਦੋਂ ਉਹਨਾਂ ਦੇ ਮਾਤਾ ਜੀ ਪ੍ਰਲੋਕ ਸਿਧਾਰ ਗਏ। ਇਸ ਸਮੇਂ ਦੌਰਾਨ ਹੀ ਬਾਬਾ ਪਿੱਪਲ ਦਾਸ ਜੀ ਨੇ ਆਪਣੀ ਪ੍ਰਮਾਰਥੀ ਯਾਤਰਾ ਸ਼ੁਰੂ ਕੀਤੀ ਅਤੇ ਪਿੰਡ ਬੱਲਾਂ ਵਿੱਚ ਆ ਕੇ ਨਿਵਾਸ ਕੀਤਾ ਜਿੱਥੇ ਪਹਿਲਾ ਡੇਰਾ ਸਥਿਤ ਹੈ ਇਥੇ ਰਹਿੰਦਿਆ ਬਾਬਾ ਜੀ ਨੇ ਸੰਗਤਾਂ ਨੂੰ ਸੇਵਾ, ਸਿਮਰਨ ਅਤੇ ਸਤਿਸੰਗ ਨਾਲ ਜੋੜਿਆ। ਆਪ ਜੀ ਦੀ ਸ਼ਰਣ ਵਿਚ ਰਹਿ ਕੇ ਕਈ ਮਹਾਂਪੁਰਸ਼ਾਂ ਨੇ ਅਧਿਆਤਮਕ ਵਿਦਿਆ ਦਾ ਅਧਿਐਨ ਕੀਤਾ। ਉਨ੍ਹਾਂ ਨੇ ਆਪਣੇ ਸਪੁੱਤਰ ਨੂੰ ਵਿੱਦਿਆ ਪ੍ਰਾਪਤੀ ਵਾਸਤੇ ਸ੍ਰੀ 108 ਸੰਤ ਕਰਤਾ ਨੰਦ ਜੋ ਇਲਾਕੇ ਵਿਚ ਪ੍ਰਸਿੱਧ ਵਿਦਵਾਨ ਸਨ, ਜੀ ਦੀ ਸੰਗਤ ਵਿਚ ਜੋੜਿਆ ਅਤੇ ਨਾਮ ਦੀ ਅਨਮੋਲ ਦਾਤ ਸਵਾਮੀ ਸ੍ਰੀ ਹਰਨਾਮ ਦਾਸ ਜੀ ਪਾਸੋਂ ਪ੍ਰਾਪਤ ਕਰਵਾਈ। ਬਾਬਾ ਪਿੱਪਲ ਦਾਸ ਜੀ ਬਿਕਰਮੀ ਸੰਮਤ 1985 (ਸੰਨ 1928) 26 ਅੱਸੂ ਦਿਨ ਵੀਰਵਾਰ ਪੂਰਵਾ ਨਛੱਤਰ ਅਤੇ ਸਵੇਰ ਦੇ ਸਮੇਂ ਆਪਣੀ ਜੀਵਨ ਯਾਤਰਾ ਸੰਪੂਰਣ ਕਰਦੇ ਹੋਏ ਜੋਤੀ ਜੋਤ ਸਮਾ ਗਏ। ਬਾਬਾ

ਜੀ ਦਾ ਅੰਗੀਠਾ ਸਾਹਿਬ ਪਿੰਡ ਬੱਲਾਂ ਦੇ ਪੂਰਵ ਦੀ ਤਰਫ ਸੁਸ਼ੋਭਿਤ ਹੈ। ਪਹਿਲਾ ਨਰਾਤਾ ਬਾਬਾ ਜੀ ਦੀ ਯਾਦ ਵਿਚ ਮਨਾਇਆ ਜਾਂਦਾ ਹੈ ਅਤੇ ਨਿਸ਼ਾਨ ਸਾਹਿਬ ਝੁਲਾਏ ਜਾਂਦੇ ਹਨ।

## ਸ੍ਰੀ 108 ਸੰਤ ਸਰਵਣ ਦਾਸ ਜੀ

ਬਾਬਾ ਪਿੱਪਲ ਦਾਸ ਜੀ ਤੋਂ ਬਾਅਦ ਡੇਰੇ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਸ੍ਰੀ 108 ਸੰਤ ਸਰਵਣ ਦਾਸ ਜੀ ਨੇ ਸੰਭਾਲੀਆਂ। ਆਪ ਸੰਗਤਾਂ ਨੂੰ ਬਹੁਤ ਪਿਆਰ ਦਿੰਦੇ ਸਨ। ਹਰ ਰੋਜ਼ ਸੰਗਤਾਂ ਦੀ ਗਿਣਤੀ ਵਧਦੀ ਜਾਂਦੀ ਸੀ। ਨਾਮ ਦੀ ਦੁਆਈ ਨਾਲ ਜਿੱਥੇ ਸੰਗਤਾਂ ਦੀ ਜਨਮਾਂ-ਜਨਮਾਂਤਰਾਂ ਦੀ ਬਿਮਾਰੀ ਦਾ ਇਲਾਜ ਕਰਦੇ ਸਨ ਉਥੇ ਸਥੂਲ ਸਰੀਰ ਦੇ ਇਲਾਜ ਲਈ ਆਯੁਰਵੈਦਿਕ ਦਵਾਈਆਂ ਰਾਹੀਂ ਸਰੀਰ ਦੇ ਇਲਾਜ ਦਾ ਪ੍ਰਬੰਧ ਕੀਤਾ। ਇਸਦੇ ਨਾਲ-ਨਾਲ ਬੱਚਿਆਂ ਦੀ ਪੜ੍ਹਾਈ ਦਾ ਵੀ ਪੂਰਾ ਪ੍ਰਬੰਧ ਕੀਤਾ। ਬੱਚਿਆਂ ਦੀ ਕਲਾਸ ਮਹਾਰਾਜ ਜੀ ਆਪ ਡੇਰੇ ਦੇ ਅੰਦਰ ਲਗਾਉਂਦੇ ਸਨ। ਪੜ੍ਹਾਈ ਦੇ ਨਾਲ ਨਾਲ ਬੱਚਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਵੀ ਕਰਵਾਉਂਦੇ ਸਨ। ਬਾਬਾ ਪਿੱਪਲ ਦਾਸ ਜੀ ਦੇ ਸਮੇਂ ਦੌਰਾਨ ਹੀ ਸੰਗਤਾਂ ਦੀ ਸੇਵਾ ਵਿਚੋਂ ਸਮਾਂ ਮਿਲਦਿਆਂ ਹੀ ਆਪ ਇਕਾਂਤ ਜੰਗਲ ਵਿਚ ਨਿਕਲ ਜਾਇਆ ਕਰਦੇ ਸਨ ਅਤੇ ਦਰੱਖਤਾਂ ਦੀ ਠੰਡੀ ਛਾਂ ਹੇਠ ਸਮਾਧੀ ਲਗਾ ਕੇ ਸਿਮਰਨ ਕਰਦੇ ਸਨ। ਮਹਾਰਾਜ ਜੀ ਜਿੱਥੇ ਬੈਠ ਕੇ ਸਿਮਰਨ ਕਰਦੇ ਸਨ ਉਸੇ ਅਸਥਾਨ ਤੇ ਅੱਜ ਉਹਨਾਂ ਦਾ ਯਾਦਗਾਰੀ ਮੰਦਿਰ ਡੇਰੇ ਦੇ ਵਿਚਕਾਰ ਸ਼ੋਭਾ ਦੇ ਰਿਹਾ ਹੈ। ਇਕ ਕਨਾਲ ਜਗ੍ਹਾ ਸਰਦਾਰ ਹਜਾਰਾ ਸਿੰਘ ਜੀ ਪਿੰਡ ਬੱਲਾਂ ਵਾਲਿਆਂ ਨੇ ਦਾਨ ਕੀਤੀ ਸੀ। ਗਰਮੀ ਅਤੇ ਬਰਸਾਤ ਤੋਂ ਬਚਾਉ ਵਾਸਤੇ ਇਸੇ ਸਥਾਨ ਤੇ ਕੱਚੀਆਂ ਇੱਟਾਂ ਦੀ ਇਕ ਕੁਟੀਆ ਬਣਾਈ ਗਈ ਸੀ। ਕੁਟੀਆ ਦੇ ਸਾਹਮਣੇ ਇਕ ਥੜ੍ਹਾ ਸੀ ਜਿੱਥੇ ਬੈਠ ਕੇ ਮਹਾਰਾਜ ਜੀ ਸੰਗਤਾਂ ਨੂੰ ਪ੍ਰਵਚਨ ਕਰਿਆ ਕਰਦੇ ਸਨ। ਇਸ ਥੜ੍ਹੇ ਦਾ ਨਿਸ਼ਾਨ ਅੱਜ ਵੀ ਮੰਦਿਰ ਦੇ ਸਾਹਮਣੇ ਮੌਜੂਦ ਹੈ। ਬਾਬਾ ਪਿੱਪਲ ਦਾਸ ਜੀ ਦੇ ਬਚਨਾਂ ਦੀ ਪਾਲਣਾ ਕਰਦੇ ਹੋਏ ਸਵਾਮੀ ਸਰਵਣ ਦਾਸ ਜੀ ਨੇ ਸੰਤ ਹਰੀ ਦਾਸ ਜੀ ਨੂੰ ਸੰਗਤਾਂ ਦੀ ਸੇਵਾ ਵਿਚ ਜੋੜ ਲਿਆ। ਕੁਝ ਸਮਾਂ ਬਾਅਦ ਹੀ ਸੰਤ ਗਰੀਬ ਦਾਸ ਜੀ ਨੇ ਅਤੇ ਸੰਤ ਨਿਰੰਜਣ ਦਾਸ ਜੀ ਨੇ ਆਪਣਾ ਜੀਵਨ ਗੁਰੂ ਚਰਨਾਂ ਵਿਚ ਸਮਰਪਿਤ ਕਰ ਦਿੱਤਾ ਅਤੇ ਸਾਰੇ ਮਹਾਂਪੁਰਸ਼ ਮਹਾਰਾਜ ਸੰਤ ਸਰਵਣ ਦਾਸ ਜੀ ਵਲੋਂ ਲਗਾਈਆ ਹੋਈਆ ਡਿਊਟੀਆਂ ਨੂੰ ਸੁਚੱਜੇ ਢੰਗ ਨਾਲ ਨਿਭਾਉਣ ਲੱਗੇ।

**ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਕਾਂਸ਼ੀ ਵਿਖੇ ਮੰਦਿਰ ਦੀ ਉਸਾਰੀ** - ਦੁਨੀਆਂ ਭਰ ਵਿਚ ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਅਸਥਾਨ ਤੇ ਕੋਈ ਇਤਿਹਾਸਕ ਮੰਦਿਰ ਨਹੀਂ ਸੀ। ਸੁਆਮੀ ਸਰਵਣ ਦਾਸ ਜੀ, ਸੁਆਮੀ ਹਰੀ ਦਾਸ ਜੀ ਅਤੇ ਸੁਆਮੀ ਗਰੀਬ ਦਾਸ ਜੀ ਨੇ ਵਿਚਾਰ ਕਰਕੇ ਕਾਂਸ਼ੀ ਵਿਚ ਗੁਰੂ ਜੀ ਦੇ ਜਨਮ ਅਸਥਾਨ ਤੇ ਮੰਦਿਰ ਦੀ ਉਸਾਰੀ ਦੀ ਯੋਜਨਾ ਬਣਾਈ। ਸੰਤ ਸਰਵਣ ਦਾਸ ਜੀ ਨੇ ਇਸਦਾ ਨੀਂਹ ਪੱਥਰ 14 ਜੂਨ 1965 (ਹਾੜ ਦੀ ਸੰਗਰਾਂਦ ਵਾਲੇ ਦਿਨ) ਸੰਤ ਹਰੀ ਦਾਸ ਜੀ ਦੇ ਕਰ ਕਮਲਾਂ ਨਾਲ ਰਖਵਾਇਆ। ਇਸ ਤੋਂ ਬਾਅਦ ਸਾਰੀ ਉਸਾਰੀ ਮਹਾਰਾਜ ਗਰੀਬ ਦਾਸ ਜੀ ਨੂੰ ਸੰਗਤਾਂ ਨਾਲ ਭੇਜ ਕੇ ਕਰਵਾਈ ਗਈ। ਮੌਜੂਦਾ ਰੂਪ ਵਿਚ ਇਹ ਮੰਦਿਰ ਕਲਸ਼ ਤੋਂ ਬਗੈਰ ਸੁਆਮੀ ਸਰਵਣ ਦਾਸ ਜੀ ਦੇ ਜੀਵਨ ਕਾਲ ਵਿਚ ਹੀ ਉਸਾਰਿਆ ਜਾ ਚੁੱਕਾ ਸੀ। ਤਿਆਰੀ ਦਾ ਕੰਮ ਉਨ੍ਹਾਂ ਤੋਂ ਬਾਅਦ ਮਹਾਰਾਜ ਸ੍ਰੀ ਹਰੀ ਦਾਸ ਜੀ ਤੇ ਮਹਾਰਾਜ ਸ੍ਰੀ ਗਰੀਬ ਦਾਸ ਜੀ ਨੇ ਕਰਵਾਇਆ। ਸੋਨੇ ਦਾ ਕਲਸ਼ 1994 ਵਿਚ ਸਤਿਗੁਰੂ ਸੁਆਮੀ ਗਰੀਬ ਦਾਸ ਜੀ ਨੇ ਸੰਗਤਾਂ ਦੇ ਸਹਿਯੋਗ ਨਾਲ ਚੜ੍ਹਾਇਆ। ਇਸ ਮੰਦਿਰ ਵਿਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਅਤੇ ਸੁਆਮੀ ਸਰਵਣ ਦਾਸ ਜੀ ਦੀ ਮੂਰਤੀ ਦੀ ਸਥਾਪਨਾ ਇਕ ਵਿਸ਼ਾਲ ਸੰਤ ਸੰਮੇਲਨ ਕਰਕੇ 22 ਫਰਵਰੀ 1974 ਵਿਚ ਕੀਤੀ ਗਈ। ਇਸ ਮੰਦਿਰ ਦਾ ਪ੍ਰਬੰਧ ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਪਬਲਿਕ ਚੈਰੀਟੇਬਲ ਟਰੱਸਟ ਚਲਾ ਰਿਹਾ ਹੈ।

ਇਸ ਮੰਦਿਰ ਦੀ ਉਸਾਰੀ ਨਾਲ ਹੀ ਸੁਆਮੀ ਸਰਵਣ ਦਾਸ ਜੀ ਨੇ ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ ਪੰਜਾਬ, ਪਿੰਡਾਂ ਦੀਆਂ ਸ੍ਰੀ ਗੁਰੂ ਰਵਿਦਾਸ ਸਭਾਵਾਂ ਅਤੇ ਵਿੱਦਿਅਕ ਸੰਸਥਾਵਾਂ ਨਾਲ ਸਹਿਯੋਗ ਦੇ ਕੇ ਸਮਾਜ ਕਲਿਆਣ ਦੇ ਕੰਮਾਂ ਵਿਚ ਵੱਡੀ ਭੂਮਿਕਾ ਨਿਭਾਈ।

ਮਹਾਰਾਜ ਸੁਆਮੀ ਸਰਵਣ ਦਾਸ ਜੀ ਅਤੇ ਉਹਨਾਂ ਦੇ ਸਾਥੀ ਮਹਾਂਪੁਰਸ਼ਾਂ ਦੀ ਸਖ਼ਤ ਘਾਲਣਾ ਸਦਕਾ ਇਹ ਡੇਰਾ ਸਾਰੇ ਸੰਸਾਰ ਵਿਚ ਪ੍ਰਮਾਰਥ ਦਾ ਇਕ ਵੱਡਾ ਕੇਂਦਰ ਬਣ ਗਿਆ। ਦੁਨੀਆਂ ਭਰ ਦੇ ਪ੍ਰੇਮੀਆਂ ਦੀਆਂ ਨਜ਼ਰਾਂ ਇਸ ਅਸਥਾਨ ਵੱਲ ਖਿੱਚੀਆਂ ਗਈਆਂ। ਸਤਿਗੁਰਾਂ ਦੇ ਚਰਨਾਂ ਵਿਚੋਂ ਸਭਨਾਂ ਦੀਆਂ ਮੁਰਾਦਾਂ ਪੂਰੀਆਂ ਹੋਣ ਲੱਗੀਆਂ। ਹਰ ਰੋਜ਼ ਆਸ਼ਰਮ ਵਿਚ ਸੰਗਤਾਂ ਦੀ ਰੌਣਕ ਲੱਗੀ ਰਹਿੰਦੀ ਸੀ। ਪ੍ਰਮਾਤਮਾ ਦੇ ਹੁਕਮ ਅਨੁਸਾਰ ਮਿਤੀ 11 ਜੂਨ 1972 ਦਾ ਉਹ ਦਿਨ ਆ ਗਿਆ ਜਿਸ ਦਿਨ ਸਤਿਗੁਰ ਸੁਆਮੀ ਸਰਵਣ ਦਾਸ ਜੀ ਮਹਾਰਾਜ—

**ਸੂਰਜ ਕਿਰਣ ਮਿਲੀ ਜਲ ਕਾ ਜਲ ਹੂਆ ਰਾਮ,**
**ਜੋਤੀ-ਜੋਤ ਰਲੀ ਸੰਪੂਰਣ ਥੀਆ ਰਾਮ।**

ਦੇ ਮਹਾਂਵਾਕ ਅਨੁਸਾਰ ਆਪਣੀ ਜੀਵਨ ਯਾਤਰਾ ਸੰਪੂਰਣ ਕਰ ਗਏ। ਸੰਗਤਾਂ ਆਪ ਜੀ ਦੀ ਕੁਰਬਾਨੀ ਰਹਿੰਦੀ ਦੁਨੀਆਂ ਤੱਕ ਯਾਦ ਰੱਖਣਗੀਆਂ।

# ਸ੍ਰੀ 108 ਸੰਤ ਹਰੀ ਦਾਸ ਜੀ

ਸਤਿਗੁਰ ਸੁਆਮੀ ਸਰਵਣ ਦਾਸ ਜੀ ਤੋਂ ਬਾਅਦ ਸ੍ਰੀ 108 ਸੰਤ ਹਰੀ ਦਾਸ ਜੀ ਮਹਾਰਾਜ, ਸੰਤ ਸਮਾਜ ਵਲੋਂ ਡੇਰਾ ਸੰਤ ਸਰਵਣ ਦਾਸ ਜੀ ਦੇ ਸੰਚਾਲਕ ਥਾਪੇ ਗਏ। ਸਹਾਇਕ ਰੂਪ ਵਿਚ ਸ੍ਰੀ 108 ਸੰਤ ਗਰੀਬ ਦਾਸ ਜੀ ਅਤੇ ਸ੍ਰੀ 108 ਨਿਰੰਜਣ ਦਾਸ ਜੀ ਦੀ ਸੇਵਾ ਲਗਾਈ ਗਈ। ਮਹਾਰਾਜ ਹਰੀ ਦਾਸ ਜੀ ਦੇ ਪਿਤਾ ਦਾ ਨਾਮ ਸ੍ਰੀ ਹੁਕਮ ਚੰਦ ਜੀ ਅਤੇ ਮਾਤਾ ਦਾ ਨਾਮ ਸ੍ਰੀਮਤੀ ਤਾਬੀ ਜੀ ਸੀ। ਆਪ ਜੀ ਦਾ ਜਨਮ ਸਥਾਨ ਪਿੰਡ ਗੜ੍ਹਾ ਜ਼ਿਲ੍ਹਾ ਜਲੰਧਰ ਸੀ।

## ਸੁਆਮੀ ਸਰਵਣ ਦਾਸ ਮਹਾਰਾਜ ਜੀ ਦੀ ਯਾਦ ਵਿਚ (ਸੱਚਖੰਡ) ਮੰਦਿਰ ਦੀ ਉਸਾਰੀ

ਸੁਆਮੀ ਹਰੀ ਦਾਸ ਮਹਾਰਾਜ ਜੀ ਨੇ ਪੂਜਯ ਗੁਰਦੇਵ ਸ੍ਰੀ ਗੁਰੂ ਸਰਵਣ ਦਾਸ ਜੀ ਦੀ ਯਾਦ ਵਿਚ ਮੰਦਿਰ ਬਣਾਉਣ ਦਾ ਕੰਮ 10 ਅਗਸਤ, 1972 ਨੂੰ ਸ਼ੁਰੂ ਕੀਤਾ। ਇਕ ਸਾਲ ਅਤੇ ਕੁਝ ਮਹੀਨਿਆਂ ਵਿਚ ਇਸ ਮੰਦਿਰ ਦੀ ਉਸਾਰੀ ਬੜੇ ਜ਼ੋਰ-ਸ਼ੋਰ ਨਾਲ ਕੀਤੀ ਗਈ ਅਤੇ ਸੰਤ ਸਰਵਣ ਦਾਸ ਮਹਾਰਾਜ ਜੀ ਦੇ ਬਰਸੀ ਸਮਾਗਮ ਵਾਲੇ ਦਿਨ 11 ਜੂਨ 1972 ਨੂੰ ਮੰਦਿਰ ਦਾ ਉਦਘਾਟਨ ਕੀਤਾ ਗਿਆ। ਮਹਾਰਾਜ ਸੁਆਮੀ ਸਰਵਣ ਦਾਸ ਜੀ ਦੀ ਮੂਰਤੀ ਸਥਾਪਿਤ ਕੀਤੀ ਗਈ। ਮੰਦਿਰ ਦੀ ਉਸਾਰੀ ਤੋਂ ਬਾਅਦ ਇਹ ਕੁਟੀਆ ਡੇਰਾ ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ ਦੇ ਨਾਮ ਨਾਲ ਪ੍ਰਸਿੱਧ ਹੋਈ। ਮੰਦਿਰ ਦੀ ਉਸਾਰੀ ਵਿਚ ਦੇਸ਼-ਵਿਦੇਸ਼ ਦੀਆਂ ਸੰਗਤਾਂ ਨੇ ਬੜੇ ਉਤਸ਼ਾਹ ਨਾਲ ਸੇਵਾ ਕੀਤੀ। ਕਈ ਵਾਰ ਮੌਸਮ ਕਾਰਣ ਕੀਰਤਨ ਸਮਾਗਮ ਵਿਚ ਪ੍ਰੇਸ਼ਾਨੀ ਹੋ ਜਾਂਦੀ ਸੀ। ਇਸ ਪ੍ਰੇਸ਼ਾਨੀ ਨੂੰ ਦੂਰ ਕਰਨ ਵਾਸਤੇ ਸੁਆਮੀ ਹਰੀ ਦਾਸ ਜੀ ਨੇ ਇਕ ਸਤਿਸੰਗ ਹਾਲ ਦੀ ਨੀਂਹ ਮਿਤੀ 31 ਅਕਤੂਬਰ, 1976 ਨੂੰ ਰੱਖ ਕੇ ਇਸ ਦੀ ਉਸਾਰੀ ਕੀਤੀ। ਇਸਦੇ ਨਾਲ ਸੰਗਤਾਂ ਨੂੰ ਬਹੁਤ ਵੱਡੀ ਸਹੂਲਤ ਮਿਲੀ। ਇਹ ਹਾਲ 'ਸੰਤ ਹਰੀ ਦਾਸ ਸਤਿਸੰਗ ਹਾਲ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਆਪ ਜੀ ਨੇ ਬੱਚਿਆਂ ਦੀ ਪੜ੍ਹਾਈ ਤੇ ਖਾਸ ਜ਼ੋਰ ਦਿੱਤਾ। ਬਾਲ ਵਿਆਹ ਦੇ ਆਪ ਪੂਰਨ ਰੂਪ ਵਿਚ ਵਿਰੋਧੀ ਸਨ। ਨਸ਼ੇ ਵਾਲੀਆਂ ਚੀਜ਼ਾਂ ਤੋਂ ਹਮੇਸ਼ਾ ਵਰਜਿਤ ਕਰਦੇ ਸਨ। ਗੁਰਬਾਣੀ ਨਾਲ ਜੋੜਨ ਵਾਸਤੇ ਸੰਗਤਾਂ ਨੂੰ ਪ੍ਰੇਰਣਾ ਕਰਦੇ ਰਹਿੰਦੇ ਸੀ। ਆਪ ਜੀ ਨੇ ਡੇਰੇ ਲਈ ਹੋਰ ਜ਼ਮੀਨ ਖਰੀਦੀ ਅਤੇ ਆਪ ਜੀ ਦੇ ਜੀਵਨ ਕਾਲ ਵਿਚ ਵੀ ਡੇਰੇ ਦੀਆਂ ਸੇਵਾਵਾਂ ਨਿਰੰਤਰ ਚਲਦੀਆਂ ਰਹੀਆਂ। ਦਵਾਈ ਦਾਰੂ ਦੀਆਂ ਸੇਵਾਵਾਂ ਸ੍ਰੀ 108 ਸੰਤ ਗਰੀਬ ਦਾਸ ਜੀ ਨਿਭਾਉਂਦੇ ਸਨ। ਪ੍ਰਮਾਤਮਾ ਦੇ ਹੁਕਮ ਅਨੁਸਾਰ ਲਗਭਗ 100 ਸਾਲ ਦੀ ਉਮਰ ਬਤੀਤ ਕਰਦੇ ਹੋਏ ਇਹ ਪ੍ਰਚੰਡ ਜੋਤ, 6 ਫਰਵਰੀ 1982 ਨੂੰ ਅਖੰਡ ਜੋਤ ਵਿਚ ਸਮਾ ਗਈ।

# ਸ੍ਰੀ 108 ਸੰਤ ਗਰੀਬ ਦਾਸ ਜੀ

ਸੰਤ ਹਰੀ ਦਾਸ ਜੀ ਉਪਰੰਤ ਮਹਾਰਾਜ ਗਰੀਬ ਦਾਸ ਜੀ ਡੇਰੇ ਦੇ ਗੱਦੀ ਨਸ਼ੀਨ ਥਾਪੇ ਗਏ। ਆਪ ਜੀ ਦੇ ਪਿਤਾ ਜੀ ਦਾ ਨਾਮ ਸ੍ਰੀ ਨਾਨਕ ਚੰਦ, ਅਤੇ ਮਾਤਾ ਜੀ ਦਾ ਨਾਮ ਸ੍ਰੀਮਤੀ ਹਰ ਕੌਰ ਸੀ। ਪਿੰਡ ਜਲਭੇਆਂ ਜ਼ਿਲ੍ਹਾ ਜਲੰਧਰ ਆਪ ਜੀ ਦਾ ਜਨਮ ਅਸਥਾਨ ਹੈ। ਆਪ ਜੀ ਦੇ ਸਹਾਇਕ ਵਜੋਂ ਸ੍ਰੀ 108 ਸੰਤ ਨਿਰੰਜਣ ਦਾਸ ਜੀ ਨੂੰ ਥਾਪਿਆ ਗਿਆ।

## 'ਸੰਤ ਸਰਵਣ ਦਾਸ ਚੈਰੀਟੇਬਲ ਹਸਪਤਾਲ ਦੀ ਉਸਾਰੀ'

ਸੰਤ ਗਰੀਬ ਦਾਸ ਜੀ ਦੁਖੀਆਂ ਦੀਆਂ ਪੀੜਾਂ ਨੂੰ ਤਾਂ ਪਹਿਲਾਂ ਹੀ ਚੰਗੀ ਤਰ੍ਹਾਂ ਸਮਝਦੇ ਸਨ। ਆਪ ਜੀ ਨੇ ਸਭ ਤੋਂ ਪਹਿਲਾ ਮਹਾਨ ਕਾਰਜ ਸਤਿਗੁਰਾਂ ਦੇ ਨਾਂ ਤੇ ਦੁਖੀਆਂ ਦੀ ਸੇਵਾ ਲਈ ਹਸਪਤਾਲ ਬਣਾਉਣ ਦਾ ਕੀਤਾ, ਜਿਸਦਾ ਸ਼ੁੱਭ ਆਰੰਭ 22 ਅਕਤੂਬਰ, 1982 ਨੂੰ ਪਿੰਡ ਢੇਪੁਰ-ਕੂਪੁਰ ਜ਼ਿਲ੍ਹਾ ਜਲੰਧਰ ਵਿਚ ਕੀਤਾ ਗਿਆ। ਇਸ ਵੱਡੇ ਖਰਚੇ ਵਾਲੇ ਕੰਮ ਨੂੰ ਆਪ ਜੀ ਨੇ ਸਤਿਗੁਰਾਂ ਦੇ ਭਰੋਸੇ ਤੇ ਹੀ ਆਰੰਭ ਕੀਤਾ। ਜਦੋਂ ਵੀ ਕਿਸੇ ਪੁਰਸ਼ ਨੇ ਸ਼ੰਕਾ ਪ੍ਰਗਟ ਕੀਤੀ ਕਿ ਹਸਪਤਾਲ ਕਿਵੇਂ ਚੱਲੇਗਾ ਤਾਂ ਆਪ ਜੀ ਕਿਹਾ ਕਰਦੇ ਸਨ ਕਿ ਇਹ ਸਤਿਗੁਰੂ ਸਰਵਣ ਦਾਸ ਜੀ ਦਾ ਕੰਮ ਹੈ ਅਤੇ ਮੈਨੂੰ ਪੂਰਨ ਵਿਸ਼ਵਾਸ ਹੈ ਉਨ੍ਹਾਂ ਦੀ ਕਿਰਪਾ ਨਾਲ ਕੰਮ ਹਮੇਸ਼ਾ ਚੜ੍ਹਦੀਆਂ ਕਲਾਂ ਵਿਚ ਚਲਦਾ ਰਹੇਗਾ। ਉਨ੍ਹਾਂ ਦੀ ਰਸਨਾਂ ਤੋਂ ਨਿਕਲੇ ਹੋਏ ਇਹ ਵਚਨ ਬਿਲਕੁਲ ਅਟੱਲ ਸਿੱਧ ਹੋਏ। ਇਸ ਹਸਪਤਾਲ ਦਾ ਨਾਮ ਸੰਤ ਸਰਵਣ ਦਾਸ ਚੈਰੀਟੇਬਲ ਹਸਪਤਾਲ ਰੱਖਿਆ ਗਿਆ, ਜਿਸ ਦਾ ਸ਼ੁੱਭ ਉਦਘਾਟਨ ਪਹਿਲੀ ਜਨਵਰੀ 1984 ਨੂੰ ਕੀਤਾ ਗਿਆ। ਇਸਦਾ ਪ੍ਰਬੰਧ ਅੱਜ ਤੱਕ 'ਸੰਤ ਸਰਵਣ ਦਾਸ ਚੈਰੀਟੇਬਲ ਹਸਪਤਾਲ ਟਰੱਸਟ' ਚਲਾ ਰਿਹਾ ਹੈ, ਜਿਸ ਦੇ ਮੁਖੀ ਹਮੇਸ਼ਾ ਡੇਰਾ ਸੱਚਖੰਡ ਬੱਲਾਂ ਦੇ ਮੁਖੀ ਹੋਣਗੇ। ਇਸ ਹਸਪਤਾਲ ਵਿਚ ਮਾਹਿਰ ਡਾਕਟਰਾਂ ਦੀਆਂ ਸੇਵਾਵਾਂ ਤੇ ਆਧੁਨਿਕ ਸਹੂਲਤਾਂ ਉਪਲਬਧ ਹਨ।

**ਸਪਤਾਹਿਕ ਬੇਗਮਪੁਰਾ ਸ਼ਹਿਰ ਪੱਤ੍ਰਿਕਾ** ਜਿਸ ਰਾਹੀਂ ਸਮਾਜ ਦੀ ਵੱਡੀ ਸੇਵਾ ਹੋ ਰਹੀ ਹੈ, ਸਤਿਗੁਰ ਸੁਆਮੀ ਗਰੀਬ ਦਾਸ ਜੀ ਨੇ ਸਮਾਜ ਨੂੰ ਇਕ ਮਹਾਨ ਦੇਣ ਬਖਸ਼ਿਸ਼ ਕੀਤੀ, ਇਸ ਪੱਤ੍ਰਿਕਾ ਦੇ ਆਪ ਜੀ ਬਾਨੀ ਸਨ।

ਸ੍ਰੀ ਗੁਰੂ ਰਵਿਦਾਸ ਆਈ.ਟੀ.ਆਈ. ਕਾਲਜ ਫਗਵਾੜਾ ਵਿਖੇ ਸੰਤ ਸਰਵਣ ਦਾਸ ਮੈਮੋਰੀਅਲ ਟੀਚਿੰਗ ਬਲਾਕ ਦਾ ਨੀਂਹ ਪੱਥਰ ਰੱਖਿਆ। ਹਾਲ ਕਮਰੇ ਦੀ ਉਸਾਰੀ ਵੀ ਡੇਰੇ ਵਲੋਂ ਕੀਤੀ ਗਈ। ਮਹਾਰਾਜ ਜੀ ਨੇ ਡੇਰੇ ਵਿਚ ਰਿਹਾਇਸ਼ ਵਾਸਤੇ ਇਕ ਵੱਡੀ ਬਿਲਡਿੰਗ ਦੀ ਸ਼ੁਰੂਆਤ ਕੀਤੀ ਜੋ ਉਨ੍ਹਾਂ ਦੀ ਕਿਰਪਾ ਨਾਲ ਸੰਪੂਰਨ ਹੋਈ। ਇਸ ਬਿਲਡਿੰਗ ਵਿਚ ਚਾਰ ਵੱਡੇ

ਹਾਲ ਅਤੇ 26 ਕਮਰੇ ਬਾਥਰੂਮ ਸਹਿਤ ਯਾਤਰੀਆਂ ਦੀ ਸਹੂਲਤ ਲਈ ਉਸਾਰੇ ਗਏ ਹਨ। ਡੇਰੇ ਵਿਚ ਪਾਣੀ ਦੀ ਸਪਲਾਈ ਲਈ ਇਕ ਟਿਊਬਵੈੱਲ ਅਤੇ ਪਾਣੀ ਵਾਲੀ ਟੈਂਕੀ ਦਾ ਪ੍ਰਬੰਧ ਕੀਤਾ ਗਿਆ। ਸੰਗਤਾਂ ਦੀ ਸਹੂਲਤ ਲਈ ਸਮਾਗਮਾਂ ਵਾਸਤੇ ਡੇਰੇ ਲਈ ਹੋਰ ਜ਼ਮੀਨ ਖਰੀਦੀ ਜੋ ਬਹੁਤ ਲੋੜੀਂਦੀ ਸੀ। ਜਲੰਧਰ-ਪਠਾਨਕੋਟ ਰੋਡ ਤੋਂ ਪਿੰਡ ਡੇਰੇ ਨੂੰ ਜਾਣ ਵਾਲੀ ਸੜਕ, ਜਿਸਦਾ ਨਾਂ ਸੰਤ ਸਰਵਣ ਦਾਸ ਮਾਰਗ ਹੈ ਤੇ ਆਪ ਜੀ ਨੇ ਸਤਿਗੁਰ ਸੁਆਮੀ ਸਰਵਣ ਦਾਸ ਜੀ ਦੀ ਯਾਦ ਵਿਚ ਇਕ ਅਤਿ ਸੁੰਦਰ ਗੇਟ ਦੀ ਉਸਾਰੀ ਕੀਤੀ, ਜਿਸ ਵਿਚ ਸੰਗਤ ਪਿੰਡ ਬੱਲਾਂ ਅਤੇ ਇਸ ਪਿੰਡ ਤੋਂ ਵਿਦੇਸ਼ ਵਿਚ ਰਹਿੰਦੇ ਪ੍ਰੇਮੀਆਂ ਨੇ ਵੀ ਸ਼ਲਾਘਾਯੋਗ ਯੋਗਦਾਨ ਪਾਇਆ। ਇਸ ਗੇਟ ਦਾ ਉਦਘਾਟਨ ਇੰਗਲੈਂਡ, ਅਮਰੀਕਾ ਅਤੇ ਕਨੇਡਾ ਤੋਂ ਆਈਆਂ ਹੋਈਆਂ ਸੰਗਤਾਂ ਅਤੇ ਸੰਤ ਮਹਾਂਪੁਰਸ਼ਾਂ ਦੀ ਹਾਜ਼ਰੀ ਵਿਚ 11 ਜੂਨ 1994 ਨੂੰ ਸਵੇਰੇ ਕੀਤਾ ਗਿਆ। ਬਰਮਿੰਘਮ ਗੁਰੂ ਘਰ ਦਾ ਨੀਂਹ-ਪੱਥਰ ਅਤੇ ਸੰਪੂਰਨਤਾ ਤੇ ਸ਼ੁੱਭ ਉਦਘਾਟਨ ਆਪ ਜੀ ਦੇ ਕਰ ਕਮਲਾਂ ਨਾਲ ਕੀਤਾ ਗਿਆ। ਵੁਲਵਰਹੈਂਪਟਨ, ਸਟਰੂਡ ਕੈਂਟ, ਸਾਊਥੈਂਪਟਨ ਅਤੇ ਵਿਦੇਸ਼ਾਂ ਦੇ ਹੋਰ ਕਈ ਸ਼ਹਿਰਾਂ ਦੇ ਗੁਰੂ ਘਰਾਂ ਦੇ ਨੀਂਹ ਪੱਥਰ ਰੱਖਣ ਦਾ ਕੰਮ ਅਤੇ ਉਦਘਾਟਨ ਉਨ੍ਹਾਂ ਦੇ ਕਰ ਕਮਲਾਂ ਨਾਲ ਹੋਇਆ। ਮਹਾਰਾਜ ਜੀ 1985 ਤੋਂ ਲੈ ਕੇ ਜੂਨ 1994 ਤੱਕ ਛੇ ਵਾਰ ਇੰਗਲੈਂਡ ਅਤੇ ਇਸੇ ਦੌਰਾਨ ਤਿੰਨ ਵਾਰ ਅਮਰੀਕਾ ਤੇ ਇਕ ਵਾਰ ਕਨੇਡਾ ਗਏ। ਤਰਸਦੀਆਂ ਹੋਈਆ ਸੰਗਤਾਂ ਨੂੰ ਉਥੇ ਜਾ ਕੇ ਦਰਸ਼ਨ ਦੇ ਕੇ ਅਤੇ ਸਿਮਰਨ ਦੀਆਂ ਦਾਤਾਂ ਬਖਸ਼ ਕੇ ਉਨ੍ਹਾਂ ਦੇ ਜੀਵਨ ਵਿਚ ਖੁਸ਼ੀਆਂ ਭਰ ਦਿੱਤੀਆਂ।

1994 ਨੂੰ ਬਨਾਰਸ ਵਿਖੇ ਇਕ ਬਹੁਤ ਵੱਡਾ ਸਮਾਗਮ ਕੀਤਾ, ਜਿਸ ਵਿਚ ਵਿਦੇਸ਼ਾਂ ਦੀਆਂ ਸੰਗਤਾਂ ਵੱਡੀ ਗਿਣਤੀ ਵਿਚ ਪਹੁੰਚੀਆਂ। ਸ੍ਰੀ ਗੁਰੂ ਰਵਿਦਾਸ ਜਨਮ-ਸਥਾਨ ਵਿਖੇ ਇਹ ਇਸ ਕਿਸਮ ਦਾ ਪਹਿਲਾ ਸਮਾਗਮ ਸੀ ਜਿਸਨੂੰ ਸੰਗਤਾਂ ਹਮੇਸ਼ਾ ਯਾਦ ਰੱਖਣਗੀਆਂ। ਸਤਿਗੁਰੂ ਸੁਆਮੀ ਗਰੀਬ ਦਾਸ ਜੀ ਮਹਾਰਾਜ ਇੰਗਲੈਂਡ ਦੀਆਂ ਸੰਗਤਾਂ ਨੂੰ ਵਿਦਾ ਕਰਕੇ 23 ਜੁਲਾਈ 1994 ਨੂੰ ਸਦਾ ਲਈ ਬੇਗਮਪੁਰਾ ਸ਼ਹਿਰ ਦਾ ਨਿਵਾਸ ਕਰ ਲਿਆ।

## ਗੁਰੂ ਸਾਹਿਬਾਂ ਦੀਆਂ ਸਮਾਧਾਂ

### ਮਹਾਰਾਜ ਬਾਬਾ ਪਿੱਪਲ ਦਾਸ ਜੀ

ਅੰਗੀਠਾ ਸਾਹਿਬ—ਪਿੰਡ ਬੱਲਾਂ ਤੋਂ ਚੜ੍ਹਦੇ ਪਾਸੇ

ਸਮਾਧ—ਡੇਰੇ ਵਿਚ ਗੁੰਬਦ ਵਾਲਾ ਕਮਰਾ ਜਿੱਥੇ ਬਾਬਾ ਜੀ ਦੀ ਮੂਰਤੀ ਸੁਸ਼ੋਭਿਤ ਹੈ।

### ਮਹਾਰਾਜ ਸੰਤ ਸਰਵਣ ਦਾਸ ਜੀ

ਅੰਗੀਠਾ ਸਾਹਿਬ—ਮਹਾਰਾਜ ਪਿੱਪਲ ਦਾਸ ਜੀ ਦੀ ਸਮਾਧ ਦੇ ਨਾਲ।

ਸਮਾਧ—ਮਹਾਰਾਜ ਪਿੱਪਲ ਦਾਸ ਜੀ ਦੀ ਸਮਾਧ ਦੇ ਨਾਲ।

### ਮਹਾਰਾਜ ਸੰਤ ਹਰੀ ਦਾਸ ਜੀ।

ਅੰਗੀਠਾ ਸਾਹਿਬ—ਮਹਾਰਾਜ ਸਰਵਣ ਦਾਸ ਜੀ ਦੀ ਸਮਾਧ ਦੇ ਪੱਛਮ ਵੱਲ।

ਸਮਾਧ—ਮਹਾਰਾਜ ਸਰਵਣ ਦਾਸ ਜੀ ਦੀ ਸਮਾਧ ਦੇ ਪੱਛਮ ਵੱਲ।

### ਮਹਾਰਾਜ ਗਰੀਬ ਦਾਸ ਜੀ

ਅੰਗੀਠਾ ਸਾਹਿਬ—ਬਾਹਰ ਵਾਲੀ ਜ਼ਮੀਨ ਵਿਚ।

ਸਮਾਧ—ਮਹਾਰਾਜ ਹਰੀ ਦਾਸ ਜੀ ਦੀ ਸਮਾਧ ਦੇ ਦੱਖਣ ਵੱਲ।

### ਸ਼੍ਰੀ 108 ਸੰਤ ਨਿਰੰਜਣ ਦਾਸ ਜੀ (ਮੌਜੂਦਾ ਗੱਦੀ ਨਸ਼ੀਨ)

ਬ੍ਰਹਮਲੀਨ ਸੰਤ ਗਰੀਬ ਦਾਸ ਜੀ ਤੋਂ ਬਾਅਦ ਸ੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਗੱਦੀ ਨਸ਼ੀਨ ਥਾਪੇ ਗਏ। ਆਪ ਜੀ ਦੇ ਪਿਤਾ ਦਾ ਨਾਮ ਸ੍ਰੀ ਸਾਧੂ ਰਾਮ ਜੀ ਮਾਤਾ ਜੀ ਦਾ ਨਾਮ ਸ੍ਰੀਮਤੀ ਰੁਕਮਣੀ ਜੀ ਅਤੇ ਜਨਮ ਅਸਥਾਨ ਪਿੰਡ ਰਾਮਦਾਸਪੁਰ ਹੈ। ਆਪ 8 ਕੁ ਸਾਲ ਦੇ ਸਨ ਜਦੋਂ ਆਪ ਜੀ ਨੂੰ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਦੇ ਚਰਨਾਂ ਵਿਚ ਸੇਵਾ ਮਿਲ ਗਈ। ਉਸ ਦਿਨ ਤੋਂ ਲੈ ਕੇ ਅੱਜ ਤੱਕ ਗੁਰੂ ਸਾਹਿਬਾਂ ਵਲੋਂ ਲਗਾਈ ਗਈ ਸੇਵਾ ਨਿਭਾਉਂਦੇ ਹੋਏ ਡੇਰੇ ਦੀ ਉਸਾਰੀ, ਹਸਪਤਾਲ ਦੀ ਉਸਾਰੀ, ਸ੍ਰੀ ਗੁਰੂ ਜਨਮ ਅਸਥਾਨ ਵਿਖੇ ਸੰਗਤਾਂ ਦੀ ਸੁਵਿਧਾ ਲਈ ਹੋਰ ਉਸਾਰੀ ਦਾ ਕੰਮ, ਬੇਗਮਪੁਰਾ ਸ਼ਹਿਰ ਪੱਤ੍ਰਿਕਾ ਅਤੇ ਹੋਰ ਸਮਾਜ ਕਲਿਆਣ ਦੇ ਕੰਮਾਂ ਵਿਚ ਆਪ ਜੀ ਦਾ ਪੂਰਣ ਰੂਪ ਵਿਚ ਧਿਆਨ ਹੈ।

ਡੇਰੇ ਅਤੇ ਡੇਰੇ ਨਾਲ ਜੁੜੀਆਂ ਹੋਈਆਂ ਸੰਸਥਾਵਾਂ ਦੇ ਸੰਚਾਲਨ ਲਈ ਦਿਨ-ਪ੍ਰਤੀ-ਦਿਨ ਕੰਮ ਚਲਾਉਣ ਵਿਚ ਮਹਾਰਾਜ ਨਿਰੰਜਨ ਦਾਸ ਜੀ ਦੀ ਛਤਰ ਛਾਇਆ ਹੇਠ ਸੰਤ ਰਾਮਾ ਨੰਦ ਜੀ ਇਕ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਸਨ। ਸੰਤ ਸੁਰਿੰਦਰ ਦਾਸ ਜੀ ਡੇਰੇ ਅਤੇ ਡੇਰੇ ਵਲੋਂ ਚਲ ਰਹੀਆਂ ਸੰਸਥਾਵਾਂ ਵਿਚ ਯੋਗਦਾਨ ਪਾਉਣ ਤੋਂ ਇਲਾਵਾ ਕਪੂਰ-ਢੇਪੁਰ ਵਿਖੇ ਸੰਗਤਾਂ ਨੂੰ ਗੁਰੂ ਸਾਹਿਬ ਦੇ ਮਿਸ਼ਨ ਨਾਲ ਜੋੜ ਰਹੇ ਹਨ। ਵਡਾਲਾ ਮਾਹੀ ਵਿਖੇ ਸੰਤ ਗੁਰਬਚਨ ਦਾਸ ਜੀ ਸੰਗਤਾਂ ਦੀ ਸੇਵਾ ਨਿਭਾ ਰਹੇ ਹਨ। ਬੀਬੀ ਭਜਨੋ ਜੀ ਮਹਾਰਾਜ ਜੀ ਦੇ ਭੋਜਨ ਅਤੇ ਗੁਰੂ ਸਾਹਿਬ ਦੇ ਲੰਗਰ ਵਿਚ ਆਪਣੀਆਂ ਨਿਸ਼ਕਾਮ ਸੇਵਾਵਾਂ ਦਾ ਯੋਗਦਾਨ ਪਾ ਰਹੇ ਹਨ।

ਡੇਰਾ ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ ਦੇ ਨਾਮ ਹੇਠ ਜੋ ਸੇਵਾਵਾਂ ਚਲ ਰਹੀਆਂ ਹਨ ਉਨ੍ਹਾਂ ਵਿਚ ਸਮੁੱਚੀ ਸੰਗਤ ਦਾ ਅਥਾਹ ਪਿਆਰ ਝਲਕ ਰਿਹਾ ਹੈ। ਇਸ ਪੱਖੋਂ ਸਾਰੀਆਂ ਗੁਰੂ ਪਰੇਮੀ ਸੰਗਤਾਂ ਧੰਨਵਾਦ ਦੀਆਂ ਪਾਤਰ ਹਨ।

## ਕੌਮ ਦੇ ਮਹਾਨ ਸ਼ਹੀਦ
## ਬ੍ਰਹਮਲੀਨ ਸ੍ਰੀ 108 ਸੰਤ ਰਾਮਾ ਨੰਦ ਮਹਾਰਾਜ

ਵਸਦੇ-ਰਸਦੇ ਸੰਸਾਰ ਅੰਦਰ ਕੁਝ ਅਜੀਮ ਸਖ਼ਸ਼ ਪੈਦਾ ਹੁੰਦੇ ਹਨ ਜਿਹੜੇ ਆਪਣੇ ਪਰਉਪਕਾਰੀ ਕੰਮਾਂ ਸਦਕਾ ਰਹਿੰਦੀ ਦੁਨੀਆਂ ਤੱਕ ਆਪਣਾ ਨਾਂ ਕਮਾ ਜਾਂਦੇ ਹਨ, ਪਰ ਸੰਤਜਨ ਕੁੱਲ ਮਨੁੱਖਤਾ ਲਈ ਇੱਕ ਚਾਨਣ ਮੁਨਾਰਾ ਹੋ ਜਾਂਦੇ ਹਨ। ਬਾਰਡਰਾਂ ਦੀਆਂ ਸੀਮਤ ਲਕੀਰਾਂ, ਰੰਗਾਂ, ਨਸਲਾਂ, ਮਜ਼੍ਹਬਾਂ ਦੀਆਂ ਕੂੜ ਕਹਾਣੀਆਂ ਉਨ੍ਹਾਂ ਲਈ ਕੋਈ ਅਰਥ ਨਹੀਂ ਰੱਖਦੀਆਂ। ਸੰਤਜਨ ਬੋਹੜ ਦੀ ਛਾਂ ਵਾਂਗਰ ਹੁੰਦੇ ਹਨ, ਜਿਹੜੇ ਪਾਪਾਂ ਰੂਪੀ ਗਰਮੀ ਨਾਲ ਤਪਦੀ ਮਨੁੱਖਤਾ ਨੂੰ ਪੱਛਮ ਦੀਆਂ ਠੰਡੀਆਂ ਠਾਰ ਪੌਣਾਂ ਬਣ ਠਾਰਦੇ ਹਨ।

1910-15 ਦਰਮਿਆਨ ਸੰਤ ਰਾਮਾ ਨੰਦ ਜੀ ਦੇ ਪਿਤਾ ਸ਼੍ਰੀਮਾਨ ਮਹਿੰਗਾ ਰਾਮ ਜੀ ਅਤੇ ਉਨ੍ਹਾਂ ਦੇ ਵੱਡੇ-ਵਢੇਰੇ ਪਿੰਡ ਬੱਲਾਂ ਨੂੰ ਛੱਡ ਕੇ ਅਲਾਵਲਪੁਰ ਜ਼ਿਲ੍ਹਾ ਜਲੰਧਰ ਵਿਖੇ ਜਾ ਵਸੇ ਜੋ ਕਿ ਡੇਰਾ ਸੱਚਖੰਡ ਬੱਲਾਂ ਦੇ ਸ਼ਰਧਾਲੂ ਸਨ। ਜਦ ਕੋਈ ਇਤਿਹਾਸ ਸਿਰਜਣਾ ਹੋਵੇ ਤਾਂ ਕੁਦਰਤ ਬੜੀਆਂ ਨਵੀਆਂ-ਨਵੀਆਂ ਵਿਧਾਂ ਸਿਰਜਦੀ ਹੈ। ਕੁਝ ਐਸਾ ਹੀ ਹੋਇਆ ਇੱਕ ਪਰਿਵਾਰ ਦੇ ਜੀਵਨ ਵਿਚ। ਗ੍ਰਹਿਸਥੀ ਜੀਵਨ ਬਿਤਾ ਰਹੇ ਸ਼੍ਰੀਮਾਨ ਮਹਿੰਗਾ ਰਾਮ ਜੀ ਅਤੇ ਮਾਤਾ ਬੀਬੀ ਜੀਤ ਕੌਰ ਜੀ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਉਨ੍ਹਾਂ ਦੇ ਘਰ ਵਿਚ ਐਸਾ ਬਾਲਕ ਜਨਮ ਲਵੇਗਾ ਜਿਹੜਾ ਸਮੁੱਚੀ ਦਲਿਤ ਕੌਮ ਨੂੰ ਮਣਕਿਆਂ ਦੀ ਤਰ੍ਹਾਂ ਏਕਤਾ ਦੀ ਮਾਲਾ ਵਿਚ ਪਰੋ ਕੇ ਪੂਰੇ ਵਿਸ਼ਵ ਅੰਤਰ 108 ਸੰਤ ਸਰਵਣ ਦਾਸ ਜੀ ਮਹਾਰਾਜ ਡੇਰਾ ਸੱਚਖੰਡ ਬੱਲਾਂ ਵਰਗੇ ਸਾਧਨਾ ਸਥੱਲ ਨੂੰ ਉਹ ਚਾਰਚੰਨ ਲਾਉਣ ਵਿਚ ਵੱਡੀ ਭੂਮਿਕਾ ਨਿਭਾਏਗਾ ਜਿਸ 'ਤੇ ਆਉਣ ਵਾਲੀਆਂ ਪੀੜ੍ਹੀਆਂ ਨਾਜ ਕਰਨਗੀਆਂ। ਅੱਜ ਡੇਰਾ ਸੱਚਖੰਡ ਬੱਲਾਂ ਸਤਿਗੁਰੂ ਸੁਆਮੀ ਨਿਰੰਜਨ ਦਾਸ ਮਹਾਰਾਜ ਜੀ ਅਤੇ ਸੰਤ ਰਾਮਾਨੰਦ ਜੀ ਦੀ ਅਸੀਮ ਘਾਲਣਾ ਸਦਕਾ ਮਨੁੱਖਤਾ ਵਿਸ਼ੇਸ਼ ਕਰਕੇ ਦਲਿਤਾਂ ਦਾ ਮੱਕਾ ਕਰਕੇ ਜਾਣਿਆ ਜਾਂਦਾ ਹੈ। ਸਮੇਂ ਦੇ ਗੱਦੀ ਨਸ਼ੀਨ ਮਹਾਂਪੁਰਸ਼ਾਂ ਦੀ ਪੈੜ ਚਾਲ ਨੂੰ ਨਾਪਣਾ ਤੇ ਉਨ੍ਹਾਂ ਦੀਆਂ ਪਾਈਆਂ ਪੈੜਾਂ ਉੱਪਰ ਤੁਰਨਾ ਮੌਜੂਦਾ ਗੱਦੀ ਨਸ਼ੀਨ ਮਹਾਂਪੁਰਸ਼ਾਂ ਦਾ ਉਦੇਸ਼ ਰਿਹਾ ਹੈ।

ਸ਼੍ਰੀ 108 ਸੰਤ ਰਾਮਾ ਨੰਦ ਜੀ ਦਾ ਜਨਮ 2 ਫਰਵਰੀ 1952 ਨੂੰ ਪਿਤਾ ਸ਼੍ਰੀਮਾਨ ਮਹਿੰਗਾ ਰਾਮ ਜੀ ਦੇ ਗ੍ਰਹਿ ਵਿਖੇ ਮਾਤਾ ਸ਼੍ਰੀਮਤੀ ਜੀਤ ਕੌਰ ਦੀ ਪੱਵਿਤਰ ਕੁੱਖੋਂ ਹੋਇਆ। ਆਪ ਜੀ ਬਚਪਨ ਤੋਂ ਹੀ ਸਾਧੂ ਸੁਭਾਅ ਰੱਖਦੇ ਸਨ। ਆਪ ਜੀ ਦੀ ਮਨਮੋਹਣੀ ਦਿੱਖ ਗਲੀ-ਮੁਹੱਲੇ ਦੇ ਲੋਕਾਂ ਨੂੰ ਕੀਲ ਕੇ ਰੱਖ ਦਿੰਦੀ ਸੀ। ਬੀ. ਏ. ਤੱਕ ਦੀ ਪੜ੍ਹਾਈ ਆਪ ਨੇ ਦੁਆਬਾ ਕਾਲਜ ਜਲੰਧਰ ਤੋਂ ਕੀਤੀ। ਆਪ ਜਿਸ ਵਕਤ ਪੜ੍ਹਾਈ ਕਰਨ ਜਾਂਦੇ ਸਨ ਤਾਂ ਅਕਸਰ ਗੁੰਮ-ਸੁਮ ਰਿਹਾ ਕਰਦੇ ਸਨ। ਆਪ ਬਚਪਨ ਤੋਂ ਹੀ ਸਾਧੂ ਸੰਗਤ ਦੇ ਮੁਰੀਦ ਸਨ ਸੋ ਫਿਰ ਰੰਗ ਤਾਂ ਚੜ੍ਹਨਾ ਹੀ ਸੀ ਜੋ ਪ੍ਰਵਾਨ ਹੋ ਕੇ ਹੱਦੋਂ ਵੱਧ ਚੜ੍ਹਿਆ। ਘਰ ਦੇ ਹੋਰਨਾਂ ਮੈਂਬਰਾਂ ਨੇ ਜੋਰਦਾਰ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਕਿ ਰਾਮਾ ਨੰਦ ਨੂੰ ਸਾਧੂਆਂ ਦੀ ਸੰਗਤ ਤੋਂ ਰੋਕਿਆ ਜਾਵੇ। ਘਰ ਵਿਚ ਅਕਸਰ ਸਾਧੂ ਸੰਗਤ ਦੀ ਗੱਲਬਾਤ ਹੁੰਦੀ ਰਹਿੰਦੀ। ਸੰਤ ਰਾਮਾ ਨੰਦ ਜੀ ਘਰ ਦੇ ਘਰੇਲੂ ਕੰਮ ਕਰਦੇ ਹੋਏ ਵੀ ਹਰ ਵਕਤ ਪ੍ਰਮਾਤਮਾ ਦਾ ਸਿਮਰਨ ਕਰਦੇ ਰਹਿੰਦੇ। ਅਖੀਰ ਰਾਮਾਨਵੰਦ ਜੀ ਨੂੰ ਸ੍ਰੀਮਾਨ 108 ਸੰਤ ਹਰੀ ਦਾਸ ਜੀ ਮਹਾਰਾਜ ਸੱਚਖੰਡ ਬੱਲਾਂ ਵਾਲੇ ਮਹਾਂਪੁਰਸ਼ਾਂ ਦੇ ਚਰਨੀਂ ਲਗਾ ਦਿੱਤਾ ਗਿਆ। ਆਪ ਜੀ ਨੂੰ ਸੰਤ ਹਰੀ ਦਾਸ ਮਹਾਰਾਜ ਜੀ ਵਲੋਂ ਨਾਮ ਦੀ ਦਾਤ ਬਖਸ਼ਿਸ਼ ਕੀਤੀ ਗਈ। ਸੰਤ ਰਾਮਾਨੰਦ ਜੀ 1973 ਤੋਂ ਬਾਬਾ ਪਿੱਪਲ ਦਾਸ ਜੀ ਮਹਾਰਾਜ ਦੀ ਯਾਦ ਵਿਚ ਬੱਲਾਂ ਪਿੰਡ ਵਿਚ ਬਣੇ ਸੁੰਦਰ ਮੰਦਰ ਵਿਚ ਰਹਿ ਕੇ ਪ੍ਰਭੂ ਸਿਮਰਨ ਕਰਦੇ। ਸੰਤ ਰਾਮਾ ਨੰਦ ਜੀ ਬ੍ਰਹਮਲੀਨ ਸੰਤ ਹਰੀ ਦਾਸ ਜੀ ਮਹਾਰਾਜ ਜੀ ਦੇ ਸਮੇਂ ਅਤੇ ਮਹਾਰਾਜ ਗਰੀਬ ਦਾਸ ਜੀ ਦੇ ਸਮੇਂ ਦਿਨ ਵੇਲੇ ਡੇਰੇ ਵਿਚ ਰਹਿ ਕੇ ਸੰਗਤਾਂ ਦੀ ਸੇਵਾ ਕਰਦੇ ਅਤੇ ਰੋਜ਼ਾਨਾ ਸ਼ਬਦ ਕੀਰਤਨ ਅਤੇ ਕਥਾ ਕਰਦੇ।

ਇੱਥੇ ਵਰਣਨ ਯੋਗ ਹੈ ਕਿ ਸੰਤ ਰਾਮਾ ਨੰਦ ਜੀ ਨੂੰ ਗੁਰੂ ਗਿਆਨ ਸਤਿਗੁਰੂ ਹਰੀ ਦਾਸ ਜੀ ਮਹਾਰਜ ਤੋਂ ਪ੍ਰਾਪਤ ਹੋਇਆ ਅਤੇ ਸਤਿਗੁਰੂ ਗਰੀਬ ਦਾਸ ਜੀ ਮਹਾਰਾਜ ਨੇ ਉਨ੍ਹਾਂ ਨੂੰ ਭੇਖ ਧਾਰਨ ਕਰਵਾਇਆ। ਉਨ੍ਹਾਂ ਨਾਲ ਹੀ ਸੰਤ ਰਾਮਾਨੰਦ ਜੀ ਨੂੰ ਵੱਖ-ਵੱਖ ਦੇਸ਼ਾਂ ਵਿਚ ਸ੍ਰੀ ਗੁਰੂ ਰਵਿਦਾਸ ਮਿਸ਼ਨ ਦੇ ਪ੍ਰਚਾਰ ਤੇ ਪ੍ਰਸਾਰ ਹਿੱਤ ਜਾਣ ਦਾ ਸੁਭਾਗ ਪ੍ਰਾਪਤ ਹੋਇਆ। ਇਸ ਤੋਂ ਬਾਅਦ ਡੇਰਾ ਸੱਚਖੰਡ ਬੱਲਾਂ ਦੇ ਮਹਾਨ ਸੰਤ ਬ੍ਰਹਮਲੀਨ ਸਤਿਗੁਰੂ ਗਰੀਬ ਦਾਸ ਜੀ ਅਤੇ ਮੌਜੂਦਾ ਗੱਦੀ ਨਸ਼ੀਨ ਸ੍ਰੀ 108 ਸੰਤ ਨਿਰੰਜਨ ਦਾਸ ਜੀ ਮਹਾਰਾਜ ਜੀ ਦੀ ਰਹਿਨੁਮਾਈ ਹੇਠ ਵਿਦੇਸ਼ੀ ਸੰਗਤਾਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੀ ਵਿਚਾਰਧਾਰਾ ਨਾਲ ਜੋੜਿਆ। ਆਪ ਵਿਦੇਸ਼ੀ ਸੰਗਤਾਂ ਦੀਆਂ ਅੱਖਾਂ ਦੇ ਤਾਰੇ ਸਨ। ਆਪ ਜੀ ਦੀ ਰਸਨਾ ਤੋਂ ਬਾਣੀ ਦੇ ਮਿੱਠੇ ਬੋਲ ਸਰਵਣ ਕਰਕੇ ਸੰਗਤਾਂ ਮੰਤਰ ਮੁਗਦ ਹੋ ਜਾਂਦੀਆਂ ਸਨ।

ਆਪ ਇੱਕ ਕੁਸ਼ਲ ਪ੍ਰਸ਼ਾਸ਼ਕ ਸਨ, ਜਿਨ੍ਹਾਂ ਨੇ ਡੇਰੇ ਦੇ ਪ੍ਰਬੰਧ ਨੂੰ ਬਹੁਤ ਹੀ ਸੁਚਾਰੂ ਢੰਗ ਨਾਲ ਚਲਾਇਆ। ਵਿਸ਼ਵ ਵਿਚ ਸੰਤ ਸੰਮੇਲਨਾਂ ਵਿਚ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਦੇ ਨਾਲ-ਨਾਲ ਆਪ ਡੇਰਾ ਸੱਚਖੰਡ ਬੱਲਾਂ ਵਲੋਂ ਮਾਨਵ ਭਲਾਈ ਲਈ ਚਲਾਏ ਜਾ ਰਹੇ ਵੱਖ-ਵੱਖ ਪ੍ਰੋਜੈਕਟਾਂ ਦੇ ਕਾਰਜਾਂ ਨੂੰ ਚਲਾਉਣ ਲਈ ਵੱਧ ਚੜ੍ਹ ਕੇ ਭਾਗ ਲੈਂਦੇ ਸਨ। ਡੇਰਾ ਸੱਚਖੰਡ ਬੱਲਾਂ ਵਲੋਂ ਪ੍ਰਕਾਸ਼ਿਤ ਕੀਤੇ ਜਾ ਰਹੇ 'ਬੇਗਮਪੁਰਾ ਸ਼ਹਿਰ' ਦੇ ਸੰਪਾਦਕ ਵਜੋਂ ਆਪ ਜੀ ਨੇ ਸ਼ਲਾਘਾਯੋਗ ਸੇਵਾਵਾਂ ਨਿਭਾਈਆਂ, ਜਿਸ ਵਾਸਤੇ ਆਪ ਜੀ ਨੂੰ ਭਾਰਤੀ ਦਲਿਤ ਸਾਹਿਤ ਅਕਾਦਮੀ ਵਲੋਂ ਪੁਰਸਕਾਰਿਤ ਕੀਤਾ ਗਿਆ। ਇਹ ਪਹਿਲੀ ਵਾਰ ਸੀ ਕਿ ਆਪ ਜੀ ਨੇ ਯੂ. ਕੇ. ਦੀ ਪਾਰਲੀਮੈਂਟ ਸਦਨ ਵਿਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਬਾਰੇ ਸਪੀਚ ਪੜ੍ਹ ਕੇ ਇੱਕ ਨਵੇਂ ਇਤਿਹਾਸ ਦੀ ਸਿਰਜਣਾ ਕੀਤੀ। ਆਪ ਬਾਣੀ ਦੇ ਮਹਾਨ ਗਿਆਤਾ ਸਨ ਅਤੇ ਬੜੀਆਂ ਹੀ ਸਰਲ ਉਦਾਹਰਣਾਂ ਦਾ ਵਰਣਨ ਕਰਕੇ ਗੁਰਬਾਣੀ ਦੇ ਜਟਿਲ ਅਰਥਾਂ ਦੀ ਵਿਆਖਿਆ ਕਰਨ ਵਿਚ ਮਾਹਿਰ ਸਨ। ਆਪ ਜਦੋਂ ਸੰਗੀਤਮਈ ਕੀਰਤਨ ਕਰਦੇ ਸਨ ਤਾਂ ਪੰਡਾਲ ਵਿਚ ਬੈਠੀ ਸੰਗਤ ਪੂਰੀ ਤਰ੍ਹਾਂ ਕੀਲੀ ਜਾਂਦੀ ਸੀ।

ਨਵੀਂ ਪੀੜ੍ਹੀ ਵਿਚ ਸੰਗੀਤ ਪ੍ਰਤੀ ਚੇਟਕ ਪੈਦਾ ਕਰਨ ਲਈ ਆਪ ਜੀ ਨੇ

ਡੇਰਾ ਸੱਚਖੰਡ ਬੱਲਾਂ ਵਿਖੇ ਨਾ ਸਿਰਫ ਸ੍ਰੀ ਗੁਰੂ ਰਵਿਦਾਸ ਸੰਗੀਤ ਅਕੈਡਮੀ ਖੋਲੀ ਸਗੋਂ ਆਪ ਜੀ ਦੀ ਪਾਰਖੂ ਨਜ਼ਰ ਨੇ ਅਨੇਕਾਂ ਮਿਸ਼ਨਰੀ ਗਾਇਕਾਂ, ਗੀਤਕਾਰਾਂ ਅਤੇ ਸਾਹਿਤਕਾਰਾਂ ਦੀ ਪਛਾਣ ਕੀਤੀ ਅਤੇ ਉਨ੍ਹਾਂ ਨੂੰ ਗੋਲਡ ਮੈਡਲਾਂ ਨਾਲ ਸਨਮਾਨਿਤ ਵੀ ਕੀਤਾ ਗਿਆ। ਆਪ ਜੀ ਦੀ ਰਸਭਿੰਨੀ ਅਵਾਜ ਵਿਚ ਜਲੰਧਰ ਦੂਰਦਰਸ਼ਨ ਤੋਂ 'ਅੰਮ੍ਰਿਤਬਾਣੀ ਸ੍ਰੀ ਗੁਰੂ ਰਵਿਦਾਸ ਜੀ' ਅਤੇ 'ਬੇਗਮਪੁਰਾ ਸਹਿਰ ਕੋ ਨਾਉ' ਨਾਂ ਦੇ ਪ੍ਰੋਗਰਾਮ ਵੀ ਦਿਖਾਏ ਜਾ ਰਹੇ ਹਨ।

ਡੇਰਾ ਬੱਲਾਂ ਵਲੋਂ ਚਲਾਏ ਜਾ ਰਹੇ ਸੰਸਥਾਨਾਂ ਦੀਆਂ ਇਮਾਰਤਾਂ ਦੀ ਉਸਾਰੀ ਵਿਚ ਸੰਤ ਰਾਮਾਨੰਦ ਜੀ ਦਾ ਅਤਿ ਵਿਸ਼ੇਸ਼ ਯੋਗਦਾਨ ਰਿਹਾ ਹੈ। ਜਦੋਂ ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਮੰਦਿਰ ਸੀਰ ਗੋਵਰਧਨਪੁਰ ਵਾਰਾਨਸੀ, ਸੰਤ ਸਰਵਣ ਦਾਸ ਚੈਰੀਟੇਬਲ ਹਸਪਤਾਲ ਅੱਡਾ ਕਠਾਰ, ਸ੍ਰੀ ਗੁਰੂ ਰਵਿਦਾਸ ਸਤਿਸੰਗ ਭਵਨ ਬੱਲਾਂ, ਸ੍ਰੀ ਗੁਰੂ ਰਵਿਦਾਸ ਮੰਦਰ ਅਤੇ ਸੰਤ ਸਰਵਣ ਦਾਸ ਮਾਡਲ ਸਕੂਲ ਹਦੀਆਬਾਦ ਫਗਵਾੜਾ, ਸੰਤ ਸਰਵਣ ਦਾਸ ਆਈ ਹਸਪਤਾਲ ਬੱਲਾਂ, ਸ੍ਰੀ ਗੁਰੂ ਰਵਿਦਾਸ ਮੰਦਰ ਸਿਰਸਗੜ੍ਹ ਹਰਿਆਣਾ, ਬਾਬਾ ਪਿੱਪਲ ਦਾਸ ਜੀ ਮਹਾਰਾਜ ਜੀ ਦੀ ਕਰਮ ਸਥਲੀ ਅਤੇ ਸੰਤ ਸਰਵਣ ਦਾਸ ਜੀ ਮਹਾਰਜ ਦੀ ਜਨਮ ਸਥਲੀ ਗਿੱਲ ਪੱਟੀ ਬਠਿੰਡਾ, ਸ੍ਰੀ ਗੁਰੂ ਰਵਿਦਾਸ ਮੰਦਿਰ ਕਾਤਰਜ ਪੂਨੇ ਦੀਆਂ ਨਵੀਆਂ ਬਣ ਰਹੀਆਂ ਈਮਾਰਤਾਂ ਦਾ ਕੰਮ ਚੱਲ ਰਿਹਾ ਸੀ ਤਾਂ ਸੰਤ ਰਾਮਾਨੰਦ ਜੀ ਖੁਦ ਆਪ ਮਿਹਨਤਕਸ਼ਾਂ ਦੀ ਤਰ੍ਹਾਂ ਕੰਮ ਵਿਚ ਕੁੱਦ ਪੈਂਦੇ ਸਨ, ਸੰਗਤਾਂ ਵਲੋਂ ਅਰਾਮ ਕਰਨ ਲਈ ਬੇਨਤੀ ਕਰਨ ਦੇ ਬਾਵਜੂਦ ਘੰਟਿਆਂ ਬੱਧੀ ਕੰਮ ਕਰਦੇ ਰਹਿੰਦੇ ਅਤੇ ਸਭ ਆਮ ਅਤੇ ਖਾਸ ਲਈ ਪ੍ਰੇਰਣਾ ਸਰੋਤ ਬਣ ਜਾਂਦੇ ਸਨ।

ਸੰਤ ਰਾਮਾਨੰਦ ਜੀ ਇੱਕ ਅਣਥੱਕ, ਸਿਰੜੀ ਯੋਧੇ ਸਨ, ਜਿਹੜੇ ਮਿਸ਼ਨਰੀ ਕਾਰਜਾਂ ਨੂੰ ਸੰਪੂਰ ਕਰਨ ਲਈ ਦਿਨ ਰਾਤ ਇੱਕ ਕਰਦੇ ਹੋਏ ਨਾ ਥੱਕਦੇ ਸਨ ਅਤੇ ਨਾ ਹੀ ਅੱਕਦੇ ਸਨ। ਆਪ ਅਕਸਰ ਕਿਹਾ ਕਰਦੇ ਸਨ 'ਜਿਹੜਾ ਸਮਾਂ ਮਹਾਰਾਜ ਜੀ ਦੀ ਸੇਵਾ ਵਿਚ ਲੱਗ ਜਾਵੇ ਉਹੀ ਚੰਗਾ ਹੈ, ਕੀ ਪਤਾ ਫਿਰ ਸਮਾਂ ਮਿਲੇ ਨਾ ਮਿਲੇ।'

ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਦੇ ਪ੍ਰਚਾਰ ਤੇ ਪ੍ਰਸਾਰ ਕਰਨ ਗਏ ਸ੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਮੌਜੂਦਾ ਗੱਦੀ ਨਸ਼ੀਨ ਡੇਰਾ ਸੱਚਖੰਡ ਬੱਲਾਂ ਅਤੇ ਗੁਰੂ ਘਰ ਦੇ ਵਜ਼ੀਰ, ਕੀਰਤਨ ਦੇ ਧਨੀ, ਮਹਾਨ ਵਿਦਵਾਨ, ਨਾਮ ਦੇ ਰਸੀਏ, ਮਹਾਨ ਵੈਦ, ਜਗਤਗੁਰੂ ਰਵਿਦਾਸ ਮਿਸ਼ਨ ਦੇ ਧੁਰੇ, ਸੰਤ ਸਮਾਜ ਦੇ ਅਨਮੋਲ ਹੀਰੇ 108 ਸੰਤ ਰਾਮਾ ਨੰਦ ਜੀ ਨੂੰ ਮਾਨਵ ਵਿਰੋਧੀਆਂ ਨੇ ਵਿਆਨਾ (ਅਸਟਰੀਆ) ਦੇ ਇੱਕ ਗੁਰੂ ਘਰ ਦੇ ਵਿਚ ਹਮਲਾ ਕਰਕੇ ਗੰਭੀਰ ਰੂਪ ਵਿਚ ਜ਼ਖਮੀ ਕਰ ਦਿੱਤਾ। ਗੋਲੀਆਂ ਲੱਗਣ ਤੋਂ ਬਾਅਦ ਵੀ ਸੰਤ ਰਾਮਾਨੰਦ ਜੀ ਧੰਨ ਧੰਨ ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ ਨਾਮ ਉਚਾਰਨ ਕਰਦੇ ਰਹੇ, ਜਿਵੇਂ ਕਹਿ ਰਹੇ ਹੋਣ ਕਿ ਉਹ ਅਜੇ ਮਿਸ਼ਨ ਦੇ ਪ੍ਰਚਾਰ ਤੇ ਪ੍ਰਸਾਰ ਲਈ ਬਹੁਤ ਕੁਝ ਕਰਨਾ ਚਾਹੁੰਦੇ ਹਨ। ਪਰ ਭਾਵੀ ਨੂੰ ਇਹ ਮਨਜ਼ੂਰ ਨਾ ਹੋਇਆ ਅਤੇ ਆਪ ਜੀ ਮਿਤੀ 25 ਮਈ ਦੇ ਅੰਮ੍ਰਿਤ ਵੇਲ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿੰਦੇ ਹੋਏ ਬ੍ਰਹਮਲੀਨ ਹੋ ਗਏ।

ਸੰਤ ਰਾਮਾਨੰਦ ਜੀ ਮਹਾਰਾਜ ਆਪਣਾ ਪੂਰਾ ਜੀਵਨ ਸ਼ਹਾਦਤ ਦਾ ਜਾਮ ਪੀਂਦੇ ਹੋਏ ਬ੍ਰਹਮਲੀਨ ਹੋਣ ਤੱਕ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਨੂੰ ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ ਪਾਵਨ ਉਪਦੇਸ਼ 'ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ' ਦਿੰਦੇ ਹੋਏ ਵਿਸ਼ਵ ਪੱਧਰ 'ਤੇ ਇਕੱਠੇ ਹੋਣ ਦਾ ਉਪਦੇਸ਼ ਦੇ ਗਏ।

ਵਿਆਨਾ ਵਿਚ ਵਾਪਰੀ ਮੰਦਭਾਗੀ ਘਟਨਾ ਵਿਚ ਸੰਤ ਰਾਮਾਨੰਦ ਜੀ ਸਾਨੂੰ ਸਰੀਰਕ ਰੂਪ ਵਿਚ ਵਿਛੋੜਾ ਜ਼ਰੂਰ ਦੇ ਗਏ ਹਨ ਪਰ ਉਨ੍ਹਾਂ ਦੀ ਸੋਚ ਸਦਾ ਵਾਸਤੇ ਸਾਡਾ ਮਾਰਗ ਦਰਸ਼ਨ ਕਰਦੀ ਰਹੇਗੀ।

ਸਾਰੇ ਸਮਾਜ ਨੂੰ ਸੰਤ ਰਾਮਾਨੰਦ ਜੀ ਦੀ ਕੌਮ ਲਈ ਸ਼ਹਾਦਤ ਤੋਂ ਪ੍ਰੇਰਨਾ ਲੈਂਦੇ ਹੋਏ ਰਵਿਦਾਸੀਆ ਧਰਮ ਦੇ ਨਾਮ ਹੇਠ ਹਰਿ ਦੇ ਨਿਸ਼ਾਨ ਥੱਲੇ ਵਿਸ਼ਵ ਪੱਧਰ 'ਤੇ ਆਪਣੀ ਵੱਖਰੀ ਪਹਿਚਾਣ ਬਣਾਉਣੀ ਚਾਹੀਦੀ ਹੈ।

# ਡੇਰੇ ਸੱਚ ਖੰਡ ਬੱਲਾਂ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

**ਸ਼੍ਰੀ ਗੁਰੂ ਰਵਿਦਾਸ ਜਨਮ ਸਥਾਨ ਮੰਦਰ, ਸੀਰ ਗੋਵਰਧਨਪੁਰ, ਵਾਰਾਣਸੀ**—ਸ਼੍ਰੀ ਗੁਰੂ ਰਵਿਦਾਸ ਜਨਮ ਸਥਾਨ ਮੰਦਰ, ਸੀਰ ਗੋਵਰਧਨਪੁਰ, ਵਾਰਾਨਸੀ ਦਾ ਨਿਰਮਾਣ ਸੰਤ ਸਰਵਣ ਦਾਸ ਜੀ ਮਹਾਰਾਜ ਸੱਚਖੰਡ ਬੱਲਾਂ ਵਲੋਂ ਕਰਵਾਇਆ ਗਿਆ ਸੀ। ਉਹਨਾਂ ਦੇ ਆਦੇਸ਼ ਅਨੁਸਾਰ ਇਸ ਮੰਦਰ ਦਾ ਨੀਂਹ ਪੱਥਰ 14 ਜੂਨ 1965 ਈ. (ਹਾੜ ਦੀ ਸੰਗਰਾਂਦ) ਵਾਲੇ ਦਿਨ ਸੰਤ ਹਰੀ ਦਾਸ ਜੀ ਮਹਾਰਾਜ ਦੇ ਪਾਵਨ ਕਰ-ਕਮਲਾਂ ਨਾਲ ਰੱਖਿਆ ਗਿਆ। ਮੰਦਰ ਦੀ ਉਸਾਰੀ ਦੀ ਜਿੰਮੇਵਾਰੀ ਸੰਤ ਗਰੀਬ ਦਾਸ ਜੀ ਮਹਾਰਾਜ ਨੂੰ ਸੌਂਪੀ ਗਈ ਜੋ ਉਹਨਾਂ ਨੇ ਬਾਖ਼ੂਬੀ ਨਿਭਾਈ। ਇਸ ਮੰਦਿਰ ਵਿਖੇ 22 ਫ਼ਰਵਰੀ 1974 ਈ. ਨੂੰ ਮਹਾਨ ਸੰਤ ਸੰਮੇਲਨ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਸ੍ਰੀ ਗੁਰੂ ਰਵਿਦਾਸ ਸੰਪ੍ਰਦਾਇ ਦੇ ਅਨੇਕਾਂ ਮਹਾਂਪੁਰਸ਼ ਪਹੁੰਚੇ, ਮੰਦਿਰ ਵਿਚ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਪਾਵਨ ਮੂਰਤੀ ਅਤੇ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੀ ਪਾਵਨ ਮੂਰਤੀ ਸੰਤ ਸਮਾਜ ਵਲੋਂ ਸਥਾਪਤ ਕੀਤੀ ਗਈ। ਇਸ ਸੱਤ ਮੰਜ਼ਲੇ ਮੰਦਿਰ ਦੇ ਉੱਪਰਲੇ ਵੱਡੇ ਗੁੰਬਦ ਤੇ ਸੱਤ ਫੁੱਟ ਸੋਨੇ ਦੇ ਕਲਸ਼ ਦਾ ਉਦਘਾਟਨ ਮਿਤੀ 7 ਅਪ੍ਰੈਲ 1994 ਨੂੰ ਬਾਬੂ ਕਾਂਸ਼ੀ ਰਾਮ ਜੀ ਦੁਆਰਾ ਰਾਸ਼ਟਰੀ ਪ੍ਰਧਾਨ ਬਸਪਾ ਨੇ ਆਪਣੇ ਕਰ-ਕਮਲਾਂ ਨਾਲ ਕੀਤਾ।

ਮੰਦਰ ਵਿਚ ਹਰ ਸਮੇਂ ਲੰਗਰ ਚੱਲਦਾ ਹੈ। ਯਾਤਰੀਆਂ ਦੇ ਠਹਿਰਨ ਦਾ ਬਹੁਤ ਵਧੀਆ ਪ੍ਰਬੰਧ ਹੈ। ਯਾਤਰੀਆਂ ਦੇ ਬਨਾਰਸ ਸ਼ਹਿਰ ਵਿਚ ਤੀਰਥ ਅਸਥਾਨਾਂ ਦੇ ਦਰਸ਼ਨ ਕਰਨ ਲਈ ਇਕ ਮਿੰਨੀ ਬੱਸ ਦਾ ਪ੍ਰਬੰਧ ਕੀਤਾ। ਦੁਨੀਆਂ ਭਰ ਦੇ ਸ਼ਰਧਾਲੂ, ਜਗਿਆਸੂ, ਖੋਜ ਕਰਤਾ ਅਤੇ ਸੈਲਾਨੀ ਇਸ ਮੰਦਿਰ ਦੀ ਯਾਤਰਾ ਕਰਨ ਲਈ ਆਉਂਦੇ ਹਨ। ਮੰਦਿਰ ਦਾ ਪ੍ਰਬੰਧ ਸ੍ਰੀ ਗੁਰੂ ਰਵਿਦਾਸ ਜਨਮ ਸਥਾਨ ਪਬਲਿਕ ਚੈਰੀਟੇਬਲ ਟਰੱਸਟ (ਰਜਿ.) ਵਲੋਂ ਕੀਤਾ ਜਾਂਦਾ ਹੈ। ਟਰੱਸਟ ਵਲੋਂ ਹੀ ਲੰਕਾ ਚੌਰਾਹਾ ਵਾਰਾਨਸੀ ਵਿਖੇ 'ਸ਼੍ਰੀ ਗੁਰੂ ਰਵਿਦਾਸ ਗੇਟ' ਦੀ ਉਸਾਰੀ ਵੀ ਕਰਵਾਈ ਗਈ ਹੈ ਜਿਸ ਦਾ ਉਦਘਾਟਨ ਭਾਰਤ ਦੇ ਉਸ ਸਮੇਂ ਦੇ ਰਾਸ਼ਟਰਪਤੀ ਮਾਨਯੋਗ ਕੋਚਰਿਲ ਰਮਨ ਨਰਾਇਣਨ ਜੀ ਦੁਆਰਾ ਆਪਣੇ ਕਰ-ਕਮਲਾਂ ਨਾਲ 16 ਜੁਲਾਈ 1998 ਨੂੰ ਕੀਤਾ ਗਿਆ। ਗੇਟ ਦਾ ਉਦਘਾਟਨ ਕਰਨ ਉਪਰੰਤ ਉਹ ਗੁਰੂ ਜੀ ਨੂੰ ਸ਼ਰਧਾ ਸੁਮਨ ਭੇਟ ਕਰਨ ਲਈ ਮੰਦਿਰ ਪਧਾਰੇ ਜਿੱਥੇ ਸ੍ਰੀ ਗੁਰੂ ਰਵਿਦਾਸ ਜਨਮ ਸਥਾਨ ਪਬਲਿਕ ਚੈਰੀਟੇਬਲ ਟਰੱਸਟ (ਰਜਿ.) ਦੇ ਚੇਅਰਮੈਨ ਸ੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ, ਟਰੱਸਟ ਦੇ ਮੈਂਬਰਾਨ ਅਤੇ ਹੋਰ ਪਤਵੰਤੇ ਸੱਜਣਾ ਵਲੋਂ ਉਹਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਮੰਦਰ ਵਿਚ ਸ਼ਰਧਾ ਸੁਮਨ ਭੇਟ ਕਰਨ ਤੋਂ ਬਾਅਦ ਉਹਨਾਂ ਮੰਦਿਰ ਦੀ ਉਸਾਰੀ ਦੀ ਪਿਛੋਕੜ ਅਤੇ ਪ੍ਰਬੰਧ ਬਾਰੇ ਚਰਚਾ ਕੀਤੀ।

ਰਵਾਇਤੀ ਸ਼ਾਨੋ ਸ਼ੌਕਤ ਨਾਲ ਹਰ ਸਾਲ ਸ੍ਰੀ ਗੁਰੂ ਰਵਿਦਾਸ ਆਗਮਨ ਪੁਰਬ ਟਰੱਸਟ ਦੀ ਦੇਖ ਰੇਖ ਹੇਠ ਸ੍ਰੀ ਗੁਰੂ ਰਵਿਦਾਸ ਜਨਮ ਸਥਾਨ ਮੰਦਿਰ ਵਿਖੇ ਮਨਾਇਆ ਜਾਂਦਾ ਹੈ। ਇਸ ਪਾਵਨ ਪੁਰਬ ਦੇ ਮੌਕੇ 'ਤੇ ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਅਤੇ ਵਿਦੇਸ਼ਾਂ ਤੋਂ ਸੰਗਤਾਂ ਪੁੱਜਦੀਆਂ ਹਨ। ਟਰੱਸਟ ਵਲੋਂ ਸੰਨ 2000, 2001, 2002, 16 ਫਰਵਰੀ 2003 ਅਤੇ 6 ਫਰਵਰੀ 2004, 2005, 2006, 2007, 2008, 2009 ਨੂੰ ਸ੍ਰੀ ਗੁਰੂ ਰਵਿਦਾਸ ਪੁਰਬ 'ਤੇ ਪੰਜਾਬ ਤੋਂ ਹਜ਼ਾਰਾਂ ਸ਼ਰਧਾਲੂ ਗੁਰੂ ਧਾਮ ਦੇ ਦਰਸ਼ਨਾਂ ਨੂੰ ਲੈ ਜਾਣ ਲਈ ਰੇਲਵੇ ਵਿਭਾਗ, ਭਾਰਤ ਸਰਕਾਰ ਦੇ ਸਹਿਯੋਗ ਨਾਲ ਜਲੰਧਰ ਤੋਂ ਵਾਰਾਨਸੀ ਤੱਕ ਸਪੈਸ਼ਲ "ਬੇਗਮਪੁਰਾ ਐਕਸਪ੍ਰੈਸ" ਦੀ ਸੁਵਿਧਾ ਉਪਲਬਧ ਕੀਤੀ ਗਈ ਹੈ, ਜੋ ਨਿਰੰਤਰ ਜਾਰੀ ਰਹੇਗੀ।

625ਵੇਂ ਸ੍ਰੀ ਗੁਰੂ ਰਵਿਦਾਸ ਜਯੰਤੀ ਪੁਰਬ ਦੇ ਮੌਕੇ 'ਤੇ ਮੰਦਿਰ ਦੀ ਅਗਲੀ ਦੀਵਾਰ ਉੱਪਰ ਟਰੱਸਟ ਦੇ ਪੁਰਸ਼ਾਰਥ ਨਾਲ ਕਰੀਬ 25 ਲੱਖ ਰੁਪਏ ਦੀ ਲਾਗਤ ਨਾਲ ਮਾਰਬਲ ਲਗਾਇਆ ਗਿਆ ਅਤੇ ਮੰਦਰ ਦੇ ਸਾਰੇ ਛੋਟੇ ਵੱਡੇ ਗੁੰਬਦਾਂ ਤੇ 31 ਸੋਨੇ ਦੇ ਕਲਸ਼ ਸੁਸ਼ੋਭਿਤ ਕੀਤੇ ਗਏ ਜਿਹਨਾਂ ਦੇ ਉਦਘਾਟਨ ਅਲੱਗ-ਅਲੱਗ ਪ੍ਰਾਂਤਾ ਤੋਂ ਪਧਾਰੇ ਮਹਾਂਪੁਰਸ਼ਾਂ ਵਲੋਂ ਕੀਤੇ ਗਏ। ਸ੍ਰੀ ਗੁਰੂ ਰਵਿਦਾਸ ਜਨਮ ਸਥਾਨ ਮੰਦਿਰ ਵਾਸਤੇ ਹੁਣ ਤੱਕ 9 ਏਕੜ ਜ਼ਮੀਨ ਖ਼ਰੀਦੀ ਗਈ ਹੈ।

**ਵਿਸ਼ਾਲ ਇਮਾਰਤ ਦੀ ਉਸਾਰੀ**—ਆਸ਼ਰਮ ਵਿਖੇ ਸੰਗਤਾਂ ਦੀ ਸਹੂਲਤ ਵਾਸਤੇ ਇਕ ਵਿਸ਼ਾਲ ਇਮਾਰਤ ਦੀ ਉਸਾਰੀ ਕੀਤੀ ਗਈ। ਇਸ ਵਿਚ ਬੇਸਮੈਂਟ (6500 ਵਰਗ ਫੁੱਟ) ਸਮੇਤ ਚਾਰ ਮੰਜ਼ਿਲਾਂ ਤਿਆਰ ਕੀਤੀਆ ਜਾਣੀਆਂ ਹਨ। ਹੁਣ ਤੱਕ 11 ਕਮਰੇ ਅਤੇ ਵਰਾਡਾਂ ਅਟੈਚ ਬਾਥਰੂਮ ਵਾਲੀ 4 ਮੰਜ਼ਿਲੀ 44 ਕਮਰਿਆਂ ਵਾਲੀ ਬਿਲਡਿੰਗ ਤਿਆਰ ਹੋ ਚੁੱਕੀ ਹੈ।

**ਸਵਰਨ ਪਾਲਕੀ ਭੇਂਟ**— ਸ੍ਰੀ ਗੁਰੂ ਰਵਿਦਾਸ ਨਾਮਲੇਵਾ ਯੂਰਪ ਨਿਵਾਸੀ ਸੰਗਤਾਂ ਵਲੋਂ 23 ਫ਼ਰਵਰੀ 2008 ਈ. ਨੂੰ ਸ੍ਰੀ ਗੁਰੂ ਰਵਿਦਾਸ ਜਨਮ ਸਥਾਨ ਮੰਦਿਰ ਬਨਾਰਸ ਵਾਸਤੇ ਸਵਰਨ ਪਾਲਕੀ ਭੇਂਟ ਕੀਤੀ ਗਈ। ਜੋ 16 ਫ਼ਰਵਰੀ ਨੂੰ ਜਲੰਧਰ ਤੋਂ ਬਨਾਰਸ ਤੱਕ ਸ਼ੋਭਾ ਯਾਤਰਾ ਦੇ ਰੂਪ ਵਿਚ ਪਹੁੰਚੀ।

**ਸ਼੍ਰੀ ਗੁਰੂ ਰਵਿਦਾਸ ਜਨਮ ਸਥਾਨ ਮੰਦਿਰ ਸੀਰਗੋਵਰਧਨ ਪੁਰ ਨੂੰ 9 ਫ਼ਰਵਰੀ 2009 ਈ. ਨੂੰ ਸੋਨੇ ਵਿਚ ਮੜ੍ਹਾਉਣ ਦਾ ਕਾਰਜ ਆਰੰਭ ਕੀਤਾ ਗਿਆ।**

## ਸ਼੍ਰੀ ਗੁਰੂ ਰਵਿਦਾਸ ਜਨਮ ਸਥਾਨ ਪਬਲਿਕ ਚੈਰੀਟੇਬਲ ਟਰੱਸਟ (ਰਜਿ:) ਵਲੋਂ ਵਿਸ਼ਾਲ ਲੰਗਰ ਹਾਲ ਦੀ ਉਸਾਰੀ

ਸ਼੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੀ ਫਿਲਾਸਫੀ ਤੇ ਬਾਣੀ ਤੇ ਪ੍ਰਚਾਰ ਕਰਕੇ ਡੇਰਾ ਸੱਚ ਖੰਡ ਬੱਲਾਂ ਵਿਸ਼ਵ ਵਿਖਿਆਤ ਹੈ। ਇਹ ਆਸ਼ਰਮ ਸੇਵਾ, ਸਤਿਸੰਗ, ਸਿਮਰਨ ਦੇ ਮਾਧਿਅਮ ਤੋਂ 'ਬੇਗਮਪੁਰਾ' ਦੇ ਸੰਕਲਪ ਤੇ 'ਜੋ ਹਮ ਸਹਿਰੀ ਸੋ ਮੀਤ ਹਮਾਰਾ' ਦੀ ਅਵਸਥਾ ਦੀ ਪ੍ਰਾਪਤੀ ਵਾਸਤੇ ਉੱਦਮ ਲਈ ਪ੍ਰੇਰਨਾਂ ਦਾ ਸਰੋਤ ਹੈ। ਸ੍ਰੀ ਗੁਰੂ ਰਵਿਦਾਸ ਜਨਮ-ਸਥਾਨ ਮੰਦਰ ਸੀਰ ਗੋਵਰਧਨਪੁਰ ਵਾਰਾਨਸੀ ਉਸਾਰ ਕੇ ਜਿੱਥੇ ਗੁਰੂ ਜੀ ਦੀ ਪਾਵਨ ਯਾਦ ਵਿਚ ਇਕ ਸ਼ਾਨਦਾਰ ਸਿਮ੍ਰਤੀ ਚਿੰਨ੍ਹ ਸਥਾਪਤ ਕੀਤਾ ਹੈ, ਉੱਥੇ ਸ੍ਰੀ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਲਈ ਪਵਿੱਤਰ ਤੀਰਥ ਸਥਾਨ ਬਣ ਕੇ ਵੀ ਸਾਕਾਰ ਹੋਇਆ ਹੈ। ਇਹ ਡੇਰਾ ਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਦਾ ਸੰਦੇਸ਼ ਦੇਸ਼-ਵਿਦੇਸ਼ ਵਿਚ ਜਨ-ਜਨ ਤੱਕ ਪਹੁੰਚਾਉਣ ਲਈ ਯਤਨਸ਼ੀਲ ਹੈ।

ਇਸ ਤੀਰਥ ਸਥਾਨ ਦੀਆਂ ਸੇਵਾਵਾਂ ਦਾ ਪ੍ਰਚਾਰ ਬਹੁਤ ਹੋ ਜਾਣ ਦੇ ਸਿੱਟੇ ਵਜੋਂ ਸੰਗਤਾਂ ਦਾ ਆਉਣ ਜਾਣ ਬਹੁਤ ਵੱਧ ਗਿਆ। ਗੁਰੂ ਜੀ ਦੇ ਪਾਵਨ ਜਨਮ-ਦਿਹਾੜੇ 'ਤੇ ਤਾਂ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਆਉਣ ਲੱਗੀਆਂ। ਉਂਝ ਵੀ ਵੱਖ-ਵੱਖ ਇਲਾਕਿਆ ਤੋਂ ਇਸ ਗੁਰਧਾਮ ਦੇ ਦਰਸ਼ਨਾਂ ਲਈ ਸੰਗਤਾਂ ਰੇਲ ਗੱਡੀ, ਮੋਟਰਾਂ, ਕਾਰਾਂ, ਟਰੱਕਾਂ, ਟਰਾਲੀਆਂ ਆਦਿ ਵਿਚ ਲਗਾਤਾਰ ਆਉਂਦੀਆਂ ਰਹਿੰਦੀਆਂ ਹਨ। ਇਸ ਤੇਜ਼ੀ ਨਾਲ ਵੱਧ ਰਹੀ ਸੰਗਤ ਵਾਸਤੇ ਇਕ ਵੱਖਰੇ ਲੰਗਰ ਹਾਲ ਦੀ ਜ਼ਰੂਰਤ ਨੂੰ ਮਹਿਸੂਸ ਕੀਤਾ ਗਿਆ ਤਾਂ ਜੋ ਯਾਤਰੀਆਂ ਨੂੰ ਕੋਈ ਔਖਿਆਈ ਨਾ ਹੋਵੇ। ਇਸ ਲਈ 100 ਫੁੱਟ ਲੰਮੇ ਤੇ 65 ਫੁੱਟ ਚੌੜੇ ਲੰਗਰ ਹਾਲ ਦਾ ਨੀਂਹ ਪੱਥਰ ਮਿਤੀ 18.11.1998 ਨੂੰ ਰੱਖਿਆ ਗਿਆ। ਸ਼੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਦੀ ਆਗਿਆ ਅਨੁਸਾਰ ਸੰਤ ਸੁਰਿੰਦਰ ਦਾਸ ਜੀ (ਕਠਾਰ) ਦੀ ਨਿਗਰਾਨੀ ਅਧੀਨ ਨੀਹਾਂ ਪੁੱਟੀਆਂ ਗਈਆਂ। ਇਹ ਪਲਾਟ ਸੰਤ ਗਰੀਬ ਦਾਸ ਜੀ ਮਹਾਰਾਜ ਨੇ ਖਰੀਦਿਆ ਸੀ। ਇਸ ਲੰਗਰ ਹਾਲ ਦੀ ਸੁੰਦਰ ਇਮਾਰਤ ਦੀ ਉਸਾਰੀ 1999 ਦੇ ਅਖੀਰ ਤੱਕ ਮੁਕੰਮਲ ਹੋ ਗਈ। ਕਰੀਬ 55 ਲੱਖ ਰੁਪਏ ਦੀ ਲਾਗਤ ਨਾਲ ਬਣੇ ਲੰਗਰ ਹਾਲ ਦਾ ਉਦਘਾਟਨ ਸ੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਗੱਦੀ ਨਸ਼ੀਨ ਡੇਰਾ ਸੱਚਖੰਡ ਬੱਲਾਂ ਤੇ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਜਨਮ-ਸਥਾਨ ਪਬਲਿਕ ਚੈਰੀਟੇਬਲ ਟਰੱਸਟ (ਰਜਿ.) ਦੇ ਕਰ ਕਮਲਾਂ ਦੁਆਰਾ ਮਿਤੀ 18-2-2000 ਨੂੰ ਸਵੇਰੇ 11-30 ਵਜੇ ਗੁਰੂ ਰਵਿਦਾਸ ਜਯੰਤੀ ਪੁਰਬ 'ਤੇ ਲੱਖਾਂ ਸ਼ਰਧਾਲੂਆਂ ਦੀ ਹਾਜ਼ਰੀ ਵਿਚ ਕੀਤਾ ਗਿਆ।

ਮਿਤੀ 28-3-2001 ਨੂੰ ਸ੍ਰੀ ਗੁਰੂ ਰਵਿਦਾਸ ਜਨਮ-ਸਥਾਨ ਪਬਲਿਕ ਚੈਰੀਟੇਬਲ ਟਰੱਸਟ (ਰਜਿ.) ਦੀ ਮੀਟਿੰਗ ਵਿਚ ਸ੍ਰੀ ਗੁਰੂ ਰਵਿਦਾਸ ਜਨਮ ਸਥਾਨ ਮੰਦਰ ਸੀਰ ਗੋਵਰਧਨਪੁਰ, ਵਾਰਾਨਸੀ ਵਿਖੇ ਯਾਤਰੀਆਂ ਦੀ ਲਗਾਤਾਰ ਵਧਦੀ ਜਾ ਰਹੀ ਗਿਣਤੀ ਤੇ ਉਹਨਾਂ ਦੀ ਸੁਵਿਧਾ ਨੂੰ ਮੁੱਖ ਰੱਖਦੇ ਹੋਏ ਮੰਦਰ ਕੰਪਲੈਕਸ ਵਿਚ ਬਣੇ ਵਿਸ਼ਾਲ ਲੰਗਰ ਹਾਲ ਦੀ ਦੂਜੀ ਮੰਜ਼ਿਲ ਦੀ ਉਸਾਰੀ ਕਰਨ ਲਈ ਫੈਸਲਾ ਲਿਆ ਗਿਆ। ਇਸ ਹਾਲ ਦੀ ਉਸਾਰੀ ਦਾ ਕੰਮ ਮਈ, 2001 ਵਿਚ ਸ਼ੁਰੂ ਕੀਤਾ ਗਿਆ। ਇਸੇ ਸਮੇਂ ਪੰਜਾਬ ਤੋਂ ਵੱਡੀ ਗਿਣਤੀ ਵਿਚ ਸੇਵਾਦਾਰ ਵੀ ਮੰਦਰ ਵਿਚ ਪਹੁੰਚ ਗਏ। ਪਿੰਡ ਡੀਂਗਰੀਆਂ, ਦੋਲਕੀ, ਸੁੰਦਰ ਨਗਰ, ਅਬਾਦਪੁਰਾ (ਜਲੰਧਰ), ਮੰਨਣਾ, ਜੰਡੂ ਸਿੰਘਾ, ਸ਼ੇਖੇ, ਲਿੱਦੜਾ, ਅੰਮ੍ਰਿਤਸਰ ਤੇ ਗੁਰਦਾਸਪੁਰ ਜ਼ਿਲਿਆ ਤੋਂ ਸੇਵਾਦਾਰ ਗਏ ਸਨ। ਮਿਤੀ 22-5-2001 ਤੋਂ 30-5-2001 ਤੱਕ ਦਿਨ ਰਾਤ ਉਸਾਰੀ ਦਾ ਕੰਮ ਚਲਦਾ ਰਿਹਾ। ਸਾਰੇ ਗੁਰੂ ਪ੍ਰੇਮੀਆਂ ਨੇ ਬਹੁਤ ਸ਼ਰਧਾ, ਸਤਿਕਾਰ ਤੇ ਦਲੇਰੀ ਨਾਲ ਕੰਮ ਕੀਤਾ। ਪੰਜਾਬ ਤੋਂ ਗਏ ਸੇਵਾਦਾਰਾਂ ਨੂੰ ਸੇਵਾ ਕਰਦੇ ਜੋ ਬਨਾਰਸ ਨਿਵਾਸੀ ਦੇਖਦੇ ਹਨ, ਉਹ ਬਹੁਤ ਹੈਰਾਨ ਹੁੰਦੇ ਸਨ। ਉਹ ਕਹਿੰਦੇ, 'ਯਿਹ ਪੰਜਾਬੀ ਸੇਵਾਦਾਰ ਕਿਸ ਮਿਟੀ ਕੇ ਬਨੇ ਹੂਏ ਹੈ, ਜੋ ਦਿਨ ਰਾਤ ਇਤਨੀ ਕਠਿਨ ਸੇਵਾ ਕਰਤੇ ਹੈਂ ਔਰ ਅਕਤੇ ਥਕਤੇ ਨਹੀਂ ਹੈਂ।' ਇੰਜ ਲੱਗਦਾ ਸੀ ਕਿ ਇੰਨਾ ਵੱਡਾ ਕਾਰਜ ਬਹੁਤ ਲੰਮੇ ਸਮੇਂ ਵਿਚ ਪੂਰਾ ਹੋਵੇਗਾ। ਪ੍ਰੰਤੂ ਸਤਿਗੁਰੂ ਜੀ ਦੀ ਐਸੀ ਕਿਰਪਾ ਹੋਈ ਕਿ ਕੇਵਲ 10 ਦਿਨਾਂ ਵਿਚ ਹੀ ਹਾਲ ਕਮਰੇ ਦਾ ਲੈਂਟਰ ਪਾ ਦਿੱਤਾ ਗਿਆ। ਲੰਗਰ ਹਾਲ ਦੀ ਦੂਜੀ ਮੰਜ਼ਿਲ ਦੀ ਉਸਾਰੀ ਸੰਤ ਰਾਮਾ ਨੰਦ ਜੀ ਦੀ ਦੇਖ-ਰੇਖ ਅਧੀਨ ਹੋਈ। ਉਸਾਰੀ ਵਿਚ ਘੱਟ ਤੋਂ ਘਟ ਕੀਮਤ ਤੇ ਵਧੀਆ ਤੋਂ ਵਧੀਆ ਮਟੀਰੀਅਲ ਖਰੀਦਿਆ ਗਿਆ। ਉਪਰੰਤ ਹਾਲ ਦੀ ਤਿਆਰੀ ਕੀਤੀ ਗਈ। ਵਧੀਆ ਸਾਗਵਾਨ ਦੇ ਦਰਵਾਜ਼ੇ ਖਿੜਕੀਆਂ ਡੇਰਾ ਸੱਚਖੰਡ ਬੱਲਾਂ (ਜਲੰਧਰ) ਵਿਖੇ ਮਿਸਤਰੀ ਲਗਾ ਕੇ ਬਣਵਾਈਆ ਗਈਆਂ ਹਨ। ਲੰਗਰ ਹਾਲ ਦੀ ਉਸਾਰੀ ਮਿਸਤਰੀ ਕਰਨੈਲ ਸਿੰਘ ਅਬਾਦਪੁਰਾ, ਜਲੰਧਰ ਦੀ ਦੇਖ ਰੇਖ ਅਧੀਨ ਹੋਈ। ਲੰਗਰ ਹਾਲ ਦੀ ਦੂਜੀ ਮੰਜ਼ਿਲ ਦਾ ਉਦਘਾਟਨ ਸ੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਵਲੋਂ 26-2-2002 ਨੂੰ ਕੀਤਾ ਗਿਆ। ਅੱਜ ਸ਼ਰਧਾਲੂ ਇਸ ਵਿਸ਼ਾਲ ਹਾਲ ਦੀਆਂ ਦੋਵੇਂ ਮੰਜ਼ਿਲਾਂ ਦੀ ਸੁਵਿਧਾ ਦਾ ਆਨੰਦ ਮਾਣ ਰਹੇ ਹਨ।

ਇਹ ਵਿਸ਼ੇਸ਼ ਤੌਰ ਤੇ ਵਰਨਣਯੋਗ ਹੈ ਕਿ ਲੰਗਰ ਹਾਲ ਦੀ ਪਹਿਲੀ ਮੰਜ਼ਿਲ ਦਾ ਕੁੱਲ ਖਰਚਾ ਸ੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਡੇਰਾ ਸੱਚ ਖੰਡ ਬੱਲਾਂ ਵਲੋਂ ਕੀਤਾ ਗਿਆ। ਦੂਜੀ ਮੰਜ਼ਿਲ ਦੀ ਉਸਾਰੀ ਲਈ ਡੇਰਾ ਸੱਚਖੰਡ ਬੱਲਾਂ ਦੀ ਸ਼ਰਧਾਲੂ ਸੰਗਤ ਟਾਊਨ ਵੂਲਵਰਹੈਂਪਟਨ ਯੂ.ਕੇ. ਵਲੋਂ 8 ਲੱਖ ਰੁਪਏ ਤੇ ਬਰਮਿੰਘਮ ਸ਼ਹਿਰ ਯੂ.ਕੇ. ਦੀ ਸੰਗਤ ਵਲੋਂ 14 ਲੱਖ ਰੁਪਏ ਦਾ ਯੋਗਦਾਨ ਪਾਇਆ ਗਿਆ।

**ਸੰਤ ਸਰਵਣ ਦਾਸ ਚੈਰੀਟੇਬਲ ਹਸਪਤਾਲ, ਕੂਪੁਰ-ਢੇਪੁਰ (ਅੱਡਾ ਕਠਾਰ)**—ਡੇਰਾ ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ, ਜਲੰਧਰ, ਸੰਤ ਸਰਵਣ ਦਾਸ ਜੀ ਮਹਾਰਾਜ ਤੋਂ ਲੈ ਕੇ ਮੌਜੂਦਾ ਗੱਦੀ ਨਸ਼ੀਨ ਸ੍ਰੀ 108

ਸੰਤ ਨਿਰੰਜਣ ਦਾਸ ਜੀ ਦੀ ਸਰਪ੍ਰਸਤੀ ਹੇਠ ਸਮਾਜ ਸੇਵਾ, ਲੋਕ ਭਲਾਈ ਅਤੇ ਦੁਖੀਆਂ ਗਰੀਬਾਂ ਦੀ ਸੇਵਾ ਵਿਚ ਜੁੱਟਿਆ ਹੋਇਆ ਹੈ, ਜਿਹਨਾਂ ਵਿਚ ਸੰਤ ਸਰਵਣ ਦਾਸ ਚੈਰੀਟੇਬਲ ਹਸਪਤਾਲ ਕਠਾਰ ਦੀਆਂ ਸੇਵਾਵਾਂ ਇਕ ਮੀਲ ਪੱਥਰ ਵਜੋਂ ਜਾਣੀਆਂ ਜਾਂਦੀਆਂ ਹਨ। ਇਸ ਹਸਪਤਾਲ ਦਾ ਨੀਂਹ ਪੱਥਰ ਬ੍ਰਹਮਲੀਨ ਸ੍ਰੀ 108 ਸੰਤ ਗਰੀਬ ਦਾਸ ਜੀ ਨੇ ਆਪਣੇ ਕਰ ਕਮਲਾਂ ਨਾਲ 22 ਅਕਤੂਬਰ 1982 ਨੂੰ ਰੱਖਿਆ ਜਿਸ ਦੀ ਉਸਾਰੀ ਲਈ ਸੇਠ ਬੇਲੀ ਰਾਮ ਜੀ, ਬੀਬੀ ਪੂਰੋ, ਬੀਬੀ ਭਜਨੋ, ਸੇਠ ਰਾਜ ਮੱਲ ਅਤੇ ਕੂਪੁਰ ਦੀ ਪੰਚਾਇਤ ਵਲੋਂ ਜ਼ਮੀਨ ਦਾਨ ਕੀਤੀ ਗਈ। ਇਸ ਹਸਪਤਾਲ ਦਾ ਉਦਘਾਟਨ 1-1-1984 ਨੂੰ ਕੀਤਾ ਸੀ, ਜਿਥੋਂ ਲੱਖਾਂ ਹੀ ਰੋਗੀ ਨਾਂ-ਮਾਤਰ ਖਰਚੇ 'ਤੇ ਵਧੀਆ ਸਿਹਤ-ਸਹੂਲਤਾਂ ਦਾ ਲਾਭ ਉਠਾ ਰਹੇ ਹਨ। 200 ਬੈੱਡ ਦੇ ਇਸ ਵਿਸ਼ਾਲ ਹਸਪਤਾਲ ਵਿਚ ਸਥਾਪਿਤ ਮੈਡੀਸਨ, ਸਰਜਰੀ, ਗਾਇਨੀ, ਅੱਖਾਂ, ਦੰਦਾਂ, (E.N.T.), ਹੱਡੀਆਂ ਅਤੇ ਬੱਚਿਆਂ ਦੇ ਵਿਭਾਗ ਰਾਹੀਂ ਵੱਖ-ਵੱਖ ਬਿਮਾਰੀਆਂ ਦਾ ਸਸਤਾ ਤੇ ਵਧੀਆ ਇਲਾਜ ਕੀਤਾ ਜਾ ਰਿਹਾ ਹੈ। ਇਸ ਪਾਵਨ ਕਾਰਜ ਲਈ ਅਨੁਭਵੀ ਡਾਕਟਰਾਂ ਅਤੇ ਸਟਾਫ ਮੈਂਬਰਾਂ ਵਲੋਂ ਮਾਨਵਤਾ ਦੀ ਸੇਵਾ ਲਈ ਵਡਮੁੱਲਾ ਯੋਗਦਾਨ ਪਾਇਆ ਜਾ ਰਿਹਾ ਹੈ। ਇਸ ਹਸਪਤਾਲ ਵਿਚ ਹਰ ਮਹੀਨੇ ਤਕਰੀਬਨ 7000 ਲੋਕਾਂ ਦਾ ਓ.ਪੀ.ਡੀ. ਵਿਚ ਇਲਾਜ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਇੰਨਡੋਰ ਵਾਰਡ ਵਿਚ 200 ਬੈੱਡ ਹਨ, ਜਿਸ ਵਿਚ ਲੋਕੀਂ ਇਲਾਜ ਦਾ ਲਾਭ ਉਠਾਉਂਦੇ ਹਨ। ਪ੍ਰਾਈਵੇਟ ਕਮਰਿਆਂ ਵਿਚ ਬਹੁਤ ਚੰਗੀਆਂ ਸਹੂਲਤਾਂ ਹਨ ਤੇ ਬਹੁਤ ਹੀ ਘੱਟ ਕਿਰਾਏ ਤੇ ਯਾਨੀ 100 ਰੁਪਏ ਰੋਜ਼ਾਨਾ ਤੇ ਕਮਰੇ ਦਿੱਤੇ ਜਾਂਦੇ ਹਨ। ਹਸਪਤਾਲ ਵਿਚ ਹਰ ਮਹੀਨੇ ਤਕਰੀਬਨ 200 ਜਨਰਲ ਸਰਜਰੀ ਦੇ ਅਪ੍ਰੇਸ਼ਨ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਨਵੀਨ ਤਕਨੀਕ ਲੈਪਰੋਸਕੋਪਿਕ ਸਰਜਰੀ, ਅੱਖਾਂ ਦੀ ਸਰਜਰੀ, ਈ.ਐਨ.ਟੀ., ਦੰਦਾਂ ਅਤੇ ਔਰਥੋਪੈਡਿਕ ਸਰਜਰੀ ਵੀ ਸ਼ੁਰੂ ਕੀਤੀ ਗਈ ਹੈ। ਐਕਸਰੇ ਅਤੇ ਸਕੈਨਿੰਗ ਦਾ ਵੀ ਪ੍ਰਬੰਧ ਹੈ। ਜੋ ਗਰੀਬ ਲੋਕ ਮਹਿੰਗਾ ਇਲਾਜ ਨਹੀਂ ਕਰਾ ਸਕਦੇ, ਉਹ ਇਸ ਹਸਤਪਾਲ ਦੀਆਂ ਸੇਵਾਵਾਂ ਦਾ ਲਾਭ ਉਠਾਉਂਦੇ ਹਨ। ਇਸ ਦੇ ਨਾਲ-ਨਾਲ ਹੁਣ ਮੱਧ ਵਰਗ ਦੇ ਲੋਕ ਵੀ ਹਸਪਤਾਲ ਵਿਚ ਹੋ ਰਹੇ ਵਧੀਆ ਤੇ ਮਿਆਰੀ ਇਲਾਜ ਨੂੰ ਦੇਖਦੇ ਹੋਏ ਬਹੁਤ ਗਿਣਤੀ ਵਿਚ ਆਉਣਾ ਸ਼ੁਰੂ ਹੋ ਗਏ ਹਨ।

ਸਮਾਜ ਨੂੰ ਬੇਹਤਰ ਸੇਵਾ ਦੇਣ ਵਾਸਤੇ ਇਸ ਹਸਪਤਾਲ ਵਿਖੇ ਤਕਰੀਬਨ 75,00,000/- ਰੁਪਏ ਦੀ ਲਾਗਤ ਨਾਲ ਇਕ ਨਵਾਂ ਬਲਾਕ ਤਿਆਰ ਕੀਤਾ ਗਿਆ ਹੈ, ਜਿਸ ਵਿਚ ਐਮਰਜੈਂਸੀ ਵਿਭਾਗ, ਆਈ.ਸੀ.ਯੂ. ਵਿਭਾਗ, ਇਕ ਵੱਡਾ ਜਨਰਲ ਵਿਭਾਗ, 10 ਪ੍ਰਾਈਵੇਟ ਰੂਮ, ਇਕ ਵੱਡੀ ਕੰਟੀਨ ਅਤੇ ਰੋਗੀਆਂ ਲਈ ਅਟੈਂਨਡੈਂਟਸ (ਦੇਖਭਾਲ) ਲਈ ਵੱਡਾ ਵਿਸ਼ਰਾਮ ਹਾਲ ਬਣਾਇਆ ਗਿਆ ਹੈ। ਨਵੇਂ ਬਲਾਕ ਵਿਚ ਉਸਾਰੇ ਗਏ ਵਾਰਡ ਅਤੇ 10 ਪ੍ਰਾਈਵੇਟ ਰੂਮ ਦੇ ਉੱਪਰ ਦੂਜੀ ਮੰਜ਼ਿਲ ਦੇ 10 ਹੋਰ ਪ੍ਰਾਈਵੇਟ ਰੂਮ ਅਤੇ 2 ਵਾਰਡ ਦੀ ਉਸਾਰੀ ਦਾ ਕੰਮ ਪੂਰਾ ਕੀਤਾ ਗਿਆ ਹੈ। ਇਸ ਨਾਲ ਹਸਪਤਾਲ ਦਾ ਘੇਰਾ ਹੋਰ ਜ਼ਿਆਦਾ ਵਿਸ਼ਾਲ ਹੋ ਗਿਆ ਹੈ। ਇਸ ਬਿਲਡਿੰਗ ਦਾ ਉਦਘਾਟਨ ਸ੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਦੇ ਪਾਵਨ ਕਰ-ਕਮਲਾਂ ਨਾਲ ਹਜ਼ਾਰਾਂ ਸ਼ਰਧਾਲੂਆਂ ਦੀ ਹਾਜ਼ਰੀ ਵਿਚ ਮਿਤੀ 7-2-2003 ਨੂੰ ਕੀਤਾ ਗਿਆ। ਇਹ ਸਾਰੀਆਂ ਸੇਵਾਵਾਂ ਸ੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਦੀ ਸਰਪ੍ਰਸਤੀ ਵਿਚ ਦੇਸ਼ ਅਤੇ ਵਿਦੇਸ਼ ਦੀਆਂ ਸੰਗਤਾਂ ਦੇ ਯੋਗਦਾਨ ਸਦਕਾ ਨਿਭਾਈਆਂ ਜਾ ਰਹੀਆਂ ਹਨ।

ਇਸ ਹਸਪਤਾਲ ਵਿਖੇ ਹੱਡੀਆਂ ਦੇ ਅਪ੍ਰੇਸ਼ਨ ਲਈ ਨਵਾਂ ਅਪ੍ਰੇਸ਼ਨ ਥੀਏਟਰ ਖੋਲ੍ਹਿਆ ਗਿਆ ਹੈ।

ਇਸ ਹਸਪਤਾਲ ਦਾ ਪ੍ਰਬੰਧ ਸੰਤ ਸਰਵਣ ਦਾਸ ਚੈਰੀਟੇਬਲ ਹਸਪਤਾਲ ਟਰੱਸਟ ਵਲੋਂ ਕੀਤਾ ਜਾਂਦਾ ਹੈ। ਸੰਤ ਨਿਰੰਜਣ ਦਾਸ ਜੀ ਟਰੱਸਟ ਦੇ ਚੇਅਰਮੈਨ ਹਨ।

**ਸੰਤ ਸਰਵਣ ਦਾਸ ਮੈਮੋਰੀਅਲ ਅੱਖਾਂ ਦਾ ਹਸਪਤਾਲ—**ਅੱਖਾਂ ਸਰੀਰ ਦਾ ਇਕ ਬਹੁਤ ਜ਼ਰੂਰੀ ਅੰਗ ਹਨ। ਇਹਨਾਂ ਦੀ ਸਲਾਮਤੀ ਵੀ ਬਹੁਤ ਜ਼ਰੂਰੀ ਹੈ। ਅੱਖਾਂ ਦੇ ਰੋਗੀਆਂ ਦੇ ਇਲਾਜ ਵਾਸਤੇ ਉਪਰੋਕਤ ਹਸਪਤਾਲ ਡੇਰਾ ਸੱਚਖੰਡ ਬੱਲਾਂ ਦੇ ਪਾਸ ਨਹਿਰ ਦੇ ਕਿਨਾਰੇ ਉਸਾਰੀ ਅਧੀਨ ਹੈ। ਇਸ ਦੀ ਸੇਵਾ ਮਹਾਨ ਸੇਵਾਦਾਰ ਸ੍ਰੀ ਸਵਰਨ ਦਾਸ ਬੰਗੜ ਅਤੇ ਬੀਬੀ ਰੇਸ਼ਮ ਕੌਰ ਬੰਗੜ ਪਰਿਵਾਰ ਨੇ ਇਕ ਕਰੋੜ ਇਕ ਹਜ਼ਾਰ ਇਕ ਸੌ ਗਿਆਰਾਂ ਦੀ ਸੇਵਾ ਪਾਈ ਹੈ। ਇਸ ਹਸਪਤਾਲ ਦਾ ਨੀਂਹ ਪੱਥਰ ਸ੍ਰੀ 108 ਸੰਤ ਨਿਰੰਜਣ ਦਾਸ ਜੀ ਨੇ ਆਪਣੇ ਕਰ ਕਮਲਾਂ ਨਾਲ ਮਿਤੀ 10-11-2004 ਦਿਨ ਬੁੱਧਵਾਰ ਨੂੰ ਸੰਤ ਸਮਾਜ ਅਤੇ ਸੰਗਤਾਂ ਦੀ ਹਾਜ਼ਰੀ ਵਿਚ ਰੱਖਿਆ। ਯਾਦ ਰਹੇ ਕਿ ਇਸ ਮਹਾਨ ਪਰਿਵਾਰ ਵਲੋਂ 1977 ਤੋਂ ਲੈ ਕਿ ਅੱਜ ਤੱਕ ਹਰ ਸਾਲ ਬ੍ਰਹਮ ਗਿਆਨੀ ਬ੍ਰਹਮਲੀਨ ਸੰਤ ਸਰਵਣ ਦਾਸ ਜੀ ਦੀ ਪਾਵਨ ਯਾਦ ਵਿਚ ਅੱਖਾਂ ਦਾ ਫਰੀ (ਮੁਫਤ) ਕੈਂਪ ਲਗਾਇਆ ਜਾਂਦਾ ਹੈ। ਇਸੇ ਹੀ ਪਰਿਵਾਰ ਨੇ ਸ੍ਰੀ ਗੁਰੂ ਰਵਿਦਾਸ ਸਤਿਸੰਗ ਭਵਨ ਵਾਸਤੇ ਢਾਈ ਏਕੜ ਜ਼ਮੀਨ ਤੇ ਇਕ ਲੱਖ ਰੁ. ਵੀ ਦਾਨ ਕੀਤਾ ਹੈ। ਇਸ ਹਸਪਤਾਲ ਵਾਸਤੇ ਗੁਰੂ ਘਰ ਦੇ ਕਈ ਪ੍ਰੇਮੀਆਂ ਨੇ ਵੀ ਤਨ, ਮਨ, ਧਨ ਨਾਲ ਸੇਵਾ ਕੀਤੀ ਹੈ। ਇਸ ਹਸਪਤਾਲ ਦਾ ਸ਼ੁੱਭ ਉਦਘਾਟਨ 15 ਫ਼ਰਵਰੀ 2007 ਈ. ਨੂੰ ਬ੍ਰਹਮਲੀਨ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੇ ਪਾਵਨ ਆਗਮਨ ਪੁਰਬ ਦੇ ਅਵਸਰ 'ਤੇ ਕੀਤਾ ਗਿਆ।

(3) ਸੰਤ ਸਰਵਣ ਦਾਸ ਮਾਡਲ ਸਕੂਲ (ਸੰਤ ਸਰਵਣ ਦਾਸ ਨਗਰ) ਫਗਵਾੜਾ—ਅਗਿਆਨਤਾ ਆਪਣੇ ਆਪ 'ਚ ਹੀ ਇਕ ਬਹੁਤ ਵੱਡਾ ਸਰਾਪ ਹੈ। ਇਸ ਤੋਂ ਮੁਕਤ ਹੋ ਕੇ ਮਨੁੱਖੀ ਜੀਵਨ ਦੇ ਵਿਕਾਸ ਦੇ ਦਰਵਾਜ਼ੇ ਆਪਣੇ ਆਪ ਹੀ ਖੁੱਲ੍ਹ ਜਾਂਦੇ ਹਨ। ਅਗਿਆਨਤਾ ਕਾਰਨ ਮਨੁੱਖੀ ਜੀਵਨ ਦਾ ਵਿਕਾਸ ਨਹੀਂ ਹੁੰਦਾ। ਸਾਹਿਬੇ ਕਮਾਲ ਸ਼੍ਰੀ ਗੁਰੂ ਰਵਿਦਾਸ ਮਹਾਰਾਜ

ਜੀ, ਇਸ ਗੱਲ ਦੀ ਸ਼ਾਹਦੀ ਆਪਣੀ ਬਾਣੀ ਵਿਚ ਭਰਦੇ ਹੋਏ ਫ਼ਰਮਾਉਂਦੇ ਹਨ—

**ਮਾਧਉ ਅਬਿਦਿਆ ਹਿਤ ਕੀਨ ਬਿਬੇਕ ਦੀਪ ਮਲੀਨ ॥**

ਸਤਿਗੁਰੂ ਸਵਾਮੀ ਸਰਵਣ ਦਾਸ ਜੀ ਤੋਂ ਲੈ ਕੇ ਇਸੇ ਵਿਚਾਰਧਾਰਾ ਤੇ ਡੇਰਾ ਸੱਚਖੰਡ ਬੱਲਾਂ ਦੇ ਸਮੇਂ-ਸਮੇਂ ਦੇ ਗੱਦੀ ਨਸ਼ੀਨ ਮਹਾਂਪੁਰਸ਼ਾਂ ਨੇ ਪਹਿਰਾ ਦਿੰਦੇ ਹੋਏ, ਸਮਾਜ ਦੇ ਲੋਕਾਂ ਨੂੰ ਨਾ ਸਿਰਫ ਵਿੱਦਿਆ ਗ੍ਰਹਿਣ ਕਰਨ ਦੀ ਪ੍ਰੇਰਨਾ ਹੀ ਦਿੱਤੀ, ਸਗੋਂ ਵਿੱਦਿਅਕ ਅਦਾਰੇ ਖੋਲ੍ਹਣ ਲਈ ਆਪਣਾ ਵਡਮੁੱਲਾ ਯੋਗਦਾਨ ਵੀ ਪਾਇਆ। ਇਸੇ ਹੀ ਲੜੀ ਵਿਚ ਮਿਤੀ 16 ਅਪ੍ਰੈਲ 2002 ਨੂੰ ਸੰਤ ਸਰਵਣ ਦਾਸ ਨਗਰ, ਫਗਵਾੜਾ ਵਿਖੇ ਸ੍ਰੀ ਗੁਰੂ ਰਵਿਦਾਸ ਮੰਦਰ ਕੰਪਲੈਕਸ ਵਿਖੇ ***'ਸੰਤ ਸਰਵਣ ਦਾਸ ਮਾਡਲ ਸਕੂਲ'*** ਦਾ ਨੀਂਹ ਪੱਥਰ ਰੱਖ ਕੇ ਸੰਤ ਨਿਰੰਜਣ ਦਾਸ ਜੀ ਮਹਾਰਾਜ ਨੇ ਉਹਨਾਂ ਦੀ ਵਿਚਾਰਧਾਰਾ ਤੇ ਫੁੱਲ ਚੜ੍ਹਾਉਂਦੇ ਹੋਏ ਵਿੱਦਿਅਕ ਖੇਤਰ ਵਿਚ ਇਕ ਮੀਲ ਪੱਥਰ ਸਥਾਪਿਤ ਕੀਤਾ ਹੈ। ਸੰਤ ਸਰਵਣ ਦਾਸ ਮਾਡਲ ਸਕੂਲ ਦਾ ਉਦਘਾਟਨ ਮਿਤੀ 19-2-2004 ਨੂੰ ਸੰਤ ਨਿਰੰਜਣ ਦਾਸ ਜੀ ਮਹਾਰਾਜ ਦੇ ਕਰ ਕਮਲਾਂ ਦੁਆਰਾ ਕੀਤਾ ਗਿਆ। ਵਿਦਿਅਕ ਸੈਸ਼ਨ (2004-2005) ਪੜ੍ਹਾਈ ਦੀ ਸ਼ੁਰੂਆਤ ਹੋ ਚੁੱਕੀ ਹੈ। ਸਕੂਲ ਪਾਸ ਲਗਭਗ 26 ਕਨਾਲ ਜ਼ਮੀਨ ਹੈ। ਇਸ ਵਿਚ ਕੁੱਲ 38 ਕਮਰੇ ਹਨ। ਇਹ ਸਾਰੀ ਜ਼ਮੀਨ ਗੁਰੂ ਘਰ ਦੇ ਅਨਿੰਨ ਸ਼ਰਧਾਲੂ ਸ੍ਰੀ ਬ੍ਰਿਜ ਲਾਲ ਤੇ ਜੀਵਨ ਸਾਥੀ ਬੀਬੀ ਗੁਰਦੇਵ ਕੌਰ ਪਰਿਵਾਰ ਵਲੋਂ ਦਾਨ ਕੀਤੀ ਗਈ ਹੈ। 33 ਕਮਰੇ ਕਲਾਸ ਰੂਮ 20×24 ਫੁੱਟ ਦੇ ਹਨ। ਛੇ ਕਮਰੇ 32×20 ਫੁੱਟ, 4 ਹਾਲ ਕਮਰੇ 32×45 ਫੁੱਟ, 8 ਕਮਰੇ 12×14 ਫੁੱਟ, ਇਕ ਪ੍ਰਬੰਧਕੀ ਬਲਾਕ 40×40 ਫੁੱਟ, ਡਬਲ ਕੌਰੀ ਡੌਰ, ਬੱਚਿਆਂ ਦੀ ਸਹੂਲਤ ਵਾਸਤੇ 5 ਬੱਸਾਂ ਹਨ। ਇਹ ਸਕੂਲ ਸੀ.ਬੀ.ਐਸ.ਈ. ਤੋਂ ਮਾਨਤਾ ਪ੍ਰਾਪਤ ਹੈ। ਇਥੇ ਪੂਰਨ ਇੰਗਲਿਸ਼ ਮੀਡੀਅਮ ਹੈ। ਇੱਥੇ ਮੈਡੀਕਲ, ਨਾਨਮੈਡੀਕਲ +1, +2 ਦੀਆਂ ਕਲਾਸਾਂ ਸ਼ੁਰੂ ਹੋ ਚੁੱਕੀਆਂ ਹਨ। ਲਗਭਗ ਦੋ ਕਰੋੜ ਤੋਂ ਵੱਧ ਦੀ ਲਾਗਤ ਨਾਲ ਇਹ ਸਕੂਲ ਤਿਆਰ ਹੋਇਆ ਹੈ।

## ਸ਼੍ਰੀ ਗੁਰੂ ਰਵਿਦਾਸ ਮੰਦਰ (ਸੰਤ ਸਰਵਣ ਦਾਸ ਨਗਰ)

ਜਿਸ ਕੰਪਲੈਕਸ ਵਿਚ ਉਪਰੋਕਤ ਸਕੂਲ ਦੀ ਉਸਾਰੀ ਹੋਈ ਹੈ ਉਹ ਵੀ ਨਿਰਮਾਣ ਪੱਖੋ ਮੁਕੰਮਲ ਹੈ। ਇਸ ਸੱਤ ਮੰਜਲੇ ਮੰਦਿਰ ਦਾ ਲੰਗਰ ਹਾਲ, ਸਤਿਸੰਗ ਹਾਲ ਅਤੇ 11 ਕਮਰੇ ਬਣ ਚੁੱਕੇ ਹਨ। ਗੁੰਬਦ ਤੇ ਮਾਰਬਲ ਲੱਗ ਚੁੱਕਾ ਹੈ। ਲੰਗਰ ਹਾਲ ਵੀ ਮੁਕੰਮਲ ਹੋ ਚੁੱਕਾ ਹੈ। ਇਮਾਰਤ ਦੀ ਤਿਆਰੀ ਹੋ ਚੁੱਕੀ ਹੈ। ਮੰਦਿਰ ਉਸਾਰੀ ਤੇ ਹੁਣ ਤੱਕ ਡੇਢ ਕਰੋੜ ਰੁਪਏ ਦੇ ਕਰੀਬ ਖਰਚ ਆ ਚੁੱਕਾ ਹੈ। ਮੰਦਿਰ ਕੰਪਲੈਕਸ (ਸਮੇਤ ਸਕੂਲ) ਵਾਸਤੇ 18 ਕਨਾਲ 6 ਮਰਲੇ ਜ਼ਮੀਨ ਸ੍ਰੀ ਨਾਜ਼ਰ ਰਾਮ ਬੀਬੀ ਸਵਰਨੀ ਤੇ ਉਹਨਾਂ ਦੇ ਸਪੁੱਤਰ ਬ੍ਰਿਜ ਲਾਲ ਅਤੇ ਉਸਦੀ ਸੁਪਤਨੀ ਬੀਬੀ ਦੇਬੋ ਵਾਸੀ ਬਰਮਿੰਘਮ ਯੂ.ਕੇ. ਅਤੇ ਸ੍ਰੀ ਕਰਤਾਰ ਚੰਦ, ਬੀਬੀ ਗੇਜੋ ਦੇਵੀ ਤੇ ਉਹਨਾਂ ਦੇ ਸਪੁੱਤਰ ਸ੍ਰੀ ਦੇਸ ਰਾਜ ਤੇ ਉਸਦੀ ਸੁਪਤਨੀ ਬੀਬੀ ਕਮਲੇਸ਼ ਕੌਰ ਵਾਸੀ ਮਾਡਲ ਹਾਊਸ, ਫਗਵਾੜਾ ਵਲੋਂ ਸ੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਨੂੰ ਦਾਨ ਕੀਤੀ ਗਈ ਹੈ। ਸ਼੍ਰੀ ਗੁਰੂ ਰਵਿਦਾਸ ਮੰਦਿਰ, ਸੰਤ ਸਰਵਣ ਦਾਸ ਨਗਰ, ਫਗਵਾੜਾ ਪੂਰਨ ਰੂਪ ਵਿਚ ਤਿਆਰ ਹੋ ਚੁੱਕਾ ਹੈ। ਇਸ ਮੰਦਿਰ ਉਪਰ ਦੋ ਸੋਨੇ ਦੇ ਕਲਸ਼ ਸੁਸ਼ੋਭਿਤ ਹਨ। ਇਸ ਦਾ ਉਦਘਾਟਨ ਸ੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਵਲੋਂ 19 ਫਰਵਰੀ 2004 ਨੂੰ ਕੀਤਾ ਗਿਆ। ਉਦਘਾਟਨੀ ਰਸਮ ਸਮੇਂ ਆਪ ਜੀ ਨੂੰ ਇਕ ਕਿਲੋ ਸੋਨੇ ਦੀ ਚਾਬੀ ਸਹਿਤ ਇਹ ਮੰਦਿਰ ਪ੍ਰਮਾਰਥੀ ਸੇਵਾ ਲਈ ਅਰਪਿਤ ਕੀਤਾ ਗਿਆ। ਇਸ ਸਮੇਂ ਇਕ ਸ਼ੋਭਾ ਯਾਤਰਾ ਦਾ ਪ੍ਰਬੰਧ ਵੀ ਕੀਤਾ ਗਿਆ ਸੀ। ਇਸ ਮੌਕੇ ਸ੍ਰੀ 108 ਸੰਤ ਨਿਰੰਜਣ ਦਾਸ ਜੀ ਨੂੰ ਟਾਟਾ ਸੁਮਾਰੀ ਭੇਂਟ ਕੀਤੀ ਗਈ। ਦੋਨ੍ਹਾਂ ਪਰਿਵਾਰਾਂ, ਸ੍ਰੀ ਬ੍ਰਿਜ ਲਾਲ/ਬੀਬੀ ਦੇਬੋ ਜੀ ਅਤੇ ਸ੍ਰੀ ਦੇਸ ਰਾਜ/ਬੀਬੀ ਕਮਲੇਸ਼ ਜੀ ਨੂੰ ਗੁਰੂ ਘਰ ਵਲੋਂ 'ਹਰਿ' ਦੇ ਨਿਸ਼ਾਨ ਵਾਲੀਆਂ ਸੋਨੇ ਦੀਆਂ ਚੇਨੀਆਂ ਨਾਲ ਸਨਮਾਨਿਤ ਕੀਤਾ ਗਿਆ। ਇਸ ਮੰਦਿਰ ਵਿਖੇ ਗੁਰਬਾਣੀ ਦੇ ਕੀਰਤਨ ਚਲਦੇ ਰਹਿੰਦੇ ਹਨ। ਹਰ ਸਮੇਂ ਸ੍ਰੀ ਗੁਰੂ ਰਵਿਦਾਸ ਬਾਣੀ ਦਾ ਪ੍ਰਚਾਰ ਹੁੰਦਾ ਰਹਿੰਦਾ ਹੈ।

## ਤਪ ਅਸਥਾਨ ਬਾਬਾ ਪਿੱਪਲ ਦਾਸ ਮਹਾਰਾਜ ਜੀ ਅਤੇ ਜਨਮ ਸਥਲੀ ਸਤਿਗੁਰੂ ਸਵਾਮੀ ਸਰਵਣ ਦਾਸ ਜੀ (ਗਿਲਪੱਤੀ ਬਠਿੰਡਾ)

ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਦਾ ਆਗਮਨ 15 ਫ਼ਰਵਰੀ 1895 ਈ. ਨੂੰ ਪਿੰਡ ਗਿਲਪੱਤੀ, ਜ਼ਿਲ੍ਹਾ ਬਠਿੰਡਾ ਵਿਖੇ ਹੋਇਆ। ਇਸ ਅਸਥਾਨ 'ਤੇ ਬਾਬਾ ਪਿੱਪਲ ਦਾਸ ਜੀ ਮਹਾਰਾਜ ਨੇ ਤਪ ਕੀਤਾ ਅਤੇ ਸਵਾਮੀ ਸਰਵਣ ਦਾਸ ਜੀ ਦਾ ਇੱਥੇ ਆਗਮਨ ਹੋਇਆ। ਗਿਲਪੱਤੀ ਪਿੰਡ ਦੇ ਕਰੀਬ ਡੇਢ ਕਿਲੋਮੀਟਰ ਦੂਰ ਪਿੰਡ ਨਾਈਆਂਵਾਲਾ ਰੋਡ 'ਤੇ ਨਹਿਰ ਦੇ ਕਿਨਾਰੇ ਬਾਬਾ ਜੀ ਦੀ ਜ਼ਮੀਨ ਸੀ ਜਿੱਥੇ ਬਾਬਾ ਜੀ ਖੇਤੀ ਦਾ ਕਾਰਜ ਕਰਦੇ ਸਨ। ਜਿੱਥੇ ਬਾਬਾ ਜੀ ਦੁਆਰਾ ਲਗਾਇਆ ਬੇਰੀ ਦਾ ਪਾਵਨ ਦਰਖ਼ਤ ਮੌਜੂਦ ਹੈ। ਇਹ ਜ਼ਮੀਨ ਸਵਰਗਵਾਸੀ ਚਰਨ ਸਿੰਘ ਅਤੇ ਉਨ੍ਹਾਂ ਦੀ ਸੁਪਤਨੀ ਬੀਬੀ ਧਰਮ ਕੌਰ ਜੀ ਅਤੇ ਉਨ੍ਹਾਂ ਦੇ ਪਰਿਵਾਰ ਵਲੋਂ ਡੇਰਾ ਸੱਚਖੰਡ ਬੱਲਾਂ ਨੂੰ ਭੇਂਟ ਕਰ ਦਿੱਤੀ ਗਈ। ਹੁਣ ਇੱਥੇ ਆਸ਼ਰਮ ਦਾ ਨਿਰਮਾਣ ਕੀਤਾ ਗਿਆ ਹੈ। 30×30 ਦਾ ਕਮਰਾ, ਜਿਸ ਵਿਚ ਬਾਬਾ ਪਿੱਪਲ ਦਾਸ ਜੀ ਦੀ ਪਾਵਨ ਮੂਰਤੀ ਸਥਾਪਤ ਕੀਤੀ ਗਈ ਹੈ। ਤਿੰਨ ਹੋਰ ਕਮਰੇ ਅਤੇ 100 ਫੁੱਟ ਲੰਮੀ ਸ਼ੈੱਡ ਬਣਾਈ ਗਈ ਹੈ। ਇਹ ਅਸਥਾਨ ਬੇਰੀ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੈ।

## ਸ਼੍ਰੀ ਗੁਰੂ ਰਵਿਦਾਸ ਮੰਦਿਰ ਸਿਰਸਗੜ੍ਹ

**(ਹਰਿਆਣਾ)** ਜਗਤ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਦੇ ਪ੍ਰਚਾਰ ਵਾਸਤੇ ਤਨੋ, ਮਨੋ, ਧਨੋ ਸਮਰਪਿਤ ਡੇਰਾ ਸੰਤ ਸਰਵਣ ਦਾਸ ਜੀ, ਇਕ ਐਸਾ ਰੂਹਾਨੀ ਤੇ ਪ੍ਰਮਾਰਥੀ ਕੇਂਦਰ ਹੈ ਜਿਸ ਦੀ ਸੇਵਾ ਤੋਂ ਸਮੂਹ ਜਗਤ ਭਲੀ ਭਾਂਤ ਜਾਣੂ ਹੈ। ਡੇਰੇ ਦੇ ਮਹਾਂਪੁਰਸ਼ ਸੰਤ ਬਾਬਾ ਪਿੱਪਲ ਦਾਸ ਜੀ, ਸੰਤ ਸਵਾਮੀ ਸਰਵਣ ਦਾਸ ਜੀ ਮਹਾਰਾਜ, ਸੰਤ ਹਰੀ ਦਾਸ ਜੀ ਮਹਾਰਾਜ, ਸੰਤ ਗਰੀਬ ਦਾਸ ਜੀ ਮਹਾਰਾਜ ਨੇ ਨਿਰ ਸਵਾਰਥ ਭਾਵਨਾ ਨਾਲ ਸੰਗਤਾਂ ਦੀ ਸੇਵਾ ਵਿਚ ਮਘਨ ਰਹੇ ਹਨ ਇਸੇ ਕਰਕੇ ਸਮੂਹ ਭਾਰਤ ਤਾਂ ਕੀ? ਸੰਸਾਰ ਭਰ ਅੰਦਰ ਡੇਰਾ ਸੱਚਖੰਡ ਬੱਲਾਂ ਦੇ ਮਹਾਂਪੁਰਸ਼ਾਂ ਨੂੰ, ਸੰਗਤਾਂ ਬੇਨਤੀਆਂ ਕਰਦੀਆਂ ਹਨ ਕਿ ਮਹਾਰਾਜ ਜੀ ਸਾਡੇ ਖੇਤਰ ਵਿਚ ਵੀ ਗੁਰੂ ਰਵਿਦਾਸ ਮਿਸ਼ਨ ਕੇਂਦਰ ਸਥਾਪਿਤ ਕਰੋ ਜੀ। ਇਸੇ ਕਰਕੇ, ਰਾਜਸਥਾਨ, ਉੱਤਰ ਪ੍ਰਦੇਸ਼, ਮਹਾਂਰਾਸ਼ਟਰ, ਹਿਮਾਚਲ, ਪੰਜਾਬ ਦੇ ਨਾਲ-ਨਾਲ ਅੱਜ ਹਰਿਆਣਾ ਵਿਖੇ ਅੰਬਾਲਾ ਤੋਂ ਜਗਾਧਰੀ ਜੀ.ਟੀ. ਰੋਡ ਉੱਤੇ 28 ਕਿ. ਮੀ. ਦੂਰੀ ਤੇ ਸਿਰਸਗੜ੍ਹ (ਨੇੜੇ ਦੁਸੜਕਾ) ਵਿਖੇ, ਸ੍ਰੀ ਗੁਰੂ ਰਵਿਦਾਸ ਮੰਦਿਰ ਦੀ ਉਸਾਰੀ ਚਲ ਰਹੀ ਹੈ। ਜਿਸ ਦਾ ਨੀਂਹ ਪੱਥਰ ਸ਼੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਵਲੋਂ ਆਪਣੇ ਕਰ ਕਮਲਾਂ ਨਾਲ ਮਿਤੀ 31-8-2004 ਨੂੰ ਰੱਖਿਆ ਗਿਆ। ਹੁਣ ਤੱਕ 40×114 ਫੁੱਟ ਦੀ ਦੋ ਮੰਜ਼ਿਲਾਂ ਉਸਾਰੀ ਹੋ ਚੁੱਕੀ ਹੈ। ਇਸ ਕਾਰਜ ਵਾਸਤੇ ਮਾਨਯੋਗ ਸ੍ਰੀ ਗੁਰਬਖਸ਼ ਸਿੰਘ ਰਿਟਾ.(ਆਈ.ਐਫ.ਐਸ.) ਬੀਬੀ ਰਾਜ ਰਾਣੀ ਤੇ ਪਰਿਵਾਰ ਨੇ 4 ਏਕੜ 17 ਮਰਲੇ ਜ਼ਮੀਨ ਦਾਨ ਕੀਤੀ ਹੈ। ਇਸ ਮੰਦਿਰ ਵਿਖੇ 100×80 ਫੁੱਟ ਦਾ ਵਿਸ਼ਾਲ ਸ੍ਰੀ ਗੁਰੂ ਰਵਿਦਾਸ ਸਤਿਸੰਗ ਭਵਨ ਬਣ ਚੁੱਕਾ ਹੈ।

### ਸ਼੍ਰੀ ਗੁਰੂ ਰਵਿਦਾਸ ਮੰਦਰ ਕਾਤਰਜ ਪੂਨਾ (ਮਹਾਂਰਾਸ਼ਟਰ)

ਮਹਾਂਰਾਸ਼ਟਰ ਦੀ ਪਾਵਨ ਧਰਤੀ ਉੱਤੇ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਪਾਵਨ ਮਿਸ਼ਨ ਤੇ ਪ੍ਰਚਾਰ ਤੇ ਪ੍ਰਸਾਰ ਵਾਸਤੇ, ਇਕ ਬਹੁਤ ਹੀ ਵਿਸ਼ਾਲ ਮੰਦਿਰ ਕਾਤਰਜ ਕੁੰਡਵਾ ਸ਼ੋਲਾਪੁਰ ਰੋਡ (ਪੂਨਾ) ਵਿਖੇ ਇਕ ਪਹਾੜੀ ’ਤੇ ਉਸਾਰੀ ਅਧੀਨ ਹੈ। ਇਸ ਪਾਵਨ ਕਾਰਜ ਵਾਸਤੇ ਸ੍ਰੀ ਸੁਖਦੇਵ ਬਾਘਮਾਰੇ ਤੇ ਬੀਬੀ ਰਾਧਾ ਦੇ ਪਰਿਵਾਰ ਵਲੋਂ ਦੋ ਏਕੜ ਜ਼ਮੀਨ ਦਾਨ ਕੀਤੀ ਗਈ ਹੈ। ਇਸ ਮੰਦਿਰ ਦਾ ਨੀਂਹ ਪੱਥਰ ਸ੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਵਲੋਂ ਸਮੂਹ ਸੰਤ ਸਮਾਜ ਤੇ ਸੰਗਤ ਦੀ ਹਾਜ਼ਰੀ ਸਮੇਂ ਮਿਤੀ 7-12-2003 ਨੂੰ ਰੱਖਿਆ ਗਿਆ। ਯਾਦ ਰੱਖਣਯੋਗ ਹੈ ਕਿ ਸੇਠ ਬਾਘਮਾਰੇ ਪਰਿਵਾਰ ਨੇ ਆਪਣੇ ਵਿਸ਼ਾਲ ਘਰ ਵਿਚ ਪਹਿਲਾਂ ਹੀ ਸ੍ਰੀ ਗੁਰੂ ਰਵਿਦਾਸ ਮੰਦਿਰ ਅਤੇ ਸ੍ਰੀ ਗੁਰੂ ਰਵਿਦਾਸ ਹਸਪਤਾਲ ਬਣਾਇਆ ਹੋਇਆ ਹੈ। ਸ੍ਰੀ ਸੁਖਦੇਵ ਬਾਘਮਾਰੇ ਜੀ ਨੇ ਕਈ ਪਿੰਡਾਂ ਵਿਚ ਗੁਰੂ ਰਵਿਦਾਸ ਜੀ ਦੇ ਪਾਵਨ ਸਰੂਪ ਸਥਾਪਿਤ ਕਰਵਾਏ ਹਨ। ਸ੍ਰੀ ਗੁਰੂ ਰਵਿਦਾਸ ਮੰਦਿਰ ਕਟਰਾਸ ਪੂਨਾ ਵਾਸਤੇ ਸ੍ਰੀ ਚਮਨ ਲਾਲ ਕਰੋਟਾਣੇ, ਮੋਹਨ ਲਾਲ ਕਰੋਟਾਣੇ, ਮਦਨ ਨਾਲ ਕਰੋਟਾਣੇ ਅਤੇ ਸੁਰਜੀਤ ਸਿੰਘ ਜੀ ਇਸ ਪ੍ਰਮਾਰਥੀ ਕਾਰਜ ਵਾਸਤੇ ਬਹੁਤ ਯਤਨਸ਼ੀਲ ਹਨ। ਇਸ ਮੰਦਿਰ ਵਿਖੇ 85×35 ਫੁੱਟ ਦਾ ਵਿਸ਼ਾਲ ਦੋ ਮੰਜ਼ਿਲੀ ਗੁਰੂ ਰਵਿਦਾਸ ਮੰਦਿਰ ਬਣ ਚੁੱਕਾ ਹੈ। ਇਸ ਦੇ ਨਾਲ ਹੀ ਸ਼੍ਰੀ ਸੁਖਦੇਵ ਬਾਗ਼ਮਾਰੇ ਜੀ ਵਲੋਂ ਸ੍ਰੀ ਗੁਰੂ ਰਵਿਦਾਸ ਗੇਟ ਅਤੇ ਸ੍ਰੀ ਗੁਰੂ ਰਵਿਦਾਸ ਸਤੰਭ ਦਾ ਨਿਰਮਾਣ ਕੀਤਾ ਗਿਆ ਹੈ।

### ‘ਬੇਗਮਪੁਰਾ ਸ਼ਹਿਰ’ (ਹਫ਼ਤਾਵਾਰੀ ਪੱਤ੍ਰਕਾ) - ਤਿੰਨ ਭਾਸ਼ਾਈ

ਇਹ ਪੱਤ੍ਰਿਕਾ ਬ੍ਰਹਮਲੀਨ ਸ਼੍ਰੀ 108 ਸੰਤ ਗਰੀਬ ਦਾਸ ਜੀ ਵਲੋਂ 1991 ਵਿਚ ਆਰੰਭ ਕੀਤੀ ਗਈ ਸੀ। ਬ੍ਰਹਮਲੀਨ ਸ਼੍ਰੀ 108 ਸੰਤ ਗਰੀਬ ਦਾਸ ਮਹਾਰਾਜ ਬੜੇ ਦੂਰ-ਅੰਦੇਸ਼ੀ ਮਹਾਂਪੁਰਸ਼ ਸਨ। ਆਪ ਇਸ ਗੱਲ ਤੋਂ ਭਲੀ-ਭਾਂਤ ਜਾਣੂ ਸਨ ਕਿ ਅਖਬਾਰਾਂ ਦੀ ਸਮਾਜ ਵਿਚ ਚੇਤੰਨਤਾ ਪੈਦਾ ਕਰਨ ਲਈ ਬਹੁਤ ਵੱਡੀ ਭੂਮਿਕਾ ਹੈ। ਉਹਨਾਂ ਦੇ ਪੁਰਸ਼ਾਰਥ ਸਦਕਾ ਹੀ ਪਿਛਲੇ 13 ਸਾਲਾਂ ਤੋਂ ਇਹ ਅਖ਼ਬਾਰ ਨਿਰਵਿਘਨ ਛਪ ਰਹੀ ਹੈ। ਅੱਜ ਇਹ ਅਖਬਾਰ ਮੌਜੂਦਾ ਗੱਦੀ ਨਸ਼ੀਨ ਸ਼੍ਰੀ 108 ਸੰਤ ਨਿਰੰਜਣ ਦਾਸ ਜੀ ਦੀ ਸਰਪ੍ਰਸਤੀ ਹੇਠ ਅਤੇ ਅਖਬਾਰ ਦੇ ਮੁੱਖ ਸੰਪਾਦਕ ਮਹਾਨ ਵਿਦਵਾਨ ਸ਼੍ਰੀਮਾਨ ਸੰਤ ਰਾਮਾ ਨੰਦ ਜੀ ਦੀ ਯੋਗ ਅਗਵਾਈ ਅਤੇ ਅਦਾਰਾ ਬੇਗਮਪੁਰਾ ਸਟਾਫ਼ ਦੀ ਲਗਨ ਸਦਕਾ, ਸਮਾਜ ਦੇ ਲੋਕਾਂ ਵਿਚ ਆਪਣੀ ਵਿੱਲਖਣ ਪਛਾਣ ਕਾਇਮ ਕਰ ਚੁੱਕੀ ਹੈ। ਇਸ ਪੱਤ੍ਰਿਕਾ ਦੀਆਂ ਪ੍ਰਾਪਤੀਆਂ ਨੂੰ ਵੇਖਦੇ ਹੋਏ, ਇਸ ਦੇ ਮੁੱਖ ਸੰਪਾਦਕ ਸ਼੍ਰੀ 108 ਸੰਤ ਰਾਮਾ ਨੰਦ ਜੀ ਨੂੰ, ਭਾਰਤੀ ਦਲਿਤ ਸਾਹਿਤ ਅਕਾਦਮੀ ਵਲੋਂ ਨੈਸ਼ਨਲ ਐਵਾਰਡ ਨਾਲ 10 ਦਸੰਬਰ 2004 ਨੂੰ ਤਾਲਕਟੋਰਾ ਸਟੇਡੀਅਮ ਨਵੀਂ ਦਿੱਲੀ ਵਿਖੇ ਸਨਮਾਨਿਤ ਕੀਤਾ ਗਿਆ।

### ਸ਼੍ਰੀ ਗੁਰੂ ਰਵਿਦਾਸ ਸਤਿਸੰਗ ਭਵਨ, ਡੇਰਾ ਸੱਚਖੰਡ ਬੱਲਾਂ

ਡੇਰਾ ਸੱਚਖੰਡ ਬੱਲਾਂ ਦੇ ਮਹਾਂਪੁਰਸ਼ਾਂ, ਬ੍ਰਹਮਲੀਨ ਸਤਿਗੁਰੂ ਬਾਬਾ ਪਿੱਪਲ ਦਾਸ ਜੀ ਮਹਾਰਾਜ, ਬ੍ਰਹਮਲੀਨ ਸ਼੍ਰੀ 108 ਸੰਤ ਸਰਵਣ ਦਾਸ ਜੀ ਮਹਾਰਾਜ, ਬ੍ਰਹਮਲੀਨ ਸ਼੍ਰੀ 108 ਸੰਤ ਹਰੀ ਦਾਸ ਜੀ ਮਹਾਰਾਜ, ਬ੍ਰਹਮਲੀਨ ਸ਼੍ਰੀ 108 ਸੰਤ ਗਰੀਬ ਦਾਸ ਜੀ ਮਹਾਰਾਜ ਅਤੇ ਮੌਜੂਦਾ ਗੱਦੀ ਨਸ਼ੀਨ ਸ਼੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਵਲੋਂ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਅੰਮ੍ਰਿਤ ਬਾਣੀ ਤੇ ਵਿਚਾਰਧਾਰਾ ਦਾ ਪਹਿਲਾਂ ਤੋਂ ਹੀ ਭਰਪੂਰ ਪ੍ਰਚਾਰ

ਕੀਤਾ ਜਾਂਦਾ ਰਿਹਾ ਹੈ। ਉਹਨਾਂ ਦੀ ਅਧਿਆਤਮਿਕ ਸ਼ਕਤੀ, ਪਵਿੱਤਰਤਾ, ਸੱਚਾਈ ਅਤੇ ਸਮਾਜ ਸੁਧਾਰਕ ਦ੍ਰਿਸ਼ਟੀਕੋਣ ਨੂੰ ਮੁੱਖ ਰੱਖਦੇ ਹੋਏ ਉਹਨਾਂ ਦੇ ਸ਼ਰਧਾਲੂਆਂ ਦੀ ਗਿਣਤੀ ਬਹੁਤ ਤੇਜ਼ੀ ਨਾਲ ਵਧ ਰਹੀ ਹੈ। ਇਸ ਲਈ ਸੰਗਤ ਦੀ ਪੁਰਜ਼ੋਰ ਬੇਨਤੀ ਤੇ ਸ੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਵਲੋਂ ਇਕ ਵਿਸ਼ਾਲ 'ਸ੍ਰੀ ਗੁਰੂ ਰਵਿਦਾਸ ਸਤਿਸੰਗ ਭਵਨ' ਦਾ ਨੀਂਹ ਪੱਥਰ 12 ਮਾਰਚ 2000 ਨੂੰ ਹਜ਼ਾਰਾਂ ਸ਼ਰਧਾਲੂਆਂ ਦੀ ਹਾਜ਼ਰੀ ਵਿਚ ਰੱਖਿਆ ਗਿਆ। ਬਸ ਉਸੇ ਦਿਨ ਤੋਂ ਸ਼ਰਧਾਲੂਆਂ ਵਿਚ ਇਸ ਭਵਨ ਦੀ ਉਸਾਰੀ ਦਾ ਬਹੁਤ ਉਤਸ਼ਾਹ ਹੈ। ਇਹ ਭਵਨ 220 ਫੁੱਟ ਲੰਬਾ ਤੇ 180 ਫੁੱਟ ਚੌੜਾ ਹੈ। ਚਾਰੇ ਪਾਸੇ ਹੀ ਵਰਾਂਡਾ ਹੈ। ਹਜ਼ਾਰਾਂ ਸ਼ਰਧਾਲੂਆਂ ਵਿਚ ਇੰਨਾ ਜੋਸ਼ ਤੇ ਲਗਨ ਸੀ ਕਿ ਉਹਨਾਂ ਵਲੋਂ ਇਸ ਵਿਸ਼ਾਲ ਭਵਨ ਦੀਆਂ ਨੀਹਾਂ ਇੱਕ ਦਿਨ ਵਿਚ ਹੀ ਪੁੱਟ ਦਿੱਤੀਆਂ ਗਈਆਂ ਸਨ। ਸਤਿਸੰਗ ਭਵਨ ਦੀ ਉਸਾਰੀ ਲਈ ਢਾਈ ਏਕੜ ਜ਼ਮੀਨ ਸ੍ਰੀ ਸਵਰਨ ਦਾਸ ਬੰਗੜ ਬੱਲਾਂ (ਯੂ.ਕੇ.) ਅਤੇ ਉਹਨਾਂ ਦੀ ਜੀਵਨ ਸਾਥੀ ਬੀਬੀ ਰੇਸ਼ਮ ਕੌਰ ਜੀ ਤੇ ਉਹਨਾਂ ਦੇ ਪਰਿਵਾਰ ਵਲੋਂ ਡੇਰੇ ਨੂੰ ਦਾਨ ਦਿੱਤੀ ਗਈ ਸੀ।

ਭਵਨ ਦੀ ਉਸਾਰੀ ਬਹੁਤ ਤੇਜ਼ੀ ਨਾਲ ਕੀਤੀ ਗਈ ਹੈ। ਲਗਭਗ 300 ਪਿੰਡਾਂ ਵਿਚੋਂ ਚਾਰ ਪੰਜ ਪਿੰਡਾਂ ਦੇ ਡੇਢ ਦੋ ਸੌ ਸ਼ਰਧਾਲੂ ਭਵਨ ਦੀ ਉਸਾਰੀ ਦੀ ਸੇਵਾ ਵਾਸਤੇ ਹਰ ਰੋਜ਼ ਡੇਰੇ ਵਿਖੇ ਪਧਾਰਦੇ ਅਤੇ ਉਸਾਰੀ ਵਿਚ ਸੇਵਾ ਕਰਦੇ ਸਨ। ਸ਼ਰਧਾਲੂਆਂ ਦੀ ਸੇਵਾ ਤੇ ਸ਼ਰਧਾ ਭਾਵਨਾ ਨੂੰ ਦੇਖ ਕੇ ਸ੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਸ਼ਰਧਾਲੂਆਂ ਦੀ ਪ੍ਰਸ਼ੰਸਾ ਕਰਦੇ ਅਤੇ ਆਸ਼ੀਰਵਾਦ ਦਿੰਦੇ ਸਨ। ਸੰਤ ਰਾਮਾ ਨੰਦ ਜੀ ਤਾਂ ਕਈ ਵਾਰ ਸੰਗਤ ਦੀ ਸ਼ਰਧਾ ਤੇ ਉਤਸ਼ਾਹ ਵੇਖ ਕੇ ਬਿਹਬਲ ਹੋ ਉਠਦੇ ਸਨ ਤੇ ਆਪ ਵੀ ਸੰਗਤ ਦੇ ਨਾਲ ਭਵਨ ਦੀ ਉਸਾਰੀ ਦੀ ਸੇਵਾ ਵਿਚ ਲੱਗ ਜਾਂਦੇ ਸਨ। ਇਸ ਨਾਲ ਸੰਗਤਾਂ ਨੂੰ ਹੋਰ ਵੀ ਉਤਸ਼ਾਹ ਮਿਲਦਾ ਸੀ। ਸਿੱਟੇ ਵਜੋਂ ਥੋੜ੍ਹੇ ਸਮੇਂ ਵਿੱਚ ਹੀ ਇਸ ਵਿਸ਼ਾਲ ਭਵਨ ਦੀ ਸਮੁੱਚੀ ਉਸਾਰੀ ਹੋ ਚੁੱਕੀ ਹੈ। ਵਰਾਡਾਂ, ਗੈਲਰੀ, ਵਿਸ਼ਾਲ ਗੇਟ, ਪੌੜੀਆਂ, ਚੌਹਾਂ ਕੋਨਿਆਂ ਤੇ 16 ਫੁੱਟ ਉੱਚੇ ਗੁੰਬਦ ਅਤੇ ਮੁੱਖ ਗੇਟ 'ਤੇ 20 ਫੁੱਟ ਉੱਚਾ ਵੱਡਾ ਗੁੰਬਦ ਭਵਨ ਦੀ ਸ਼ੋਭਾ ਨੂੰ ਵਧਾ ਰਹੇ ਹਨ। ਇੰਨੇ ਵੱਡੇ ਭਵਨ ਦੀ ਛੱਤ ਦੇ ਆਰਕ-ਨੁਮਾ 5 ਭਾਗ ਹਨ ਜਿਨ੍ਹਾਂ ਦਾ ਭਾਰ ਆਰ.ਸੀ.ਸੀ. ਤੇ ਸਰੀਏ ਦੀ ਮਜ਼ਬੂਤ ਸ਼ਤੀਰਾਂ ਤੇ ਹੈ। ਇੰਨੇ ਵੱਡੇ ਭਵਨ ਦੀ ਛੱਤ ਦਾ ਭਾਰ ਬਾਹਰੀ ਦੀਵਾਰਾਂ ਅਤੇ 8 ਕੇਂਦਰੀ ਪਿੱਲਰਾਂ ਤੇ ਹੀ ਹੈ। 20 ਫੁੱਟ ਚੌੜੀ ਤੇ 80 ਫੁੱਟ ਲੰਬੀ ਪੱਕੀ ਸਟੇਜ ਵੀ ਬਣਾ ਦਿੱਤੀ ਗਈ ਹੈ। ਪੱਕੀ ਸਟੇਜ ਦੇ ਹੇਠਾਂ ਬੇਸਮੈਂਟ ਵਿਚ ਕਮਰੇ ਬਣਾਏ ਗਏ ਹਨ। ਸਤਿਸੰਗ ਭਵਨ ਦੀ ਛੱਤ ਦੇ ਉੱਪਰ ਚਿੱਟੇ ਰੰਗ ਦੀਆਂ ਟਾਈਲਾਂ ਲਗਾਈਆਂ ਜਾ ਚੁੱਕੀਆਂ ਹਨ। ਇਸ ਉਪਰੰਤ ਲੱਕੜ, ਸ਼ੀਸ਼ੇ, ਮਾਰਬਲ, ਫਰਸ਼ ਦਾ ਕੰਮ ਕੀਤਾ ਜਾ ਰਿਹਾ ਹੈ। ਮੇਨ-ਗੇਟ ਦੇ ਹੇਠਾਂ 134 ਫੁੱਟ ਲੰਬਾ ਤੇ 30 ਫੁੱਟ ਚੌੜਾ ਜੋੜਾ ਘਰ ਬੇਸਮੈਂਟ ਵਿਚ ਤਿਆਰ ਕੀਤਾ ਗਿਆ ਹੈ। ਸ੍ਰੀ ਗੁਰੂ ਰਵਿਦਾਸ ਸਤਿਸੰਗ ਭਵਨ ਦਾ ਪ੍ਰਚਾਰ ਦੇਸ਼-ਵਿਦੇਸ਼ ਵਿਚ ਹੋ ਚੁੱਕਾ ਹੈ। ਇਸ ਦੇ ਦਰਸ਼ਨ ਕਰ ਵਾਸਤੇ ਦੇਸ਼-ਵਿਦੇਸ਼ ਤੋਂ ਸੰਗਤਾਂ ਆਉਂਦੀਆਂ ਹਨ। ਇਸ ਦੀ ਉਸਾਰੀ ਮੁਕੰਮਲ ਹੋ ਚੁੱਕੀ ਹੈ। ਤਿਆਰੀ ਚਲ ਰਹੀ ਹੈ। ਦਰਸ਼ਨੀ-ਡਿਉਢੀ ਤੇ ਮੁੱਖ ਗੁਬੰਦ ਤੋਂ ਇਲਾਵਾ ਚੌਹਾਂ ਕੋਨਿਆ ਵਿਚ ਗੁਬੰਦਾਂ ਉਤੇ ਸੋਨੇ ਦੇ ਕਲਸ਼ ਚੜ੍ਹਾਏ ਗਏ ਹਨ। ਜਿਹਨਾਂ ਤੋਂ ਪੜਦਾ ਹਟਾਉਣ ਦੀ ਰਸਮ ਮਾਘੀ ਦੇ ਪਾਵਨ ਅਵਸਰ ਤੇ ਮਿਤੀ 14-1-2004 ਨੂੰ ਕੀਤੀ ਗਈ ਸੀ। 14 ਫ਼ਰਵਰੀ 2007 ਨੂੰ ਸਤਿਗੁਰੂ ਰਵਿਦਾਸ ਨਾਮਲੇਵਾ ਬਰਮਿੰਘਮ ਸੰਗਤਾਂ ਵਲੋਂ ਸਵਰਨ ਪਾਲਕੀ ਭੇਂਟ ਕੀਤੀ ਗਈ ਜਿਸ ਨੂੰ ਸ੍ਰੀ ਗੁਰੂ ਰਵਿਦਾਸ ਮੰਦਿਰ ਫ਼ਗਵਾੜਾ ਤੋਂ ਡੇਰਾ ਸੱਚਖੰਡ ਬੱਲਾਂ ਤੱਕ ਸ਼ੋਭਾ ਯਾਤਰਾ ਦੇ ਰੂਪ ਵਿਚ ਲਿਆਂਦਾ ਗਿਆ। ਇਸ ਵਿਸ਼ਾਲ ਭਵਨ 'ਤੇ 7 ਸਰਵਨ ਕਲਸ ਸੁਭਾਏਮਾਨ ਹੋਏ ਹਨ। ਇਸ ਭਵਨ ਦਾ ਸ਼ੁਭ ਉਦਘਾਟਨ 15 ਫ਼ਰਵਰੀ 2007 ਈ. ਨੂੰ ਬ੍ਰਹਮਲੀਨ ਸਤਿਗੁਰੂ ਸਵਾਮੀ ਸਰਵਣ ਦਾਸ ਜੀ ਦੇ ਆਗਮਨ ਪੁਰਬ 'ਤੇ ਸੰਤ ਨਿਰੰਜਨ ਦਾਸ ਜੀ ਮਹਾਰਾਜ ਵਲੋਂ ਕੀਤਾ ਗਿਆ। ਇਹ ਸਤਿਸੰਗ ਭਵਨ ਵਿਲੱਖਣ ਕਿਸਮ ਦਾ ਹੈ ਜਿਸ ਦੇ ਦਰਸ਼ਨ ਕਰਨ ਲਈ ਸੰਗਤਾਂ ਦੇਸ਼ਾਂ-ਵਿਦੇਸ਼ਾਂ ਵਿਚੋਂ ਆਉਂਦੀਆਂ ਹਨ।

## ਦੂਰਦਰਸ਼ਨ ਤੋਂ ਅੰਮ੍ਰਿਤ ਬਾਣੀ
## ਸ਼੍ਰੀ ਗੁਰੂ ਰਵਿਦਾਸ ਜੀ ਪ੍ਰੋਗਰਾਮ

ਡੇਰਾ ਸੱਚਖੰਡ ਬੱਲਾਂ ਦੇ ਮਹਾਨ ਮਹਾਂਪੁਰਸ਼ਾਂ ਵਲੋਂ ਦੂਰਦਰਸ਼ਨ ਦੇ ਰਾਸ਼ਟਰੀ ਚੈਨਲ ਜਲੰਧਰ ਤੋਂ ਗੁਰੂ ਰਵਿਦਾਸ ਮਹਾਰਾਜ ਜੀ ਦੀ ਅੰਮ੍ਰਿਤ ਬਾਣੀ ਨੂੰ ਦੇਸ਼ ਵਿਦੇਸ਼ ਵਿਚ ਪ੍ਰੇਮੀਆਂ ਵਾਸਤੇ ਪ੍ਰਸਾਰਿਤ ਕਰ ਰਹੇ ਹਨ। ਇਸ ਪ੍ਰੋਗਰਾਮ ਵਿਚ ਸ਼੍ਰੀ 108 ਸੰਤ ਰਾਮਾ ਨੰਦ ਜੀ ਗੁਰਬਾਣੀ ਦੀ ਵਿਆਖਿਆ ਕਰਦੇ ਹਨ। ਪ੍ਰਸਿੱਧ ਕੀਰਤਨੀ ਜੱਥੇ ਗੁਰਬਾਣੀ ਗਾਇਨ ਕਰਦੇ ਹਨ। ਇਹ ਪ੍ਰੋਗਰਾਮ ਪਹਿਲਾਂ ਡੀ.ਡੀ. ਪੰਜਾਬੀ ਤੇ ਅੱਧੇ ਘੰਟੇ ਵਾਸਤੇ ਆਇਆ ਕਰਦਾ ਸੀ। ਪ੍ਰੰਤੂ ਇਹ ਪ੍ਰੋਗਰਾਮ ਡੀ.ਡੀ. ਨੈਸ਼ਨਲ (ਜਲੰਧਰ) ਤੋਂ ਹਰ ਮੰਗਲਵਾਰ ਸ਼ਾਮ 4.30 ਤੋਂ 5 : 00 ਵਜੇ ਤੱਕ ਅਤੇ ਡੀ.ਡੀ. ਪੰਜਾਬੀ ਤੇ ਹਰ ਬੁੱਧਵਾਰ ਸਵੇਰੇ 6.30 : ਤੋਂ 7 : 00 ਵਜੇ ਤੱਕ ਸਵੇਰੇ ਪ੍ਰਸਾਰਿਤ ਕੀਤਾ ਜਾਂਦਾ ਹੈ।

**ਡੇਰੇ ਦਾ ਮੁੱਖ ਸਮਾਗਮ**—ਮਾਘੀ ਦਾ ਸਮਾਗਮ, ਬ੍ਰਹਮਲੀਨ ਸੰਤ ਹਰੀ ਦਾਸ ਜੀ ਦੀ ਯਾਦ 6 ਫਰਵਰੀ ਨੂੰ ਡੇਰਾ ਬੱਲਾਂ ਵਿਖੇ ਅਤੇ ਸੰਤ ਹਰੀ ਦਾਸ ਮਾਨਵ ਏਕਤਾ ਸੰਤ ਸੰਮੇਲਨ—ਸੰਤ ਸਰਵਣ ਦਾਸ ਚੈਰੀਟੇਬਲ ਹਸਪਤਾਲ ਕੂਪੁਰ-ਢੇਪੁਰ ਅੱਡਾ ਕਠਾਰ ਵਿਖੇ (7 ਫਰਵਰੀ), ਬ੍ਰਹਮਲੀਨ ਸੰਤ ਸਰਵਣ ਦਾਸ ਜੀ ਦਾ ਬਰਸੀ ਸਮਾਗਮ (11 ਜੂਨ), ਸੰਤ ਗਰੀਬ ਦਾਸ ਜੀ ਦਾ ਬਰਸੀ

ਸਮਾਗਮ (23 ਜੁਲਾਈ)।

ਇਸ ਤੋਂ ਇਲਾਵਾ ਵਿਸਾਖੀ ਦਾ ਪੁਰਬ ਵੀ ਮਨਾਇਆ ਜਾਂਦਾ ਹੈ। ਪਹਿਲੇ ਨਵਰਾਤੇ ਨੂੰ ਬਾਬਾ ਪਿੱਪਲ ਦਾਸ ਜੀ ਦਾ ਜੋਤੀ ਜੋਤਿ ਪੁਰਬ ਮਨਾਇਆ ਜਾਂਦਾ ਹੈ ਅਤੇ ਨਿਸ਼ਾਨ ਸਾਹਿਬ ਝੁਲਾਏ ਜਾਂਦੇ ਹਨ। ਹਰ ਐਤਵਾਰ ਅਤੇ ਸੰਗਰਾਂਦ ਨੂੰ ਵਿਸ਼ੇਸ਼ ਸਤਿਸੰਗ ਦਾ ਆਯੋਜਨ ਕੀਤਾ ਜਾਂਦਾ ਹੈ।

ਡੇਰਾ ਸੱਚਖੰਡ ਬੱਲਾਂ ਉਪਰੋਕਤ ਵਰਣਿਤ ਧਾਰਮਿਕ ਤੇ ਸਮਾਜਿਕ ਗਤੀਵਿਧੀਆਂ ਕਰਕੇ ਦੱਬੇ-ਕੁਚਲੇ ਵਰਗ ਦੀ ਭਲਾਈ ਲਈ ਯਤਨਸ਼ੀਲ ਹੈ। ਇਸ ਪਾਵਨ ਕਾਰਜ ਵਿਚ ਬ੍ਰਹਮਲੀਨ 108 ਸੰਤ ਰਾਮਾ ਨੰਦ ਜੀ ਦਾ ਤੇ ਸਮੂਹ ਸੰਗਤ ਦਾ ਸਹਿਯੋਗ ਸਲਾਹੁਣਯੋਗ ਹੈ।

## ਡੇਰਾ ਸੰਤ ਸਰਵਣ ਦਾਸ ਮਹਾਰਾਜ ਜੀ ਸੱਚਖੰਡ ਬੱਲਾਂ ਵਲੋਂ ਗੋਲਡ-ਮੈਡਲ ਨਾਲ ਨਿਵਾਜੇ ਗਏ ਕਵੀ, ਲੇਖਕ, ਬੁੱਧੀਜੀਵੀ ਅਤੇ ਸਮਾਜ ਸੇਵੀ

1. ਸ਼੍ਰੀ ਚਰਨ ਸਿੰਘ ਸਫਰੀ
2. ਸ਼੍ਰੀ ਭਗਤ ਰਾਮ ਦੀਵਾਨਾ
3. ਸ਼੍ਰੀ ਅਮਰਨਾਥ ਕੌਸਤਵ
4. ਸ਼੍ਰੀ ਕਾਂਸ਼ੀ ਰਾਮ ਕਲੇਰ
5. ਸ਼੍ਰੀ ਕਰਮ ਚੰਦ ਪ੍ਰੇਮੀ
6. ਸ੍ਰੀ ਸੰਤੋਖ ਲਾਲ ਵਿਰਦੀ
7. ਬੀਬੀ ਬੰਸੋ ਦੇਵੀ
8. ਡਾ. ਕ੍ਰਿਸ਼ਨਾ ਕਲਸੀਆ
9. ਪ੍ਰੋ. ਗੁਰਨਾਮ ਸਿੰਘ ਮੁਕਤਸਰ
10. ਪ੍ਰਿੰਸੀਪਲ ਸਤਪਾਲ ਜੱਸੀ
11. ਸ਼੍ਰੀ ਚੈਨ ਰਾਮ ਸੁੰਮਨ
12. ਡਾ. ਕੁਲਵੰਤ ਕੌਰ, ਪਟਿਆਲਾ
13. ਡਾ. ਜਸਵੀਰ ਸਿੰਘ ਸਾਬਰ
14. ਸ੍ਰੀ ਸੁਖਦੇਵ ਬਾਘਮਾਰੇ, ਮਹਾਂਰਾਸ਼ਟਰ
15. ਸ਼੍ਰੀ ਸੋਹਣ ਸਹਿਜਲ
16. ਸ਼੍ਰੀ ਮੋਹਣ ਬੰਗੜ
17. ਸ਼੍ਰੀ ਸੋਮਨਾਥ ਭਾਰਤੀ
18. ਸ਼੍ਰੀ ਅਜੀਤ ਕੁਮਾਰ ਕੰਵਲ
19. ਡਾ: ਧਰਮਪਾਲ ਸਿੰਗਲ
20. ਸ਼੍ਰੀ ਸਤਪਾਲ ਸਾਹਲੋਂ
21. ਸ਼੍ਰੀ ਗੁਰਮੁੱਖ ਰੰਧਾਵਾ
22. ਬੀਬੀ ਰੰਜਨਾ
23. ਆਰ. ਪੀ. ਸ਼ਾਸ਼ਤਰੀ
24. ਸ਼੍ਰੀ ਮੇਬੀ ਭੱਟੀ
25. ਪੂਨਮ ਮਹਿਤਾ
26. ਸ਼੍ਰੀ ਵਿਜੈ ਕਪੂਰ
27. ਸ਼੍ਰੀ ਲਲਿਤ
28. ਮਾਸਟਰ ਸਲੀਮ
29. ਸ਼੍ਰੀ ਚੰਨ ਗੁਰਾਇਆਂ ਵਾਲੇ
30. ਭਾਈ ਪਰਮਜੀਤ ਸਿੰਘ
31. ਭਾਈ ਹਰਪਾਲ ਸਿੰਘ
32. ਭਾਈ ਦਰਸ਼ਨ ਸਿੰਘ ਅਮਨ
33. ਭਾਈ ਮਨਿੰਦਰ ਸਿੰਘ
34. ਸ਼੍ਰੀ ਬ੍ਰਿਜ ਲਾਲ
35. ਬੀਬੀ ਗੁਰਦੇਵ ਕੌਰ
36. ਸ਼੍ਰੀ ਦੇਸ ਰਾਜ
37. ਬੀਬੀ ਕਮਲੇਸ਼ ਕੌਰ
38. ਸ਼੍ਰੀ ਸਵਰਨ ਦਾਸ ਬੰਗੜ
39. ਸ਼੍ਰੀ ਪਰਮਜੀਤ ਪਾਰਸ
40. ਸ਼੍ਰੀ ਦਰਸ਼ਨ ਕੁਮਾਰ (ਟੀ. ਸੀਰਜ਼)
41. ਸ਼੍ਰੀ ਰੱਤੂ ਰੰਧਾਵੇ ਵਾਲਾ
42. ਸ਼੍ਰੀ ਵੀ. ਟੀ. ਰਾਜਸ਼ੇਕਰ (ਸੰਪਾਦਕ ਦਲਿਤ ਵਾਇਸ)
43. ਸ਼੍ਰੀਮਤੀ ਕੇ. ਕੇ. ਸਿੱਧੂ
44. ਸ਼੍ਰੀ ਸੋਹਨਪਾਲ ਸੁਮਨਾਕਸ਼ਰ
45. ਸ਼੍ਰੀ ਬਗੀਚਾ ਸਿੰਘ

# ਤਤਕਰਾ


| | | |
|---|---|---|
| 1 | qhl mhl mhl qhl Aqr ksw | 2 |
| 2 | mrl sgiq pc sc idn rwql ] | 4 |
| 3 | bgmprw shr k nwa ] | 5 |
| 4 | Gt AvGt fgr Gxw iek inrgx bl hmwr ] | 8 |
| 5 | kp BirE js dwidrw kC ds ibds n bJ ] | 10 |
| 6 | sqjig sq qqw jgl dAwpir pjwcwr ] | 13 |
| 7 | img mln iBg pqg kcr ek dK ibnws ] | 17 |
| 8 | sq qJl qn sgiq pwn ] | 19 |
| 9 | qm cdn hm ierf bwpr sig qmwr bwsw ] | 21 |
| 10 | khw BieE ja qn BieE iCn iCn ] | 23 |
| 11 | hir hir hir hir hirhirhir | 25 |
| 12 | mwtl k pqrw ks ncq h ] | 28 |
| 13 | dD q bCr Qnh ibtwirE ] | 29 |
| 14 | jb hm hq qb q nwhl qb qhl m nwhl ] | 32 |
| 15 | ha hm bwD mh Pws hm pm bDin qm bwD ] | 36 |
| 16 | dlB jnm pn Pl pwieE ibrQw jwq Aibbk ] | 37 |
| 17 | sK swgr srqr icqwmin kwmDn bis jw k ] | 38 |
| 18 | ja qm igirvr qa hm mrw ] | 42 |
| 19 | jl kl Blliq pvn kw QBw rkq bd kw gwrw ] | 44 |
| 20 | cmr tw gwiT n jnel ] | 46 |
| 21 | hm sir dln dieAwl n qm sir | 48 |
| 22 | icq ismrn kra nn Aivlkn | 49 |
| 23 | nwm qr Awrql mhn mrwr ] | 51 |
| 24 | nwQ kCA n jwna ] | 53 |
| 25 | sh kl swr shwgin jwn ] | 55 |
| 26 | j idn Awvih s idn jwhl ] | 58 |
| 27 | ac mdr swl rsel ] | 61 |
| 28 | dwird diK sB k hs Asl dsw hmwrl ] | 63 |
| 29 | ijh kl swD bsn hie ] | 65 |
| 30 | mkd mkd jph sswr ] | 67 |
| 31 | j Eh ATsiT qlrQ nwv ] | 70 |
| 32 | pVIA gnlA nwm sB snlA AnBa Bwa n drs ] | 72 |
| 33 | Asl lwl qJ kan kr ] | 74 |
| 34 | sK swgr sirqr icqwmin kwmDn bis jw k r ] | 75 |
| 35 | Kt krm kl sjgq h hir Bgiq ihrd nwih ] | 77 |
| 36 | ibn dK apj nhl Asw ] | 87 |
| 37 | qJih sJqw kC nwih ] | 90 |

| | | |
|---|---|---|
| 38 | ngr jnl mrl jiq ibiKAq cmr ] | 93 |
| 39 | hir jpq qa jn pdm kvlspiq .. | 95 |
| 40 | imlq ipAr pn nQ kvn Bgiq q ] | 98 |
| 41 | Slk - hir s hlr Cif k .. | 100 |
| 42 | prc rm rm j kel .. | 101 |
| 43 | Ab m hirE r Bel [ | 103 |
| 44 | gie gie Ab k kih ga | 105 |
| 45 | rm jn hal n Bgq kha sv kr n ds ] | 106 |
| 46 | Ab mrl bVl r Bel qq cVl lk bVel ] | 108 |
| 47 | Bel r ! Bm Bgiq sjin ] | 110 |
| 48 | jX qm krin ksv Aqir ilv lgl ] | 111 |
| 49 | AXl h AXl dv qm srn [ | 113 |
| 50 | Bel r rm khl h mih bqv ] | 114 |
| 51 | As kC AnBl khq n Av ] | 115 |
| 52 | pfq ! AiKl iKl nhl k kih gal ] | 116 |
| 53 | nrhir ccl h miq mrl ks Bgiq kr ml qrl ] | 118 |
| 54 | qb rm nm kih gvg ] | 119 |
| 55 | sq Ainn Bgiq Xh nhl [ | 120 |
| 56 | Bgql Asl snh r Bel [ | 122 |
| 57 | Ab kC mrm ibcr h hir [ | 123 |
| 58 | nrhir pgtis n h pgtis n h | 124 |
| 59 | ija qm krn ksv llc ijv lg [ | 126 |
| 60 | gibd Bjl ibAiD Apr [ | 128 |
| 61 | Ag md hv rhX prikriq n jel ] | 129 |
| 62 | iDg iDg jlvx rj rm ibn ] | 130 |
| 63 | qr jn kh k bl [ | 131 |
| 64 | Asl Bgiq n hie r Bel [ | 133 |
| 65 | h sb Aqm sK prks sc [ | 135 |
| 66 | ka smrn dKl X sb Epll cB ] | 136 |
| 67 | pihl phr rix d bixjirA ... | 137 |
| 68 | X rm ek q dn qr Aid BK n [ | 141 |
| 69 | ksv ivkt mX qr qq ibkl giq mr ] | 142 |
| 70 | rmih pj kh cVal ] | 143 |
| 71 | brij h brij blTl mieA jg KieA ] | 144 |
| 72 | qJih crn Aribd Bvn mn | 146 |
| 73 | bd jin sihb gnl [ | 147 |
| 74 | s kC ivcirE qQ mr mn iQr h rihE [ | 149 |
| 75 | Bel r shj bd sel ibn shj isiD n hel [ | 150 |
| 76 | dh kll ek ipAl [ | 151 |
| 77 | Asl mrl jiq iviKAq cmr ] | 152 |
| 78 | pr gX ch sB kel dh arvr pr nih hel ] | 154 |
| 79 | siqgr hmh lKel bt ] | 155 |
| 80 | bpr sq rivds kh r [ | 156 |
| 81 | eh Amds sc iXh mr [ | 157 |
| 82 | brl kir l rm snh ] | 158 |
| 83 | r mn mCl ssr smd ... | 160 |
| 84 | rQ k cqr clvnhr [ | 161 |
| 85 | j qm qr rm m nih qrl [ | 162 |
| 86 | kih ibiD Ab simr r Aiq dlB dln dXl ] | 163 |
| 87 | Ab ks Ct nm rt lgl ] | 165 |
| 88 | mD Brm ks n iblel ] | 166 |
| 89 | mn mr sq srp ibcr ] | 168 |
| 90 | QQ jin sel pCr r kel [ | 169 |
| 91 | mD Brm ks n iblel ] | 170 |
| 92 | r mn ! Cq mlc idn AieA | 171 |
| 93 | As iDAn Drl bnvrl [ | 173 |
| 94 | Aibgiq nQ inr jn dv [ | 175 |
| 95 | BS ilX p Bd n jinE [ | 177 |
| 96 | gr sB rhis Agmih jnl [ | 178 |
| 97 | k q sv jg idvn [ JT jlvn | 179 |
| 98 | Kilk isksq m qr [ | 181 |
| 99 | j mih bdin ksin AK ... | 182 |
| 100 | qQ piqq nhl k pvn ... | 183 |
| 101 | pvn js mD qr qm drn Agmcn mr ] | 185 |
| 102 | Aj idvs la bilhr [ | 186 |
| 103 | As jin jp r jlv [ | 187 |
| 104 | jg ml vd bd mnlj [ | 189 |
| 105 | qm krh ikp mih sel ] | 190 |
| 106 | cil mn hir ctsl pVal ] | 191 |
| 107 | hir ismr sel sq ibcr [ | 192 |
| 108 | r mn rm nm sBir ] | 194 |
| 109 | hl binjr rm k hir j k tlf ld jie r ] | 195 |
| 110 | pliq sDmin Av [ | 197 |
| 111 | sb kC krq n kh kC ks [ | 198 |
| 112 | sD ! K sSqn sin kln | 200 |
| 113 | mrl plq gpl sl jn Gt h [ | 201 |
| 114 | qih qih iqBvnpiq pvn [ | 202 |
| 115 | drSn dlj rm drSn dlj ] | 203 |
| 116 | jn k qir qir nQ rmelA [ | 204 |
| 117 | j qm gpl ih nih mh [ | 205 |
| 118 | pB jl sgiq srn iqhrl [ | 207 |

118 pf ksl pij rcl r [ 208
119 j k rm jl Dnl q k kih kl kml h ] 209
120 Bgiq n hie r n hel, jb lg qn sD n hie ] 211
121 r pieE r rm Aml rs ] 212
122 diK mrKq Xh mn kl [ 213
123 plA rm rs plA r ] 214
124 mn mr mieA mih lptn ] 215
125 bliq AX Bjn nhl kln ] 216
126 pB jl qm Agn b^Sxhr [ 218
127 As hl hir ikal piev, mn ccl r Bel [ 219
128 k gal kC gie n hie, gal rp shj sie ] 220
129 Ab k kih kn bqal [ 222
130 Kjq ikQ iPr,qr Gt mih isrjnhr ] 223
131 sq kl pKl Bgiq hsl kilXg ml, ... 225
132 Pf ! hir ivc Aqr fF [ 226
133 mn mr iQr n rhel 228
134 hm Gr AieE rm Bqr 229
135 klh nie qih pd sls 230
136 diKArl diKAr jg mih 231
137 Arql kh ll kr jv [ 232
138 sq aqr Arql dv isrmnle [ 233
139 ggn mfl ml Arql klj 234
140 Arql krq hrS mn mr Avq icq ... 235


## Bg-dj


1 Slk 238
2 sl gr rivds mhrj jl dl
acrx klql hel pql AKrl 247
3 sl gr rivds bxl h&qvr 249
4 sl gr rivds bxl pdr iqQl 249
5 siqgr rivds mhrj jl d 'brl ms' apdS 253
6 "dhr" 258
7 sihb siqgr rivds mhrj jl dl "sd bxl" 258
8 "Anml vcn" (imlxl d sm) 259
9 "Sdl apdS" (lvl) 259
10 "shg asqq" 260
11 "mglcr" 261
12 "Anml vcn" 262


## Bg-qlj


1 srvivApk rm 264
2 mn mdr ivc pB vsd h 267
3 Ekr siqnm 268
4 bhm bd 272
5 ek mitl k sB Bf 273
6 sB ml nr h-ek pB d 275
7 iek pB d nm Ank 276
8 skt ml shrr pB 277
9 pB imln dl jgql 277
10 srq-Sbd jb iml ge 280
11 jlvn-mrn 281
12 sie sD Bl 282
13 ikrq kmel krd he prmqm d ismrn krn 285
14 inSkm krm 286
15 nk kmel 288
16 jq-pq d Kfn 289
17 acw kx Aq nlv kx ? 291
18 bhmx kx ? 292
19 kSqrl kx 293
20 vS kx ? 294
21 Sdr kx ? 294
22 mdr msijd dnl iek h 294
23 ihd-mslmn iek 295
24 sc srblr 297
25 siq-bcn 297
26 vSnvl d iqAg 298
27 sqK Aq iqAg 299
28 sK-dK 300
29 bgmpr vqn 301
30 scl sv 302
31 sc apdS 303
32 jlv hiqA d Kfn 304
33 mshrl-nrk AiDkrl 305
34 prDlnq pp h 306


## Bg cQ ( sKlAl )


1 sl gr rivds mhrj jl d Agmn 315
2 blpn 317
3 pirvrk jlvn 319
4 grmKl AKrl dl rcn krnl 321

5. plrI idq mrsI dI elrK 227
6. Tkr qrn dI kQ 228
7. prmqm d sD d rp ivc
SI gr rivds jI n prs Bt krn 333
8. ‘hir’ dAr sgq dI sv lel mhrI d vrdn 336
9. iek sT n Aimq d inrdr krk kSt rg hx 337
10. iek ihrnI dI riKA 339
11. iek SK dAr SI gr rivds jI psI
pm dI jcn krnI 340
12. imqk blk n jIvn dn dx 341
13. siqgr rivds jI dAr kB d
SB Avsr aq Bt Bjx 342
14. rxI JlI dI kQ 346
15. SI gr rivds jI q ahnI dI iSS mIrI bel jI 351
16. SI gr rivds jI q ahnI dI iSS krm bel jI 355
17. kinA d rp ivc gg jI d Aax
q brq fbx 358
18. a l tI gg vhax 359
19 siqgr rivds jI Aq iskdr lDI 359
20 gr rivds jI dIA adsIA/Xqrv 360
21 siqgr rivds jI dI ihmcl Aq
isrDr prbq dI Xqr 367
22 rj plp dAr SI gr rivds jI n
gr Drn krn 368
23 ch Xg d jna idKax 370
24 gaA ivc jn paxI 371
25 ikrdr plf Aq asd sQIA dAr
SI gr rivds jI n Kqm krn dI Xjn 373
26 SI gr rivds jI dI
A lvdI bdSh nl gStI 374
27 SI gr rivds jI dI gr kbIr jI
Aq gr nnk dv jI nl igAn gStIA 378
28 rj cdr pqp 382
29 bIbI Bnmql d iSS hx 382
30. bjIgr dI bzI 383
31. gStI gr rivds jI Aq grK nQ 384
32. SI gr rivds jI dI sDn jI nl Bt Aq
33 SI gr rivds jI n iSkdr lDI dAr jI ivc bd krn 386
34 bbr q gr rivds jI dIA isiKAv d pBv 387
35 SI gr rivds jI d scKf pDrn 390


# ਭਾਗ-ਪਹਿਲਾ

# ਭਾਗ-ਪਹਿਲਾ



## ਸ਼ਬਦ 1

ਸਿਰੀਰਾਗੁ ਬਾਣੀ ਸ੍ਰੀ ਰਵਿਦਾਸ ਜੀ ਕੀ

ੴ ਸਤਿਗੁਰ ਪ੍ਰਸਾਦਿ॥

**ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥**
**ਕਨਕ ਕਟਿਕ ਜਲ ਤਰੰਗ ਜੈਸਾ॥੧॥**
**ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ॥**
**ਪਤਿਤ ਪਾਵਨ ਨਾਮੁ ਕੈਸੇ ਹੁੰਤਾ॥੧॥ ਰਹਾਉ॥**
**ਤੁਮ੍ ਜੁ ਨਾਇਕ ਆਛਹੁ ਅੰਤਰਜਾਮੀ॥**
**ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ॥੨॥**
**ਸਰੀਰੁ ਆਰਾਧੈ ਮੋ ਕਉ ਬੀਚਾਰੁ ਦੇਹੂ॥**
**ਰਵਿਦਾਸ ਸਮ ਦਲ ਸਮਝਾਵੈ ਕੋਊ॥੩॥** (ਪੰਨਾ ੯੩)

ਜਗਤ ਗੁਰੂ ਰਵਿਦਾਸ ਮਹਾਰਾਜ ਜੀ ਇਸ ਸ਼ਬਦ ਰਾਹੀਂ ਪਰਮਾਤਮਾ ਵਿਚ ਆਪਣੀ ਅਭੇਦਤਾ ਬਿਆਨ ਕਰਦੇ ਹਨ ਕਿ ਪ੍ਰਭੂ ਜੀ! ਮੈਂ ਆਪ ਦਾ ਨਾਮ ਜਪ ਕੇ ਆਪ ਦਾ ਹੀ ਰੂਪ ਹੋ ਗਿਆ ਹਾਂ। ਜੋ ਜੀਵ ਇਸ ਸੰਸਾਰ ਵਿਚ ਸਭ ਤਰ੍ਹਾਂ ਦੇ ਬੰਧਨਾਂ ਤੋਂ ਮੁਕਤ ਹੋ ਕੇ ਪ੍ਰਭੂ ਦਾ ਨਾਮ ਜਪਦਾ ਹੈ, ਉਹ ਪ੍ਰਭੂ ਦਾ ਹੀ ਰੂਪ ਹੋ ਜਾਂਦਾ ਹੈ।

(ਜਿਵੇਂ ਸਤਿਗੁਰੂ ਨਾਮਦੇਵ ਜੀ ਅਤੇ ਸਤਿਗੁਰੂ ਕਬੀਰ ਜੀ ਮਹਾਰਾਜ ਫਰਮਾਉਂਦੇ ਹਨ— ਨਾਮੇ ਨਾਰਾਇਨ ਨਾਹੀ ਭੇਦੁ॥ (ਪੰਨਾ ੧੧੬੬)
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥) (ਪੰਨਾ ੯੬੯)

**ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥**
**ਕਨਕ ਕਟਿਕ ਜਲ ਤਰੰਗ ਜੈਸਾ॥੧॥**

ਹੇ ਪਰਮਾਤਮਾ ਜੀ! ਤੇਰੇ ਮੇਰੇ ਅਤੇ ਮੇਰੇ ਤੇਰੇ ਵਿਚ ਕੋਈ ਭੇਦ ਨਹੀਂ ਹੈ। ਮੈਂ ਆਪ ਜੀ ਦਾ ਨਾਮ ਜਪ ਕੇ ਆਪ ਜੀ ਦਾ ਹੀ ਰੂਪ ਹੋ ਗਿਆ ਹਾਂ, ਜੇਕਰ ਅੰਤਰ ਹੈ ਤਾਂ ਕੇਵਲ ਇਤਨਾ ਹੀ ਹੈ, ਜਿਵੇਂ ਸੋਨੇ ਤੋਂ ਅਨੇਕਾਂ ਪ੍ਰਕਾਰ ਦੇ ਗਹਿਣੇ ਬਣਦੇ ਹਨ, ਅਸਲ ਵਿਚ ਉਹ ਸੋਨਾ ਹੀ ਹੁੰਦੇ ਹਨ। ਜਦੋਂ ਸੋਨੇ ਦੇ ਗਹਿਣਿਆਂ ਨੂੰ ਕੁਠਾਲੀ ਵਿਚ ਪਾ ਕੇ ਢਾਲਿਆ ਜਾਂਦਾ ਹੈ ਤਾਂ ਉਹ ਸੋਨਾ ਹੀ ਬਣ ਜਾਂਦੇ ਹਨ। ਇਸੇ ਤਰ੍ਹਾਂ ਪਾਣੀ ਅਤੇ ਪਾਣੀ ਤੋਂ ਉਤਪੰਨ ਤਰੰਗ ਵਿਚ ਕੋਈ ਭੇਦ ਨਹੀਂ ਹੈ। ਤਰੰਗ ਪਾਣੀ ਵਿਚੋਂ ਉਤਪੰਨ ਹੁੰਦੀ ਹੈ ਤੇ ਪਾਣੀ ਵਿਚ ਹੀ ਸਮਾ ਜਾਂਦੀ ਹੈ। ਇਸ ਪ੍ਰਕਾਰ ਇਹ ਜੀਵ ਆਪ ਤੋਂ ਪੈਦਾ ਹੋਇਆ, ਆਪ ਵਿਚ ਹੀ ਸਮਾ ਜਾਂਦਾ ਹੈ।

(ਜਿਵੇਂ ਸਤਿਗੁਰੂ ਨਾਮਦੇਵ ਜੀ ਨੇ ਉਚਾਰਿਆ ਹੈ—
ਜਲ ਤੇ ਤਰੰਗ ਤਰੰਗ ਤੇ ਹੈ ਜਲੁ ਕਹਨ ਸੁਨਨ ਕਉ ਦੂਜਾ॥੧॥
(ਪੰਨਾ ੧੨੫੨)

ਜਿਸ ਪ੍ਰਕਾਰ ਪਾਣੀ ਤੋਂ ਤਰੰਗ ਉਤਪੰਨ ਹੁੰਦੀ ਹੈ, ਪਾਣੀ ਵਿਚ ਹੀ ਸਮਾ ਜਾਂਦੀ ਹੈ। ਕੇਵਲ ਬਾਹਰੀ ਭੇਦ ਹੋਣ ਕਰਕੇ ਜਲ ਅਤੇ ਤਰੰਗ ਕਹਿਣ-ਸੁਣਨ ਨੂੰ ਦੋ ਹਨ। ਅਸਲ ਵਿਚ ਇਕੋ ਹੀ ਹਨ। ਇਸੇ ਪ੍ਰਕਾਰ ਜੀਵ ਅਤੇ ਪਰਮਾਤਮਾ ਵਿਚ ਕੋਈ ਭੇਦ ਨਹੀਂ ਹੈ।)

**ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ॥**

**ਪਤਿਤ ਪਾਵਨ ਨਾਮੁ ਕੈਸੇ ਹੁੰਤਾ ॥੧॥ ਰਹਾਉ ॥**

ਹੇ ਬੇਅੰਤ ਸਰੂਪ ਪ੍ਰਭੂ ਜੀ, ਜੇਕਰ ਇਹ ਸੰਸਾਰੀ ਜੀਵ ਪਾਪ ਨਾ ਕਰਦੇ ਤਾਂ ਆਪ ਜੀ ਦਾ ਨਾਮ ਪਾਪੀਆਂ ਨੂੰ ਪਾਪਾਂ ਤੋਂ ਮੁਕਤ ਕਰਨ ਵਾਲਾ ਕਿਸ ਪ੍ਰਕਾਰ ਹੁੰਦਾ?

(ਸਤਿਗੁਰੂ ਨਾਮ ਦੇਵ ਜੀ ਫੁਰਮਾਉਂਦੇ ਹਨ—

ਪਤਿਤ ਪਵਿਤ ਭਏ ਰਾਮੁ ਕਹਤ ਹੀ॥ ਰਹਾਉ॥ (ਪੰਨਾ ੭੧੮)

ਪਰਮਾਤਮਾ ਦਾ ਨਾਮ ਉਚਾਰਨ ਕਰਨ ਨਾਲ ਅਨੇਕਾਂ ਪਾਪੀ ਪਵਿੱਤਰ ਹੋ ਗਏ ਹਨ।)

(ਸਤਿਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ—

ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥

(ਪੰਨਾ 4)

ਜਦੋਂ ਜੀਵ ਦੀ ਮਤ ਪਾਪਾਂ ਨਾਲ ਭਰ ਜਾਂਦੀ ਹੈ ਤੇ ਉਹ ਪਰਮਾਤਮਾ ਦੇ ਨਾਮ ਵਿਚ ਰੰਗ ਕੇ ਪਾਪਾਂ ਤੋਂ ਮੁਕਤ ਹੋ ਜਾਂਦੀ ਹੈ।)

**ਤੁਮ੍ ਜੁ ਨਾਇਕ ਆਛਹੁ ਅੰਤਰਜਾਮੀ ॥**

**ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ ॥੨॥**

ਪਰਮਾਤਮਾ ਜੀ, ਆਪ ਸਾਰੇ ਸੰਸਾਰ ਦੇ ਜੀਵਾਂ ਦੀ ਘਟ-ਘਟ ਦੀ ਜਾਨਣ ਵਾਲੇ ਸ੍ਰੇਸ਼ਟ ਮਾਲਕ ਹੋ। ਮੈਂ ਆਪ ਜੀ ਦਾ ਦਾਸ ਹਾਂ। ਜਿਵੇਂ ਮਾਲਕ ਕਰਕੇ ਦਾਸ ਅਤੇ ਦਾਸ ਕਰਕੇ ਮਾਲਕ ਜਾਣਿਆ ਜਾਂਦਾ ਹੈ। ਇਸੇ ਪ੍ਰਕਾਰ ਪ੍ਰਭੂ ਜੀ ਆਪ ਆਪਣੇ ਸੇਵਕਾਂ ਕਰਕੇ ਅਤੇ ਸੇਵਕ ਆਪ ਜੀ (ਪ੍ਰਭੂ) ਕਰਕੇ ਜਾਣੇ ਜਾਂਦੇ ਹਨ।

(ਸਤਿਗੁਰੂ ਨਾਮਦੇਵ ਜੀ ਫੁਰਮਾਉਂਦੇ ਹਨ—

ਠਾਕੁਰ ਤੇ ਜਨੁ ਜਨ ਤੇ ਠਾਕੁਰੁ ਖੇਲੁ ਪਰਿਓ ਹੈ ਤੋ ਸਿਉ॥੧॥

(ਪੰਨਾ ੧੨੫੨)

ਹੇ ਪਰਮਾਤਮਾ ਜੀ, ਸੁਆਮੀ ਕਰਕੇ ਸੇਵਕ ਅਤੇ ਸੇਵਕ ਕਰਕੇ ਸੁਆਮੀ ਜਾਣਿਆ ਜਾਂਦਾ ਹੈ। ਮੇਰਾ ਆਪ ਜੀ ਨਾਲ ਬਰਾਬਰ ਦਾ ਖੇਲ ਪੈ ਗਿਆ ਹੈ। ਮੈਂ ਆਪ ਜੀ ਦਾ ਹੀ ਸਰੂਪ ਹਾਂ।)

(ਜਿਵੇਂ ਸਤਿਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ—

ਹਰਿ ਕਾ ਸੇਵਕੁ ਸੋ ਹਰਿ ਜੇਹਾ॥ ਭੇਦੁ ਨਾ ਜਾਣਹੁ ਮਾਣਸ ਦੇਹਾ॥

(ਪੰਨਾ ੧੦੭੬)

ਹਰਿ ਦਾ ਸਿਮਰਨ ਕਰਨ ਵਾਲੇ ਹਰਿ ਦਾ ਹੀ ਰੂਪ ਹੁੰਦੇ ਹਨ। ਮਾਨਸ



ਦੇਹ ਕਰਕੇ ਪਰਮਾਤਮਾ ਤੇ ਸੇਵਕਾਂ ਵਿਚ ਫਰਕ ਨਹੀਂ ਜਾਨਣਾ ਚਾਹੀਦਾ।)

**ਸਰੀਰੁ ਆਰਾਧੈ ਮੋ ਕਉ ਬੀਚਾਰੁ ਦੇਹੂ ॥**

**ਰਵਿਦਾਸ ਸਮ ਦਲ ਸਮਝਾਵੈ ਕੋਊ ॥੩॥**

ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਨ ਕਰਦੇ ਹਨ ਕਿ ਪਰਮਾਤਮਾ ਜੀ, ਮੈਨੂੰ ਇਹੋ ਜਿਹੇ ਵਿਚਾਰਾਂ ਦੀ ਬਖਸ਼ਿਸ਼ ਕਰੋ ਕਿ ਜਿੰਨਾ ਚਿਰ ਮੇਰੇ ਸਰੀਰ ਵਿਚ ਪ੍ਰਾਣ ਹਨ ਮੈਂ ਤੁਹਾਡਾ ਹੀ ਸਿਮਰਨ ਕਰਦਾ ਰਹਾਂ। ਮੈਨੂੰ ਸਮ-ਦ੍ਰਿਸ਼ਟੀ ਵਾਲੇ ਸੰਤਾਂ ਦੀ ਸੰਗਤ ਬਖਸ਼ੋ ਜਿਹੜੇ ਅਗਿਆਨਤਾ ਵਿਚ ਭਟਕੇ ਜੀਵਾਂ ਨੂੰ ਇਹ ਸਮਝਾਉਣ ਕਿ ਸਭਨਾਂ ਜੀਵਾਂ ਵਿਚ ਪਰਮਾਤਮਾ ਵਸਦਾ ਹੈ।

*****

## ਸ਼ਬਦ 2

ਰਾਗੁ ਗਉੜੀ ਰਵਿਦਾਸ ਜੀ ਕੇ ਪਦੇ

ਗਉੜੀ ਗੁਆਰੇਰੀ

ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ॥

**ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ ॥**

**ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ ॥੧॥**

**ਰਾਮ ਗੁਸਈਆ ਜੀਅ ਕੇ ਜੀਵਨਾ ॥**

**ਮੋਹਿ ਨ ਬਿਸਾਰਹੁ ਮੈ ਜਨੁ ਤੇਰਾ ॥੧॥ ਰਹਾਉ ॥**

**ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ ॥**

**ਚਰਣ ਨ ਛਾਡਉ ਸਰੀਰ ਕਲ ਜਾਈ ॥੨॥**

**ਕਹੁ ਰਵਿਦਾਸ ਪਰਉ ਤੇਰੀ ਸਾਭਾ ॥**

**ਬੇਗਿ ਮਿਲਹੁ ਜਨ ਕਰਿ ਨ ਬਿਲਾਂਬਾ ॥੩॥੧॥ (ਪੰਨਾ ੩੪੫)**

ਸਤਿਗੁਰੂ ਰਵਿਦਾਸ ਜੀ ਮਹਾਰਾਜ ਸਮੁੱਚੀ ਮਾਨਵਤਾ ਨੂੰ ਪਾਵਨ ਉਪਦੇਸ਼ ਦਿੰਦੇ ਹਨ ਕਿ ਪਰਮਾਤਮਾ ਨੂੰ ਭੁੱਲੇ ਹੋਏ ਜੀਵ ਦੀ ਸੰਗਤ ਨੀਚ ਹੈ। ਜਦੋਂ ਇਹ ਜੀਵ ਦੁਰਲੱਭ ਮਨੁੱਖ ਜਨਮ ਪ੍ਰਾਪਤ ਕਰਕੇ ਭੇਦ-ਭਾਵ ਅਤੇ ਵਿਸ਼ੇ ਵਿਕਾਰਾਂ ਦੇ ਬੰਧਨਾਂ 'ਚੋਂ ਮੁਕਤ ਹੋ ਜਾਂਦਾ ਹੈ। ਪਰਮਾਤਮਾ ਦੇ ਨਾਮ ਦੀ ਸ਼ਰਨ ਲੈ ਕੇ ਜੀਵ ਦਾ ਲੋਕ-ਪ੍ਰਲੋਕ ਸੁਹੇਲਾ ਹੋ ਜਾਂਦਾ ਹੈ।

**ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ ॥**

**ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ ॥੧॥**

ਹੇ ਪਰਮਾਤਮਾ ਜੀ! ਮੇਰੀ ਭਾਵ ਸੰਸਾਰੀ ਜੀਵ ਦੀ ਸੰਗਤ ਵਿਸ਼ੇ-ਵਿਕਾਰਾਂ ਕਰਕੇ ਨੀਚ ਹੈ। ਇਹ ਸੋਚ ਮੈਨੂੰ ਦਿਨ ਰਾਤ ਲੱਗੀ ਰਹਿੰਦੀ ਹੈ। ਪਰਮਾਤਮਾ ਨੂੰ ਭੁੱਲੇ ਹੋਏ ਜੀਵ ਦਾ ਕਰਮ ਵੀ ਨੀਵਾਂ ਹੈ ਅਤੇ ਜਨਮ ਵੀ ਨੀਵਾਂ ਹੈ। ਜਦੋਂ ਤੱਕ ਇਹ ਜੀਵ ਪਰਮਾਤਮਾ ਦਾ ਸਿਮਰਨ ਨਹੀਂ ਕਰਦਾ, ਇਸ ਜੀਵ ਦਾ ਦੁਰਲੱਭ ਮਨੁੱਖਾ ਜਨਮ ਨਿਸਫਲ ਹੈ।

ਰਾਮ ਗੁਸਈਆ ਜੀਅ ਕੇ ਜੀਵਨਾ॥
ਮੋਹਿ ਨ ਬਿਸਾਰਹੁ ਮੈ ਜਨੁ ਤੇਰਾ॥੧॥ ਰਹਾਉ॥

ਜੀਵਾਂ ਨੂੰ ਜੀਵਨ ਦੇਣ ਵਾਲੇ ਪਰਮਾਤਮਾ ਜੀ, ਮੈਨੂੰ ਭੁਲਾਓ ਨਾ। ਮੈਂ ਆਪ ਜੀ ਦਾ ਹੀ ਦਾਸ ਹਾਂ।

ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ॥
ਚਰਣ ਨ ਛਾਡਉ ਸਰੀਰ ਕਲ ਜਾਈ॥੨॥

ਪਰਮਾਤਮਾ ਜੀ ਮੇਰੀ ਜਨਮ ਮਰਨ ਰੂਪੀ ਬਿਪਤਾ ਦੂਰ ਕਰ ਦਿਓ। ਮੈਨੂੰ ਦਾਸ ਨੂੰ ਇਹ ਸੁਭਾਉ ਬਖਸ਼ੋ ਕਿ ਭਾਵੇਂ ਮੇਰਾ ਸਰੀਰ ਚਲਾ ਜਾਵੇ, ਮੈਂ ਆਪ ਜੀ ਦੇ ਚਰਨਾਂ ਨੂੰ ਨਾ ਛੱਡਾਂ।

ਕਹੁ ਰਵਿਦਾਸ ਪਰਉ ਤੇਰੀ ਸਾਭਾ॥
ਬੇਗਿ ਮਿਲਹੁ ਜਨ ਕਰਿ ਨ ਬਿਲਾਂਬਾ॥੩॥੧॥

ਸਤਿਗੁਰੂ ਰਵਿਦਾਸ ਜੀ ਮਹਾਰਾਜ ਪਰਮਾਤਮਾ ਅੱਗੇ ਬੇਨਤੀ ਕਰਦੇ ਹਨ ਕਿ ਹੇ ਪ੍ਰਭੂ ਜੀ! ਮੈਂ ਆਪ ਜੀ ਦੀ ਸ਼ਰਨ ਪਿਆ ਹਾਂ, ਆਪ ਜੀ ਮੈਨੂੰ ਛੇਤੀ ਆ ਕੇ ਦਰਸ਼ਨ ਦਿਓ ਜੀ, ਦੇਰੀ ਨਾ ਕਰੋ ਜੀ।

*****

## ਸ਼ਬਦ 3

ਬੇਗਮਪੁਰਾ ਸਹਰ ਕੋ ਨਾਉ॥
ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾਂ ਤਸਵੀਸ ਖਿਰਾਜੁ ਨ ਮਾਲੁ॥
ਖਉਫੁ ਨ ਖਤਾ ਨ ਤਰਸੁ ਜਵਾਲੁ॥੧॥
ਅਬ ਮੋਹਿ ਖੂਬ ਵਤਨ ਗਹ ਪਾਈ॥
ਊਹਾਂ ਖੈਰਿ ਸਦਾ ਮੇਰੇ ਭਾਈ॥੧॥ ਰਹਾਉ॥
ਕਾਇਮੁ ਦਾਇਮੁ ਸਦਾ ਪਾਤਿਸਾਹੀ॥
ਦੋਮ ਨ ਸੇਮ ਏਕ ਸੋ ਆਹੀ॥
ਆਬਾਦਾਨੁ ਸਦਾ ਮਸਹੂਰ॥
ਊਹਾਂ ਗਨੀ ਬਸਹਿ ਮਾਮੂਰ॥੨॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ॥
ਮਹਰਮ ਮਹਲ ਨ ਕੋ ਅਟਕਾਵੈ॥
ਕਹਿ ਰਵਿਦਾਸ ਖਲਾਸ ਚਮਾਰਾ॥
ਜੋ ਹਮ ਸਹਰੀ ਸੁ ਮੀਤੁ ਹਮਾਰਾ॥੩॥੨॥ (ਪੰਨਾ ੩੪੫)

ਸਤਿਗੁਰੂ ਰਵਿਦਾਸ ਜੀ ਮਹਾਰਾਜ ਮਾਨਵਤਾ ਨੂੰ ਉਪਦੇਸ਼ ਦਿੰਦੇ ਹਨ ਕਿ ਇਹ ਜੀਵ ਪਰਮਾਤਮਾ ਦਾ ਸਿਮਰਨ ਕਰਕੇ ਸਭ ਤਰ੍ਹਾਂ ਦੇ ਬੰਧਨਾਂ ਤੋਂ ਮੁਕਤ ਹੋ ਕੇ ਪਰਮਾਤਮਾ ਦੇ ਨਿਜ ਘਰ 'ਬੇਗਮਪੁਰਾ ਸ਼ਹਿਰ' ਦਾ ਵਸਨੀਕ ਬਣ



ਜਾਂਦਾ ਹੈ। ਇਸੇ ਤਰ੍ਹਾਂ ਸਮੁੱਚੀ ਮਾਨਵਤਾ ਲਈ ਏਕਤਾ, ਸਮਾਨਤਾ, ਭਾਈਚਾਰਾ ਸਥਾਪਿਤ ਕਰਨ ਲਈ ਵਿਸ਼ਵ ਵਿਚ ਬੇਗਮਪੁਰਾ ਵਤਨ ਦੀ ਸਥਾਪਨਾ 'ਤੇ ਜ਼ੋਰ ਦਿੱਤਾ ਹੈ, ਜਿੱਥੇ ਹਰ ਜੀਵ ਰੰਗ-ਭੇਦ, ਊਚ-ਨੀਚ, ਪ੍ਰਾਧੀਨਤਾ, ਗੁਲਾਮੀ ਪ੍ਰਥਾ ਅਤੇ ਸਭ ਤਰ੍ਹਾਂ ਦੇ ਸੰਸਾਰੀ ਬੰਧਨਾਂ ਤੋਂ ਮੁਕਤ ਹੋ ਕੇ ਸਾਂਝੀਵਾਲਤਾ ਦਾ ਆਨੰਦ ਮਾਣ ਸਕਦਾ ਹੈ। ਬੇਗਮਪੁਰਾ ਵਤਨ ਵਿਚ ਹਰ ਜੀਵ ਨੂੰ ਸਮਾਜਿਕ ਬਰਾਬਰਤਾ, ਰਾਜਨੀਤਿਕ, ਸਭਿਆਚਾਰਕ, ਅਧਿਆਤਮਿਕ ਅਤੇ ਮਾਨਵੀ ਅਧਿਕਾਰ ਪ੍ਰਾਪਤ ਹੋਣ। ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਸਮੁੱਚੀ ਮਾਨਵਤਾ ਲਈ ਕਲਿਆਣਕਾਰੀ ਲੋਕਤੰਤਰਿਕ ਸਮਾਜਵਾਦ ਦੀ ਨੀਂਹ ਰੱਖੀ। ਇਸ ਪ੍ਰਕਾਰ ਦੀ ਵਿਵਸਥਾ ਸੰਸਾਰ ਵਿਚ ਹੋਣ ਨਾਲ ਸਭ ਸਮੱਸਿਆਵਾਂ ਦਾ ਹੱਲ ਹੋ ਸਕਦਾ ਹੈ। ਸੰਯੁਕਤ ਰਾਸ਼ਟਰ ਸੰਘ ਦੀ ਟੋਰਾਂਟੋ ਵਿਚ ਹੋਈ ਮੀਟਿੰਗ ਵਿਚ ਨਿਰਣਾ ਐਲਾਨਿਆ ਗਿਆ ਕਿ ਵਿਸ਼ਵ ਸਰਕਾਰ ਦੇ ਸੰਵਿਧਾਨ ਦਾ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਹੋਵੇਗਾ ਅਤੇ ਉਸਦੀ ਪ੍ਰਸਤਾਵਨਾ (PRE-AMBLE) ਸਤਿਗੁਰੂ ਰਵਿਦਾਸ ਜੀ ਦੇ ਸ਼ਬਦ 'ਬੇਗਮਪੁਰਾ' 'ਤੇ ਅਧਾਰਿਤ ਹੋਵੇਗੀ। ਇਸੇ ਤਰ੍ਹਾਂ ਮਾਨਵਤਾ ਦੇ ਮਸੀਹਾ ਡਾਕਟਰ ਭੀਮ ਰਾਓ ਅੰਬੇਡਕਰ ਜੀ ਨੇ ਭਾਰਤ ਦੇ ਸੰਵਿਧਾਨ ਦੀ ਬੁਨਿਆਦ, ਪ੍ਰਸਤਾਵਨਾ ਅਤੇ ਸੰਵਿਧਾਨ ਦੀ ਰੂਪ ਰੇਖਾ ਦੀ ਸਿਰਜਨਾ ਵੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 'ਬੇਗਮਪੁਰਾ' ਸ਼ਬਦ ਦੇ ਅਧਾਰ ਤੇ ਕੀਤੀ ਹੈ।

ਬੇਗਮਪੁਰਾ ਸਹਰ ਕੋ ਨਾਉ॥
ਦੂਖੁ ਅੰਦੋਹੁ ਨਹੀ ਤਿਹਿ ਠਾਉ॥

ਸਤਿਗੁਰੂ ਰਵਿਦਾਸ ਜੀ ਮਹਾਰਾਜ ਫੁਰਮਾਉਂਦੇ ਹਨ ਕਿ ਜਿਸ ਸ਼ਹਿਰ ਵਿਚ ਮੈਂ ਰਹਿੰਦਾ ਹਾਂ, ਉਸ ਸ਼ਹਿਰ ਦਾ ਨਾਂ ਬੇਗਮਪੁਰਾ ਸ਼ਹਿਰ ਹੈ ਜੋ ਸਭ ਤਰ੍ਹਾਂ ਦੇ ਗ਼ਮ ਤੋਂ ਰਹਿਤ ਹੈ। ਉਸ ਸ਼ਹਿਰ ਵਿਚ ਦੁੱਖ ਅਤੇ ਚਿੰਤਾ ਲਈ ਕੋਈ ਥਾਂ ਨਹੀਂ ਹੈ।

ਦੂਸਰਾ ਅਰਥ—ਇਸ ਸੰਸਾਰ ਵਿਚ ਬੇਗਮਪੁਰਾ ਵਤਨ ਵਰਗੀ ਵਿਵਸਥਾ ਹੋਣੀ ਚਾਹੀਦੀ ਹੈ, ਜਿਸ ਵਿਚ ਸਭ ਜੀਵਾਂ ਨੂੰ ਸਮਾਨ ਨਾਗਰਿਕਤਾ ਪ੍ਰਾਪਤ ਹੋਵੇ ਅਤੇ ਜਿੱਥੇ ਸੁਤੰਤਰਤਾ, ਸਮਾਨਤਾ, ਨਿਆਂ ਅਤੇ ਭਾਈਚਾਰਾ ਹੋਵੇ। ਜਿਸ ਵਿਚ ਸਭ ਜੀਵਾਂ ਦੀਆਂ ਮੁਢਲੀਆਂ ਜ਼ਰੂਰਤਾਂ ਪੂਰੀਆਂ ਹੋਣ ਅਤੇ ਸਭ ਜੀਵਾਂ ਦੇ ਅਧਿਕਾਰ ਬਰਾਬਰ ਹੋਣ। ਸਾਰੇ ਜੀਵ ਬੇਗ਼ਮਪੁਰਾ ਵਤਨ ਵਿਚ ਸਭ ਪ੍ਰਕਾਰ ਦੇ ਗਮਾਂ ਤੋਂ ਮੁਕਤ ਹੋਣ। ਕਿਸੇ ਵੀ ਜੀਵ ਨੂੰ ਜਾਤਪਾਤ ਦਾ, ਊਚ-ਨੀਚ ਦਾ, ਛੂਆ-ਛਾਤ ਦਾ, ਗਰੀਬ-ਅਮੀਰ ਦਾ, ਗੋਰੇ-ਕਾਲੇ, ਰੰਗ-ਭੇਦ ਦਾ ਕੋਈ ਦੁੱਖ ਨਾ ਹੋਵੇ।

ਨਾਂ ਤਸਵੀਸ ਖਿਰਾਜੁ ਨ ਮਾਲੁ॥
ਖਉਫੁ ਨ ਖਤਾ ਨ ਤਰਸੁ ਜਵਾਲੁ॥੧॥

ਬੇਗਮਪੁਰਾ ਸ਼ਹਿਰ ਵਿਚ ਨਾ ਕੋਈ ਚਿੰਤਾ ਹੈ ਨਾ ਕੋਈ ਘਬਰਾਹਟ ਹੈ। ਨਾ ਪਰਮਾਤਮਾ ਦੇ ਨਾਂ ਦਾ ਵਪਾਰ ਕਰਨ ਬਦਲੇ ਕੋਈ ਟੈਕਸ ਦੇਣਾ ਪੈਂਦਾ ਹੈ। ਉਸ ਬੇਗਮਪੁਰਾ ਦੇ ਵਸਨੀਕ ਡਰ, ਵੈਰ, ਗੁਨਾਹ, ਇੱਛਾ, ਦਇਆ ਅਤੇ

ਘਾਟੇ ਤੋਂ ਰਹਿਤ ਹਨ ਅਤੇ ਪਰਮਾਤਮਾ ਵਿਚ ਅਭੇਦ ਹਨ।

ਦੂਸਰਾ ਅਰਥ—ਬੇਗਮਪੁਰਾ ਵਤਨ ਵਿਚ ਹਰ ਜੀਵ ਚਿੰਤਾ, ਘਬਰਾਹਟ ਤੋਂ ਮੁਕਤ ਹੁੰਦਾ ਹੈ, ਕਿਸੇ ਨੂੰ ਵੀ ਵਪਾਰ ਕਰਨ ਬਦਲੇ ਜਬਰੀ ਟੈਕਸ ਨਹੀਂ ਦੇਣਾ ਪੈਂਦਾ। ਜੀਵ ਜ਼ੁਲਮਾਂ ਦੇ ਡਰ, ਖੌਫ, ਗੁਨਾਹ, ਵੈਰ, ਘਾਟੇ ਤੋਂ ਰਹਿਤ ਹੋ ਕੇ ਮਾਨਵੀ ਅਧਿਕਾਰਾਂ ਤੇ ਕਰਤੱਵਾਂ ਦਾ ਅਨੰਦ ਮਾਣਦਾ ਹੈ।

**ਅਬ ਮੋਹਿ ਖੂਬ ਵਤਨ ਗਹ ਪਾਈ ॥**
**ਊਹਾਂ ਖੈਰਿ ਸਦਾ ਮੇਰੇ ਭਾਈ ॥੧॥ ਰਹਾਉ ॥**

ਹੇ ਭਾਈ ਮੈਂ ਪਰਮਾਤਮਾ ਦੇ ਬੇਗਮਪੁਰਾ ਸ਼ਹਿਰ ਵਿਚ ਉੱਤਮ ਤੇ ਅਟੱਲ ਸਥਾਨ ਪ੍ਰਾਪਤ ਕਰ ਲਿਆ ਹੈ। ਇਸ ਸ਼ਹਿਰ ਵਿਚ ਸਦੀਵੀ ਸੁੱਖ ਪ੍ਰਾਪਤ ਹਨ।

ਦੂਸਰਾ ਅਰਥ—ਵਿਸ਼ਵ ਮਾਨਵਵਾਦੀ ਵਤਨ ਵਿਚ ਹਰ ਇਕ ਜੀਵ ਨੂੰ ਉਹ ਹੀ ਸਥਾਨ ਪ੍ਰਾਪਤ ਹੋਣਾ ਚਾਹੀਦਾ ਹੈ, ਜਿੱਥੇ ਉਸਨੂੰ ਜੀਵਨ ਭਰ ਸੁੱਖ ਪ੍ਰਾਪਤ ਹੋਵੇ।

**ਕਾਇਮੁ ਦਾਇਮੁ ਸਦਾ ਪਾਤਿਸਾਹੀ ॥**
**ਦੋਮ ਨ ਸੇਮ ਏਕ ਸੋ ਆਹੀ ॥**

ਉਸ ਸ਼ਹਿਰ ਵਿਚ ਪਰਮਾਤਮਾ ਦੀ ਪਾਤਸ਼ਾਹੀ ਹਮੇਸ਼ਾ ਸਥਿਰ ਰਹਿਣ ਵਾਲੀ ਹੈ। ਉਥੇ ਪਰਮਾਤਮਾ ਤੋਂ ਇਲਾਵਾ ਕੋਈ ਦੂਜਾ ਜਾਂ ਤੀਜਾ ਨਹੀਂ ਹੈ। ਉਥੇ ਕੇਵਲ ਅਕਾਲ ਪੁਰਖ ਬਾਦਸ਼ਾਹ ਦੀ ਬਾਦਸ਼ਾਹੀ ਹਮੇਸ਼ਾ ਅਟੱਲ ਰਹਿਣ ਵਾਲੀ ਹੈ।

ਦੂਸਰਾ ਅਰਥ—ਇਸ ਬੇਗਮਪੁਰਾ ਵਤਨ ਵਿਚ ਐਸੀ ਵਿਵਸਥਾ ਹੋਣੀ ਚਾਹੀਦੀ ਹੈ, ਜੋ ਹਮੇਸ਼ਾਂ ਸਥਿਰ ਰਹਿਣ ਵਾਲੀ ਹੋਵੇ। ਇਥੇ ਹਰ ਜੀਵ ਨੂੰ ਸਮਾਨਤਾ, ਸੁਤੰਤਰਤਾ, ਨਿਆਂ ਅਤੇ ਨਾਗਰਿਕਤਾ ਪ੍ਰਾਪਤ ਹੋਵੇ। ਕੋਈ ਦੂਸਰੇ ਤੀਸਰੇ ਦਰਜੇ ਦਾ ਨਾਗਰਿਕ ਨਾ ਹੋਵੇ।

**ਆਬਾਦਾਨੁ ਸਦਾ ਮਸਹੂਰ ॥**
**ਊਹਾਂ ਗਨੀ ਬਸਹਿ ਮਾਮੂਰ ॥੨॥**

ਉਸ ਪਰਮਾਤਮਾ ਦਾ ਬੇਗਮਪੁਰਾ ਸ਼ਹਿਰ ਰੂਹਾਨੀ ਆਬਾਦੀ ਵਾਲੀਆਂ ਰੂਹਾਂ ਨਾਲ ਹਮੇਸ਼ਾ ਆਬਾਦ ਹੈ ਅਤੇ ਪ੍ਰਸਿੱਧ ਹੈ। ਉਥੇ ਪਰਮਾਤਮਾ ਦਾ ਨਾਮ ਜਪਣ ਵਾਲੀਆਂ ਅਮੀਰ, ਸਬਰ-ਸੰਤੋਖ ਅਤੇ ਇੱਛਾਵਾਂ ਤੋਂ ਮੁਕਤ ਰੂਹਾਂ ਵਸਦੀਆਂ ਹਨ।

ਦੂਸਰਾ ਅਰਥ—ਬੇਗਮਪੁਰਾ ਵਤਨ ਸੂਝ-ਬੂਝ ਵਾਲੇ ਇਨਸਾਨਾਂ ਨਾਲ ਹਮੇਸ਼ਾ ਵਾਸਤੇ ਪ੍ਰਸਿੱਧ ਹੋਵੇ। ਉਥੇ ਜੀਵਨ ਦੀਆਂ ਮੁੱਢਲੀਆਂ ਜ਼ਰੂਰਤਾਂ ਪ੍ਰਾਪਤ ਮਨੁੱਖ ਆਪਣਾ ਜੀਵਨ ਆਨੰਦਮਈ ਗੁਜ਼ਾਰ ਰਹੇ ਹੋਣ।

**ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥**
**ਮਹਰਮ ਮਹਲ ਨ ਕੋ ਅਟਕਾਵੈ ॥**

ਬੇਗਮਪੁਰਾ ਸ਼ਹਿਰ ਦੀਆਂ ਵਸਨੀਕ ਰੂਹਾਂ ਉਸ ਸ਼ਹਿਰ ਵਿਚ ਆਪਣੀ



ਇੱਛਾ ਅਨੁਸਾਰ ਸੈਰ ਕਰਦੀਆਂ ਹਨ। ਉਸ ਬੇਗਮਪੁਰਾ ਦੇ ਮਹਿਲਾਂ ਤੋਂ ਜਾਣੂ ਰੂਹਾਂ ਨੂੰ ਘੁੰਮਣ-ਫਿਰਨ ਵਿਚ ਕੋਈ ਰੁਕਾਵਟ ਨਹੀਂ ਹੈ।

ਦੂਸਰਾ ਅਰਥ—ਬੇਗਮਪੁਰਾ ਵਤਨ ਵਿਚ ਮਾਨਵੀ ਅਧਿਕਾਰ ਪ੍ਰਾਪਤ ਨਾਗਰਿਕਾਂ ਨੂੰ ਘੁੰਮਣ-ਫਿਰਨ ਦੀ ਕੋਈ ਰੁਕਾਵਟ ਨਹੀਂ ਹੈ। ਉਹ ਜਿਵੇਂ ਚਾਹੁਣ ਬੇਗਮਪੁਰਾ ਵਿਚ ਕਿਸੇ ਸਥਾਨ ’ਤੇ ਘੁੰਮ ਫਿਰ ਸਕਦੇ ਹਨ।

**ਕਹਿ ਰਵਿਦਾਸ ਖਲਾਸ ਚਮਾਰਾ ॥**
**ਜੋ ਹਮ ਸਹਰੀ ਸੁ ਮੀਤੁ ਹਮਾਰਾ ॥੩॥੨॥**

ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ੁਰਮਾਨ ਕਰਦੇ ਹਨ ਕਿ ਮੈਂ ਪਰਮਾਤਮਾ ਦਾ ਨਾਮ ਜਪ ਕੇ ਸਭ ਤਰ੍ਹਾਂ ਦੇ ਬੰਧਨਾਂ ਤੋਂ ਮੁਕਤ ਹੋ ਗਿਆ ਹਾਂ। ਜਿਹੜਾ ਵੀ ਜੀਵ ਇਹਨਾਂ ਬੰਧਨਾਂ ਤੋਂ ਮੁਕਤ ਹੈ, ਉਹ ਖਾਲਸ ਹੈ। ਉਹੀ ਮੇਰਾ ਮਿੱਤਰ ਹੈ ਅਤੇ ਮੇਰਾ ਹਮ ਸ਼ਹਿਰੀ ਹੈ।

ਦੂਸਰਾ ਅਰਥ—ਸਤਿਗੁਰੂ ਰਵਿਦਾਸ ਜੀ ਮਹਾਰਾਜ ਫ਼ੁਰਮਾਉਂਦੇ ਹਨ ਕਿ ਬੇਗਮਪੁਰਾ ਵਤਨ ਵਿਚ ਹਰ ਮਨੁੱਖ ਜਾਤਪਾਤ, ਛੂਆ-ਛਾਤ, ਗੁਲਾਮੀ ਪ੍ਰਥਾ, ਦਾਸ-ਪ੍ਰਥਾ, ਪਰਾਧੀਨਤਾ ਤੋਂ ਮੁਕਤ ਹੋ ਕੇ ਵਿਸ਼ਵ ਵਤਨ ਦੇ ਰਾਜ ਦਾ ਨਾਗਰਿਕ ਹੋਵੇ ਤੇ ਸਭ ਨਾਗਰਿਕ ਮਿੱਤਰਤਾ ਪੂਰਵਕ ਰਹਿਣ।

ਇਸ ਪਾਵਨ ਸ਼ਬਦ ਵਿਚ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਸਮੁੱਚੇ ਵਿਸ਼ਵ ਲਈ ਐਸੀ ਵਿਸ਼ਵ ਵਿਆਪੀ ਵਿਵਸਥਾ ਦੀ ਨੀਂਹ ਰੱਖੀ ਜਿਸ ਵਿਚ ਅਟੱਲ ਸੁੱਖ ਹੋਵੇ।

*******

## ਸ਼ਬਦ 4

ੴ ਸਤਿਗੁਰ ਪ੍ਰਸਾਦਿ॥

ਗਉੜੀ ਬੈਰਾਗਣਿ ਰਵਿਦਾਸ ਜੀਉ

**ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ ॥**
**ਰਮਈਏ ਸਿਉ ਇਕ ਬੇਨਤੀ ਮੇਰੀ ਪੂੰਜੀ ਰਾਖੁ ਮੁਰਾਰਿ ॥੧॥**
**ਕੋ ਬਨਜਾਰੋ ਰਾਮ ਕੋ ਮੇਰਾ ਟਾਂਡਾ ਲਾਦਿਆ ਜਾਇ ਰੇ ॥੧॥ ਰਹਾਉ ॥**
**ਹਉ ਬਨਜਾਰੋ ਰਾਮ ਕੋ ਸਹਜ ਕਰਉ ਬ੍ਯ੍ਯਾਪਾਰੁ ॥**
**ਮੈ ਰਾਮ ਨਾਮ ਧਨੁ ਲਾਦਿਆ ਬਿਖੁ ਲਾਦੀ ਸੰਸਾਰਿ ॥੨॥**
**ਉਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ ਆਲ ਪਤਾਲੁ ॥**
**ਮੋਹਿ ਜਮ ਡੰਡੁ ਨ ਲਾਗਈ ਤਜੀਲੇ ਸਰਬ ਜੰਜਾਲ ॥੩॥**
**ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ ॥**
**ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ ॥੪॥੧॥**

(ਪੰਨਾ ੩੪੫)

ਸਤਿਗੁਰੂ ਰਵਿਦਾਸ ਮਹਾਰਾਜ ਜੀ ਸਮੁੱਚੀ ਮਾਨਵਤਾ ਨੂੰ ਉਪਦੇਸ਼ ਦਿੰਦੇ ਹਨ ਕਿ ਪਰਮਾਤਮਾ ਦੀ ਪ੍ਰਾਪਤੀ ਦਾ ਰਸਤਾ ਅਗਿਆਨਤਾ ਅਤੇ ਝੂਠੇ ਸੰਸਾਰੀ ਬੰਧਨਾਂ ਕਾਰਨ ਬਿਖੇੜਾ ਹੈ ਅਤੇ ਔਖਾ ਹੈ। ਜੀਵ ਦਾ ਮਨ-ਰੂਪੀ ਬੈਲ ਉਸ ਅਕਾਲ ਪੁਰਖ ਦੀ ਕ੍ਰਿਪਾ ਨਾਲ ਇਹ ਔਖੀ ਮੰਜ਼ਿਲ ਤੈਅ ਕਰਕੇ ਪਰਮਾਤਮਾ ਦੇ ਮਜੀਠੀ ਰੰਗ ਵਿਚ ਰੰਗ ਹੋ ਕੇ ਆਪਣਾ ਜੀਵਨ ਸਫ਼ਲ ਕਰ ਸਕਦਾ ਹੈ।

**ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ ॥**
**ਰਮਈਏ ਸਿਉ ਇਕ ਬੇਨਤੀ ਮੇਰੀ ਪੂੰਜੀ ਰਾਖੁ ਮੁਰਾਰਿ ॥੧ ॥**

ਜਿਵੇਂ ਇਕ ਗੁਣਹੀਣ ਬੈਲ ਲਈ ਪਹਾੜੀ ਦਾ ਬਿਖੜਾ ਅਤੇ ਸੰਘਣਾ ਰਸਤਾ ਤਹਿ ਕਰਕੇ ਆਪਣੀ ਮੰਜ਼ਿਲ ਦੀ ਪ੍ਰਾਪਤੀ ਕਰਨਾ ਔਖਾ ਹੈ। ਇਸੇ ਤਰ੍ਹਾਂ ਸੰਸਾਰੀ ਜੀਵ ਲਈ ਦੁਰਲੱਭ ਮਨੁੱਖ ਜਨਮ ਪ੍ਰਾਪਤ ਕਰਕੇ ਪਰਮਾਤਮਾ ਦੀ ਪ੍ਰਾਪਤੀ ਦਾ ਰਸਤਾ ਅਗਿਆਨਤਾ ਅਤੇ ਸੰਸਾਰੀ ਝੂਠੇ ਬੰਧਨਾਂ ਕਾਰਨ ਬਹੁਤ ਖਤਰਨਾਕ, ਪਹਾੜੀ ਵਾਂਗ ਕਠਿਨ ਅਤੇ ਜੰਗਲ ਵਾਂਗ ਘਣਾ ਹੈ। ਇਸ ਰਸਤੇ ਤੋਂ ਲੰਘਣ ਵਾਲੇ ਜੀਵ ਦਾ ਮਨ-ਰੂਪੀ ਬੈਲ ਬਹੁਤ ਕਮਜ਼ੋਰ ਹੈ। ਹੇ ਪਰਮਾਤਮਾ! ਮੇਰੀ ਆਪ ਜੀ ਅੱਗੇ ਬੇਨਤੀ ਹੈ ਕਿ ਸੰਸਾਰੀ ਜੀਵਾਂ ਦੇ ਸੁਆਸਾਂ ਰੂਪੀ ਪੂੰਜੀ ਦੀ ਰੱਖਿਆ ਕਰੋ ਜੀ।

**ਕੋ ਬਨਜਾਰੋ ਰਾਮ ਕੋ ਮੇਰਾ ਟਾਂਡਾ ਲਾਦਿਆ ਜਾਇ ਰੇ ॥੧ ॥ ਰਹਾਉ ॥**

ਜੇਕਰ ਰਾਮ ਨਾਮ ਦਾ ਵਣਜ ਕਰਨ ਵਾਲਾ ਕੋਈ ਵਪਾਰੀ ਹੈ ਤਾਂ ਮੇਰੇ ਪਾਸ ਆ ਕੇ ਪਰਮਾਤਮਾ ਦੇ ਰਾਮ-ਨਾਮ ਦਾ ਵਪਾਰ ਕਰ ਲਵੇ। ਮੇਰਾ ਟਾਂਡਾ ਪਰਮਾਤਮਾ ਦੇ ਨਾਮ ਨਾਲ ਲੱਦਿਆ ਹੋਇਆ ਹੈ।

**ਹਉ ਬਨਜਾਰੋ ਰਾਮ ਕੋ ਸਹਜ ਕਰਉ ਬ੍ਯ੍ਯਾਪਾਰੁ ॥**
**ਮੈ ਰਾਮ ਨਾਮ ਧਨੁ ਲਾਦਿਆ ਬਿਖੁ ਲਾਦੀ ਸੰਸਾਰਿ ॥੨ ॥**

ਮੈਂ ਸੰਸਾਰ ਵਿਚ ਤੁਰੀਆ ਅਵਸਥਾ ਦਾ ਵਪਾਰ ਕਰਦਾ ਹਾਂ ਜੋ ਕਿ ਸੰਸਾਰ ਵਿਚ ਭੇਦ-ਭਾਵ ਤੋਂ ਉੱਪਰ ਉਠ ਕੇ ਨੌਆਂ ਦੁਆਰਿਆਂ ਤੋਂ ਉੱਤੇ ਦਸਵੇਂ ਦੁਆਰੇ ਪਹੁੰਚ ਕੇ ਪ੍ਰਾਪਤ ਹੁੰਦੀ ਹੈ।

(ਸਤਿਗੁਰੂ ਕਬੀਰ ਜੀ ਫੁਰਮਾਨ ਕਰਦੇ ਹਨ-
ਮੋਹਿ ਐਸੇ ਬਨਜ ਸਿਉ ਨਹੀਨ ਕਾਜੁ ॥
ਜਿਹ ਘਟੈ ਮੂਲੁ ਨਿਤ ਬਢੈ ਬਿਆਜੁ ॥ (ਪੰਨਾ ੧੧੯੫)

ਮੈਨੂੰ ਇਸ ਸੰਸਾਰ ਵਿਚ ਪਰਮਾਤਮਾ ਦੇ ਨਾਮ ਦੇ ਸੱਚੇ ਵਪਾਰ ਤੋਂ ਬਿਨਾਂ ਹੋਰ ਕਿਸੇ ਝੂਠੇ ਵਪਾਰ ਨਾਲ ਕੋਈ ਵਾਸਤਾ ਨਹੀਂ ਹੈ, ਜਿਸਦੇ ਕਰਨ ਨਾਲ ਸਵਾਸਾਂ ਰੂਪੀ ਮੂਲ ਘੱਟ ਜਾਂਦੇ ਹਨ ਅਤੇ ਕਰਮਾਂ ਰੂਪੀ ਵਿਆਜ ਵੱਧ ਜਾਂਦਾ ਹੈ।)

ਸਤਿਗੁਰੂ ਰਵਿਦਾਸ ਮਹਾਰਾਜ ਜੀ ਕਹਿੰਦੇ ਹਨ ਕਿ ਮਨ ਰੂਪੀ ਬੈਲ ਉੱਤੇ ਪਰਮਾਤਮਾ ਦੇ ਰਾਮ-ਨਾਮ ਦੇ ਸੱਚੇ ਧਨ ਨੂੰ ਲੱਦਿਆ ਹੈ, ਪਰ ਸੰਸਾਰ ਦੇ



ਲੋਕਾਂ ਨੇ ਵਿਕਾਰਾਂ ਰੂਪੀ ਝੂਠੇ ਧਨ ਨੂੰ ਲੱਦਿਆ ਹੈ।

**ਉਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ ਆਲ ਪਤਾਲੁ ॥**
**ਮੋਹਿ ਜਮ ਡੰਡੁ ਨ ਲਾਗਈ ਤਜੀਲੇ ਸਰਬ ਜੰਜਾਲ ॥੩ ॥**

ਮੈਂ ਇਸ ਸੰਸਾਰ ਵਿਚ ਪਰਮਾਤਮਾ ਦੇ ਸੱਚੇ ਨਾਮ ਦਾ ਵਪਾਰ ਕੀਤਾ ਹੈ। ਇਸ ਲਈ ਲੋਕ ਪ੍ਰਲੋਕ ਤੇ ਮਨੁੱਖ ਜਨਮ ਦੇ ਲੇਖੇ ਦਾ ਹਿਸਾਬ-ਕਿਤਾਬ ਰੱਖਣ ਵਾਲੇ ਚਿੱਤਰਗੁਪਤ ਮੇਰੇ ਲੇਖੇ ਵਿਚ ਜੋ ਮਰਜ਼ੀ ਅਲ-ਪਲ ਲਿਖ ਲਵੋ ਮੈਨੂੰ ਜਮਦੂਤਾਂ ਦਾ ਦੰਡ ਲੱਗ ਹੀ ਨਹੀਂ ਸਕਦਾ, ਕਿਉਂਕਿ ਮੈਂ ਸੰਸਾਰ ਦੇ ਸਾਰੇ ਜੰਜਾਲਾਂ ਨੂੰ ਤੋੜ ਦਿੱਤਾ ਹੈ। ਜਿਹੜਾ ਜੀਵ ਇਸ ਸੰਸਾਰ ਵਿਚ ਪਰਮਾਤਮਾ ਦਾ ਨਾਮ ਜਪਦਾ ਹੈ, ਉਹ ਜੀਵਨ-ਮੁਕਤ ਹੋ ਜਾਂਦਾ ਹੈ। ਜਮਦੂਤਾਂ ਦਾ ਡਰ ਉਹਨਾਂ ਨੂੰ ਲੱਗਦਾ ਹੈ, ਜਿਹੜੇ ਸੰਸਾਰ ਵਿਚ ਪਰਮਾਤਮਾ ਨੂੰ ਭੁਲਾ ਕੇ ਝੂਠੇ ਬੰਧਨਾਂ ਵਿਚ ਫਸ ਜਾਂਦੇ ਹਨ।

**ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ ॥**
**ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ ॥੪ ॥੧ ॥**

ਜਿਸ ਪ੍ਰਕਾਰ ਕਸੁੰਭ ਦਾ ਰੰਗ ਕੱਚਾ ਤੇ ਅਸਥਿਰ ਹੈ, ਉਸੇ ਤਰ੍ਹਾਂ ਇਹ ਸੰਸਾਰ ਵੀ ਅਸਥਿਰ ਤੇ ਨਾਸ਼ਵਾਨ ਹੈ।

(ਕਬੀਰ ਸਾਹਿਬ ਜੀ ਵੀ ਇਸੇ ਤੱਥ ਦੀ ਪ੍ਰੋੜ੍ਹਤਾ ਕਰਦੇ ਹਨ—
ਜੈਸਾ ਰੰਗੁ ਕਸੁੰਭ ਕਾ ਮਨ ਬਉਰਾ ਰੇ ਤਿਉ ਪਸਰਿਓ ਪਾਸਾਰੁ ॥੩ ॥
(ਪੰਨਾ ੩੩੬)

ਹੇ ਝੱਲੇ ਮਨ ਵਾਲੇ ਪੁਰਸ਼ਾ, ਜਿਵੇਂ ਕਸੁੰਭ ਦਾ ਰੰਗ ਕੱਚਾ ਅਤੇ ਅਸਥਿਰ ਹੈ, ਤਿਵੇਂ ਮਾਇਆ ਦਾ ਪਸਰਿਆ ਹੋਇਆ ਪਾਸਾਰਾ ਵੀ ਝੂਠਾ ਅਤੇ ਅਸਥਿਰ ਹੈ।)

ਅੱਗੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਫੁਰਮਾਉਂਦੇ ਹਨ ਕਿ ਮੇਰੇ ਪਰਮਾਤਮਾ ਦਾ ਰੰਗ ਮਜੀਠ ਵਾਂਗ ਪੱਕਾ, ਸਥਿਰ ਤੇ ਸਦੀਵੀ ਹੈ।

(ਸਤਿਗੁਰੂ ਅਰਜਨ ਦੇਵ ਜੀ ਵੀ ਇਹੀ ਫੁਰਮਾਉਂਦੇ ਹਨ :
ਕਹੁ ਨਾਨਕ ਚਲੂਲ ਭਏ ਹੈ, ਹਰਿ ਰੰਗੁ ਨ ਲਹੈ ਮਜੀਠਾ ॥)
(ਸਾਰੰਗ ਮਹਲਾ ੫, ਪੰਨਾ ੧੨੧੨)

******

## ਸ਼ਬਦ 5

ਗਉੜੀ ਪੂਰਬੀ ਰਵਿਦਾਸ ਜੀਉ

ੴ ਸਤਿਗੁਰ ਪ੍ਰਸਾਦਿ ॥

**ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ ॥**

**ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾਪਾਰੁ ਨ ਸੂਝ॥੧॥**
**ਸਗਲ ਭਵਨ ਕੇ ਨਾਇਕਾ**
**ਇਕੁ ਛਿਨੁ ਦਰਸੁ ਦਿਖਾਇ ਜੀ॥੧॥ ਰਹਾਉ॥**
**ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ॥**
**ਕਰਹੁ ਕ੍ਰਿਪਾ ਭ੍ਰਮੁ ਚੂਕਈ ਮੈ ਸੁਮਤਿ ਦੇਹੁ ਸਮਝਾਇ॥੨॥**
**ਜੋਗੀਸਰ ਪਾਵਹਿ ਨਹੀ ਤੁਅ ਗੁਣ ਕਥਨੁ ਅਪਾਰ॥**
**ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ॥੩॥੧॥** (ਪੰਨਾ ੩੪੬)

ਇਸ ਸ਼ਬਦ ਵਿਚ ਸਤਿਗੁਰੂ ਰਵਿਦਾਸ ਜੀ ਸਮੁੱਚੀ ਮਾਨਵਤਾ ਨੂੰ ਉਪਦੇਸ਼ ਦਿੰਦੇ ਹਨ ਕਿ ਜੀਵ ਨੇ ਦੁਰਲੱਭ ਜਨਮ ਪ੍ਰਾਪਤ ਕਰਕੇ ਆਪਣੀ ਹਾਲਤ ਖੂਹ ਦੇ ਡੱਡੂ ਦੀ ਤਰ੍ਹਾਂ ਬਣਾ ਲਈ ਹੈ। ਜਿਸ ਤਰ੍ਹਾਂ ਖੂਹ ਦੇ ਡੱਡੂ ਨੂੰ ਅਗਿਆਨਤਾ ਕਰਕੇ ਖੂਹ ਤੋਂ ਬਾਹਰ ਦੀ ਦੁਨੀਆਂ ਦਾ ਕੋਈ ਗਿਆਨ ਨਹੀਂ ਹੁੰਦਾ, ਉਸੇ ਤਰ੍ਹਾਂ ਇਹ ਜੀਵ ਆਪਣਾ ਸੰਸਾਰ ਵਿਚ ਆਉਣ ਦੇ ਅਸਲੀ ਮਨੋਰਥ ਦੇ ਭੇਦਾਂ ਨੂੰ ਪਛਾਣਨ ਦੀ ਬਜਾਏ ਅਗਿਆਨਤਾ ਵੱਸ ਹੋ ਕੇ ਭੇਦ-ਭਾਵ ਅਤੇ ਵਿਕਾਰਾਂ ਰੂਪੀ ਖੂਹ ਵਿਚ ਫਸਿਆ ਹੋਇਆ ਹੈ। ਇਸ ਨੂੰ ਆਪਣਾ ਲੋਕ-ਪ੍ਰਲੋਕ ਸਵਾਰਨ ਦੀ ਕੋਈ ਖਬਰ ਨਹੀਂ ਹੈ।

**ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ॥**
**ਐਸੇ ਮੇਰਾ ਮਨੁ ਬਿਖਿਆ ਬਿਮੋਹਿਆ**
**ਕਛੁ ਆਰਾਪਾਰੁ ਨ ਸੂਝ॥੧॥**

ਹੇ ਪਰਮਾਤਮਾ ਜੀ, ਜਿਵੇਂ ਖੂਹ ਵਿਚ ਡੱਡੂ ਪਿਆ ਹੁੰਦਾ ਹੈ ਉਸ ਨੂੰ ਖੂਹ ਤੋਂ ਬਾਹਰੀ ਦੁਨੀਆਂ ਦੀ ਕੋਈ ਖਬਰ ਨਹੀਂ ਹੁੰਦੀ। ਕਿਉਂਕਿ ਡੱਡੂ ਦਾ ਮਨ ਅਗਿਆਨਤਾ-ਵੱਸ ਹੋ ਕੇ ਵਿਸ਼ੇ ਵਿਕਾਰਾਂ ਨਾਲ ਲਿਪਤ ਹੋਏ ਨੂੰ ਖੂਹ ਤੋਂ ਬਾਹਰੀ ਦੁਨੀਆਂ ਦੀ ਕੋਈ ਖਬਰ ਨਹੀਂ ਹੈ। ਇਸੇ ਪ੍ਰਕਾਰ ਦੀ ਹਾਲਤ ਇਸ ਜੀਵ ਦੀ ਹੈ, ਜਿਸ ਦਾ ਮਨ ਅਗਿਆਨਤਾ ਵੱਸ ਹੋ ਕੇ ਭਰਮ ਰੂਪੀ ਖੂਹ ਵਿਚ ਫਸਿਆ ਪਿਆ ਹੈ, ਜਿਸ ਨੂੰ ਆਪਣਾ ਲੋਕ ਪ੍ਰਲੋਕ ਸੰਵਾਰਨ ਦੀ ਕੋਈ ਸੋਝੀ ਨਹੀਂ ਹੈ।

ਇਕ ਵਾਰ ਖੂਹ ਵਿਚ ਇਕ ਡੱਡੂ ਸੀ। ਉਸਦੀ ਤਰਸਯੋਗ ਹਾਲਤ ਨੂੰ ਦੇਖ ਕੇ ਮਾਨਸਰੋਵਰ 'ਤੇ ਰਹਿਣ ਵਾਲੇ ਹੰਸ ਨੂੰ ਉਸ 'ਤੇ ਦਇਆ ਆਈ। ਉਸ ਨੇ ਡੱਡੂ ਨੂੰ ਕਿਹਾ, ਭਾਈ ਤੈਨੂੰ ਮਾਨਸਰੋਵਰ ਲੈ ਚੱਲੀਏ। ਉਥੇ ਹੀਰੇ ਮੋਤੀ ਚੁਗਾਂਗੇ ਤੇ ਅਨੰਦ ਭਰਿਆ ਜੀਵਨ ਬਤੀਤ ਕਰਾਂਗੇ। ਡੱਡੂ ਖੂਹ ਦੇ ਇਕ ਪਾਸੇ ਤੋਂ ਛਾਲਾਂ ਮਾਰਦਾ ਦੂਸਰੇ ਕਿਨਾਰੇ ਪੁੱਜਾ ਅਤੇ ਕਿਹਾ ਕਿ, 'ਮਾਨਸਰੋਵਰ ਐਡਾ ਵੱਡਾ ਏ ?' ਤਾਂ ਹੰਸ ਨੇ ਕਿਹਾ ਕਿ ਉਹ ਮਾਨਸਰੋਵਰ ਤਾਂ ਅਥਾਹ ਹੈ, ਤੇਰੀਆਂ ਛਾਲਾਂ ਕੀ ਕਰਨਗੀਆਂ। ਇਸੇ ਤਰ੍ਹਾਂ ਇਹ ਜੀਵ ਅਗਿਆਨਤਾ ਵੱਸ ਹੋ ਕੇ ਵਿਸ਼ੇ-ਵਿਕਾਰਾਂ ਵਿਚ ਫਸਿਆ ਹੋਣ ਕਰਕੇ ਇਸ ਨੂੰ ਆਪਣਾ ਲੋਕ-ਪ੍ਰਲੋਕ ਸੰਵਾਰਨ ਦੀ ਕੋਈ ਸੋਝੀ ਨਹੀਂ ਹੈ। ਪਰ ਸੰਤ ਇਸ ਨੂੰ



ਅਗਿਆਨਤਾ ਰੂਪੀ ਖੂਹ ਵਿਚੋਂ ਕੱਢ ਕੇ ਪਰਮਾਤਮਾ ਨਾਲ ਜੋੜ ਕੇ ਇਸ ਦਾ ਲੋਕ-ਪ੍ਰਲੋਕ ਸਹੇਲਾ ਕਰਨ ਵਾਸਤੇ ਆਉਂਦੇ ਹਨ।

(ਸਤਿਗੁਰ ਕਬੀਰ ਸਾਹਿਬ ਕਹਿੰਦੇ ਹਨ—

ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥
ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥ (ਪੰਨਾ ੧੩੭੩)

ਸਿਮਰਨ ਵਾਸਤੇ ਦੋਨੋਂ ਹੀ ਭਲੇ ਹਨ—ਪਰਮਾਤਮਾ ਵੀ ਤੇ ਸੰਤ ਵੀ। ਪਰਮਾਤਮਾ ਮੁਕਤੀ ਦਾ ਦਾਤਾ ਹੈ, ਸੰਤ ਜੀਵ ਨੂੰ ਨਾਮ ਜਪਾ ਕੇ ਪਰਮਾਤਮਾ ਨਾਲ ਜੋੜਦੇ ਹਨ।)

ਪਰ ਇਹ ਸੰਸਾਰੀ ਜੀਵ ਅਗਿਆਨਤਾ ਵੱਸ ਹੋ ਕੇ ਸੰਤਾਂ ਅੱਗੇ ਪ੍ਰਸ਼ਨ ਕਰਦਾ ਹੈ ਕਿ ਪਰਮਾਤਮਾ ਦੇ ਨਾਮ ਵਿਚ ਧਨ, ਇਸਤਰੀ, ਪੁੱਤਰ ਜੈਸਾ ਸੁੱਖ ਹੈ ? ਸੰਤ ਕਹਿੰਦੇ ਹਨ ਕਿ ਪਰਮਾਤਮਾ ਦਾ ਨਾਮ ਤਾਂ ਸੁੱਖਾਂ ਦਾ ਸਮੁੰਦਰ ਹੈ। ਸਿਮਰਨ ਨਾਲ ਜੀਵ ਦੀਆਂ ਸਭ ਜ਼ਰੂਰਤਾਂ ਪੂਰੀਆਂ ਹੋ ਜਾਂਦੀਆਂ ਹਨ। ਧਨ, ਇਸਤਰੀ, ਪੁੱਤਰ ਦਾ ਸੰਬੰਧ ਤਾਂ ਜੀਵ ਦੇ ਨਾਲ ਕੇਵਲ ਸਰੀਰ ਕਰਕੇ ਹੈ।

**ਸਗਲ ਭਵਨ ਕੇ ਨਾਇਕਾ**
**ਇਕੁ ਛਿਨੁ ਦਰਸੁ ਦਿਖਾਇ ਜੀ॥੧॥ ਰਹਾਉ॥**

ਸਭ ਖੰਡਾਂ-ਬ੍ਰਹਿਮੰਡਾਂ ਦੇ ਮਾਲਕ ਪਰਮਾਤਮਾ ਜੀ ਇਕ ਛਿਨ ਲਈ ਮੈਨੂੰ ਦਰਸ਼ਨ ਦਿਓ ਜੀ। ਸਭ ਬੰਧਨਾਂ ਤੋਂ ਮੁਕਤ ਹੋ ਕੇ ਜੀਵ ਨੂੰ ਪਰਮਾਤਮਾ ਦੇ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਇਹ ਜੀਵ ਪਰਮਾਤਮਾ ਨੂੰ ਮਿਲਣ ਲਈ ਬਹੁਤ ਵਿਆਕੁਲ ਹੋ ਉੱਠਦਾ ਹੈ ਤੇ ਪਰਮਾਤਮਾ ਅੱਗੇ ਅਰਦਾਸ ਕਰਦਾ ਹੈ ਕਿ ਪਰਮਾਤਮਾ ਜੀ ਮੈਨੂੰ ਇਕ ਛਿੰਨ ਵਾਸਤੇ ਆਪਣਾ ਦਰਸ਼ਨ ਦਿਖਾ ਦਿਓ ਜੀ, ਤਾਂ ਜੋ ਆਪ ਦੇ ਦਰਸ਼ਨ ਕਰਕੇ ਮੇਰਾ ਮਨ ਸ਼ਾਂਤ ਹੋ ਜਾਵੇ ਜੀ।

**ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ॥**
**ਕਰਹੁ ਕ੍ਰਿਪਾ ਭ੍ਰਮੁ ਚੂਕਈ ਮੈ ਸੁਮਤਿ ਦੇਹੁ ਸਮਝਾਇ॥੨॥**

ਹੇ ਪਰਮਾਤਮਾ ਜੀ, ਅਗਿਆਨਤਾ ਕਰਕੇ ਇਸ ਜੀਵ ਦੀ ਮਤ ਐਨੀ ਮੈਲੀ ਹੋ ਚੁੱਕੀ ਹੈ ਕਿ ਇਹ ਜੀਵ ਬ੍ਰਹਮ ਗਿਆਨ ਦੀ ਪਛਾਣ ਨਹੀਂ ਕਰ ਸਕਦਾ। ਆਪ ਕਿਰਪਾ ਦ੍ਰਿਸ਼ਟੀ ਕਰੋ, ਜਿਸ ਨਾਲ ਭਰਮ ਦੂਰ ਹੋ ਜਾਵੇ ਅਤੇ ਮੈਨੂੰ ਸ਼ੁੱਭ ਸ੍ਰੇਸ਼ਟ ਬੁੱਧੀ ਪ੍ਰਦਾਨ ਹੋਵੇ।

**ਜੋਗੀਸਰ ਪਾਵਹਿ ਨਹੀ ਤੁਅ ਗੁਣ ਕਥਨੁ ਅਪਾਰ॥**
**ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ॥੩॥੧॥**

ਹੇ ਪਰਮਾਤਮਾ ਜੀ, ਵੱਡੇ-ਵੱਡੇ ਜੋਗੀ ਵੀ ਆਪ ਦੇ ਗੁਣਾਂ ਦਾ ਅੰਤ ਨਹੀਂ ਪਾ ਸਕੇ ਕਿਉਂਕਿ ਆਪ ਦੇ ਗੁਣ ਬੇਅੰਤ ਹਨ। ਸਤਿਗੁਰੂ ਰਵਿਦਾਸ ਜੀ ਫ਼ਰਮਾਉਂਦੇ ਹਨ, ਮੈਂ ਚਮਾਰ ਤਾਂ ਕੇਵਲ ਪ੍ਰੇਮ-ਭਗਤੀ ਦੇ ਕਾਰਨ ਹੀ ਆਪ ਦੇ

ਗੁਣ-ਗਾਉਂਦਾ ਹਾਂ।

*******

## ਸ਼ਬਦ 6

ਗਉੜੀ ਬੈਰਾਗਣਿ ਰਵਿਦਾਸ ਜੀਉ

ੴ ਸਤਿਗੁਰ ਪ੍ਰਸਾਦਿ॥

**ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ॥**
**ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ॥੧॥**
**ਪਾਰੁ ਕੈਸੇ ਪਾਇਬੋ ਰੇ॥ ਮੋ ਸਉ ਕੋਊ ਨ ਕਹੈ ਸਮਝਾਇ॥**
**ਜਾ ਤੇ ਆਵਾਗਵਨੁ ਬਿਲਾਇ॥੧॥ ਰਹਾਉ॥**
**ਬਹੁ ਬਿਧਿ ਧਰਮ ਨਿਰੂਪੀਐ ਕਰਤਾ ਦੀਸੈ ਸਭ ਲੋਇ॥**
**ਕਵਨ ਕਰਮ ਤੇ ਛੂਟੀਐ ਜਿਹ ਸਾਧੇ ਸਭ ਸਿਧਿ ਹੋਇ॥੨॥**
**ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ॥**
**ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨੁ॥੩॥**
**ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧਿ ਬਿਕਾਰ॥**
**ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ॥੪॥**
**ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ॥**
**ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ॥੫॥**
**ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ॥**
**ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ॥੬॥**
**ਭਗਤਿ ਜੁਗਤਿ ਮਤਿ ਸਤਿ ਕਰੀ ਭ੍ਰਮ ਬੰਧਨ ਕਾਟਿ ਬਿਕਾਰ॥**
**ਸੋਈ ਬਸਿ ਰਸਿ ਮਨ ਮਿਲੇ ਗੁਨ ਨਿਰਗੁਨ ਏਕ ਬਿਚਾਰ॥੭॥**
**ਅਨਿਕ ਜਤਨ ਨਿਗ੍ਰਹ ਕੀਏ ਟਾਰੀ ਨ ਟਰੈ ਭ੍ਰਮ ਫਾਸ॥**
**ਪ੍ਰੇਮ ਭਗਤਿ ਨਹੀ ਊਪਜੈ ਤਾ ਤੇ ਰਵਿਦਾਸ ਉਦਾਸ॥੮॥੧॥**
**(ਪੰਨਾ ੩੪੬)**

ਸਤਿਗੁਰੂ ਰਵਿਦਾਸ ਜੀ ਮਹਾਰਾਜ ਸਮੁੱਚੀ ਲੋਕਾਈ ਨੂੰ ਪਾਵਨ ਉਪਦੇਸ਼ ਦਿੰਦੇ ਹਨ ਕਿ ਪ੍ਰਭੂ ਦਾ ਨਾਮ ਜਪਣ ਤੋਂ ਬਿਨਾਂ ਜੀਵ ਦਾ ਜਨਮ-ਮਰਨ ਦੇ ਚੱਕਰ 'ਚੋਂ ਛੁਟਕਾਰਾ ਨਹੀਂ ਹੋ ਸਕਦਾ। ਪਰਮ ਪਾਰਸ ਗੁਰੂ ਦਾ ਮਿਲਾਪ ਹੋਣ ਨਾਲ ਜਿੱਥੇ ਜੀਵ ਵਹਿਮਾਂ-ਭਰਮਾਂ ਅਤੇ ਕਰਮ-ਕਾਂਡਾਂ ਤੋਂ ਮੁਕਤ ਹੋ ਜਾਂਦਾ ਹੈ, ਉਥੇ ਇਸ ਦੇ ਮਨ ਵਿਚ ਸਰਗੁਣ ਅਤੇ ਨਿਰਗੁਣ ਪਰਮਾਤਮਾ ਦਾ ਇਕੋ ਹੀ ਵਿਚਾਰ ਰਹਿ ਜਾਂਦਾ ਹੈ।

**ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ॥**
**ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ॥੧॥**



**ਪਹਿਲਾ ਅਰਥ**-ਸਤਿਯੁੱਗ ਵਿਚ ਸੱਚ ਬੋਲਣ ਦੀ ਪ੍ਰਧਾਨਤਾ ਸੀ,ਤ੍ਰੇਤਾ ਯੁੱਗ ਵਿਚ ਯੱਗ ਕਰਨ ਦੀ ਵਿਸ਼ੇਸ਼ਤਾ ਸੀ, ਦੁਆਪਰ ਵਿਚ ਪੂਜਾ ਤੇ ਸ੍ਰੇਸ਼ਟ ਕਰਤੱਵਾਂ ਦੀ ਪ੍ਰਧਾਨਤਾ ਸੀ। ਤਿੰਨੇ ਯੁੱਗਾਂ ਵਿਚ ਇਹ ਤਿੰਨੇ ਕਰਮ ਦ੍ਰਿੜ੍ਹ ਸਨ, ਨਿਸ਼ਚਿਤ ਸਨ, ਪਰ ਕਲਯੁੱਗ ਵਿਚ ਕੇਵਲ ਪਰਮਾਤਮਾ ਦੇ ਨਾਮ ਦਾ ਆਸਰਾ ਹੈ।

ਦੂਸਰਾ ਅਰਥ— ਸਤਿਯੁੱਗ ਵਿਚ ਸੱਚ ਬੋਲਣ ਦੀ ਪ੍ਰਧਾਨਤਾ ਸੀ ਤੇ ਤ੍ਰੇਤਾ ਯੁੱਗ ਵਿਚ ਯੱਗ ਕਰਨ ਦੀ ਪ੍ਰਾਥਮਿਕਤਾ ਸੀ ਅਤੇ ਦੁਆਪਰ ਵਿਚ ਪੂਜਾ ਦੀ। ਤਿੰਨੇ ਯੁੱਗਾਂ ਵਿਚ ਤਿੰਨੇ ਕਰਮ ਵੇਦਾਂ ਸ਼ਾਸ਼ਤਰਾਂ ਵਿਚ ਨਿਸ਼ਚਿਤ ਕੀਤੇ ਗਏ ਸਨ। ਕਲਯੁੱਗ ਵਿਚ ਦੇਵੀ-ਦੇਵਤਿਆਂ ਦਾ ਆਧਾਰ ਮੰਨਿਆ ਜਾਂਦਾ ਹੈ। ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਇਹਨਾਂ ਚੌਹਾਂ ਯੁੱਗਾਂ ਦੀ ਪ੍ਰਧਾਨਤਾ ਨੂੰ ਨਕਾਰਦੇ ਹੋਏ ਸਮੁੱਚੀ ਕਾਇਨਾਤ ਨੂੰ ਉਪਦੇਸ਼ ਦਿੱਤਾ ਹੈ ਕਿ ਉਪਰੋਕਤ ਚਾਰ ਯੁੱਗਾਂ ਦੇ ਕਰਮ ਕਰਨ ਨਾਲ ਜੀਵ ਭਵਸਾਗਰ ਤੋਂ ਪਾਰ ਨਹੀਂ ਹੋ ਸਕਦਾ। ਇਹ ਗੱਲ ਸਮਝਾ ਕੇ ਵੀ ਕੋਈ ਕਹਿ ਨਹੀਂ ਸਕਦਾ ਕਿ ਇਹਨਾਂ ਕਰਮਾਂ ਦੇ ਨਾਲ ਮੁਕਤੀ ਮਿਲਦੀ ਹੈ। ਮੁਕਤੀ ਤਾਂ ਕੇਵਲ ਪ੍ਰਭੂ ਪ੍ਰੇਮ ਨਾਲ ਮਿਲਦੀ ਹੈ।

**ਪਾਰੁ ਕੈਸੇ ਪਾਇਬੋ ਰੇ॥ ਮੋ ਸਉ ਕੋਊ ਨ ਕਹੈ ਸਮਝਾਇ॥**
**ਜਾ ਤੇ ਆਵਾਗਵਨੁ ਬਿਲਾਇ॥੧॥ ਰਹਾਉ॥**

ਇਕ ਪ੍ਰਭੂ ਦੇ ਨਾਮ ਤੋਂ ਬਿਨਾਂ ਇਸ ਭਵਸਾਗਰ ਤੋਂ ਅਤੇ ਜਨਮ-ਮਰਨ ਦੇ ਚੱਕਰ ਤੋਂ ਕਿਸ ਪ੍ਰਕਾਰ ਮੁਕਤ ਹੋਣਾ ਹੈ? ਇਸ ਗੱਲ ਦੀ ਸੱਚਾਈ ਮੈਨੂੰ ਕੋਈ ਵੀ ਕਹਿ ਕੇ ਸਮਝਾ ਨਹੀਂ ਰਿਹਾ, ਦਰਸਾ ਨਹੀਂ ਰਿਹਾ।

**ਬਹੁ ਬਿਧਿ ਧਰਮ ਨਿਰੂਪੀਐ ਕਰਤਾ ਦੀਸੈ ਸਭ ਲੋਇ॥**
**ਕਵਨ ਕਰਮ ਤੇ ਛੂਟੀਐ ਜਿਹ ਸਾਧੇ ਸਭ ਸਿਧਿ ਹੋਇ॥੨॥**

ਵੇਦਾਂ ਪੁਰਾਣਾਂ ਵਿਚ ਅਨੇਕਾਂ ਪ੍ਰਕਾਰ ਦੇ ਧਰਮ-ਕਰਮ ਮਿੱਥੇ ਗਏ ਹਨ। ਸਾਰੇ ਸੰਸਾਰ ਦੇ ਲੋਕ ਇਹਨਾਂ ਨੂੰ ਕਰਦੇ ਵੀ ਨਜ਼ਰ ਆਉਂਦੇ ਹਨ ਪਰ ਗੁਰੂ ਜੀ ਕਹਿੰਦੇ ਹਨ ਕਿ ਇਹ ਨਹੀਂ ਦੱਸਿਆ ਗਿਆ ਕਿ ਅਨੇਕਾਂ ਕਰਮਾਂ 'ਚੋਂ ਕਿਹੜਾ ਕਰਮ ਕੀਤਾ ਜਾਵੇ, ਜਿਸ ਦੇ ਕਰਨ ਨਾਲ ਸਭ ਸਿੱਧੀਆਂ ਭਾਵ ਮੁਕਤੀ ਪ੍ਰਾਪਤ ਹੋ ਜਾਵੇ।

**ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ॥**
**ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨੁ॥੩॥**

ਵੇਦਾਂ ਪੁਰਾਣਾਂ ਨੂੰ ਪੜ੍ਹ ਕੇ ਮਨ ਵਿਚ ਸ਼ੰਕੇ ਪੈਦਾ ਹੁੰਦੇ ਹਨ ਕਿ ਕਿਹੜਾ ਕਰਮ ਕੀਤਾ ਜਾਵੇ ਤੇ ਕਿਹੜਾ ਕਰਮ ਨਾ ਕੀਤਾ ਜਾਵੇ। ਇਹਨਾਂ ਕਰਮਾਂ ਦੇ ਕਰਨ ਨਾਲ ਜੀਵ ਦੇ ਮਨ 'ਚ ਭਰਮ ਪੈਦਾ ਹੁੰਦਾ ਹੈ। ਜਦ ਤੱਕ ਜੀਵ ਦੇ ਮਨ ਵਿਚ ਭਰਮ ਹੈ ਤਾਂ ਫਿਰ ਹੰਕਾਰ ਦਾ ਨਾਸ਼ ਕੌਣ ਕਰੇਗਾ? ਭਰਮ ਹੀ ਤਾਂ ਹੰਕਾਰ ਨੂੰ ਜਨਮ ਦਿੰਦਾ ਹੈ।

ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧਿ ਬਿਕਾਰ॥
ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ॥੪॥

ਜੇਕਰ ਤੀਰਥਾਂ ਨੂੰ ਹੀ ਪਾਪਾਂ ਦੀ ਨਵਿਰਤੀ ਦਾ ਸਾਧਨ ਮੰਨ ਲਿਆ ਜਾਵੇ ਤਾਂ ਤੀਰਥਾਂ 'ਤੇ ਇਸ਼ਨਾਨ ਕਰਕੇ ਜੀਵ ਦੇ ਸਰੀਰ ਦੀ ਮੈਲ ਤਾਂ ਉਤਰ ਜਾਂਦੀ ਹੈ ਪਰ ਜੀਵ ਦੇ ਮਨ ਵਿਚ ਅਨੇਕਾਂ ਪ੍ਰਕਾਰ ਦੇ ਵਿਕਾਰ ਬਣੇ ਰਹਿੰਦੇ ਹਨ ਜੋ ਪਰਮਾਤਮਾ ਦਾ ਨਾਮ ਜੱਪਣ ਤੋਂ ਬਿਨਾਂ ਨਹੀਂ ਧੋਤੇ ਜਾ ਸਕਦੇ। ਫਿਰ ਜੀਵ ਨੇ ਕਿਹੜੇ ਕਰਮ ਕਰਨ ਨਾਲ ਸ਼ੁੱਧ ਹੋਣਾ ਹੈ? ਜੀਵ ਦਾ ਵਿਵਹਾਰ ਤਾਂ ਹਾਥੀ ਵਾਂਗ ਹੈ। ਹਾਥੀ ਨੂੰ ਕਿੰਨਾ ਵੀ ਨਹਾ ਦਈਏ ਪਰ ਉਹ ਆਪਣੇ ਉੱਪਰ ਚਿੱਕੜ ਪਾ ਕੇ ਆਪਣਾ ਸਰੀਰ ਫਿਰ ਮੈਲਾ ਕਰ ਲੈਂਦਾ ਹੈ।

(ਸਤਿਗੁਰੂ ਤੇਗ ਬਹਾਦਰ ਜੀ ਫੁਰਮਾਉਂਦੇ ਹਨ—
ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨ॥)
(ਪੰਨਾ ੧੪੨੮)

ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ॥
ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ॥੫॥

ਜਿਵੇਂ ਇਹ ਮਹਾਨ ਸੱਚਾਈ ਹੈ ਕਿ ਸੂਰਜ ਦੇ ਪ੍ਰਕਾਸ਼ ਨਾਲ ਰਾਤ ਦਾ ਹਨ੍ਹੇਰਾ ਦੂਰ ਹੋ ਜਾਂਦਾ ਹੈ। ਇਸ ਗੱਲ ਨੂੰ ਸੰਸਾਰ ਦੇ ਲੋਕ ਬਹੁਤ ਚੰਗੀ ਤਰ੍ਹਾਂ ਜਾਣਦੇ ਹਨ। ਇਸੇ ਤਰ੍ਹਾਂ ਜਦ ਤੱਕ ਜੀਵ ਦੇ ਮਨ ਵਿਚ ਗੁਰੂ ਦੇ ਗਿਆਨ ਦਾ ਪ੍ਰਕਾਸ਼ ਨਹੀਂ ਹੁੰਦਾ ਓਨਾ ਚਿਰ ਅਗਿਆਨਤਾ ਦੇ ਹਨੇਰੇ ਦਾ ਨਾਸ਼ ਨਹੀਂ ਹੁੰਦਾ।

(ਜਿਵੇਂ ਸਤਿਗੁਰੂ ਅੰਗਦ ਦੇਵ ਜੀ ਫੁਰਮਾਉਂਦੇ ਹਨ—
ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥੨॥ (ਪੰਨਾ ੪੬੩)

ਜੇਕਰ ਇਸ ਸੰਸਾਰ ਵਿਚ ਸੌ ਚੰਦ ਚੜ੍ਹ ਜਾਣ ਅਤੇ ਹਜ਼ਾਰ ਸੂਰਜ ਚੜ੍ਹ ਜਾਣ ਤਾਂ ਇੰਨਾ ਚਾਨਣ ਹੁੰਦਿਆਂ ਹੋਇਆਂ ਵੀ ਗੁਰੂ ਦੇ ਗਿਆਨ ਤੋਂ ਬਿਨਾਂ ਅੰਧੇਰਾ ਹੈ।)

ਜਿਸ ਵੇਲੇ ਪਾਰਸ ਤਾਂਬੇ ਨਾਲ ਛੂ ਜਾਂਦਾ ਹੈ ਤਾਂ ਉਸ ਨੂੰ ਸੋਨਾ ਬਨਣ ਲੱਗਿਆਂ ਦੇਰ ਨਹੀਂ ਲੱਗਦੀ।

(ਸਤਿਗੁਰ ਨਾਮਦੇਵ ਜੀ ਫੁਰਮਾਉਂਦੇ ਹਨ ਕਿ—
ਤੁਮ੍ ਚੇ ਪਾਰਸੁ ਹਮਚੇ ਲੋਹਾ ਸੰਗੇ ਕੰਚਨੁ ਭੈਇਲਾ॥ (ਪੰਨਾ ੧੩੫੧)

ਭਾਵ ਪਰਮਾਤਮਾ ਜੀ ਆਪ ਸੰਸਾਰ ਵਿਚ ਪਾਰਸ ਵਾਂਗ ਹੋ। ਅਸੀਂ ਤਾਂ ਸੰਸਾਰੀ ਜੀਵ ਲੋਹੇ ਵਾਂਗ ਨਿਕੰਮੇ ਹਾਂ। ਪਰ ਆਪ ਜੀ ਨੂੰ ਮਿਲਣ ਕਰਕੇ ਅਸੀਂ ਸੋਨਾ ਬਣ ਗਏ ਹਾਂ।)

ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ॥



ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ॥੬॥

ਜੀਵ ਨੂੰ ਪਰਮ ਪਾਰਸ ਗੁਰੂ ਉਸ ਵੇਲੇ ਮਿਲਦੇ ਹਨ, ਜਦੋਂ ਉਸਦੇ ਮਸਤਕ ਤੇ ਪਿਛਲੇ ਕਰਮਾਂ ਦੇ ਲੇਖ ਹੁੰਦੇ ਹਨ।

(ਸਤਿਗੁਰੂ ਨਾਮਦੇਵ ਜੀ ਫੁਰਮਾਉਂਦੇ ਹਨ—
ਜਾ ਕੇ ਮਸਤਕਿ ਲਿਖਿਓ ਕਰਮਾ॥
ਸੋ ਭਜਿ ਪਰਿ ਹੈ ਗੁਰ ਕੀ ਸਰਨਾ॥ (ਪੰਨਾ ੧੧੬੫)

ਜਿਸ ਜੀਵ ਦੇ ਮੱਥੇ 'ਤੇ ਸ੍ਰੇਸ਼ਟ ਕਰਮਾਂ ਦੇ ਲੇਖ ਲਿਖੇ ਹੁੰਦੇ ਹਨ, ਉਹ ਦੌੜ ਕੇ ਸੰਤਾਂ ਦੀ ਸ਼ਰਨ ਵਿਚ ਆ ਜਾਂਦਾ ਹੈ।

ਇਸ ਤੱਥ ਦੀ ਪ੍ਰੋੜ੍ਹਤਾ ਸਤਿਗੁਰੂ ਕਬੀਰ ਜੀ ਕਰਦੇ ਹਨ—
ਕਬੀਰ ਸਾਧੂ ਸੰਗੁ ਪਰਾਪਤੀ ਲਿਖਿਆ ਹੋਇ ਲਿਲਾਟ॥ ੧੩੭੭॥)

ਪਰਸ ਪਾਰਸ ਗੁਰੂ ਦੇ ਮਿਲਣ ਨਾਲ ਜੀਵ ਦੇ ਅਗਿਆਨਤਾ ਦੇ ਸਖਤ ਦਰਵਾਜੇ ਖੁੱਲ੍ਹ ਜਾਂਦੇ ਹਨ ਅਤੇ ਜੀਵ ਤੁਰੀਆ ਅਵਸਥਾ ਵਿਚ ਪਹੁੰਚ ਜਾਂਦਾ ਹੈ।

ਭਗਤਿ ਜੁਗਤਿ ਮਤਿ ਸਤਿ ਕਰੀ ਭ੍ਰਮ ਬੰਧਨ ਕਾਟਿ ਬਿਕਾਰ॥
ਸੋਈ ਬਸਿ ਰਸਿ ਮਨ ਮਿਲੇ ਗੁਨ ਨਿਰਗੁਨ ਏਕ ਬਿਚਾਰ॥੭॥

ਜਿਨ੍ਹਾਂ ਜੀਵਾਂ ਨੇ ਆਪਣੇ ਹਿਰਦੇ ਵਿਚ ਭਗਤੀ ਦੀ ਜੁਗਤੀ ਨੂੰ ਸਤਿ ਕਰਕੇ ਜਾਣ ਲਿਆ ਉਹਨਾਂ ਦੇ ਸਾਰੇ ਹੀ ਭਰਮਾਂ ਤੇ ਵਿਕਾਰਾਂ ਦੇ ਬੰਧਨ ਕੱਟ ਜਾਂਦੇ ਹਨ ਤੇ ਉਹਨਾਂ ਦੇ ਮਨ ਨੂੰ ਇਸ ਤਰ੍ਹਾਂ ਦਾ ਆਨੰਦ ਮਿਲਦਾ ਹੈ ਕਿ ਪਰਮਾਤਮਾ ਦੇ ਨਿਰਗੁਣ ਤੇ ਸਰਗੁਣ ਗੁਣਾਂ ਦਾ ਇਕੋ ਹੀ ਵਿਚਾਰ ਰਹਿ ਜਾਂਦਾ ਹੈ। (ਸਤਿਗੁਰੂ ਨਾਮਦੇਵ ਜੀ ਫੁਰਮਾਉਂਦੇ ਹਨ—
ਗੂੰਗੇ ਮਹਾ ਅੰਮ੍ਰਿਤ ਰਸੁ ਚਾਖਿਆ ਪੂਛੇ ਕਹਨੁ ਨ ਜਾਈ ਹੋ॥੩॥ (ਪੰਨਾ ੬੫੭)

ਭਾਵ ਜਿਸ ਪ੍ਰਕਾਰ ਇਕ ਗੂੰਗਾ ਵਿਅਕਤੀ ਗੁੜ ਖਾਣ ਉਪਰੰਤ ਉਸਦੀ ਮਿਠਾਸ ਦਾ ਬਿਆਨ ਨਹੀਂ ਕਰ ਸਕਦਾ, ਉਸੇ ਤਰ੍ਹਾਂ ਜਿਹੜਾ ਜੀਵ ਪਰਮਾਤਮਾ ਦੇ ਪਰਮ ਆਨੰਦ ਵਿਚ ਲੀਨ ਹੈ, ਉਹ ਪਰਮਾਤਮਾ ਬਾਰੇ ਬਿਆਨ ਨਹੀਂ ਕਰ ਸਕਦਾ।

ਇਸੇ ਪ੍ਰਕਾਰ ਸਤਿਗੁਰੂ ਕਬੀਰ ਮਹਾਰਾਜ ਜੀ ਵੀ ਕਹਿੰਦੇ ਹਨ—
ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ॥) (ਪੰਨਾ ੩੩੪)

ਅਨਿਕ ਜਤਨ ਨਿਗ੍ਰਹ ਕੀਏ ਟਾਰੀ ਨ ਟਰੈ ਭ੍ਰਮ ਫਾਸ॥
ਪ੍ਰੇਮ ਭਗਤਿ ਨਹੀ ਊਪਜੈ ਤਾ ਤੇ ਰਵਿਦਾਸ ਉਦਾਸ॥੮॥੧॥

ਸਤਿਗੁਰੂ ਰਵਿਦਾਸ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜੀਵ ਪਰਮਾਤਮਾ ਦੇ ਨਾਮ ਤੋਂ ਬਿਨਾਂ ਆਪਣੀਆਂ ਇੰਦਰੀਆਂ ਨੂੰ ਵਿਸ਼ੇ ਵਿਕਾਰਾਂ ਤੋਂ ਰੋਕਣ ਦੇ ਅਨੇਕ ਯਤਨ ਕਰ ਲਵੇ, ਪਰ ਫਿਰ ਵੀ ਭਰਮ ਦੂਰ ਨਹੀਂ ਹੁੰਦਾ ਤੇ ਜੀਵ ਦੇ ਮਨ ਵਿਚ ਪ੍ਰੇਮਾ-ਭਗਤੀ ਉਤਪੰਨ ਨਹੀਂ ਹੁੰਦੀ। ਇਸ ਕਰਕੇ ਜੀਵ ਕਰਮ-ਕਾਂਡ ਕਰਦਾ ਹੋਇਆ ਵੀ ਉਦਾਸ ਰਹਿੰਦਾ ਹੈ।

*****

# ਸ਼ਬਦ 7

ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ

ੴ ਸਤਿਗੁਰ ਪ੍ਰਸਾਦਿ॥

**ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥**
**ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ॥੧॥**
**ਮਾਧੋ ਅਬਿਦਿਆ ਹਿਤ ਕੀਨ॥**
**ਬਿਬੇਕ ਦੀਪ ਮਲੀਨ॥੧॥ ਰਹਾਉ॥**
**ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ॥**
**ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ॥੨॥**
**ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ॥**
**ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ॥੩॥**
**ਰਵਿਦਾਸ ਦਾਸ ਉਦਾਸ ਤਜੁ ਭ੍ਰਮੁ ਤਪਨ ਤਪੁ ਗੁਰ ਗਿਆਨ॥**
**ਭਗਤ ਜਨ ਭੈ ਹਰਨ ਪਰਮਾਨੰਦ ਕਰਹੁ ਨਿਦਾਨ॥੪॥੧॥**

(ਪੰਨਾ ੪੮੬)

ਸਤਿਗੁਰੂ ਰਵਿਦਾਸ ਜੀ ਨੇ ਜੀਵ ਦੇ ਜੀਵਨ ਉੱਤੇ ਪੰਜਾਂ ਵਿਕਾਰਾਂ ਅਤੇ ਅਗਿਆਨਤਾ ਦਾ ਪ੍ਰਭਾਵ ਦੱਸਦੇ ਹੋਏ ਜੀਵ ਨੂੰ ਗੁਰੂ ਗਿਆਨ ਨੂੰ ਪ੍ਰਾਪਤ ਕਰਕੇ ਵਿਕਾਰਾਂ ਅਤੇ ਅਗਿਆਨਤਾ ਤੋਂ ਮੁਕਤ ਹੋ ਕੇ ਪਰਮਾਤਮਾ ਦਾ ਨਾਮ ਜੱਪ ਕੇ ਜੀਵਨ ਸਫ਼ਲ ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ। ਕਿਉਂਕਿ ਅਗਿਆਨਤਾ ਹੀ ਸੰਸਾਰ ਦੇ ਸਭ ਦੁੱਖਾਂ ਦਾ ਕਾਰਨ ਹੈ।

**ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥**
**ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ॥੧॥**

ਹਿਰਨ, ਮੱਛੀ, ਭੌਰਾ, ਪਤੰਗਾ ਅਤੇ ਹਾਥੀ ਇਹਨਾਂ ਪੰਜਾਂ ਵਿਚ ਇਕ-ਇਕ ਦੋਸ਼ ਕਰਕੇ ਇਹਨਾਂ ਦਾ ਵਿਨਾਸ਼ ਹੋ ਜਾਂਦਾ ਹੈ। ਹਿਰਨ ਨੂੰ ਕੰਨ-ਰਸ ਹੋਣ ਕਰਕੇ ਇਸ ਦਾ ਨਾਸ਼ ਹੋ ਜਾਂਦਾ ਹੈ। ਜਦੋਂ ਸ਼ਿਕਾਰੀ ਨੇ ਹਿਰਨ ਨੂੰ ਫੜਨਾ ਹੁੰਦਾ ਹੈ ਤਾਂ ਘੰਡੇ-ਹੇੜੇ ਦਾ ਨਾਦ ਵਜਾਉਂਦਾ ਹੈ ਅਤੇ ਹਿਰਨ ਘੰਡੇ-ਹੇੜੇ ਦਾ ਨਾਦ ਸੁਣਦਾ ਹੋਇਆ ਜਾਲ ਵਿਚ ਫਸ ਜਾਂਦਾ ਹੈ ਤੇ ਸ਼ਿਕਾਰੀ ਉਸ ਨੂੰ ਮਾਰ ਦਿੰਦਾ ਹੈ। ਮੱਛੀ ਜੀਭ ਦੇ ਸਵਾਦ ਕਰਕੇ ਆਪਣਾ ਨਾਸ਼ ਕਰ ਲੈਂਦੀ ਹੈ। ਜਦੋਂ ਸ਼ਿਕਾਰੀ ਕੁੰਡੀ ਨਾਲ ਮਾਸ ਲਾ ਕੇ ਪਾਣੀ ਵਿਚ ਸੁੱਟਦਾ ਹੈ ਤੇ ਮੱਛੀ ਜੀਭ ਦੇ ਸਵਾਦ ਕਰਕੇ ਮਾਸ ਖਾਂਦੀ ਹੈ ਤੇ ਕੁੰਡੀ ਵਿਚ ਆਪਣਾ ਮੂੰਹ ਫਸਾ ਲੈਂਦੀ ਹੈ ਤੇ ਸ਼ਿਕਾਰੀ ਇਸ ਨੂੰ ਪਾਣੀ ਤੋਂ ਬਾਹਰ ਕੱਢ ਲੈਂਦਾ ਹੈ ਤੇ ਇਹ ਮਾਰੀ ਜਾਂਦੀ ਹੈ। ਭੌਰਾ ਨੱਕ-ਰਸ ਕਾਰਨ ਆਪਣੀ ਜਾਨ ਗਵਾ ਲੈਂਦਾ ਹੈ। ਜਦ ਸੂਰਜ ਉਦੈ ਹੁੰਦਾ ਹੈ ਤਾਂ ਕਮਲ ਦਾ ਫੁੱਲ ਖਿੜਦਾ ਹੈ। ਭੌਰਾ ਇਸ 'ਤੇ ਸੁਗੰਧੀ ਲੈਣ ਲਈ ਬੈਠਦਾ ਹੈ। ਜਿਸ ਵੇਲੇ ਸੂਰਜ ਛਿਪਦਾ ਹੈ, ਕਮਲ ਦਾ ਫੁੱਲ ਬੰਦ ਹੁੰਦਾ ਹੈ ਅਤੇ ਭੌਰਾ ਕਮਲ ਦੇ ਫੁੱਲ ਵਿਚ ਘੁੱਟ ਹੋ ਕੇ ਮਰ ਜਾਂਦਾ ਹੈ। ਪਤੰਗੇ



ਨੂੰ ਅੱਖ ਨਾਲ ਵੇਖਣ ਦਾ ਰਸ ਹੈ। ਜਿਸ ਵੇਲੇ ਇਹ ਰੌਸ਼ਨੀ ਦੇਖਦਾ ਹੈ ਤਾਂ ਰੌਸ਼ਨੀ ਦੇਖਦਾ ਦੇਖਦਾ ਉਸ ਦੇ ਨੇੜੇ ਜਾਂਦਾ ਹੈ ਤੇ ਉਸ ਵਿਚ ਸੜ ਕੇ ਮਰ ਜਾਂਦਾ ਹੈ। ਹਾਥੀ ਵਿਚ ਕਾਮ-ਵਾਸਨਾ ਹੈ। ਜਿਸ ਵੇਲੇ ਹਾਥੀ ਨੂੰ ਸ਼ਿਕਾਰੀ ਨੇ ਫੜਨਾ ਹੁੰਦਾ ਹੈ ਤਾਂ ਸ਼ਿਕਾਰੀ ਟੋਆ ਪੁੱਟ ਕੇ ਉਪਰ ਕਾਨਿਆਂ ਦੀ ਛੱਤ ਪਾ ਕੇ ਉੱਪਰ ਕਾਗਜ਼ਾਂ ਦੀ ਹਥਣੀ ਬਣਾ ਕੇ ਖੜੀ ਕਰ ਦਿੰਦਾ ਹੈ। ਹਾਥੀ ਹਥਣੀ ਦੇ ਨੇੜੇ ਪੁੱਜਦਾ ਹੈ ਤਾਂ ਟੋਏ ਵਿਚ ਗਿਰ ਜਾਂਦਾ ਹੈ। ਉਹ ਸਾਰੀ ਉਮਰ ਮਹਾਵਤ ਦੇ ਕੁੰਡੇ ਸਹਿੰਦਾ ਹੋਇਆ ਮਰ ਜਾਂਦਾ ਹੈ।

(ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਫੁਰਮਾਉਂਦੇ ਹਨ—

ਭ੍ਰਿੰਗ ਪਤੰਗੁ ਕੁੰਚਰੁ ਅਰੁ ਮੀਨਾ॥ ਮਿਰਗੁ ਮਰੈ ਸਹਿ ਅਪੁਨਾ ਕੀਨਾ॥

(ਪੰਨਾ ੨੨੫)

ਪਰ ਜੀਵ ਵਿਚ ਇਹ ਪੰਜੇ ਨਾ ਸਾਧੇ ਜਾਣ ਵਾਲੇ ਐਬ ਹਨ। ਫਿਰ ਇਸ ਦੇ ਬਚਣ ਦੀ ਕਿੰਨੀ ਕੁ ਆਸ ਕੀਤੀ ਜਾ ਸਕਦੀ ਹੈ?

**ਮਾਧੋ ਅਬਿਦਿਆ ਹਿਤ ਕੀਨ॥**
**ਬਿਬੇਕ ਦੀਪ ਮਲੀਨ॥੧॥ ਰਹਾਉ॥**

ਹੇ ਪਰਮਾਤਮਾ ਜੀ, ਇਸ ਜੀਵ ਨੇ ਅਗਿਆਨਤਾ ਵਿਚ ਆਪਣਾ ਹਿੱਤ ਜਾਣਿਆ ਹੈ। ਇਸ ਕਾਰਣ ਜੀਵ ਦੀ ਸੋਚਣ ਸਮਝਣ ਦੀ ਸ਼ਕਤੀ, ਸਤਿ-ਅਸਤਿ ਨੂੰ ਜਾਨਣ ਦੀ ਸ਼ਕਤੀ ਮੈਲੀ ਹੋ ਗਈ ਹੈ। ਵਿੱਦਿਆ ਦੀ ਘਾਟ ਕਰਕੇ ਇਹ ਜੀਵ ਭੇਦ-ਭਾਵ ਵਿਚ ਫਸ ਕੇ ਆਪਣਾ ਜੀਵਨ ਵਿਅਰਥ ਗੁਆ ਰਿਹਾ ਹੈ।

**ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ॥**
**ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ॥੨॥**

ਟੇਢੀਆਂ ਜੂਨਾਂ ਵਾਲੇ ਜੀਵਾਂ ਵਿਚ ਚੇਤਨਤਾ ਇਨਸ਼ਾਨ ਵਾਂਗ ਨਹੀਂ ਹੁੰਦੀ। ਸੰਭਾਵਤ ਹੀ ਉਹਨਾਂ ਵਿਚ ਪੁੰਨ-ਪਾਪ ਦੀ, ਚੰਗੇ ਮਾੜੇ ਦੀ ਸੋਚ ਨਹੀਂ ਹੁੰਦੀ। ਇਸ ਜੀਵ ਨੂੰ ਅਵਤਾਰਾਂ ਵਾਂਗ ਮਨੁੱਖਾ ਜਨਮ ਪ੍ਰਾਪਤ ਹੋਇਆ ਹੈ, ਪਰ ਇਸ ਦੀ ਸੰਗਤ ਵਿਕਾਰਾਂ ਕਰਕੇ ਨੀਚ ਹੈ।

(ਸਤਿਗੁਰੂ ਕਬੀਰ ਸਾਹਿਬ ਵੀ ਫ਼ਰਮਾਉਂਦੇ ਹਨ—

ਗੁਰ ਸੇਵਾ ਤੇ ਭਗਤਿ ਕਮਾਈ॥ ਤਬ ਇਹ ਮਾਨਸ ਦੇਹੀ ਪਾਈ॥
ਇਸ ਦੇਹੀ ਕਉ ਸਿਮਰਹਿ ਦੇਵ॥ ਸੋ ਦੇਹੀ ਭਜੁ ਹਰਿ ਕੀ ਸੇਵ॥੧॥

(ਪੰਨਾ ੧੧੫੯)

ਗੁਰੂ ਦੀ ਸੇਵਾ ਕਰਨ ਵਾਸਤੇ ਅਤੇ ਭਗਤੀ ਦੀ ਕਮਾਈ ਕਰਨ ਵਾਸਤੇ ਇਹ ਮਾਨਸ ਜਨਮ ਮਿਲਿਆ ਹੈ। ਇਸ ਜਨਮ ਨੂੰ ਦੇਵੀ ਦੇਵਤੇ ਤਰਸਦੇ ਹਨ। ਇਹ ਜਨਮ ਪਰਮਾਤਮਾ ਦੇ ਸਿਮਰਨ ਲਈ ਮਿਲਿਆ ਹੈ।)

**ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ॥**
**ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ॥੩॥**

ਜੀਵ ਜਿੱਥੇ-ਜਿੱਥੇ ਲੱਗੇ ਹੋਏ ਹਨ, ਆਪਣੇ ਕੀਤੇ ਹੋਏ ਕਰਮਾਂ ਦੇ

ਵਸੀਕਾਰ ਲੱਗੇ ਹਨ। ਪਰ ਜਦੋਂ ਜੀਵ ਨੂੰ ਨਾ ਕੱਟੀ ਜਾਣ ਵਾਲੀ ਕਾਲ ਰੂਪੀ ਮੌਤ ਦੀ ਫਾਹੀ ਆ ਕੇ ਲੱਗਦੀ ਹੈ, ਉਸ ਅੱਗੇ ਜੀਵ ਦਾ ਕੋਈ ਉਪਾਅ ਨਹੀਂ ਚਲਦਾ। ਉਸ ਨੂੰ ਸੰਸਾਰ ਛੱਡ ਕੇ ਜਾਣਾ ਪੈਂਦਾ ਹੈ।

**ਰਵਿਦਾਸ ਦਾਸ ਉਦਾਸ ਤਜੁ ਭ੍ਰਮੁ ਤਪਨ ਤਪੁ ਗੁਰ ਗਿਆਨ॥**
**ਭਗਤ ਜਨ ਭੈ ਹਰਨ ਪਰਮਾਨੰਦ ਕਰਹੁ ਨਿਦਾਨ॥੪॥੧॥**

ਸਤਿਗੁਰੂ ਰਵਿਦਾਸ ਮਹਾਰਾਜ ਜੀ ਫਰਮਾਨ ਕਰਦੇ ਹਨ ਕਿ ਜਿਹੜਾ ਜੀਵ ਇਸ ਸੰਸਾਰ ਵਿਚ ਤਪਾਂ ਵਿਚੋਂ ਸ੍ਰੇਸ਼ਟ ਤਪ ਗੁਰੂ ਦਾ ਗਿਆਨ ਪ੍ਰਾਪਤ ਕਰ ਲੈਂਦਾ ਹੈ, ਉਹ ਵਿਸ਼ੇ ਵਿਕਾਰਾਂ ਤੋਂ ਰਹਿਤ ਹੋ ਜਾਂਦਾ ਹੈ। ਉਸ ਦੀ ਮਤ ਸੰਸਾਰ ਵਲੋਂ ਉਦਾਸ ਹੋ ਜਾਂਦੀ ਹੈ ਅਤੇ ਉਸਦੇ ਭਰਮ ਦਾ ਨਾਸ਼ ਹੋ ਜਾਂਦਾ ਹੈ। ਪਰਮਾਤਮਾ ਆਪਣੇ ਭਗਤਾਂ ਦੇ ਡਰ ਦਾ ਨਾਸ਼ ਕਰਨ ਵਾਲਾ ਹੈ। ਹੇ ਪਰਮਾਨੰਦ ਪ੍ਰਭੂ ਜੀ! ਆਪ ਇਸ ਸੰਸਾਰ ਵਿਚ ਜੀਵ ਦੇ ਵਿਕਾਰਾਂ ਅਤੇ ਜਨਮ ਮਰਨ ਦੇ ਚੱਕਰ ਦਾ ਅੰਤ ਕਰੋ ਜੀ।

******

## ਸ਼ਬਦ 8

**ਸੰਤ ਤੁਝੀ ਤਨੁ ਸੰਗਤਿ ਪ੍ਰਾਨ॥**
**ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ॥੧॥**
**ਸੰਤ ਚੀ ਸੰਗਤਿ ਸੰਤ ਕਥਾ ਰਸੁ॥**
**ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ॥੧॥ ਰਹਾਉ॥**
**ਸੰਤ ਆਚਰਣ ਸੰਤ ਚੋ ਮਾਰਗੁ ਸੰਤ ਚ ਓਲ੍ਹਗ ਓਲ੍ਹਗਣੀ॥੨॥**
**ਅਉਰ ਇਕ ਮਾਗਉ ਭਗਤਿ ਚਿੰਤਾਮਣਿ॥**
**ਜਣੀ ਲਖਾਵਹੁ ਅਸੰਤ ਪਾਪੀ ਸਣਿ॥੩॥**
**ਰਵਿਦਾਸੁ ਭਣੈ ਜੋ ਜਾਣੈ ਸੋ ਜਾਣੁ॥**
**ਸੰਤ ਅਨੰਤਹਿ ਅੰਤਰੁ ਨਾਹੀ॥੪॥੨॥** (ਪੰਨਾ ੪੮੬)

ਸਤਿਗੁਰੂ ਰਵਿਦਾਸ ਮਹਾਰਾਜ ਮਾਨਵਤਾ ਨੂੰ ਸੰਤਾਂ ਦੀ ਸੰਗਤ ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ। ਸੰਤਾਂ ਦੀ ਸੰਗਤ ਵਿੱਚ ਰਹਿ ਕੇ ਹੀ ਏਕਤਾ, ਸਮਾਨਤਾ, ਭਾਈਚਾਰਾ, ਸਾਂਝੀਵਾਲਤਾ ਤੇ ਪਰਮਾਤਮਾ ਨੂੰ ਮਿਲਣ ਦਾ ਰਸਤਾ ਪ੍ਰਾਪਤ ਹੁੰਦਾ ਹੈ ਕਿਉਂਕਿ ਸੰਤਾਂ ਅਤੇ ਪਰਮਾਤਮਾ ਵਿਚ ਕੋਈ ਭੇਦ ਨਹੀਂ ਹੈ।

**ਸੰਤ ਤੁਝੀ ਤਨੁ ਸੰਗਤਿ ਪ੍ਰਾਨ॥**
**ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ॥੧॥**

ਹੇ ਪਰਮਾਤਮਾ ਜੀ! ਸੰਤ ਆਪ ਦਾ ਸਰੀਰ ਹਨ ਅਤੇ ਸੰਤਾਂ ਦੀ ਸੰਗਤ ਆਪ ਦੇ ਪ੍ਰਾਣ ਹਨ। ਸਤਿਗੁਰ ਗਿਆਨ ਨਾਲ ਹੀ ਜਾਣਿਆ ਜਾਂਦਾ ਹੈ ਕਿ ਸੰਤ ਦੇਵਾਂ ਦੇ ਪੂਜਨੀਕ ਦੇਵ ਹਨ ਤੇ ਪਰਮਾਤਮਾ ਸਰੂਪ ਹਨ।

(ਬਾਬਾ ਫ਼ਰੀਦ ਜੀ ਫੁਰਮਾਨ ਕਰਦੇ ਹਨ—



ਕਰਿ ਕਿਰਪਾ, ਪ੍ਰਭਿ ਸਾਧਸੰਗਿ ਮੇਲੀ॥
ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ॥੩॥ (ਪੰਨਾ ੭੯੪)

ਪ੍ਰਭੂ ਨੇ ਕਿਰਪਾ ਕਰਕੇ ਜਦੋਂ ਮੈਨੂੰ ਸੰਤਾਂ ਦੀ ਸੰਗਤ ਨਾਲ ਮੇਲਿਆ ਤਾਂ ਸੰਤਾਂ ਦੀ ਸੰਗਤ ਦੇ ਪ੍ਰਤਾਪ ਕਰਕੇ ਮੈਂ ਜਿੱਧਰ ਵੀ ਦੇਖਿਆ ਮੈਨੂੰ ਅੱਲ੍ਹਾ ਬੇਲੀ ਨਜ਼ਰ ਆਇਆ।)

**ਸੰਤ ਚੀ ਸੰਗਤਿ ਸੰਤ ਕਥਾ ਰਸੁ॥**
**ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ॥੧॥ ਰਹਾਉ॥**

ਹੇ ਦੇਵਾ ਦੇ ਦੇਵ ਪਰਮਾਤਮਾ ਜੀ! ਮੈਨੂੰ ਸੰਤਾਂ ਦੀ ਸੰਗਤ, ਸੰਤਾਂ ਦੀ ਕਥਾ ਦਾ ਆਨੰਦ ਅਤੇ ਸੰਤਾਂ ਨਾਲ ਪ੍ਰੇਮ ਦੇਣਾ ਕਰੋ ਜੀ।

(ਸਤਿਗੁਰੂ ਕਬੀਰ ਮਹਾਰਾਜ ਵੀ ਫ਼ਰਮਾਉਂਦੇ ਹਨ—
ਸੰਤਸੰਗਤਿ ਰਾਮੁ ਰਿਦੈ ਬਸਾਈ॥੧॥
.................................
ਸਾਧਸੰਗਤਿ ਉਪਜੈ ਬਿਸ੍ਵਾਸ॥
ਬਾਹਰਿ ਭੀਤਰਿ ਸਦਾ ਪ੍ਰਗਾਸ॥੪॥ (ਪੰਨਾ ੩੪੩)

ਸੰਤਾਂ ਦੀ ਸੰਗਤ ਵਿਚ ਜਾ ਕੇ ਜੀਵ ਦੇ ਹਿਰਦੇ ਵਿਚ ਪਰਮਾਤਮਾ ਦੇ ਨਾਮ ਦਾ ਵਾਸ ਹੁੰਦਾ ਹੈ। ਸੰਤਾਂ ਦੀ ਸੰਗਤ ਦੁਆਰਾ ਮਨ ਵਿਚ ਭਰੋਸਾ ਪੈਦਾ ਹੋਣ ਨਾਲ ਸਰੀਰ ਦੇ ਅਥਵਾ-ਬ੍ਰਹਿਮੰਡ ਦੇ ਅੰਦਰ ਬਾਹਰ ਸਦਾ ਉਸ ਪਰਮਾਤਮਾ ਦਾ ਪ੍ਰਕਾਸ਼ ਦਿੱਸਦਾ ਹੈ।)

**ਸੰਤ ਆਚਰਣ ਸੰਤ ਚੋ ਮਾਰਗੁ ਸੰਤ ਚ ਓਲ੍ਹਗ ਓਲ੍ਹਗਣੀ॥੨॥**

ਹੇ ਪ੍ਰਭੂ ਜੀ! ਸੰਤਾਂ ਵਾਲਾ ਆਚਰਣ ਅਤੇ ਸੰਤਾਂ ਵਾਲਾ ਸ੍ਰੇਸ਼ਟ ਰਸਤਾ ਮੈਨੂੰ ਦਿਉ ਜੀ ਕਿਉਂਕਿ ਸੰਸਾਰ ਵਿਚ ਸੰਤਾਂ ਦਾ ਆਚਰਣ ਤੇ ਮਾਰਗ ਸਭ ਤੋਂ ਸ੍ਰੇਸ਼ਟ ਹੈ।

(ਸਤਿਗੁਰ ਅਰਜਨ ਦੇਵ ਜੀ ਫ਼ਰਮਾਉਂਦੇ ਹਨ—
ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ।
(ਪੰਨਾ ੬੨੨)

ਸੰਤਾਂ ਵਾਲਾ ਸ੍ਰੇਸ਼ਟ ਮਾਰਗ ਤੇ ਧਰਮ ਦਾ ਰਸਤਾ ਕਿਸੇ ਵਡਭਾਗੇ ਜੀਵ ਨੂੰ ਹੀ ਪ੍ਰਾਪਤ ਹੁੰਦਾ ਹੈ।)

ਹੇ ਪਰਮਾਤਮਾ ਜੀ! ਮੈਨੂੰ ਸੰਤਾਂ ਦੇ ਦਾਸਾਂ ਦਾ ਦਾਸ ਬਣਾ ਦਿਓ ਜੀ ਕਿਉਂਕਿ ਸੰਤਾਂ ਦੇ ਦਾਸਾਂ ਦਾ ਦਾਸ ਬਣਨ ਨਾਲ ਮੈਨੂੰ ਸੰਤਾਂ ਵਾਲੀ ਸੰਗਤ ਪ੍ਰਾਪਤ ਹੋਵੇਗੀ।

**ਅਉਰ ਇਕ ਮਾਗਉ ਭਗਤਿ ਚਿੰਤਾਮਣਿ॥**
**ਜਣੀ ਲਖਾਵਹੁ ਅਸੰਤ ਪਾਪੀ ਸਣਿ॥੩॥**

ਪਰਮਾਤਮਾ ਜੀ, ਆਪ ਪਾਸੋਂ ਇਕ ਹੋਰ ਮੰਗ ਕਰਦਾ ਹਾਂ ਕਿ ਮੈਨੂੰ ਮਨ ਇੱਛਿਤ ਫਲ ਦੇਣ ਵਾਲੀ ਨਾਮ ਰੂਪੀ ਭਗਤੀ-ਮਣੀ ਦਿਓ, ਪਰ ਕਦੇ ਵੀ ਮੈਨੂੰ ਐਸੇ ਜੀਵਾਂ ਦਾ, ਜਿਹਨਾਂ ਦਾ ਕਿਰਦਾਰ ਸੰਤਾਂ ਤੋਂ ਉਲਟ ਹੈ, ਉਹਨਾਂ

ਦੇ ਦਰਸ਼ਨ ਨਾ ਕਰਾਓ ਜੀ।

(ਸਤਿਗੁਰ ਕਬੀਰ ਸਾਹਿਬ ਫਰਮਾਉਂਦੇ ਹਨ—
ਸੰਤੁ ਮਿਲੈ ਕਿਛੁ ਸੁਨੀਐ ਕਹੀਐ॥
ਮਿਲੈ ਅਸੰਤੁ ਮਸਟਿ ਕਰਿ ਰਹੀਐ॥੧॥ (ਪੰਨਾ ੮੭੦)

ਜੇਕਰ ਸੰਤ ਮਿਲ ਜਾਣ ਤਾਂ ਉਹਨਾਂ ਦੇ ਅੰਮ੍ਰਿਤ ਬਚਨ ਸਰਵਣ ਕਰਨੇ ਚਾਹੀਦੇ ਹਨ। ਜੇਕਰ ਕੋਈ ਸ਼ੰਕਾ ਹੋਵੇ ਉਹਨਾਂ ਪਾਸੋਂ ਇਸ ਦੀ ਨਵਿਰਤੀ ਦਾ ਬਚਨ ਸੁਣਨਾ ਚਾਹੀਦਾ ਹੈ। ਪਰ ਜੇਕਰ ਕੋਈ ਖੋਟਾ ਪੁਰਸ਼ ਕਿਤੇ ਮਿਲ ਜਾਵੇ ਤਾਂ ਉਸ ਸਾਹਮਣੇ ਚੁੱਪ ਹੀ ਰਹਿਣਾ ਚਾਹੀਦਾ ਹੈ।)

**ਰਵਿਦਾਸੁ ਭਣੈ ਜੋ ਜਾਣੈ ਸੋ ਜਾਣੁ॥**
**ਸੰਤ ਅਨੰਤਹਿ ਅੰਤਰੁ ਨਾਹੀ॥੪॥੨॥**

ਸਤਿਗੁਰੂ ਰਵਿਦਾਸ ਮਹਾਰਾਜ ਜੀ ਫੁਰਮਾਉਂਦੇ ਹਨ ਕਿ ਸੰਸਾਰੀ ਲੋਕ ਸੰਤਾਂ ਨੂੰ ਜੋ ਮਰਜ਼ੀ ਸਮਝਣ ਪਰ ਅਸਲੀਅਤ ਇਹ ਹੈ ਕਿ ਸੰਤ ਅਤੇ ਪਾਰਬ੍ਰਹਮ ਵਿਚ ਕੋਈ ਭੇਦ ਨਹੀਂ ਹੈ। ਸੰਤ ਸੰਸਾਰ ਵਿਚ ਪਰਮਾਤਮਾ ਦਾ ਹੀ ਰੂਪ ਹਨ।

(ਸਤਿਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ—
ਸਾਧ ਕੀ ਸੋਭਾ ਸਾਧ ਬਨਿ ਆਈ॥ ਨਾਨਕ ਸਾਧ ਪ੍ਰਭ ਭੇਦੁ ਨ ਭਾਈ॥

ਸੰਤਾਂ ਦੀ ਸੋਭਾ ਸੰਤ ਹੀ ਜਾਣਦੇ ਹਨ। ਹੇ ਭਾਈ! ਸੰਤਾਂ ਅਤੇ ਪਰਮਾਤਮਾ ਵਿਚ ਕੋਈ ਭੇਦ ਨਹੀਂ ਹੈ।)

*******

## ਸ਼ਬਦ 9

**ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ॥**
**ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ॥੧॥**
**ਮਾਧਉ ਸਤਸੰਗਤਿ ਸਰਨਿ ਤੁਮ੍ਾਰੀ॥**
**ਹਮ ਅਉਗਨ ਤੁਮ੍ ਉਪਕਾਰੀ॥੧॥ ਰਹਾਉ॥**
**ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ ਜਸ ਕੀਰਾ॥**
**ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ॥੨॥**
**ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ॥**
**ਰਾਜਾ ਰਾਮ ਕੀ ਸੇਵ ਨ ਕੀਨੀ**
**ਕਹਿ ਰਵਿਦਾਸ ਚਮਾਰਾ॥੩॥੩॥** (ਪੰਨਾ ੪੮੬)

ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਸਤਿਸੰਗਤ ਵਿਚ ਮਧੂ ਮੱਖੀਆਂ ਦੀ ਤਰ੍ਹਾਂ ਮਿਲ ਕੇ ਰਹਿਣ ਦਾ ਪਾਵਨ ਉਪਦੇਸ਼ ਦਿੰਦੇ ਹਨ।

**ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ॥**
**ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ॥੧॥**



ਹੇ ਪਰਮਾਤਮਾ ਜੀ! ਆਪ ਸੰਸਾਰ ਵਿਚ ਚੰਦਨ ਵਾਂਗ ਸ੍ਰੇਸ਼ਟ ਹੋ। ਅਸੀਂ ਸੰਸਾਰੀ ਜੀਵ ਵਿਕਾਰਾਂ ਕਰਕੇ ਇਰੰਡ ਵਾਂਗ ਗੁਣਹੀਨ ਹਾਂ। ਪਰ ਜਿਵੇਂ ਚੰਦਨ ਪਾਸ ਅਰਿੰਡ ਦਾ ਵਾਸਾ ਹੁੰਦਾ ਹੈ, ਇਸੇ ਤਰ੍ਹਾਂ ਪ੍ਰਭੂ ਜੀ ਸਾਡਾ ਵਾਸਾ ਆਪ ਪਾਸ ਹੈ। ਜਿਵੇਂ ਚੰਦਨ ਦੇ ਕੋਲ ਰਹਿਣ ਕਰਕੇ ਇਰੰਡ ਵਿਚ ਵੀ ਚੰਦਨ ਵਰਗੀ ਸੁਗੰਧੀ ਆ ਜਾਂਦੀ ਹੈ ਅਤੇ ਨੀਚ ਕਿਹਾ ਜਾਣ ਵਾਲਾ ਇਰੰਡ ਚੰਦਨ ਵਰਗਾ ਹੀ ਉੱਤਮ ਬਣ ਜਾਂਦਾ ਹੈ।

ਇਸੇ ਪ੍ਰਕਾਰ ਪਰਮਾਤਮਾ ਜੀ, ਆਪ ਦੀ ਸੰਗਤ ਕਰਕੇ ਅਸੀਂ ਆਪ ਦਾ ਰੂਪ ਹੋ ਗਏ ਹਾਂ।

(ਸਤਿਗੁਰੂ ਕਬੀਰ ਮਹਾਰਾਜ ਜੀ ਫੁਰਮਾਉਂਦੇ ਹਨ—
ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ॥
ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ॥੧੧॥
(ਪੰਨਾ ੧੩੬੫)

ਸਤਿਗੁਰੂ ਰਾਮਦਾਸ ਜੀ ਫ਼ਰਮਾਉਂਦੇ ਹਨ—
ਭਾਰ ਅਠਾਰਹ ਮਹਿ ਚੰਦਨੁ ਊਤਮ
ਚੰਦਨ ਨਿਕਟਿ ਸਭ ਚੰਦਨੁ ਹੁਈਆ॥)
(ਪੰਨਾ ੮੩੪)

ਇਸ ਪ੍ਰਕਾਰ ਜਿਹੜਾ ਜੀਵ ਸੰਸਾਰ ਵਿਚ ਆ ਕੇ ਪਰਮਾਤਮਾ ਦਾ ਨਾਮ ਜਪਦਾ ਹੈ, ਸੰਤਾਂ ਦੀ ਸੰਗਤ ਕਰਦਾ ਹੈ, ਉਹ ਇਸ ਸੰਸਾਰ ਵਿਚ ਉੱਤਮ ਬਣ ਜਾਂਦਾ ਹੈ।

**ਮਾਧਉ ਸਤਸੰਗਤਿ ਸਰਨਿ ਤੁਮ੍ਾਰੀ॥**
**ਹਮ ਅਉਗਨ ਤੁਮ੍ ਉਪਕਾਰੀ॥੧॥ ਰਹਾਉ॥**

ਹੇ ਪਰਮਾਤਮਾ ਜੀ, ਆਪ ਦੀ ਸ਼ਰਨ ਹੀ ਸਤਿਸੰਗਤ ਹੈ। ਅਸੀਂ ਸੰਸਾਰੀ ਜੀਵ ਔਗੁਣਾਂ ਨਾਲ ਭਰੇ ਹੋਏ ਹਾਂ, ਪਰ ਆਪ ਉਪਕਾਰੀ ਹੋ ਤੇ ਜੀਵਾਂ 'ਤੇ ਦਇਆ ਕਰਕੇ ਉਹਨਾਂ ਦੇ ਔਗੁਣ ਬਖਸ਼ਣਹਾਰ ਹੋ।

(ਸਤਿਗੁਰ ਕਬੀਰ ਸਾਹਿਬ ਫ਼ਰਮਾਉਂਦੇ ਹਨ—
ਜਿਨ ਕਉ ਕ੍ਰਿਪਾ ਕਰਤ ਹੈ ਗੋਬਿੰਦੁ
ਤੇ ਸਤਿਸੰਗਿ ਮਿਲਾਤ॥੩॥ (ਪੰਨਾ ੧੨੫੨)

ਜਿਸ ਜੀਵ 'ਤੇ ਪਰਮਾਤਮਾ ਦੀ ਕਿਰਪਾ ਹੁੰਦੀ ਹੈ, ਉਸ ਨੂੰ ਹੀ ਸਤਿਸੰਗਤ ਪ੍ਰਾਪਤ ਹੁੰਦੀ ਹੈ।)

**ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ ਜਸ ਕੀਰਾ॥**
**ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ॥੨॥**

ਹੇ ਪ੍ਰਭੂ, ਆਪ ਚਿੱਟੇ ਪੀਲੇ ਰੇਸ਼ਮ ਵਾਂਗ ਹੋ। ਅਸੀਂ ਔਗੁਣਾਂ ਨਾਲ ਭਰੇ ਹੋਏ ਕੀੜੇ ਹਾਂ। ਅਸੀਂ ਸੰਸਾਰੀ ਜੀਵ ਵਿਕਾਰਾਂ ਕਰਕੇ ਕੀੜਿਆਂ ਵਾਂਗ

ਨਿਕੰਮੇ ਹਾਂ। ਪਰ ਆਪ ਸਾਡੇ 'ਤੇ ਕਿਰਪਾ ਕਰੋ। ਅਸੀਂ ਆਪ ਜੀ ਦੀ ਸੰਗਤ ਨਾਲ ਇਸ ਤਰ੍ਹਾਂ ਮਿਲਕੇ ਰਹੀਏ ਜਿਵੇਂ ਸ਼ਹਿਦ ਦੀਆਂ ਮੱਖੀਆਂ ਸ਼ਹਿਦ ਦੇ ਛੱਤੇ ਨਾਲ ਮਿਲ ਕੇ ਰਹਿੰਦੀਆਂ ਹਨ। ਮਧੂ ਮੱਖੀ ਆਪਣੇ ਹਾਕਮ ਦੇ ਹੁਕਮ ਦੀ ਪਾਬੰਦ ਹੈ। ਹਿੰਮਤ ਤੇ ਮਿਹਨਤ ਵਿਚ ਪਰਪੱਕ ਹੈ। ਹੱਕ ਖੋਹਣ ਵਾਲੇ ਨੂੰ ਮਿਟਾ ਦਿੰਦੀ ਹੈ। ਵਿਕਾਰਾਂ ਦਾ ਨਾਸ਼ ਕਰਕੇ ਮਿਠਾਸ ਪੈਦਾ ਕਰਦੀ ਹੈ। ਆਪ ਕਿਰਪਾ ਕਰੋ ਕਿ ਅਸੀਂ ਵੀ ਆਪ ਦੀ ਸੰਗਤ ਵਿਚ ਇਸ ਪ੍ਰਕਾਰ ਮਿਲਕੇ ਰਹੀਏ ਜੀ।

**ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ ॥**
**ਰਾਜਾ ਰਾਮ ਕੀ ਸੇਵ ਨ ਕੀਨ੍ੀ**
**ਕਹਿ ਰਵਿਦਾਸ ਚਮਾਰਾ ॥੩॥੩॥**

ਸਤਿਗੁਰ ਰਵਿਦਾਸ ਮਹਾਰਾਜ ਜੀ ਫ਼ਰਮਾਨ ਕਰਦੇ ਹਨ ਕਿ ਜੀਵ ਦੀ ਸੰਗਤ, ਮੇਲ-ਮਿਲਾਪ ਅਤੇ ਜੀਵਨ ਨੀਚ ਹੈ। ਕਿਉਂਕਿ ਜੀਵ ਨੇ ਦੁਰਲਭ ਮਨੁੱਖ ਜਨਮ ਪ੍ਰਾਪਤ ਕਰਕੇ ਪਰਮਾਤਮਾ ਰੂਪੀ ਰਾਜੇ ਦਾ ਸਿਮਰਨ ਨਹੀਂ ਕੀਤਾ।

*****

## ਸ਼ਬਦ 10

**ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ ॥**
**ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ ॥੧॥**
**ਤੁਝਹਿ ਚਰਨ ਅਰਬਿੰਦ ਭਵਨ ਮਨੁ ॥**
**ਪਾਨ ਕਰਤ ਪਾਇਓ ਪਾਇਓ ਰਾਮਈਆ ਧਨੁ ॥ ੧ ॥ ਰਹਾਉ ॥**
**ਸੰਪਤਿ ਬਿਪਤਿ ਪਟਲ ਮਾਇਆ ਧਨੁ ॥**
**ਤਾ ਮਹਿ ਮਗਨ ਹੋਤ ਨ ਤੇਰੋ ਜਨੁ ॥੨॥**
**ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ ॥**
**ਕਹਿ ਰਵਿਦਾਸ ਛੂਟਿਬੋ ਕਵਨ ਗੁਨ ॥੩॥੪॥ (ਪੰਨਾ ੪੮੬)**

ਸਤਿਗੁਰ ਜੀ ਸਮੁੱਚੀ ਮਨੁੱਖਤਾ ਨੂੰ ਪ੍ਰਭੂ-ਪ੍ਰੇਮ ਦਾ ਪਾਵਨ ਉਪਦੇਸ਼ ਦਿੰਦੇ ਹਨ ਕਿ ਪਰਮਾਤਮਾ ਦੇ ਪ੍ਰੇਮ ਕਰਨ ਵਾਲੇ ਨੂੰ ਆਪਣੇ ਸਰੀਰ ਦੇ ਟੋਟੇ-ਟੋਟੇ ਹੋਣ ਦੀ ਵੀ ਕੋਈ ਪਰਵਾਹ ਨਹੀਂ ਹੁੰਦੀ, ਕਿਉਂਕਿ ਉਸ ਨੇ ਪਰਮਾਤਮਾ ਨੂੰ ਪ੍ਰੇਮ ਰੂਪੀ ਰੱਸੀ ਨਾਲ ਬੰਨ੍ਹਿਆ ਹੁੰਦਾ ਹੈ।

**ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ ॥**
**ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ ॥੧॥**

ਮਨੁੱਖ ਜਨਮ ਪ੍ਰਭੂ ਦੇ ਮਿਲਾਪ ਵਾਸਤੇ ਪ੍ਰਾਪਤ ਹੋਇਆ ਹੈ। ਸਤਿਗੁਰੂ ਜੀ ਪ੍ਰਭੂ ਪ੍ਰਤੀ ਤੀਬਰ ਤੇ ਅਥਾਹ ਪਿਆਰ ਦੀ ਅਵਸਥਾ ਦਾ ਵਰਨਣ ਕਰਦੇ



ਹਨ ਕਿ ਜੇ ਮੇਰਾ ਸਰੀਰ ਟੁਕੜੇ-ਟੁਕੜੇ ਵੀ ਹੋ ਜਾਵੇ, ਤਾਂ ਮੈਨੂੰ ਕੋਈ ਡਰ ਨਹੀਂ, ਡਰ ਤਾਂ ਇਸ ਗੱਲ ਦਾ ਹੈ ਕਿ ਮੇਰੇ ਮਨ 'ਚੋਂ ਆਪ ਦਾ ਪ੍ਰੇਮ ਨਾ ਘੱਟ ਜਾਵੇ।

**ਤੁਝਹਿ ਚਰਨ ਅਰਬਿੰਦ ਭਵਨ ਮਨੁ ॥**
**ਪਾਨ ਕਰਤ ਪਾਇਓ ਪਾਇਓ ਰਾਮਈਆ ਧਨੁ ॥ ੧ ॥ ਰਹਾਉ ॥**

ਪਰਮਾਤਮਾ ਜੀ, ਆਪ ਦੇ ਚਰਨ, ਕੰਵਲ ਫੁੱਲ ਵਾਂਗ ਹਨ ਅਤੇ ਮੇਰਾ ਮਨ ਭੌਰੇ ਵਾਂਗ ਹੈ। ਮੇਰੇ ਮਨ ਨੇ ਆਪ ਜੀ ਦੇ ਚਰਨ ਕਮਲਾਂ ਵਿਚ ਰਹਿਣ ਲਈ ਥਾਂ ਪ੍ਰਾਪਤ ਕਰ ਲਈ ਹੈ। ਹੇ ਪ੍ਰਭੂ ਜੀ! ਆਪ ਦਾ ਪਾਵਨ ਨਾਮ ਰੂਪੀ ਅੰਮ੍ਰਿਤ ਪੀ ਕੇ, ਮੈਂ ਨਾਮ ਰੂਪੀ ਧਨ ਪ੍ਰਾਪਤ ਕਰ ਲਿਆ ਹੈ।

**ਸੰਪਤਿ ਬਿਪਤਿ ਪਟਲ ਮਾਇਆ ਧਨੁ ॥**
**ਤਾ ਮਹਿ ਮਗਨ ਹੋਤ ਨ ਤੇਰੋ ਜਨੁ ॥੨॥**

ਪਰਮਾਤਮਾ ਜੀ, ਆਪ ਜੀ ਦੇ ਨਾਮ ਦਾ ਆਨੰਦ ਲੈਣ ਵਾਲਾ ਆਪ ਦਾ ਦਾਸ, ਸੁੱਖ ਦੁੱਖ ਰੂਪੀ ਪਰਦਾ, ਸੰਸਾਰਿਕ ਮਾਇਆ ਅਤੇ ਸੰਸਾਰ ਰੂਪੀ ਝੂਠੇ ਧਨ ਵਿਚ ਮਗਨ ਨਹੀਂ ਹੁੰਦਾ।

**ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ ॥**
**ਕਹਿ ਰਵਿਦਾਸ ਛੂਟਿਬੋ ਕਵਨ ਗੁਨ ॥੩॥੪॥ (ਪੰਨਾ ੪੮੬)**

ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਨ ਕਰਦੇ ਹਨ ਕਿ ਪਰਮਾਤਮਾ ਜੀ! ਦਾਸ ਨੇ ਆਪ ਨੂੰ ਪ੍ਰੇਮ ਦੀ ਰੱਸੀ ਨਾਲ ਬੰਨ ਲਿਆ ਹੈ। ਹੁਣ ਆਪ ਕਿਹੜੇ ਯਤਨ ਕਰਕੇ ਛੁਟੋਗੇ ? ਭਾਵ ਆਪ ਪ੍ਰੇਮ ਦੇ ਸੱਚੇ ਬੰਧਨ 'ਚੋਂ ਨਿਕਲ ਨਹੀਂ ਸਕਦੇ।

(ਸਤਿਗੁਰੂ ਨਾਮਦੇਵ ਜੀ ਉਚਾਰਨ ਕਰਦੇ ਹਨ—

ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ॥ (ਪੰਨਾ ੧੨੫੨)

ਪਰਮਾਤਮਾ ਜੀ ਕਹਿੰਦੇ ਹਨ ਕਿ ਮੇਰੀ ਕਰਨੀ ਮੇਰਾ ਨਾਮ ਜਪਣ ਵਾਲੇ ਸੰਤ ਜਾਂ ਭਗਤ ਤਾਂ ਬਦਲ ਸਕਦੇ ਹਨ ਪਰ ਮੈਂ ਉਹਨਾਂ ਦੀ ਕੀਤੀ ਨਹੀਂ ਬਦਲ ਸਕਦਾ, ਕਿਉਂਕਿ ਉਹਨਾਂ ਮੈਨੂੰ ਪ੍ਰੇਮ ਦੇ ਬੰਧਨ ਵਿਚ ਬੰਨ੍ਹ ਲਿਆ ਹੈ। ਇਸ ਲਈ ਪਰਮਾਤਮਾ ਪ੍ਰੇਮ ਦੇ ਬੰਧਨ ਵਿਚ ਬੰਨ੍ਹਿਆ ਹੋਇਆ ਕਿਸੇ ਵੀ ਯਤਨ ਕਰਕੇ ਆਜ਼ਾਦ ਨਹੀਂ ਹੋ ਸਕਦਾ।)

******

## ਸ਼ਬਦ 11

**ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ ।।**
**ਹਰਿ ਸਿਮਰਤ ਜਨ ਗਏ ਨਿਸਤਰਿ ਤਰੇ ॥੧॥ ਰਹਾਉ ॥**
**ਹਰਿ ਕੇ ਨਾਮ ਕਬੀਰ ਉਜਾਗਰ ॥**
**ਜਨਮ ਜਨਮ ਕੇ ਕਾਟੇ ਕਾਗਰ ॥੧॥**
**ਨਿਮਤ ਨਾਮਦੇਉ ਦੂਧੁ ਪੀਆਇਆ ॥**
**ਤਉ ਜਗ ਜਨਮ ਸੰਕਟ ਨਹੀ ਆਇਆ ॥੨॥**
**ਜਨ ਰਵਿਦਾਸ ਰਾਮ ਰੰਗਿ ਰਾਤਾ ॥**
**ਇਉ ਗੁਰ ਪਰਸਾਦਿ ਨਰਕ ਨਹੀ ਜਾਤਾ ॥੩॥੫॥**

(ਪੰਨਾ ੪੮੭)

ਸਤਿਗੁਰੂ ਰਵਿਦਾਸ ਮਹਾਰਾਜ ਜੀ ਸਮੁੱਚੀ ਕਾਇਨਾਤ ਨੂੰ ਪਰਮਾਤਮਾ ਦਾ ਹਰਿ-ਨਾਮ ਜਪਣ ਦਾ ਪਾਵਨ ਉਪਦੇਸ਼ ਦਿੰਦੇ ਹੋਏ ਫ਼ਰਮਾਉਂਦੇ ਹਨ ਕਿ ਪਰਮਾਤਮਾ ਦੇ ਹਰਿ ਨਾਮ ਵਿਚ ਰੰਗ ਹੋ ਕੇ ਸੰਸਾਰੀ ਜੀਵ ਜੀਵਨ ਮੁਕਤ ਹੋ ਜਾਂਦਾ ਹੈ।

**ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ ।।**
**ਹਰਿ ਸਿਮਰਤ ਜਨ ਗਏ ਨਿਸਤਰਿ ਤਰੇ ॥੧॥ ਰਹਾਉ ॥**

ਪਰਮਾਤਮਾ ਦਾ ਹਰਿ-ਹਰਿ ਨਾਮ ਜਪ ਕੇ ਪਹਿਲਾਂ ਵੀ ਸੰਸਾਰੀ ਜੀਵ ਮੁਕਤ ਹੋਏ ਹਨ, ਹਰਿ-ਹਰਿ ਨਾਮ ਜਪ ਕੇ ਹੁਣ ਵੀ ਮੁਕਤ ਹੋ ਰਹੇ ਹਨ ਅਤੇ ਹਰਿ-ਹਰਿ ਨਾਮ ਜਪ ਕੇ ਅੱਗੇ ਵੀ ਮੁਕਤ ਹੋਣਗੇ। ਪਰਮਾਤਮਾ ਦਾ 'ਹਰਿ' ਨਾਮ ਜੀਵਾਂ ਦੇ ਹਿਰਦੇ ਨੂੰ ਉਜਵਲ ਕਰਨ ਵਾਲਾ ਹੈ। ਪਰਮਾਤਮਾ ਦਾ ਸਵਾਸ ਸਵਾਸ 'ਹਰਿ' ਨਾਮ ਜਪ ਕੇ ਜੀਵ ਸੰਸਾਰ ਦੇ ਨਾ ਤਰੇ ਜਾਣ ਵਾਲੇ ਭਵਸਾਗਰ ਤੋਂ ਪਾਰ ਹੁੰਦੇ ਹਨ।

(ਸਤਿਗੁਰ ਨਾਮਦੇਵ ਜੀ ਫੁਰਮਾਨ ਕਰਦੇ ਹਨ—

ਹਰਿ ਹਰਿ ਕਰਤ ਮਿਟੇ ਸਭਿ ਭਰਮਾ॥
ਹਰਿ ਕੋ ਨਾਮੁ ਲੈ ਊਤਮ ਧਰਮਾ॥ (ਪੰਨਾ ੮੭੪)

ਪਰਮਾਤਮਾ ਦਾ ਹਰਿ-ਹਰਿ ਨਾਮ ਜਪਣ ਨਾਲ ਸਭ ਤਰ੍ਹਾਂ ਦੇ ਭਰਮ ਮਿਟ ਜਾਂਦੇ ਹਨ। ਪਰਮਾਤਮਾ ਦਾ 'ਹਰਿ' ਨਾਮ ਜਪਣਾ, ਸੰਸਾਰ ਵਿਚ ਸਭ ਤੋਂ ਉੱਤਮ ਧਰਮ ਹੈ।

(ਸਤਿਗੁਰੂ ਕਬੀਰ ਸਾਹਿਬ ਜੀ ਫਰਮਾਨ ਕਰਦੇ ਹਨ—

ਐਸਾ ਗਿਆਨੁ ਬਿਚਾਰੁ ਮਨਾ॥
ਹਰਿ ਕੀ ਨ ਸਿਮਰਹੁ ਦੁਖ ਭੰਜਨਾ॥੧॥ (ਪੰਨਾ ੧੧੬੧)

ਹੇ ਮਨ! ਤੂੰ ਪਰਮਾਤਮਾ ਦੇ ਐਸੇ 'ਹਰਿ' ਗਿਆਨ ਦਾ ਵਿਚਾਰ ਕਰ ਜੋ ਦੁੱਖਾਂ ਦੀ ਨਵਿਰਤੀ ਕਰਨ ਵਾਲਾ ਹੈ।)

(ਸਤਿਗੁਰੂ ਅਰਜਨ ਦੇਵ ਜੀ ਵੀ ਫ਼ੁਰਮਾਉਂਦੇ ਹਨ—

ਹਰਿ ਹਰਿ ਹਰਿ ਹਰਿ ਹਰਿ ਹਰੇ ਹਰਿ ਹਰਿ ਹਰਿ ਹੇਤ॥



ਊਠਤ ਬੈਠਤ ਸੋਵਤੇ ਹਰਿ ਹਰਿ ਹਰਿ ਚੇਤ॥) (ਪੰਨਾ ੮੧੦)

**ਹਰਿ ਕੇ ਨਾਮ ਕਬੀਰ ਉਜਾਗਰ ॥**
**ਜਨਮ ਜਨਮ ਕੇ ਕਾਟੇ ਕਾਗਰ ॥੧॥**

ਪਰਮਾਤਮਾ ਦਾ ਨਾਮ ਜਪ ਕੇ ਕਬੀਰ ਜੀ ਇਸ ਸੰਸਾਰ ਵਿਚ ਪ੍ਰਸਿੱਧ ਹੋਏ, ਜਿਨ੍ਹਾਂ ਨੇ ਆਪਣੇ ਤਾਂ ਜਨਮਾਂ-ਜਨਮਾਂਤਰਾਂ ਦੇ ਹਿਸਾਬ-ਕਿਤਾਬ ਕੱਟ ਹੀ ਦਿੱਤੇ ਹਨ ਸਗੋਂ ਸੰਸਾਰੀ ਲੋਕਾਂ ਨੂੰ ਏਕਤਾ-ਸਮਾਨਤਾ-ਭਾਈਚਾਰੇ ਦੀ ਲੜੀ ਵਿਚ ਪਰੋ ਕੇ ਪਰਮਾਤਮਾ ਦਾ ਨਾਮ ਜਪਾ ਕੇ ਭਵਸਾਗਰ ਤੋਂ ਪਾਰ ਕੀਤਾ ਹੈ।

**ਨਿਮਤ ਨਾਮਦੇਉ ਦੂਧੁ ਪੀਆਇਆ ॥**
**ਤਉ ਜਗ ਜਨਮ ਸੰਕਟ ਨਹੀ ਆਇਆ ॥੨॥**

ਜਦੋਂ ਨਾਮਦੇਵ ਜੀ ਨੇ ਨਿਮਰਤਾ ਸਹਿਤ ਪਰਮਾਤਮਾ ਨੂੰ ਦੁੱਧ ਪਿਲਾਇਆ, ਉਸ ਤੋਂ ਬਾਅਦ ਸੰਸਾਰ ਦੇ ਜਨਮ-ਮਰਨ ਦੇ ਸੰਕਟ ਵਿਚ ਨਹੀਂ ਆਏ ਭਾਵ ਮੁਕਤ ਹੋ ਗਏ।

-ਸਾਖੀ-

## ਠਾਕੁਰਾਂ ਨੂੰ ਦੁੱਧ ਪਿਆਉਣਾ

ਜਗਤ ਦੇ ਧੰਦੇ ਅਮੁੱਕ ਹਨ। ਜੀਵ ਜਗਤ ਵਿਚ ਰਹਿੰਦਾ ਹੋਇਆ ਧੰਦੇ ਕਰਦਾ ਅੱਕ ਤੇ ਥੱਕ ਜਾਂਦਾ ਹੈ, ਪਰ ਧੰਦੇ ਨਹੀਂ ਮੁੱਕਦੇ। ਇਕ ਦਿਨ ਨਾਮਦੇਵ ਜੀ ਦੇ ਪਿਤਾ ਨੂੰ ਕੋਈ ਐਸਾ ਕੰਮ ਪੈ ਗਿਆ, ਕਿ ਉਸ ਨੂੰ ਤਿੰਨ ਕੁ ਦਿਹਾੜੇ ਬਾਹਰ ਜਾਣਾ ਪਿਆ। ਉਹ ਠਾਕੁਰਾਂ ਨੂੰ ਰੋਜ਼ ਦੁੱਧ ਦਾ ਭੋਗ ਲੁਆਉਂਦਾ ਸੀ। ਜਦੋਂ ਬਾਹਰ ਚੱਲਿਆ ਤਾਂ ਉਸ ਨੇ ਨਾਮਦੇਵ ਜੀ ਨੂੰ ਤਾਕੀਦ ਕੀਤੀ ਕਿ ਮੈਂ ਤਿੰਨ ਦਿਨ ਵਾਸਤੇ ਬਾਹਰ ਚੱਲਿਆ ਹਾਂ। ਸਵੇਰੇ ਉੱਠ ਕੇ ਪਹਿਲੋਂ ਇਸ਼ਨਾਨ ਕਰਨਾ, ਫਿਰ ਮੰਦਰ ਜਾ ਕੇ ਠਾਕੁਰ ਜੀ ਦਾ ਇਸ਼ਨਾਨ ਕਰਾਉਣਾ ਤੇ ਗਊ ਚੋ ਕੇ ਦੁੱਧ ਦਾ ਭੋਗ ਲਗਾਉਣਾ। ਇਹ ਗੱਲ ਨਾ ਭੁੱਲਣਾ ਜੇ ਠਾਕੁਰ ਜੀ ਗੁੱਸੇ ਹੋ ਗਏ ਤਾਂ ਅਸਾਂ ਦਾ ਕੋਈ ਟਿਕਾਣਾ ਨਹੀਂ!' ਇਉਂ ਤਾਕੀਦ ਕਰਕੇ ਨਾਮਦੇਵ ਜੀ ਦੇ ਪਿਤਾ ਚਲੇ ਗਏ।

ਅਗਲੇ ਦਿਨ ਨਾਮਦੇਵ ਜੀ ਸੁਵਖਤੇ ਉਠੇ, ਇਸ਼ਨਾਨ ਕੀਤਾ, ਕਪਲਾ ਗਊ ਦਾ ਦੁੱਧ ਚੋ ਕੇ ਮੰਦਰ ਚਲਿਆ ਗਿਆ ਦੁੱਧ ਨੂੰ ਉੱਚੀ ਥਾਂ ਰੱਖਕੇ ਠਾਕੁਰ ਜੀ ਦਾ ਇਸ਼ਨਾਨ ਕਰਾਇਆ। ਮੰਦਰ ਦਾ ਅੰਦਰਲਾ ਹਿੱਸਾ ਸਾਫ ਕੀਤਾ ਜਦੋਂ ਥਾਂ ਸੁੱਕ ਗਈ ਤਾਂ ਧੂਫ ਧੁਖਾ ਕੇ ਦੁੱਧ ਦਾ ਛੰਨਾ ਭਰਿਆ ਤੇ ਠਾਕੁਰ ਜੀ ਦੇ ਮੋਹਰੇ ਰੱਖ ਦਿੱਤਾ ਦੁੱਧ ਮੋਹਰੇ ਰੱਖ ਕੇ ਮਹਾਰਾਜ ਨਾਮਦੇਵ ਜੀ ਨੇ ਬੇਨਤੀ ਕੀਤੀ—

ਦੂਧੁ ਕਟੋਰੈ ਗਡਵੈ ਪਾਨੀ॥ ਕਪਲ ਗਾਇ ਨਾਮੈ ਦੁਹਿ ਆਨੀ॥੧॥
ਦੂਧੁ ਪੀਉ ਗੋਬਿੰਦੇ ਰਾਇ॥ ਦੂਧੁ ਪੀਉ ਮੇਰੋ ਮਨੁ ਪਤੀਆਇ॥
ਨਾਹੀ ਤ ਘਰ ਕੋ ਬਾਪੁ ਰਿਸਾਇ॥੧॥ ਰਹਾਉ॥

ਸੋਇਨ ਕਟੋਰੀ ਅੰਮ੍ਰਿਤ ਭਰੀ॥ ਲੈ ਨਾਮੈ ਹਰਿ ਆਗੈ ਧਰੀ॥੨॥

ਭੋਲੇ ਨਾਮਦੇਵ ਜੀ ਨੂੰ ਨਹੀਂ ਸੀ ਪਤਾ ਕਿ ਜਗਤ ਠਾਕੁਰਾਂ ਨਾਲ ਠੱਗੀ ਕਰਦਾ ਹੈ। ਇਕ ਚਮਚਾ ਦੁੱਧ ਠਾਕੁਰ ਜੀ ਦੇ ਮੂੰਹ ਨੂੰ ਲਾ ਕੇ ਬਾਕੀ ਦਾ ਆਪ ਪੀ ਜਾਂਦਾ ਹੈ। ਨਾਮਦੇਵ ਜੀ ਨੇ ਜਾਣਿਆ ਕਿ ਜਿੰਨਾ ਦੁਧ ਠਾਕੁਰ ਜੀ ਦੇ ਅੱਗੇ ਰੱਖੀਦਾ ਹੈ, ਉਹ ਠਾਕੁਰ ਜੀ ਦੀ ਮੂਰਤੀ ਸਾਰਾ ਦੁੱਧ ਪੀ ਜਾਂਦੀ ਹੈ, ਪਰ ਪੱਥਰ ਮੂਰਤੀ ਦੁੱਧ ਪੀਵੇ ਕਿਵੇਂ? ਛੰਨਾ ਅਗੇ ਰੱਖਕੇ ਨਾਮਦੇਵ ਜੀ ਬੈਠੇ ਰਹੇ। ਜਦੋਂ ਬਹੁਤ ਚਿਰ ਹੋ ਗਿਆ ਤਾਂ ਬੋਲ ਕੇ ਬੇਨਤੀ ਕਰਨ ਲੱਗੇ-'ਹੇ ਪ੍ਰਭੂ! ਦੁੱਧ ਦਾ ਕਟੋਰਾ (ਛੰਨਾ) ਤੇ ਪਾਣੀ ਦਾ ਗੜਵਾ ਆਪ ਦੇ ਕੋਲ ਰੱਖਿਆ ਹੋਇਆ ਹੈ। ਇਹ ਦੁੱਧ ਮੈਂ ਕਪਲਾ ਗਊ ਚੋ ਕੇ ਲਿਆਂਦਾ ਹੈ। ਹੇ ਮੇਰੇ ਗੋਬਿੰਦ ਦੁੱਧ ਪੀਵੋ। ਜੇ ਦੁੱਧ ਨੂੰ ਪੀ ਲਵੋਗੇ ਤਾਂ ਮੇਰਾ ਮਨ ਸ਼ਾਂਤ ਹੋ ਜਾਵੇਗਾ, ਨਹੀਂ ਤੇ ਪਿਤਾ ਜੀ ਗੁੱਸੇ ਹੋਣਗੇ। ਸੋਨੇ ਦੀ ਕਟੋਰੀ (ਛੰਨਾ) ਮੈਂ ਆਪ ਅੱਗੇ ਰੱਖੀ ਹੈ। ਪੀਵੋ! ਜ਼ਰੂਰ ਪੀਵੋ! ਮੈਂ ਕੋਈ ਪਾਪ ਨਹੀਂ ਕੀਤਾ! ਜੇ ਮੇਰੇ ਬਾਪ ਕੋਲੋਂ ਰੋਜ਼ ਦੁਧ ਪੀਂਦੇ ਹੋ ਤਾਂ ਮੈਥੋਂ ਕਿਉਂ ਨਹੀਂ ਪੀਂਦੇ? ਹੇ ਪ੍ਰਭੂ ਕਿਰਪਾ ਕਰੋ! ਦਇਆ ਕਰੋ! ਜੇ ਅੱਜ ਦੁੱਧ ਨਾ ਪੀਤਾ ਤਾਂ ਮੇਰੀ ਖੈਰ ਨਹੀਂ। ਆਖਦੇ ਨੇ, ਸ਼ੁੱਧ ਹਿਰਦੇ ਦੀ ਕੀਤੀ ਅਰਦਾਸ ਬਿਰਥਾ ਨਹੀਂ ਜਾਂਦੀ। ਪ੍ਰਭੂ ਨੂੰ ਪੱਥਰਾਂ ਰਾਹੀਂ ਪ੍ਰਗਟ ਕਰ ਦੇਂਦੀ ਹੈ। ਜੋ ਕੰਮ ਨਾਮਦੇਵ ਜੀ ਦੇ ਪਿਤਾ ਜੀ ਸਾਰੀ ਉਮਰ ਨਾ ਕਰ ਸਕੇ, ਠਾਕੁਰ ਤੇ ਆਪਣੇ ਜੀਵਨ ਨਾਲ ਠੱਗੀ ਕਰਦੇ ਰਹੇ। ਨਾ ਸ਼ੁੱਧ ਹਿਰਦੇ ਨਾਲ ਪ੍ਰਾਰਥਨਾ ਕੀਤੀ ਨਾ ਠਾਕੁਰ ਨੇ ਦੁੱਧ ਪੀਤਾ। ਜਿਵੇਂ ਬ੍ਰਾਹਮਣ ਚਮਚੇ ਨਾਲ ਦੁੱਧ ਠਾਕੁਰ ਜੀ ਦੇ ਮੂੰਹ ਨੂੰ ਛੁਹਾਕੇ ਚਮਚਾ ਪਿੱਛੇ ਕਰ ਲੈਂਦਾ ਸੀ, ਤਿਵੇਂ ਨਾਮਦੇਵ ਜੀ ਦੇ ਪਿਤਾ ਜੀ ਕਰਦੇ ਰਹੇ। ਪਰ ਮਾਸੂਮ ਆਤਮਾ ਨਾਮਦੇਵ ਜੀ ਨੂੰ ਇਹ ਚੰਗੀ ਨਾ ਲੱਗੀ। ਉਹ ਠਾਕੁਰ ਜੀ ਅੱਗੇ ਬੈਠੇ ਤਰਲੇ ਕੱਢਦੇ ਰਹੇ। ਆਖਰ ਭਗਵਾਨ ਭਗਤੀ ਦਾ ਖਿੱਚਿਆ ਹੋਇਆ ਆ ਗਿਆ। ਪੱਥਰ ਦੀ ਮੂਰਤੀ ਵਿਚੋਂ ਪ੍ਰਗਟ ਹੋਇਆ ਮੂਰਤੀ ਰਾਹੀਂ ਹੱਸਿਆ—ਏਕੁ ਭਗਤ ਮੇਰੇ ਹਿਰਦੇ ਬਸੈ॥ ਨਾਮੇ ਦੇਖਿ ਨਰਾਇਨੁ ਹਸੈ॥੩॥ ਇਕ (ਨਾਮਦੇਵ ਜੀ) ਉਨ੍ਹਾਂ ਦੇ ਹਿਰਦੇ ਵਿਚ ਵੱਸਿਆ। ਨਾਮੇ ਨੂੰ ਦੇਖਕੇ ਭਗਵਾਨ ਹੱਸ ਪਿਆ। ਹੱਸ ਕੇ ਦੋਵੇਂ ਹੱਥ ਅੱਗੇ ਵਧਾਏ ਤੇ ਦੁੱਧ ਪੀ ਲਿਆ। ਦੁੱਧ ਪੀ ਕੇ ਮੂਰਤੀ ਫਿਰ ਜਿਉਂ ਦੀ ਤਿਉਂ ਹੋ ਗਈ। 'ਦੂਧੁ ਪੀਆਇ ਭਗਤੁ ਘਰਿ ਗਇਆ। ਨਾਮੇ ਹਰਿ ਕਾ ਦਰਸ਼ਨੁ ਭਇਆ।' ਦੁੱਧ ਪਿਆਕੇ ਨਾਮਦੇਵ ਜੀ ਘਰ ਚਲੇ ਗਏ ਇਉਂ ਉਨ੍ਹਾਂ ਨੂੰ ਪ੍ਰਭੂ ਨੇ ਦਰਸ਼ਨ ਦਿੱਤੇ। ਇਹ ਨਾਮਦੇਵ ਜੀ ਦੀ ਭਗਤੀ ਮਾਰਗ ਵਿਚ ਪਹਿਲੀ ਫਤਹਿ ਸੀ। ਭਗਵਾਨ ਉਨ੍ਹਾਂ ਦੇ ਆਖੇ ਲੱਗਣ ਲੱਗ ਪਿਆ ਛੋਟੀ ਉਮਰ ਵਿਚ ਹੀ ਪ੍ਰਭੂ ਦਰਸ਼ਨ ਕਰ ਲਏ। ਲੋਕਾਂ ਵਿਚ ਬੜੀ ਸ਼ੋਭਾ ਹੋਈ। ਨਾਮਦੇਵ ਜੀ ਦੇ ਪਿਤਾ ਨੂੰ ਜਦ ਪਤਾ ਲੱਗਾ ਤਾਂ ਉਹ ਬਹੁਤ ਪ੍ਰਸੰਨ ਹੋਏ।

**ਜਨ ਰਵਿਦਾਸ ਰਾਮ ਰੰਗਿ ਰਾਤਾ॥**
**ਇਉ ਗੁਰ ਪਰਸਾਦਿ ਨਰਕ ਨਹੀ ਜਾਤਾ॥੩॥੫॥**



ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜੋ ਜੀਵ ਪਰਮਾਤਮਾ ਦੇ 'ਹਰਿ' ਨਾਮ ਵਿਚ ਰੰਗਿਆ ਜਾਂਦਾ ਹੈ, ਉਹ ਜੀਵ ਗੁਰੂ ਦੀ ਕਿਰਪਾ ਨਾਲ ਨਰਕ ਨੂੰ ਨਹੀਂ ਜਾਂਦਾ।

(ਸਤਿਗੁਰੂ ਕਬੀਰ ਸਾਹਿਬ ਜੀ ਫਰਮਾਉਂਦੇ ਹਨ ਕਿ—

ਕਹਿ ਕਬੀਰ ਰੰਗਿ ਰਾਤਾ॥
ਮਿਲਿਓ ਜਗਜੀਵਨ ਦਾਤਾ॥੪॥੪॥ (ਪੰਨਾ ੬੫੫)

ਜਿਹੜਾ ਜੀਵ ਇਸ ਸੰਸਾਰ ਵਿਚ ਪਰਮਾਤਮਾ ਦੇ ਰੰਗ ਵਿਚ ਰੰਗਿਆ ਜਾਂਦਾ ਹੈ, ਉਸ ਨੂੰ ਜਗਜੀਵਨ ਦਾਤਾ ਪ੍ਰਮੇਸ਼ਰ ਮਿਲ ਜਾਂਦਾ ਹੈ।)

*****

## ਸ਼ਬਦ 12

**ਮਾਟੀ ਕੋ ਪੁਤਰਾ ਕੈਸੇ ਨਚਤੁ ਹੈ॥**
**ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ॥੧॥ ਰਹਾਉ॥**
**ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ॥**
**ਮਾਇਆ ਗਈ ਤਬ ਰੋਵਨੁ ਲਗਤੁ ਹੈ॥੧॥**
**ਮਨ ਬਚ ਕ੍ਰਮ ਰਸ ਕਸਹਿ ਲੁਭਾਨਾ॥**
**ਬਿਨਸਿ ਗਇਆ ਜਾਇ ਕਹੂੰ ਸਮਾਨਾ॥੨॥**
**ਕਹਿ ਰਵਿਦਾਸ ਬਾਜੀ ਜਗੁ ਭਾਈ॥**
**ਬਾਜੀਗਰ ਸਉ ਮੋੁਹਿ ਪ੍ਰੀਤਿ ਬਨਿ ਆਈ॥੩॥੬॥**
**(ਪੰਨਾ ੪੮੭)**

ਸਤਿਗੁਰੂ ਰਵਿਦਾਸ ਮਹਾਰਾਜ ਜੀ ਇਸ ਸ਼ਬਦ ਰਾਹੀਂ ਸਮੁੱਚੀ ਲੋਕਾਈ ਨੂੰ ਪਾਵਨ ਉਪਦੇਸ਼ ਦਿੰਦੇ ਹਨ ਕਿ ਇਸ ਮਿੱਟੀ ਦੇ ਪੁਤਲੇ (ਜੀਵ) ਨੂੰ ਮਾਇਆ ਦਾ ਤਿਆਗ ਕਰਕੇ ਸਿਰਜਣਹਾਰ ਪਰਮਾਤਮਾ ਨਾਲ ਸੱਚੀ ਪ੍ਰੀਤੀ ਕਰਨੀ ਚਾਹੀਦੀ ਹੈ।

**ਮਾਟੀ ਕੋ ਪੁਤਰਾ ਕੈਸੇ ਨਚਤੁ ਹੈ॥**
**ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ॥੧॥ ਰਹਾਉ॥**

ਪੰਜਾਂ ਤੱਤਾਂ ਤੋਂ ਬਣਿਆ ਹੋਇਆ ਇਹ ਜੀਵ, ਆਪਣੇ ਸੰਸਾਰ ਵਿਚ ਆਉਣ ਦੇ ਮੂਲ ਮਨੋਰਥ ਪਰਮਾਤਮਾ ਦੇ ਨਾਮ ਨੂੰ ਭੁੱਲ ਕੇ ਸੰਸਾਰ ਦੀ ਮਾਇਆ ਵਿਚ ਫਸਿਆ ਹੋਇਆ, ਮਾਇਆ ਦੇ ਪ੍ਰਭਾਵ ਵਿਚ ਕਿਸ ਤਰ੍ਹਾਂ ਨੱਚਦਾ ਫਿਰਦਾ ਹੈ। ਜੀਵ ਮਾਇਆ ਵੱਲ ਦੇਖ-ਦੇਖ ਕੇ ਖੁਸ਼ ਹੁੰਦਾ ਹੈ, ਇਸ ਨੂੰ ਮਾਇਆ ਬਾਰੇ ਹੀ ਸੁਨਣਾ ਤੇ ਬੋਲਣਾ ਚੰਗਾ ਲੱਗਦਾ ਹੈ। ਮਾਇਆ ਦੇ ਪ੍ਰਭਾਵ ਵਿਚ ਹੀ ਉਹ ਜੀਵ ਨੱਠਾ ਫਿਰਦਾ ਹੈ।

**ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ॥**
**ਮਾਇਆ ਗਈ ਤਬ ਰੋਵਨੁ ਲਗਤੁ ਹੈ॥੧॥**

ਜਦੋਂ ਜੀਵ ਮਾਇਆ ਨੂੰ ਪ੍ਰਾਪਤ ਕਰ ਲੈਂਦਾ ਹੈ, ਤਦ ਉਹ ਇਸ ਮਾਇਆ ਦਾ ਹੰਕਾਰ ਕਰਦਾ ਹੈ। ਪਰ ਜਦੋਂ ਮਾਇਆ ਦਾ ਨੁਕਸਾਨ ਹੋ ਜਾਂਦਾ ਹੈ, ਤਦ ਰੋਣ ਲੱਗ ਪੈਂਦਾ ਹੈ। ਕਹਿੰਦਾ ਹੈ ਮੈਂ ਤਾਂ ਲੁੱਟਿਆ ਗਿਆ।

**ਮਨ ਬਚ ਕ੍ਰਮ ਰਸ ਕਸਹਿ ਲੁਭਾਨਾ ॥**
**ਬਿਨਸਿ ਗਇਆ ਜਾਇ ਕਹੂੰ ਸਮਾਨਾ ॥੨॥**

ਇਹ ਜੀਵ ਸੰਸਾਰ ਦੀ ਮਾਇਆ ਵਿਚ ਲਿਪਤ ਹੋਇਆ ਹੈ, ਮਨ ਵਿਚ ਮਾਇਆ ਬਾਰੇ ਹੀ ਸੋਚਦਾ ਹੈ ਤੇ ਬਚਨ, ਵਿਚਾਰ ਅਤੇ ਕਰਮ ਵੀ ਉਹੀ ਕਰਦਾ ਹੈ, ਜਿਸ ਨਾਲ ਜੀਵ ਨੂੰ ਮਾਇਆ ਪ੍ਰਾਪਤ ਹੋ ਸਕੇ। ਇਸ ਪ੍ਰਕਾਰ ਉਹ ਮਨ, ਬਚਨ ਤੇ ਕਰਮ ਕਰਕੇ ਰਸਾਂ-ਕਸਾਂ ਵਿਚ ਲੁਭਾਇਮਾਨ ਹੋਇਆ ਹੈ। ਪਰ ਇਸ ਨੂੰ ਇਹ ਨਹੀਂ ਪਤਾ ਕਿ ਜਦੋਂ ਮਰ ਗਿਆ ਤਾਂ ਕਿੱਥੇ ਜਾ ਕੇ ਸਮਾਉਣਾ ਹੈ ?

(ਸਤਿਗੁਰੂ ਅਰਜਨ ਦੇਵ ਜੀ ਮਹਾਰਾਜ ਫਰਮਾਉਂਦੇ ਹਨ—
ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ॥ (ਪੰਨਾ ੧੩੫)

ਜਿਸ ਵੇਲੇ ਜੀਵ ਦਾ ਅੰਤ ਸਮਾਂ ਆਉਂਦਾ ਹੈ, ਉਸ ਸਮੇਂ ਸਾਰੇ ਹੀ ਮਾਇਆ ਦੇ ਭੋਗ, ਜਿਨ੍ਹਾਂ ਵਿਚ ਫਸ ਕੇ ਜੀਵ ਆਪਣਾ ਜੀਵਨ ਗੁਆਉਂਦਾ ਹੈ, ਸਾਰੇ ਕੌੜੇ ਲੱਗਦੇ ਹਨ।)

**ਕਹਿ ਰਵਿਦਾਸ ਬਾਜੀ ਜਗੁ ਭਾਈ ॥**
**ਬਾਜੀਗਰ ਸਉ ਮੁੋਹਿ ਪ੍ਰੀਤਿ ਬਨਿ ਆਈ ॥੩॥੬॥**

ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਪਰਮਾਤਮਾ ਬਾਜ਼ੀਗਰ ਸ੍ਰਿਸ਼ਟੀ ਸਿਰਜਣਹਾਰ ਨੇ ਸੰਸਾਰ ਦੀ ਬਾਜੀ ਰਚੀ ਹੈ। ਉਹ ਜਿਵੇਂ ਚਾਹੇ ਜੀਵ ਤੋਂ ਉਸੇ ਪ੍ਰਕਾਰ ਕਰਵਾਉਂਦਾ ਹੈ। ਪਰ ਮੈਨੂੰ ਬਾਜ਼ੀਗਰ ਪਰਮਾਤਮਾ ਨਾਲ ਪ੍ਰੇਮ ਹੋ ਗਿਆ ਹੈ।

(ਸਤਿਗੁਰੂ ਕਬੀਰ ਸਾਹਿਬ ਜੀ ਫ਼ਰਮਾਉਂਦੇ ਹਨ—
ਬਾਜੀਗਰ ਡੰਕ ਬਜਾਈ॥
ਸਭ ਖਲਕ ਤਮਾਸੇ ਆਈ॥ (ਪੰਨਾ ੬੫੫)

ਪਰਮਾਤਮਾ ਰੂਪ ਬਾਜ਼ੀਗਰ ਨੇ ਡੁਗਡੁਗੀ ਬਜਾਈ ਤੇ ਸਾਰੀ ਖਲਕਤ ਤਮਾਸ਼ਾ ਰੂਪ ਹੋ ਆਈ ਹੈ।)

## ਸ਼ਬਦ 13

ਗੂਜਰੀ ਸ੍ਰੀ ਰਵਿਦਾਸ ਜੀ ਕੇ ਪਦੇ ਘਰੁ ੩

ੴ ਸਤਿਗੁਰ ਪ੍ਰਸਾਦਿ॥

**ਦੂਧੁ ਤ ਬਛਰੈ ਥਨਹੁ ਬਿਟਾਰਿਓ ॥**
**ਫੂਲੁ ਭਵਰਿ ਜਲੁ ਮੀਨਿ ਬਿਗਾਰਿਓ ॥੧॥**
**ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ ॥**
**ਅਵਰੁ ਨ ਫੂਲੁ ਅਨੂਪੁ ਨ ਪਾਵਉ ॥੧॥ ਰਹਾਉ ॥**



**ਮੈਲਾਗਰ ਬੇਰ੍ਹੇ ਹੈ ਭੁਇਅੰਗਾ ॥**
**ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ ॥੨॥**
**ਧੂਪ ਦੀਪ ਨਈਬੇਦਹਿ ਬਾਸਾ ॥**
**ਕੈਸੇ ਪੂਜ ਕਰਹਿ ਤੇਰੀ ਦਾਸਾ ॥੩॥**
**ਤਨੁ ਮਨੁ ਅਰਪਉ ਪੂਜ ਚਰਾਵਉ ॥**
**ਗੁਰ ਪਰਸਾਦਿ ਨਿਰੰਜਨੁ ਪਾਵਉ ॥੪॥**
**ਪੂਜਾ ਅਰਚਾ ਆਹਿ ਨ ਤੋਰੀ ॥**
**ਕਹਿ ਰਵਿਦਾਸ ਕਵਨ ਗਤਿ ਮੋਰੀ ॥੫॥੧॥**

(ਪੰਨਾ ੫੨੫)

ਸਤਿਗੁਰੂ ਰਵਿਦਾਸ ਮਹਾਰਾਜ ਜੀ ਸੰਸਾਰੀ ਜੀਵਾਂ ਨੂੰ ਪਰਮਾਤਮਾ ਅੱਗੇ ਤਨ, ਮਨ ਅਰਪਨ ਕਰਨ ਦਾ ਪਾਵਨ ਉਪਦੇਸ਼ ਕਰਦੇ ਹਨ। ਪਰਮਾਤਮਾ ਦੀ ਪੂਜਾ ਕੇਵਲ ਸੱਚੇ ਮਨ ਨਾਲ ਹੀ ਕੀਤੀ ਜਾ ਸਕਦੀ ਹੈ, ਕਿਉਂਕਿ ਦੁਨੀਆਂ ਦੇ ਸਾਰੇ ਪਦਾਰਥ ਅਪਵਿੱਤਰ ਹਨ।

**ਦੂਧੁ ਤ ਬਛਰੈ ਥਨਹੁ ਬਿਟਾਰਿਓ ॥**
**ਫੂਲੁ ਭਵਰਿ ਜਲੁ ਮੀਨਿ ਬਿਗਾਰਿਓ ॥੧॥**

ਹੇ ਪਰਮਾਤਮਾ ਜੀ, ਆਪ ਦੀ ਪੂਜਾ ਸੰਸਾਰੀ ਪਦਾਰਥਾਂ ਨਾਲ ਨਹੀਂ ਕੀਤੀ ਜਾ ਸਕਦੀ। ਸੰਸਾਰੀ ਜੀਵ ਆਪ ਅੱਗੇ ਦੁੱਧ ਰੱਖ ਕੇ ਪੂਜਾ ਕਰਦੇ ਹਨ, ਪਰ ਦੁੱਧ ਚੋਣ ਤੋਂ ਪਹਿਲਾਂ ਹੀ ਵੱਛੜੇ ਵਲੋਂ ਚੁੰਘ ਕੇ ਥਣਾਂ ਵਿਚ ਹੀ ਜੂਠਾ ਕਰ ਦਿੱਤਾ ਜਾਂਦਾ ਹੈ। ਫੁੱਲਾਂ ਨੂੰ ਭੰਵਰੇ ਨੇ ਸੁਗੰਧੀ ਲੈ ਕੇ ਜੂਠਾ ਕਰ ਦਿੱਤਾ ਹੈ, ਪਾਣੀ ਨੂੰ ਮੱਛੀ ਨੇ ਜੂਠਾ ਕਰ ਦਿੱਤਾ ਹੈ। ਇਸ ਲਈ ਦੁੱਧ, ਫੁੱਲ ਤੇ ਜਲ ਪੂਜਾ ਦੀ ਸਮੱਗਰੀ ਵਜੋਂ ਯੋਗ ਨਹੀਂ ਹਨ।

(ਸਤਿਗੁਰੂ ਨਾਮਦੇਵ ਜੀ ਫ਼ਰਮਾਉਂਦੇ ਹਨ—
ਆਨੀਲੇ ਕੁੰਭ ਭਰਾਈਲੇ ਊਦਕ ਠਾਕੁਰ ਕਉ ਇਸਨਾਨੁ ਕਰਉ॥
ਬਇਆਲੀਸ ਲਖ ਜੀ ਜਲ ਮਹਿ ਹੋਤੇ ਬੀਠਲੁ ਭੈਲਾ ਕਾਇ ਕਰਉ॥੧॥
(ਪੰਨਾ ੪੮੫)
ਆਨੀਲੇ ਫੂਲ ਪਰੋਈਲੇ ਮਾਲਾ ਠਾਕੁਰ ਕੀ ਹਉ ਪੂਜ ਕਰਉ॥
ਪਹਿਲੇ ਬਾਸੁ ਲਈ ਹੈ ਭਵਰਹ ਬੀਠਲ ਭੈਲਾ ਕਾਇ ਕਰਉ॥੨॥
ਆਨੀਲੇ ਦੂਧ ਰੀਧਾਈਲੇ ਖੀਰੰ ਠਾਕੁਰ ਕਉ ਨੈਵੇਦੁ ਕਰਉ॥
ਪਹਿਲੇ ਦੂਧ ਬਿਟਾਰਿਓ ਬਛਰੈ ਬੀਠਲੁ ਭੈਲਾ ਕਾਇ ਕਰਉ॥ (ਪੰਨਾ ੪੮੫)

ਠਾਕੁਰ ਦੇ ਇਸ਼ਨਾਨ ਕਰਾਉਣ ਲਈ ਪਾਣੀ ਦਾ ਘੜਾ ਲੈ ਆਂਦਾ ਪਰ ਉਹ ਪਾਣੀ ਅਪਵਿੱਤਰ ਹੈ ਕਿਉਂਕਿ ਉਸ ਵਿਚ 42 ਲੱਖ ਜੂਨਾਂ ਦੇ ਜੀਵ ਹਨ। ਇਸੇ ਤਰ੍ਹਾਂ ਪੂਜਾ ਲਈ ਮਾਲਾ ਪਰੋਣ ਲਈ ਲਿਆਂਦੇ ਗਏ ਫੁੱਲ ਭੌਰੇ ਵਲੋਂ ਸੁਗੰਧੀ ਲੈਣ ਦੇ ਕਾਰਨ ਅਪਵਿੱਤਰ ਹਨ। ਇਸੇ ਤਰ੍ਹਾਂ ਦੁੱਧ ਦੀ ਬਣੀ ਖੀਰ ਵੀ ਅਪਵਿੱਤਰ ਹੈ, ਕਿਉਂਕਿ ਖੀਰ ਵਾਲੇ ਦੁੱਧ ਨੂੰ ਵੱਛੜੇ ਨੇ ਥਣਾਂ ਵਿਚ

ਹੀ ਅਪਵਿੱਤਰ ਕੀਤਾ ਹੁੰਦਾ ਹੈ।)

**ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ ॥**
**ਅਵਰੁ ਨ ਫੂਲੁ ਅਨੂਪੁ ਨ ਪਾਵਉ ॥੧॥ ਰਹਾਉ ॥**

ਹੇ ਭਾਈ! ਮੈਂ ਪਰਮਾਤਮਾ ਦੀ ਪੂਜਾ ਕਰਨ ਲਈ ਸੰਸਾਰ ਵਿਚੋਂ ਪਵਿੱਤਰ ਭੇਂਟ ਕਿੱਥੋਂ ਲਿਆ ਕੇ ਚੜ੍ਹਾਵਾਂ? ਸੰਸਾਰ ਵਿਚ ਕੋਈ ਪਵਿੱਤਰ ਅਤੇ ਅਨੋਖਾ ਫੁੱਲ ਪ੍ਰਾਪਤ ਨਹੀਂ ਹੁੰਦਾ।

**ਮੈਲਾਗਰ ਬੇਰ੍ਹੇ ਹੈ ਭੁਇਅੰਗਾ ॥**
**ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ ॥੨॥**

ਪ੍ਰਭੂ ਜੀ, ਚੰਦਨ ਵੀ ਆਪ ਜੀ ਦੀ ਪੂਜਾ ਕਰਨ ਦੇ ਯੋਗ ਨਹੀਂ ਕਿਉਂਕਿ ਚੰਦਨ ਦੇ ਰੁੱਖਾਂ ਨਾਲ ਜ਼ਹਿਰ ਭਰੇ ਸੱਪ ਲਿਪਟੇ ਹੋਏ ਹੁੰਦੇ ਹਨ। ਇਸ ਲਈ ਜ਼ਹਿਰ ਭਰੇ ਸੱਪ ਅਤੇ ਅੰਮ੍ਰਿਤ ਨਾਲ ਭਰਪੂਰ ਚੰਦਨ ਇਕ ਥਾਂ ਇਕੱਠੇ ਵਸਦੇ ਹਨ। ਚੰਦਨ ਨੂੰ ਸੱਪਾਂ ਨੇ ਵਿਸ਼ ਨਾਲ ਅਪਵਿੱਤਰ ਕਰ ਦਿੱਤਾ ਹੈ।

**ਧੂਪ ਦੀਪ ਨਈਬੇਦਹਿ ਬਾਸਾ ॥**
**ਕੈਸੇ ਪੂਜ ਕਰਹਿ ਤੇਰੀ ਦਾਸਾ ॥੩॥**

ਧੂਪ, ਦੀਪਕ ਅਤੇ ਮਿੱਠੇ ਤੇ ਬੇਹੇ ਪਦਾਰਥ ਵੀ ਆਪ ਦੀ ਪੂਜਾ ਦੇ ਯੋਗ ਨਹੀਂ ਹਨ। ਫਿਰ ਪਰਮਾਤਮਾ ਜੀ ਮੈਂ ਆਪ ਦਾ ਦਾਸ ਇਨ੍ਹਾਂ ਅਪਵਿੱਤਰ ਪਦਾਰਥਾਂ ਨਾਲ ਆਪ ਦੀ ਪੂਜਾ ਕਿਵੇਂ ਕਰਾਂ?

**ਤਨੁ ਮਨੁ ਅਰਪਉ ਪੂਜ ਚਰਾਵਉ ॥**
**ਗੁਰ ਪਰਸਾਦਿ ਨਿਰੰਜਨੁ ਪਾਵਉ ॥੪॥**

ਮਾਇਆ ਤੋਂ ਰਹਿਤ ਪਰਮਾਤਮਾ ਜੀ ਆਪ ਦੀ ਪੂਜਾ ਵਜੋਂ ਆਪ ਅੱਗੇ ਤਨ ਮਨ ਅਰਪਣ ਕਰਨ ਤੇ ਗੁਰੂ ਕਿਰਪਾ ਨਾਲ ਆਪ ਦੀ ਪ੍ਰਾਪਤੀ ਹੁੰਦੀ ਹੈ।

(ਸਤਿਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ—
ਮਨੁ ਤਨੁ ਧਨੁ ਸਭੁ ਪ੍ਰਭੂ ਕੇਰਾ ਕਿਆ ਕੋ ਪੂਜਾ ਚੜਾਵਏ॥)
(ਪੰਨਾ ੫੪੨)

**ਪੂਜਾ ਅਰਚਾ ਆਹਿ ਨ ਤੋਰੀ ॥**
**ਕਹਿ ਰਵਿਦਾਸ ਕਵਨ ਗਤਿ ਮੋਰੀ ॥੫॥੧॥**

ਹੇ ਪਰਮਾਤਮਾ ਜੀ ਆਪਣਾ ਤਨ ਮਨ ਅਰਪਣ ਰੂਪੀ ਸੱਚੀ ਪੂਜਾ ਤੋਂ ਬਿਨਾਂ, ਸੰਸਾਰੀ ਅਪਵਿੱਤਰ ਪਦਾਰਥਾਂ ਨਾਲ ਆਪ ਦੀ ਪੂਜਾ ਨਹੀਂ ਕੀਤੀ ਜਾ ਸਕਦੀ। ਸਤਿਗੁਰੂ ਰਵਿਦਾਸ ਮਹਾਰਾਜ ਜੀ ਫਰਮਾਉਂਦੇ ਹਨ ਕਿ ਸੱਚੀ ਪੂਜਾ ਕਰਨ ਤੋਂ ਬਗੈਰ ਮੇਰੀ ਗਤੀ ਕਿਵੇਂ ਹੋਵੇਗੀ? ਮੈਂ ਆਪ ਜੀ ਦੀ ਸੱਚੀ ਪੂਜਾ ਸੱਚੇ ਮਨ ਨਾਲ ਕਰਕੇ ਆਪ ਵਿਚ ਅਭੇਦ ਹੋ ਗਿਆ ਹਾਂ।

*****



# ਸ਼ਬਦ 14

ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ
ੴ ਸਤਿਗੁਰ ਪ੍ਰਸਾਦਿ॥

**ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥**
**ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ ॥੧॥**
**ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥**
**ਜੈਸਾ ਮਾਨੀਐ ਹੋਇ ਨ ਤੈਸਾ ॥੧॥ ਰਹਾਉ ॥**
**ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥**
**ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥੨॥**
**ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ ॥**
**ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ ॥੩॥**
**ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ ॥**
**ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ ॥੪॥੧॥**
(ਪੰਨਾ ੬੫੭)

ਸਤਿਗੁਰੂ ਰਵਿਦਾਸ ਜੀ ਮਹਾਰਾਜ ਸਮੁੱਚੀ ਮਾਨਵਤਾ ਨੂੰ ਪਾਵਨ ਉਪਦੇਸ਼ ਦਿੰਦੇ ਹਨ ਕਿ ਜਦੋਂ ਜੀਵ ਦੇ ਅੰਦਰੋਂ ਝੂਠੇ ਹੰਕਾਰ ਅਤੇ ਭਰਮ ਦਾ ਨਾਸ਼ ਹੋ ਜਾਂਦਾ ਹੈ ਤਦ ਸਰਵ-ਵਿਆਪੀ ਪਰਮਾਤਮਾ ਇਸ ਨੂੰ ਆਪਣੇ ਅੰਦਰ ਹੀ ਨਜ਼ਰ ਆਉਂਦਾ ਹੈ।

**ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥**
**ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ ॥੧॥**

ਹੇ ਪਰਮਾਤਮਾ, ਜਦੋਂ ਤੱਕ ਜੀਵ ਦੇ ਮਨ ਵਿਚ ਮੈਂ ਮੇਰੀ ਦਾ ਝੂਠਾ ਹੰਕਾਰ ਹੁੰਦਾ ਹੈ ਤਦ ਤੱਕ ਜੀਵ ਨੂੰ ਆਪ ਦੀ ਪ੍ਰਾਪਤੀ ਨਹੀਂ ਹੁੰਦੀ। ਪਰ ਜਦੋਂ ਜੀਵ ਆਪਣੇ ਮਨ 'ਚੋਂ ਮੈਂ (ਹੰਕਾਰ) ਮਿਟਾ ਦਿੰਦਾ ਹੈ, ਫਿਰ ਪਰਮਾਤਮਾ ਜੀ ਤੁਸੀਂ ਹੀ ਹੋ, ਮੈਂ ਕੁਝ ਨਹੀਂ ਹਾਂ, ਦਾ ਨਿਸ਼ਚਾ ਹੋ ਜਾਂਦਾ ਹੈ।

(ਸਤਿਗੁਰੂ ਕਬੀਰ ਸਾਹਿਬ ਜੀ ਵੀ ਫ਼ਰਮਾਉਂਦੇ ਹਨ—
ਜਬ ਹਮ ਹੋਤੇ ਤਬ ਤੁਮ ਨਾਹੀ ਅਬ ਤੁਮ ਹਹੁ ਹਮ ਨਾਹੀ॥
(ਪੰਨਾ ੩੩੯)

ਹੇ ਪਰਮਾਤਮਾ ਜੀ ਜਦ ਤੱਕ ਸਾਡੇ ਅੰਦਰ ਮੈਂ ਮੇਰੀ ਦਾ ਝੂਠਾ ਹੰਕਾਰ ਸੀ ਓਨਾ ਚਿਰ ਆਪ ਦੀ ਪ੍ਰਾਪਤੀ ਨਹੀਂ ਸੀ ਹੋਈ ਪਰ ਹੁਣ ਗਿਆਨ ਹੋਣ ਕਰਕੇ ਆਪ ਪ੍ਰਾਪਤ ਹੋ ਗਏ ਹੋ ਅਤੇ ਹੁਣ ਤੁਸੀਂ ਹੀ ਹੋ। ਮੈਂ ਮੇਰੀ ਦਾ ਹੰਕਾਰ ਖਤਮ ਹੋ ਗਿਆ ਹੈ।)

(ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਫੁਰਮਾਉਂਦੇ ਹਨ—
ਹਉਮੈ ਕਰੀ ਤਾਂ ਤੂੰ ਨਾਹੀ ਤੂੰ ਹੋਵਹਿ ਹਉ ਨਾਹਿ॥

(ਪੰਨਾ ੧੦੯੨)

ਪਰਮਾਤਮਾ ਜੀ ਜੀਵ ਦੇ ਹੰਕਾਰ ਕਰਨ ਨਾਲ ਆਪਦੀ ਪ੍ਰਾਪਤੀ ਨਹੀਂ ਹੁੰਦੀ। ਪਰ ਹੰਕਾਰ ਦੇ ਖਤਮ ਹੋਣ ਨਾਲ ਆਪ ਜੀ ਦੀ ਪ੍ਰਾਪਤੀ ਹੁੰਦੀ ਹੈ।)

**ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥**
**ਜੈਸਾ ਮਾਨੀਐ ਹੋਇ ਨ ਤੈਸਾ ॥੧॥ ਰਹਾਉ ॥**

ਹੇ ਪ੍ਰਭੂ ਜੀ! ਕੀ ਕਹੀਏ, ਜੀਵ ਨੂੰ ਇਸ ਤਰ੍ਹਾਂ ਦਾ ਭਰਮ ਹੈ ਕਿ ਇਹ ਸੰਸਾਰ ਨੂੰ ਸੱਚ ਜਾਣਦਾ ਹੈ। ਪਰ ਜੈਸੇ ਇਹ ਜੀਵ ਸੰਸਾਰ ਨੂੰ ਸੱਚ ਕਰਕੇ ਜਾਣਦਾ ਹੈ, ਸੰਸਾਰ ਤੈਸਾ ਨਹੀਂ ਹੈ। ਭਾਵ ਇਹ ਸੰਸਾਰ ਅਸਤਿ ਹੈ।

**ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥**
**ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥੨॥**

ਜਿਵੇਂ ਇਕ ਰਾਜਾ ਆਪਣੇ ਸਿੰਘਾਸਨ 'ਤੇ ਸੁੱਤਾ ਪਿਆ ਸੁਪਨੇ ਵਿਚ ਭਿਖਾਰੀ ਬਣ ਗਿਆ। ਆਪਣਾ ਰਾਜ ਹੁੰਦੇ ਹੋਏ ਵੀ ਰਾਜਾ ਸੁਪਨੇ ਵਿਚ ਭਿਖਾਰੀ ਬਣ ਕੇ ਦੁੱਖ ਪ੍ਰਾਪਤ ਕਰਦਾ ਹੈ, ਇਸੇ ਤਰ੍ਹਾਂ ਇਹ ਜੀਵ ਦੀ ਹਾਲਤ ਵੀ ਐਸੀ ਹੀ ਹੈ ਕਿ ਸੰਸਾਰ ਰੂਪੀ ਸੁਪਨੇ ਵਿਚ ਆਪ ਤੋਂ ਵਿਛੜ ਕੇ ਦੁੱਖ ਪਾਉਂਦਾ ਹੈ।

## *-ਸਾਖੀ-*

# ਰਾਜੇ ਜਨਕ ਦੀ

ਰਾਜਾ ਜਨਕ ਮਿਥਲਾਪੁਰੀ ਬਿਰਾਜਮਾਨ ਸੀ, ਗਰਮੀਆਂ ਦੇ ਦਿਨ ਸਨ। ਰਾਜੇ ਦਾ ਮਹਿਲ, ਜਿਸ ਵਿਚ ਸੋਨੇ ਦੇ ਸਿੰਘਾਸਨ ਉੱਪਰ ਫੁੱਲਾਂ ਦੀ ਸੇਜ ਲੱਗੀ ਹੋਈ ਸੀ ਅਤੇ ਉਸ ਮਹਿਲ ਨੂੰ ਠੰਢੀਆਂ ਚੀਜ਼ਾਂ ਨਾਲ ਠੰਢਾ ਕਰਕੇ ਰੱਖਿਆ ਗਿਆ ਸੀ। ਰਾਜੇ ਨੂੰ ਆਪਣੇ ਸਿੰਘਾਸਨ 'ਤੇ ਨੀਂਦ ਆ ਗਈ ਅਤੇ ਉਸਨੇ ਸੁਪਨਾ ਦੇਖਿਆ ਜਿਸ ਵਿਚ ਸ਼ਤਰੂ ਰਾਜੇ ਨੇ ਹਮਲਾ ਕਰ ਦਿੱਤਾ ਅਤੇ ਉਸ ਦਾ ਰਾਜ ਭਾਗ ਖੋਹ ਲਿਆ ਅਤੇ ਤਿੱਖੀ ਧੁੱਪ ਵਿਚ ਰਾਜੇ ਨੂੰ ਨਗਨ ਅਵਸਥਾ ਵਿਚ ਦੇਸ਼ ਨਿਕਾਲਾ ਦੇ ਦਿੱਤਾ। ਉਸ ਸਮੇਂ ਉਸ ਦੇ ਤਨ 'ਤੇ ਕੇਵਲ ਲੰਗੋਟੀ ਸੀ। ਦੂਸਰੇ ਰਾਜੇ ਨੇ ਸਾਰੇ ਪਿੰਡਾਂ ਅਤੇ ਨਗਰਾਂ ਵਿਚ ਢੰਡੋਰਾ ਫਿਰਾ ਦਿੱਤਾ ਕਿ ਜੋ ਵੀ ਰਾਜੇ ਜਨਕ ਨੂੰ ਅੰਨ, ਜਲ ਦੇਵੇਗਾ ਉਹ ਸਜ਼ਾ ਪਾਏਗਾ ਅਤੇ ਜੋ ਤ੍ਰਿਸਕਾਰ ਕਰੇਗਾ ਉਹ ਇਨਾਮ ਪਾਵੇਗਾ। ਪਰਜਾ ਨੇ ਸ਼ਤਰੂ ਰਾਜੇ ਦੇ ਡਰ ਕਰਕੇ ਰਾਜਾ ਜਨਕ ਦਾ ਬੜਾ ਅਪਮਾਨ ਕੀਤਾ। ਥੱਲਿਉਂ ਧਰਤੀ ਦੀ ਗਰਮੀ ਉੱਪਰੋਂ ਅਸਮਾਨੀ ਗਰਮੀ ਕਰਕੇ ਰਾਜੇ ਦੇ ਪੈਰਾਂ ਵਿਚ ਛਾਲੇ ਪੈ ਗਏ। ਰਾਜੇ ਜਨਕ ਨੂੰ ਭੁੱਖ ਨੇ ਬਹੁਤ ਵਿਆਕੁਲ ਕੀਤਾ। ਸਰੀਰ ਕੰਬਣ ਲੱਗਾ, ਇਤਨਾ ਕਮਜ਼ੋਰ ਹੋ ਗਿਆ ਕਿ ਉਹ ਚੱਲਣ ਫਿਰਨ ਤੋਂ ਵੀ ਅਸਮਰੱਥ ਹੋ ਗਿਆ। ਜਿਸ ਪਰਜਾ ਦਾ ਉਸ ਨੇ ਭਲਾ ਕੀਤਾ ਸੀ ਉਸ ਪਰਜਾ ਨੇ ਵਿਰੋਧੀ ਰਾਜੇ ਦੇ ਭੈਅ ਕਰਕੇ ਉਸਦੀ ਕੋਈ ਸਹਾਇਤਾ ਨਾ ਕੀਤੀ। ਇਕ ਅਸਥਾਨ 'ਤੇ



ਖਿਚੜੀ ਵਰਤਾਈ ਜਾ ਰਹੀ ਸੀ। ਮੰਗਤੇ ਭਿਖਾਰੀ ਬਹੁਤ ਇਕੱਠੇ ਹੋਏ ਸਨ, ਖਿਚੜੀ ਵਰਤ ਚੁੱਕੀ ਸੀ। ਉਸ ਨੇ ਖਿਚੜੀ ਵਾਲੇ ਕੋਲ ਪ੍ਰਾਰਥਨਾ ਕੀਤੀ ਕਿ ਮੈਨੂੰ ਖਿਚੜੀ ਦੇ ਦਿਉ? ਖਿਚੜੀ ਪ੍ਰਾਪਤ ਕਰਕੇ ਜਦੋਂ ਰਾਜਾ ਖਿਚੜੀ ਖਾਣ ਲੱਗਾ ਉਸ ਸਮੇਂ ਦੋ ਮਸਤ ਸਾਂਢ ਆਪਸ ਵਿਚ ਲੜਦੇ-ਲੜਦੇ ਰਾਜੇ ਨਾਲ ਟਕਰਾ ਗਏ। ਰਾਜੇ ਦਾ ਖਿਚੜੀ ਵਾਲਾ ਬਰਤਨ ਡਿੱਗ ਕੇ ਟੁੱਟ ਗਿਆ ਅਤੇ ਖਿਚੜੀ ਮਿੱਟੀ ਵਿਚ ਮਿਲ ਗਈ। ਰਾਜਾ ਜ਼ੋਰ-ਜ਼ੋਰ ਨਾਲ ਰੋਣ ਲੱਗਾ। ਅਧਿਕ ਆਵਾਜ਼ ਕਾਰਨ ਉਸਦੀ ਨੀਂਦ ਖੁੱਲ੍ਹ ਗਈ। ਰਾਜੇ ਦਾ ਸੁਪਨਾ ਦੂਰ ਹੋ ਗਿਆ ਅਤੇ ਉਸ ਨੇ ਆਪਣੇ ਆਪ ਨੂੰ ਸੋਨੇ ਦੇ ਸਿੰਘਾਸਨ ਤੇ ਫੁੱਲਾਂ ਦੀ ਸੇਜ 'ਤੇ ਪਾਇਆ। ਰਾਜੇ ਨੂੰ ਹੁਣ ਕੁਝ ਵੀ ਚੰਗਾ ਨਹੀਂ ਲੱਗਦਾ ਸੀ। ਉਸ ਨੂੰ ਪੱਕਾ ਨਿਸ਼ਚਾ ਹੋ ਗਿਆ ਕਿ ਜੋ ਮੈਂ ਸੁਪਨਾ ਦੇਖਿਆ ਉਹ ਬਿਪਤਾ ਮੇਰੇ ਉੱਪਰ ਆਉਣੀ ਹੀ ਹੈ, ਕੋਈ ਬਲਵਾਨ ਸ਼ਤਰੂ ਰਾਜਾ ਮੇਰੀ ਅਜਿਹੀ ਹਾਲਤ ਕਰੇਗਾ। ਰਾਜੇ ਨੂੰ ਹੁਣ ਰਾਜ ਮਹਿਲ ਅਤੇ ਸੁੱਖ-ਸੁਵਿਧਾ ਝੂਠੇ ਦਿਖਾਈ ਦੇਣ ਲੱਗੇ। ਰਾਜੇ ਦਾ ਦਿਲ ਅਤੇ ਦਿਮਾਗ ਗਿਰ ਚੁੱਕੇ ਸਨ। ਉਹ ਆਪਣੇ ਘੋੜੇ 'ਤੇ ਚੜ੍ਹ ਕੇ ਸੁਪਨੇ ਵਾਲੀ ਜਗ੍ਹਾ ਵੇਖਣ ਗਿਆ ਜਿੱਥੇ ਰਾਜੇ ਨੇ ਖਿਚੜੀ ਮੰਗੀ ਸੀ। ਉਹ ਜਗ੍ਹਾ ਦੇਖੀ ਉਸ ਦੇ ਮਨ ਵਿਚ ਭਰਮ ਹੋ ਗਿਆ ਕਿ ਜੋ ਮੈਂ ਸੁਪਨਾ ਵੇਖਿਆ ਉਹ ਸੱਚ ਹੈ ਜਾਂ ਇਹ ਸੰਸਾਰ ਸੱਚ ਹੈ? ਹੁਣ ਰਾਜੇ ਨੇ ਆਪਣੇ ਦਰਬਾਰ ਦੇ ਸਾਰੇ ਰਿਸ਼ੀ-ਮੁਨੀ ਬੁਲਾ ਲਏ। ਸਭਨਾਂ ਅੱਗੇ ਪ੍ਰਸ਼ਨ ਕੀਤਾ ਕਿ ਇਹ ਸੱਚ ਹੈ ਜਾਂ ਉਹ ਸੱਚ? ਕਿਸੇ ਨੂੰ ਵੀ ਇਸ ਪ੍ਰਸ਼ਨ ਦਾ ਉੱਤਰ ਨਾ ਆਇਆ। ਰਾਜੇ ਨੇ ਸਾਰੇ ਰਿਸ਼ੀਆਂ-ਮੁਨੀਆਂ ਨੂੰ ਆਪਣੇ ਮਹਿਲ ਵਿਚ ਹੀ ਰੱਖ ਲਿਆ ਕਿ ਜਦ ਤੱਕ ਮੇਰੇ ਪ੍ਰਸ਼ਨ ਦਾ ਜੁਆਬ ਨਹੀਂ ਮਿਲਦਾ ਸਭ ਨੇ ਇਥੇ ਹੀ ਰਹਿਣਾ ਹੈ।

ਅਸ਼ਟਾਵਕਰ ਨੂੰ ਜਦੋਂ ਪਤਾ ਲੱਗਿਆ ਕਿ ਉਸ ਦੇ ਪਿਤਾ ਜੀ ਬਹੁਤ ਵਿਦਵਾਨ ਹਨ, ਉਹਨਾਂ ਸਮੇਤ ਅਣਗਿਣਤ ਰਿਸ਼ੀਆਂ ਮੁਨੀਆਂ ਅਤੇ ਵਿਦਵਾਨਾਂ ਨੂੰ ਰਾਜੇ ਨੇ ਆਪਣੇ ਮਹਿਲ ਰੋਕ ਰੱਖਿਆ ਹੈ। ਉਹਨਾਂ ਨੇ ਰਾਜੇ ਪਾਸ ਜਾ ਕੇ ਰਾਜ ਸਭਾ ਵਿਚ ਰਾਜੇ ਦੇ ਪ੍ਰਸ਼ਨ ਦਾ ਉੱਤਰ ਦੇ ਕੇ ਰਾਜੇ ਦਾ ਭਰਮ ਦੂਰ ਕੀਤਾ। ਰਾਜੇ ਜਨਕ ਨੇ ਅਸ਼ਟਾਵਕਰ ਜੀ ਨੂੰ ਪ੍ਰਸ਼ਨ ਕੀਤਾ ਕਿ ਇਹ ਸੱਚ ਹੈ ਜਾਂ ਉਹ ਸੱਚ? ਅਸ਼ਟਾਵਕਰ ਜੀ ਨੇ ਰਾਜੇ ਦੇ ਸੁਪਨੇ ਦੀ ਸਾਰੀ ਸਥਿਤੀ ਬਿਆਨ ਕਰ ਦਿੱਤੀ ਕਿ ਤੂੰ ਰਾਜ ਸਿੰਘਾਸਨ 'ਤੇ ਸੁੱਤੇ ਹੋਏ ਨੇ ਇਕ ਸੁਪਨਾ ਦੇਖਿਆ ਜਿਸ ਵਿਚ ਤੇਰੇ ਉੱਪਰ ਦੂਜੇ ਰਾਜੇ ਨੇ ਚੜ੍ਹਾਈ ਕਰ ਦਿੱਤੀ, ਤੈਨੂੰ ਬੰਦੀ ਬਣਾ ਕੇ ਦੇਸ਼ ਨਿਕਾਲਾ ਦੇ ਦਿੱਤਾ ਅਤੇ ਤੂੰ ਭਿਖਾਰੀਆਂ ਵਾਂਗ ਮੰਗਦਾ ਫਿਰਦਾ ਰਿਹਾ। ਇੰਨੇ ਨੂੰ ਤੇਰੀ ਜਾਗ ਖੁੱਲ੍ਹ ਗਈ ਅਤੇ ਆਪਣੇ ਆਪ ਨੂੰ ਰਾਜ ਸਿੰਘਾਸਨ ਅਤੇ ਫੁੱਲਾਂ ਦੀ ਸੇਜ ਉੱਪਰ ਪਾਇਆ। ਤੈਨੂੰ ਇਹ ਭਰਮ ਸੀ ਕਿ ਤੂੰ ਜੋ ਸੁਪਨਾ ਵੇਖਿਆ ਹੈ ਉਹ ਸੱਚ ਹੈ ਜਾਂ ਸੰਸਾਰ ਸੱਚ ਹੈ। ਦੋਨੋਂ ਸੁਪਨੇ ਝੂਠੇ ਹਨ, ਸੰਸਾਰ ਰੂਪੀ ਸੁਪਨਾ ਜ਼ਿਆਦਾ ਦੇਰ ਤੱਕ ਰਹਿਣ ਵਾਲਾ ਹੈ ਅਤੇ ਰਾਤ ਦਾ ਸੁਪਨਾ ਥੋੜ੍ਹੀ ਦੇਰ ਤੱਕ ਰਹਿਣ ਵਾਲਾ ਹੈ। ਜਿਵੇਂ ਇਕ

ਆਦਮੀ ਇਕ ਸੇਰ ਆਟਾ ਰੋਜ਼ ਖਾ ਸਕਦਾ ਹੈ, ਅਗਰ ਉਸ ਦੇ ਕੋਲ ਇਕ ਸੇਰ ਹੀ ਹੈ ਤਾਂ ਇਕ ਦਿਨ ਵਿਚ ਹੀ ਮੁਕਾ ਲਵੇਗਾ। ਅਗਰ ਉਸ ਦੇ ਕੋਲ ਇਕ ਮਣ ਆਟਾ ਹੈ ਤਾਂ ਚਾਲੀ ਦਿਨ ਵਿਚ ਖਾ ਲਵੇਗਾ। ਪ੍ਰੰਤੂ ਸੇਰ ਆਟਾ ਅਤੇ ਮਣ ਆਟਾ ਦੋਨੋਂ ਹੀ ਖਾਹ ਲਵੇਗਾ। ਇਸ ਪ੍ਰਕਾਰ ਸੁਪਨਾ ਸੇਰ ਆਟੇ ਦੇ ਸਮਾਨ ਅਤੇ ਜਗਤ ਸੁਪਨਾ ਮਣ ਆਟੇ ਦੇ ਬਰਾਬਰ ਹੈ। ਖਾਧੇ ਇਹ ਦੋਵੇਂ ਬਰਾਬਰ ਹੀ ਜਾਣਗੇ। ਇਹ ਵੀ ਝੂਠ ਹੈ, ਉਹ ਵੀ ਝੂਠ ਹੈ, ਨਾ ਇਹ ਸੱਚ ਹੈ, ਨਾ ਉਹ ਸੱਚ ਹੈ। ਇਸੇ ਪ੍ਰਕਾਰ ਅਸ਼ਟਾਵਕਰ ਜੀ ਨੇ ਰਾਜੇ ਜਨਕ ਦਾ ਭਰਮ ਦੂਰ ਕੀਤਾ।

**ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ॥**
**ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ॥੩॥**

ਜਿਵੇਂ ਸੱਪ ਤੇ ਰੱਸੀ ਦਾ ਪ੍ਰਸੰਗ ਹੈ ਕਿ ਇਹ ਜੀਵ ਹਨ੍ਹੇਰੇ ਦੇ ਭੁਲੇਖੇ ਕਾਰਨ ਰੱਸੀ ਨੂੰ ਸੱਪ ਸਮਝਦਾ ਹੈ, ਪਰ ਅਸਲ ਵਿਚ ਸੱਪ ਨਹੀਂ ਹੁੰਦਾ ਹੈ। ਇਸੇ ਤਰ੍ਹਾਂ ਭਰਮ ਕਰਕੇ ਜੀਵ ਨੂੰ ਸੰਸਾਰ ਸੱਚ ਨਜ਼ਰ ਆਉਂਦਾ ਹੈ, ਪਰ ਇਹ ਅਸਤਿ ਹੈ। ਇਸੇ ਤਰ੍ਹਾਂ ਜੀਵ ਭਰਮ ਕਰਕੇ ਸੋਨਾ ਤੇ ਸੋਨੇ ਦੇ ਬਣੇ ਗਹਿਣਿਆਂ ਨੂੰ ਭਿੰਨ-ਭਿੰਨ ਮੰਨਦਾ ਹੈ। ਪਰ ਇਹ ਗੱਲ ਕਹਿਣ ਵਿਚ ਨਹੀਂ ਆਉਂਦੀ। ਅਸਲ ਵਿਚ ਸੋਨੇ ਤੋਂ ਬਣੇ ਗਹਿਣੇ ਸੋਨਾ ਹੀ ਹੁੰਦੇ ਹਨ। ਇਸ ਤਰ੍ਹਾਂ ਜੀਵ ਭਰਮ ਕਰਕੇ ਪ੍ਰਭੂ ਤੋਂ ਵੱਖ ਰਹਿੰਦਾ ਹੈ। ਭਰਮ ਦੂਰ ਹੋਣ 'ਤੇ ਪ੍ਰਭੂ ਵਿਚ ਅਭੇਦ ਹੋ ਜਾਂਦਾ ਹੈ।

**ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ॥**
**ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ॥੪॥੧॥**

ਭਰਮ ਦੇ ਦੂਰ ਹੋਣ ਨਾਲ ਪਰਮਾਤਮਾ ਇਕ ਤੋਂ ਅਨੇਕ ਰੂਪ ਧਾਰਨ ਕਰਕੇ ਸਾਰੇ ਸੰਸਾਰ ਵਿਚ ਵਿਆਪਕ ਨਜ਼ਰ ਆਉਂਦਾ ਹੈ ਤੇ ਸਾਰੇ ਸੰਸਾਰ ਦੇ ਸਭ ਜੀਵਾਂ ਦੇ ਅੰਦਰ ਬੈਠਾ ਸਭ ਪ੍ਰਬੰਧ ਚਲਾ ਰਿਹਾ ਹੈ।

(ਸਤਿਗੁਰੂ ਨਾਮਦੇਵ ਜੀ ਫ਼ਰਮਾਉਂਦੇ ਹਨ—

ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ। (ਪੰਨਾ ੪੮੫)

ਭਾਵ ਪਰਮਾਤਮਾ ਇਕ ਤੋਂ ਅਨੇਕ ਰੂਪ ਧਾਰਨ ਕਰਕੇ ਸਾਰੇ ਸੰਸਾਰ ਵਿਚ ਵਿਆਪਕ ਹੈ। ਜਿੱਧਰ ਦੇਖਦਾ ਹੈ ਤਾਂ ਉੱਧਰ ਹੀ ਪਰਮਾਤਮਾ ਹੈ।)

ਸਤਿਗੁਰੂ ਰਵਿਦਾਸ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਮੈਂ ਮੇਰੀ ਦਾ ਭਰਮ ਦੂਰ ਹੋਣ ਨਾਲ ਸੁਭਾਵਕ ਹੀ ਉਹ ਪਰਮਾਤਮਾ ਹੱਥਾਂ ਪੈਰਾਂ ਤੋਂ ਵੀ ਨੇੜੇ ਮਾਲੂਮ ਹੁੰਦਾ ਹੈ। ਸਹਿਜੇ ਹੀ ਉਸਦੀ ਪ੍ਰਾਪਤੀ ਹੋ ਜਾਂਦੀ ਹੈ।

(ਸਤਿਗੁਰੂ ਕਬੀਰ ਸਾਹਿਬ ਜੀ ਫੁਰਮਾਉਂਦੇ ਹਨ—

ਹਰਿ ਮਹਿ ਤਨੁ ਹੈ ਤਨ ਮਹਿ ਹਰਿ ਹੈ ਸਰਬ ਨਿਰੰਤਰਿ ਸੋਇ ਰੇ॥
ਕਹਿ ਕਬੀਰ ਰਾਮ ਨਾਮੁ ਨ ਛੋਡਉ ਸਹਜੇ ਹੋਇ ਸੁ ਹੋਇ ਰੇ॥੩॥੩॥
(ਪੰਨਾ ੮੭੦)

ਪਰਮਾਤਮਾ ਸਭ ਸਰੀਰਾਂ ਵਿਚ ਹੈ, ਸਾਰੇ ਸਰੀਰ ਪਰਮਾਤਮਾ ਵਿਚ ਹਨ। ਪ੍ਰਭੂ ਸਰਵ ਵਿਆਪਕ ਹੈ। ਕਬੀਰ ਸਾਹਿਬ ਜੀ ਕਹਿੰਦੇ ਹਨ ਕਿ ਰਾਮ



ਨਾਮ ਦਾ ਸਿਮਰਨ ਨਾ ਛੱਡੋ, ਸਹਿਜੇ ਹੀ ਉਸ ਦੀ ਪ੍ਰਾਪਤੀ ਹੋ ਜਾਵੇਗੀ।)

*******

## ਸ਼ਬਦ 15

**ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ॥**
**ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ॥੧॥**
**ਮਾਧਵੇ ਜਾਨਤ ਹਹੁ ਜੈਸੀ ਤੈਸੀ॥**
**ਅਬ ਕਹਾ ਕਰਹੁਗੇ ਐਸੀ॥੧॥ ਰਹਾਉ॥**
**ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ॥**
**ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ॥੨॥**
**ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ॥**
**ਮੋਹ ਪਟਲ ਸਭੁ ਜਗਤੁ ਬਿਆਪਿਓ ਭਗਤ ਨਹੀ ਸੰਤਾਪਾ॥੩॥**
**ਕਹਿ ਰਵਿਦਾਸ ਭਗਤਿ ਇਕ ਬਾਢੀ ਅਬ ਇਹ ਕਾ ਸਿਉ ਕਹੀਐ॥**
**ਜਾ ਕਾਰਨਿ ਹਮ ਤੁਮ ਆਰਾਧੇ ਸੋ ਦੁਖੁ ਅਜਹੂ ਸਹੀਐ॥੪॥੨॥**
**(ਪੰਨਾ ੬੫੮)**

ਸਤਿਗੁਰ ਰਵਿਦਾਸ ਜੀ ਮਹਾਰਾਜ ਸੰਸਾਰੀ ਜੀਵਾਂ ਨੂੰ ਪਰਮਾਤਮਾ ਨਾਲ ਸੱਚੀ ਪ੍ਰੀਤੀ ਕਰਕੇ ਪਰਮਾਤਮਾ ਨੂੰ ਪ੍ਰੇਮ ਦੇ ਬੰਧਨ ਵਿਚ ਬੰਨ੍ਹਕੇ ਸੰਸਾਰ ਦੇ ਝੂਠੇ ਬੰਧਨਾਂ ਵਿਚੋਂ ਮੁਕਤ ਹੋਣ ਦਾ ਪਾਵਨ ਉਪਦੇਸ਼ ਦਿੰਦੇ ਹਨ। ਜੀਵ ਨੂੰ ਪਰਮਾਤਮਾ ਨਾਲ ਇਸ ਤਰ੍ਹਾਂ ਦੀ ਪ੍ਰੀਤੀ ਕਰਨੀ ਚਾਹੀਦੀ ਹੈ, ਜਿਸ ਤਰ੍ਹਾਂ ਦੀ ਪ੍ਰੀਤੀ ਮੱਛੀ ਦੀ ਪਾਣੀ ਨਾਲ ਹੈ।

**ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ॥**
**ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ॥੧॥**

ਹੇ ਪ੍ਰਭੂ ਜੀ! ਜੇਕਰ ਆਪ ਜੀ ਨੇ ਸਾਨੂੰ ਸੰਸਾਰ ਵਿਚ ਮੋਹ ਰੂਪੀ ਫਾਹੀ ਵਿਚ ਬੰਨ੍ਹਿਆ ਹੈ ਤਾਂ ਅਸੀਂ ਆਪ ਨੂੰ ਪ੍ਰੇਮ ਦੇ ਬੰਧਨ ਵਿਚ ਬੰਨ੍ਹ ਲਿਆ ਹੈ। ਹੁਣ ਤੁਸੀਂ ਆਪਣੇ ਛੁੱਟਣ ਦਾ ਯਤਨ ਕਰੋ ਕਿਉਂਕਿ ਅਸੀਂ ਤਾਂ ਆਪ ਦੀ ਅਰਾਧਨਾ ਕਰਕੇ ਝੂਠੇ ਸੰਸਾਰੀ ਮੋਹ ਤੋਂ ਮੁਕਤ ਹੋ ਗਏ ਹਾਂ।

**ਮਾਧਵੇ ਜਾਨਤ ਹਹੁ ਜੈਸੀ ਤੈਸੀ॥**
**ਅਬ ਕਹਾ ਕਰਹੁਗੇ ਐਸੀ॥੧॥ ਰਹਾਉ॥**

ਹੇ ਪ੍ਰਭੂ ਜੀ! ਜਿਹੋ ਜਿਹੀ ਮੇਰੀ ਆਪ ਨਾਲ ਪ੍ਰੀਤੀ ਹੈ, ਆਪ ਭਲੀ ਪ੍ਰਕਾਰ ਜਾਣਦੇ ਹੋ। ਇਸ ਪ੍ਰੀਤੀ ਤੋਂ ਛੁਟਕਾਰਾ ਪਾਉਣ ਲਈ ਕੀ ਕਰੋਗੇ ?

**ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ॥**
**ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ॥੨॥**

ਮੇਰੀ ਆਪ ਨਾਲ ਐਸੀ ਅਟੱਲ ਪ੍ਰੀਤੀ ਹੈ, ਜੈਸੀ ਪ੍ਰੀਤੀ ਮੱਛੀ ਦੀ ਪਾਣੀ ਨਾਲ ਹੈ। ਫੰਦਕ ਮੱਛੀ ਨੂੰ ਪਕੜ ਕੇ ਪਾਣੀ ਤੋਂ ਵੱਖ ਕਰਕੇ ਮਾਰ ਦਿੰਦਾ

ਹੈ, ਉਸ ਨੂੰ ਕੱਟ ਕੇ ਟੁਕੜੇ-ਟੁਕੜੇ ਕਰਦਾ ਹੈ। ਕਈ ਢੰਗਾਂ ਨਾਲ ਰਿੰਨ੍ਹ ਕੇ ਚਿੱਥ-ਚਿੱਥ ਕੇ ਖਾਂਦਾ ਹੈ ਤਾਂ ਵੀ ਮੱਛੀ ਨੂੰ ਪਾਣੀ ਨਹੀਂ ਭੁੱਲਦਾ। ਜੋ ਜੀਵ ਮੱਛੀ ਖਾਂਦਾ ਹੈ, ਉਸ ਨੂੰ ਪਿਆਸ ਬਹੁਤ ਲੱਗਦੀ ਹੈ। ਇਸ ਲਈ ਮਰਕੇ ਵੀ ਮੱਛੀ ਨੂੰ ਪਾਣੀ ਨਹੀਂ ਭੁੱਲਦਾ।

(ਸਤਿਗੁਰ ਨਾਮਦੇਵ ਜੀ ਮਹਾਰਾਜ ਫੁਰਮਾਉਂਦੇ ਹਨ—

ਮਛੁਲੀ ਕਉ ਜੈਸੇ ਨੀਰੁ ਬਾਲਹਾ ਤਿਉ ਮੇਰੈ ਮਨ ਰਾਮਈਆ॥

(ਪੰਨਾ ੬੯੩)

ਜਿਵੇਂ ਮੱਛੀ ਨੂੰ ਪਾਣੀ ਪਿਆਰਾ ਹੈ, ਤਿਵੇਂ ਮੇਰੇ ਮਨ ਨੂੰ ਪਰਮਾਤਮਾ ਪਿਆਰਾ ਹੈ। ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਫਰਮਾਉਂਦੇ ਹਨ—

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਮਛੁਲੀ ਨੀਰ॥

(ਪੰਨਾ ੬੦)

ਹੇ ਮਨ, ਪਰਮਾਤਮਾ ਨਾਲ ਇਸ ਤਰ੍ਹਾਂ ਦੀ ਪ੍ਰੀਤੀ ਕਰ, ਜਿਸ ਤਰ੍ਹਾਂ ਦੀ ਪ੍ਰੀਤੀ ਮੱਛੀ ਦੀ ਪਾਣੀ ਨਾਲ ਹੈ।)

**ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ॥**
**ਮੋਹ ਪਟਲ ਸਭੁ ਜਗਤੁ ਬਿਆਪਿਓ ਭਗਤ ਨਹੀ ਸੰਤਾਪਾ॥੩॥**

ਪਰਮਾਤਮਾ ਜੀ, ਆਪ ਕਿਸੇ ਦੇ ਬਾਪ ਦੀ ਮਲਕੀਅਤ ਨਹੀਂ ਹੋ। ਆਪ ਤਾਂ ਹਰਿ-ਪ੍ਰਕਾਸ਼ ਰੂਪ ਰਾਜਾ ਜੀ ਕੇਵਲ, ਪ੍ਰੇਮਾ ਭਗਤੀ ਕਰਨ ਵਾਲਿਆਂ ਦੇ ਹੀ ਹੋ। ਮੋਹ ਰੂਪੀ ਪਰਦਾ ਸਾਰੇ ਸੰਸਾਰ ਵਿਚ ਪਸਰਿਆ ਹੋਇਆ ਹੈ। ਪਰ ਮੋਹ ਰੂਪੀ ਪਰਦਾ ਪਰਮਾਤਮਾ ਦਾ ਨਾਮ ਜਪਣ ਵਾਲੇ ਭਗਤਾਂ ਨੂੰ ਦੁੱਖ ਨਹੀਂ ਦਿੰਦਾ।

**ਕਹਿ ਰਵਿਦਾਸ ਭਗਤਿ ਇਕ ਬਾਢੀ ਅਬ ਇਹ ਕਾ ਸਿਉ ਕਹੀਐ॥**
**ਜਾ ਕਾਰਨਿ ਹਮ ਤੁਮ ਆਰਾਧੇ ਸੋ ਦੁਖੁ ਅਜਹੂ ਸਹੀਐ॥੪॥੨॥**

ਸਤਿਗੁਰੂ ਰਵਿਦਾਸ ਜੀ ਕਥਨ ਕਰਦੇ ਹਨ ਹੇ ਪਰਮਾਤਮਾ ਜੀ, ਮੇਰੇ ਹਿਰਦੇ ਵਿਚ ਆਪ ਦੀ ਪ੍ਰੇਮਾ ਭਗਤੀ ਬਹੁਤ ਵੱਧ ਗਈ ਹੈ, ਇਹ ਮੈਂ ਕਿਸ ਨੂੰ ਦੱਸਾਂ? ਜਿਸ ਜਨਮ-ਮਰਨ ਦੇ ਦੁੱਖ ਦੀ ਨਵਿਰਤੀ ਵਾਸਤੇ ਮੈਂ ਆਪ ਜੀ ਦੀ ਅਰਾਧਨਾ ਕਰ ਰਿਹਾ ਹਾਂ ਕੀ ਇਹ ਦੁੱਖ ਹੁਣ ਹੋਰ ਵੀ ਸਹਿਣਾ ਪਵੇਗਾ? ਭਾਵ ਨਹੀਂ ਸਹਿਣਾ ਪਵੇਗਾ।

******

## ਸ਼ਬਦ 16

**ਦੁਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੈ॥**
**ਰਾਜੇ ਇੰਦ੍ਰ ਸਮਸਰਿ ਗ੍ਰਿਹ ਆਸਨ ਬਿਨੁ ਹਰਿ ਭਗਤਿ ਕਹਹੁ ਕਿਹ ਲੇਖੈ॥੧॥**
**ਨ ਬੀਚਾਰਿਓ ਰਾਜਾ ਰਾਮ ਕੋ ਰਸੁ॥**



**ਜਿਹ ਰਸ ਅਨਰਸ ਬੀਸਰਿ ਜਾਹੀ॥੧॥ ਰਹਾਉ॥**
**ਜਾਨਿ ਅਜਾਨ ਭਏ ਹਮ ਬਾਵਰ ਸੋਚ ਅਸੋਚ ਦਿਵਸ ਜਾਹੀ॥**
**ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ ਪਰਮਾਰਥ ਪਰਵੇਸ ਨਹੀ॥੨॥**
**ਕਹੀਅਤ ਆਨ ਅਚਰੀਅਤ ਅਨ ਕਛੁ ਸਮਝ ਨ ਪਰੈ ਅਪਰ ਮਾਇਆ॥**
**ਕਹਿ ਰਵਿਦਾਸ ਉਦਾਸ ਦਾਸ ਮਤਿ**
**ਪਰਹਰਿ ਕੋਪੁ ਕਰਹੁ ਜੀਅ ਦਇਆ॥੩॥੩॥** (ਪੰਨਾ ੬੫੮)

ਸਤਿਗੁਰੂ ਰਵਿਦਾਸ ਜੀ ਮਹਾਰਾਜ ਮਾਨਵਤਾ ਨੂੰ ਪਾਵਨ ਉਪਦੇਸ਼ ਦਿੰਦੇ ਹਨ ਕਿ ਪ੍ਰਭੂ ਭਗਤੀ ਤੋਂ ਬਿਨਾਂ ਭਾਵੇਂ ਦੁਰਲੱਭ ਮਾਨਸ ਜਨਮ ਵਿਚ ਜੀਵ ਕੋਲ ਰਾਜੇ ਇੰਦਰ ਵਾਂਗ ਸਵਰਗ ਦਾ ਸੁੱਖ ਵੀ ਹੋਵੇ, ਸਭ ਨਿਸਫਲ ਹੈ।

**ਦੁਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੈ॥**
**ਰਾਜੇ ਇੰਦ੍ਰ ਸਮਸਰਿ ਗ੍ਰਿਹ ਆਸਨ ਬਿਨੁ ਹਰਿ ਭਗਤਿ ਕਹਹੁ ਕਿਹ ਲੇਖੈ॥੧॥**

ਜੀਵ ਨੂੰ ਪਿਛਲੇ ਕੀਤੇ ਹੋਏ ਪੁੰਨਾਂ ਦਾ ਫਲ ਅਮੋਲਕ ਮਨੁੱਖਾ ਜਨਮ ਪ੍ਰਾਪਤ ਹੋਇਆ ਹੈ, ਪ੍ਰੰਤੂ ਆਤਮ ਵਿਚਾਰ ਤੋਂ ਬਿਨਾਂ ਇਹ ਜਨਮ ਨਿਹਫਲ ਜਾ ਰਿਹਾ ਹੈ।

(ਸਤਿਗੁਰੂ ਕਬੀਰ ਸਾਹਿਬ ਜੀ ਫੁਰਮਾਉਂਦੇ ਹਨ—

ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥
ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥

(ਪੰਨਾ ੧੩੬੬)

ਮਾਨਸ ਜਨਮ ਅਮੋਲਕ ਹੈ, ਇਹ ਵਾਰ-ਵਾਰ ਪ੍ਰਾਪਤ ਨਹੀਂ ਹੁੰਦਾ। ਜਿਵੇਂ ਕਿਸੇ ਫਲ ਦੇ ਦਰੱਖ਼ਤ ਨਾਲੋਂ ਪੱਕਾ ਫਲ ਟੁੱਟ ਜਾਵੇ, ਮੁੜਕੇ ਫਿਰ ਉਹ ਟਾਹਣੀ ਨਾਲ ਨਹੀਂ ਲੱਗਦਾ।)

ਭਾਵੇਂ ਕਿਸੇ ਜੀਵ ਦੇ ਕੋਲ ਇਸ ਸੰਸਾਰ ਵਿਚ ਰਾਜੇ ਇੰਦਰ ਦੇ ਸਮਾਨ ਸੋਹਣੇ-ਸੋਹਣੇ ਘਰ ਅਤੇ ਸੋਨੇ ਦੇ ਸਿੰਘਾਸਨ ਵੀ ਹੋਣ, ਪਰ ਪਰਮਾਤਮਾ ਦੀ ਭਗਤੀ ਤੋਂ ਬਿਨਾਂ ਉਸਦਾ ਜੀਵਨ ਕਿਸੇ ਲੇਖੇ ਨਹੀਂ ਹੈ।

(ਸਤਿਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ।

ਸਗਲ ਸ੍ਰਿਸਟਿ ਕੋ ਰਾਜਾ ਦੁਖੀਆ।
ਹਰਿ ਕਾ ਨਾਮੁ ਜਪਤ ਹੋਇ ਸੁਖੀਆ॥

(ਸ੍ਰੀ ਸੁਖਮਨੀ ਸਾਹਿਬ, ਪੰਨਾ ੨੬੪)

ਸਾਰੀ ਸ੍ਰਿਸ਼ਟੀ ਦਾ ਬਾਦਸ਼ਾਹ ਹੁੰਦਿਆਂ ਹੋਇਆਂ ਵੀ ਉਹ ਦੁਖੀ ਰਹਿੰਦਾ ਹੈ ਪਰ ਪਰਮਾਤਮਾ ਦਾ ਨਾਮ ਜਪ ਕੇ ਜੀਵ ਸੁਖੀ ਰਹਿੰਦਾ ਹੈ।)

**ਨ ਬੀਚਾਰਿਓ ਰਾਜਾ ਰਾਮ ਕੋ ਰਸੁ॥**
**ਜਿਹ ਰਸ ਅਨਰਸ ਬੀਸਰਿ ਜਾਹੀ॥੧॥ ਰਹਾਉ॥**

ਇਸ ਜੀਵ ਨੇ ਪਰਮਾਤਮਾ ਰਾਜਾ ਰਾਮ ਦੇ ਸ੍ਰੇਸ਼ਟ ਆਨੰਦ ਦਾ ਵਿਚਾਰ ਨਹੀਂ ਕੀਤਾ, ਜਿਸ ਆਨੰਦ ਦੇ ਆਉਣ ਨਾਲ ਸੰਸਾਰ ਦੇ ਹੋਰ ਸਾਰੇ ਰਸ ਚਲੇ ਜਾਂਦੇ ਹਨ।

(ਸਤਿਗੁਰ ਕਬੀਰ ਸਾਹਿਬ ਜੀ ਫੁਰਮਾਉਂਦੇ ਹਨ—

ਰਾਮ ਰਸੁ ਪੀਆ ਰੇ॥

ਜਿਹ ਰਸ ਬਿਸਰਿ ਗਏ ਰਸ ਅਉਰ॥੧॥ (ਪੰਨਾ ੩੩੭)

ਜਿਹੜਾ ਜੀਵ ਇਸ ਸੰਸਾਰ ਵਿਚ ਪਰਮਾਤਮਾ ਦੇ ਰਾਮ ਨਾਮ ਰੂਪੀ ਸ਼੍ਰੇਸਟ ਰਸ ਨੂੰ ਪੀਂਦਾ ਹੈ, ਉਸ ਰਸ ਦੇ ਪੀਣ ਨਾਲ ਹੋਰ ਸੰਸਾਰਕ ਰਸ ਭੁੱਲ ਜਾਂਦੇ ਹਨ।)

**ਜਾਨਿ ਅਜਾਨ ਭਏ ਹਮ ਬਾਵਰ ਸੋਚ ਅਸੋਚ ਦਿਵਸ ਜਾਹੀ॥**
**ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ ਪਰਮਾਰਥ ਪਰਵੇਸ ਨਹੀ॥੨॥**

ਹੇ ਪਰਮਾਤਮਾ ਜੀ! ਆਪ ਜੀ ਨੂੰ ਜਾਨਣ ਤੋਂ ਅਣਜਾਣ ਬਣਕੇ, ਝੱਲੇ ਹੋ ਕੇ ਅਤੇ ਬਿਨਾਂ ਸੋਚੇ ਸਮਝੇ, ਸੰਸਾਰੀ ਜੀਵ ਦਿਨ ਬਤੀਤ ਕਰ ਰਹੇ ਹਨ। ਇੰਦਰੀਆਂ ਦੇ ਵਿਸ਼ੇ ਵਿਕਾਰਾਂ ਵਿਚ ਸ਼ਕਤੀਵਾਨ ਹੋਣ ਨਾਲ ਜੀਵ ਦੀ ਸੋਚਣ ਸਮਝਣ ਵਾਲੀ ਸ਼ਕਤੀ ਕਮਜ਼ੋਰ ਹੋ ਗਈ ਹੈ। ਇਸ ਕਰਕੇ ਜੀਵ ਦਾ (ਪਰਮ-ਅਰਥ) ਪਰਮਾਤਮਾ ਦੇ ਨਾਮ ਵਿਚ ਪ੍ਰਵੇਸ਼ ਨਹੀਂ ਹੁੰਦਾ।

**ਕਹੀਅਤ ਆਨ ਅਚਰੀਅਤ ਅਨ ਕਛੁ ਸਮਝ ਨ ਪਰੈ ਅਪਰ ਮਾਇਆ॥**
**ਕਹਿ ਰਵਿਦਾਸ ਉਦਾਸ ਦਾਸ ਮਤਿ ਪਰਹਰਿ ਕੋਪੁ ਕਰਹੁ ਜੀਅ ਦਇਆ॥੩॥੩॥**

ਜੀਵ ਕਹਿੰਦਾ ਕੁਝ ਹੈ ਅਤੇ ਕਰਦਾ ਕੁਝ ਹੋਰ ਹੈ।

(ਤਥਾ—ਗਲੀ ਅਸੀ ਚੰਗੀਆ ਆਚਾਰੀ ਬੁਰੀਆਹ। ) (ਪੰਨਾ 84)

ਇਸ ਕਰਕੇ ਇਸ ਨੂੰ ਪ੍ਰਬਲ ਮਾਇਆ ਦੀ ਸਮਝ ਨਹੀਂ ਆਉਂਦੀ। ਸਤਿਗੁਰੂ ਰਵਿਦਾਸ ਜੀ ਕਹਿੰਦੇ ਹਨ ਕਿ ਪਰਮਾਤਮਾ ਜੀ, ਮੇਰੀ ਦਾਸ ਦੀ ਮਤ ਮਾਇਆ ਤੋਂ ਉਪਰਾਮ ਹੈ। ਆਪ ਗੁੱਸਾ ਤਿਆਗ ਕੇ ਮੇਰੇ ’ਤੇ ਆਪਣੀ ਕਿਰਪਾ ਕਰੋ ਜੀ।

********

## ਸ਼ਬਦ 17

**ਸੁਖ ਸਾਗਰੁ ਸੁਰਤਰ ਚਿੰਤਾਮਨਿ ਕਾਮਧੇਨੁ ਬਸਿ ਜਾ ਕੇ॥**
**ਚਾਰਿ ਪਦਾਰਥ ਅਸਟ ਦਸਾ ਸਿਧਿ ਨਵ ਨਿਧਿ ਕਰ ਤਲ ਤਾ ਕੇ॥੧॥**
**ਹਰਿ ਹਰਿ ਹਰਿ ਨ ਜਪਹਿ ਰਸਨਾ॥**
**ਅਵਰ ਸਭ ਤਿਆਗਿ ਬਚਨ ਰਚਨਾ॥੧॥ ਰਹਾਉ॥**
**ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਖਰ ਮਾਂਹੀ॥**
**ਬਿਆਸ ਬਿਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ॥੨॥**
**ਸਹਜ ਸਮਾਧਿ ਉਪਾਧਿ ਰਹਤ ਫੁਨਿ ਬਡੈ ਭਾਗਿ ਲਿਵ ਲਾਗੀ॥**



**ਕਹਿ ਰਵਿਦਾਸ ਪ੍ਰਗਾਸੁ ਰਿਦੈ ਧਰਿ ਜਨਮ ਮਰਨ ਭੈ ਭਾਗੀ॥੩॥੪॥**
**(ਪੰਨਾ ੬੫੮)**

ਸਤਿਗੁਰੂ ਰਵਿਦਾਸ ਜੀ ਮਹਾਰਾਜ ਮਾਨਵਤਾ ਨੂੰ ਸੁੱਖਾਂ ਦੇ ਸਮੁੰਦਰ ਉਸ ਪਰਮਾਤਮਾ ਦੇ ਨਾਮ ਜਪਣ ਦਾ ਉਪਦੇਸ਼ ਦਿੰਦੇ ਹਨ। ਜਿਸ ਪਰਮਾਤਮਾ ਦੇ ਨਾਮ ਦੀ ਕੀਮਤ ਦੇ ਸਮਾਨ ਕੀਮਤ ਰੱਖਣ ਵਾਲੀ ਕੋਈ ਕੀਮਤੀ ਵਸਤੂ ਨਹੀਂ ਹੈ।

**ਸੁਖ ਸਾਗਰੁ ਸੁਰਤਰ ਚਿੰਤਾਮਨਿ ਕਾਮਧੇਨੁ ਬਸਿ ਜਾ ਕੇ॥**
**ਚਾਰਿ ਪਦਾਰਥ ਅਸਟ ਦਸਾ ਸਿਧਿ ਨਵ ਨਿਧਿ ਕਰ ਤਲ ਤਾ ਕੇ॥੧॥**

ਸੁੱਖਾਂ ਦਾ ਸਮੁੰਦਰ ਪਰਮਾਤਮਾ ਦਾ ਨਾਮ ਹੈ।

(ਸਤਿਗੁਰ ਕਬੀਰ ਸਾਹਿਬ ਫੁਰਮਾਉਂਦੇ ਹਨ—

ਭਵ ਸਾਗਰ ਸੁਖ ਸਾਗਰ ਮਾਹੀ॥ (ਪੰਨਾ ੨੨੩)

ਸੰਸਾਰ ਸਮੁੰਦਰ ਦੇ ਵਿਚ ਸੁੱਖ ਸਾਗਰ ਪਰਮਾਤਮਾ ਰੂਪ ਹੈ।)

ਜਿਸ ਦੇ ਅਧੀਨ ਸੁਰਤਰ ਕਲਪ ਬ੍ਰਿਛ, ਮਨ ਇੱਛਿਤ ਫਲ ਦੇਣ ਵਾਲੀ ਮਨੀ-ਚਿਤਾਮਣੀ, ਕਾਮਧੇਨ ਗਊ ਹਨ ਅਤੇ ਚਾਰ ਪਦਾਰਥ ਕਾਮ, ਅਰਥ, ਧਰਮ, ਮੋਕਸ਼।

**ਅਠਾਰਾਂ ਸਿੱਧੀਆਂ—**੧. ਅਨਿਮਾਂ-ਪ੍ਰਮਾਣੂ ਤੁਲ ਸੂਛਮ ਹੋ ਜਾਣਾ, ੨. ਮਹਿੰਮਾਂ-ਮਹਾਂ ਸਥੂਲ ਹੋ ਜਾਣਾ, ੩. ਗਰਿਮਾ-ਰੂੰਈਂ ਜੈਸੇ ਹਲਕੇ ਪਦਾਰਥ ਦਾ ਭਾਰੀ ਹੋ ਜਾਣਾ, ੪. ਲਘਿਮਾਪ੍ਰਬਤ ਜੈਸੇ ਭਾਰੀ ਪਦਾਰਥ ਦਾ ਰੂੰਈਂ ਤੁਲ ਹਲਕੇ ਹੋ ਜਾਣਾ, ੫. ਪ੍ਰਾਪਤੀ-ਸਭ ਪਦਾਰਥਾਂ ਦੀ ਇਛਿਆ ਅਨੁਸਾਰ ਹਥ ਵਿਚ ਆ ਜਾਣਾ, ੬. ਪ੍ਰਕਾਰਮਯ-ਰੁਕਾਵਟ ਬਿਨਾਂ ਜਲ ਦੀ ਤਰ੍ਹਾਂ ਪ੍ਰਿਥਵੀ ਵਿਚ ਲੈਅ ਹੋ ਜਾਣਾ ਅਰ ਇਛਿਆ ਅਨੁਸਾਰ ਫੇਰ ਪ੍ਰਗਟ ਹੋਵਣਾ, ੭. ਵਸੀਕਰਣ-ਭੌਤਕ ਪਦਾਰਥਾਂ ਨੂੰ ਆਪਣੀ ਆਗਿਆ ਵਿਚ ਕਰ ਲੈਣਾ। ੮. ਈਸ਼ਤਾ-ਪਦਾਰਥਾਂ ਨੂੰ ਰਚਣ ਔਰ ਲੈਅ ਕਰਣ ਦੀ ਸ਼ਕਤੀ ਹੋਣੀ। ੯. ਅਨਰੂਪੀ ਸਿਧੀ-ਖੁਧਾ ਤ੍ਰਿਖਾ ਆਦਿਕ ਤਕਲੀਫਾਂ ਨਾ ਬਯਾਪਨੀਆਂ। ੧੦. ਸ੍ਰਵਣ ਸਿਧੀ-ਦੂਰ ਬੈਠਿਆਂ ਸਭਨਾਂ ਦੀ ਬਾਤ ਸੁਣ ਲੈਣੀ। ੧੧. ਦਰਸਨ ਸਿਧੀ-ਦੂਰ ਬੈਠਿਆਂ ਹੋਇਆ ਆਪਣੇ ਨੇਤਰੋਂ ਸੇ ਸਭ ਕੋ ਦੇਖ ਲੈਣਾ। ੧੨. ਮਨੋ ਬੇਗ ਸਿਧੀ-ਮਨ ਕੇ ਬੇਗ ਅਨੁਸਾਰ ਜਿਥੇ ਦਲੀਲ ਹੋਵੇ ਤਿਥੈ ਗਮਨ ਕਰਨਾ। ੧੩. ਕਾਮ ਰੂਪ ਸਿਧੀ-ਜੈਸੀ ਇਛਿਆ ਹੋਵੇ ਤੈਸਾ ਰੂਪ ਧਾਰਣ ਕਰ ਲੈਣਾ। ੧੪. ਪਰਕਾਂਯ ਪ੍ਰਵੇਸ ਸਿਧੀ-ਭੂਤ ਦੀ ਤਰ੍ਹਾਂ ਪਰਾਏ ਸਰੀਰ ਵਿਚ ਪ੍ਰਵੇਸ਼ ਕਰ ਜਾਣਾ। ੧੫. ਸਵਛੰਦ ਮ੍ਰਿਤਯੂ ਸਿਧੀ-ਭੀਖਮ ਪਿਤਾਮਾਂ ਵਤ ਆਪਣੀ ਇਛਿਆ ਅਨੁਸਾਰ ਦੇਹ ਤਿਆਗਣੀ। ੧੬. ਸੁਰ ਕਰੀੜਾ ਸਿਧੀ-ਅਪਛਰਾਂ ਸੇ ਮਿਲ ਕੇ ਬਿਚਰਤੇ ਦੇਵਨ ਕੋ ਦੇਖਨਾ। ੧੭. ਸੰਕਲਪ ਸਿਧੀ-ਜੋ ਦਿਲ ਵਿਚ ਸੰਕਲਪ ਧਾਰਨ ਕਰੇ ਸੋ ਪੂਰਾ ਹੋਣਾ। ੧੮. ਅਪ੍ਰਹਤਿਗਤਿ ਸਿਧੀ-ਜਿਥੇ ਜਾਣਾ ਚਾਹੇ ਉਥੇ ਝਟ ਪੁਜ ਜਾਵੇ। ਸੋ ਕੁਲ ਅਠਾਰਾਂ ਸਿਧੀਆਂ ਹੋਈਆਂ।

**ਨੌ ਨਿਧੀਆਂ—**੧-ਪਦਮ ਸਵਰਨ ਆਦਿਕ ਧਾਤੂਓਂ ਕੀ ਖਰੀਦ ਫਰੋਖਤ ਕਰਨੀ, ਯੋਗ ਸਭ ਦੇਵ ਮੰਦਰ ਬਣਾਵਣੇ ਤੇ ਸ੍ਰੇਸ਼ਟ ਆਚਰਨ ਵਾਲਾ ਹੋਣਾ, ਪਦਮ ਨਿਧਿ ਸਦਾਉਂਦੀ ਹੈ। ਯਹਿ ਨਿਧਿ ਸਤੋ ਗੁਣੀ ਪੁਤ੍ਰ ਪੋਤਰਿਆਂ ਤਕ ਰਹਿੰਦੀ ਹੈ। ੨-ਮੋਤੀ ਮੂੰਗੇ ਹੀਰੇ ਮਾਣਕਾਦਿਕੋਂ ਕੀ ਸੌਦਾਗਰੀ ਕਰਨੀ ਉੱਤਮ ਪੁਰਸ਼ੋਂ ਕੋ ਦਾਨ ਦੇਣਾ, ਇਸ ਕਾ ਨਾਮ ਮਹਾਂ ਪਦਮ ਨਿਧਿ ਹੈ। ਇਹ ਨਿਧਿ ਵੀ ਸਤੋ ਗੁਣੀ ਤੇ ਸਤ ਪੀੜ੍ਹੀਆਂ ਤੱਕ ਰਹਿੰਦੀ ਹੈ। ੩-ਬਾਣ ਖੜਗ ਬਰਛੀ ਧਨੁਖ ਢਾਲਾਦਿਕ ਜਮਾਂ ਕਰੇ ਇਨ ਕੀ ਸੌਦਾਗਰੀ ਕਰੇ, ਰਾਜਯੋਂ ਸੇ ਮੈਤ੍ਰੀ ਰਖੇ ਇਸ ਕਾ ਨਾਮ ਮਕਰ ਨਿਧਿ ਹੈ। ਇਹ ਨਿਧਿ ਤਮੋ ਗੁਣੀ ਹੈ, ਏਕ ਪੁਰਖ ਤਕ ਰਹੇਗੀ। ੪-ਅੰਨ, ਘੀ, ਗੁੜ, ਤੇਲਾਦਿਕੋਂ ਕਾ ਬਿਵਹਾਰ ਕਰਨਾ, ਕਛਪ ਕੇ ਸਾਮਾਨ ਅੰਗਾਂ ਕਾ ਸੰਕੋਚ ਕਰਨਾ ਅਥਵਾ ਰਖਨਾ, ਨਾ ਆਪ ਖਾਣਾ ਨਾ ਕਿਸੀ ਕੋ ਧਨ ਆਦਿਕ ਦੇਣਾ। ਜ਼ਮੀਨ ਵਿਚ ਦਬ ਰਖਨਾ, ਇਸ ਕਾ ਨਾਮ ਕਛਪ ਨਿਧਿ ਹੈ, ਇਹ ਨਿਧਿ ਤਮੋ ਗੁਣੀ ਹੈ ਏਕ ਪੁਰਖ ਪ੍ਰਯੰਤ ਰਹਿੰਦੀ ਹੈ। ੫-ਬੀਣਾ ਮ੍ਰਿਦੰਗ ਆਦਿਕ ਬਾਜੇ ਸੰਗ੍ਰਹਿ ਕਰਨੇ ਭਟ ਮਾਗਧ ਸੂਤ ਗਵਈਆਂ ਕੋ ਧਨ ਦੇਣਾ ਵੇਸਵਾ ਗਮਨ ਕਰਨਾ, ਇਸ ਕਾ ਨਾਮ ਮੁਕੰਦ ਨਿਧਿ ਹੈ। ਇਹ ਨਿਧਿ ਰਜੋਗੁਣੀ ਹੈ ਇਕ ਪੁਰਖ ਪ੍ਰਯੰਤ ਰਹਿੰਦੀ ਹੈ। ੬-ਧਾਤੂਆਂ ਤੇ ਰਤਨਾਂ ਤੇ ਅੰਨਾਦਿਕ ਕਾ ਬਯਾਪਾਰ ਕਰਨਾ ਅਪਮਾਨ ਦਾ ਬਚਨ ਨਾ ਸਹਾਰਨਾ, ਵਡਿਆਇਆਂ ਹੋਇਆਂ ਬਹੁਤ ਪ੍ਰੀਤ ਕਰਨੀ, ਬਹੁਤ ਭਾਰਯਾ ਹੋਣੀ ਮਾਂ, ਸੰਤਾਨ ਅਛੀ ਹੋਣੀ, ਪੂਰਬ ਮਿਤਰੋਂ ਸੇ ਮਿਲਾਪ ਵਾ ਪ੍ਰੇਮ ਅਲੋਪ ਕਰਨਾ, ਨਵਿਓਂ ਸੇ ਬਹੁਤ ਕਰਨਾ, ਇਸ ਦਾ ਨਾਮ ਕੁੰਦ ਨਿਧਿ ਹੈ ਇਹ ਰਾਜਸ ਤਾਮਸ ਹੈ ਤੇ ਦੋ ਪੀਹੜੀ ਤਕ ਰਹਿੰਦੀ ਹੈ। ੭-ਬਸਤ ਕਪਾਸ ਅੰਨ ਫਲ ਪੁਸ਼ਪ ਮੋਤੀ ਮੂੰਗੇ ਸੰਖ ਸਿਪੀਆਂ ਲਕੜੀਆਂ ਔਰ ਬਹੁਤ ਜਲ ਦੀ ਵਸਤੂਆਂ ਦੀ ਸੌਦਾਗਰੀ ਕਰਨੀ, ਤਲਾਬ ਬਗੀਚੇ ਲਗਾਉਣੇ, ਨਦੀਆਂ ਦੇ ਪੁਲ ਬਨਾਉਣੇ, ਬਿਰਛੋਂ ਕੇ ਜੰਗਲ ਔਰ ਪੁਸ਼ਪ ਬਾਟਕਾਦਿ ਅਨੇਕ ਪ੍ਰਕਾਰ ਦੇ ਭੋਗੋਂ ਕਾ ਭੋਗਤਾ ਹੋਣਾ, ਇਸ ਦਾ ਨਾਮ ਨੀਲ ਨਿਧਿ ਹੈ। ਇਹ ਨਿਧਿ ਸਾਂਤਵਕ ਤੇ ਤਾਮਸ ਹੈ, ਤਿੰਨ ਪੀਹੜੀ ਤਕ ਰਹਿੰਦੀ ਹੈ। ੮-ਅਕੇਲਾ ਹੀ ਉਤਮ ਭੋਜਨ ਕਰੇ ਅਰ ਉਤਮ ਬਸਤਰ ਪਹਿਰੇ, ਔਰ ਸਭ ਕੋ ਮਾੜਾ ਅੰਨ ਦੇਵੇ, ਬਸਤ੍ਰ ਮੈਲੇ ਦੇਵੇ ਸੁਤ ਦਾਰਾਦਿਕੋਂ ਕੋ ਕੁਛ ਨਾ ਦੇਵੇ, ਕੇਵਲ ਆਪਣੇ ਸਰੀਰ ਦੀ ਪਾਲਨਾ ਕਰੇ, ਇਸ ਨਿਧਿ ਕਾ ਨਾਮ ਸੰਤਖ ਨਿਧਿ ਹੈ ਤੇ ਇਹ ਨਿਧਿ ਰਜੋ ਤਮੋ ਹੈ ਤੇ ਇਕ ਪੁਰਖ ਪ੍ਰਯੰਤ ਰਹਿੰਦੀ ਹੈ। ੯-ਆਮ ਕਰਕੇ ਹਰ ਤਰ੍ਹਾਂ ਦਾ ਪਦਾਰਥ ਕੋਲ ਹੋਣਾ-ਖਰਬ ਨਿਧਿ ਕਹੀ ਜਾਂਦੀ ਹੈ। ਉਸ ਪ੍ਰਭੂ ਦੀ ਹੱਥ ਦੀ ਤਲੀ ਤੇ ਹਨ।

(ਸਤਿਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ—

ਸਭ ਨਿਧਾਨ ਦਸ ਅਸਟ ਨਿਧਾਨ ਠਾਕੁਰ ਕਰ ਤਲ ਧਰਿਆ॥

(ਪੰਨਾ ੪੯੫)

ਸਾਰੇ ਖਜ਼ਾਨੇ ਅਠਾਰਾਂ ਸਿੱਧੀਆਂ ਉਸ ਪਰਮਾਤਮਾ ਦੀ ਤਲੀ ਉੱਪਰ ਹਨ।)



ਜੋ ਜੀਵ ਪਰਮਾਤਮਾ ਦਾ ਸਿਮਰਨ ਕਰਕੇ ਪਰਮਾਤਮਾ ਨਾਲ ਇਕ-ਮਿਕ ਹੋ ਜਾਂਦਾ ਹੈ, ਉਸ ਦੇ ਵੱਸ ਵਿਚ ਵੀ ਇਹ ਸਭ ਕੁਝ ਆ ਜਾਂਦਾ ਹੈ।

**ਹਰਿ ਹਰਿ ਹਰਿ ਨ ਜਪਹਿ ਰਸਨਾ॥**
**ਅਵਰ ਸਭ ਤਿਆਗਿ ਬਚਨ ਰਚਨਾ॥੧॥ ਰਹਾਉ॥**

ਹੇ ਜੀਵ, ਤੂੰ ਐਸੇ ਸੁੱਖਾਂ ਦੇ ਸਮੁੰਦਰ ਦਾ ਨਾਮ ਆਪਣੀ ਰਸਨਾ ਨਾਲ ਕਿਉਂ ਨਹੀਂ ਜਪਦਾ। ਹੋਰ ਸਾਰੀਆਂ ਫਜ਼ੂਲ ਗੱਲਾਂ ਨੂੰ ਛੱਡ ਕੇ ਹਰੀ ਨਾਮ ਨੂੰ ਕਿਉਂ ਨਹੀਂ ਜਪਦਾ?

**ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਖਰ ਮਾਂਹੀ॥**
**ਬਿਆਸ ਬਿਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ॥੨॥**

ਅਨੇਕਾਂ ਪ੍ਰਕਾਰ ਦੇ ਪ੍ਰਸੰਗ ਅਠਾਰਾਂ ਪੁਰਾਣ ਅਤੇ ਚਾਰੇ ਵੇਦਾਂ ਦੀਆਂ ਵਿਧੀਆਂ ਸਭ ਚੌਂਤੀ ਅੱਖਰਾਂ ਵਿਚ ਹੀ ਲਿਖੇ ਗਏ ਹਨ। ਵੇਦ ਵਿਆਸ ਜੀ ਨੇ ਸਭ ਗ੍ਰੰਥਾਂ ਸ਼ਾਸਤਰਾਂ ਨੂੰ ਵਿਚਾਰ ਕੇ ਅੰਤ ਵਿਚ ਇਹ ਕਿਹਾ ਕਿ ਇਸ ਸੰਸਾਰ ਵਿਚ ਰਾਮ ਨਾਮ ਦੇ ਨਾਂ ਤੁੱਲ ਕੁਝ ਵੀ ਨਹੀਂ ਹੈ।

(ਸਤਿਗੁਰ ਅਰਜਨ ਦੇਵ ਜੀ ਫਰਮਾਉਂਦੇ ਹਨ—

**ਸ਼ਲੋਕ—**ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥
ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥

—ਸ੍ਰੀ ਸੁਖਮਨੀ ਸਾਹਿਬ

ਬਹੁਤ ਸਾਰੇ ਸ਼ਾਸਤਰਾਂ ਅਤੇ ਬਹੁਤ ਸਾਰੀਆਂ ਸਿਮਰਤੀਆਂ ਦੀ ਪੜਚੋਲ ਕੀਤੀ ਪਰ ਹਰਿ ਦੇ ਨਾਮ ਬਰਾਬਰ ਕੋਈ ਵੀ ਨਹੀਂ ਪੁੱਜਦਾ ਉਸ ਪ੍ਰਭੂ ਦਾ ਨਾਮ ਅਮੋਲਕ ਹੈ।)

**ਸਹਜ ਸਮਾਧਿ ਉਪਾਧਿ ਰਹਤ ਫੁਨਿ ਬਡੈ ਭਾਗਿ ਲਿਵ ਲਾਗੀ॥**
**ਕਹਿ ਰਵਿਦਾਸ ਪ੍ਰਗਾਸੁ ਰਿਦੈ ਧਰਿ ਜਨਮ ਮਰਨ ਭੈ ਭਾਗੀ॥੩॥੪॥**

ਉਸ ਪਰਮਾਤਮਾ ਦੇ ਨਾਮ ਵਿਚ ਨਿਰ-ਵਿਕਲਪ ਸਮਾਧੀ ਵਿਸ਼ੇ ਵਿਕਾਰਾਂ ਰੂਪੀ ਉਪਾਧੀਆਂ ਤੋਂ ਰਹਿਤ ਹੋ ਕੇ ਲੱਗਦੀ ਹੈ। ਵੱਡੇ ਭਾਗਾਂ ਨਾਲ ਜੀਵ ਦੀ ਬਿਰਤੀ ਪਰਮਾਤਮਾ ਨਾਲ ਜੁੜਦੀ ਹੈ। ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜਿਸ ਜੀਵ ਦੇ ਹਿਰਦੇ 'ਚ ਪਰਮਾਤਮਾ ਦੇ ਨਾਮ ਦਾ ਪ੍ਰਕਾਸ਼ ਹੋ ਜਾਂਦਾ ਹੈ,ਉਹ ਜੀਵ ਜਨਮ-ਮਰਨ ਦੇ ਭੈਅ ਤੋਂ ਮੁਕਤ ਹੋ ਜਾਂਦਾ ਹੈ।

********

## ਸ਼ਬਦ 18

**ਜਉ ਤੁਮ ਗਿਰਿਵਰ ਤਉ ਹਮ ਮੋਰਾ॥**
**ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ॥੧॥**

**ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥**
**ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥੧॥ ਰਹਾਉ ॥**
**ਜਉ ਤੁਮ ਦੀਵਰਾ ਤਉ ਹਮ ਬਾਤੀ ॥**
**ਜਉ ਤੁਮ ਤੀਰਥ ਤਉ ਹਮ ਜਾਤੀ ॥੨॥**
**ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥**
**ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥੩॥**
**ਜਹ ਜਹ ਜਾਉ ਤਹਾ ਤੇਰੀ ਸੇਵਾ ॥**
**ਤੁਮ ਸੋ ਠਾਕੁਰੁ ਅਉਰੁ ਨ ਦੇਵਾ ॥੪॥**
**ਤੁਮਰੇ ਭਜਨ ਕਟਹਿ ਜਮ ਫਾਂਸਾ ॥**
**ਭਗਤਿ ਹੇਤ ਗਾਵੈ ਰਵਿਦਾਸਾ ॥੫॥ (ਪੰਨਾ ੬੫੮)**

ਸਤਿਗੁਰੂ ਰਵਿਦਾਸ ਜੀ ਮਹਾਰਾਜ ਮਾਨਵਤਾ ਨੂੰ ਪਰਮਾਤਮਾ ਨਾਲ ਅਟੁੱਟ ਪ੍ਰੀਤੀ ਕਰਨ ਦਾ ਉਪਦੇਸ਼ ਦਿੰਦੇ ਹਨ।

**ਜਉ ਤੁਮ ਗਿਰਿਵਰ ਤਉ ਹਮ ਮੋਰਾ ॥**
**ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ ॥੧॥**

ਪਰਮਾਤਮਾ ਜੀ ਮੇਰੀ ਪ੍ਰੀਤੀ ਆਪ ਨਾਲ ਇਸ ਤਰ੍ਹਾਂ ਹੈ, ਜੇਕਰ ਆਪ ਹਰਿਆਵਲੇ ਪਹਾੜ ਹੋਵੋ ਤੇ ਮੈਂ ਉਸ ਪਹਾੜ ਉਤੇ ਰਹਿਣ ਵਾਲਾ ਮੋਰ ਬਣਾਂ, ਕਿਉਂਕਿ ਮੋਰ ਦੀ ਸਭ ਤੋਂ ਵੱਧ ਪ੍ਰੀਤੀ ਹਰਿਆਵਲੇ ਪਹਾੜ ਨਾਲ ਹੁੰਦੀ ਹੈ। ਜੇਕਰ ਆਪ ਚੰਦਰਮਾ ਹੋਵੋ ਤਾਂ ਮੈਂ ਚਕੋਰ ਹੋਵਾਂ।

(ਸਤਿਗੁਰੂ ਅਰਜਨ ਦੇਵ ਜੀ ਮਹਾਰਾਜ ਫਰਮਾਉਂਦੇ ਹਨ—
ਪ੍ਰਭ ਤੁਝ ਬਿਨਾ ਨਹੀ ਹੋਰ॥ ਮਨ ਪ੍ਰੀਤਿ ਚੰਦ ਚਕੋਰਾ॥
(ਪੰਨਾ ੮੩੮)

ਹੇ ਪ੍ਰਭੂ ਜੀ! ਮੇਰੀ ਪ੍ਰੀਤੀ ਆਪ ਤੋਂ ਬਿਨਾਂ ਕਿਸੇ ਹੋਰ ਨਾਲ ਨਹੀਂ ਹੈ। ਮੇਰੇ ਮਨ ਦੀ ਪ੍ਰੀਤੀ ਆਪ ਜੀ ਨਾਲ ਇਸ ਤਰ੍ਹਾਂ ਦੀ ਹੈ, ਜਿਸ ਤਰ੍ਹਾਂ ਚਕੋਰ ਦੀ ਚੰਦਰਮਾ ਨਾਲ ਹੈ।)

**ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥**
**ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥੧॥ ਰਹਾਉ ॥**

ਹੇ ਪਰਮਾਤਮਾ ਜੀ, ਜੇਕਰ ਤੁਸੀਂ ਮੇਰੇ ਨਾਲ ਪ੍ਰੀਤੀ ਨਹੀਂ ਤੋੜੋਗੇ ਤਾਂ ਮੈਂ ਵੀ ਆਪ ਨਾਲੋਂ ਪ੍ਰੀਤੀ ਨਹੀਂ ਤੋੜਾਂਗਾ। ਆਪ ਨਾਲੋਂ ਪ੍ਰੀਤੀ ਤੋੜ ਕੇ ਹੋਰ ਮੈਂ ਕਿਸ ਨਾਲ ਜੋੜਾਂਗਾ ?

**ਜਉ ਤੁਮ ਦੀਵਰਾ ਤਉ ਹਮ ਬਾਤੀ ॥**
**ਜਉ ਤੁਮ ਤੀਰਥ ਤਉ ਹਮ ਜਾਤੀ ॥੨॥**

ਜੇਕਰ ਪਰਮਾਤਮਾ ਜੀ ਆਪ ਦੀਵਾ ਹੋਵੋ ਤਾਂ ਮੈਂ ਉਸ ਦੀਵੇ ਵਿਚ ਜਗਣ ਵਾਲੀ ਬੱਤੀ ਬਣਾਂ। ਜੇਕਰ ਆਪ ਤੀਰਥ ਹੋਵੋ ਤਾਂ ਮੈਂ ਉਸ ਤੀਰਥ ਦਾ ਯਾਤਰੀ ਬਣਾ।



**ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥**
**ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥੩॥**

ਹੇ ਪਰਮਾਤਮਾ ਜੀ! ਮੈਂ ਸੰਸਾਰ ਦੀ ਝੂਠੀ ਪ੍ਰੀਤ ਤਿਆਗ ਕੇ ਆਪ ਨਾਲ ਸੱਚੀ ਪ੍ਰੀਤ ਜੋੜੀ ਹੈ ਅਤੇ ਆਪ ਨਾਲ ਸੱਚੀ ਪ੍ਰੀਤ ਜੋੜ ਕੇ ਹੋਰ ਸਭਨਾਂ ਨਾਲੋਂ ਤੋੜੀ ਹੈ।

(ਸਤਿਗੁਰੂ ਅਰਜਨ ਦੇਵ ਮਹਾਰਾਜ ਜੀ ਫ਼ਰਮਾਉਂਦੇ ਹਨ—
ਪ੍ਰਭ ਕੀ ਪ੍ਰੀਤਿ ਸਦਾ ਸੁਖੁ ਹੋਇ॥ (ਪੰਨਾ ੩੯੧)
ਪਰਮਾਤਮਾ ਨਾਲ ਪ੍ਰੀਤ ਕਰਨ ਤੇ ਹਮੇਸ਼ਾ ਸੁੱਖ ਪ੍ਰਾਪਤ ਹੁੰਦਾ ਹੈ।)

**ਜਹ ਜਹ ਜਾਉ ਤਹਾ ਤੇਰੀ ਸੇਵਾ ॥**
**ਤੁਮ ਸੋ ਠਾਕੁਰੁ ਅਉਰੁ ਨ ਦੇਵਾ ॥੪॥**

ਹੇ ਪਰਮਾਤਮਾ ਜੀ, ਮੈਂ ਜਿੱਥੇ-ਜਿੱਥੇ ਜਾਂਦਾ ਹਾਂ ਆਪ ਦੀ ਹੀ ਸੇਵਾ ਸਿਮਰਨ ਕਰਦਾ ਹਾਂ। ਆਪ ਵਰਗਾ ਇਸ ਸੰਸਾਰ ਵਿਚ ਕੋਈ ਹੋਰ ਮਾਲਕ ਦੇਵ ਨਹੀਂ ਹੈ।

**ਤੁਮਰੇ ਭਜਨ ਕਟਹਿ ਜਮ ਫਾਂਸਾ ॥**
**ਭਗਤਿ ਹੇਤ ਗਾਵੈ ਰਵਿਦਾਸਾ ॥੫॥**

ਪਰਮਾਤਮਾ ਜੀ, ਆਪ ਦਾ ਭਜਨ ਜਮਦੂਤਾਂ ਦੀ ਫਾਹੀ ਕੱਟ ਦਿੰਦਾ ਹੈ। ਸਤਿਗੁਰੂ ਰਵਿਦਾਸ ਜੀ ਫ਼ਰਮਾਉਂਦੇ ਹਨ ਕਿ ਮੈਂ ਆਪ ਜੀ ਦੀ ਪ੍ਰੇਮਾ-ਭਗਤੀ ਵਾਸਤੇ ਹੀ ਆਪ ਜੀ ਦੇ ਗੁਣ ਗਾਉਂਦਾ ਹਾਂ।

(ਸਤਿਗੁਰੂ ਕਬੀਰ ਸਾਹਿਬ ਜੀ ਫ਼ਰਮਾਉਂਦੇ ਹਨ—
ਕੋਈ ਗਾਵੈ ਕੋ ਸੁਣੈ ਹਰਿ ਨਾਮਾ ਚਿਤੁ ਲਾਇ॥
ਕਹੁ ਕਬੀਰ ਸੰਸਾ ਨਹੀ ਅੰਤਿ ਪਰਮ ਗਤਿ ਪਾਇ। (ਪੰਨਾ ੩੩੫)

ਕੋਈ ਵੀ ਜੀਵ ਪਰਮਾਤਮਾ ਦੇ ਗੁਣ ਸ਼ਰਧਾ ਸਹਿਤ ਚਿੱਤ ਲਾ ਕੇ ਗਾਵੇ, ਚਾਹੇ ਕੋਈ ਸੁਣੇ, ਕਬੀਰ ਸਾਹਿਬ ਫਰਮਾਉਂਦੇ ਹਨ ਕਿ ਇਸ ਵਿਚ ਕੋਈ ਸ਼ੱਕ ਨਹੀਂ, ਅਜਿਹਾ ਵਡਭਾਗਾ ਜੀਵ ਜ਼ਰੂਰ ਹੀ ਅੰਤ ਸਮੇਂ ਮੁਕਤੀ ਪ੍ਰਾਪਤ ਕਰੇਗਾ।

******

## ਸ਼ਬਦ 19

**ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ ॥**
**ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥੧॥**
**ਪ੍ਰਾਨੀ ਕਿਆ ਮੇਰਾ ਕਿਆ ਤੇਰਾ ॥ ਜੈਸੇ ਤਰਵਰ ਪੰਖਿ ਬਸੇਰਾ ॥੧॥ ਰਹਾਉ ॥**
**ਰਾਖਹੁ ਕੰਧ ਉਸਾਰਹੁ ਨੀਵਾਂ ॥ ਸਾਢੇ ਤੀਨਿ ਹਾਥ ਤੇਰੀ ਸੀਵਾਂ ॥੨॥**
**ਬੰਕੇ ਬਾਲ ਪਾਗ ਸਿਰਿ ਡੇਰੀ ॥ ਇਹੁ ਤਨੁ ਹੋਇਗੋ ਭਸਮ ਕੀ ਢੇਰੀ ॥੩॥**
**ਊਚੇ ਮੰਦਰ ਸੁੰਦਰ ਨਾਰੀ ॥ ਰਾਮ ਨਾਮ ਬਿਨੁ ਬਾਜੀ ਹਾਰੀ ॥੪॥**
**ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰਾ ॥**

**ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ॥੫॥੬॥**
**(ਪੰਨਾ ੬੫੯)**

ਸਤਿਗੁਰੂ ਰਵਿਦਾਸ ਜੀ ਮਹਾਰਾਜ ਸੰਸਾਰੀ ਜੀਵਾਂ ਦੇ ਚਲਾਏਮਾਨ ਸੁਭਾਅ ਦਾ ਬਿਆਨ ਕਰਦੇ ਹੋਏ ਪਾਵਨ ਉਪਦੇਸ਼ ਦਿੰਦੇ ਹਨ ਕਿ ਜੀਵ ਦੇ ਸਰੀਰ ਦੀ ਰਚਨਾ ਪੰਜਾਂ ਤੱਤਾਂ ਤੋਂ ਬਣੀ ਹੈ। ਸੰਸਾਰ ਵਿਚ ਜੀਵ ਦਾ ਰਹਿਣਾ ਰੁੱਖ ਦੇ ਪੰਛੀ ਦੀ ਤਰ੍ਹਾਂ ਹੈ। ਇਸ ਲਈ ਸਭ ਜੀਵਾਂ ਨੂੰ ਭੇਦ-ਭਾਵ ਤੋਂ ਮੁਕਤ ਹੋ ਕੇ ਪਰਮਾਤਮਾ ਦਾ ਨਾਮ ਜਪਣਾ ਚਾਹੀਦਾ ਹੈ।

**ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ॥**
**ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ॥੧॥**

ਜੀਵ ਦਾ ਸਰੀਰ ਪੰਜ ਤੱਤਾਂ ਤੋਂ ਬਣਿਆ ਹੈ। ਜਿਸ ਵਿਚ ਪਾਣੀ ਦੀ ਕੰਧ ਹੈ ਤੇ ਹਵਾ ਦੀ ਥੰਮੀ ਹੈ। ਮਾਤਾ ਦੇ ਰਕਤ ਪਿਤਾ ਦੇ ਵੀਰਜ (ਅਗਨ) ਦਾ ਗਾਰਾ ਲੱਗਾ ਹੋਇਆ ਹੈ। ਹੱਡੀਆਂ ਅਤੇ ਮਾਸ (ਮਿੱਟੀ) ਅਤੇ ਨਾੜੀਆਂ (ਆਕਾਸ਼) ਦਾ ਪਿੰਜਰ ਬਣਿਆ ਹੋਇਆ ਹੈ, ਜਿਸ ਵਿਚ ਆਤਮਾ ਰੂਪੀ ਪੰਛੀ ਵਿਚਾਰਾ ਵਸਦਾ ਹੈ।

**ਪ੍ਰਾਨੀ ਕਿਆ ਮੇਰਾ ਕਿਆ ਤੇਰਾ॥ ਜੈਸੇ ਤਰਵਰ ਪੰਖਿ ਬਸੇਰਾ॥੧॥ ਰਹਾਉ॥**

ਹੇ ਜੀਵ! ਇਸ ਸੰਸਾਰ ਵਿਚ ਕੀ ਮੇਰਾ ਅਤੇ ਕੀ ਤੇਰਾ ਹੈ। ਜੀਵ ਦਾ ਇਸ ਸੰਸਾਰ ਵਿਚ ਰਹਿਣਾ ਰੁੱਖ ਦੇ ਪੰਛੀ ਵਾਂਗ ਹੈ। ਜਿਵੇਂ ਕੋਈ ਪੰਛੀ ਆਕਾਸ਼ ਵਿਚ ਉੱਡਦਾ ਹੈ ਤੇ ਰਾਤ ਕੱਟਣ ਲਈ ਕਿਸੇ ਰੁੱਖ 'ਤੇ ਠਹਿਰਦਾ ਹੈ ਤੇ ਸਵੇਰ ਹੁੰਦੇ ਹੀ ਉੱਡ ਜਾਂਦਾ ਹੈ।

(ਸਤਿਗੁਰ ਨਾਮਦੇਵ ਜੀ ਫ਼ਰਮਾਉਂਦੇ ਹਨ—
ਰਾਮ ਕੋਇ ਨ ਕਿਸ ਹੀ ਕੇਰਾ॥
ਜੈਸੇ ਤਰਵਰਿ ਪੰਖਿ ਬਸੇਰਾ॥੧॥ ਰਹਾਉ॥ (ਪੰਨਾ ੯੭੩)

ਇਸੇ ਵਿਚਾਰ ਦੀ ਪ੍ਰੋੜ੍ਹਤਾ ਕਰਦੇ ਹੋਏ ਸਤਿਗੁਰੂ ਕਬੀਰ ਸਾਹਿਬ ਜੀ ਫਰਮਾਉਂਦੇ ਹਨ—
ਬਿਰਖ ਬਸੇਰੋ ਪੰਖਿ ਕੋ ਤੈਸੋ ਇਹੁ ਸੰਸਾਰ॥ (ਪੰਨਾ ੩੩੭)

ਜੀਵ ਦਾ ਇਸ ਸੰਸਾਰ ਵਿਚ ਰਹਿਣਾ, ਪੰਛੀ ਦੇ ਰੁੱਖ 'ਤੇ ਠਹਿਰਨ ਦੇ ਬਰਾਬਰ ਹੈ ਜੋ ਰਾਤ ਕੱਟ ਕੇ ਉੱਡ ਜਾਂਦਾ ਹੈ।)

**ਰਾਖਹੁ ਕੰਧ ਉਸਾਰਹੁ ਨੀਵਾਂ॥ ਸਾਢੇ ਤੀਨਿ ਹਾਥ ਤੇਰੀ ਸੀਵਾਂ॥੨॥**

ਜੀਵ ਇਸ ਸੰਸਾਰ ਵਿਚ ਰਹਿਣ ਲਈ ਡੂੰਘੀਆਂ ਨੀਹਾਂ ਪੁੱਟ ਕੇ ਕੰਧਾਂ ਉਸਾਰ ਕੇ ਮਹਿਲ ਉਸਾਰਦਾ ਹੈ। ਪਰ ਅੰਤ ਸਮੇਂ ਸਭ ਕੁਝ ਇੱਥੇ ਛੱਡ ਕੇ ਚਲਾ ਜਾਂਦਾ ਹੈ ਤੇ ਇਸ ਜੀਵ ਦੇ ਹਿੱਸੇ ਵਿਚ ਸਾਢੇ ਤਿੰਨ ਹੱਥ ਧਰਤੀ ਆਉਂਦੀ ਹੈ, ਜਿਸ 'ਤੇ ਜੀਵ ਦਾ ਸੰਸਕਾਰ ਕੀਤਾ ਜਾਂਦਾ ਹੈ।

(ਸਤਿਗੁਰੂ ਕਬੀਰ ਸਾਹਿਬ ਜੀ ਫ਼ਰਮਾਉਂਦੇ ਹਨ ਕਿ ਜੇ ਵੱਧ ਵੀ ਜਾਵੇ ਤਾਂ ਪੌਣੇ ਚਾਰ ਹੱਥ ਹੋ ਜਾਵੇਗੀ।



ਕਬੀਰ ਕੋਠੇ ਮੰਡਪ ਹੇਤੁ ਕਰਿ ਕਾਹੇ ਮਰਹੁ ਸਵਾਰਿ॥
ਕਾਰਜੁ ਸਾਢੇ ਤੀਨਿ ਹੱਥ ਘਨੀ ਤ ਪਉਨੇ ਚਾਰਿ॥) (ਪੰਨਾ ੧੩੭੬)

**ਬੰਕੇ ਬਾਲ ਪਾਗ ਸਿਰਿ ਡੇਰੀ॥ ਇਹੁ ਤਨੁ ਹੋਇਗੋ ਭਸਮ ਕੀ ਢੇਰੀ॥੩॥**

ਜੀਵ ਪਰਮਾਤਮਾ ਨੂੰ ਭੁਲਾ ਕੇ ਸੋਹਣੇ ਵਾਲ ਸੰਵਾਰ ਕੇ ਸਿਰ ਉਤੇ ਟੇਢੀ ਪੱਗ ਬੰਨਦਾ ਹੈ ਪਰ ਅੰਤ ਵਿਚ ਇਹ ਸਰੀਰ ਮਿੱਟੀ ਦੀ ਢੇਰੀ ਬਣ ਕੇ ਰਹਿ ਜਾਂਦਾ ਹੈ।

**ਊਚੇ ਮੰਦਰ ਸੁੰਦਰ ਨਾਰੀ॥ ਰਾਮ ਨਾਮ ਬਿਨੁ ਬਾਜੀ ਹਾਰੀ॥੪॥**

ਜੇਕਰ ਜੀਵ ਦੇ ਕੋਲ ਉੱਚੇ ਮਹਿਲ ਹੋਣ ਅਤੇ ਉਸ ਵਿਚ ਸੁੰਦਰ ਇਸਤਰੀ ਹੋਵੇ, ਤਾਂ ਵੀ ਪਰਮਾਤਮਾ ਦੇ ਨਾਮ ਤੋਂ ਬਿਨਾਂ ਅਮੋਲਕ ਮਨੁੱਖ ਜਨਮ ਦੀ ਬਾਜੀ ਹਾਰ ਜਾਂਦਾ ਹੈ।

**ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰਾ॥**
**ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ॥੫॥੬॥**

ਜੀਵ ਦਾ ਵਿਕਾਰਾਂ ਨਾਲ ਸੰਗ ਹੋਣ ਕਰਕੇ, ਜੀਵ ਦਾ ਸੁਭਾਅ, ਸੰਗਤ ਅਤੇ ਜੀਵਨ ਘਟੀਆ ਬਣ ਜਾਂਦਾ ਹੈ। ਸਤਿਗੁਰੂ ਰਵਿਦਾਸ ਚਮਾਰ ਕਹਿੰਦੇ ਹਨ ਕਿ ਹੇ ਸਭ ਦੇ ਰਾਜੇ ਪਰਮਾਤਮਾ ਜੀ, ਮੈਂ ਆਪ ਦੀ ਸ਼ਰਨ ਆਇਆ ਹਾਂ। ਆਪ ਮੇਰੇ ਉੱਪਰ ਕਿਰਪਾ ਕਰੋ।

********

## ਸ਼ਬਦ 20

**ਚਮਰਟਾ ਗਾਂਠਿ ਨ ਜਨਈ॥**
**ਲੋਗੁ ਗਠਾਵੈ ਪਨਹੀ॥੧॥ ਰਹਾਉ॥**
**ਆਰ ਨਹੀ ਜਿਹ ਤੋਪਉ॥**
**ਨਹੀ ਰਾਂਬੀ ਠਾਉ ਰੋਪਉ॥੧॥**
**ਲੋਗੁ ਗੰਠਿ ਗੰਠਿ ਖਰਾ ਬਿਗੂਚਾ॥**
**ਹਉ ਬਿਨੁ ਗਾਂਠੇ ਜਾਇ ਪਹੂਚਾ॥੨॥**
**ਰਵਿਦਾਸੁ ਜਪੈ ਰਾਮ ਨਾਮਾ॥**
**ਮੋਹਿ ਜਮ ਸਿਉ ਨਾਹੀ ਕਾਮਾ॥੩॥੭॥**
**(ਪੰਨਾ ੬੫੯)**

ਸਤਿਗੁਰੂ ਰਵਿਦਾਸ ਜੀ ਮਹਾਰਾਜ ਮਾਨਵਤਾ ਨੂੰ ਉਪਦੇਸ਼ ਦਿੰਦੇ ਹਨ ਕਿ ਜਿਹੜਾ ਜੀਵ ਇਸ ਸਰੀਰ ਨਾਲ ਝੂਠੀ ਪ੍ਰੀਤ ਤਿਆਗ ਕੇ ਪਰਮਾਤਮਾ ਦਾ ਨਾਮ ਜਪਦਾ ਹੈ, ਉਹ ਜਮਦੂਤਾਂ ਦੇ ਭੈਅ ਤੋਂ ਰਹਿਤ ਹੋ ਕੇ ਮੁਕਤ ਹੋ ਜਾਂਦਾ ਹੈ।

**ਚਮਰਟਾ ਗਾਂਠਿ ਨ ਜਨਈ॥**
**ਲੋਗੁ ਗਠਾਵੈ ਪਨਹੀ॥੧॥ ਰਹਾਉ॥**

ਚਮੜੇ ਨਾਲ ਮੜ੍ਹੇ ਹੋਏ ਸਰੀਰ ਨਾਲ ਮੈਂ ਝੂਠੀ ਪ੍ਰੀਤੀ ਕਰਨੀ ਨਹੀਂ ਜਾਣਦਾ। ਸੰਸਾਰੀ ਲੋਕ ਮੇਰੇ ਕੋਲ ਸਰੀਰ ਰੂਪੀ ਜੁੱਤੀ ਗੰਢਾਉਣ ਭਾਵ ਪਦਾਰਥਾਂ ਨਾਲ ਝੂਠੀ ਗੰਢ ਪਾਉਣ ਲਈ ਆਉਂਦੇ ਹਨ।

**ਆਰ ਨਹੀ ਜਿਹ ਤੋਪਉ ॥**
**ਨਹੀ ਰਾਂਬੀ ਠਾਉ ਰੋਪਉ ॥੧॥**

ਮੇਰੇ ਕੋਲ ਤੀਖਣ ਬੁੱਧੀ ਰੂਪੀ ਆਰ ਨਹੀਂ ਹੈ, ਜਿਸ ਨਾਲ ਮੈਂ ਇਸ ਸਰੀਰ ਨਾਲ ਝੂਠੀ ਗੰਢ ਤਰੁੱਪ ਕਰਾਂ, ਨਾਂ ਹੀ ਮੇਰੇ ਕੋਲ ਰੰਬੀ ਭਾਵ ਕੱਟ-ਵੱਢ ਕਰਕੇ ਉਲਟੀਆਂ-ਸਿੱਧੀਆਂ ਧੋਖੇ ਭਰੀਆਂ ਗੱਲਾਂ ਵਾਲੀ ਵਿੱਦਿਆ ਹੈ, ਜਿਸ ਨਾਲ ਪਦਾਰਥ ਰੂਪੀ ਚਮੜੇ ਦੀ ਟਾਕੀ ਨੂੰ ਛਿੱਲ-ਸੁਆਰ ਕੇ ਸਰੀਰ ਰੂਪੀ ਜੁੱਤੀ ਉੱਪਰ ਲਗਾ ਸਕਾਂ। ਭਾਵ ਸੰਸਾਰ ਨਾਲ ਗੂੜ੍ਹੀ ਪ੍ਰੀਤੀ ਕਰ ਸਕਾਂ।

**ਲੋਗੁ ਗੰਠਿ ਗੰਠਿ ਖਰਾ ਬਿਗੂਚਾ ॥**
**ਹਉ ਬਿਨੁ ਗਾਂਠੇ ਜਾਇ ਪਹੂਚਾ ॥੨॥**

ਸੰਸਾਰੀ ਲੋਕ, ਇਸ ਸਰੀਰ ਨਾਲ ਝੂਠੀ ਪ੍ਰੀਤ ਜੋੜਕੇ ਤੇ ਝੂਠੇ ਸੰਸਾਰ ਨਾਲ ਪ੍ਰੀਤੀ ਕਰਕੇ ਚੰਗੇ ਭਲੇ ਖੁਆਰ ਹੋ ਰਹੇ ਹਨ। ਪਰ ਮੈਂ ਝੂਠੇ ਸਰੀਰ ਅਤੇ ਸੰਸਾਰੀ ਪਦਾਰਥਾਂ ਨਾਲ ਪ੍ਰੀਤੀ ਨਹੀਂ ਕੀਤੀ। ਪਰਮਾਤਮਾ ਨਾਲ ਸੱਚੀ ਪ੍ਰੀਤ ਕਰਕੇ ਉਸ ਕੋਲ ਪਹੁੰਚ ਗਿਆ ਹਾਂ ਭਾਵ ਉਸ ਵਿਚ ਹੀ ਅਭੇਦ ਹੋ ਗਿਆ ਹਾਂ।

**ਰਵਿਦਾਸੁ ਜਪੈ ਰਾਮ ਨਾਮਾ ॥**
**ਮੋਹਿ ਜਮ ਸਿਉ ਨਾਹੀ ਕਾਮਾ ॥੩॥੭॥**

ਸਤਿਗੁਰੂ ਰਵਿਦਾਸ ਜੀ ਫ਼ਰਮਾਉਂਦੇ ਹਨ ਕਿ ਮੈਂ ਪਰਮਾਤਮਾ ਦਾ ਰਾਮ-ਨਾਮ ਜਪਕੇ ਸੱਚੀ ਪ੍ਰੀਤੀ ਪਾ ਲਈ ਹੈ। ਇਸ ਕਰਕੇ ਹੁਣ ਮੇਰਾ ਜਮਦੂਤਾਂ ਨਾਲ ਕੋਈ ਵਾਸਤਾ ਨਹੀਂ ਹੈ।

(ਸਤਿਗੁਰੂ ਕਬੀਰ ਸਾਹਿਬ ਜੀ ਫ਼ਰਮਾਉਂਦੇ ਹਨ—

ਕਹਤ ਕਬੀਰ ਅਵਰ ਨਹੀ ਕਾਮਾ ॥
ਹਮਰੈ ਮਨ ਧਨ ਰਾਮ ਕੋ ਨਾਮਾ ॥੪॥੪॥ (ਪੰਨਾ ੬੯੨)

ਸੰਸਾਰ ਵਿਚ ਪਰਮਾਤਮਾ ਦੇ ਨਾਮ ਤੋਂ ਬਿਨਾਂ ਹੋਰ ਕਿਸੇ ਨਾਲ ਸਾਡਾ ਕੋਈ ਸੰਬੰਧ ਨਹੀਂ ਹੈ। ਮੇਰੇ ਮਨ ਵਿਚ ਪਰਮਾਤਮਾ ਦੇ ਨਾਮ ਦਾ ਸ਼੍ਰੇਸ਼ਟ ਧਨ ਹੈ।)

*******



# ਸ਼ਬਦ 21

ਧਨਾਸਰੀ ਭਗਤ ਰਵਿਦਾਸ ਜੀ ਕੀ

ੴ ਸਤਿਗੁਰ ਪ੍ਰਸਾਦਿ ॥

**ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ**
**ਅਬ ਪਤੀਆਰੁ ਕਿਆ ਕੀਜੈ ॥**
**ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥੧॥**
**ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥**
**ਕਾਰਨ ਕਵਨ ਅਬੋਲ ॥ ਰਹਾਉ ॥**
**ਬਹੁਤ ਜਨਮ ਬਿਛੁਰੇ ਥੇ ਮਾਧਉ**
**ਇਹੁ ਜਨਮੁ ਤੁਮ੍ਾਰੇ ਲੇਖੇ ॥**
**ਕਹਿ ਰਵਿਦਾਸ ਆਸ ਲਗਿ ਜੀਵਉ**
**ਚਿਰ ਭਇਓ ਦਰਸਨੁ ਦੇਖੇ ॥੨॥੧॥** (ਪੰਨਾ ੬੯੪)

ਸਤਿਗੁਰੂ ਰਵਿਦਾਸ ਜੀ ਮਹਾਰਾਜ ਮਾਨਵਤਾ ਨੂੰ ਨਿਮਰਤਾ ਧਾਰਨ ਕਰਕੇ ਇਸ ਮਨੁੱਖਾ ਜਨਮ ਨੂੰ ਪਰਮਾਤਮਾ ਦੇ ਲੇਖੇ ਲਾਉਣ ਦਾ ਪਾਵਨ ਉਪਦੇਸ਼ ਦਿੰਦੇ ਹਨ।

**ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ**
**ਅਬ ਪਤੀਆਰੁ ਕਿਆ ਕੀਜੈ ॥**

ਪਰਮਾਤਮਾ ਅੱਗੇ ਅਰਜੋਈ ਕਰਦੇ ਹਨ ਕਿ ਪਰਮਾਤਮਾ ਜੀ, ਮੇਰੇ ਵਰਗਾ ਇਸ ਸੰਸਾਰ ਵਿਚ ਕੋਈ ਨਿਮਾਣਾ ਨਹੀਂ ਹੈ ਅਤੇ ਤੇਰੇ ਵਰਗਾ ਨਿਮਾਣਿਆਂ ਨੂੰ ਮਾਣ ਬਖਸ਼ਣ ਵਾਲਾ ਕੋਈ ਦਿਆਲੂ ਨਹੀਂ ਹੈ। ਹੁਣ ਆਪ ਮੇਰੀ ਕੀ ਪਰਖ ਕਰ ਰਹੇ ਹੋ ?

(ਸਤਿਗੁਰੂ ਕਬੀਰ ਸਾਹਿਬ ਫਰਮਾਉਂਦੇ ਹਨ—

ਦੀਨ ਦਇਆਲ ਕ੍ਰਿਪਾਲ ਦਮੋਦਰ ਭਗਤਿ ਬਛਲ ਭੈ ਹਾਰੀ ॥ (ਪੰਨਾ ੬੭੧)

ਆਪ ਗਰੀਬਾਂ ਉੱਪਰ ਦਿਆਲੂ ਕ੍ਰਿਪਾਲੂ, ਭਗਤਾਂ ਦੇ ਪਿਆਰੇ ਅਤੇ ਦੁੱਖਾਂ ਪਾਪਾਂ ਦੇ ਨਾਸ਼ ਕਰਨ ਵਾਲੇ ਹੋ।)

**ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥੧॥**

ਹੇ ਪ੍ਰਭੂ ਜੀ! ਆਪ ਜੀ ਦੇ ਸਤਿ-ਗਿਆਨ ਰੂਪੀ ਬਚਨ 'ਤੇ ਮੇਰਾ ਮਨ ਪਸੀਜ ਗਿਆ ਹੈ ਅਤੇ ਇਸ ਲਈ ਮੈਨੂੰ ਆਪਣੇ ਦਾਸ ਨੂੰ ਸੰਪੂਰਨ ਗਿਆਨ ਦਿਓ ਜੀ।

**ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥**
**ਕਾਰਨ ਕਵਨ ਅਬੋਲ ॥ ਰਹਾਉ ॥**

ਸਾਰੇ ਸੰਸਾਰ ਵਿਚ ਰਮੇ ਹੋਏ ਪਰਮਾਤਮਾ ਜੀ ਮੈਂ ਆਪ ਤੋਂ ਬਲਿਹਾਰ ਜਾਂਦਾ ਹਾਂ। ਪਰ ਕੀ ਕਾਰਨ ਹੈ ਕਿ ਆਪ ਮੇਰੇ ਨਾਲ ਬੋਲਦੇ ਨਹੀਂ ?

(ਸਤਿਗੁਰੂ ਨਾਮਦੇਵ ਜੀ ਮਹਾਰਾਜ ਫਰਮਾਉਂਦੇ ਹਨ ਕਿ—
ਬਲਿ ਬਲਿ ਜਾਂਉ ਹਉ ਬਲਿ ਬਲਿ ਜਾਂਉ॥ (ਪੰਨਾ ੭੨੭)
ਹੇ ਪਰਮਾਤਮਾ ਮੈਂ ਆਪ ਜੀ ਤੋਂ ਬਲਿਹਾਰ ਜਾਂਦਾ ਹਾਂ।)

**ਬਹੁਤ ਜਨਮ ਬਿਛੁਰੇ ਥੇ ਮਾਧਉ**
**ਇਹੁ ਜਨਮੁ ਤੁਮ੍ਹਾਰੇ ਲੇਖੇ ॥**

ਹੇ ਪਰਮਾਤਮਾ ਜੀ, ਆਪ ਤੋਂ ਵਿਛੜਿਆਂ ਹੋਇਆਂ ਨੂੰ ਬਹੁਤ ਜਨਮ ਗੁਜ਼ਰ ਗਏ ਹਨ। ਪਰ ਇਹ ਮਨੁੱਖਾ ਜਨਮ ਮੈਂ ਆਪ ਜੀ ਨੂੰ ਸਮਰਪਿਤ ਕਰ ਦਿੱਤਾ ਹੈ।

(ਸਤਿਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ—
ਕਿਰਤ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥ (ਪੰਨਾ ੧੩੩)
ਹੇ ਪਰਮਾਤਮਾ ਜੀ! ਅਸੀਂ ਕੀਤੇ ਹੋਏ ਕਰਮਾਂ ਕਰਕੇ ਆਪ ਜੀ ਨਾਲੋਂ ਵਿਛੜ ਗਏ ਹਾਂ, ਇਸ ਲਈ ਕਿਰਪਾ ਕਰਕੇ ਆਪਣੇ ਨਾਲ ਮੇਲ ਲਉ ਜੀ।)

**ਕਹਿ ਰਵਿਦਾਸ ਆਸ ਲਗਿ ਜੀਵਉ**
**ਚਿਰ ਭਇਓ ਦਰਸਨੁ ਦੇਖੇ ॥੨॥੧॥**

ਸਤਿਗੁਰੂ ਰਵਿਦਾਸ ਮਹਾਰਾਜ ਜੀ ਫਰਮਾਉਂਦੇ ਹਨ ਕਿ ਹੇ ਪਰਮਾਤਮਾ ਜੀ, ਮੈਂ ਆਪ ਜੀ ਦੇ ਦਰਸ਼ਨਾਂ ਦੀ ਆਸ ਲਗਾ ਕੇ ਜੀਅ ਰਿਹਾ ਹਾਂ, ਕਿਉਂਕਿ ਆਪ ਜੀ ਦੇ ਦਰਸ਼ਨ ਕੀਤਿਆਂ ਬਹੁਤ ਸਮਾਂ ਹੋ ਗਿਆ ਹੈ। ਇਸ ਲਈ ਕਿਰਪਾ ਕਰਕੇ ਦਰਸ਼ਨ ਦਿਉ ਜੀ।

******

## ਸ਼ਬਦ 22

**ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ**
**ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ ॥**
**ਮਨੁ ਸੁ ਮਧੁਕਰੁ ਕਰਉ ਚਰਨ ਹਿਰਦੇ ਧਰਉ**
**ਰਸਨ ਅੰਮ੍ਰਿਤ ਰਾਮ ਨਾਮ ਭਾਖਉ ॥੧॥**
**ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ ॥**
**ਮੈ ਤਉ ਮੋਲਿ ਮਹਗੀ ਲਈ ਜੀਅ ਸਟੈ ॥੧॥ ਰਹਾਉ ॥**
**ਸਾਧਸੰਗਤਿ ਬਿਨਾ ਭਾਉ ਨਹੀ ਊਪਜੈ**
**ਭਾਵ ਬਿਨੁ ਭਗਤਿ ਨਹੀ ਹੋਇ ਤੇਰੀ॥**
**ਕਹੈ ਰਵਿਦਾਸੁ ਇਕ ਬੇਨਤੀ ਹਰਿ ਸਿਉ**
**ਪੈਜ ਰਾਖਹੁ ਰਾਜਾ ਰਾਮ ਮੇਰੀ॥੨॥੨॥ (ਪੰਨਾ ੬੯੪)**

ਸਤਿਗੁਰੂ ਰਵਿਦਾਸ ਜੀ ਮਹਾਰਾਜ ਮਾਨਵਤਾ ਨੂੰ ਪਰਮਾਤਮਾ ਨਾਲ ਐਸੀ ਆਨੰਦ ਮਈ ਪ੍ਰੀਤੀ ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ, ਜਿਸ ਪ੍ਰੀਤੀ ਵਿਚ ਜੀਵ (ਚਿਤ, ਅੱਖਾਂ, ਕੰਨਾਂ, ਜਿਹਬਾ ਅਤੇ ਮਨ ਕਰਕੇ)



ਪਰਮਾਤਮਾ ਦੇ ਨਾਮ ਵਿਚ ਰੰਗ ਕੇ ਪਰਮਾਤਮਾ ਵਿਚ ਅਭੇਦ ਹੋ ਜਾਂਦਾ ਹੈ।

**ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ**
**ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ ॥**

ਸਤਿਗੁਰੂ ਰਵਿਦਾਸ ਜੀ ਮਹਾਰਾਜ ਪਰਮਾਤਮਾ ਨਾਲ ਆਪਣੀ ਅਟੁੱਟ ਪ੍ਰੀਤੀ ਦਾ ਵਿਆਖਿਆਨ ਕਰਦੇ ਹਨ ਕਿ ਹੇ ਪਰਮਾਤਮਾ ਜੀ, ਮੈਂ ਮਨ ਵਿਚ ਆਪ ਦਾ ਸਿਮਰਨ ਕਰਦਾ ਹਾਂ, ਅੱਖਾਂ ਨਾਲ ਆਪ ਜੀ ਦੇ ਦਰਸ਼ਨ ਕਰਦਾ ਹਾਂ ਅਤੇ ਕੰਨਾਂ ਨਾਲ ਆਪ ਜੀ ਦਾ ਪਵਿੱਤਰ ਜੱਸ ਸੁਣਕੇ ਆਨੰਦ ਵਿਚ ਭਰਪੂਰ ਰੱਖਦਾ ਹਾਂ।

**ਮਨੁ ਸੁ ਮਧੁਕਰੁ ਕਰਉ ਚਰਨ ਹਿਰਦੇ ਧਰਉ**
**ਰਸਨ ਅੰਮ੍ਰਿਤ ਰਾਮ ਨਾਮ ਭਾਖਉ ॥੧॥**

ਮੈਂ ਆਪਣੇ ਮਨ ਨੂੰ ਭੌਰਾ ਬਣਾ ਕੇ, ਆਪ ਜੀ ਦੇ ਚਰਨਾਂ ਕਮਲਾਂ ਨੂੰ ਆਪਣੇ ਹਿਰਦੇ ਵਿਚ ਵਸਾਉਂਦਾ ਹਾਂ, ਉਸ ਤੋਂ ਸ੍ਰੇਸ਼ਟ ਰਸ ਪ੍ਰਾਪਤ ਕਰਦਾ ਹਾਂ, ਰਸਨਾ ਨਾਲ ਆਪ ਜੀ ਦੇ ਅੰਮ੍ਰਿਤ ਰਾਮ-ਨਾਮ ਨੂੰ ਉਚਾਰਨ ਕਰਦਾ ਹਾਂ।

**ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ ॥**
**ਮੈ ਤਉ ਮੋਲਿ ਮਹਗੀ ਲਈ ਜੀਅ ਸਟੈ ॥੧॥ ਰਹਾਉ ॥**

ਹੇ ਗੋਬਿੰਦ ਪਰਮਾਤਮਾ ਜੀ ਮੇਰੀ ਪ੍ਰੀਤੀ ਆਪ ਨਾਲੋਂ ਕਦੇ ਵੀ ਨਾ ਘਟੇ ਕਿਉਂਕਿ ਇਹ ਪ੍ਰੀਤੀ, ਮੈਂ ਆਪਣਾ ਜੀਵਨ ਸਮਰਪਿਤ ਕਰਕੇ, ਮਹਿੰਗੇ ਮੁੱਲ ਨਾਲ ਪ੍ਰਾਪਤ ਕੀਤੀ ਹੈ।

(ਜਿਵੇਂ ਸਤਿਗੁਰੂ ਕਬੀਰ ਸਾਹਿਬ ਜੀ ਫਰਮਾਉਂਦੇ ਹਨ—
ਕੰਚਨ ਸਿਉ ਪਾਈਐ ਨਹੀ ਤੋਲਿ॥
ਮਨੁ ਦੇ ਰਾਮੁ ਲੀਆ ਹੈ ਮੋਲਿ॥ (ਪੰਨਾ ੩੨੭)
ਪਰਮਾਤਮਾ ਸੋਨੇ ਨਾਲ ਤੋਲ ਕੇ ਨਹੀਂ ਪਾਇਆ ਜਾਂਦਾ, ਆਪਣਾ ਮਨ ਦੇ ਕੇ, ਆਪਾ ਭਾਵ ਮਿਟਾ ਕੇ ਮੁੱਲ ਲਿਆ ਜਾਂਦਾ ਹੈ।)

**ਸਾਧਸੰਗਤਿ ਬਿਨਾ ਭਾਉ ਨਹੀ ਊਪਜੈ**
**ਭਾਵ ਬਿਨੁ ਭਗਤਿ ਨਹੀ ਹੋਇ ਤੇਰੀ॥**

ਹੇ ਪ੍ਰਭੂ ਜੀ, ਸੰਤਾਂ ਦੀ ਸੰਗਤ ਤੋਂ ਬਿਨਾਂ ਆਪ ਜੀ ਪ੍ਰਤੀ ਪ੍ਰੇਮ ਉਤਪੰਨ ਨਹੀਂ ਹੁੰਦਾ ਅਤੇ ਪ੍ਰੇਮ ਤੋਂ ਬਿਨਾਂ ਆਪ ਜੀ ਦੀ ਭਗਤੀ ਨਹੀਂ ਹੁੰਦੀ।

(ਸਤਿਗੁਰੂ ਕਬੀਰ ਮਹਾਰਾਜ ਜੀ ਫਰਮਾਉਂਦੇ ਹਨ ਕਿ—
ਭਗਤਿ ਬਿਨੁ ਬਿਰਥੇ ਜਨਮੁ ਗਇਓ॥
ਸਾਧਸੰਗਤਿ ਭਗਵਾਨ ਭਜਨ ਬਿਨੁ ਕਹੀ ਨ ਸਚੁ ਰਹਿਓ॥
(ਪੰਨਾ ੩੩੬)
ਪਰਮਾਤਮਾ ਦੀ ਭਗਤੀ ਤੋਂ ਬਿਨਾਂ ਅਮੋਲਕ ਜਨਮ ਵਿਅਰਥ ਜਾ ਰਿਹਾ ਹੈ। ਸਾਧ ਸੰਗਤ ਅਤੇ ਪਰਮਾਤਮਾ ਦੇ ਭਜਨ ਤੋਂ ਬਿਨਾਂ ਸੱਚਾਈ ਕਿਤੇ ਵੀ ਨਹੀਂ ਹੈ।)

(ਸਤਿਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ ਕਿ—

ਸਾਧਸੰਗਤਿ ਬਿਨੁ ਤਰਿਓ ਨ ਕੋਇ॥ (ਪੰਨਾ ੩੭੩)

ਸੰਤਾਂ ਦੀ ਸੰਗਤਿ ਤੋਂ ਬਿਨਾਂ ਇਸ ਸੰਸਾਰ ਰੂਪੀ ਸਮੁੰਦਰ ਤੋਂ ਕੋਈ ਵੀ ਜੀਵ ਪਾਰ ਨਹੀਂ ਹੋ ਸਕਦਾ।)

**ਕਹੈ ਰਵਿਦਾਸੁ ਇਕ ਬੇਨਤੀ ਹਰਿ ਸਿਉ**
**ਪੈਜ ਰਾਖਹੁ ਰਾਜਾ ਰਾਮ ਮੇਰੀ ॥੨॥੨॥**

ਸਤਿਗੁਰੂ ਰਵਿਦਾਸ ਮਹਾਰਾਜ ਜੀ ਪਰਮਾਤਮਾ ਅੱਗੇ ਇਕ ਅਰਜੋਈ ਕਰਦੇ ਹਨ ਕਿ ਸੱਚੇ ਪਾਤਸ਼ਾਹ ਜੀ! ਆਪ ਮੇਰੀ ਲਾਜ ਰੱਖੋ ਜੀ।

*********

## ਸ਼ਬਦ 23

**ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥**
**ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥੧॥ ਰਹਾਉ ॥**
**ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ**
**ਨਾਮੁ ਤੇਰਾ ਕੇਸਰੋ ਲੇ ਛਿਟਕਾਰੇ ॥**
**ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ**
**ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ ॥੧॥**
**ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ**
**ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ ॥**
**ਨਾਮ ਤੇਰੇ ਕੀ ਜੋਤਿ ਲਗਾਈ**
**ਭਇਓ ਉਜਿਆਰੋ ਭਵਨ ਸਗਲਾਰੇ ॥੨॥**
**ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ**
**ਭਾਰ ਅਠਾਰਹ ਸਗਲ ਜੂਠਾਰੇ ॥**
**ਤੇਰੋ ਕੀਆ ਤੁਝਹਿ ਕਿਆ ਅਰਪਉ**
**ਨਾਮੁ ਤੇਰਾ ਤੁਹੀ ਚਵਰ ਢੋਲਾਰੇ ॥੩॥**
**ਦਸ ਅਠਾ ਅਠਸਠੇ ਚਾਰੇ ਖਾਣੀ**
**ਇਹੈ ਵਰਤਣਿ ਹੈ ਸਗਲ ਸੰਸਾਰੇ ॥**
**ਕਹੈ ਰਵਿਦਾਸੁ ਨਾਮੁ ਤੇਰੋ ਆਰਤੀ**
**ਸਤਿਨਾਮੁ ਹੈ ਹਰਿ ਭੋਗ ਤੁਹਾਰੇ ॥੪॥੩॥** (ਪੰਨਾ ੬੯੪)

ਸਤਿਗੁਰੂ ਰਵਿਦਾਸ ਜੀ ਮਹਾਰਾਜ ਮਾਨਵਤਾ ਨੂੰ ਸਭ ਵਹਿਮਾਂ ਭਰਮਾਂ ਤੋਂ ਮੁਕਤ ਹੋ ਕੇ ਪਰਮਾਤਮਾ ਦੇ ਨਾਮ ਜਪਣ ਰੂਪੀ ਸੱਚੀ ਆਰਤੀ ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ।

**ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥**
**ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥੧॥ ਰਹਾਉ ॥**



ਹੇ ਪਰਮਾਤਮਾ ਜੀ! ਤੇਰਾ ਨਾਮ ਜਪਣਾ ਹੀ ਤੇਰੀ ਸੱਚੀ ਆਰਤੀ ਹੈ ਅਤੇ ਆਪ ਜੀ ਦਾ ਨਾਮ ਜਪਣਾ ਹੀ ਆਪ ਜੀ ਨੂੰ ਇਸ਼ਨਾਨ ਕਰਾਉਣਾ ਹੈ। ਆਪ ਜੀ ਦੇ ਨਾਮ ਤੋਂ ਬਿਨਾਂ ਸੰਸਾਰ ਦੇ ਬਾਕੀ ਸਭ ਖਿਲਾਰੇ ਝੂਠੇ ਹਨ।

**ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ**
**ਨਾਮੁ ਤੇਰਾ ਕੇਸਰੋ ਲੇ ਛਿਟਕਾਰੇ ॥**

ਆਪ ਦਾ ਨਾਮ ਜਪਣਾ ਹੀ ਆਰਤੀ ਲਈ ਆਸਣ ਲਗਾਉਣਾ ਹੈ ਅਤੇ ਆਪ ਦਾ ਨਾਮ ਜਪਣਾ ਹੀ ਕੇਸਰ ਰਗੜਨ ਵਾਲਾ ਉਰਸਾ ਹੈ ਭਾਵ ਕੇਸਰ ਰਗੜਨ ਵਾਲੀ ਸ਼ਿਲਾ ਹੈ ਅਤੇ ਆਪ ਦਾ ਨਾਮ ਜਪਣਾ ਹੀ ਆਪ ਉੱਪਰ ਕੇਸਰ ਛਿੜਕਣਾ ਹੈ।

**ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ**
**ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ ॥੧॥**

ਆਪ ਜੀ ਦਾ ਨਾਮ ਹੀ ਪਾਣੀ ਹੈ, ਆਪ ਜੀ ਦਾ ਨਾਮ ਹੀ ਚੰਦਨ ਹੈ ਅਤੇ ਆਪ ਜੀ ਦਾ ਨਾਮ ਹੀ ਚੰਦਨ ਘਿਸਾ ਕੇ ਆਪ ਨੂੰ ਚੜ੍ਹਾਉਣਾ ਹੈ।

**ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ**
**ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ ॥**

ਆਪ ਦਾ ਨਾਮ ਜਪਣਾ ਹੀ ਆਰਤੀ ਲਈ ਦੀਵਾ ਹੈ, ਨਾਮ ਰੂਪੀ ਬੱਤੀ ਦੀਵੇ ਵਿਚ ਪਾਈ ਹੈ ਅਤੇ ਆਪ ਦਾ ਨਾਮ ਹੀ ਉਸ ਦੀਵੇ ਵਿਚ ਤੇਲ ਪਾਇਆ ਹੈ।

**ਨਾਮ ਤੇਰੇ ਕੀ ਜੋਤਿ ਲਗਾਈ**
**ਭਇਓ ਉਜਿਆਰੋ ਭਵਨ ਸਗਲਾਰੇ ॥੨॥**

ਆਪ ਜੀ ਦੇ ਨਾਮ ਦੀ ਹੀ ਜੋਤ ਜਗਾਈ ਹੈ, ਜਿਸ ਨਾਲ ਸਭ ਖੰਡਾ-ਬ੍ਰਹਿਮੰਡਾਂ ਵਿਚ ਆਪ ਜੀ ਦੇ ਨਾਮ ਦਾ ਪ੍ਰਕਾਸ਼ ਹੋ ਰਿਹਾ ਹੈ।

**ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ**
**ਭਾਰ ਅਠਾਰਹ ਸਗਲ ਜੂਠਾਰੇ ॥**

ਆਪ ਦਾ ਨਾਮ ਹੀ ਧਾਗਾ ਹੈ ਅਤੇ ਆਪ ਦਾ ਨਾਮ ਹੀ ਫੁੱਲਾਂ ਦੀ ਮਾਲਾ ਹੈ। ਆਪ ਦੇ ਨਾਮ ਤੋਂ ਬਿਨਾਂ ਸੰਸਾਰ ਦੀ ਸਾਰੀ ਬਨਸਪਤੀ ਦੇ ਅਠਾਰਾਂ ਭਾਰ ਅਪਵਿੱਤਰ ਹਨ।

**ਤੇਰੋ ਕੀਆ ਤੁਝਹਿ ਕਿਆ ਅਰਪਉ**
**ਨਾਮੁ ਤੇਰਾ ਤੁਹੀ ਚਵਰ ਢੋਲਾਰੇ ॥੩॥**

ਹੇ ਪਰਮਾਤਮਾ ਜੀ, ਆਪ ਜੀ ਦੀ ਪੈਦਾ ਕੀਤੀ ਹੋਈ ਸ੍ਰਿਸ਼ਟੀ ਵਿਚੋਂ ਮੈਂ ਆਪ ਜੀ ਨੂੰ ਕੀ ਅਰਪਣ ਕਰਾਂ ? ਆਪ ਜੀ ਦਾ ਨਾਮ ਜਪਣਾ ਹੀ ਮੈਂ ਆਪ ਜੀ 'ਤੇ ਚੌਰ ਝਲਾਉਂਦਾ ਹਾਂ।

**ਦਸ ਅਠਾ ਅਠਸਠੇ ਚਾਰੇ ਖਾਣੀ**

ਇਹੈ ਵਰਤਨਿ ਹੈ ਸਗਲ ਸੰਸਾਰੇ ॥

ਅਠਾਰਾਂ ਪੁਰਾਣਾਂ, ਅਠਾਹਟ ਤੀਰਥਾਂ ਤੇ ਚਾਰੇ ਖਾਣੀਆਂ (ਅੰਡਜ, ਜੇਰਜ, ਸੇਤਜ ਤੇ ਉਤਭੁਜ) ਵਿਚ ਸਾਰਾ ਸੰਸਾਰ ਵਿਚਰ ਰਿਹਾ ਹੈ।

ਕਹੈ ਰਵਿਦਾਸੁ ਨਾਮੁ ਤੇਰੋ ਆਰਤੀ
ਸਤਿਨਾਮੁ ਹੈ ਹਰਿ ਭੋਗ ਤੁਹਾਰੇ ॥੪॥੩॥

ਸਤਿਗੁਰੂ ਰਵਿਦਾਸ ਮਹਾਰਾਜ ਜੀ ਫਰਮਾਉਂਦੇ ਹਨ ਕਿ ਹੇ ਪਰਮਾਤਮਾ ਜੀ! ਆਪ ਜੀ ਦਾ ਨਾਮ ਜਪਣਾ ਹੀ ਮੇਰੇ ਲਈ ਆਪ ਦੀ ਸੱਚੀ ਆਰਤੀ ਕਰਨੀ ਹੈ। ਹੇ ਪਰਮਾਤਮਾ ਜੀ, ਸਤਿਨਾਮ ਦਾ ਹੀ ਆਪ ਜੀ ਨੂੰ ਭੋਗ ਲਗਾਉਂਦਾ ਹਾਂ।

***********

## ਸ਼ਬਦ 24

ਜੈਤਸਰੀ ਬਾਣੀ ਭਗਤਾ ਕੀ

ੴ ਸਤਿਗੁਰ ਪ੍ਰਸਾਦਿ॥

ਨਾਥ ਕਛੂਅ ਨ ਜਾਨਉ ॥
ਮਨੁ ਮਾਇਆ ਕੈ ਹਾਥਿ ਬਿਕਾਨਉ ॥੧॥ ਰਹਾਉ ॥
ਤੁਮ ਕਹੀਅਤ ਹੌ ਜਗਤ ਗੁਰ ਸੁਆਮੀ ॥
ਹਮ ਕਹੀਅਤ ਕਲਿਜੁਗ ਕੇ ਕਾਮੀ ॥੧॥
ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ॥
ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ ॥੨॥
ਜਤ ਦੇਖਉ ਤਤ ਦੁਖ ਕੀ ਰਾਸੀ ॥
ਅਜੌਂ ਨ ਪਤ੍ਯਾਇ ਨਿਗਮ ਭਏ ਸਾਖੀ ॥੩॥
ਗੋਤਮ ਨਾਰਿ ਉਮਾਪਤਿ ਸ੍ਵਾਮੀ ॥
ਸੀਸੁ ਧਰਨਿ ਸਹਸ ਭਗ ਗਾਂਮੀ ॥੪॥
ਇਨ ਦੂਤਨ ਖਲੁ ਬਧੁ ਕਰਿ ਮਾਰਿਓ ॥
ਬਡੋ ਨਿਲਾਜੁ ਅਜਹੂ ਨਹੀ ਹਾਰਿਓ ॥੫॥
ਕਹਿ ਰਵਿਦਾਸ ਕਹਾ ਕੈਸੇ ਕੀਜੈ ॥
ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ ॥੬॥੧॥

(ਪੰਨਾ ੭੧੦)

ਮਾਨਵਤਾ ਨੂੰ ਪਾਵਨ ਉਪਦੇਸ਼ ਦਿੰਦੇ ਹੋਏ ਸਤਿਗੁਰੂ ਰਵਿਦਾਸ ਜੀ ਜੀਵ ਦੇ ਜੀਵਨ ਉੱਪਰ ਸ਼ਕਤੀਸ਼ਾਲੀ ਪੰਜ ਵਿਕਾਰਾਂ ਦਾ ਪ੍ਰਭਾਵ ਦੱਸਦੇ ਹਨ ਕਿ ਇਹਨਾਂ ਪੰਜਾਂ ਦੇ ਪ੍ਰਭਾਵ ਕਾਰਣ ਜੀਵ ਪਰਮਾਤਮਾ ਤੋਂ ਦੂਰ ਰਹਿੰਦਾ ਹੈ। ਪ੍ਰਭੂ ਦਾ ਨਾਮ ਜਪਣ ਨਾਲ ਜੀਵ ਇਹਨਾਂ ਪੰਜਾਂ ਦੇ ਪ੍ਰਭਾਵ ਤੋਂ ਮੁਕਤ ਹੋ



ਜਾਂਦਾ ਹੈ।

ਨਾਥ ਕਛੂਅ ਨ ਜਾਨਉ ॥
ਮਨੁ ਮਾਇਆ ਕੈ ਹਾਥਿ ਬਿਕਾਨਉ ॥੧॥ ਰਹਾਉ ॥

ਹੇ ਪਰਮਾਤਮਾ ਜੀ! ਮੈਂ ਕੁਝ ਵੀ ਨਹੀਂ ਜਾਣਦਾ। ਕਿਉਂਕਿ ਮੇਰਾ ਮਨ ਮਾਇਆ ਦੇ ਹੱਥੀਂ ਵਿਕ ਚੁੱਕਾ ਹੈ।

ਤੁਮ ਕਹੀਅਤ ਹੌ ਜਗਤ ਗੁਰ ਸੁਆਮੀ ॥
ਹਮ ਕਹੀਅਤ ਕਲਿਜੁਗ ਕੇ ਕਾਮੀ ॥੧॥

ਪਰਮਾਤਮਾ ਜੀ! ਤੁਸੀਂ ਸੰਸਾਰ ਦੇ ਮਾਲਕ ਕਹੇ ਜਾਂਦੇ ਹੋ। ਅਸੀਂ ਸੰਸਾਰੀ ਜੀਵ ਮਾਇਆ ਦੇ ਪ੍ਰਭਾਵ ਕਰਕੇ ਕਲਯੁੱਗ ਦੇ ਵਿਸ਼ਈ ਕਹੇ ਜਾਂਦੇ ਹਾਂ।

ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ॥
ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ ॥੨॥

ਇਹਨਾਂ ਵਿਕਾਰਾਂ ਨੇ ਮੇਰੇ ਮਨ ਨੂੰ ਏਨਾ ਵਿਗਾੜ ਦਿੱਤਾ ਹੈ ਕਿ ਇਹ ਪਲ-ਪਲ ਵਿਚ ਆਪ ਜੀ ਤੋਂ ਦੂਰ ਹੀ ਦੂਰ ਜਾ ਰਿਹਾ ਹੈ।

ਜਤ ਦੇਖਉ ਤਤ ਦੁਖ ਕੀ ਰਾਸੀ ॥
ਅਜੌਂ ਨ ਪਤ੍ਯਾਇ ਨਿਗਮ ਭਏ ਸਾਖੀ ॥੩॥

ਮਾਇਆ ਦੇ ਪ੍ਰਭਾਵ ਕਰਕੇ ਜਿੱਧਰ ਵੀ ਦੇਖਦੇ ਹਾਂ, ਉੱਧਰ ਹੀ ਬੇਅੰਤ ਦੁੱਖਾਂ ਦੀ ਖਾਨ ਹੈ। ਇਹ ਮਨ ਯਕੀਨ ਨਹੀਂ ਕਰਦਾ ਕਿ ਸੰਸਾਰ ਦੁੱਖਾਂ ਦਾ ਘਰ ਹੈ ਭਾਵੇਂ ਕਿ ਧਾਰਮਿਕ ਗ੍ਰੰਥ ਇਸ ਦੀ ਗਵਾਹੀ ਦਿੰਦੇ ਹਨ।

ਗੋਤਮ ਨਾਰਿ ਉਮਾਪਤਿ ਸ੍ਵਾਮੀ ॥
ਸੀਸੁ ਧਰਨਿ ਸਹਸ ਭਗ ਗਾਂਮੀ ॥੪॥

ਇਸ ਮਾਇਆ ਦੇ ਪ੍ਰਭਾਵ ਕਰਕੇ ਗੌਤਮ ਰਿਸ਼ੀ ਤੇ ਉਸਦੀ ਇਸਤਰੀ ਅਹੱਲਿਆ ਅਤੇ ਉਮਾਪਤਿ-ਪਾਰਬਤੀ ਦਾ ਪਤੀ ਸ਼ਿਵਜੀ-ਸਵਾਮੀ ਬ੍ਰਹਮਾ ਇਹ ਸਾਰੇ ਹੀ ਮਾਇਆ ਦੇ ਦੂਤਾਂ (ਕਾਮ, ਕ੍ਰੋਧ, ਮੋਹ, ਲੋਭ, ਹੰਕਾਰ ਆਦਿ) ਦੀ ਲਪੇਟ ਵਿਚ ਆਏ।

ਗੌਤਮ ਰਿਸ਼ੀ ਦੀ ਇਸਤਰੀ ਅਹੱਲਿਆ ਜਿਸ ਨਾਲ ਇੰਦਰ ਨੇ ਛਲ ਕੀਤਾ, ਪਾਰਬਤੀ ਦਾ ਪਤੀ ਸ਼ਿਵ ਵੀ ਮਾਇਆ ਦੇ ਮੋਹਨੀ ਰੂਪ 'ਤੇ ਮੋਹਿਤ ਹੋਇਆ, ਬ੍ਰਹਮਾ ਆਪਣੀ ਧੀ 'ਤੇ ਮੋਹਿਤ ਹੋ ਗਿਆ ਸੀ। ਜਿੱਧਰ ਵੀ ਉਸਦੀ ਧੀ ਜਾਂਦੀ ਸੀ, ਉੱਧਰ ਹੀ ਉਹ ਆਪਣਾ ਨਵਾਂ ਮੂੰਹ ਬਣਾ ਕੇ ਸਾਹਮਣੇ ਆ ਜਾਂਦਾ ਸੀ। ਤੰਗ ਆਈ ਧੀ ਅਕਾਸ਼ ਵੱਲ ਗਈ। ਬ੍ਰਹਮਾ ਨੇ ਆਪਣਾ ਪੰਜਵਾਂ ਮੂੰਹ ਅਕਾਸ਼ ਵੱਲ ਬਣਾਇਆ ਤਾਂ ਸ਼ਿਵ ਨੇ ਬ੍ਰਹਮਾ ਦਾ ਸਿਰ ਕੱਟ ਦਿੱਤਾ। ਗੌਤਮ ਰਿਸ਼ੀ ਦੇ ਸਰਾਪ ਕਾਰਨ ਇੰਦਰ ਦੇ ਸਰੀਰ ਉੱਪਰ ਹਜ਼ਾਰਾਂ ਇਸਤਰੀ ਦੇ ਗੁਪਤ ਅੰਗ ਪ੍ਰਗਟ ਹੋ ਗਏ। ਇਹ ਸਾਰੇ ਹੀ ਮਾਇਆ ਕਾਰਨ ਖੁਆਰ ਹੋਏ ਹਨ।

(ਸਤਿਗੁਰੂ ਕਬੀਰ ਜੀ ਫੁਰਮਾਉਂਦੇ ਹਨ—

ਸਰਪਨੀ ਤੇ ਊਪਰਿ ਨਹੀ ਬਲੀਆ।
ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ॥ (ਪੰਨਾ ੪੮੦)

ਮਾਇਆ ਰੂਪ ਸਪਣੀ ਤੋਂ ਹੋਰ ਕੋਈ ਬਲਵਾਨ ਨਹੀਂ, ਜਿਸਨੇ ਬ੍ਰਹਮਾ ਵਿਸ਼ਨੂੰ ਤੇ ਸ਼ਿਵ ਆਦਿ ਨੂੰ ਵੀ ਛੱਲਿਆ ਹੈ।)

**ਇਨ ਦੂਤਨ ਖਲੁ ਬਧੁ ਕਰਿ ਮਾਰਿਓ ॥**
**ਬਡੋ ਨਿਲਾਜੁ ਅਜਹੂ ਨਹੀ ਹਾਰਿਓ ॥੫ ॥**

ਮਾਇਆ ਦੇ ਇਨ੍ਹਾਂ ਪੰਜਾਂ ਦੂਤਾਂ ਨੇ ਜੀਵ ਨੂੰ ਬੰਨ੍ਹਕੇ ਮਾਰਿਆ ਹੈ। ਪ੍ਰੰਤੂ ਜੀਵ ਵੱਡਾ ਬੇਸ਼ਰਮ ਹੈ ਕਿ ਅਜੇ ਵੀ ਇਹਨਾਂ ਵਲੋਂ ਨਹੀਂ ਰੁਕਦਾ।

**ਕਹਿ ਰਵਿਦਾਸ ਕਹਾ ਕੈਸੇ ਕੀਜੈ ॥**
**ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ ॥੬ ॥੧ ॥**

ਸਤਿਗੁਰੂ ਰਵਿਦਾਸ ਮਹਾਰਾਜ ਜੀ ਫਰਮਾਉਂਦੇ ਹਨ ਕਿ ਇਹਨਾਂ ਤੋਂ ਬਚਣ ਲਈ ਕੀ ਕੀਤਾ ਜਾਵੇ ? ਅਤੇ ਕਿੱਥੇ ਜਾਇਆ ਜਾਵੇ ? ਪਰਮਾਤਮਾ ਤੋਂ ਬਿਨਾਂ ਕਿਸ ਦੀ ਸ਼ਰਨ ਲਈ ਜਾਵੇ? ਭਾਵ ਪਰਮਾਤਮਾ ਦੀ ਸ਼ਰਨ ਲੈ ਕੇ ਹੀ ਜੀਵ ਮਾਇਆ ਦੇ ਪ੍ਰਭਾਵ ਤੋਂ ਮੁਕਤ ਹੋ ਸਕਦਾ ਹੈ।

(ਸਤਿਗੁਰੂ ਕਬੀਰ ਸਾਹਿਬ ਜੀ ਮਾਇਆ ਦੇ ਪ੍ਰਭਾਵ ਤੋਂ ਬਚਣ ਦਾ ਉਪਾਅ ਦੱਸਦੇ ਹਨ ਕਿ—

ਸਾਧੂ ਸੰਗਤਿ ਦੀਓ ਰਲਾਇ॥ ਪੰਚ ਦੂਤ ਤੇ ਲੀਓ ਛਡਾਇ॥ (ਪੰਨਾ ੩੩੧)
ਕਹਿ ਕਬੀਰ ਜਿਸੁ ਉਦਰੁ ਤਿਸੁ ਮਾਇਆ॥
ਤਬ ਛੂਟੇ ਜਬ ਸਾਧੂ ਪਾਇਆ॥੫॥੫॥੨੩॥ (ਪੰਨਾ ੧੧੬੦)

ਸਾਧੂਆਂ ਦੀ ਸੰਗਤ ਕਰਕੇ ਪਰਮਾਤਮਾ ਦਾ ਨਾਮ ਜਪਕੇ ਇਹ ਜੀਵ ਮਾਇਆ ਅਤੇ ਮਾਇਆ ਦੇ ਪੰਜਾਂ ਦੂਤਾਂ ਤੋਂ ਮੁਕਤ ਹੋ ਜਾਂਦਾ ਹੈ।)

********

## ਸ਼ਬਦ 25

ਰਾਗੁ ਸੂਹੀ ਬਾਣੀ ਸ੍ਰੀ ਰਵਿਦਾਸ ਜੀਉ ਕੀ

ੴ ਸਤਿਗੁਰ ਪ੍ਰਸਾਦਿ॥

**ਸਹ ਕੀ ਸਾਰ ਸੁਹਾਗਨਿ ਜਾਨੈ ॥**
**ਤਜਿ ਅਭਿਮਾਨੁ ਸੁਖ ਰਲੀਆ ਮਾਨੈ ॥**
**ਤਨੁ ਮਨੁ ਦੇਇ ਨ ਅੰਤਰੁ ਰਾਖੈ ॥**
**ਅਵਰਾ ਦੇਖਿ ਨ ਸੁਨੈ ਅਭਾਖੈ ॥੧ ॥**
**ਸੋ ਕਤ ਜਾਨੈ ਪੀਰ ਪਰਾਈ ॥**
**ਜਾ ਕੈ ਅੰਤਰਿ ਦਰਦੁ ਨ ਪਾਈ ॥੧ ॥ ਰਹਾਉ ।।**
**ਦੁਖੀ ਦੁਹਾਗਨਿ ਦੁਇ ਪਖ ਹੀਨੀ ॥**
**ਜਿਨਿ ਨਾਹ ਨਿਰੰਤਰਿ ਭਗਤਿ ਨ ਕੀਨੀ ॥**



**ਪੁਰ ਸਲਾਤ ਕਾ ਪੰਥੁ ਦੁਹੇਲਾ ।।**
**ਸੰਗਿ ਨ ਸਾਥੀ ਗਵਨੁ ਇਕੇਲਾ ॥੨ ॥**
**ਦੁਖੀਆ ਦਰਦਵੰਦੁ ਦਰਿ ਆਇਆ ॥**
**ਬਹੁਤੁ ਪਿਆਸ ਜਬਾਬੁ ਨ ਪਾਇਆ ॥**
**ਕਹਿ ਰਵਿਦਾਸ ਸਰਨਿ ਪ੍ਰਭ ਤੇਰੀ ॥**
**ਜਿਉ ਜਾਨਹੁ ਤਿਉ ਕਰੁ ਗਤਿ ਮੇਰੀ ॥੩ ॥੧ ॥**
**(ਪੰਨਾ ੭੯੩)**

ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵ ਰੂਪੀ ਇਸਤਰੀ ਨੂੰ ਦੁਰਲੱਭ ਜਨਮ ਵਿਚ ਪਰਮਾਤਮਾ ਪਤੀ ਦੀ ਪ੍ਰਾਪਤੀ ਕਰਕੇ ਸੁਹਾਗਣ ਬਣ ਕੇ ਲੋਕ ਪਰਲੋਕ ਦਾ ਸੁੱਖ ਪ੍ਰਾਪਤ ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ।

**ਸਹ ਕੀ ਸਾਰ ਸੁਹਾਗਨਿ ਜਾਨੈ ॥**
**ਤਜਿ ਅਭਿਮਾਨੁ ਸੁਖ ਰਲੀਆ ਮਾਨੈ ॥**

ਜਿਵੇਂ ਪਤੀ ਦੀ ਸੰਭਾਲ ਨੂੰ ਸੁਹਾਗਣ ਜਾਣਦੀ ਹੈ ਜਿਹੜੀ ਆਪਣੇ ਹੰਕਾਰ ਨੂੰ ਛੱਡ ਕੇ ਪਤੀ ਨਾਲ ਆਨੰਦ ਮਾਣਦੀ ਹੈ। ਇਸੇ ਤਰ੍ਹਾਂ ਪਤੀ-ਪਰਮਾਤਮਾ ਦੀ ਸੰਭਾਲ ਤਤਵੇਤਾ ਰੂਪੀ ਮਹਾਤਮਾ ਸਖੀਆਂ ਜਾਣਦੀਆਂ ਹਨ, ਜਿਹੜੀਆਂ ਹੰਕਾਰ ਨੂੰ ਤਿਆਗ ਕੇ ਪਤੀ-ਪਰਮਾਤਮਾ ਨਾਲ ਸੱਚਾ-ਆਨੰਦ ਮਾਣਦੀਆਂ ਹਨ।

(ਸਤਿਗੁਰੂ ਕਬੀਰ ਸਾਹਿਬ ਫੁਰਮਾਉਂਦੇ ਹਨ—

ਧੰਨ ਸੁਹਾਗਨਿ ਜੋ ਪੀਅ ਭਾਵੈ॥
ਕਹਿ ਕਬੀਰ ਫਿਰਿ ਜਨਮਿ ਨ ਆਵੈ॥(ਪੰਨਾ ੪੬੩)

ਉਹ ਸੁਹਾਗਣ ਇਸਤਰੀ ਧੰਨਤਾ ਯੋਗ ਹੈ ਜੋ ਆਪਣੇ ਪਿਆਰੇ ਪਤੀ ਨੂੰ ਭਾਉਂਦੀ ਹੈ। ਉਹ ਫਿਰ ਜਨਮ ਮਰਨ ਵਿਚ ਨਹੀਂ ਆਉਂਦੀ।

ਸਤਿਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਹਨ—

ਧਨੁ ਸੋਹਾਗਨਿ ਜੋ ਪ੍ਰਭੂ ਪਛਾਨੈ॥
ਮਾਨੈ ਹੁਕਮੁ ਤਜੈ ਅਭਿਮਾਨੈ॥
ਪ੍ਰਿਅ ਸਿਉ ਰਾਤੀ ਰਲੀਆ ਮਾਨੈ॥ (ਪੰਨਾ ੭੩੭)

ਉਹ ਜੀਵ ਰੂਪੀ ਇਸਤਰੀ ਸੁਹਾਗਣ ਹੈ, ਜੋ ਪ੍ਰਭੂ-ਪਤੀ ਦੀ ਪਹਿਚਾਣ ਕਰਦੀ ਹੈ। ਪਰਮਾਤਮਾ ਦੇ ਹੁਕਮ ਨੂੰ ਮੰਨ ਕੇ ਅਭਿਮਾਨ ਨੂੰ ਛੱਡ ਕੇ ਪਿਆਰੇ ਪਤੀ ਨਾਲ ਆਨੰਦ ਮਾਣਦੀ ਹੈ।

ਬਾਬਾ ਫਰੀਦ ਜੀ ਮਹਾਰਾਜ ਫਰਮਾਉਂਦੇ ਹਨ—

ਜਿਨ੍ਾ ਨਾਉ ਸੁਹਾਗਣੀ ਤਿਨ੍ਾ ਝਾਕ ਨ ਹੋਰ॥ (ਪੰਨਾ ੧੩੮੪)

ਜਿਨ੍ਹਾਂ ਦਾ ਨਾਂ ਸੁਹਾਗਵੰਤੀ ਹੁੰਦਾ ਹੈ, ਭਾਵ ਜਿਨ੍ਹਾਂ ਨੂੰ ਪਤੀ ਪਰਮਾਤਮਾ ਮਿਲ ਜਾਂਦਾ ਹੈ, ਉਨ੍ਹਾਂ ਦੀ (ਝਾਕ) ਦ੍ਰਿਸ਼ਟੀ ਕਿਸੇ ਹੋਰ ਪਾਸੇ ਨਹੀਂ ਜਾਂਦੀ।)

**ਤਨੁ ਮਨੁ ਦੇਇ ਨ ਅੰਤਰੁ ਰਾਖੈ॥**
**ਅਵਰਾ ਦੇਖਿ ਨ ਸੁਨੈ ਅਭਾਖੈ॥੧॥**

ਜਿਵੇਂ ਸੁਹਾਗਣ ਇਸਤਰੀ ਆਪਣੇ ਪਤੀ ਤੋਂ ਬਗੈਰ ਕਿਸੇ ਹੋਰ ਵੱਲ (ਮੰਦ ਭਾਵਨਾ ਨਾਲ) ਵੇਖਦੀ ਤੱਕ ਨਹੀਂ ਅਤੇ ਨਾ ਹੀ ਹੋਰਨਾਂ ਦੇ ਬਚਨ (ਕੋਈ ਮਾੜੀ ਮਤ) ਸੁਣਦੀ ਹੈ। ਨਾ ਹੀ ਕਿਸੇ ਹੋਰ ਨਾਲ (ਭੈੜੀ ਭਾਵਨਾ ਨਾਲ) ਬੋਲਦੀ ਹੈ। ਇਸੇ ਤਰ੍ਹਾਂ ਮਹਾਤਮਾ-ਰੂਪੀ ਸਖੀਆਂ ਪਰਮਾਤਮਾ ਪਤੀ ਅੱਗੇ ਆਪਣਾ ਤਨ ਅਤੇ ਮਨ ਅਰਪਣ ਕਰ ਦਿੰਦੀਆਂ ਹਨ ਅਤੇ ਕੋਈ ਭੇਦ ਨਹੀਂ ਰੱਖਦੀਆਂ। ਪਤੀ-ਪਰਮਾਤਮਾ ਤੋਂ ਬਿਨਾਂ ਹੋਰ ਦੇਵੀ ਦੇਵਤਿਆਂ ਦੀਆਂ ਗੱਲਾਂ ਵੱਲ ਧਿਆਨ ਨਹੀਂ ਦਿੰਦੀਆਂ।

(ਸਤਿਗੁਰੂ ਕਬੀਰ ਸਾਹਿਬ ਫ਼ੁਰਮਾਉਂਦੇ ਹਨ—

ਤਨੁ ਮਨੁ ਧਨੁ ਗ੍ਰਿਹੁ ਸਉਪਿ ਸਰੀਰੁ
ਸੋਈ ਸੁਹਾਗਨਿ ਕਹੈ ਕਬੀਰੁ॥ ( ਪੰਨਾ ੩੨੮)

ਜਿਸ ਨੇ ਤਨ, ਮਨ, ਧਨ ਅਤੇ ਘਰ ਸਭ ਕੁਝ ਪ੍ਰਭੂ ਨੂੰ ਸੌਂਪ ਦਿੱਤਾ ਹੈ ਉਹੀ ਇਸਤਰੀ ਸੁਹਾਗਣ ਕਹੀ ਜਾਂਦੀ ਹੈ।

ਸਤਿਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ ਕਿ—

ਸੁਨਿ ਸਖੀਏ ਪ੍ਰਭ ਮਿਲਣ ਨੀਸਾਨੀ॥
ਮਨੁ ਤਨੁ ਅਰਪਿ ਤਜਿ ਲਾਜ ਲੋਕਾਨੀ॥ ਰਹਾਉ॥ (ਪੰਨਾ ੭੩੭)

ਜੀਵ-ਰੂਪੀ ਸੁਹਾਗਣ ਇਸਤਰੀ ਦੇ ਪਤੀ-ਪਰਮਾਤਮਾ ਨੂੰ ਮਿਲਣ ਦੀ ਇਹ ਨਿਸ਼ਾਨੀ ਹੈ ਕਿ ਉਹ ਪਤੀ ਪਰਮਾਤਮਾ ਅੱਗੇ ਤਨ ਮਨ ਅਰਪਣ ਕਰਕੇ ਦੁਨੀਆਂ ਦੀ ਲਾਜ ਨੂੰ ਤਿਆਗ ਦਿੰਦੀ ਹੈ।)

**ਸੋ ਕਤ ਜਾਨੈ ਪੀਰ ਪਰਾਈ॥**
**ਜਾ ਕੈ ਅੰਤਰਿ ਦਰਦੁ ਨ ਪਾਈ॥੧॥ ਰਹਾਉ॥**

ਜਿਹਨਾਂ ਦੁਹਾਗਣਾਂ ਨੇ ਆਪਣੇ ਪ੍ਰਭੂ-ਪਤੀ ਨਾਲ ਪ੍ਰੇਮ ਨਹੀਂ ਕੀਤਾ, ਉਹ ਸੁਹਾਗਣਾਂ ਵਾਲੇ ਪਤੀ-ਪ੍ਰੇਮ ਵਿਛੋੜੇ ਦੇ ਦੁੱਖ ਨੂੰ ਨਹੀਂ ਜਾਣ ਸਕਦੀਆਂ।

(ਸਤਿਗੁਰ ਕਬੀਰ ਸਾਹਿਬ ਫ਼ੁਰਮਾਉਂਦੇ ਹਨ—

ਲਾਗੀ ਹੋਇ ਸੁ ਜਾਨੈ ਪੀਰ॥ (ਪੰਨਾ ੩੨੭)

ਜਿਸ ਨੂੰ ਵਿਯੋਗ ਦੀ ਪੀੜਾ ਲੱਗੀ ਹੋਈ ਹੈ। ਉਸ ਪੀੜਾ ਨੂੰ ਉਹੀ ਜਾਣਦਾ ਹੈ। ਸਤਿਗੁਰੂ ਰਾਮਦਾਸ ਜੀ ਮਹਾਰਾਜ ਫ਼ੁਰਮਾਉਂਦੇ ਹਨ—

ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ॥ (ਪੰਨਾ ੪੪੯)

ਜਿਸ ਨੂੰ ਪ੍ਰੇਮ ਦੀ ਪੀੜਾ ਲੱਗੀ ਹੈ, ਉਹੀ ਉਸ ਪੀੜਾ ਨੂੰ ਜਾਣਦਾ ਹੈ।)

**ਦੁਖੀ ਦੁਹਾਗਨਿ ਦੁਇ ਪਖ ਹੀਨੀ॥**
**ਜਿਨਿ ਨਾਹ ਨਿਰੰਤਰਿ ਭਗਤਿ ਨ ਕੀਨੀ॥**

ਜਿਵੇਂ ਪ੍ਰਤੱਖ ਛੁੱਟੜ ਔਰਤ ਦੁਖੀ ਹੁੰਦੀ ਹੋਈ ਦੋਨਾਂ ਪੱਖਾਂ-ਪੇਕੇ



ਅਤੇ ਸਹੁਰੇ ਘਰ ਦੇ ਸੁੱਖਾਂ ਤੋਂ ਵਾਂਝੀ ਰਹਿੰਦੀ ਹੈ। ਇਸੇ ਤਰ੍ਹਾਂ ਪਰਮਾਤਮਾ ਨੂੰ ਭੁੱਲੀ ਹੋਈ ਜੀਵ ਰੂਪੀ ਇਸਤਰੀ ਲੋਕ ਅਤੇ ਪ੍ਰਲੋਕ ਦੇ ਸੁੱਖਾਂ ਤੋਂ ਵਾਂਝੀ ਰਹਿੰਦੀ ਹੈ।

**ਪੁਰ ਸਲਾਤ ਕਾ ਪੰਥੁ ਦੁਹੇਲਾ॥**
**ਸੰਗਿ ਨ ਸਾਥੀ ਗਵਨੁ ਇਕੇਲਾ॥੨॥**

ਪੁਰਸਲਾਤ ਦਾ ਰਸਤਾ ਕਠਿਨ ਹੈ। ਮਰਨ ਤੋਂ ਬਾਅਦ ਜੀਵ ਆਤਮਾ ਨੂੰ ਇਕੱਲੇ ਹੀ ਇਹ ਰਸਤਾ ਤੈਅ ਕਰਨਾ ਪੈਂਦਾ ਹੈ। ਜਿੱਥੇ ਕੋਈ ਸੰਗੀ ਸਾਥੀ ਨਾਲ ਨਹੀਂ ਜਾਂਦਾ।

(ਬਾਬਾ ਫਰੀਦ ਜੀ ਫ਼ੁਰਮਾਉਂਦੇ ਹਨ ਕਿ—

ਵਾਟ ਹਮਾਰੀ ਖਰੀ ਉਡੀਣੀ॥
ਖੰਨਿਅਹੁ ਤਿਖੀ ਬਹੁਤੁ ਪਿਈਣੀ॥ (ਪੰਨਾ ੭੯੪)

ਇਸ ਪੁਲ ਨੂੰ ਪਾਰ ਕਰਨ ਵਾਲੀ ਵਾਟ ਵੀ ਖੰਡੇ ਦੀ ਧਾਰ ਨਾਲੋਂ ਤਿੱਖੀ ਅਤੇ ਵਾਲ ਤੋਂ ਵੀ ਬਰੀਕ ਹੁੰਦੀ ਹੈ।)

**ਦੁਖੀਆ ਦਰਦਵੰਦੁ ਦਰਿ ਆਇਆ॥**
**ਬਹੁਤੁ ਪਿਆਸ ਜਬਾਬੁ ਨ ਪਾਇਆ॥**

ਹੇ ਦੁੱਖਾਂ ਦੇ ਜਾਨਣ ਵਾਲੇ ਪ੍ਰਭੂ ਜੀ! ਮੈਂ ਦੁਖੀ ਹੋ ਕੇ ਆਪ ਜੀ ਦੇ ਦਰਵਾਜੇ 'ਤੇ ਆਇਆ ਹਾਂ। ਮੇਰੇ ਮਨ ਵਿਚ ਆਪ ਜੀ ਦੇ ਦਰਸ਼ਨਾਂ ਦੀ ਬਹੁਤ ਅਭਿਲਾਸ਼ਾ ਹੈ! ਪਰ ਮੈਨੂੰ ਆਪ ਜੀ ਨੇ ਕੋਈ ਜਵਾਬ ਨਹੀਂ ਦਿੱਤਾ। ਭਾਵ ਮੈਨੂੰ ਤੁਸੀਂ ਦਰਸ਼ਨ ਨਹੀਂ ਦਿੱਤੇ।

**ਕਹਿ ਰਵਿਦਾਸ ਸਰਨਿ ਪ੍ਰਭ ਤੇਰੀ॥**
**ਜਿਉ ਜਾਨਹੁ ਤਿਉ ਕਰੁ ਗਤਿ ਮੇਰੀ॥੩॥੧॥**

ਸਤਿਗੁਰੂ ਰਵਿਦਾਸ ਮਹਾਰਾਜ ਜੀ ਫਰਮਾਉਂਦੇ ਹਨ ਕਿ ਹੇ ਪਰਮਾਤਮਾ ਜੀ! ਮੈਂ ਆਪ ਦੀ ਸ਼ਰਨ ਪਿਆ ਹਾਂ! ਆਪ ਜਿਵੇਂ ਚਾਹੋ ਉਸੇ ਤਰ੍ਹਾਂ ਹੀ ਮੇਰਾ ਉਧਾਰ ਕਰੋ ਜੀ।

************

## ਸ਼ਬਦ 26

**ਜੋ ਦਿਨ ਆਵਹਿ ਸੋ ਦਿਨ ਜਾਹੀ॥**
**ਕਰਨਾ ਕੂਚੁ ਰਹਨੁ ਥਿਰੁ ਨਾਹੀ॥**
**ਸੰਗੁ ਚਲਤ ਹੈ ਹਮ ਭੀ ਚਲਨਾ॥**
**ਦੂਰਿ ਗਵਨੁ ਸਿਰ ਊਪਰਿ ਮਰਨਾ॥੧॥**
**ਕਿਆ ਤੂ ਸੋਇਆ ਜਾਗੁ ਇਆਨਾ॥**
**ਤੈ ਜੀਵਨੁ ਜਗਿ ਸਚੁ ਕਰਿ ਜਾਨਾ॥੧॥ ਰਹਾਉ॥**
**ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ॥**

**ਸਭ ਘਟ ਭੀਤਰਿ ਹਾਟੁ ਚਲਾਵੈ ॥**
**ਕਰਿ ਬੰਦਿਗੀ ਛਾਡਿ ਮੈ ਮੇਰਾ ॥**
**ਹਿਰਦੈ ਨਾਮੁ ਸਮ੍ਾਰਿ ਸਵੇਰਾ ॥੨॥**
**ਜਨਮੁ ਸਿਰਾਨੋ ਪੰਥੁ ਨ ਸਵਾਰਾ ॥**
**ਸਾਂਝ ਪਰੀ ਦਹ ਦਿਸ ਅੰਧਿਆਰਾ ॥**
**ਕਹਿ ਰਵਿਦਾਸ ਨਿਦਾਨਿ ਦਿਵਾਨੇ ॥**
**ਚੇਤਸਿ ਨਾਹੀ ਦੁਨੀਆ ਫਨ ਖਾਨੇ ॥੩॥੨॥**
(ਪੰਨਾ ੭੯੩)

ਸਤਿਗੁਰੂ ਰਵਿਦਾਸ ਮਹਾਰਾਜ ਜੀ ਸੰਸਾਰ ਦੀ ਅਸਥਿਰਤਾ ਦਾ ਵਰਨਣ ਕਰਦੇ ਹੋਏ ਜੀਵ ਨੂੰ ਅਗਿਆਨਤਾ ਰੂਪੀ ਨੀਂਦ ਤੋਂ ਜਾਗ ਕੇ ਪਰਮਾਤਮਾ ਦਾ ਨਾਮ ਜਪ ਕੇ ਆਪਣਾ ਪੰਥ ਸੰਵਾਰਨ ਦਾ ਪਾਵਨ ਵੈਰਾਗਮਈ ਉਪਦੇਸ਼ ਦਿੰਦੇ ਹਨ।

**ਜੋ ਦਿਨ ਆਵਹਿ ਸੋ ਦਿਨ ਜਾਹੀ ॥**
**ਕਰਨਾ ਕੂਚੁ ਰਹਨੁ ਥਿਰੁ ਨਾਹੀ ॥**

ਜਿਸ ਤਰ੍ਹਾਂ ਜੋ ਦਿਨ ਚੜ੍ਹਦਾ ਹੈ, ਉਹ ਦਿਨ ਬੀਤ ਜਾਂਦਾ ਹੈ। ਇਸੇ ਤਰ੍ਹਾਂ ਜੀਵ ਦੀ ਉਮਰ ਘਟਦੀ ਜਾਂਦੀ ਹੈ।

ਸਭ ਨੇ ਸੰਸਾਰ ਛੱਡ ਕੇ ਚਲੇ ਜਾਣਾ ਹੈ। ਸੰਸਾਰ ਵਿਚ ਸਥਿਰ ਰਹਿਣ ਵਾਲਾ ਕੋਈ ਵੀ ਜੀਵ ਨਹੀਂ ਹੈ।

(ਸਤਿਗੁਰ ਨਾਨਕ ਦੇਵ ਜੀ ਫਰਮਾਉਂਦੇ ਹਨ—
ਦਰਿ ਕੂਚ ਕੂਚਾ ਕਰਿ ਗਏ ਅਵਰੇ ਭਿ ਚਲਣਹਾਰ॥ (ਪੰਨਾ 64)
ਸਤਿਗੁਰ ਕਬੀਰ ਜੀ ਫਰਮਾਉਂਦੇ ਹਨ—
ਕਿਆ ਮਾਗਉ ਕਿਛੁ ਥਿਰੁ ਨ ਰਹਾਈ॥
ਦੇਖਤ ਨੈਨ ਚਲਿਓ ਜਗੁ ਜਾਈ॥ (ਪੰਨਾ ੪੮੧)

ਪਰਮਾਤਮਾ ਜੀ ਆਪ ਪਾਸੋਂ ਕੀ ਮੰਗਾ ਕਿਉਂਕਿ ਸੰਸਾਰ ਵਿਚ ਕੁਝ ਵੀ ਸਥਿਰ ਰਹਿਣ ਵਾਲਾ ਨਹੀਂ ਹੈ। ਅੱਖਾਂ ਸਾਹਮਣੇ ਦਿਸ ਰਿਹਾ ਸੰਸਾਰ ਨਾਸ਼ ਹੋ ਰਿਹਾ ਹੈ। ਸਤਿਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ—
ਅਉਧ ਘਟੈ ਦਿਨਸੁ ਰੈਣਾਰੇ॥ (ਪੰਨਾ ੧੩)
ਦਿਨ ਰਾਤ ਬੀਤਣ ਨਾਲ ਜੀਵ ਦੀ ਆਯੂ ਘਟਦੀ ਜਾ ਰਹੀ ਹੈ।)

**ਸੰਗੁ ਚਲਤ ਹੈ ਹਮ ਭੀ ਚਲਨਾ ॥**
**ਦੂਰਿ ਗਵਨੁ ਸਿਰ ਊਪਰਿ ਮਰਨਾ ॥੧॥**

ਜੀਵ ਦੇ ਸੰਗੀ-ਸਾਥੀ ਸਾਥ ਛੱਡ ਕੇ ਸੰਸਾਰ ਤੋਂ ਜਾ ਰਹੇ ਹਨ। ਅਸੀਂ ਵੀ ਇਕ ਦਿਨ ਸੰਸਾਰ ਛੱਡਕੇ ਚਲੇ ਜਾਣਾ ਹੈ। ਜਿਸ ਮੌਤ ਦਾ ਆਉਣਾ ਜੀਵ ਦੂਰ ਸਮਝਦਾ ਹੈ, ਉਹ ਮੌਤ ਇਨਸਾਨ ਦੇ ਸਿਰ ਤੇ ਖੜ੍ਹੀ ਹੈ।

**ਕਿਆ ਤੂ ਸੋਇਆ ਜਾਗੁ ਇਆਨਾ ॥**



**ਤੈ ਜੀਵਨੁ ਜਗਿ ਸਚੁ ਕਰਿ ਜਾਨਾ ॥੧॥ ਰਹਾਉ ॥**

ਹੇ ਜੀਵ! ਤੂੰ ਇਸ ਸੰਸਾਰ ਵਿਖੇ ਅਗਿਆਨਤਾ-ਰੂਪੀ ਨੀਂਦ ਵਿਚ ਕਿਉਂ ਸੁੱਤਾ ਪਿਆ ਹੈ ? ਤੂੰ ਇਸ ਸੰਸਾਰੀ ਜੀਵਨ ਨੂੰ ਹੀ ਸੱਚ ਸਮਝੀ ਬੈਠਾ ਹੈਂ। ਅਸਲ ਵਿਚ ਇਹ ਸੰਸਾਰ ਨਾਸ਼ਵਾਨ ਹੈ। ਇਸ ਕਰਕੇ ਭਾਈ ਅਗਿਆਨਤਾ-ਰੂਪੀ ਨੀਂਦ ਤੋਂ ਜਾਗ ਕੇ ਪਰਮਾਤਮਾ ਨੂੰ ਚੇਤੇ ਕਰ।

(ਸਤਿਗੁਰੂ ਕਬੀਰ ਸਾਹਿਬ ਫੁਰਮਾਉਂਦੇ ਹਨ—
ਜਾਗਤ ਸੋਵਤ ਬਹੁ ਪ੍ਰਕਾਰ॥
ਗੁਰਮੁਖ ਜਾਗੈ ਸੋਈ ਸਾਰੁ॥ (ਪੰਨਾ ੧੧੯੪)

ਸੰਸਾਰ ਦੇ ਲੋਕ ਅਨੇਕਾਂ ਤਰ੍ਹਾਂ ਨਾਲ ਜਾਗਦੇ ਤੇ ਸੌਂਦੇ ਹਨ। ਪਰ ਗੁਰਮੁਖ ਪਰਮੇਸ਼ਰ ਦੇ ਭਜਨ ਵਿਚ ਜਾਗਦੇ ਹਨ, ਉਹੀ ਸ਼੍ਰੇਸਟ ਹਨ।)

**ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ ॥**
**ਸਭ ਘਟ ਭੀਤਰਿ ਹਾਟੁ ਚਲਾਵੈ ॥**

ਜਿਸ ਪਰਮਾਤਮਾ ਨੇ ਜੀਵਨ ਦਿੱਤਾ ਹੈ, ਉਹੀ ਪਰਮਾਤਮਾ ਸਭ ਨੂੰ ਰਿਜਕ ਪਹੁੰਚਾਉਂਦਾ ਹੈ। ਪਰਮਾਤਮਾ ਸਭ ਸਰੀਰਾਂ ਵਿਚ ਸਾਰੀਆਂ ਇੰਦਰੀਆਂ ਨੂੰ ਚਲਾ ਰਿਹਾ ਹੈ।

(ਸਤਿਗੁਰੂ ਅਰਜਨ ਦੇਵ ਜੀ ਮਹਾਰਾਜ ਫੁਰਮਾਉਂਦੇ ਹਨ—
ਸੈਲ ਪਥਰ ਮਹਿ ਜੰਤ ਉਪਾਏ
ਤਾ ਕਾ ਰਿਜਕੁ ਆਗੈ ਕਰਿ ਧਰਿਆ॥੧॥ (ਪੰਨਾ ੪੯੫)

ਪਰਮਾਤਮਾ ਨੇ ਪੱਥਰਾਂ ਵਿਚ ਵੀ ਜੋ ਜੀਵ-ਜੰਤ ਪੈਦਾ ਕੀਤੇ ਹਨ, ਉਹਨਾਂ ਦਾ ਖਾਣ-ਪਾਣ ਦਾ ਪ੍ਰਬੰਧ ਪਹਿਲਾਂ ਹੀ ਕੀਤਾ ਹੈ।)

**ਕਰਿ ਬੰਦਿਗੀ ਛਾਡਿ ਮੈ ਮੇਰਾ ॥**
**ਹਿਰਦੈ ਨਾਮੁ ਸਮ੍ਾਰਿ ਸਵੇਰਾ ॥੨॥**

ਹੇ ਇਨਸਾਨ! ਤੂੰ ਮੈਂ-ਮੇਰੀ ਦੇ ਹੰਕਾਰ ਨੂੰ ਛੱਡ ਕੇ ਇਕ ਪ੍ਰਭੂ ਦੀ ਬੰਦਗੀ ਕਰ। ਅੰਮ੍ਰਿਤ ਵੇਲੇ ਉੱਠ ਕੇ ਆਪਣੇ ਹਿਰਦੇ ਵਿਚ ਪਰਮਾਤਮਾ ਦੇ ਨਾਮ ਦਾ ਸਿਮਰਨ ਕਰ।

(ਸਤਿਗੁਰੂ ਕਬੀਰ ਸਾਹਿਬ ਜੀ ਫੁਰਮਾਉਂਦੇ ਹਨ—
ਕਹਤੁ ਕਬੀਰੁ ਕੋਈ ਨਹੀ ਤੇਰਾ॥
ਹਿਰਦੈ ਰਾਮੁ ਕੀ ਨ ਜਪਹਿ ਸਵੇਰਾ॥੩॥੯॥ (ਪੰਨਾ ੬੫੬)

ਹੇ ਜੀਵ! ਇਸ ਸੰਸਾਰ ਵਿਚ ਤੇਰਾ ਕੋਈ ਨਹੀਂ ਹੈ, ਅੰਮ੍ਰਿਤ ਵੇਲੇ ਉੱਠ ਕੇ ਤੂੰ ਰਾਮ ਨਾਮ ਦਾ ਸਿਮਰਨ ਕਿਉਂ ਨਹੀਂ ਕਰਦਾ। ਭਾਵ ਮਨੁੱਖਾ-ਜਨਮ ਵਿਚ ਤੇਰਾ ਭਜਨ ਕੀਤਾ ਹੀ ਕੰਮ ਆਉਣਾ ਹੈ।

ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਫਰਮਾਉਂਦੇ ਹਨ—
ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥ (ਪੰਨਾ ੨)

ਭਾਵ, ਹੇ ਜੀਵ! ਅੰਮ੍ਰਿਤ ਵੇਲੇ ਉਸ ਪਰਮਾਤਮਾ ਦੇ ਸੱਚੇ ਨਾਮ ਦੀ

ਵਡਿਆਈ ਦਾ ਵਿਚਾਰ ਕਰ।)

**ਜਨਮੁ ਸਿਰਾਨੋ ਪੰਥੁ ਨ ਸਵਾਰਾ ॥**
**ਸਾਂਝ ਪਰੀ ਦਹ ਦਿਸ ਅੰਧਿਆਰਾ ॥**

ਹੇ ਜੀਵ! ਤੇਰਾ ਮਨੁੱਖਾ-ਜਨਮ ਨਿਸਫਲ ਹੀ ਬਤੀਤ ਹੁੰਦਾ ਜਾ ਰਿਹਾ ਹੈ। ਤੂੰ ਨਾਮ ਜਪ ਕੇ ਆਪਣਾ ਪਰਲੋਕ ਦਾ ਰਸਤਾ ਨਹੀਂ ਸੰਵਾਰਿਆ। ਜਿਵੇਂ ਸ਼ਾਮ ਪੈਣ ਨਾਲ ਦਸੇ ਹੀ ਦਿਸ਼ਾਵਾਂ ਵਿਚ ਭਾਵ ਹਰ ਪਾਸੇ ਹਨੇਰਾ ਹੀ ਹਨੇਰਾ ਹੋ ਜਾਂਦਾ ਹੈ, ਇਸੇ ਤਰ੍ਹਾਂ ਜਦੋਂ ਮੌਤ ਰੂਪੀ ਸ਼ਾਮ ਪੈਂਦੀ ਹੈ ਤਾਂ ਦਸਾਂ ਇੰਦਰੀਆਂ ਵਿਚ ਅੰਧਕਾਰ ਹੋ ਜਾਂਦਾ ਹੈ। ਉਸ ਸਮੇਂ ਤੇਰੇ ਪਾਸੋਂ ਪਰਮਾਤਮਾ ਦਾ ਨਾਮ ਨਹੀਂ ਜੱਪਿਆ ਜਾਣਾ।

**ਕਹਿ ਰਵਿਦਾਸ ਨਿਦਾਨਿ ਦਿਵਾਨੇ ॥**
**ਚੇਤਸਿ ਨਾਹੀ ਦੁਨੀਆ ਫਨ ਖਾਨੇ ॥੩॥੨॥**

ਸਤਿਗੁਰ ਰਵਿਦਾਸ ਮਹਾਰਾਜ ਜੀ ਫਰਮਾਉਂਦੇ ਹਨ, ਝੱਲੇ ਪੁਰਸ਼ਾ! ਤੇਰੇ ਜੀਵਨ ਦਾ ਅੰਤ ਆ ਰਿਹਾ ਹੈ। ਪਰ ਤੈਨੂੰ ਇਸ ਗੱਲ ਦਾ ਚੇਤਾ ਨਹੀਂ ਹੈ ਕਿ ਸੰਸਾਰ ਨਾਸ਼ਵਾਨ ਹੈ। ਇਸ ਲਈ ਹੇ ਭਾਈ, ਉਸ ਪਰਮਾਤਮਾ ਦਾ ਸਿਮਰਨ ਕਰ, ਜੋ ਲੋਕ ਪਰਲੋਕ ਵਿਚ ਸਹਾਈ ਹੋਵੇਗਾ।

******

## ਸ਼ਬਦ 27

**ਊਚੇ ਮੰਦਰ ਸਾਲ ਰਸੋਈ ॥**
**ਏਕ ਘਰੀ ਫੁਨਿ ਰਹਨੁ ਨ ਹੋਈ ॥੧॥**
**ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ ॥**
**ਜਲਿ ਗਇਓ ਘਾਸੁ ਰਲਿ ਗਇਓ ਮਾਟੀ ॥੧॥ ਰਹਾਉ ॥**
**ਭਾਈ ਬੰਧ ਕੁਟੰਬ ਸਹੇਰਾ ॥**
**ਓਇ ਭੀ ਲਾਗੇ ਕਾਢੁ ਸਵੇਰਾ ॥੨॥**
**ਘਰ ਕੀ ਨਾਰਿ ਉਰਹਿ ਤਨ ਲਾਗੀ ।**
**ਉਹ ਤਉ ਭੂਤੁ ਭੂਤੁ ਕਰਿ ਭਾਗੀ ॥੩॥**
**ਕਹਿ ਰਵਿਦਾਸ ਸਭੈ ਜਗੁ ਲੂਟਿਆ ॥**
**ਹਮ ਤਉ ਏਕ ਰਾਮੁ ਕਹਿ ਛੂਟਿਆ ॥੪॥੩॥**

(ਪੰਨਾ ੭੯੪)

ਸਤਿਗੁਰੂ ਰਵਿਦਾਸ ਜੀ ਮਹਾਰਾਜ ਮਨੁੱਖਾ ਸਰੀਰ ਦੀ ਨਾਸ਼ਵਾਨਤਾ ਦਾ ਬਿਆਨ ਕਰਦੇ ਹੋਏ ਵੈਰਾਗ-ਮਈ ਉਪਦੇਸ਼ ਦਿੰਦੇ ਹਨ ਕਿ ਜੀਵ ਸੰਸਾਰਿਕ ਬੰਧਨਾਂ ਵਿਚ ਫਸਕੇ ਪਰਮਾਤਮਾ ਨੂੰ ਭੁਲਾਕੇ ਆਪਣਾ ਮਨੁੱਖਾ ਜਨਮ ਵਿਅਰਥ ਗਵਾ ਰਿਹਾ ਹੈ। ਇਸ ਲਈ ਜੀਵ ਨੂੰ ਪਰਮਾਤਮਾ ਦਾ ਨਾਮ ਜਪਕੇ ਸਭ ਬੰਧਨਾਂ



ਤੋਂ ਛੁੱਟਣ ਦਾ ਉਪਾਅ ਦੱਸਦੇ ਹਨ।

**ਊਚੇ ਮੰਦਰ ਸਾਲ ਰਸੋਈ ॥**
**ਏਕ ਘਰੀ ਫੁਨਿ ਰਹਨੁ ਨ ਹੋਈ ॥੧॥**

ਹੇ ਜੀਵ, ਤੂੰ ਇਸ ਸੰਸਾਰ ਵਿਚ ਰਹਿਣ ਲਈ ਉੱਚੇ ਮਹਿਲ ਅਤੇ ਉਹਨਾਂ ਵਿਚ ਸੋਹਣੀਆਂ ਰਸੋਈਆਂ ਬਣਾਉਂਦਾ ਹੈ। ਪਰ ਜਿਸ ਵੇਲੇ ਅੰਤ ਸਮਾਂ ਆ ਗਿਆ ਤਾਂ ਇਕ ਘੜੀ ਭਰ ਵੀ ਇਹਨਾਂ ਮਹਿਲਾਂ ਵਿਚ ਰਹਿਣਾ ਨਹੀਂ ਮਿਲੇਗਾ।

(ਸਤਿਗੁਰੂ ਕਬੀਰ ਸਾਹਿਬ ਫਰਮਾਉਂਦੇ ਹਨ—
ਆਈ ਤਲਬ ਗੋਪਾਲ ਰਾਇ ਕੀ
ਮਾਇਆ ਮੰਦਰ ਛੋਡਿ ਚਲਿਓ ॥੫॥੨॥੧੫॥ (ਪੰਨਾ ੪੭੯)

ਜਿਸ ਵੇਲੇ ਪਰਮਾਤਮਾ ਦਾ ਸੱਦਾ ਆਇਆ ਤਾਂ ਉਸ ਵੇਲੇ ਮਾਇਆ ਦੇ ਮੰਦਿਰ ਛੱਡ ਕੇ ਜਾਣਾ ਪੈਣਾ ਹੈ। ਬਾਬਾ ਫਰੀਦ ਜੀ ਫਰਮਾਉਂਦੇ ਹਨ—
ਫਰੀਦਾ ਕੋਠੇ ਮੰਡਪ ਮਾੜੀਆ ਉਸਾਰਦੇ ਵੀ ਗਏ।
ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ ॥੪੬॥ (ਪੰਨਾ ੧੩੮੦)

ਕੋਠੇ ਮੰਡਪ ਅਤੇ ਮਾੜੀਆਂ ਉਸਾਰਦੇ ਜੀਵ ਇਸ ਸੰਸਾਰ ਨੂੰ ਛੱਡ ਕੇ ਚਲੇ ਗਏ। ਸਾਰੀ ਉਮਰ ਝੂਠਾ-ਸੌਦਾ ਕਰਦੇ ਮਰ ਗਏ ਅਤੇ ਅੰਤ ਨੂੰ ਕਬਰਾਂ ਵਿਚ ਆ ਕੇ ਪੈ ਗਏ।)

**ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ ॥**
**ਜਲਿ ਗਇਓ ਘਾਸੁ ਰਲਿ ਗਇਓ ਮਾਟੀ ॥੧॥ ਰਹਾਉ ॥**

ਹੇ ਜੀਵ! ਤੇਰਾ ਸਰੀਰ ਘਾਹ ਦੀ ਝੌਂਪੜੀ ਵਾਂਗ ਹੈ। ਜਿਵੇਂ ਘਾਹ ਦੀ ਝੌਂਪੜੀ ਸੜ ਕੇ ਸੁਆਹ ਹੋ ਕੇ ਮਿੱਟੀ ਵਿਚ ਮਿਲ ਜਾਂਦੀ ਹੈ। ਇਸ ਤਰ੍ਹਾਂ ਸਰੀਰ ਨੇ ਵੀ ਮਰਨ ਤੋਂ ਬਾਅਦ ਮਿੱਟੀ ਵਿਚ ਮਿਲ ਜਾਣਾ ਹੈ।

**ਭਾਈ ਬੰਧ ਕੁਟੰਬ ਸਹੇਰਾ ॥**
**ਓਇ ਭੀ ਲਾਗੇ ਕਾਢੁ ਸਵੇਰਾ ॥੨॥**

ਹੇ ਜੀਵ! ਜਿਹਨਾਂ ਨੂੰ ਤੂੰ ਆਪਣੇ ਸਮਝਦਾ ਹੈਂ, ਭਰੇ ਪਰਿਵਾਰ ਦੇ ਮੈਂਬਰ ਅਤੇ ਮਿੱਤਰ ਆਦਿ, ਜਿਸ ਵੇਲੇ ਮੌਤ ਆਉਂਦੀ ਹੈ ਤਾਂ ਇਹ ਸਭ ਸਵੇਰੇ-ਸਵੇਰੇ ਘਰੋਂ ਬਾਹਰ ਕੱਢਣ ਲੱਗ ਪੈਂਦੇ ਹਨ। ਭਾਵ ਮ੍ਰਿਤਕ ਸਰੀਰ ਦਾ ਸੰਸਕਾਰ ਕਰਨ ਦੀ ਤਿਆਰੀ ਕਰਨ ਲੱਗ ਪੈਂਦੇ ਹਨ।

(ਸਤਿਗੁਰੂ ਕਬੀਰ ਸਾਹਿਬ ਫਰਮਾਉਂਦੇ ਹਨ—
ਘਟ ਫੂਟੇ ਕੋਊ ਬਾਤ ਨ ਪੂਛੈ ਕਾਢਹੁ ਕਾਢਹੁ ਹੋਈ ॥੨॥
(ਪੰਨਾ ੪੭੮)

ਜਿਸ ਸਮੇਂ ਸਰੀਰ ਬਿਨਸਦਾ ਹੈ ਤਾਂ ਕੋਈ ਵੀ ਇਸ ਦੀ ਬਾਤ ਨਹੀਂ ਪੁੱਛਦਾ। ਉਸ ਸਮੇਂ ਸਾਰੇ ਛੇਤੀ ਕਰੋ-ਛੇਤੀ ਕਰੋ ਕਹਿੰਦੇ ਹਨ।)

**ਘਰ ਕੀ ਨਾਰਿ ਉਰਹਿ ਤਨ ਲਾਗੀ ।**
**ਉਹ ਤਉ ਭੂਤੁ ਭੂਤੁ ਕਰਿ ਭਾਗੀ ॥੩॥**

ਘਰ ਦੀ ਇਸਤਰੀ ਜੋ ਇਸ ਦੀ ਛਾਤੀ ਨਾਲ ਲੱਗ ਕੇ ਰਹਿੰਦੀ ਸੀ। ਜਿਸ ਵੇਲੇ ਜੀਵ ਮਰ ਜਾਂਦਾ ਹੈ ਤਾਂ ਉਹ ਵੀ ਇਸ ਨੂੰ ਭੂਤ-ਭੂਤ ਕਹਿ ਕੇ ਦੂਰ ਨੱਠਦੀ ਹੈ।

**ਕਹਿ ਰਵਿਦਾਸ ਸਭੈ ਜਗੁ ਲੂਟਿਆ ॥**
**ਹਮ ਤਉ ਏਕ ਰਾਮੁ ਕਹਿ ਛੂਟਿਆ ॥੪॥੩॥**

ਸਤਿਗੁਰੂ ਰਵਿਦਾਸ ਮਹਾਰਾਜ ਜੀ ਫਰਮਾਉਂਦੇ ਹਨ ਕਿ ਸਾਰਾ ਸੰਸਾਰ ਮਾਇਆ ਦੇ ਪ੍ਰਭਾਵ ਕਰਕੇ ਲੁੱਟਿਆ ਜਾ ਰਿਹਾ ਹੈ। ਪਰ ਮੈਂ ਪਰਮਾਤਮਾ ਦਾ ਨਾਮ ਜਪ ਕੇ ਛੁੱਟ ਗਿਆ ਹਾਂ।

(ਸਤਿਗੁਰੂ ਕਬੀਰ ਸਾਹਿਬ ਜੀ ਫਰਮਾਉਂਦੇ ਹਨ ਕਿ—
ਹਮ ਦੇਖਤ ਜਿਨਿ ਸਭੁ ਜਗੁ ਲੂਟਿਆ॥
ਕਹੁ ਕਬੀਰ ਮੈਂ ਰਾਮ ਕਹਿ ਛੂਟਿਆ॥੩॥ (ਪੰਨਾ ੩੨੯)

ਅਸੀਂ ਦੇਖ ਰਹੇ ਹਾਂ ਕਿ ਮਾਇਆ ਨੇ ਸਾਰੇ ਸੰਸਾਰ ਨੂੰ ਲੁੱਟਿਆ ਹੈ। ਮੈਂ ਪ੍ਰਭੂ ਦਾ ਨਾਮ ਜਪ ਕੇ ਇਸ ਮਾਇਆ ਦੇ ਬੰਧਨਾਂ ਤੋਂ ਛੁੱਟ ਗਿਆ ਹਾਂ। ਜਿਹੜਾ ਜੀਵ ਸੰਸਾਰ ਵਿਚ ਆ ਕੇ ਪਰਮਾਤਮਾ ਦਾ ਨਾਮ ਜਪਦਾ ਹੈ, ਉਹ ਜੀਵ ਮਾਇਆ ਦੇ ਪ੍ਰਭਾਵ ਤੋਂ ਮੁਕਤ ਹੋ ਕੇ ਪਰਮਾਤਮਾ ਵਿਚ ਅਭੇਦ ਹੋ ਜਾਂਦਾ ਹੈ।)

*******

## ਸ਼ਬਦ 28

ਬਿਲਾਵਲੁ ਬਾਣੀ ਰਵਿਦਾਸ ਭਗਤ ਕੀ
ੴ ਸਤਿਗੁਰ ਪ੍ਰਸਾਦਿ॥

**ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ ॥**
**ਅਸਟ ਦਸਾ ਸਿਧਿ ਕਰ ਤਲੈ ਸਭ ਕ੍ਰਿਪਾ ਤੁਮਾਰੀ ॥੧॥**
**ਤੂ ਜਾਨਤ ਮੈ ਕਿਛੁ ਨਹੀ ਭਵ ਖੰਡਨ ਰਾਮ ॥**
**ਸਗਲ ਜੀਅ ਸਰਨਾਗਤੀ ਪ੍ਰਭ ਪੂਰਨ ਕਾਮ ॥੧॥ ਰਹਾਉ ॥**
**ਜੋ ਤੇਰੀ ਸਰਨਾਗਤਾ ਤਿਨ ਨਾਹੀ ਭਾਰੁ ॥**
**ਊਚ ਨੀਚ ਤੁਮ ਤੇ ਤਰੇ ਆਲਜੁ ਸੰਸਾਰੁ ॥੨॥**
**ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ ॥**
**ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ ॥੩॥੧॥**
**(ਪੰਨਾ ੮੫੮)**

ਸਤਿਗੁਰੂ ਰਵਿਦਾਸ ਮਹਾਰਾਜ ਜੀ ਉਸ ਸਮੇਂ ਦੀ ਪ੍ਰਚਲਿਤ ਮਾਨਵ ਵਿਰੋਧੀ ਦਸ਼ਾ ਦਾ ਬਿਆਨ ਕਰਦੇ ਹੋਏ ਸਮੁੱਚੀ ਮਾਨਵਤਾ ਨੂੰ ਉਪਦੇਸ਼ ਦਿੰਦੇ



ਹਨ ਕਿ ਪਰਮਾਤਮਾ ਦਾ ਨਾਮ ਜਪਣ ਵਾਲਾ ਭਾਵੇਂ ਸੰਸਾਰੀ ਤੌਰ 'ਤੇ ਉੱਚਾ ਜਾਂ ਨੀਵਾਂ ਗਿਣਿਆ ਜਾਂਦਾ ਹੋਵੇ, ਪਰ ਪਰਮਾਤਮਾ ਦੀ ਸ਼ਰਨ ਪ੍ਰਾਪਤ ਕਰਨ ਨਾਲ ਉਸਦੇ ਸਭ ਕਾਰਜ ਪੂਰਨ ਹੋ ਜਾਂਦੇ ਹਨ।

**ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ ॥**
**ਅਸਟ ਦਸਾ ਸਿਧਿ ਕਰ ਤਲੈ ਸਭ ਕ੍ਰਿਪਾ ਤੁਮਾਰੀ ॥੧॥**

ਹੇ ਪਰਮਾਤਮਾ ਜੀ, ਜਿਸ ਸਮਾਜ ਵਿਚ ਮੈਂ ਪੈਦਾ ਹੋਇਆ ਹਾਂ, ਉਸ ਨੂੰ ਮਾਨਵੀ ਅਧਿਕਾਰਾਂ ਤੋਂ ਵੰਚਿਤ ਰੱਖਿਆ ਗਿਆ ਹੈ। ਸਾਡੀ ਐਸੀ ਗਰੀਬੀ, ਦਰਦਨਾਕ ਦਸ਼ਾ ਨੂੰ ਵੇਖ ਕੇ ਸਭ ਕੋਈ ਹੱਸਦਾ ਸੀ। ਪਰ ਪਰਮਾਤਮਾ ਜੀ, ਆਪ ਦਾ ਨਾਮ ਜਪਣ ਕਰਕੇ ਹੁਣ 18 ਸਿੱਧੀਆਂ ਮੇਰੀ ਹੱਥ ਦੀ ਹਥੇਲੀ 'ਤੇ ਆ ਗਈਆਂ ਹਨ। ਇਹ ਸਭ ਆਪ ਦੀ ਕਿਰਪਾ ਹੀ ਹੈ।

**ਤੂ ਜਾਨਤ ਮੈ ਕਿਛੁ ਨਹੀ ਭਵ ਖੰਡਨ ਰਾਮ ॥**
**ਸਗਲ ਜੀਅ ਸਰਨਾਗਤੀ ਪ੍ਰਭ ਪੂਰਨ ਕਾਮ ॥੧॥ ਰਹਾਉ ॥**

ਹੇ ਜਨਮ-ਮਰਨ ਦੇ ਚੱਕਰ ਕੱਟਣ ਵਾਲੇ ਪਰਮਾਤਮਾ ਜੀ! ਤੁਸੀਂ ਘਟ-ਘਟ ਦੀ ਜਾਣਦੇ ਹੋ, ਪਰ ਮੈਂ ਕੁਝ ਵੀ ਨਹੀਂ ਜਾਣਦਾ। ਜੋ ਜੀਵ ਆਪ ਦੀ ਸ਼ਰਨ ਲੈਂਦੇ ਹਨ, ਉਹਨਾਂ ਸਭਨਾਂ ਦੀਆਂ ਸਭ ਮਨੋਕਾਮਨਾਵਾਂ ਪੂਰਨ ਹੁੰਦੀਆਂ ਹਨ।

**ਜੋ ਤੇਰੀ ਸਰਨਾਗਤਾ ਤਿਨ ਨਾਹੀ ਭਾਰੁ ॥**
**ਊਚ ਨੀਚ ਤੁਮ ਤੇ ਤਰੇ ਆਲਜੁ ਸੰਸਾਰੁ ॥੨॥**

ਹੇ ਪ੍ਰਭੂ ਜੀ! ਜੋ ਜੀਵ ਆਪ ਦੀ ਸ਼ਰਨ ਗ੍ਰਹਿਣ ਕਰ ਲੈਂਦਾ ਹੈ ਉਸਨੂੰ ਕੋਈ ਵੀ ਦੁੱਖ ਅਤੇ ਕਰਮਾਂ ਦਾ ਭਾਰ ਨਹੀਂ ਰਹਿੰਦਾ। ਆਪ ਜੀ ਦੀ ਸ਼ਰਨ ਪ੍ਰਾਪਤ ਕਰਨ ਨਾਲ ਉੱਚੇ, ਨੀਵੇਂ, ਅਮੀਰ, ਗਰੀਬ ਸਭ ਜੀਵ ਨ ਤਰੇ ਜਾਣ ਵਾਲੇ ਸੰਸਾਰ ਨੂੰ ਤਰ ਜਾਂਦੇ ਹਨ।

**ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ ॥**
**ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ ॥੩॥੧॥**

ਸਤਿਗੁਰੂ ਜੀ ਫਰਮਾਉਂਦੇ ਹਨ ਕਿ ਹੇ ਪਰਮਾਤਮਾ ਜੀ, ਆਪ ਦੀ ਕਥਾ ਅਕੱਥ ਹੈ। ਇਸ ਲਈ ਬਹੁਤੀਆਂ ਕਥਾਵਾਂ ਕਿਸ ਵਾਸਤੇ ਕਰਨੀਆਂ ਹਨ। ਇਹ ਸੰਸਾਰੀ ਜੀਵ ਆਪ ਨੂੰ ਕਿਹੜੀ ਉਪਮਾ ਦੇ ਸਕਦਾ ਹੈ ? ਜੋ ਤੁਸੀਂ ਹੋ ਕੇਵਲ ਤੁਸੀਂ ਹੀ ਹੋ। ਆਪ ਦੇ ਸਮਾਨ ਕੋਈ ਦੂਸਰਾ ਹੈ ਹੀ ਨਹੀਂ।

(ਸਤਿਗੁਰੂ ਕਬੀਰ ਜੀ ਫਰਮਾਉਂਦੇ ਹਨ—
ਸਹਜ ਕੀ ਅਕਥ ਕਥਾ ਹੈ ਨਿਰਾਰੀ॥ (ਪੰਨਾ ੩੩੩)

ਪਰਮਾਤਮਾ ਦੀ ਸਹਿਜ ਅਵਸਥਾ ਦੀ ਕਥਾ ਅਕੱਥ ਅਤੇ ਨਿਰਾਲੀ ਹੈ।

ਸਤਿਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ—

ਤੇਰੀ ਅਕਥ ਕਥਾ ਕਥਨੁ ਨ ਜਾਈ॥ (ਪੰਨਾ ੬੧੦)

ਪਰਮਾਤਮਾ ਜੀ ਆਪ ਦੀ ਕਥਾ ਅਕੱਥ ਹੈ, ਜੋ ਕਥਨ ਨਹੀਂ ਕੀਤੀ ਜਾਂਦੀ।)

********

## ਸ਼ਬਦ 29

**ਜਿਹ ਕੁਲ ਸਾਧੁ ਬੈਸਨੌ ਹੋਇ॥**
**ਬਰਨ ਅਬਰਨ ਰੰਕੁ ਨਹੀ ਈਸੁਰੁ**
**ਬਿਮਲ ਬਾਸੁ ਜਾਨੀਐ ਜਗਿ ਸੋਇ॥੧॥ਰਹਾਉ॥**
**ਬ੍ਰਹਮਨ ਬੈਸ ਸੂਦ ਅਰੁ ਖ੍ਯ੍ਤ੍ਰੀ**
**ਡੋਮ ਚੰਡਾਰ ਮਲੇਛ ਮਨ ਸੋਇ॥**
**ਹੋਇ ਪੁਨੀਤ ਭਗਵੰਤ ਭਜਨ ਤੇ**
**ਆਪੁ ਤਾਰਿ ਤਾਰੇ ਕੁਲ ਦੋਇ॥੧॥**
**ਧੰਨਿ ਸੁ ਗਾਉ ਧੰਨਿ ਸੋ ਠਾਉ**
**ਧੰਨਿ ਪੁਨੀਤ ਕੁਟੰਬ ਸਭ ਲੋਇ॥**
**ਜਿਨਿ ਪੀਆ ਸਾਰ ਰਸੁ ਤਜੇ ਆਨ ਰਸ**
**ਹੋਇ ਰਸ ਮਗਨ ਡਾਰੇ ਬਿਖੁ ਖੋਇ॥੨॥**
**ਪੰਡਿਤ ਸੂਰ ਛਤ੍ਰਪਤਿ ਰਾਜਾ**
**ਭਗਤ ਬਰਾਬਰਿ ਅਉਰੁ ਨ ਕੋਇ॥**
**ਜੈਸੇ ਪੁਰੈਨ ਪਾਤ ਰਹੈ ਜਲ ਸਮੀਪ**
**ਭਨਿ ਰਵਿਦਾਸ ਜਨਮੇ ਜਗਿ ਓਇ॥੩॥੨॥**
**(ਪੰਨਾ ੮੫੮)**

ਸਤਿਗੁਰੂ ਰਵਿਦਾਸ ਜੀ ਮਹਾਰਾਜ ਪਾਵਨ ਉਪਦੇਸ਼ ਦਿੰਦੇ ਹਨ ਕਿ ਜਿਸ ਕੁਲ ਵਿਚ ਪ੍ਰਭੂ ਦਾ ਸਿਮਰਨ ਕਰਨ ਵਾਲੇ ਸੰਤ ਹੁੰਦੇ ਹਨ, ਉਹ ਕੁਲ ਇਸ ਸੰਸਾਰ ਵਿਚ ਉੱਤਮ ਗਿਣੀ ਜਾਂਦੀ ਹੈ। ਭਾਵੇਂ ਉਹ ਕੁਲ ਵਰਣਾਂ ਵਿਚੋਂ ਜਾਂ ਅਵਰਣਾਂ ਵਿਚੋਂ ਹੋਵੇ। ਪ੍ਰਭੂ ਦੇ ਭਗਤ ਦੀ ਬਰਾਬਰੀ ਮਹਾਂ ਵਿਦਵਾਨ ਪੰਡਿਤ, ਸਾਰੇ ਸੰਸਾਰ 'ਤੇ ਜਿੱਤ ਪ੍ਰਾਪਤ ਕਰਨ ਵਾਲਾ ਸੂਰਬੀਰ ਸੂਰਮਾ, ਸਾਰੇ ਸੰਸਾਰ 'ਤੇ ਰਾਜ ਕਰਨ ਵਾਲਾ ਛਤਰਪਤੀ ਰਾਜਾ ਅਤੇ ਹੋਰ ਕੋਈ ਵੀ ਨਹੀਂ ਕਰ ਸਕਦਾ।

**ਜਿਹ ਕੁਲ ਸਾਧੁ ਬੈਸਨੌ ਹੋਇ॥**
**ਬਰਨ ਅਬਰਨ ਰੰਕੁ ਨਹੀ ਈਸੁਰੁ**
**ਬਿਮਲ ਬਾਸੁ ਜਾਨੀਐ ਜਗਿ ਸੋਇ॥੧॥ਰਹਾਉ॥**



ਜਿਸ ਕੁਲ ਵਿਚ ਪਰਮਾਤਮਾ ਦੇ ਨਾਮ ਜਪਣ ਵਾਲੇ ਸੰਤ ਪੈਦਾ ਹੁੰਦੇ ਹਨ, ਭਾਵੇਂ ਉਹ ਵਰਣਾਂ ਵਿਚੋਂ ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ ਹੋਣ ਅਤੇ ਭਾਵੇਂ ਵਰਣਾਂ ਤੋਂ ਬਾਹਰ ਹੋਣ, ਉਹ ਕੰਗਾਲ ਨਹੀਂ ਹੈ। ਸਗੋਂ ਉਹ ਪ੍ਰਭੂ ਦਾ ਸਰੂਪ ਹੈ ਅਤੇ ਉਸਦੀ ਪਵਿੱਤਰ ਵਾਸਨਾ ਸਾਰੇ ਸੰਸਾਰ ਵਿਚ ਜਾਣੀ ਜਾਂਦੀ ਹੈ।

(ਸਤਿਗੁਰੂ ਕਬੀਰ ਸਾਹਿਬ ਜੀ ਫੁਰਮਾਉਂਦੇ ਹਨ—

ਕਬੀਰ ਸੋਈ ਕੁਲ ਭਲੀ ਜਾ ਕੁਲ ਹਰਿ ਕੋ ਦਾਸੁ॥ (ਪੰਨਾ ੧੩੭੦)

ਉਹੀ ਕੁਲ ਭਲੀ ਹੈ, ਜਿਸ ਕੁਲ ਵਿਚ ਪਰਮਾਤਮਾ ਦਾ ਨਾਮ ਜਪਣ ਵਾਲਾ ਪਰਮਾਤਮਾ ਦਾ ਦਾਸ ਪੈਦਾ ਹੁੰਦਾ ਹੈ।)

**ਬ੍ਰਹਮਨ ਬੈਸ ਸੂਦ ਅਰੁ ਖ੍ਯ੍ਤ੍ਰੀ**
**ਡੋਮ ਚੰਡਾਰ ਮਲੇਛ ਮਨ ਸੋਇ॥**
**ਹੋਇ ਪੁਨੀਤ ਭਗਵੰਤ ਭਜਨ ਤੇ**
**ਆਪੁ ਤਾਰਿ ਤਾਰੇ ਕੁਲ ਦੋਇ॥੧॥**

ਭਾਵੇਂ ਕੋਈ ਜੀਵ ਬ੍ਰਾਹਮਣ, ਵੈਸ਼, ਸ਼ੂਦਰ ਅਤੇ ਖੱਤਰੀ, ਡੋਮ ਮਰਾਸੀ, ਚੰਡਾਲ, ਮਲੇਸ਼ ਕਿਸੇ ਵੀ ਮਨ ਵਾਲਾ ਹੋਵੇ ਪਰ ਉਹ ਪਰਮਾਤਮਾ ਦਾ ਭਜਨ ਕਰਕੇ ਪੁਨੀਤ ਹੋ ਜਾਂਦਾ ਹੈ। ਉਹ ਆਪ ਵੀ ਤਰਦਾ ਹੈ ਤੇ ਆਪਣੀਆਂ ਦੋਨੋਂ ਕੁਲਾਂ ਨਾਨਕੇ-ਦਾਦਕੇ ਅਤੇ ਬੇਅੰਤ ਜੀਵਾਂ ਨੂੰ ਨਾਮ ਜਪਾ ਕੇ ਤਾਰ ਦਿੰਦਾ ਹੈ।

**ਧੰਨਿ ਸੁ ਗਾਉ ਧੰਨਿ ਸੋ ਠਾਉ**
**ਧੰਨਿ ਪੁਨੀਤ ਕੁਟੰਬ ਸਭ ਲੋਇ॥**

ਧੰਨ ਉਹ ਪਿੰਡ ਹੈ, ਧੰਨ ਉਹ ਸਥਾਨ ਹੈ ਅਤੇ ਧੰਨ ਹੀ ਉਹ ਪਵਿੱਤਰ ਪਰਿਵਾਰ ਹੈ ਜਿਸ ਵਿਚ ਸੰਤ ਜਨਮ ਲੈਂਦੇ ਹਨ।

(ਸਤਿਗੁਰੂ ਅਰਜਨ ਦੇਵ ਜੀ ਮਹਾਰਾਜ ਫਰਮਾਉਂਦੇ ਹਨ—

ਅਠਸਠਿ ਤੀਰਥ ਜਹ ਸਾਧ ਪਗ ਧਰਹਿ॥
ਤਹ ਬੈਕੁੰਠੁ ਜਹ ਨਾਮੁ ਉਚਰਹਿ॥ (ਪੰਨਾ ੮੯੦)

ਜਿਸ ਅਸਥਾਨ 'ਤੇ ਸੰਤ ਚਰਨ ਪਾਉਂਦੇ ਹਨ, ਉਥੇ ਅਠਾਹਠ ਤੀਰਥਾਂ ਦੇ ਸਮਾਨ ਪੁੰਨ ਪ੍ਰਾਪਤ ਹੁੰਦੇ ਹਨ ਅਤੇ ਜਿਸ ਅਸਥਾਨ 'ਤੇ ਭਜਨ ਕਰਦੇ ਹਨ, ਉਥੇ ਬੈਕੁੰਠ-ਧਾਮ ਬਣ ਜਾਂਦਾ ਹੈ।)

**ਜਿਨਿ ਪੀਆ ਸਾਰ ਰਸੁ ਤਜੇ ਆਨ ਰਸ**
**ਹੋਇ ਰਸ ਮਗਨ ਡਾਰੇ ਬਿਖੁ ਖੋਇ॥੨॥**

ਜੋ ਜੀਵ ਪਰਮਾਤਮਾ ਦੇ ਉੱਤਮ ਨਾਮ ਰੂਪੀ ਰਸ ਨੂੰ ਪੀਂਦੇ ਹਨ, ਉਹ ਹੋਰ ਝੂਠੇ ਸੰਸਾਰੀ ਰਸਾਂ ਦਾ ਤਿਆਗ ਕਰ ਦਿੰਦੇ ਹਨ। ਉਹ ਪਰਮਾਤਮਾ ਦੇ ਨਾਮ ਰੂਪੀ ਰਸ ਵਿਚ ਮਸਤ ਹੋ ਕੇ ਸੰਸਾਰ ਦੇ ਮਿੱਠੇ (ਜ਼ਹਿਰ ਰੂਪੀ) ਰਸਾਂ ਦਾ ਤਿਆਗ ਕਰ ਦਿੰਦੇ ਹਨ।

(ਸਤਿਗੁਰ ਕਬੀਰ ਸਾਹਿਬ ਜੀ ਫੁਰਮਾਉਂਦੇ ਹਨ—
'ਰਾਮ ਨਾਮ ਛਾਡਿ ਅੰਮ੍ਰਿਤ ਕਾਹੇ ਬਿਖੁ ਖਾਈ॥ (੬੯੨)
ਰਾਮ ਨਾਮ ਰੂਪੀ ਅੰਮ੍ਰਿਤ ਨੂੰ ਛੱਡ ਕੇ ਸੰਸਾਰ ਦੇ ਮਿੱਠੇ ਜ਼ਹਿਰ ਰੂਪੀ ਰਸ ਕਿਉਂ ਖਾਂਦੇ ਹੋ? ਸਤਿਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ—
ਹਰਿ ਰਸੁ ਪੀਵਤ ਸਦ ਹੀ ਰਾਤਾ॥
ਆਨ ਰਸਾ ਖਿਨ ਮਹਿ ਲਹਿ ਜਾਤਾ॥ (ਪੰਨਾ ੩੭੭)
ਜਿਹੜਾ ਜੀਵ ਪਰਮਾਤਮਾ ਦਾ ਨਾਮ ਰੂਪੀ ਰਸ ਪੀ ਕੇ ਰੰਗਿਆ ਜਾਂਦਾ ਹੈ,ਉਸ ਦੇ ਬਾਕੀ ਝੂਠੇ ਰਸ ਇਕ ਛਿਨ ਵਿਚ ਲੱਥ ਜਾਂਦੇ ਹਨ।)

**ਪੰਡਿਤ ਸੂਰ ਛਤ੍ਰਪਤਿ ਰਾਜਾ**
**ਭਗਤ ਬਰਾਬਰਿ ਅਉਰੁ ਨ ਕੋਇ॥**

ਸੰਸਾਰ ਵਿਚ ਸਭ ਤੋਂ ਮਹਾਨ ਵਿਦਵਾਨ ਪੰਡਿਤ, ਸਭ ਤੋਂ ਵੱਡਾ ਸੂਰਬੀਰ ਸੂਰਮਾ, ਚਕਰਵਰਤੀ ਬਾਦਸ਼ਾਹ ਅਤੇ ਹੋਰ ਕੋਈ ਵੀ ਪਰਮਾਤਮਾ ਦੀ ਭਗਤੀ ਕਰਨ ਵਾਲੇ ਦੀ ਬਰਾਬਰੀ ਨਹੀਂ ਕਰ ਸਕਦਾ।

**ਜੈਸੇ ਪੁਰੈਨ ਪਾਤ ਰਹੈ ਜਲ ਸਮੀਪ**
**ਭਨਿ ਰਵਿਦਾਸ ਜਨਮੇ ਜਗਿ ਓਇ॥੩॥੨॥**

ਸਤਿਗੁਰੂ ਰਵਿਦਾਸ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜਿਵੇਂ ਪੁਰੈਣ ਬੂਟੀ ਜਲ ਦੇ ਨੇੜੇ ਰਹਿ ਕੇ ਵੀ ਜਲ ਤੋਂ ਨਿਰਲੇਪ ਰਹਿੰਦੀ ਹੈ, ਇਸੇ ਤਰ੍ਹਾਂ ਸੰਤ ਸੰਸਾਰ ਵਿਚ ਰਹਿੰਦੇ ਹੋਏ ਵੀ ਸੰਸਾਰ ਤੋਂ ਨਿਰਲੇਪ ਰਹਿੰਦੇ ਹਨ।

*******

## ਸ਼ਬਦ 30

ਰਾਗੁ ਗੋਂਡ ਬਾਣੀ ਰਵਿਦਾਸ ਜੀਉ ਕੀ ਘਰੁ ੨
ੴ ਸਤਿਗੁਰ ਪ੍ਰਸਾਦਿ॥

**ਮੁਕੰਦ ਮੁਕੰਦ ਜਪਹੁ ਸੰਸਾਰ॥**
**ਬਿਨੁ ਮੁਕੰਦ ਤਨੁ ਹੋਇ ਅਉਹਾਰ॥**
**ਸੋਈ ਮੁਕੰਦੁ ਮੁਕਤਿ ਕਾ ਦਾਤਾ॥**
**ਸੋਈ ਮੁਕੰਦੁ ਹਮਰਾ ਪਿਤ ਮਾਤਾ॥੧॥**
**ਜੀਵਤ ਮੁਕੰਦੇ ਮਰਤ ਮੁਕੰਦੇ॥**
**ਤਾ ਕੇ ਸੇਵਕ ਕਉ ਸਦਾ ਅਨੰਦੇ॥੧॥ਰਹਾਉ॥**
**]ਮੁਕੰਦ ਮੁਕੰਦ ਹਮਾਰੇ ਪ੍ਰਾਨੰ॥**
**ਜਪਿ ਮੁਕੰਦ ਮਸਤਕਿ ਨੀਸਾਨੰ॥**
**ਸੇਵ ਮੁਕੰਦ ਕਰੈ ਬੈਰਾਗੀ॥**
**ਸੋਈ ਮੁਕੰਦੁ ਦੁਰਬਲ ਧਨੁ ਲਾਧੀ॥੨॥**



**ਏਕ ਮੁਕੰਦੁ ਕਰੈ ਉਪਕਾਰੁ॥**
**ਹਮਰਾ ਕਹਾ ਕਰੈ ਸੰਸਾਰੁ॥**
**ਮੇਟੀ ਜਾਤਿ ਹੂਏ ਦਰਬਾਰਿ॥**
**ਤੁਹੀ ਮੁਕੰਦ ਜੋਗ ਜੁਗ ਤਾਰਿ॥੩॥**
**ਉਪਜਿਓ ਗਿਆਨੁ ਹੂਆ ਪਰਗਾਸ॥**
**ਕਰਿ ਕਿਰਪਾ ਲੀਨੇ ਕੀਟ ਦਾਸ॥**
**ਕਹੁ ਰਵਿਦਾਸ ਅਬ ਤ੍ਰਿਸਨਾ ਚੂਕੀ॥**
**ਜਪਿ ਮੁਕੰਦ ਸੇਵਾ ਤਾਹੂ ਕੀ॥੪॥੧॥**

(ਪੰਨਾ ੮੭੫)

ਸਤਿਗੁਰੂ ਰਵਿਦਾਸ ਜੀ ਮਹਾਰਾਜ ਸੰਸਾਰੀ ਜੀਵਾਂ ਨੂੰ ਭੇਦ-ਭਾਵ ਤੋਂ ਉੱਪਰ ਉੱਠ ਕੇ ਮੁਕਤੀ ਬਖਸ਼ਣ ਵਾਲੇ ਪਰਮਾਤਮਾ, ਮੁਕੰਦ ਦਾ ਨਾਮ ਜਪਣ ਦਾ ਪਾਵਨ ਉਪਦੇਸ਼ ਦਿੰਦੇ ਹਨ।

**ਮੁਕੰਦ ਮੁਕੰਦ ਜਪਹੁ ਸੰਸਾਰ॥**
**ਬਿਨੁ ਮੁਕੰਦ ਤਨੁ ਹੋਇ ਅਉਹਾਰ॥**

ਹੇ ਸੰਸਾਰ ਦੇ ਲੋਕੋ! ਜਨਮ-ਮਰਨ ਦੇ ਚੱਕਰ ਤੋਂ ਮੁਕਤ ਕਰਨ ਵਾਲੇ ਪਰਮਾਤਮਾ ਦਾ ਮੁਕੰਦ ਨਾਮ ਜਪੋ। ਉਸ ਮੁਕੰਦ ਨਾਮ ਜਪਣ ਤੋਂ ਬਿਨਾਂ ਇਹ ਮਨੁੱਖੀ ਤਨ ਨਿਸਫਲ ਚਲਾ ਜਾਂਦਾ ਹੈ।

(ਸਤਿਗੁਰੂ ਕਬੀਰ ਜੀ ਮਹਾਰਾਜ ਫੁਰਮਾਉਂਦੇ ਹਨ—
ਇਸੁ ਧਨ ਕਾਰਿਣ ਸਿਵ ਸਨਕਾਦਿਕ ਖੋਜਤ ਭਏ ਉਦਾਸੀ॥
ਮਨਿ ਮੁਕੰਦੁ ਜਿਹਬਾ ਨਾਰਾਇਨੁ ਪਰੈ ਨ ਜਮ ਕੀ ਫਾਸੀ॥
(ਪੰਨਾ ੩੩੬)

ਪਰਮਾਤਮਾ ਦੇ ਨਾਮ ਰੂਪੀ ਸ੍ਰੇਸ਼ਟ ਧਨ ਨੂੰ ਖੋਜਦੇ ਹੋਏ ਸ਼ਿਵ ਜੀ ਅਤੇ ਬ੍ਰਹਮਾ ਦੇ ਚਾਰੇ ਪੁੱਤਰ ਸੰਸਾਰ ਤੋਂ ਉਪਰਾਮ ਹੋ ਗਏ। ਹੇ ਮਨ! ਤੂੰ ਉਸ ਮੁਕਤੀ ਦੇਣ ਵਾਲੇ ਨਰਾਇਣ ਪਰਮਾਤਮਾ ਦਾ ਨਾਮ ਜਪ ਜਿਸ ਨਾਲ ਤੈਨੂੰ ਯਮਾਂ ਦੀ ਫਾਂਸੀ ਨਹੀਂ ਲੱਗੇਗੀ।)

**ਸੋਈ ਮੁਕੰਦੁ ਮੁਕਤਿ ਕਾ ਦਾਤਾ॥**
**ਸੋਈ ਮੁਕੰਦੁ ਹਮਰਾ ਪਿਤ ਮਾਤਾ॥੧॥**

ਉਹ ਮੁਕੰਦ ਮੁਕਤੀ ਦੀ ਦਾਤ ਬਖਸ਼ਣ ਵਾਲਾ ਦਾਤਾ ਹੈ, ਉਹੀ ਮੁਕੰਦ ਮੇਰਾ ਪਿਤਾ ਤੇ ਮਾਤਾ ਹੈ।

**ਜੀਵਤ ਮੁਕੰਦੇ ਮਰਤ ਮੁਕੰਦੇ॥**
**ਤਾ ਕੇ ਸੇਵਕ ਕਉ ਸਦਾ ਅਨੰਦੇ॥੧॥ਰਹਾਉ॥**

ਜਿਹੜਾ ਜੀਵ ਜਿਊਂਦਾ ਹੋਇਆ ਮਰਨ ਤੱਕ ਮੁਕਤੀਦਾਤਾ ਪਰਮਾਤਮਾ ਦਾ ਨਾਮ ਜਪਦਾ ਹੈ, ਉਸ ਪਰਮੇਸ਼ਰ ਦੇ ਸੇਵਕ ਨੂੰ ਹਮੇਸ਼ਾ ਹੀ ਆਨੰਦ ਬਣਿਆ ਰਹਿੰਦਾ ਹੈ।

**ਮੁਕੰਦ ਮੁਕੰਦ ਹਮਾਰੇ ਪ੍ਰਾਨੰ ॥**
**ਜਪਿ ਮੁਕੰਦ ਮਸਤਕਿ ਨੀਸਾਨੰ ॥**

ਉਸ ਪਰਮਾਤਮਾ ਦਾ ਮੁਕੰਦ ਨਾਮ ਮੇਰੀ ਜਿੰਦ ਜਾਨ ਹੈ। ਮੱਥੇ ਦੇ ਚੰਗੇ ਲੇਖਾਂ ਅਨੁਸਾਰ ਜੀਵ ਉਸ ਮੁਕੰਦ ਨਾਮ ਨੂੰ ਜਪਦਾ ਹੈ।

**ਸੇਵ ਮੁਕੰਦ ਕਰੈ ਬੈਰਾਗੀ ॥**
**ਸੋਈ ਮੁਕੰਦੁ ਦੁਰਬਲ ਧਨੁ ਲਾਧੀ ॥੨ ॥**

ਸੰਸਾਰ ਵਲੋਂ ਵੈਰਾਗੀ ਹੋ ਕੇ ਜੀਵ ਮੁਕੰਦ ਪਰਮਾਤਮਾ ਦਾ ਸਿਮਰਨ ਸੇਵਾ ਕਰਦਾ ਹੈ। ਉਸ ਮੁਕੰਦ ਦਾ ਨਾਮ ਹੀ ਮੈਨੂੰ ਕਮਜ਼ੋਰ ਨੂੰ ਸ੍ਰੇਸ਼ਟ ਧਨ ਲੱਭਿਆ ਹੈ।

(ਸਤਿਗੁਰੂ ਕਬੀਰ ਸਾਹਿਬ ਜੀ ਫੁਰਮਾਉਂਦੇ ਹਨ—
ਹਮਰਾ ਧਨੁ ਮਾਧਉ ਗੋਬਿੰਦੁ ਧਰਣੀਧਰੁ ਇਹੈ ਸਾਰ ਧਨੁ ਕਹੀਐ॥
(ਪੰਨਾ ੩੩੬)

ਸਾਡਾ ਧਨ ਮਾਧਉ ਗੋਬਿੰਦ, ਧਰਣੀਧਰ ਪਰਮਾਤਮਾ ਰੂਪ ਹੈ, ਇਹੀ ਸ੍ਰੇਸ਼ਟ ਧਨ ਦਾ ਕਥਨ ਕੀਤਾ ਹੈ।)

**ਏਕ ਮੁਕੰਦੁ ਕਰੈ ਉਪਕਾਰੁ ॥**
**ਹਮਰਾ ਕਹਾ ਕਰੈ ਸੰਸਾਰੁ ॥**

ਇਕ ਮੁਕੰਦ ਪਰਮਾਤਮਾ ਨੇ ਮੇਰੇ 'ਤੇ ਉਪਕਾਰ ਕੀਤਾ ਹੈ, ਇਸ ਲਈ ਸੰਸਾਰ ਦੇ ਲੋਕ ਮੇਰਾ ਕੁਝ ਨਹੀਂ ਵਿਗਾੜ ਸਕਦੇ।

**ਮੇਟੀ ਜਾਤਿ ਹੂਏ ਦਰਬਾਰਿ ॥**
**ਤੁਹੀ ਮੁਕੰਦ ਜੋਗ ਜੁਗ ਤਾਰਿ ॥੩ ॥**

ਜਾਤੀ ਹੀਣਤਾ ਦੂਰ ਕਰਕੇ ਹੀ ਜੀਵ ਉਸ ਪਰਮਾਤਮਾ ਦੇ ਦਰਬਾਰ ਦਾ ਵਸਨੀਕ ਬਣਦਾ ਹੈ। ਹੇ ਮੁਕੰਦ ਜੀ! ਤੁਸੀਂ ਹੀ ਸੰਸਾਰ ਦੇ ਜੀਵਾਂ ਨੂੰ ਜੁਗਾਂ-ਜੁਗਾਂਤਰਾਂ ਤੋਂ ਤਾਰਨ ਵਾਲੇ ਹੋ।

**ਉਪਜਿਓ ਗਿਆਨੁ ਹੂਆ ਪਰਗਾਸ ॥**
**ਕਰਿ ਕਿਰਪਾ ਲੀਨੇ ਕੀਟ ਦਾਸ ॥**

ਜਿਸ ਵੇਲੇ ਜੀਵ ਦੇ ਹਿਰਦੇ ਵਿਚ ਪ੍ਰਭੂ ਦੇ ਗਿਆਨ ਦਾ ਪ੍ਰਕਾਸ਼ ਹੁੰਦਾ ਹੈ, ਪਰਮਾਤਮਾ ਕਿਰਪਾ ਕਰਕੇ ਕੀੜੇ ਵਰਗੇ ਜੀਵ ਨੂੰ ਵੀ ਆਪਣਾ ਦਾਸ ਬਣਾ ਲੈਂਦਾ ਹੈ।

**ਕਹੁ ਰਵਿਦਾਸ ਅਬ ਤ੍ਰਿਸਨਾ ਚੂਕੀ ॥**
**ਜਪਿ ਮੁਕੰਦ ਸੇਵਾ ਤਾਹੂ ਕੀ ॥੪ ॥੧ ॥**

ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਮੈਂ ਮੁਕੰਦ (ਪਰਮਾਤਮਾ) ਦਾ ਸਿਮਰਨ ਕਰਦਾ ਹਾਂ। ਪਰਮਾਤਮਾ ਦੇ ਸਿਮਰਨ ਅਤੇ ਸੇਵਾ ਸਦਕਾ ਸਭ ਤ੍ਰਿਸ਼ਨਾ ਬੁਝ ਗਈ ਹੈ।

*******



## ਸ਼ਬਦ 31

**ਜੇ ਓਹੁ ਅਠਸਠਿ ਤੀਰਥ ਨ੍ਾਵੈ ॥**
**ਜੇ ਓਹੁ ਦੁਆਦਸ ਸਿਲਾ ਪੂਜਾਵੈ ॥**
**ਜੇ ਓਹੁ ਕੂਪ ਤਟਾ ਦੇਵਾਵੈ ॥**
**ਕਰੈ ਨਿੰਦ ਸਭ ਬਿਰਥਾ ਜਾਵੈ ॥੧ ॥**
**ਸਾਧ ਕਾ ਨਿੰਦਕੁ ਕੈਸੇ ਤਰੈ ॥**
**ਸਰਪਰ ਜਾਨਹੁ ਨਰਕ ਹੀ ਪਰੈ ॥੧ ॥ ਰਹਾਉ ॥**
**ਜੇ ਓਹੁ ਗ੍ਰਹਨ ਕਰੈ ਕੁਲਖੇਤਿ ॥**
**ਅਰਪੈ ਨਾਰਿ ਸੀਗਾਰ ਸਮੇਤਿ ॥**
**ਸਗਲੀ ਸਿੰਮ੍ਰਿਤਿ ਸ੍ਰਵਨੀ ਸੁਨੈ ॥**
**ਕਰੈ ਨਿੰਦ ਕਵਨੈ ਨਹੀ ਗੁਨੈ ॥੨ ॥**
**ਜੇ ਓਹੁ ਅਨਿਕ ਪ੍ਰਸਾਦ ਕਰਾਵੈ ॥**
**ਭੂਮਿ ਦਾਨ ਸੋਭਾ ਮੰਡਪਿ ਪਾਵੈ ॥**
**ਅਪਨਾ ਬਿਗਾਰਿ ਬਿਰਾਂਨਾ ਸਾਂਢੈ ॥**
**ਕਰੈ ਨਿੰਦ ਬਹੁ ਜੋਨੀ ਹਾਂਢੈ ॥੩ ॥**
**ਨਿੰਦਾ ਕਹਾ ਕਰਹੁ ਸੰਸਾਰਾ ॥**
**ਨਿੰਦਕ ਕਾ ਪਰਗਟਿ ਪਾਹਾਰਾ ॥**
**ਨਿੰਦਕੁ ਸੋਧਿ ਸਾਧਿ ਬੀਚਾਰਿਆ ॥**
**ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ ॥ ੪ ॥੨ ॥**
(ਪੰਨਾ ੮੭੫)

ਸਤਿਗੁਰੂ ਰਵਿਦਾਸ ਜੀ ਪਾਵਨ ਉਪਦੇਸ਼ ਦਿੰਦੇ ਹਨ ਕਿ ਜੀਵ ਨੂੰ ਕਦੇ ਵੀ ਸੰਤਾਂ ਦੀ ਨਿੰਦਿਆ ਨਹੀਂ ਕਰਨੀ ਚਾਹੀਦੀ। ਸੰਤਾਂ ਦੀ ਨਿੰਦਿਆ ਕਰਨ ਵਾਲਾ ਜਿੰਨੇ ਮਰਜ਼ੀ ਉਪਾਅ ਕਰ ਲਵੇ, ਉਸ ਨੂੰ ਨਰਕਾਂ ਵਿਚ ਜ਼ਰੂਰ ਜਾਣਾ ਪੈਂਦਾ ਹੈ।

**ਜੇ ਓਹੁ ਅਠਸਠਿ ਤੀਰਥ ਨ੍ਾਵੈ ॥**
**ਜੇ ਓਹੁ ਦੁਆਦਸ ਸਿਲਾ ਪੂਜਾਵੈ ॥**
**ਜੇ ਓਹੁ ਕੂਪ ਤਟਾ ਦੇਵਾਵੈ ॥**
**ਕਰੈ ਨਿੰਦ ਸਭ ਬਿਰਥਾ ਜਾਵੈ ॥੧ ॥**

ਜੇ ਕੋਈ ਜੀਵ ਅਠਾਹਟ ਤੀਰਥਾਂ 'ਤੇ ਇਸ਼ਨਾਨ ਕਰੇ, ਜੇ ਉਹ ਬਾਰਾਂ ਸ਼ਿਲਾਂ ਦੀ ਪੂਜਾ ਵੀ ਕਰੇ, ਭਾਵੇਂ ਉਹ ਜੀਵਾਂ ਦੀ ਭਲਾਈ ਵਾਸਤੇ ਖੂਹ ਜਾਂ ਤਲਾਬ ਲਗਵਾ ਦੇਵੇ, ਜੇਕਰ ਉਹ ਸੰਤਾਂ ਦੀ ਨਿੰਦਿਆ ਕਰਦਾ ਹੈ ਤਾਂ ਇਹ ਸਭ ਕੁਝ ਕੀਤਾ ਹੋਇਆ ਨਿਸਫਲ ਚਲਾ ਜਾਂਦਾ ਹੈ।

**ਸਾਧ ਕਾ ਨਿੰਦਕੁ ਕੈਸੇ ਤਰੈ ॥**

**ਸਰਪਰ ਜਾਨਹੁ ਨਰਕ ਹੀ ਪਰੈ ॥੧॥ ਰਹਾਉ ॥**

ਸੰਤਾਂ ਦੀ ਨਿੰਦਿਆ ਕਰਨ ਵਾਲਾ ਜੀਵ ਕਿਸ ਤਰ੍ਹਾਂ ਭਵਸਾਗਰ ਤਰ ਸਕਦਾ ਹੈ ? ਉਸ ਨੂੰ ਜ਼ਰੂਰ ਹੀ ਨਰਕਾਂ ਵਿਚ ਜਾਣਾ ਪੈਂਦਾ ਹੈ।

(ਸਤਿਗੁਰੂ ਕਬੀਰ ਸਾਹਿਬ ਫਰਮਾਉਂਦੇ ਹਨ—

ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋੁ॥ (ਪੰਨਾ ੭੯੩)

ਹੇ ਸੰਸਾਰੀ ਜੀਵੋ ! ਸੰਤਾਂ ਦੀ ਕਦੀ ਵੀ ਨਿੰਦਿਆ ਨਾ ਕਰੋ ਕਿਉਂਕਿ ਸੰਤ ਤੇ ਪਰਮਾਤਮਾ ਇਕ ਰੂਪ ਹਨ।)

**ਜੇ ਓਹੁ ਗ੍ਰਹਨ ਕਰੈ ਕੁਲਖੇਤਿ ॥**
**ਅਰਪੈ ਨਾਰਿ ਸੀਗਾਰ ਸਮੇਤਿ ॥**
**ਸਗਲੀ ਸਿੰਮ੍ਰਿਤਿ ਸ੍ਰਵਨੀ ਸੁਨੈ ॥**
**ਕਰੈ ਨਿੰਦ ਕਵਨੈ ਨਹੀ ਗੁਨੈ ॥੨॥**

ਜੇਕਰ ਕੋਈ ਕੁਰੁਕਸ਼ੇਤਰ ਵਿਖੇ ਸੂਰਜ ਗ੍ਰਹਿਣ ਦੇ ਸਮੇਂ ਜਾ ਕੇ ਇਸ਼ਨਾਨ ਕਰਕੇ ਆਪਣੀ ਇਸਤਰੀ ਨੂੰ ਸੋਲ੍ਹਾਂ ਸ਼ਿੰਗਾਰਾ ਨਾਲ ਸਜਾ ਕੇ ਦਾਨ ਕਰ ਦੇਵੇ, ਸਤਾਈ ਸਿਮਰਤੀਆਂ ਨੂੰ ਆਪਣੇ ਕੰਨਾਂ ਨਾਲ ਸੁਣ ਲਵੇ, ਜੇਕਰ ਉਹ ਜੀਵ ਸੰਤਾਂ ਦੀ ਨਿੰਦਿਆ ਕਰਦਾ ਹੈ ਤਾਂ ਉਸ ਦਾ ਇਹ ਸਭ ਕੁਝ ਕੀਤਾ ਕਿਸੇ ਕੰਮ ਨਹੀਂ ਆਉਂਦਾ।

**ਜੇ ਓਹੁ ਅਨਿਕ ਪ੍ਰਸਾਦ ਕਰਾਵੈ ॥**
**ਭੂਮਿ ਦਾਨ ਸੋਭਾ ਮੰਡਪਿ ਪਾਵੈ ॥**
**ਅਪਨਾ ਬਿਗਾਰਿ ਬਿਰਾਂਨਾ ਸਾਂਢੈ ॥**
**ਕਰੈ ਨਿੰਦ ਬਹੁ ਜੋਨੀ ਹਾਂਢੈ ॥੩॥**

ਜੇ ਕੋਈ ਜੀਵ ਅਨੇਕਾਂ ਪ੍ਰਕਾਰ ਦੇ ਪ੍ਰਸ਼ਾਦ ਕਰਾ ਕੇ ਲੋਕਾਂ ਨੂੰ ਭੋਜਨ ਛਕਾਵੇ, ਆਪਣੀ ਜ਼ਮੀਨ ਦਾਨ ਕਰਕੇ ਸਾਰੇ ਸੰਸਾਰ ਵਿਚ ਉਸਤਿਤ ਪ੍ਰਾਪਤ ਕਰ ਲਵੇ ਅਤੇ ਆਪਣਾ ਕੰਮ ਵਿਗਾੜ ਕੇ ਦੂਸਰਿਆਂ ਦਾ ਕੰਮ ਸੁਆਰ ਦੇਵੇ, ਫਿਰ ਜੇਕਰ ਉਹ ਸੰਤਾਂ ਦੀ ਨਿੰਦਿਆ ਕਰਦਾ ਹੈ ਤਾਂ ਉਸ ਨੂੰ ਬਹੁਤ ਜੂਨੀਆਂ ਵਿਚ ਭਟਕਣਾ ਪੈਂਦਾ ਹੈ।

(ਸਤਿਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ—

ਸੰਤ ਕਾ ਦੋਖੀ ਜਨਮੈ ਮਰੈ॥ (ਪੰਨਾ ੨੮੦)

ਸੰਤਾਂ ਦੀ ਨਿੰਦਿਆ ਕਰਨ ਵਾਲਾ ਜੀਵ ਜੰਮਦਾ ਮਰਦਾ ਹੀ ਰਹਿੰਦਾ ਹੈ।)

**ਨਿੰਦਾ ਕਹਾ ਕਰਹੁ ਸੰਸਾਰਾ ॥**
**ਨਿੰਦਕ ਕਾ ਪਰਗਟਿ ਪਾਹਾਰਾ ॥**
**ਨਿੰਦਕੁ ਸੋਧਿ ਸਾਧਿ ਬੀਚਾਰਿਆ ॥**
**ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ ॥ ੪ ॥੨॥**

ਹੇ ਸੰਸਾਰ ਦੇ ਲੋਕੋ ! ਤੁਸੀਂ ਸੰਤਾਂ ਦੀ ਨਿੰਦਿਆ ਕਿਉਂ ਕਰਦੇ ਹੋ ?



ਸਾਰੇ ਸੰਸਾਰ ਵਿਚ ਸੰਤਾਂ ਦੀ ਨਿੰਦਿਆ ਕਰਨ ਵਾਲੇ ਦਾ ਅਪਜੱਸ ਹੀ ਹੁੰਦਾ ਹੈ। ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਨਿੰਦਕ ਦੇ ਕਰਮਾਂ ਦਾ ਫਲ ਚੰਗੀ ਤਰ੍ਹਾਂ ਵਿਚਾਰ ਕਰਕੇ ਇਹ ਨਿਰਣਾ ਕੀਤਾ ਹੈ ਕਿ ਉਸ ਨੂੰ ਜ਼ਰੂਰ ਹੀ ਨਰਕਾਂ ਵਿਚ ਜਾਣਾ ਪੈਂਦਾ ਹੈ।

(ਸਤਿਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ—

ਸੰਤ ਕੈ ਦੂਖਨਿ ਨਰਕ ਮਹਿ ਪਾਇ॥ (ਪੰਨਾ ੨੭੯)

ਸੰਤਾਂ ਦਾ ਦੋਖੀ ਨਰਕਾਂ ਵਿਚ ਜਾਂਦਾ ਹੈ।)

********

## ਸ਼ਬਦ 32

ਰਾਮਕਲੀ ਬਾਣੀ ਰਵਿਦਾਸ ਜੀ ਕੀ

ੴ ਸਤਿਗੁਰ ਪ੍ਰਸਾਦਿ॥

**ਪੜੀਐ ਗੁਨੀਐ ਨਾਮੁ ਸਭੁ ਸੁਨੀਐ ਅਨਭਉ ਭਾਉ ਨ ਦਰਸੈ ॥**
**ਲੋਹਾ ਕੰਚਨੁ ਹਿਰਨ ਹੋਇ ਕੈਸੇ ਜਉ ਪਾਰਸਹਿ ਨ ਪਰਸੈ ॥੧॥**
**ਦੇਵ ਸੰਸੈ ਗਾਂਠਿ ਨ ਛੂਟੈ ॥**
**ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੇ ॥੧॥ ਰਹਾਉ ॥**
**ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ ॥**
**ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ ॥੨॥**
**ਕਹੁ ਰਵਿਦਾਸ ਸਭੈ ਨਹੀ ਸਮਝਸਿ ਭੂਲਿ ਪਰੇ ਜੈਸੇ ਬਉਰੇ ॥**
**ਮੋਹਿ ਅਧਾਰੁ ਨਾਮੁ ਨਾਰਾਇਨ ਜੀਵਨ ਪ੍ਰਾਨ ਧਨ ਮੋਰੇ ॥੩॥੧॥**
**(ਪੰਨਾ ੯੭੩)**

ਸਤਿਗੁਰੂ ਰਵਿਦਾਸ ਜੀ ਮਹਾਰਾਜ ਪਾਵਨ ਉਪਦੇਸ਼ ਦਿੰਦੇ ਹਨ ਕਿ ਪਾਰਸ-ਰੂਪੀ ਗੁਰੂ ਦੇ ਉਪਦੇਸ਼ ਤੋਂ ਬਿਨਾਂ ਭਾਵੇਂ ਜੀਵ ਪਰਮਾਤਮਾ ਦੇ ਨਾਵਾਂ ਨੂੰ ਆਪਣੇ ਆਪ ਪੜ੍ਹੀ ਜਾਵੇ, ਗੁਣਾਂ ਦੀ ਵਿਚਾਰ ਕਰੀ ਜਾਵੇ ਅਤੇ ਸਾਰੇ ਨਾਵਾਂ ਨੂੰ ਸਰਵਣ ਕਰੇ ਪਰ ਇਸ ਨੂੰ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ ਅਤੇ ਝੂਠੇ ਹੰਕਾਰ ਦਾ ਨਾਸ਼ ਨਹੀਂ ਹੁੰਦਾ।

**ਪੜੀਐ ਗੁਨੀਐ ਨਾਮੁ ਸਭੁ ਸੁਨੀਐ ਅਨਭਉ ਭਾਉ ਨ ਦਰਸੈ ॥**
**ਲੋਹਾ ਕੰਚਨੁ ਹਿਰਨ ਹੋਇ ਕੈਸੇ ਜਉ ਪਾਰਸਹਿ ਨ ਪਰਸੈ ॥੧॥**

ਗੁਰੂ ਉਪਦੇਸ਼ ਤੋਂ ਬਿਨਾਂ ਜੀਵ ਆਪਣੇ ਆਪ ਭਾਵੇਂ ਪਰਮਾਤਮਾ ਦਾ ਨਾਮ ਪੜ੍ਹ ਲਵੇ, ਗੁਣਾਂ ਦੀ ਵਿਚਾਰ ਕਰ ਲਵੇ ਅਤੇ ਸਾਰੇ ਨਾਮ ਸਰਵਣ ਕਰ ਲਵੇ ਪਰ ਉਹ ਗਿਆਨ-ਸਰੂਪ ਪਰਮਾਤਮਾ ਦੇ ਦਰਸ਼ਨ ਨਹੀਂ ਕਰ ਸਕਦਾ।

(ਸਤਿਗੁਰੂ ਕਬੀਰ ਸਾਹਿਬ ਫਰਮਾਉਂਦੇ ਹਨ—

ਕਿਆ ਪੜੀਐ ਕਿਆ ਗੁਨੀਐ ॥ ਕਿਆ ਬੇਦ ਪੁਰਾਨਾਂ ਸੁਨੀਐ॥
ਪੜੇ ਸੁਨੇ ਕਿਆ ਹੋਈ॥ ਜਉ ਸਹਜ ਨ ਮਿਲਿਓ ਸੋਈ॥੧॥ (ਪੰਨਾ ੬੫੫)

ਪਰਮਾਤਮਾ ਦੇ ਨਾਮ ਤੋਂ ਬਿਨਾਂ ਕੀ ਪੜ੍ਹਨਾ, ਕੀ ਵਿਚਾਰ ਕਰਨਾ ਅਤੇ ਵੇਦ-ਪੁਰਾਣਾਂ ਦਾ ਸੁਣਨਾ ਆਦਿ ਦਾ ਕੀ ਲਾਭ ਹੈ? ਜਦ ਤੱਕ ਪਰਮਾਤਮਾ ਦੇ ਸਹਿਜ ਗਿਆਨ ਦੀ ਪ੍ਰਾਪਤੀ ਨਹੀਂ ਹੋਈ। ਇਸ ਜੀਵ ਦਾ ਪੜ੍ਹਨਾ, ਗੁਣਨਾ-ਸੁਣਨਾ ਨਿਸਫਲ ਹੈ।)

ਜਿਵੇਂ ਲੋਹਾ ਸ਼ੁੱਧ ਸੋਨਾ ਨਹੀਂ ਬਣ ਸਕਦਾ ਜਦ ਤੱਕ ਪਾਰਸ ਨਾਲ ਨਹੀਂ ਛੂੰਹਦਾ, ਇਸੇ ਤਰ੍ਹਾਂ ਜੀਵ ਵਿਕਾਰਾਂ ਤੋਂ ਰਹਿਤ ਹੋ ਕੇ ਸ਼ੁੱਧ ਨਹੀਂ ਹੋ ਸਕਦਾ, ਜਦੋਂ ਤੱਕ ਗੁਰੂ ਰੂਪੀ ਪਾਰਸ ਨਾਲ ਨਹੀਂ ਛੂੰਹਦਾ।

(ਸਤਿਗੁਰੂ ਕਬੀਰ ਜੀ ਫਰਮਾਉਂਦੇ ਹਨ—

ਪਾਰਸ ਕੈ ਸੰਗਿ ਤਾਂਬਾ ਬਿਗਰਿਓ॥ ਸੋ ਤਾਂਬਾ ਕੰਚਨੁ ਹੋਇ ਨਿਬਰਿਓ॥੩॥
ਸੰਤਨ ਸੰਗਿ ਕਬੀਰਾ ਬਿਗਰਿਓ॥ ਸੋ ਕਬੀਰੁ ਰਾਮੈ ਹੋਇ ਨਿਬਰਿਓ॥
(ਪੰਨਾ ੧੧੫੮)

ਪਾਰਸ ਨਾਲ ਲੱਗਣ ਕਾਰਨ ਤਾਂਬਾ ਵਿਗੜਿਆ ਹੈ ਉਹ ਤਾਂਬਾ ਸੋਨਾ ਹੋ ਨਿਬੜਿਆ ਹੈ। ਉਸ ਤਰ੍ਹਾਂ ਮੈਂ (ਕਬੀਰ) ਸੰਤਾਂ ਨਾਲ ਲੱਗ ਕੇ ਵਿਗੜਿਆ ਹਾਂ ਅਤੇ ਪਰਮਾਤਮਾ ਦਾ ਰੂਪ ਹੋ ਕੇ ਨਿਬੜਿਆ ਹਾਂ।)

**ਦੇਵ ਸੰਸੈ ਗਾਂਠਿ ਨ ਛੂਟੈ ॥**
**ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੇ ॥੧॥ ਰਹਾਉ ॥**

ਹੇ ਪਰਮਾਤਮਾ ਜੀ! ਗੁਰੂ ਉਪਦੇਸ਼ ਤੋਂ ਬਿਨਾਂ ਜੀਵ ਦੀ ਅਗਿਆਨਤਾ ਕਾਰਨ ਭਰਮ ਦੀ ਗੰਢ ਨਹੀਂ ਖੁੱਲ੍ਹਦੀ। ਕਿਉਂਕਿ ਭਰਮ ਕਾਰਨ ਹੀ ਪੰਜ ਵਿਕਾਰ (ਕਾਮ, ਕ੍ਰੋਧ, ਮਾਇਆ, ਹੰਕਾਰ ਤੇ ਈਰਖਾ ਇਹ ਪੰਜੇ ਹੀ) ਮਿਲ ਕੇ ਜੀਵ ਨੂੰ ਲੁੱਟ ਰਹੇ ਹਨ ਭਾਵ ਪਰਮਾਤਮਾ ਤੋਂ ਦੂਰ ਲਿਜਾ ਰਹੇ ਹਨ।

(ਸਤਿਗੁਰੂ ਕਬੀਰ ਸਾਹਿਬ ਫਰਮਾਉਂਦੇ ਹਨ—

ਕਾਮ ਕ੍ਰੋਧ ਮਾਇਆ ਮਦ ਮਤਸਰ ਏ ਸੰਪੈ ਮੋ ਮਾਹੀ॥ (ਪੰਨਾ ੯੭੧)

ਕਾਮ, ਕ੍ਰੋਧ, ਮਾਇਆ, ਹੰਕਾਰ, ਈਰਖਾ ਇਹ ਜੀਵ ਨੂੰ ਬਿਆਪ ਰਹੇ ਹਨ।)

**ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ ॥**
**ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ ॥੨॥**

ਪੰਜਾਂ ਵਿਕਾਰਾਂ ਦੇ ਭਰਮ ਦੇ ਪ੍ਰਭਾਵ ਕਰਕੇ ਸੰਸਾਰੀ ਜੀਵ ਇਸ ਭਰਮ ਵਿਚ ਫਸੇ ਹੋਏ ਹਨ ਕਿ ਅਸੀਂ ਵੱਡੇ ਪੰਡਿਤ ਹਾਂ, ਅਸੀਂ ਵੱਡੇ ਯੋਗੀ ਤੇ ਸੰਨਿਆਸੀ ਹਾਂ, ਵੱਡੇ ਕਵੀ ਹਾਂ, ਉੱਤਮ ਕੁਲ ਵਿਚ ਪੈਦਾ ਹੋਏ ਅਤੇ ਗਿਆਨੀ ਹਾਂ, ਗੁਣਵਾਨ ਹਾਂ, ਮਹਾਨ ਸੂਰਮੇ ਹਾਂ, ਵੱਡੇ ਦਾਨੀ ਹਾਂ। ਐਸੀ ਹੰਕਾਰ ਵਾਲੀ ਬੁੱਧੀ ਦਾ ਨਾਸ ਨਹੀਂ ਹੁੰਦਾ, ਇਸੇ ਕਾਰਨ ਜੀਵ ਦੇ ਭਰਮ ਦੀ ਨਵਿਰਤੀ ਨਹੀਂ ਹੁੰਦੀ।

(ਸਤਿਗੁਰੂ ਕਬੀਰ ਜੀ ਵੀ ਇਸ ਗੱਲ ਦੀ ਪ੍ਰੋੜਤਾ ਕਰਦੇ ਹੋਏ ਆਪਣੀ ਬਾਣੀ ਵਿਚ ਫਰਮਾਉਂਦੇ ਹਨ—

ਪੰਡਿਤ ਗੁਣੀ ਸੂਰ ਹਮ ਦਾਤੇ



ਏਹਿ ਕਰਹਿ ਬਡ ਹਮ ਹੀ।) (ਗਉੜੀ ਕਬੀਰ ਜੀ ਪੰਨਾ 334)

**ਕਹੁ ਰਵਿਦਾਸ ਸਭੈ ਨਹੀ ਸਮਝਸਿ ਭੂਲਿ ਪਰੇ ਜੈਸੇ ਬਉਰੇ ॥**
**ਮੋਹਿ ਅਧਾਰੁ ਨਾਮੁ ਨਾਰਾਇਨ ਜੀਵਨ ਪ੍ਰਾਨ ਧਨ ਮੋਰੇ ॥੩॥੧॥**

ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਸਾਰੇ ਲੋਕਾਂ ਨੂੰ ਸਮਝਾਈਏ ਪਰ ਇਹ ਨਹੀਂ ਸਮਝਦੇ ਕਿਉਂਕਿ ਇਹ ਪਰਮਾਤਮਾ ਨੂੰ ਝੱਲੇ ਜੀਵਾਂ ਵਾਂਗ ਭੁੱਲੇ ਹੋਏ ਹਨ। ਪਰ ਮੈਨੂੰ ਸਿਰਫ ਇਕ ਨਾਰਾਇਣ ਦੇ ਨਾਮ ਦਾ ਹੀ ਆਸਰਾ ਹੈ। ਇਸ ਲਈ ਮੇਰੇ ਜੀਵਨ-ਰੂਪੀ ਪ੍ਰਾਣ ਧੰਨਤਾਯੋਗ ਹਨ।

********

## ਸ਼ਬਦ 33

ਰਾਗੁ ਮਾਰੂ ਬਾਣੀ ਰਵਿਦਾਸ ਜੀਉ ਕੀ

ੴ ਸਤਿਗੁਰ ਪ੍ਰਸਾਦਿ॥

**ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥**
**ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥੧॥ ਰਹਾਉ ॥**
**ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਂਹੀ ਢਰੈ ॥**
**ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥੧॥**
**ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ॥**
**ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ ॥੨॥੧॥**
**(ਪੰਨਾ ੧੧੦੬)**

ਸਤਿਗੁਰੂ ਰਵਿਦਾਸ ਜੀ ਮਹਾਰਾਜ ਜਿਨ੍ਹਾਂ ਨੇ ਇਸ ਸੰਸਾਰ ਵਿਚ ਕ੍ਰਾਂਤੀਕਾਰੀ ਸਮਾਜਕ ਪਰਿਵਰਤਨ ਕੀਤਾ, ਉਸ ਸਮਾਜ ਵਿਚ ਆਗਮਨ ਹੋਇਆ, ਜਿਹਨਾਂ ਨੂੰ ਪੜ੍ਹਨ ਲਿਖਣ, ਸੁਣਨ, ਚੰਗੇ ਕੱਪੜੇ ਪਹਿਨਣ ਆਦਿ ਮਾਨਵੀ ਅਧਿਕਾਰਾਂ ਤੋਂ ਵਾਂਝੇ ਰੱਖਿਆ ਗਿਆ ਸੀ। ਵਿਸ਼ਵ ਵਿਚ ਏਕਤਾ, ਸਮਾਨਤਾ, ਭਾਈਚਾਰਾ ਸਥਾਪਿਤ ਕਰਨ ਲਈ ਤੇ ਦੱਬੇ ਕੁਚਲੇ ਸਮਾਜ ਨੂੰ ਉੱਪਰ ਚੁੱਕਣ ਲਈ ਅਤੇ ਜਾਤ ਅਭਿਮਾਨੀਆਂ ਦਾ ਹੰਕਾਰ ਤੋੜਨ ਲਈ ਪਾਣੀ ਵਿਚ ਪੱਥਰ ਤਰਾਉਣੇ ਪਏ, ਗੰਗਾ ਉਲਟੀ ਚਲਾਉਣੀ ਪਈ, ਆਪਣਾ ਕੰਧਾ ਚੀਰ ਕੇ ਚੌਹਾਂ ਜੁੱਗਾਂ ਦੇ ਜਨੇਊ ਦਿਖਾਉਣੇ ਪਏ ਅਤੇ ਰਾਜੇ ਮਹਾਰਾਜਿਆਂ ਨਾਲ ਤੇ ਕੱਟੜਪੰਥੀਆਂ ਨਾਲ ਲੋਹਾ ਲਿਆ। ਅਖੀਰ ਉਹਨਾਂ ਦੇ ਕ੍ਰਾਂਤੀਕਾਰੀ ਮਾਨਵਵਾਦੀ ਅਤੇ ਪਰਮਾਰਥੀ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਚਾਰੇ ਵਰਣ ਉਹਨਾਂ ਦੇ ਚਰਨੀਂ ਪਏ ਅਤੇ ਸਤਿਕਾਰ ਵਜੋਂ ਗੁਰੂ ਰਵਿਦਾਸ ਜੀ ਦੀ ਬਨਾਰਸ ਵਿਚ ਹਾਥੀ ਤੇ ਸੋਨੇ ਦੀ ਪਾਲਕੀ ਵਿਚ ਬਿਠਾ ਕੇ ਸ਼ੋਭਾ ਯਾਤਰਾ ਕੱਢੀ ਗਈ। ਉਸ ਸਮੇਂ ਸਤਿਗੁਰੂ ਰਵਿਦਾਸ ਜੀ ਮਹਾਰਾਜ ਨੇ ਪਰਮਾਤਮਾ ਦੀ ਉਸਤਤੀ ਕਰਦੇ ਹੋਏ, ਇਹ ਪਾਵਨ ਸ਼ਬਦ ਉਚਾਰਨ ਕੀਤਾ—

**ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥**
**ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥੧॥ ਰਹਾਉ ॥**

ਹੇ ਮੇਰੇ ਸੁੰਦਰ ਸਰੂਪ ਪਰਮਾਤਮਾ ਜੀ! ਇਸ ਤਰ੍ਹਾਂ ਦਾ ਕੌਤਕ ਆਪ ਜੀ ਤੋਂ ਬਿਨਾਂ ਹੋਰ ਕੌਣ ਕਰ ਸਕਦਾ ਹੈ? ਹੇ ਗਰੀਬਾਂ ਨੂੰ ਨਿਵਾਜਣ ਵਾਲੇ ਪ੍ਰਭੂ ਜੀ, ਅੱਜ ਮੇਰੇ ਮੱਥੇ 'ਤੇ ਆਪ ਜੀ ਨੇ ਜੱਸ ਰੂਪੀ ਛਤਰ ਝੁਲਾ ਦਿੱਤਾ ਹੈ।

**ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਂਹੀ ਢਰੈ ॥**
**ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥੧॥**

ਜਿਸ ਦੀ ਛੋਹ ਲੱਗਣ ਨਾਲ ਜਗਤ ਦੇ ਲੋਕ ਭਿੱਟੇ ਜਾਂਦੇ ਸਨ, ਤੁਸੀਂ ਕਿਰਪਾ ਕੀਤੀ ਹੈ ਕਿ ਅੱਜ ਹਰ ਪਾਸੇ ਮੇਰੀ ਜੈ ਜੈ ਕਾਰ ਹੁੰਦੀ ਹੈ। ਮੇਰਾ ਗੋਬਿੰਦ ਪਰਮਾਤਮਾ ਨੀਚਾਂ ਤੋਂ ਉੱਚਾ ਕਰ ਦਿੰਦਾ ਹੈ ਅਤੇ ਅਜਿਹਾ ਕਰਨ ਸਮੇਂ ਉਹ ਕਿਸੇ ਤੋਂ ਡਰਦਾ ਨਹੀਂ ਹੈ।

**ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ॥**
**ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ ॥੨॥੧॥**

ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਕਬੀਰ ਜੀ, ਸਤਿਗੁਰੂ ਤ੍ਰਿਲੋਚਨ ਜੀ, ਸਤਿਗੁਰੂ ਸਧਨਾ ਜੀ, ਸਤਿਗੁਰੂ ਸੈਨ ਜੀ ਪਰਮਾਤਮਾ ਦਾ ਨਾਮ ਜਪਕੇ ਤਰ ਗਏ ਅਤੇ ਜਿਹਨਾਂ ਨੇ ਸੰਸਾਰ ਵਿਚ ਏਕਤਾ ਅਤੇ ਸਾਂਝੀਵਾਲਤਾ ਸਥਾਪਿਤ ਕਰਨ ਲਈ, ਜਿਹਨਾਂ ਦੇ ਸਮਾਜਿਕ ਕ੍ਰਾਂਤੀਕਾਰੀ ਤੇ ਪਰਮਾਰਥੀ ਵਿਚਾਰਾਂ ਅੱਗੇ ਰਾਜੇ ਮਹਾਰਾਜੇ ਤੇ ਕੱਟੜ ਪੰਥੀਆਂ ਨੂੰ ਝੁਕਣਾ ਪਿਆ ਅਤੇ ਜਿਹਨਾਂ ਤੋਂ ਸੇਧ ਲੈ ਕੇ ਅਣਗਿਣਤ ਜੀਵ ਇਸ ਸੰਸਾਰ ਵਿਚੋਂ ਤਰ ਗਏ। ਸਤਿਗੁਰੂ ਰਵਿਦਾਸ ਜੀ ਮਹਾਰਾਜ ਸੰਤਾਂ ਨੂੰ ਸੰਬੋਧਨ ਕਰਦੇ ਹੋਏ ਫਰਮਾਉਂਦੇ ਹਨ ਕਿ ਹੇ ਸੰਤੋ ਸੁਣੋ! ਉਸ ਪ੍ਰਭੂ ਪਾਸੋਂ ਸਭ ਗੱਲਾਂ ਬਣ ਆਉਂਦੀਆਂ ਹਨ, ਉਹ ਜੋ ਚਾਹੇ ਕਰ ਸਕਦਾ ਹੈ।

*******

## ਸ਼ਬਦ 34

**ਸੁਖ ਸਾਗਰ ਸੁਰਿਤਰੁ ਚਿੰਤਾਮਨਿ ਕਾਮਧੇਨ ਬਸਿ ਜਾ ਕੇ ਰੇ ॥**
**ਚਾਰਿ ਪਦਾਰਥ ਅਸਟ ਮਹਾ ਸਿਧਿ ਨਵ ਨਿਧਿ ਕਰ ਤਲ ਤਾ ਕੈ ॥੧॥**
**ਹਰਿ ਹਰਿ ਹਰਿ ਨ ਜਪਸਿ ਰਸਨਾ ॥**
**ਅਵਰ ਸਭ ਛਾਡਿ ਬਚਨ ਰਚਨਾ ॥੧॥ ਰਹਾਉ ॥**
**ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਛਰ ਮਾਹੀ ॥**
**ਬਿਆਸ ਬੀਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ ॥੨॥**
**ਸਹਜ ਸਮਾਧਿ ਉਪਾਧਿ ਰਹਤ ਹੋਇ ਬਡੇ ਭਾਗਿ ਲਿਵ ਲਾਗੀ ॥**
**ਕਹਿ ਰਵਿਦਾਸ ਉਦਾਸ ਦਾਸ ਮਤਿ ਜਨਮ ਮਰਨ ਭੈ ਭਾਗੀ ॥੩॥੨॥**



(ਪੰਨਾ ੧੧੦੬)

ਸਤਿਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਦਿੰਦੇ ਹਨ ਕਿ ਪਰਮਾਤਮਾ ਦਾ ਨਾਮ ਸੁੱਖਾਂ ਦਾ ਸਮੁੰਦਰ ਹੈ। ਇਸ ਲਈ ਜੀਵ ਨੂੰ ਦੇਵੀ-ਦੇਵਤਿਆਂ ਦੀ ਉਪਾਸਨਾ ਛੱਡ ਕੇ ਕਰਮ-ਕਾਂਡਾਂ, ਵਹਿਮਾਂ-ਭਰਮਾਂ ਤੋਂ ਮੁਕਤ ਹੋ ਕੇ ਉਸ ਪ੍ਰਭੂ ਦਾ ਸਿਮਰਨ ਕਰਨਾ ਚਾਹੀਦਾ ਹੈ।

**ਸੁਖ ਸਾਗਰ ਸੁਰਿਤਰੁ ਚਿੰਤਾਮਨਿ ਕਾਮਧੇਨ ਬਸਿ ਜਾ ਕੇ ਰੇ ॥**
**ਚਾਰਿ ਪਦਾਰਥ ਅਸਟ ਮਹਾ ਸਿਧਿ ਨਵ ਨਿਧਿ ਕਰ ਤਲ ਤਾ ਕੈ ॥੧॥**

ਹੇ ਸੰਸਾਰ ਦੇ ਲੋਕੋ! ਸੁੱਖਾਂ ਦੇ ਸਮੁੰਦਰ ਪਰਮਾਤਮਾ ਦਾ ਸਿਮਰਨ ਕਰੋ, ਜਿਸ ਦੇ ਅਧੀਨ ਸੁਰਤਰ ਕਲਪਬ੍ਰਿਛ, ਮਨ ਇਛਿੱਤ ਫੱਲ ਦੇਣ ਵਾਲੀ ਮਨੀ ਚਿੰਤਾਮਣੀ, ਮਨੋਕਾਮਨਾ ਪੂਰੀ ਕਰਨ ਵਾਲੀ ਕਾਮਧੇਨ ਗਊ ਹਨ ਅਤੇ ਚਾਰ ਪਦਾਰਥ ਕਾਮ, ਅਰਥ, ਧਰਮ ਤੇ ਮੋਕਸ਼, ਅੱਠ ਵੱਡੀਆਂ ਸਿੱਧੀਆਂ ਅਤੇ ਨੌਂ ਖਜ਼ਾਨੇ ਉਸ ਪਰਮਾਤਮਾ ਦੇ ਹੱਥ ਦੀ ਤਲੀ 'ਤੇ ਹਨ। ਜਿਹੜਾ ਜੀਵ ਉਸ ਪਰਮਾਤਮਾ ਦਾ ਸਿਮਰਨ ਕਰਦਾ ਹੈ, ਉਸ ਦੇ ਵੱਸ ਵਿਚ ਇਹ ਸਭ ਕੁਝ ਆ ਜਾਂਦਾ ਹੈ।

**ਹਰਿ ਹਰਿ ਹਰਿ ਨ ਜਪਸਿ ਰਸਨਾ ॥**
**ਅਵਰ ਸਭ ਛਾਡਿ ਬਚਨ ਰਚਨਾ ॥੧॥ ਰਹਾਉ ॥**

ਹੇ ਜੀਵ! ਐਸੇ ਸੁੱਖਾਂ ਦੇ ਸਮੁੰਦਰ ਪਰਮਾਤਮਾ ਦਾ ਹਰਿ ਹਰਿ ਨਾਮ ਰਸਨਾ ਨਾਲ ਕਿਉਂ ਨਹੀਂ ਜਪਦਾ? ਤੂੰ ਸੰਸਾਰ ਦੀ ਝੂਠੀ ਰਚਨਾ ਦੇ ਵਚਨਾਂ ਨੂੰ ਰਸਨਾ ਤੋਂ ਤਿਆਗ ਕੇ ਪ੍ਰਭੂ ਦਾ ਸਿਮਰਨ ਕਰ।

**ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਛਰ ਮਾਹੀ ॥**
**ਬਿਆਸ ਬੀਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ ॥੨॥**

ਅਨੇਕਾਂ ਪ੍ਰਕਾਰ ਦੇ ਪ੍ਰਸੰਗ ਅਤੇ ਪੁਰਾਣਾਂ ਅਤੇ ਵੇਦਾਂ ਦੀਆਂ ਵਿਧੀਆਂ ਸਭ ਚੌਂਤੀ ਅੱਖਰਾਂ ਵਿਚ ਲਿਖੇ ਗਏ ਹਨ। ਮਹਾਂਰਿਸ਼ੀ ਵੇਦ ਬਿਆਸ ਜੀ ਨੇ ਅਨੇਕਾਂ ਪ੍ਰਕਾਰ ਦੇ ਪ੍ਰਸੰਗਾਂ ਤੇ ਵੇਦ ਦੀਆਂ ਵਿਧੀਆਂ ਨੂੰ ਵਿਚਾਰ ਕੇ ਉਹਨਾਂ ਦਾ ਡੂੰਘਾਈ ਨਾਲ ਅਧਿਐਨ ਕਰਕੇ ਅੰਤ ਇਹ ਪਰਮ-ਤੱਤ ਕਿਹਾ ਹੈ ਕਿ ਰਾਮ ਨਾਮ ਦੀ ਕੀਮਤ ਦੇ ਸਮਾਨ ਕੀਮਤ ਰੱਖਣ ਵਾਲੀ ਦੁਨੀਆਂ ਦੀ ਕੋਈ ਕੀਮਤੀ ਵਸਤੂ ਨਹੀਂ ਹੈ।

**ਸਹਜ ਸਮਾਧਿ ਉਪਾਧਿ ਰਹਤ ਹੋਇ ਬਡੇ ਭਾਗਿ ਲਿਵ ਲਾਗੀ ॥**
**ਕਹਿ ਰਵਿਦਾਸ ਉਦਾਸ ਦਾਸ ਮਤਿ ਜਨਮ ਮਰਨ ਭੈ ਭਾਗੀ ॥੩॥੨॥**

ਪ੍ਰਭੂ ਦੇ ਨਾਮ ਵਿਚ ਸਹਿਜ-ਸਮਾਧੀ ਵਿਕਾਰਾਂ ਤੋਂ ਰਹਿਤ ਹੋ ਕੇ ਲੱਗਦੀ ਹੈ ਅਤੇ ਵੱਡੇ ਭਾਗਾਂ ਨਾਲ ਸਹਿਜ ਸਮਾਧੀ ਅਵਸਥਾ ਵਿਚ ਪਹੁੰਚ ਕੇ ਜੀਵ ਦੀ ਪ੍ਰਭੂ ਨਾਲ ਲਿਵ ਲੱਗਦੀ ਹੈ। ਫਿਰ ਉਸ ਪ੍ਰਭੂ ਦੇ ਦਾਸ ਦੀ ਮੱਤ ਸੰਸਾਰ ਵਲੋਂ ਉਪਰਾਮ ਹੋ ਜਾਂਦੀ ਹੈ ਅਤੇ ਉਸ ਦਾ ਮਨ ਜਨਮ ਮਰਨ ਦੇ ਭੈਅ ਤੋਂ ਮੁਕਤ ਹੋ ਜਾਂਦਾ ਹੈ।

*******

## ਸ਼ਬਦ 35

# ਰਾਗੁ ਕੇਦਾਰਾ ਬਾਣੀ ਰਵਿਦਾਸ ਜੀਉ ਕੀ

## ੧ਓ ਸਤਿਗੁਰ ਪ੍ਰਸਾਦਿ॥

**ਖਟੁ ਕਰਮ ਕੁਲ ਸੰਜੁਗਤੁ ਹੈ ਹਰਿ ਭਗਤਿ ਹਿਰਦੈ ਨਾਹਿ॥**
**ਚਰਨਾਰਬਿੰਦ ਨ ਕਥਾ ਭਾਵੈ ਸੁਪਚ ਤੁਲਿ ਸਮਾਨਿ॥੧॥**
**ਰੇ ਚਿਤ ਚੇਤਿ ਚੇਤ ਅਚੇਤ॥ ਕਾਹੇ ਨ ਬਾਲਮੀਕਹਿ ਦੇਖ॥**
**ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ॥੧॥ ਰਹਾਉ॥**
**ਸੁਆਨ ਸਤ੍ਰੁ ਅਜਾਤੁ ਸਭ ਤੇ ਕ੍ਰਿਸਨ ਲਾਵੈ ਹੇਤੁ॥**
**ਲੋਗੁ ਬਪੁਰਾ ਕਿਆ ਸਰਾਹੈ ਤੀਨਿ ਲੋਕ ਪ੍ਰਵੇਸ॥੨॥**
**ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸ॥**
**ਐਸੇ ਦੁਰਮਤਿ ਨਿਸਤਰੇ ਤੂ ਕਿਉ ਨ ਤਰਹਿ ਰਵਿਦਾਸ॥੩॥੧॥**

(ਪੰਨਾ ੧੧੨੪)

ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਪ੍ਰਭੂ ਦੇ ਨਾਮ ਜਪਣ ਦਾ ਪਾਵਨ ਉਪਦੇਸ਼ ਦਿੰਦੇ ਹਨ ਕਿ ਸੰਸਾਰ ਵਿਚ ਉਹ ਜੀਵ ਸ੍ਰੇਸ਼ਟ ਹੈ, ਜੋ ਪ੍ਰਭੂ ਦੀ ਭਗਤੀ ਕਰਦਾ ਹੈ। ਗੁਰੂ ਜੀ ਸੰਸਾਰੀ ਜੀਵਾਂ ਨੂੰ ਬ੍ਰਹਮਗਿਆਨੀ ਤ੍ਰਿਕਾਲ ਦਰਸ਼ੀ ਮਹਾਂਰਿਸ਼ੀ ਬਾਲਮੀਕ ਜੀ ਦੀ ਪ੍ਰਭੂ ਭਗਤੀ ਤੋਂ ਪ੍ਰੇਰਨਾ ਲੈ ਕੇ ਆਪਣਾ ਜੀਵਨ ਸਫ਼ਲ ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ। ਜਿਹਨਾਂ ਦਾ ਸ਼ੂਦਰ ਸਮਝੇ ਜਾਂਦੇ ਸਮਾਜ 'ਚ ਆਗਮਨ ਹੋਇਆ ਅਤੇ ਪਰਮ-ਪਦ 'ਤੇ ਪਹੁੰਚ ਕੇ ਅਮਰ ਹੋ ਗਏ ਅਤੇ ਪ੍ਰਭੂ ਦਾ ਹੀ ਰੂਪ ਹੋ ਗਏ। ਜਿਨ੍ਹਾਂ ਦੀ ਮਹਿਮਾ ਤਿੰਨਾਂ ਲੋਕਾਂ ਵਿਚ ਭਾਵ ਸਾਰੇ ਬ੍ਰਹਿਮੰਡ ਵਿਚ ਹੁੰਦੀ ਹੈ।

**ਖਟੁ ਕਰਮ ਕੁਲ ਸੰਜੁਗਤੁ ਹੈ ਹਰਿ ਭਗਤਿ ਹਿਰਦੈ ਨਾਹਿ॥**
**ਚਰਨਾਰਬਿੰਦ ਨ ਕਥਾ ਭਾਵੈ ਸੁਪਚ ਤੁਲਿ ਸਮਾਨਿ॥੧॥**

ਭਾਵੇਂ ਕੋਈ ਜੀਵ ਉੱਚੀ ਸਮਝੀ ਜਾਂਦੀ ਕੁਲ ਦਾ ਹੋਵੇ ਅਤੇ ਛੇ ਕਰਮ (ਵਿਦਿਆ ਪੜ੍ਹਨੀ ਤੇ ਪੜ੍ਹਾਉਣੀ, ਯੱਗ ਕਰਨਾ ਤੇ ਕਰਾਉਣਾ, ਦਾਨ ਕਰਨਾ ਤੇ ਕਰਾਉਣਾ) ਕਰਦਾ ਹੋਵੇ, ਪਰ ਜੇਕਰ ਉਸਦੇ ਹਿਰਦੇ ਵਿਚ ਹਰਿ ਪਰਮਾਤਮਾ ਦੀ ਭਗਤੀ ਨਹੀਂ ਹੈ ਅਤੇ ਉਸਨੂੰ ਪਰਮਾਤਮਾ ਦੇ ਚਰਨਾਂ ਕਮਲਾਂ ਦੀ ਕਥਾ ਨਹੀਂ ਭਾਉਂਦੀ ਤਾਂ ਉਹ ਜੀਵ ਚੰਡਾਲ ਦੇ ਸਮਾਨ ਹੈ।

**ਰੇ ਚਿਤ ਚੇਤਿ ਚੇਤ ਅਚੇਤ॥ ਕਾਹੇ ਨ ਬਾਲਮੀਕਹਿ ਦੇਖ॥**
**ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ॥੧॥ ਰਹਾਉ॥**

ਹੇ ਅਚੇਤ ਚਿੱਤ! ਮੈਂ ਤੈਨੂੰ ਚੇਤਾ ਕਰਾਉਂਦਾ ਹਾਂ ਕਿ ਤੂੰ ਪ੍ਰਭੂ ਨੂੰ ਚੇਤੇ ਕਰ ਭਾਵ ਉਸ ਪਰਮਾਤਮਾ ਨੂੰ ਆਪਣੇ ਹਿਰਦੇ ਵਿਚ ਯਾਦ ਕਰ। ਹੇ ਜੀਵ! ਤੂੰ ਬ੍ਰਹਮ ਗਿਆਨੀ ਮਹਾਂਰਿਸ਼ੀ ਬਾਲਮੀਕ ਜੀ ਵੱਲ ਕਿਉਂ ਨਹੀਂ ਦੇਖਦਾ? ਉਹਨਾਂ ਦੇ ਜੀਵਨ ਤੋਂ ਪ੍ਰੇਰਨਾ ਕਿਉਂ ਨਹੀਂ ਲੈਂਦਾ? ਉਸ ਜਾਤ ਵਿਚ ਮਹਾਂਰਿਸ਼ੀ ਜੀ



ਦਾ ਆਗਮਨ ਹੋਇਆ ਜਿਸ ਨੂੰ ਸ਼ੂਦਰ ਸਮਝਿਆ ਜਾਂਦਾ ਸੀ। ਪਰ ਉਹ ਪਰਮਾਤਮਾ ਦੀ ਭਗਤੀ ਦੀ ਵਿਸ਼ੇਸ਼ਤਾ ਕਰਕੇ ਕਿਸ ਪਦ 'ਤੇ ਪਹੁੰਚ ਗਏ ਹਨ। ਭਾਵ ਅਮਰ ਹੋ ਕੇ ਪ੍ਰਭੂ ਦਾ ਰੂਪ ਹੋ ਗਏ ਹਨ।

**ਸੁਆਨ ਸਤ੍ਰੁ ਅਜਾਤੁ ਸਭ ਤੇ ਕ੍ਰਿਸਨ ਲਾਵੈ ਹੇਤੁ॥**
**ਲੋਗੁ ਬਪੁਰਾ ਕਿਆ ਸਰਾਹੈ ਤੀਨਿ ਲੋਕ ਪ੍ਰਵੇਸ॥੨॥**

ਲੋਭ ਰੂਪੀ ਕੁੱਤੇ ਦੇ ਵੈਰੀ ਮਹਾਂਰਿਸ਼ੀ ਬਾਲਮੀਕ ਜੀ ਜਿਹਨਾਂ ਨੇ ਵਿਕਾਰਾਂ 'ਤੇ ਜਿੱਤ ਪ੍ਰਾਪਤ ਕੀਤੀ ਹੋਈ ਸੀ ਤੇ ਜਿਹਨਾਂ ਦੇ ਜਾਣ ਤੇ ਪਾਂਡਵਾਂ ਦਾ ਯੱਗ ਸੰਪੂਰਨ ਹੋਇਆ ਉਸ ਸਮੇਂ ਸ੍ਰੀ ਕ੍ਰਿਸ਼ਨ ਜੀ ਤੇ ਸਭਨਾਂ ਨੇ ਮਹਾਂਰਿਸ਼ੀ ਬਾਲਮੀਕ ਜੀ ਦੇ ਚਰਨ ਧੋ ਕੇ ਚਰਨਾਮਿਤ ਪੀਤਾ ਅਤੇ ਉਹਨਾਂ ਨਾਲ ਪਰੇਮ ਕੀਤਾ। ਲੋਕਾਂ ਵਿਚਾਰਿਆਂ ਨੇ ਮਹਾਂਰਿਸ਼ੀ ਜੀ ਦੀ ਕੀ ਮਹਿਮਾ ਕਰਨੀ ਹੈ! ਉਹਨਾਂ ਦੀ ਉਸਤਤੀ ਤਾਂ ਤਿੰਨਾਂ ਲੋਕਾਂ (ਮਾਤ ਲੋਕ, ਪਤਾਲ ਲੋਕ ਤੇ ਆਕਾਸ਼ ਲੋਕ) ਵਿਚ ਹੋ ਰਹੀ ਹੈ। ਖੰਡਾਂ ਬ੍ਰਹਿਮੰਡਾਂ ਵਿਚ ਉਹਨਾਂ ਦੀ ਜੈ ਜੈ ਕਾਰ ਹੁੰਦੀ ਹੈ।

**ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸ॥**
**ਐਸੇ ਦੁਰਮਤਿ ਨਿਸਤਰੇ ਤੂ ਕਿਉ ਨ ਤਰਹਿ ਰਵਿਦਾਸ॥੩॥੧॥**

ਅਜਾਮਲ ਮਹਾਂ ਪਾਪੀ, ਪਿੰਗਲਾ ਜਨਕਪੁਰੀ ਦੀ ਵੇਸਵਾ, ਲੁਭਤੁ ਸ਼ਿਕਾਰੀ ਅਤੇ ਕੁੰਚਰ ਹਾਥੀ ਇਹ ਸਾਰੇ ਪਰਮਾਤਮਾ ਦਾ ਨਾਮ ਜਪਕੇ ਪਰਮਾਤਮਾ ਦੇ ਪਾਸ ਚਲੇ ਗਏ।

## ਸਾਖੀ ਅਜਾਮਲ ਦੀ

ਅਜਾਮਲ ਇਕ ਬ੍ਰਾਹਮਣ ਦਾ ਪੁੱਤਰ ਸੀ ਅਤੇ ਕਨੌਜ ਸ਼ਹਿਰ ਦਾ ਰਹਿਣ ਵਾਲਾ ਸੀ। ਉਸ ਦਾ ਪਿਤਾ ਰਾਜ-ਪੁਰੋਹਿਤ ਸੀ। ਅਜਾਮਲ ਹਰ ਰੋਜ਼ ਸ਼ਹਿਰ ਵਿਚ ਗੁਰੂ ਪਾਸ ਵਿੱਦਿਆ ਪ੍ਰਾਪਤ ਕਰਨ ਲਈ ਆਸ਼ਰਮ ਜਾਇਆ ਕਰਦਾ ਸੀ। ਅਜਾਮਲ ਜੋ ਵੀ ਸ਼ਬਦ ਪੜ੍ਹਦਾ ਸੁਣਦਾ ਸੀ, ਉਹ ਕੰਠ ਕਰ ਲੈਂਦਾ ਸੀ। ਉਸ ਨੇ 20 ਸਾਲਾਂ ਦੀ ਵਿੱਦਿਆ 10 ਸਾਲ ਵਿਚ ਪ੍ਰਾਪਤ ਕਰ ਲਈ ਸੀ। ਉਸ ਦੀ ਵਿੱਦਿਆ ਪੂਰੀ ਹੋਣ ਵਾਲੀ ਸੀ। ਅਜਾਮਲ ਦੇ ਗੁਰੂ ਅਕਸਰ ਉਸਨੂੰ ਸ਼ਹਿਰ ਤੋਂ ਬਾਹਰ-ਬਾਹਰ ਦੀ ਆਉਣ ਅਤੇ ਜਾਣ ਦਾ ਆਦੇਸ਼ ਦਿੰਦੇ ਸਨ। ਇਕ ਦਿਨ ਉਸ ਨੇ ਗੁਰੂ ਆਦੇਸ਼ ਦੀ ਉਲੰਘਣਾ ਕੀਤੀ ਅਤੇ ਸ਼ਹਿਰ ਦੇ ਵਿਚ ਵੇਸਵਾਵਾਂ ਦੇ ਬਾਜ਼ਾਰ ਵਿਚੋਂ ਦੀ ਲੰਘਿਆ। ਵੇਸਵਾਵਾਂ ਦੇ ਜਵਾਨ ਰੂਪ ਨੇ ਉਸ ਨੂੰ ਮੋਹ ਲਿਆ ਅਤੇ ਉਨ੍ਹਾਂ ਸੁੰਦਰ ਇਸਤਰੀਆਂ ਵਲ ਤੱਕਦਾ ਹੋਇਆ ਘਰ ਚਲਾ ਗਿਆ। ਘਰ ਜਾ ਕੇ ਉਸ ਦਾ ਮਨ ਪੜ੍ਹਨ ਅਤੇ ਪਾਠ ਕੰਠ ਕਰਨ ਵੱਲ ਨਾ ਲੱਗਾ। ਇਸ ਪ੍ਰਕਾਰ ਉਹ ਕੁਝ ਦਿਨ ਵੇਸਵਾਵਾਂ ਦੇ ਬਾਜ਼ਾਰ ਵਿਚ ਦੀ ਲੰਘਦਾ ਰਿਹਾ।

ਇਕ ਦਿਨ ਜਦੋਂ ਉਹ ਬਾਜ਼ਾਰ ਵਿਚ ਦੀ ਲੰਘਿਆ ਤਾਂ ਸੁੰਦਰ ਸਰੂਪ ਕਲਾਵਤੀ ਨੇ ਉਸ ਦੀ ਬਾਂਹ ਪਕੜ ਲਈ ਅਤੇ ਉਸ ਨੂੰ ਆਪਣੇ ਜਾਲ ਵਿਚ ਫਸਾ ਕੇ ਪਾਪ ਕਰਮ ਕਰਨ ਵਲ ਲਗਾ ਲਿਆ। ਹੁਣ ਅਜਾਮਲ ਦਾ ਮਨ ਪਾਠ

ਪੜ੍ਹਨ ਵਿਚ ਨਾ ਲੱਗਦਾ। ਉਸ ਦੇ ਗੁਰੂ ਨੇ ਉਸ ਦੇ ਪਿਤਾ ਨੂੰ ਬੁਲਾ ਕੇ ਕਿਹਾ ਕਿ ਹੁਣ ਤੁਸੀਂ ਅਜਾਮਲ ਦੀ ਸ਼ਾਦੀ ਕਰ ਦਿਉ। ਇਸਦਾ ਹੁਣ ਕੁਆਰਾ ਰਹਿਣਾ ਯੋਗ ਨਹੀਂ ਹੈ। ਅਜਾਮਲ ਦਾ ਬਾਪ ਰਾਜ-ਪੰਡਿਤ ਸੀ। ਉਸ ਨੇ ਝਟਪਟ ਹੀ ਥੋੜੇ ਦਿਨਾਂ ਵਿਚ ਪ੍ਰਬੰਧ ਕਰਕੇ ਅਜਾਮਲ ਦਾ ਵਿਆਹ ਕਰ ਦਿੱਤਾ।

ਅਜਾਮਲ ਦੀ ਪਤਨੀ ਬਹੁਤ ਗੁਣਵੰਤੀ ਸੀ ਪਰ ਉਸ ਨੇ ਵੇਸਵਾ ਦੀ ਪ੍ਰੀਤੀ ਨਾ ਛੱਡੀ। ਅਜਾਮਲ ਦਾ ਬਾਪ ਪਰਲੋਕ ਸਿਧਾਰ ਗਿਆ। ਉਸ ਤੋਂ ਬਾਅਦ ਰਾਜੇ ਨੇ ਉਸਨੂੰ ਰਾਜ-ਪੰਡਿਤ ਬਣਾ ਦਿੱਤਾ। ਰਾਜ ਪੰਡਿਤ ਬਣ ਜਾਣ 'ਤੇ ਉਸ ਦੀਆਂ ਜ਼ਿੰਮੇਵਾਰੀਆਂ ਵਧ ਗਈਆਂ। ਉਹ ਧਰਮ, ਸਮਾਜ ਤੇ ਰਾਜ ਦਾ ਆਗੂ ਬਣ ਗਿਆ। ਪਰ ਅਜਾਮਲ ਨੇ ਉੱਚ ਪਦਵੀ ਮਿਲ ਜਾਣ 'ਤੇ ਵੀ ਵੇਸਵਾ ਪਾਸ ਜਾਣਾ ਨਾ ਛੱਡਿਆ। ਸਾਰੇ ਸ਼ਹਿਰ ਵਿਚ ਰਾਜ ਪੰਡਤ ਦੇ ਵੇਸਵਾ ਕੋਲ ਜਾਣ ਦੀ ਖਬਰ ਫੈਲ ਗਈ ਅਤੇ ਇਹ ਗੱਲ ਰਾਜੇ ਕੋਲ ਵੀ ਪਹੁੰਚੀ। ਰਾਜੇ ਨੇ ਅਜਾਮਲ ਨੂੰ ਆਪਣੇ ਪਾਸ ਬੁਲਾ ਕੇ ਸਮਝਾਇਆ ਅਤੇ ਕਿਹਾ ਰਾਜ-ਪੰਡਿਤ ਨੂੰ ਐਸੇ ਖੋਟੇ ਕਰਮ ਨਹੀਂ ਕਰਨੇ ਚਾਹੀਦੇ ਅਤੇ ਵੇਸਵਾ ਕੋਲ ਜਾਣਾ ਛੱਡ ਦੇਣਾ ਚਾਹੀਦਾ ਹੈ। ਅਜਾਮਲ ਨੇ ਉੱਤਰ ਦਿੱਤਾ ਕਿ ਮੈਂ ਕਲਾਵਤੀ ਨਾਲ ਪ੍ਰੇਮ ਕਰਦਾ ਹਾਂ, ਇਸ ਲਈ ਮੈਂ ਉਸਨੂੰ ਨਹੀਂ ਛੱਡ ਸਕਦਾ। ਰਾਜੇ ਨੇ ਅਜਾਮਲ ਤੇ ਕਲਾਵਤੀ ਨੂੰ ਆਪਣੇ ਰਾਜ ਤੋਂ ਬਾਹਰ ਕੱਢ ਦਿੱਤਾ। ਹੁਣ ਅਜਾਮਲ ਤੇ ਕਲਾਵਤੀ ਸ਼ਹਿਰੋਂ ਬਾਹਰ ਛੰਨ ਪਾ ਕੇ ਰਹਿਣ ਲੱਗ ਪਏ। ਹੁਣ ਅਜਾਮਲ ਹਰ ਰੋਜ਼ ਜੰਗਲ ਨੂੰ ਚਲਾ ਜਾਂਦਾ ਅਤੇ ਸ਼ਾਮ ਨੂੰ ਸ਼ਿਕਾਰ ਕਰਕੇ ਮੁੜ ਆਉਂਦਾ। ਉਨ੍ਹਾਂ ਦੇ ਘਰ ਛੇ ਪੁੱਤਰ ਸਨ ਅਤੇ ਸੱਤਵਾਂ ਪੁੱਤਰ ਪੈਦਾ ਹੋਣ ਵਾਲਾ ਸੀ।

ਇਕ ਦਿਨ ਦੇਵਨੇਤ ਨਾਲ ਐਸਾ ਸਬੱਬ ਬਣਿਆ ਕਿ ਸਾਧੂ ਮਹਾਤਮਾ ਅਜਾਮਲ ਦੇ ਘਰ ਆ ਗਏ। ਪਰ ਕਲਾਵਤੀ ਕੋਲ ਸੰਤਾਂ ਨੂੰ ਦੇਣ ਵਾਸਤੇ ਕੁਝ ਨਹੀਂ ਸੀ। ਜਦੋਂ ਅਜਾਮਲ ਘਰ ਆਇਆ ਤਾਂ ਉਹ ਜਾਨਵਰ ਮਾਰ ਕੇ ਲਿਆਇਆ ਤਾਂ ਕਲਾਵਤੀ ਨੇ ਇਸ ਦਿਨ ਜਾਨਵਰ ਨਾ ਬਣਾਉਣ ਦਿੱਤੇ। ਉਸ ਨੇ ਆਖਿਆ ਹੇ ਪਤੀ ਦੇਵ! ਅੱਗੇ ਹੀ ਪਤਾ ਨਹੀਂ ਕਿਸ ਕੁਕਰਮ ਬਦਲੇ ਇਹ ਦਸ਼ਾ ਹੋਈ ਹੈ। ਸਾਨੂੰ ਅੱਜ ਮਾਸ ਨਹੀਂ ਭੁੰਨਣਾ ਚਾਹੀਦਾ, ਹੋ ਸਕਦਾ ਹੈ ਕਿ ਮਹਾਤਮਾ ਕੋਈ ਚੰਗਾ ਵਚਨ ਕਰ ਜਾਣ ਜਿਸ ਨਾਲ ਸਾਡਾ ਕਲਿਆਣ ਹੋ ਜਾਵੇ। ਪਤੀ ਪਤਨੀ ਨੇ ਭੁੱਜੇ ਹੋਏ ਦਾਣੇ ਅਤੇ ਗੁੜ ਸੰਤਾਂ ਅੱਗੇ ਭੇਟ ਕੀਤੇ ਅਤੇ ਦੋਨਾਂ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ਅਸੀਂ ਬਹੁਤ ਖੋਟੇ ਕਰਮ ਕੀਤੇ ਹਨ ਸਾਡਾ ਕਲਿਆਣ ਕਰੋ। ਪ੍ਰਭੂ ਰੂਪ ਸੰਤਾਂ ਨੇ ਵਚਨ ਕੀਤਾ ਕਿ ਤੁਹਾਡੇ ਘਰ ਸੱਤਵਾਂ ਪੁੱਤਰ ਪੈਦਾ ਹੋਵੇਗਾ ਉਸਦਾ ਨਾਮ ਨਾਰਾਇਣ ਰੱਖਣਾ ਅਤੇ ਉਸ ਨੂੰ ਬਹੁਤ ਪ੍ਰੀਤੀ ਕਰਨ ਨਾਲ ਤੁਹਾਡਾ ਉਧਾਰ ਹੋਵੇਗਾ। ਇਹ ਉਪਦੇਸ਼ ਕਰਕੇ ਸਾਧੂ ਚਲੇ ਗਏ। ਜਦੋਂ ਉਸ ਲੜਕੇ ਨੇ ਜਨਮ ਲਿਆ ਤਾਂ ਅਜਾਮਲ ਨੇ ਸਾਧੂ ਦੇ ਵਚਨ ਅਨੁਸਾਰ ਉਸਦਾ ਨਾਮ ਨਾਰਾਇਣ ਰੱਖਿਆ ਅਤੇ ਉਸ ਨਾਲ



ਬਹੁਤ ਪ੍ਰੀਤੀ ਕਰਦਾ। ਉਹ ਚਲਦਾ-ਫਿਰਦਾ, ਉੱਠਦਾ-ਬੈਠਦਾ ਆਪਣੇ ਪੁੱਤਰ ਨਾਰਾਇਣ ਨੂੰ ਹੀ ਪੁਕਾਰਦਾ ਰਹਿੰਦਾ।

ਜਦੋਂ ਅਜਾਮਲ ਦਾ ਅੰਤ ਸਮਾਂ ਆਇਆ ਤਾਂ ਧਰਮ ਰਾਜ ਦੇ ਯਮਦੂਤ ਉਸ ਨੂੰ ਲੈਣ ਆਏ। ਯਮਦੂਤਾਂ ਦਾ ਭਿਆਨਕ ਸਰੂਪ ਦੇਖ ਕੇ ਉਹ ਬਹੁਤ ਡਰ ਗਿਆ ਅਤੇ ਉਹ ਆਪਣੀ ਰੱਖਿਆ ਲਈ ਆਪਣੇ ਪੁੱਤਰ ਨਾਰਾਇਣ ਨੂੰ ਪੁਕਾਰਨ ਲੱਗਾ। ਧਰਮ ਰਾਜ ਦੇ ਯਮਦੂਤਾਂ ਨੇ ਸਮਝਿਆ ਕਿ ਇਹ ਤਾਂ ਕੋਈ ਪ੍ਰਭੂ ਦਾ ਭਗਤ ਹੈ, ਜੋ ਅੰਤ ਸਮੇਂ ਨਾਰਾਇਣ ਪ੍ਰਭੂ ਨੂੰ ਪੁਕਾਰਦਾ ਹੈ। ਇਸ ਲਈ ਧਰਮ ਰਾਜ ਦੇ ਯਮਦੂਤ ਇਕ ਪਾਸੇ ਹਟ ਗਏ ਅਤੇ ਨਾਰਾਇਣ ਦੇ ਦੂਤ ਸੁੰਦਰ ਬਿਵਾਨ ਵਿਚ ਬਿਠਾ ਕੇ ਅਜਾਮਲ ਨੂੰ ਸੱਚਖੰਡ ਵਿਚ ਲੈ ਗਏ। ਇਸ ਪ੍ਰਕਾਰ ਅਜਾਮਲ ਪਾਪੀ ਦਾ ਸੰਤਾਂ ਦੀ ਕਿਰਪਾ ਨਾਲ ਉਧਾਰ ਹੋ ਗਿਆ।

# ਪਿੰਗਲਾ ਦੀ ਕਥਾ

ਜਨਕ ਪੁਰੀ ਮੇਂ ਪਿੰਗਲਾ ਨਾਮ ਕੀ ਬੇਸਵਾ ਮਹਾਂ ਸੁੰਦਰ ਸਰੂਪਵਾਨ ਨਿਵਾਸ ਕਰਤੀ ਥੀ, ਏਕ ਦਿਨ ਵੁਹ ਬੇਸਵਾ ਫੁਲੇਲ ਅਰ ਸੁਗੰਧ ਲਾਇਕੇ ਅਰ ਫੂਲੋਂ ਕੀ ਸੇਜ ਅਪਨੇ ਮੰਦਰ ਮੇਂ ਬਿਛਾਇਕੇ ਅਰ ਸੋਲਾਂ ਸ਼ਿੰਗਾਰ ਕਰ ਪ੍ਰਾਤਯਕਾਲ ਸੇ ਸੰਧਯਾ ਤਕ ਅਪਨੇ ਦਵਾਰ ਪਰ ਬੈਠੀ ਰਹੀ, ਇਸ ਕਾਰਨ ਕਿ ਕੋਈ ਮਿਤ੍ਰ ਆਵੇ ਅਰ ਵਿਸ਼ਯ ਸੁਖ ਕਰੇ। ਸੋ ਤੜਕੇ ਸੇ ਸੰਧਯਾ ਹੋ ਗਈ, ਉਸ ਦਿਨ ਕੋਈ ਉਸ ਕੇ ਪਾਸ ਨਾ ਆਯਾ। ਇਸੀ ਤਰਹ ਜਬ ਪਹਿਰ ਰਾਤ ਹੋਇ ਗਈ, ਤਬ ਬੇਸਵਾ ਜੋ ਫੂਲੋਂ ਕੀ ਸੇਜਾ ਬਿਛਾਇ ਰਖੀ ਥੀ, ਉਸ ਕੇ ਊਪਰ ਜਾਇ ਕਰ ਪੜੀ ਰਹੀ, ਪਰ ਕਾਮਦੇਵ ਕੀ ਮਿਤ੍ਰਤਾ ਅਰ ਦਰਬ ਕੀ ਤ੍ਰਿਸ਼ਨਾ ਸੇ ਉਸ ਕੋ ਨਿੰਦਰਾ ਨਾ ਆਈ ਔਰ ਸਿਹਜਾ ਸੇ ਉਠ ਕਰ ਫਿਰ ਦਵਾਰ ਪਰ ਆਈ। ਇਸੀ ਤਰਹ ਆਤੇ ਜਾਤੇ ਆਧੀ ਰਾਤ ਬੀਤ ਗਈ, ਪਰ ਕੋਈ ਯਾਰ ਉਸ ਕੇ ਪਾਸ ਨਾ ਆਇਆ। ਉਸ ਵਕਤ ਪਿੰਗਲਾ ਕੋ ਆਪ ਹੀ ਆਪ ਐਸਾ ਗਿਆਨ ਉਤਪਨ ਹੋਇਆ, ਜੋ ਕੋਈ ਦਸ ਹਜ਼ਾਰ ਬਰਸ ਤਕ ਤਪ ਕਰੇ ਤੋ ਉਸ ਕੋ ਭੀ ਐਸਾ ਗਿਆਨ ਨਾ ਹੋ ਅਰ ਅਪਨੇ ਮਨ ਮੇਂ ਬਿਚਾਰ ਕਰ ਕਹਿਨੇ ਲਗੀ ਅਰੇ ਮੂਰਖ ਮਨ! ਤੂੰ ਬਡਾ ਦੁਸ਼ਟ ਹੈਂ ਜੋ ਮਨੁੱਖ ਕਾਮ ਕਰੋਧ ਅਰ ਜਨਮ ਮ੍ਰਿਤ ਕੇ ਬਸ ਮੇਂ ਹੈ, ਉਸ ਸੇ ਤੂੰ ਪਰੀਤ ਕੀ ਇਛਾ ਕਰੇਂ ਔਰ ਵੁਹ ਨਾਰਾਇਣ ਪਰਮਾਤਮਾ ਜੋ ਘਟ ਘਟ ਮੇਂ ਭਰਪੂਰ ਹੈ, ਅਰ ਸਦਾ ਨਿਕਟ ਰਹਿਤਾ ਹੈ, ਔਰ ਸਭੀ ਲੋਗੋਂ ਕੀ ਆਸ਼ਾ ਪੂਰਣ ਕਰਤੇ ਹੈਂ ਅਰ ਸਾਰੀ ਸ੍ਰਿਸ਼ਟੀ ਕੋ ਭੋਜਨ ਦੇਤੇ ਹੈਂ ਅਰ ਕਭੀ ਮੁਖ ਸੇ ਨਹੀਂ ਕਹਿਤੇ ਅਰ ਮਨੁੱਖ ਜੋ ਕਿਸੀ ਕੋ ਏਕ ਦਿਨ ਦੇਤਾ ਹੈ ਤੋ ਦੂਸਰੇ ਦਿਨ ਜੀਭਾ ਪਰ ਲਾਵਤਾ ਹੈ ਅਰ ਭਗਵਾਨ ਕੈਸੇ ਦੀਨ ਦਯਾਲ ਕਰੁਣਾ ਸਾਗਰ ਹੈਂ ਉਨ ਕੇ ਭਗਤੋਂ ਕੇ ਮਨ ਮੇਂ ਜੋ ਕੁਛ ਆਇ ਜਾਤੀ ਹੈ ਸੋ ਸਭੀ ਪੂਰੀ ਕਰ ਦੇਤੇ ਹੈਂ ਅਰ ਐਸਾ ਅਚਲ ਪਦਾਰਥ ਭਗਤੋਂ ਕੋ ਦੇਤੇ ਹੈਂ ਵੁਹ ਕਭੀ ਘਟਤਾ ਨਹੀਂ, ਦਿਨ ਦਿਨ ਬੜਤਾ ਰਹਿਤਾ ਹੈ। ਐਸੇ ਜੋ ਭਗਵਾਨ ਦੀਨ ਦਯਾਲ ਕਰੁਣਾ ਨਿਧਾਨ ਅਰ ਸੰਤੋਂ ਕੇ ਹਿਤਕਾਰੀ ਹੈਂ,ਉਨ ਕੋ ਤੋ ਮਨ ਸੇ

ਭੁਲਾਇ ਦੀਆ ਹੈ ਅਰ ਇਸ ਮਨੁਖ ਸਰੀਰ ਸੇ ਜੋ ਹਾਡ ਚਾਮ ਬਿਸ਼ਟਾ ਕਾ ਗ੍ਰਾਮ ਹੈ ਅਰ ਉਸ ਕੇ ਨੌਂ ਦਵਾਰ ਹੈਂ ਅਰ ਸਭ ਦਰਵਾਜੋਂ ਸੇ ਦੁਰਗੰਧ ਬਹਿਤੀ ਹੈ, ਇਸੀ ਸੇ ਸੁਖ ਮਾਣਾ ਅਰ ਇਸ ਸੰਸਾਰ ਕੋ ਸਤਿ ਕਰ ਕੇ ਜਾਣਾ, ਸੋ ਧ੍ਰਿਕਾਰ ਹੈ ਮੇਰੀ ਬੁਧੀ ਕੋ। ਹਾਹਾ! ਮੈਂ ਨੇ ਜਨਮ ਕੋ ਬ੍ਰਿਥਾ ਹੀ ਗਵਾਇ ਦੀਆ, ਅਬ ਮੈਂ ਨਿਸ਼ਕਾਮ ਭਗਤੀ ਭਗਵਾਨ ਕੀ ਕਰਾਂ, ਜਿਸ ਮੇਂ ਮੇਰਾ ਲੋਕ ਅਰ ਪ੍ਰਲੋਕ ਦੋਨੋਂ ਸੁਧਰੇ ਅਰ ਸ੍ਰੀ ਭਗਵਾਨ ਭੀ ਐਸੇ ਭਗਤੋਂ ਕੇ ਬਸ ਹੈਂ, ਉਨ ਕੋ ਕੁਛ ਇੱਛਾ ਨਹੀਂ ਪਰ ਦੇਖੋ ਲਛਮੀ ਜੀ ਨੇ ਜੋ ਉਨ ਕੀ ਸੇਵਾ ਕਰੀ ਤੋ ਕ੍ਰਿਪਾ ਕਰਕੇ ਉਸ ਕੋ ਹਿਰਦੇ ਮੇਂ ਬਾਸ ਦੀਆ ਅਰ ਯੇਹ ਇਸਤ੍ਰੀ ਜੋ ਪੁਰਸ਼ ਕੀ ਆਸ਼ਾ ਕਰਤੀ ਹੈ, ਸੋ ਬੜੀ ਮੂਰਖ ਹੈ, ਜਬ ਤਕ ਇਸਤ੍ਰੀ ਪੁਰਸ਼ ਜੀਵਤੇ ਰਹੇਂਗੇ ਤਬ ਤਕ ਦੋਨੋਂ ਮਿਲਕੇ ਭੋਜਨ ਖਾ ਲੇਤੇ ਹੈਂ ਅਰ ਜੋ ਪੁਰਸ਼ ਮ੍ਰਿਤ ਕੋ ਪਰਾਪਤਿ ਹੋਤਾ ਹੈ ਤਬ ਕਿਆ ਦੇਵੇਗਾ, ਆਜ ਸੇ ਜੋ ਕੁਛ ਭਗਵਾਨ ਮੁਝ ਕੋ ਦੇਵੇਂਗੇ, ਉਸ ਕੋ ਖਾਇ ਆਨੰਦ ਸੇ ਬੈਠ ਰਹੂੰਗੀ ਅਰ ਭਗਵਾਨ ਕਾ ਸਿਮਰਨ ਕਰੂੰਗੀ। ਫਿਰ ਪਿੰਗਲਾ ਨੇ ਅਪਨੇ ਮਨ ਮੇਂ ਕਹਾ ਕਿ ਆਜ ਤਕ ਕੋਈ ਮੁਝ ਸੇ ਧਰਮ ਕਾ ਕਾਰਜ ਨਹੀਂ ਹੂਆ ਅਰ ਨਾ ਤੀਰਥ ਤਪ ਕੀਏ ਅਰ ਨਾ ਦਾਨ ਕਰਾ ਪਰ ਨਹੀਂ ਜਾਣਤੀ ਕਿ ਆਜ ਮੈਂ ਪਾਪਨੀ ਔਰ ਚੰਡਾਲਣੀ ਕੋ ਐਸੀ ਸ੍ਰੇਸ਼ਟ ਬੁਧੀ ਕਹਾਂ ਸੇ ਪ੍ਰਾਪਤ ਹੋ ਗਈ ਅਰ ਇਹ ਜਾਣੋ ਕਿ ਆਜ ਦ੍ਰਬ ਕੁਛ ਪਰਾਪਤ ਨਹੀਂ ਹੂਆ, ਇਸ ਕਾਰਨ ਐਸੀ ਬੁਧਿ ਹੂਈ ਸੋ ਯਿਹ ਬਾਤ ਝੂਠੀ ਹੈ ਪਹਿਲੇ ਬਹੁਤ ਸੇ ਦਿਨੋਂ ਐਸਾ ਹੂਆ ਹੈ ਕਿ ਦਰਬ ਭੀ ਪ੍ਰਾਪਤ ਨਹੀਂ ਹੂਆ ਥਾ ਪਰ ਐਸੀ ਬੁਧਿ ਨਹੀਂ ਹੂਈ ਥੀ ਆਜ ਤੋ ਕੋਈ ਬੜੀ ਕ੍ਰਿਪਾ ਸ੍ਰੀ ਭਗਵਾਨ ਜੀ ਕੀ ਮੇਰੇ ਉਪਰ ਹੂਈ ਹੈ। ਉਸ ਦਿਨ ਉਸ ਵੇਸਵਾ ਕੋ ਗਿਆਨ ਮਹਾਤਮਾ ਦੱਤਾਤ੍ਰੇਯ ਜੀ ਕੇ ਚਰਣੋਂ ਸੇ ਪ੍ਰਾਪਤ ਹੂਆ ਥਾ ਉਨ ਕੇ ਦਰਸ਼ਨ ਸੇ ਉਸਕੀ ਬੁਧ ਨਿਰਮਲ ਹੋ ਗਈ। ਉਸਨੇ ਪਰਮਾਤਮਾ ਦੀ ਭਗਤੀ ਕੀਤੀ ਤੇ ਉਸਨੂੰ ਪ੍ਰਭੂ ਦੀ ਪ੍ਰਾਪਤੀ ਹੋਈ।

# ਸਾਖੀ—ਫੰਦਕ ਦੀ

ਇਕ ਲੋਧੀਆ ਨਾਮ ਦਾ ਫੰਦਕ ਹੋਇਆ ਹੈ। ਉਸਦੇ ਕੋਲ ਇਕ ਕੂਕਰੀ ਸੀ। ਉਹ ਕੂਕਰੀ ਵੀ ਇਸ ਤਰ੍ਹਾਂ ਦੀ ਸੀ, ਉਹ ਵਾਸ਼ਨਾ ਲੈ ਕੇ ਪੰਛੀ ਨੂੰ ਪਕੜ ਲੈਂਦੀ ਸੀ। ਲੋਧੀਆ ਉਸ ਕੂਕਰੀ ਅਤੇ ਜਾਲ ਲੈ ਕੇ ਸਦਾ ਹੀ ਪੰਛੀਆਂ ਨੂੰ ਪਕੜਿਆ ਕਰਦਾ ਸੀ। ਜਦੋਂ ਉਹ ਲੋਧੀਆ ਪੰਛੀਆਂ ਨੂੰ ਫੜ ਕੇ ਜੰਗਲ ਤੋਂ ਲੈ ਆਉਂਦਾ ਸੀ ਤਾਂ ਫਿਰ ਬਾਜ਼ਾਰ ਵਿਚ ਵੇਚ ਕੇ ਆਪਣੀ ਉਪਜੀਵਿਕਾ ਚਲਾਉਂਦਾ ਸੀ। ਜਦੋਂ ਇਕ ਦਿਨ ਲੋਧੀਆ, ਫੰਦਕ ਸ਼ਿਕਾਰ ਨੂੰ ਗਿਆ ਤਦ ਉਸ ਦਿਨ ਕੋਈ ਪੰਛੀ ਪ੍ਰਾਪਤ ਨਹੀਂ ਹੋਇਆ। ਜਦੋਂ ਇਸ ਤਰ੍ਹਾਂ ਹੋਇਆ ਤਦ ਫੰਦਕ ਉਦਾਸ ਅਤੇ ਚਿੰਤਤ ਹੋਇਆ। ਇਸ ਤਰ੍ਹਾਂ ਜੰਗਲ ਵਿਚ ਪੰਛੀਆਂ ਨੂੰ ਲੱਭਦਾ ਹੋਇਆ ਇਕ ਸਥਾਨ ਤੇ ਆ ਕੇ ਵੇਖਦਾ ਹੈ ਕਿ ਪਦਮ-ਆਸਣ ਲਗਾ



ਕੇ ਅੰਤਰਮੁਖੀ ਧਿਆਨ ਵਿਚ ਲੀਨ ਹੋ ਕੇ ਤਪੱਸਵੀ ਤਪੱਸਿਆ ਕਰ ਰਿਹਾ ਹੈ। ਤਦ ਲੋਧੀਆ ਨੇ ਉਸਦੇ ਅੱਗੇ ਖੜਾ ਹੋ ਕੇ ਆਪਣੇ ਮਨ ਵਿਚ ਮੰਨਤ ਮੰਗਦੇ ਹੋਏ ਆਖਿਆ ਕਿ 'ਹੇ ਤਪੱਸਵੀ ਜਿੰਨੇ ਪੰਛੀ ਮੈਨੂੰ ਪ੍ਰਾਪਤ ਹੋਣਗੇ, ਉਸਦਾ ਅੱਧਾ ਭਾਗ ਮੈਂ ਆਪਨੂੰ ਭੇਟਾ ਕਰੂੰਗਾ। ਇਸ ਪ੍ਰਕਾਰ ਤਪੱਸਵੀ ਅੱਗੇ ਮੰਨਤ ਮੰਗ ਕੇ ਜਦੋਂ ਉਸ ਸ਼ਿਕਾਰੀ ਨੇ ਜੰਗਲ ਵਿਚ ਜਾ ਕੇ ਜਾਲ ਵਿਛਾਇਆ ਤਦ ਸੱਤ ਪੰਛੀ ਜਾਲ ਵਿਚ ਫਸ ਗਏ। ਤਦ ਉਹਨਾਂ ਪੰਛੀਆਂ ਨੂੰ ਲੈ ਕੇ ਤਪੱਸਵੀ ਅੱਗੇ ਆ ਕੇ ਬੇਨਤੀ ਕੀਤੀ 'ਹੇ ਮੁਨੀ ਇਹ ਪੰਛੀ ਆਪ ਲੈ ਲਵੋ' ਜਦੋਂ ਮੁਨੀ ਜੀ ਨੇ ਅੱਖ ਖੋਲ੍ਹ ਕੇ ਉਸ ਵਲ ਵੇਖਿਆ ਉਸ ਵਲ ਵੇਖ ਕੇ ਬੜੇ ਭੈਅ ਨੂੰ ਪ੍ਰਾਪਤ ਹੋਏ ਅਤੇ ਕਿਹਾ 'ਹੇ ਪਾਪੀ ਇਹ ਤੂੰ ਕੀ ਕੰਮ ਕਰਦਾ ਏਂ ?' ਤੈਨੂੰ ਪਰਮੇਸ਼ਰ ਦਾ ਡਰ ਨਹੀਂ ਹੈ ? ਇਸ ਪ੍ਰਕਾਰ ਸੁਣ ਕੇ ਉਹ ਲੋਧੀਆ ਬੋਲਿਆ 'ਹੇ ਤਪੱਸਵੀ ਮੈਂ ਤੁਹਾਡੀ ਮੰਨਤ ਕੀਤੀ ਹੈ, ਕਿ ਮੈਨੂੰ ਜੋ ਪ੍ਰਾਪਤ ਹੋਵੇ ਉਸਦਾ ਅੱਧਾ ਭਾਗ ਤਪੱਸਵੀ ਨੂੰ ਦੇਵਾਂਗਾ, ਇਸ ਲਈ ਮੈਨੂੰ ਇਹ ਪ੍ਰਾਪਤ ਹੋਏ ਸਨ। ਸੋ ਇਸ ਵਿਚੋਂ ਅੱਧਾ ਭਾਗ ਤੁਸੀਂ ਲੈ ਲਵੋ ਅਤੇ ਅੱਧਾ ਭਾਗ ਮੈਂ ਆਪਣੇ ਘਰ ਲੈ ਜਾਵਾਂਗਾ' 'ਹੇ ਤਪੱਸਵੀ ਜੇਕਰ ਤੁਸੀਂ ਅੱਧੇ ਭਾਗ ਉਪਰ ਪ੍ਰਸੰਨ ਨਹੀਂ ਹੁੰਦੇ ਤਦ ਸਾਰੇ ਹੀ ਪੰਛੀ ਲੈ ਲਵੋ, ਮੈ ਹੋਰ ਪਕੜ ਲਵਾਂਗਾ।' ਅਤੇ ਜੇਕਰ ਆਪ ਇਹਨਾਂ ਨੂੰ ਮਾਰਨ ਦਾ ਭੈਅ ਕਰਦੇ ਹੋ ਤਦ ਮੈਂ ਹੀ ਇਹਨਾਂ ਨੂੰ ਮਾਰ ਕੇ ਤੁਹਾਨੂੰ ਦੇ ਦਿੰਦਾ ਹਾਂ। ਹੇ ਤਪੱਸਵੀ ਜੇਕਰ ਤੁਸੀਂ ਇਹਨਾਂ ਨੂੰ ਗ੍ਰਹਿਣ ਨਹੀਂ ਕਰੋਗੇ, ਤਦ ਮੈਂ ਤੁਹਾਡੇ ਸਾਹਮਣੇ ਆਪਣਾ ਗਲਾ ਕੱਟ ਕੇ ਇਸ ਛੁਰੀ ਨਾਲ ਆਪਣੇ ਪ੍ਰਾਣ ਤਿਆਗ ਦਿਆਂਗਾ। ਜਦੋਂ ਤਪੱਸਵੀ ਨੇ ਇਸ ਪ੍ਰਕਾਰ ਫੰਦਕ ਦੀ ਗੱਲ ਸੁਣੀ ਤਦ ਹੈਰਾਨ ਹੋ ਕੇ ਤਪੱਸਵੀ ਫੰਦਕ ਦੇ ਪ੍ਰਤੀ ਬੋਲੇ 'ਹੇ ਫੰਦਕ ਹੋਰ ਪੰਛੀ ਨੂੰ ਪਕੜ ਕੇ ਲਿਆਉਗੇ ਤਦ ਮੈ ਉਸਨੂੰ ਸਵੀਕਾਰ ਕਰ ਲਵਾਗਾਂ ਜੇਕਰ ਪੁੱਛੇ ਉਹ ਪੰਛੀ ਕਿਸ ਤਰ੍ਹਾਂ ਦਾ ਹੈ ਤਦ ਨਿਸਚੈ ਕਰਕੇ ਜਾਣ ਲੈ ਜੋ ਆਮ ਉਸਦਾ ਸਰੂਪ ਹੈ ਚਾਰ ਉਸਦੀਆਂ ਭੁਜਾ ਹਨ, ਸੰਖ, ਚੱਕਰ, ਗਧਾ ਪਦਮ ਹੱਥਾਂ ਵਿਚ ਧਾਰਣ ਕੀਤਾ ਹੋਇਆ ਹੈ ਅਤੇ ਸੀਸ ਉੱਤੇ ਮੁਕਟ ਧਾਰੇ ਹੋਏ ਹਨ ਅਤੇ ਮਹਾਂ ਸੁੰਦਰ ਕੱਦ ਅਤੇ ਪੀਤੰਬਰ ਧਾਰਨ ਕੀਤਾ ਹੈ। ਹੇ ਫੰਦਕ 'ਜੇਕਰ ਤੂੰ ਐਸੇ ਪੰਛੀ ਨੂੰ ਪਕੜ ਕਰ ਲੈ ਆਵੇ ਤਦ ਮੈ ਤੈਨੂੰ ਬਹੁਤ ਸਾਰਾ ਧਨ ਦਿਆਂਗਾ। ਐਸਾ ਸੁਣਦੇ ਹੀ ਫੰਦਕ ਨੇ ਕਿਹਾ ਮੈ ਅੱਜ ਹੀ ਫੜ ਕੇ ਉਸਨੂੰ ਲਿਆਉਂਦਾ ਹਾਂ। ਇਸ ਪ੍ਰਕਾਰ ਕਹਿ ਕੇ ਫੰਦਕ ਨੇ ਸੱਤਾ ਪੰਛੀਆਂ ਨੂੰ ਛੱਡ ਦਿੱਤਾ ਅਤੇ ਆਪ ਮਨ ਵਿਚ ਦ੍ਰਿੜ ਨਿਸਚਾ ਕਰਕੇ ਜੰਗਲ ਵਿਚ ਜਾਲ ਲਗਾ ਦਿੱਤਾ। ਉਸ ਪੰਛੀ ਦੇ ਸਰੂਪ ਦਾ ਧਿਆਨ ਕਰਦੇ ਹੋਏ ਉਸ ਨੇ ਬਹੁਤ ਹੀ ਅਸਥਾਨਾਂ 'ਤੇ ਜਾਲ ਲਗਾਇਆ ਪਰ ਉਹ ਪੰਛੀ ਉਸਨੂੰ ਨਜ਼ਰ ਨਾ ਆਇਆ। ਜਿੰਨੇ ਵੀ ਪੰਛੀ ਜਾਲ ਵਿਚ ਆ ਕੇ ਬੈਠੇ, ਉਹਨਾਂ ਨੂੰ ਫੜਕੇ ਛੱਡ ਦੇਵੇ। ਇਸ ਪ੍ਰਕਾਰ ਜੰਗਲ ਵਿਚ ਘੁੰਮਦੇ-2 ਤਿੰਨ ਪਹਿਰ ਬਤੀਤ ਹੋ ਗਏ। ਭੁੱਖਾ ਪਿਆਸਾ ਹੋਣ ਕਰਕੇ ਲੋਧੀਆ ਬਹੁਤ ਵਿਆਕੁਲ ਹੋਇਆ ਜਦ ਚੌਥਾ ਪਹਿਰ ਸ਼ੁਰੂ ਹੋਇਆ ਉਸ ਸਮੇਂ ਉਸਦੀ ਇਸਤਰੀ ਉਸਨੂੰ ਲੱਭਦੀ ਲੱਭਦੀ ਉਸ ਜੰਗਲ ਦੇ ਨੇੜੇ ਆ

ਗਈ। ਜਦੋਂ ਲੋਧੀਏ ਨੇ ਇਸਤਰੀ ਨੂੰ ਪਾਸ ਵੇਖਿਆ ਤਾਂ ਹੈਰਾਨ ਹੋਇਆ। ਉਸ ਸਮੇਂ ਆਪਣੀ ਇਸਤਰੀ ਨੂੰ ਪਹਿਲੀ ਸਾਰੀ ਵਾਰਤਾ ਸੁਣਾਈ ਅਤੇ ਆਖਿਆ ਕਿ ਮੈ ਅੰਨ-ਜਲ ਤਦ ਅੰਗੀਕਾਰ ਕਰਾਗਾਂ ਜਦ ਉਸ ਪੰਛੀ ਨੂੰ ਪਕੜਾਂਗਾ। ਇਸਤਰੀ ਇਸ ਪ੍ਰਕਾਰ ਸੁਣ ਕੇ ਬੋਲੀ ਕਿ ਹੇ ਸੁਆਮੀ! ਇਸ ਪ੍ਰਕਾਰ ਦਾ ਪੰਛੀ ਤਾਂ ਤਿੰਨਾਂ ਕਾਲਾਂ ਵਿਚ ਹੱਥ ਨਹੀਂ ਆਵੇਗਾ ਅਤੇ ਨਾ ਹੀ ਮੈ ਇਸ ਤਰ੍ਹਾਂ ਦਾ ਕੋਈ ਪੰਛੀ ਦੇਖਿਆ ਹੈ। ਤੂੰ ਵੀ ਆਪਣੇ ਮਨ ਵਿਚ ਵਿਚਾਰ ਕਰ ਕਿ ਤੂੰ ਇਸ ਤਰ੍ਹਾਂ ਦਾ ਪੰਛੀ ਕਦੀ ਵੇਖਿਆ ਸੁਣਿਆ ਹੈ। ਹੇ ਮੇਰੇ ਸਿਰਤਾਜ ਤੈਨੂੰ ਕਿਸੇ ਨੇ ਠੱਗ ਬੁੱਧੀ ਲਗਾਈ ਹੈ, ਜਾਂ ਤੂੰ ਬੌਰਾ ਹੋ ਗਿਆ ਹੈ, 'ਜੇਕਰ ਆਪਣਾ ਭਲਾ ਚਾਹੁੰਦਾ ਹੈ, ਘਰ ਚਲ ਉਤੋਂ ਰਾਤ ਪੈ ਗਈ ਹੈ। ਇਸ ਪ੍ਰਕਾਰ ਸੁਣ ਕੇ ਲੋਧੀਆ ਛੁਰੀ ਕੁਹਾੜੀ ਹੱਥ ਵਿਚ ਲੈ ਕੇ ਗੁੱਸੇ ਨਾਲ ਉਸ ਦਾ ਗਲਾ ਕੱਟਣ ਲਈ ਤਿਆਰ ਹੋ ਗਿਆ। ਤਦ ਇਸਤਰੀ ਨੇ ਜਾਣਿਆ ਕਿ ਇਹ ਗੁੱਸੇ ਵਿਚ ਪੂਰਨ ਹੈ ਕਿਤੇ ਮੇਰਾ ਨਾਸ ਹੀ ਨਾ ਕਰ ਦੇਵੇ, ਐਸਾ ਵਿਚਾਰ ਕੇ ਉਹ ਘਰ ਨੂੰ ਚਲੀ ਗਈ। ਇਸ ਪ੍ਰਕਾਰ ਲੋਧੀਆ ਨੂੰ ਸ਼ਾਮ ਪੈਣ 'ਤੇ ਵੀ ਐਸੇ ਪੰਛੀ ਦੀ ਪ੍ਰਾਪਤੀ ਨਾ ਹੋਈ। ਤਦ ਜੰਗਲ ਵਿਚ ਰਹਿ ਕੇ ਐਸੇ ਪੰਛੀ ਦੇ ਸਰੂਪ ਦਾ ਧਿਆਨ ਧਰਦਾ ਹੋਇਆ ਸੂਰਜ ਦੇ ਚੜ੍ਹਨ ਤੱਕ ਜੰਗਲ ਵਿਚ ਜਾ ਕੇ ਜਾਲ ਲਗਾਇਆ ਅਤੇ ਮਨ ਵਿਚ ਵਿਚਾਰ ਕੀਤੀ ਜਦ ਮੈਨੂੰ ਪੰਛੀ ਪ੍ਰਾਪਤ ਹੋਵੇਗਾ ਤਦ ਹੀ ਮੇਰਾ ਜਿਊਣਾ ਸਫ਼ਲ ਹੈ। ਇਸ ਪ੍ਰਕਾਰ ਵਿਚਾਰ ਕਰਦਾ ਹੋਇਆ ਭੁੱਖਾ ਪਿਆਸਾ ਵਿਆਕੁਲ ਸਾਰੇ ਪਾਸੇ ਉਸ ਪੰਛੀ ਨੂੰ ਵੇਖੇ ਕਿ ਕਿਧਰੋਂ ਪੰਛੀ ਨਜ਼ਰ ਆਵੇ। ਦੂਸਰੇ ਦਿਨ ਵੀ ਪੰਛੀ ਦੀ ਪ੍ਰਾਪਤੀ ਨਾ ਹੋਈ। ਤੀਸਰੇ ਦਿਨ ਫਿਰ ਜੰਗਲ ਵਿਚੋਂ ਪੰਛੀ ਦੀ ਭਾਲ ਕਰਨ ਲੱਗਿਆ। ਤੀਸਰੇ ਦਿਨ ਸ਼ਾਮ ਦੇ ਸਮੇਂ ਉਹ ਸ਼ਿਕਾਰੀ ਲੱਕੜਾਂ ਇਕੱਠੀਆਂ ਕਰਕੇ ਚਿਖਾ ਬਣਾਕੇ ਸੜ ਕੇ ਮਰਨ ਦੀ ਇੱਛਾ ਕਰਦਾ ਜਦੋਂ ਉਹ ਚਿੱਖਾ ਨੂੰ ਅੱਗ ਲਾ ਕੇ ਚਿਖਾ ਵਿਚ ਬੈਠਣ ਹੀ ਲੱਗਾ ਤਦ ਭਗਤ ਵਛਲ, ਦੀਨ ਬੰਧੂ, ਪਤਿਤ-ਪਾਵਨ ਉਸ ਦਾ ਪ੍ਰੇਮ ਵੇਖ ਕੇ ਉਸ ਪੰਛੀ ਦਾ ਸਰੂਪ ਧਾਰਨ ਕਰਕੇ ਸਾਹਮਣੇ ਖੜ੍ਹੇ ਹੋ ਗਏ, ਜਦੋਂ ਉਸ ਪੰਛੀ ਦਾ ਸਰੂਪ ਫੰਦਕ ਨੇ ਦੇਖਿਆ ਤਦ ਝੱਟ ਹੀ ਬਹੁਤ ਖੁਸ਼ੀ ਨਾਲ ਉਸ ਪੰਛੀ ਨੂੰ ਫੜਨ ਲਈ ਉਸ ਮਗਰ ਦੌੜਨ ਲੱਗਾ। ਉਸਨੇ ਮਨ ਵਿਚ ਸੋਚਿਆ ਕਿ ਮੈ ਉਸਨੂੰ ਪਕੜ ਲੈਂਦਾ ਹਾਂ। ਪਰ ਉਹ ਪੰਛੀ ਕਿਵੇ ਪਕੜ ਹੋਵੇ, ਹਜ਼ਾਰਾਂ ਸਾਲਾ ਤੋਂ ਮੁਨੀ, ਤਪੱਸਵੀ ਤੱਪ ਕਰਦੇ ਰਹੇ ਅਤੇ ਉਹ ਪੰਛੀ ਧਿਆਨ ਵਿਚ ਨਹੀਂ ਆਇਆ। ਲੋਧੀਆ ਉਸ ਪੰਛੀ ਦੇ ਪਿੱਛੇ-2 ਦੌੜ ਕੇ ਹਾਰ ਗਿਆ, ਉਸ ਦੇ ਹੱਡ ਗੋਡੇ ਟੁੱਟ ਗਏ, ਲਹੂ ਦੀ ਧਾਰਾ ਸਰੀਰ ਵਿਚੋਂ ਨਿਕਲਣ ਲੱਗੀ ਅਤੇ ਵਿਆਕੁਲ ਹੋਇਆ ਛੁਰੀ ਲੈ ਕੇ ਆਪਣਾ ਗਲਾ ਕੱਟਣ ਲੱਗਾ ਜਦੋਂ ਆਪਣੇ ਗਲ 'ਤੇ ਛੁਰੀ ਚਲਾਉਣ ਲੱਗਾ ਹੀ ਸੀ ਕਿ ਤਦ ਉਸ ਸਮੇਂ ਹੀ ਪਰਮਾਤਮਾ ਰੂਪ ਪੰਛੀ ਉਸਦਾ ਸੱਚਾ ਭਰੋਸਾ ਜਾਣ ਕੇ ਉਸਦੇ ਜਾਲ ਵਿਚ ਪੰਛੀ ਦੀ ਤਰ੍ਹਾਂ ਫਸ ਗਏ। ਤਦ ਲੋਧੀਆ ਬਹੁਤ ਪ੍ਰਸੰਨ ਹੋਇਆ ਪੰਛੀ ਨੂੰ ਪਕੜਿਆ ਅਤੇ ਪਕੜ ਕੇ ਤਪੱਸਵੀ ਦੇ ਪਾਸ ਲੈ ਆਇਆ। ਜਦੋਂ ਤਪੱਸਵੀ ਨੇ ਭਗਵਾਨ



ਆਉਂਦਾ ਵੇਖਿਆ, ਤਦ ਉਸਨੇ ਉੱਠ ਕੇ ਦੋਨੋਂ ਹੱਥ ਜੋੜ ਕੇ ਤਪੱਸਵੀ ਨੂੰ ਨਮਸਕਾਰ ਕੀਤੀ ਅਤੇ ਦੀਨ ਬੰਧੂ ਦੇ ਚਰਨਾਂ ਵਿਚ ਨਮਸਕਾਰ ਕੀਤੀ। ਤਪੱਸਵੀ ਬੜੇ ਪ੍ਰੇਮ ਨਾਲ ਪੰਛੀ ਰੂਪ ਭਗਵਾਨ ਜੀ ਨੂੰ ਉਸ ਆਸਣ ਉੱਤੇ ਬਿਠਾਇਆ ਅਤੇ ਸਨਮਾਨ ਸਾਹਿਤ ਫੰਦਕ ਨੂੰ ਵੀ ਆਸਣ ਉੱਪਰ ਬਿਠਾਇਆ। ਜੰਗਲ ਵਿਚੋਂ ਫੁੱਲ-ਫਲ ਲਿਆਕੇ ਭਗਵਾਨ ਅੱਗੇ ਰੱਖੇ ਕਿਰਪਾ ਨਿਧਾਨ ਪਰਮਾਤਮਾ ਚਤੁਰਭੁਜ ਰੂਪ ਧਾਰਣ ਕਰਕੇ ਸੰਖ, ਗਧਾ, ਚੱਕਰ, ਪਦਮ, ਮਾਲਾ ਸਮੇਤ ਦੋਨਾਂ ਨੂੰ ਦਰਸ਼ਨ ਦਿੰਦੇ ਹਨ ਅਤੇ ਇਕ ਹੱਥ ਨਾਲ ਫੰਦਕ ਨੂੰ ਕੰਠ ਨਾਲ ਲਗਾ ਕੇ ਅਤੇ ਦੂਜੇ ਹੱਥ ਫੰਦਕ ਨੂੰ ਦਿਲਾਸਾ ਦਿੰਦੇ ਜਦੋਂ ਕਿ ਬਹੁਤ ਦਿਨਾਂ ਦਾ ਭੁੱਖੇ ਪਿਆਸੇ ਹੋਏ ਨੇ ਬੜੀ ਭਾਰੀ ਪੀੜਾ ਸਹਿਣ ਕੀਤੀ ਜਾਣਦੇ ਹੋਏ ਉਸ ਨਾਲ ਬਹੁਤ ਪ੍ਰੇਮ ਕੀਤਾ ਅਤੇ ਇਕ ਹੱਥ ਨਾਲ ਤਪੱਸਵੀ ਨੂੰ ਦਿਲਾਸਾ ਦਿੰਦੇ ਰਹੇ। ਪਰਮਾਤਮਾ ਨੇ ਦੋਨਾ ਨੂੰ ਕਿਹਾ ਕਿ ਤੁਸੀਂ ਮੇਰੇ ਧਾਮ ਨੂੰ ਪ੍ਰਾਪਤ ਹੋਵੋ। ਇਸ ਪ੍ਰਕਾਰ ਉਸ ਸ਼ਿਕਾਰੀ ਦਾ ਵੀ ਉਧਾਰ ਹੋ ਗਿਆ।

### *-ਸਾਖੀ ਦੂਸਰੇ ਫੰਦਕ ਦੀ-*

## ਸ਼ਿਕਾਰੀ ਦਾ ਉਧਾਰ ਕਰਨਾ ਅਤੇ ਹਿਰਨੀ ਦੀ ਰੱਖਿਆ ਕਰਨੀ

ਇਕ ਸਮੇਂ ਦੀ ਗੱਲ ਹੈ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਜੰਗਲ ਵਿਚ ਬੈਠ ਕੇ ਇਕਾਂਤ ਵਿਚ ਪ੍ਰਭੂ ਦਾ ਸਿਮਰਨ ਕਰ ਰਹੇ ਸਨ, ਜੋ ਸਥਾਨ ਵਾਰਾਨਸੀ ਵਿਖੇ ਅੱਜ ਲਹਿਰਤਾਰਾ ਦੇ ਨਾਂ ਨਾਲ ਪ੍ਰਸਿੱਧ ਹੈ। ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਆਲੇ-ਦੁਆਲੇ ਬਹੁਤ ਹੀ ਮਨ-ਭਾਉਂਦਾ ਤੇ ਪਿਆਰਾ ਦ੍ਰਿਸ਼ ਸੀ। ਉਸ ਸਮੇਂ ਉਨ੍ਹਾਂ ਦੇ ਨਜ਼ਦੀਕ ਤੋਂ ਇਕ ਹਿਰਨੀ ਇਧਰ ਨੱਠੀ ਹੋਈ ਆਈ, ਜਿਸ ਦੇ ਪਿੱਛੇ ਸ਼ਿਕਾਰੀ ਲੱਗਾ ਹੋਇਆ ਸੀ। ਉਹ ਹਿਰਨੀ ਨੂੰ ਮਾਰਨ ਲਈ ਤਿਆਰ ਸੀ। ਸ਼ਿਕਾਰੀ ਨੇ ਹਿਰਨੀ ਨੂੰ ਆਪਣੇ ਕਾਬੂ ਵਿਚ ਕਰ ਲਿਆ ਸੀ। ਹਿਰਨੀ ਨੇ ਦੇਖਿਆ ਕਿ ਹੁਣ ਉਸਦਾ ਜੀਵਨ ਮੁਸ਼ਕਲ ਹੋ ਗਿਆ ਹੈ। ਉਹ ਸੋਚਣ ਲੱਗੀ ਕਿ ਸ਼ਿਕਾਰੀ ਹੁਣ ਉਸਨੂੰ ਮਾਰ ਦੇਵੇਗਾ। ਉਸਨੇ ਸੋਚਿਆ ਕਿ ਉਹ ਹੁਣ ਆਪਣੇ ਬੱਚਿਆਂ ਨੂੰ ਵੀ ਨਹੀਂ ਮਿਲ ਸਕਦੀ, ਉਹਨਾਂ ਨੂੰ ਦੁੱਧ ਪਿਲਾਉਣਾ ਤਾਂ ਦੂਰ ਦੀ ਗੱਲ ਹੈ। ਹਿਰਨੀ ਆਪਣੇ ਮਨ ਵਿਚ ਹੀ ਇਸ ਤਰ੍ਹਾਂ ਸੋਚ ਕੇ ਦੁਖੀ ਹੋ ਰਹੀ ਸੀ। ਬੱਚਿਆਂ ਦੇ ਪਿਆਰ ਨੂੰ ਯਾਦ ਕਰਕੇ ਉਸਦੇ ਅੱਖਾਂ ਵਿਚ ਹੰਝੂ ਵਗਣ ਲੱਗੇ। ਇਹ ਦੇਖ ਕੇ ਸ਼ਿਕਾਰੀ ਨੇ ਕਿਹਾ ਕਿ ਹੇ ਹਿਰਨੀ! ਤੇਰੀਆਂ ਅੱਖਾਂ ਵਿਚ ਹੰਝੂ ਆਉਣ ਦਾ ਕੀ ਕਾਰਨ ਹੈ? ਹਿਰਨੀ ਨੇ ਕਿਹਾ ਕਿ ਮੈਨੂੰ ਆਪਣੇ ਬੱਚਿਆਂ ਦੀ ਯਾਦ ਆਈ ਹੈ, ਇਸ ਲਈ ਮੇਰੀ ਇਹ ਹਾਲਤ ਹੈ। ਹਿਰਨੀ ਨੇ ਸ਼ਿਕਾਰੀ ਨੂੰ ਕਿਹਾ, ਹੇ ਸ਼ਿਕਾਰੀ! ਤੂੰ ਮੈਨੂੰ ਦੋ ਘੜੀ ਲਈ ਛੱਡ ਦੇ, ਮੈਂ ਆਪਣੇ ਬੱਚਿਆਂ ਨੂੰ ਦੁੱਧ ਪਿਲਾ ਕੇ ਥੋੜ੍ਹੀ ਦੇਰ ਵਿਚ ਹੀ

ਤੇਰੇ ਕੋਲ ਆ ਜਾਵਾਂਗੀ। ਸ਼ਿਕਾਰੀ ਨੇ ਉੱਤਰ ਦਿੱਤਾ ਕਿ ਕੋਈ ਜ਼ਮਾਨਤ ਦੇਵੇਂ ਤਾਂ ਮੈਂ ਤੈਨੂੰ ਛੱਡ ਸਕਦਾ ਹਾਂ।

ਪਾਸ ਹੀ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਸਨ। ਉਹਨਾਂ ਨੇ ਸ਼ਿਕਾਰੀ ਨੂੰ ਕਿਹਾ ਕਿ ਮੈਂ ਇਸਦੀ ਜ਼ਮਾਨਤ ਦਿੰਦਾ ਹਾਂ ਅਤੇ ਤੇਰੇ ਪਾਸ ਉਦੋਂ ਤੱਕ ਰਹੂੰਗਾ, ਜਦੋਂ ਤੱਕ ਹਿਰਨੀ ਵਾਪਸ ਨਹੀਂ ਆ ਜਾਵੇਗੀ। ਸ਼ਿਕਾਰੀ ਨੇ ਦੋ ਘੜੀ ਦੇ ਸਮੇਂ ਲਈ ਹਿਰਨੀ ਨੂੰ ਛੱਡ ਦਿੱਤਾ। ਹਿਰਨੀ ਤੇਜ਼ੀ ਨਾਲ ਦੌੜਦੀ ਹੋਈ ਆਪਣੇ ਬੱਚਿਆਂ ਦੇ ਕੋਲ ਪਹੁੰਚ ਗਈ। ਬੱਚਿਆਂ ਨੇ ਜਦ ਦੇਖਿਆ ਕਿ ਉਹਨਾਂ ਦੀ ਮਾਤਾ ਆ ਗਈ ਹੈ ਤਾਂ ਛੇਤੀ ਹੀ ਉਹ ਆਪਣੀ ਮਾਤਾ ਨਾਲ ਲਿਪਟ ਗਏ ਅਤੇ ਦੁੱਧ ਪੀਣ ਦੀ ਤਿਆਰੀ ਵਿਚ ਸਨ ਕਿ ਬੱਚਿਆਂ ਨੇ ਦੇਖਿਆ ਕਿ ਉਹਨਾਂ ਦੀ ਮਾਤਾ ਉਦਾਸ ਹੈ। ਬੱਚਿਆਂ ਨੇ ਮਾਤਾ ਨੂੰ ਦੁਖੀ ਵੇਖ ਕੇ ਪੁੱਛਿਆ, ਕਿ ਮਾਤਾ ਜੀ ਤੁਹਾਡੀ ਉਦਾਸੀ ਦਾ ਕੀ ਕਾਰਨ ਹੈ? ਤਾਂ ਹਿਰਨੀ ਨੇ ਸਾਰੀ ਗੱਲ ਸੁਣਾਈ। ਬੱਚਿਆਂ ਨੇ ਕਿਹਾ ਮਾਤਾ ਜੀ ਹੁਣ ਅਸੀਂ ਦੁੱਧ ਨਹੀਂ ਪੀਵਾਂਗੇ ਅਤੇ ਅਸੀਂ ਤੁਹਾਡੇ ਨਾਲ ਚਲਾਂਗੇ। ਤੁਹਾਡੇ ਤੋਂ ਪਹਿਲਾਂ ਅਸੀਂ ਆਪਣੀ ਜਾਨ ਦੇ ਦੇਵਾਂਗੇ। ਸਾਡੇ ਤੋਂ ਬਾਦ ਹੀ ਤੁਹਾਡੀ ਵਾਰੀ ਆਵੇਗੀ। ਹਿਰਨੀ ਕੁਝ ਦੇਰ ਬਾਦ ਹੀ ਆਪਣੇ ਬੱਚਿਆਂ ਦੇ ਨਾਲ ਜਿੱਥੇ ਸ਼ਿਕਾਰੀ ਅਤੇ ਗੁਰੂ ਰਵਿਦਾਸ ਜੀ ਬੈਠੇ ਸਨ ਉਹਨਾਂ ਦੇ ਪਾਸ ਪਹੁੰਚ ਗਈ। ਹਿਰਨੀ ਨੇ ਸ਼ਿਕਾਰੀ ਨੂੰ ਕਿਹਾ ਕਿ ਇਹਨਾਂ ਸੰਤਾਂ ਨੂੰ ਛੁੱਟੀ ਦੇ ਦਿਉ। ਅਸੀਂ ਦੋ ਘੜੀ ਤੋਂ ਪਹਿਲਾਂ ਆਪ ਦੇ ਪਾਸ ਆ ਗਏ ਹਾਂ। ਜਦੋਂ ਹੀ ਸ਼ਿਕਾਰੀ ਨੇ ਹਿਰਨੀ ਨੂੰ ਮਾਰਨ ਲਈ ਕਟਾਰ ਉੱਪਰ ਚੁੱਕੀ ਤਾਂ ਸ਼ਿਕਾਰੀ ਦਾ ਕਟਾਰ ਵਾਲਾ ਹੱਥ ਉੱਪਰ ਦਾ ਉੱਪਰ ਹੀ ਰਹਿ ਗਿਆ। ਉਹ ਜੜ, ਪੱਥਰ ਦੇ ਸਮਾਨ ਹੋ ਗਿਆ। ਉਸਨੂੰ ਆਪਣੀਆਂ ਅੱਖਾਂ ਦੇ ਸਾਹਮਣੇ ਮੌਤ ਨੱਚਦੀ ਹੋਈ ਦਿਖਾਈ ਦੇਣ ਲੱਗੀ। ਜਦੋਂ ਉਸਨੂੰ ਅਜਿਹਾ ਅਹਿਸਾਸ ਹੋਇਆ ਤਾਂ ਉਹ ਮਨ ਹੀ ਮਨ ਵਿਚ ਪਛਤਾਉਣ ਲੱਗਾ ਅਤੇ ਉਹ ਵਾਰ-ਵਾਰ ਗੁਰੂ ਜੀ ਨੂੰ ਨਮਸਕਾਰ ਕਰ ਰਿਹਾ ਹੈ। ਗੁਰੂ ਜੀ ਤੋਂ ਮੁਆਫੀ ਮੰਗੀ। ਗੁਰੂ ਜੀ ਨੇ ਅੱਗੇ ਤੋਂ ਉਸਨੂੰ ਅਜਿਹਾ ਕਰਨ ਤੋਂ ਮਨਾ ਕਰ ਦਿੱਤਾ। ਧਰਮ ਦਾ ਉਪਦੇਸ਼ ਦਿੱਤਾ, ਸੇਵਕ ਸ਼ਿਕਾਰੀ ਹਰਨੀ ਤੇ ਉਸਦੇ ਬੱਚੇ ਸੀਸ ਝੁਕਾਅ ਕੇ ਨਮਸਕਾਰ ਕਰਦੇ ਜੰਗਲ ਦੀ ਤਰਫ ਚਲੇ ਗਏ। ਇਸ ਪ੍ਰਕਾਰ ਸਤਿਗੁਰੂ ਰਵਿਦਾਸ ਜੀ ਨੇ ਸ਼ਿਕਾਰੀ ਦਾ ਉਧਾਰ ਕੀਤਾ।

## ਗਜਿੰਦਰ ਹਾਥੀ ਦੀ ਕਥਾ

ਹੋਤਾ ਤੇ ਬ੍ਰਹਮਾ ਦੋ ਭਰਾ ਹੋਏ ਹਨ। ਉਹ ਦੋਵੇਂ ਭਗਤੀ ਕਰਿਆ ਕਰਦੇ ਸੀ ਤੇ ਇਕੱਠੇ ਰਹਿੰਦੇ ਸਨ। ਇਕ ਦਿਨ ਦੋਵੇਂ ਸਲਾਹ ਕਰਕੇ ਇਕ ਰਾਜੇ ਕੋਲ ਦੱਛਣਾ ਲੈਣ ਗਏ। ਇਹ ਪਤਾ ਨਹੀਂ ਕਿਉਂ ? ਕਿਸੇ ਕਾਰਨ ਕਰਕੇ ਜਾਂ ਸੁਭਾਵਿਕ ਹੀ ਹੋਤਾ ਨੂੰ ਦੱਛਣਾ ਬਹੁਤੀ ਮਿਲੀ ਤੇ ਬ੍ਰਹਮਾ ਨੂੰ ਘੱਟ। ਬ੍ਰਹਮਾ ਨੇ ਸੋਚਿਆ ਮੈਨੂੰ ਘੱਟ ਦੱਛਣਾ ਮਿਲੀ ਹੈ ਤੇ ਭਰਾ ਨੂੰ ਵੱਧ, ਇਕੋ ਜਿਹੀ ਕਰਨੀ ਚਾਹੀਦੀ ਹੈ। ਉਸ ਨੇ ਝੱਟ-ਪੱਟ ਦੋਵੇਂ ਦੱਛਣਾਂ ਮਿਲਾ ਕੇ ਇਕ ਥਾਂ ਕਰ ਦਿੱਤੀਆਂ। ਦੋ ਹਿੱਸੇ ਕਰਕੇ ਭਰਾ ਨੂੰ ਆਖਣ ਲੱਗਾ-'ਚੁੱਕ ਲੈ ਇਕ ਹਿੱਸਾ।'



ਹੋਤਾ-'ਨਹੀਂ! ਇਹ ਨਹੀਂ ਹੋ ਸਕਦਾ, ਮੈਂ ਤਾਂ ਓਨਾ ਹਿੱਸਾ ਲਵਾਂਗਾ ਜਿੰਨਾ ਮੈਨੂੰ ਮਿਲਿਆ ਹੈ। ਤੁਸੀਂ ਦੱਛਣਾ ਇਕੱਠੀ ਕਿਉਂ ਕੀਤੀ?'

ਬ੍ਰਹਮਾ-'ਈਰਖਾ ਕਿਉਂ ਕਰਦਾ ਹੈ! ?'

ਹੋਤਾ-'ਈਰਖਾ ਤੇ ਲਾਲਚ ਤੁਸਾਂ ਕੀਤਾ, ਜਦੋਂ ਤੁਹਾਨੂੰ ਦੱਛਣਾ ਥੋੜ੍ਹੀ ਮਿਲੀ ਤਾਂ ਤੁਸਾਂ ਇਕੋ ਜਿਹੀ ਕਰ ਦਿੱਤੀ ਕਿੰਨੀ ਬੁਰੀ ਗੱਲ ਹੈ, ਮੇਰਾ ਪੂਰਾ ਹਿੱਸਾ ਦਿਓ, ਲਾਲਚੀ।'

ਬ੍ਰਹਮਾ-'ਮੈਂ ਲਾਲਚੀ ਹਾਂ ਤਾਂ ਤੂੰ ਤੰਦੂਏ ਵਾਂਗ ਏਂ, ਜਾਹ ਮੈਂ ਤੈਨੂੰ ਸਰਾਪ ਦਿੰਦਾ ਹਾਂ ਤੂੰ ਗੰਡਕੀ ਨਦੀ ਵਿਚ ਤੰਦੂਆ ਬਣਕੇ ਰਹੇਂਗਾ ਲਾਲਚੀ।'

ਹੋਤਾ ਘੱਟ ਨਹੀਂ ਸੀ ਉਸਨੇ ਵੀ ਭਗਵਤ ਭਗਤੀ ਕੀਤੀ ਸੀ, ਉਸਨੇ ਅੱਗੋਂ ਸਰਾਪ ਦੇ ਦਿੱਤਾ-'ਜੇ ਮੈਂ ਤੰਦੂਆਂ ਬਣਾਂਗਾ ਤਾਂ ਚੇਤੇ ਰੱਖ ਤੂੰ ਵੀ ਮਸਤ ਹਾਥੀ ਬਣੇਂਗਾ ਤੇ ਉਸੇ ਨਦੀ ਵਿਚ ਜਦੋਂ ਪਾਣੀ ਪੀਣ ਆਏਂਗਾ ਤਾਂ ਤੈਨੂੰ ਫੜਕੇ ਗੋਤੇ ਦੇ ਕੇ ਮਾਰਾਂਗਾ ਮੁੜ ਯਾਦ ਕਰੇਂਗਾ, ਐਸੇ ਲਾਲਚ ਨੂੰ। ਤੂੰ ਕੁਲ ਨਾਸ਼ ਕਰਨ ਦਾ ਬੀੜਾ ਚੁੱਕਿਆ ਹੈ, ਨੀਚ ਜ਼ਮਾਨੇ ਦਾ।'

ਇਉਂ ਆਖਦਾ ਹੋਇਆ ਹੋਤਾ ਆਪਣਾ ਹਿੱਸਾ ਵੀ ਛੱਡ ਗਿਆ ਤੇ ਘਰ ਨੂੰ ਆ ਗਿਆ। ਕੁਝ ਸਮਾਂ ਪਾ ਕੇ ਦੋਵੇਂ ਭਰਾ ਮਰ ਗਏ ਤੇ ਅਗਲਾ ਜਨਮ ਧਾਰਨ ਕੀਤਾ। ਹੋਤਾ ਤੰਦੂਆ ਬਣਿਆ ਤੇ ਬ੍ਰਹਮਾ ਹਾਥੀ, ਦੋਵੇਂ ਗੰਢਕੀ ਨਦੀ ਕੋਲ ਚਲੇ ਗਏ। ਉਹ ਨਦੀ ਬਹੁਤ ਡੂੰਘੀ ਸੀ।

ਦੇਖੋ! ਲਾਲਚ ਕਿਤਨਾ ਮਾੜਾ ਹੈ। ਭਾਈ ਭਾਈ ਨੂੰ ਲੜਾ ਦਿੱਤਾ। ਦੋਹਾਂ ਨੇ ਕੁਲ ਨਾਸ਼ ਕਰਾ ਲਈ। ਅਸਲ ਵਿਚ ਹਉਮੈ (ਹੰਕਾਰ) ਤੇ ਲਾਲਚ ਬੁੱਧੀ ਨੂੰ ਭ੍ਰਿਸ਼ਟ ਕਰ ਦਿੰਦਾ ਹੈ। ਲਾਲਚ ਦੇ ਬੱਝੇ ਲੋਕ ਦੁਖੀ ਹੁੰਦੇ ਹਨ। ਲਾਲਚ ਕਦੀ ਨਹੀਂ ਕਰਨਾ ਚਾਹੀਦਾ ਹੈ।

ਹਾਂ-ਬ੍ਰਹਮਾ ਹਾਥੀ ਬਣਿਆ, ਬੜਾ ਵੱਡਾ ਹਾਥੀ ਤੇ ਉਹ ਸਮਝੋ ਹਾਥੀਆਂ ਦਾ ਸਰਦਾਰ ਸੀ, ਕੋਈ ਉਸ ਨਾਲ ਨਾ ਆਕੜਦਾ। ਉਹ ਹੱਥਣੀਆਂ ਦੇ ਝੁੰਡ ਨਾਲ ਫਿਰਦਾ ਰਹਿੰਦਾ, ਜੰਗਲ ਦਾ ਬਾਦਸ਼ਾਹ ਸੀ। ਜਿਵੇਂ ਸਰਾਪ ਨੇ ਪੂਰਾ ਹੋਣਾ ਸੀ ਇਕ ਦਿਨ ਉਹ ਗੰਢਕੀ ਨਦੀ ਤੇ ਚਲਿਆ ਗਿਆ। ਪਾਣੀ ਪੀਤਾ। ਠੰਢਾ ਪਾਣੀ ਸੀ, ਹਾਥੀ ਪਿਆਸੇ ਸਨ। ਸਭ ਤੋਂ ਅੱਗੇ ਉਹੋ ਹਾਥੀ ਸੀ ਜੋ ਬ੍ਰਹਮਾ ਸੀ ਉਹ ਜਦੋਂ ਪਾਣੀ ਪੀਣ ਲਈ ਅੱਗੇ ਵਧਿਆ ਤਾਂ ਅੱਗੇ ਉਸ ਦਾ ਭਰਾ ਤੰਦੂਏ ਦਾ ਰੂਪ ਧਾਰਨ ਕਰਕੇ ਬੈਠਾ ਸੀ। ਉਸ ਨੇ ਬ੍ਰਹਮਾ ਦੀਆਂ ਲੱਤਾਂ ਫੜਕੇ, ਉਸ ਨੂੰ ਡੂੰਘੇ ਪਾਣੀ ਵਲ ਖਿੱਚਣਾ ਸ਼ੁਰੂ ਕੀਤਾ। ਉਹ ਅੱਗੇ ਅੱਗੇ ਗਿਆ, ਜਦੋਂ ਡੁੱਬਣ 'ਤੇ ਆਇਆ ਤਾਂ ਹਾਥੀ ਨੇ ਚੀਕਾਂ ਮਾਰੀਆਂ। ਸਿਰਫ ਸਿਰ ਤੇ ਸੁੰਡ ਨੰਗੀ ਸੀ। ਐਸਾ ਦੇਖਕੇ ਦੂਸਰੇ ਹਾਥੀ ਬੜੇ ਹੈਰਾਨ ਹੋਏ, ਹੱਥਣੀਆਂ ਕਿਲਕਾਂ ਮਾਰਨ, ਪਰ ਉਸਨੂੰ ਬਾਹਰ ਕੱਢਣ ਦੀ ਸਮਰਥਾ ਨਹੀਂ ਸੀ।

ਤੰਦੂਏ ਨੇ ਬ੍ਰਹਮਾ ਕੋਲੋਂ ਬਦਲਾ ਲੈਣਾ ਸੀ, ਇਸ ਵਾਸਤੇ ਉਹ ਜ਼ੋਰ ਨਾਲ ਉਸ ਨੂੰ ਫੜ ਕੇ ਬੈਠਾ ਰਿਹਾ। ਹਾਥੀ ਬਲ ਵਾਲਾ ਸੀ ਉਸ ਨੂੰ ਵੀ ਗਿਆਨ ਹੋ ਗਿਆ ਕਿ ਪਿਛਲੇ ਜਨਮ ਦਾ ਹਿਸਾਬ ਬਾਕੀ ਹੈ। ਉਹ ਵੀ ਯਤਨ

ਕਰਨ ਲੱਗਾ। ਉਸ ਪਾਣੀ ਵਿਚ ਸਿਰ ਨਾ ਡੁੱਬਣ ਦਿੰਦਾ, ਤੰਦੂਆ ਉਸਨੂੰ ਗੋਤੇ ਦੇਣ ਦਾ ਯਤਨ ਕਰਦਾ।

ਤੰਦੂਏ ਤੇ ਹਾਥੀ ਨੂੰ ਲੜਦਿਆਂ ਹੋਇਆਂ ਕਾਫੀ ਸਮਾਂ ਲੱਗ ਗਿਆ, ਉਹ ਭੁੱਖਾ ਰਿਹਾ ਪਾਣੀ ਵਿਚੋਂ ਕੀ ਖਾਏ। ਤੰਦੂਏ ਦੀ ਖੁਰਾਕ ਤਾਂ ਪਾਣੀ ਵਿਚ ਹੋਈ, ਮਾੜਾ ਹੋ ਗਿਆ ਤੇ ਡੁੱਬਣ ਲੱਗਾ ਤਾਂ ਉਸ ਵੇਲੇ ਉਸ ਨੇ ਸੁੰਡ ਉਪਰ ਚੁਕ ਕੇ ਆਕਾਸ਼ ਵਲ ਤੱਕ ਕੇ ਪਰਮਾਤਮਾ ਨੂੰ ਯਾਦ ਕੀਤਾ ਅਤੇ ਕਮਲ ਫੁੱਲ ਆਪਣੇ ਸੁੰਡ ਨਾਲ ਪਰਮਾਤਮਾ ਅੱਗੇ ਭੇਟ ਕੀਤਾ, ਉਸ ਨੇ ਵਾਸਤੇ ਪਾ ਕੇ ਇਉਂ ਪੁਕਾਰ ਕੀਤੀ-'ਹੇ ਪ੍ਰਭੂ! ਅੱਗੇ ਹੀ ਮੈਂ ਹਾਥੀ ਜੂਨ ਪਿਆ ਹੋਇਆ ਹਾਂ। ਹੁਣ ਪ੍ਰਭ ਜੀ, ਕ੍ਰਿਪਾ ਕਰੋ। ਮੈਂ ਪਾਣੀ ਵਿਚ ਨਾ ਡੁੱਬਾਂ....ਜੇ ਏਥੇ ਹੀ ਮਰ ਗਿਆ ਤਾਂ ਜ਼ਰੂਰ ਕਿਸੇ ਮਾੜੀ ਜੂਨ ਵਿਚ ਪਵਾਂਗਾ। ਮੇਰੀ ਅਰਦਾਸ ਸੁਣ ਪ੍ਰਭੂ!'

(ਹਾਥੀ) ਨੇ ਸ਼ੁਧ ਹਿਰਦੇ ਨਾਲ ਪੁਕਾਰ ਕੀਤੀ, ਉਸ ਵੇਲੇ ਪਰਮਾਤਮਾ ਨੇ ਹਾਥੀ ਦੀ ਪੁਕਾਰ ਸੁਣੀ। ਭਗਵਾਨ ਆਪ ਨਦੀ ਕਿਨਾਰੇ ਆਏ। ਸੁਦਰਸ਼ਨ ਚੱਕਰ ਨਾਲ ਤੰਦੂਏ ਦਾ ਮੂੰਹ ਚੀਰ ਕੇ ਹਾਥੀ ਦੀ ਰੱਖਿਆ ਕੀਤੀ ਅਤੇ ਉਸਦੀ ਹਾਥੀ-ਜੂਨ ਦਾ ਤਿਆਗ ਕੀਤਾ,ਮੁੜ ਭਗਤ ਰੂਪ 'ਚ ਪ੍ਰਗਟ ਕੀਤਾ। ਉਹ ਪ੍ਰਭੂ ਦਾ ਜਸ ਕਰਨ ਲੱਗਾ ਤੰਦੂਏ ਦਾ ਜਨਮ ਵੀ ਬਦਲ ਗਿਆ।

ਸਤਿਗੁਰੂ ਰਵਿਦਾਸ ਮਹਾਰਾਜ ਜੀ ਫਰਮਾਉਂਦੇ ਹਨ ਇੰਨੀ ਖੋਟੀ ਬੁੱਧ ਵਾਲੇ ਜੀਵ ਪਰਮਾਤਮਾ ਦਾ ਨਾਮ ਜੱਪਕੇ ਤਰ ਗਏ ਹਨ। ਹੇ ਜੀਵ ਜੇਕਰ ਤੂੰ ਵੀ ਇੱਕ ਮਨ ਚਿੱਤ ਹੋ ਕੇ ਪਰਮਾਤਮਾ ਦਾ ਸਿਮਰਨ ਕਰੇਂ ਤਾਂ ਤੂੰ ਵੀ ਤਰ ਜਾਏਂਗਾ।

*********

## ਸ਼ਬਦ 36

ਭੈਰਉ ਬਾਣੀ ਰਵਿਦਾਸ ਜੀਉ ਕੀ ਘਰ ੨

ੴ ਸਤਿਗੁਰ ਪ੍ਰਸਾਦਿ॥

**ਬਿਨੁ ਦੇਖੇ ਉਪਜੈ ਨਹੀ ਆਸਾ॥**
**ਜੋ ਦੀਸੈ ਸੋ ਹੋਇ ਬਿਨਾਸਾ॥**
**ਬਰਨ ਸਹਿਤ ਜੋ ਜਾਪੈ ਨਾਮੁ॥**
**ਸੋ ਜੋਗੀ ਕੇਵਲ ਨਿਹਕਾਮੁ॥੧॥**
**ਪਰਚੈ ਰਾਮੁ ਰਵੈ ਜਉ ਕੋਈ॥**
**ਪਾਰਸੁ ਪਰਸੈ ਦੁਬਿਧਾ ਨ ਹੋਈ॥੧॥ ਰਹਾਉ॥**
**ਸੋ ਮੁਨਿ ਮਨ ਕੀ ਦੁਬਿਧਾ ਖਾਇ॥**
**ਬਿਨੁ ਦੁਆਰੇ ਤ੍ਰੈ ਲੋਕ ਸਮਾਇ॥**



**ਮਨ ਕਾ ਸੁਭਾਉ ਸਭੁ ਕੋਈ ਕਰੈ॥**
**ਕਰਤਾ ਹੋਇ ਸੁ ਅਨਭੈ ਰਹੈ॥੨॥**
**ਫਲ ਕਾਰਨ ਫੂਲੀ ਬਨਰਾਇ॥**
**ਫਲੁ ਲਾਗਾ ਤਬ ਫੂਲੁ ਬਿਲਾਇ॥**
**ਗਿਆਨੈ ਕਾਰਨ ਕਰਮ ਅਭਿਆਸੁ॥**
**ਗਿਆਨੁ ਭਇਆ ਤਹ ਕਰਮਹ ਨਾਸੁ॥੩॥**
**ਘ੍ਰਿਤ ਕਾਰਨ ਦਧਿ ਮਥੈ ਸਇਆਨ॥**
**ਜੀਵਤ ਮੁਕਤ ਸਦਾ ਨਿਰਬਾਨ॥**
**ਕਹਿ ਰਵਿਦਾਸ ਪਰਮ ਬੈਰਾਗ॥**
**ਰਿਦੈ ਰਾਮੁ ਕੀ ਨ ਜਪਸਿ ਅਭਾਗ॥੪॥੧॥**

(ਪੰਨਾ ੧੧੬੭)

ਸਤਿਗੁਰੂ ਰਵਿਦਾਸ ਜੀ ਮਹਾਰਾਜ ਪਾਵਨ ਉਪਦੇਸ਼ ਦਿੰਦੇ ਹਨ ਕਿ ਜੋ ਜੀਵ ਪਾਰਸ ਰੂਪੀ ਗੁਰੂ ਦੇ ਦੱਸੇ ਹੋਏ ਉਪਦੇਸ਼ 'ਤੇ ਚਲ ਕੇ ਪ੍ਰੇਮ-ਸਹਿਤ ਪ੍ਰਭੂ ਦਾ ਨਾਮ ਜਪਦਾ ਹੈ ਉਸ ਦੇ ਮਨ ਵਿਚੋਂ ਦੁਬਿਧਾ ਦਾ ਨਾਸ਼ ਹੋ ਜਾਂਦਾ ਹੈ ਅਤੇ ਤਿੰਨਾਂ ਲੋਕਾਂ ਵਿਚ ਸਮਾਏ ਹੋਏ ਪ੍ਰਭੂ ਨੂੰ ਪ੍ਰਾਪਤ ਕਰ ਲੈਂਦਾ ਹੈ। ਬ੍ਰਹਮ-ਗਿਆਨ ਦੀ ਪ੍ਰਾਪਤੀ ਹੋਣ ਨਾਲ ਇਸ ਜੀਵਨ ਵਿਚ ਮੁਕਤ ਹੋ ਕੇ ਸਦਾ ਰਹਿਣ ਵਾਲੇ ਨਿਰਵਾਣ ਪਦ ਨੂੰ ਪ੍ਰਾਪਤ ਕਰ ਲੈਂਦਾ ਹੈ।

**ਬਿਨੁ ਦੇਖੇ ਉਪਜੈ ਨਹੀ ਆਸਾ॥**
**ਜੋ ਦੀਸੈ ਸੋ ਹੋਇ ਬਿਨਾਸਾ॥**

ਪਰਮਾਤਮਾ ਨੂੰ ਦੇਖੇ ਬਿਨਾਂ ਜੀਵ ਦੇ ਮਨ ਵਿਚ ਉਸਨੂੰ ਪ੍ਰਾਪਤ ਕਰਨ ਦੀ ਇੱਛਾ ਉਤਪੰਨ ਨਹੀਂ ਹੁੰਦੀ। ਪਰ ਸੰਸਾਰ ਵਿਚ ਜੋ ਕੁਝ ਵੀ ਦਿਖਾਈ ਦਿੰਦਾ ਹੈ ਉਹ ਸਭ ਕੁਝ ਨਾਸ਼ਵਾਨ ਹੈ।

(ਸਤਿਗੁਰੂ ਕਬੀਰ ਸਾਹਿਬ ਜੀ ਮਹਾਰਾਜ ਫਰਮਾਉਂਦੇ ਹਨ—
ਨੈਨਹ ਦੇਖਤ ਇਹੁ ਜਗ ਜਾਈ॥੧॥ (ਪੰਨਾ ੧੦੯੩)
ਭਾਵ ਅੱਖਾਂ ਨਾਲ ਦੇਖਦੇ ਹੋਏ ਇਹ ਸੰਸਾਰ ਨਾਸ਼ ਹੋ ਰਿਹਾ ਹੈ।)

**ਬਰਨ ਸਹਿਤ ਜੋ ਜਾਪੈ ਨਾਮੁ॥**
**ਸੋ ਜੋਗੀ ਕੇਵਲ ਨਿਹਕਾਮੁ॥੧॥**

ਜੋ ਜੀਵ ਪ੍ਰੇਮ ਸਹਿਤ ਪਰਮਾਤਮਾ ਦਾ ਨਾਮ ਜਪਦਾ ਹੈ, ਕੇਵਲ ਉਹ ਹੀ ਨਿਸ਼ਕਾਮੀ ਸੱਚਾ ਜੋਗੀ ਹੈ।

**ਪਰਚੈ ਰਾਮੁ ਰਵੈ ਜਉ ਕੋਈ॥**
**ਪਾਰਸੁ ਪਰਸੈ ਦੁਬਿਧਾ ਨ ਹੋਈ॥੧॥ ਰਹਾਉ॥**

ਜਿਹੜਾ ਜੀਵ ਗੁਰੂ ਉਪਦੇਸ਼ ਦੁਆਰਾ ਪਰਮਾਤਮਾ ਦਾ ਨਾਮ ਜਪਦਾ ਹੈ, ਉਸਦੇ ਜੀਵਨ ਵਿਚ ਦੁਬਿਧਾ ਦਾ ਨਾਸ ਹੋ ਜਾਂਦਾ ਹੈ। ਜਿਸ ਤਰ੍ਹਾਂ ਲੋਹਾ ਪਾਰਸ ਨਾਲ ਛੋਹ ਕੇ ਸੋਨਾ ਬਣ ਜਾਂਦਾ ਹੈ। ਠੀਕ ਇਸੇ ਤਰ੍ਹਾਂ ਉਹ ਜੀਵ ਗੁਰੂ ਰੂਪੀ ਪਾਰਸ ਨਾਲ ਲੱਗਕੇ ਸੋਨੇ ਵਾਂਗ ਸ਼ੁੱਧ ਹੋ ਜਾਂਦਾ ਹੈ।

(ਸਤਿਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ—

ਪਾਰਸੁ ਭੇਟਿ ਕੰਚਨੁ ਧਾਤੁ ਹੋਈ ਸਤਸੰਗਤਿ ਕੀ ਵਡਿਆਈ॥੬॥

(ਪੰਨਾ ੫੦੫)

ਜਿਵੇਂ ਪਾਰਸ ਨਾਲ ਛੂਹਣ ਕਰਕੇ ਧਾਤ ਸੋਨਾ ਹੋ ਜਾਂਦੀ ਹੈ। ਇਸ ਤਰ੍ਹਾਂ ਦੀ ਵਡਿਆਈ ਸਤਸੰਗਤ ਦੀ ਹੈ, ਜਿਸ ਵਿਚ ਜਾ ਕੇ ਜੀਵ ਸੋਨੇ ਵਾਂਗ ਸ਼ੁੱਧ ਹੋ ਜਾਂਦਾ ਹੈ।)

**ਸੋ ਮੁਨਿ ਮਨ ਕੀ ਦੁਬਿਧਾ ਖਾਇ॥**
**ਬਿਨੁ ਦੁਆਰੇ ਤ੍ਰੈ ਲੋਕ ਸਮਾਇ॥**

ਅਸਲ ਮੁਨੀ ਸੰਸਾਰ ਵਿਚ ਉਹ ਹੈ ਜਿਹੜਾ ਮਨ ਵਿਚੋਂ ਦੁਬਿਧਾ ਨੂੰ ਖਤਮ ਕਰ ਦਿੰਦਾ ਹੈ ਅਤੇ ਦਸ ਦੁਆਰਿਆਂ ਤੋਂ ਰਹਿਤ ਤਿੰਨਾਂ ਲੋਕਾਂ (ਮਾਤ ਲੋਕ, ਆਕਾਸ਼ ਲੋਕ ਤੇ ਪਤਾਲ ਲੋਕ) ਵਿਚ ਸਮਾਏ ਹੋਏ ਪਰਮਾਤਮਾ ਵਿਚ ਲੀਨ ਹੋ ਜਾਂਦਾ ਹੈ।

(ਸਤਿਗੁਰੂ ਅਮਰ ਦਾਸ ਜੀ ਫਰਮਾਉਂਦੇ ਹਨ—

ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ॥
ਦੁਬਿਧਾ ਮਾਰਿ ਬ੍ਰਹਮੁ ਬੀਚਾਰੇ॥੧॥

ਇਸ ਸੰਸਾਰ ਵਿਚ ਅਸਲੀ ਮੁਨੀ ਉਹ ਹੈ ਜੋ ਮਨ ਦੀ ਦੁਬਿਧਾ ਖਤਮ ਕਰਕੇ ਪਰਮਾਤਮਾ ਦੀ ਵਿਚਾਰ ਕਰਦਾ ਹੈ।)

**ਮਨ ਕਾ ਸੁਭਾਉ ਸਭੁ ਕੋਈ ਕਰੈ॥**
**ਕਰਤਾ ਹੋਇ ਸੁ ਅਨਭੈ ਰਹੈ॥੨॥**

ਸੰਸਾਰ ਵਿਚ ਸਾਰੇ ਜੀਵ ਆਪਣੇ ਮਨ ਦੇ ਸੁਭਾਅ ਅਨੁਸਾਰ ਹੀ ਕਰਮ ਕਰਦੇ ਹਨ। ਪਰ ਜੋ ਜੀਵ ਆਪਣੇ ਮਨ ਨੂੰ ਆਪਣੇ ਵਸ ਵਿਚ ਕਰ ਲੈਂਦਾ ਹੈ, ਉਹ ਜੀਵ ਸੰਸਾਰ ਵਿਚ ਬੇਖੌਫ ਕਰਤਾ ਪੁਰਖ ਨਾਲ ਇਕ ਰੂਪ ਹੋ ਕੇ ਜੀਵਨ ਵਿਚ ਵਿਚਰਦਾ ਹੈ।

**ਫਲ ਕਾਰਨ ਫੂਲੀ ਬਨਰਾਇ॥**
**ਫਲੁ ਲਾਗਾ ਤਬ ਫੂਲੁ ਬਿਲਾਇ॥**

ਜਿਵੇਂ ਸਾਰੀ ਸ੍ਰਿਸ਼ਟੀ ਦੀ ਬਨਸਪਤੀ ਫਲ ਦੇਣ ਲਈ ਪ੍ਰਫੁੱਲਿਤ ਹੁੰਦੀ ਹੈ ਅਤੇ ਉਸਨੂੰ ਫੁੱਲ ਲੱਗਦੇ ਹਨ ਪਰ ਜਿਸ ਵੇਲੇ ਫਲ ਲੱਗ ਜਾਂਦੇ ਹਨ, ਤਾਂ ਉਸ ਵੇਲੇ ਫੁੱਲ ਝੜ ਜਾਂਦੇ ਹਨ।

**ਗਿਆਨੈ ਕਾਰਨ ਕਰਮ ਅਭਿਆਸੁ॥**
**ਗਿਆਨੁ ਭਇਆ ਤਹ ਕਰਮਹ ਨਾਸੁ॥੩॥**

ਇਸੇ ਤਰ੍ਹਾਂ ਜਗਿਆਸੂ ਗਿਆਨ ਪ੍ਰਾਪਤ ਕਰਨ ਵਾਸਤੇ ਸ੍ਰੇਸ਼ਟ ਕਰਮ ਕਰਦਾ ਹੈ। ਜਿਸ ਵੇਲੇ ਬ੍ਰਹਮ ਗਿਆਨ ਰੂਪੀ ਫਲ ਲੱਗ ਜਾਂਦਾ ਹੈ ਤਾਂ ਕਰਮਾਂ ਰੂਪੀ ਫੁੱਲਾਂ ਦਾ ਨਾਸ ਹੋ ਜਾਂਦਾ ਹੈ।

**ਘ੍ਰਿਤ ਕਾਰਨ ਦਧਿ ਮਥੈ ਸਇਆਨ॥**



**ਜੀਵਤ ਮੁਕਤ ਸਦਾ ਨਿਰਬਾਨ॥**

ਜਿਵੇਂ ਸਿਆਣੀ ਇਸਤਰੀ ਘਿਉ ਦੀ ਪ੍ਰਾਪਤੀ ਲਈ ਦਹੀਂ ਨੂੰ ਰਿੜਕਦੀ ਹੈ, ਜਦੋਂ ਮੱਖਣ ਨਿਕਲ ਆਉਂਦਾ ਹੈ ਤਾਂ ਰਿੜਕਣਾ ਬੰਦ ਕਰ ਦਿੰਦੀ ਹੈ। ਇਸੇ ਤਰ੍ਹਾਂ ਬ੍ਰਹਮ ਗਿਆਨ ਦੀ ਪ੍ਰਾਪਤੀ ਵਾਸਤੇ ਜਗਿਆਸੂ ਸ੍ਰੇਸ਼ਟ ਕਰਮ ਕਰਦਾ ਹੈ। ਜਿਸ ਵੇਲੇ ਬ੍ਰਹਮ ਗਿਆਨ ਹੋ ਜਾਂਦਾ ਹੈ ਤਾਂ ਜਿਉਂਦੇ ਜੀਅ ਮੁਕਤ ਅਵਸਥਾ ਪ੍ਰਾਪਤ ਕਰਕੇ ਹਮੇਸ਼ਾਂ ਰਹਿਣ ਵਾਲੇ ਨਿਰਵਾਣ-ਪਦ ਨੂੰ ਪ੍ਰਾਪਤ ਕਰ ਲੈਂਦਾ ਹੈ।

**ਕਹਿ ਰਵਿਦਾਸ ਪਰਮ ਬੈਰਾਗ॥**
**ਰਿਦੈ ਰਾਮੁ ਕੀ ਨ ਜਪਸਿ ਅਭਾਗ॥੪॥੧॥**

ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਹੇ ਅਭਾਗੇ ਪੁਰਸ਼ਾ! ਤੂੰ ਪਰਮ ਬੈਰਾਗ ਦੀ ਪ੍ਰਾਪਤੀ ਲਈ ਆਪਣੇ ਹਿਰਦੇ ਵਿਚ ਪ੍ਰਭੂ ਦਾ ਰਾਮ ਨਾਮ ਕਿਉਂ ਨਹੀਂ ਜਪਦਾ? ਜਿਸ ਨਾਮ ਜਪਣ ਕਰਕੇ ਅਟੱਲ ਨਿਰਵਾਣ ਪਦ ਦੀ ਪ੍ਰਾਪਤੀ ਹੋ ਜਾਂਦੀ ਹੈ।

******

## ਸ਼ਬਦ 37

ਬਸੰਤੁ ਬਾਣੀ ਰਵਿਦਾਸ ਜੀ ਕੀ

ੴ ਸਤਿਗੁਰ ਪ੍ਰਸਾਦਿ॥

**ਤੁਝਹਿ ਸੁਝੰਤਾ ਕਛੂ ਨਾਹਿ॥**
**ਪਹਿਰਾਵਾ ਦੇਖੇ ਊਭਿ ਜਾਹਿ॥**
**ਗਰਬਵਤੀ ਕਾ ਨਾਹੀ ਠਾਉ॥**
**ਤੇਰੀ ਗਰਦਨਿ ਊਪਰਿ ਲਵੈ ਕਾਉ॥੧॥**
**ਤੂ ਕਾਂਇ ਗਰਬਹਿ ਬਾਵਲੀ॥**
**ਜੈਸੇ ਭਾਦਉ ਖੂੰਬਰਾਜੁ**
**ਤੂ ਤਿਸ ਤੇ ਖਰੀ ਉਤਾਵਲੀ॥੧॥ ਰਹਾਉ॥**
**ਜੈਸੇ ਕੁਰੰਕ ਨਹੀ ਪਾਇਓ ਭੇਦੁ॥**
**ਤਨਿ ਸੁਗੰਧ ਢੂਢੈ ਪ੍ਰਦੇਸੁ॥**
**ਅਪ ਤਨ ਕਾ ਜੋ ਕਰੇ ਬੀਚਾਰੁ॥**
**ਤਿਸੁ ਨਹੀ ਜਮਕੰਕਰੁ ਕਰੇ ਖੁਆਰੁ॥੨॥**
**ਪੁਤ੍ਰ ਕਲਤ੍ਰ ਕਾ ਕਰਹਿ ਅਹੰਕਾਰੁ॥**
**ਠਾਕੁਰੁ ਲੇਖਾ ਮਗਨਹਾਰੁ॥**
**ਫੇੜੇ ਕਾ ਦੁਖੁ ਸਹੈ ਜੀਉ॥**
**ਪਾਛੇ ਕਿਸਹਿ ਪੁਕਾਰਹਿ ਪੀਉ ਪੀਉ॥੩॥**

**ਸਾਧੂ ਕੀ ਜਉ ਲੇਹਿ ਓਟ॥**
**ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ॥**
**ਕਹਿ ਰਵਿਦਾਸ ਜੋੁ ਜਪੈ ਨਾਮੁ॥**
**ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ॥੪॥੧॥**

(ਪੰਨਾ ੧੧੯੬)

ਸਤਿਗੁਰੂ ਰਵਿਦਾਸ ਮਹਾਰਾਜ ਜੀ ਜੀਵ ਨੂੰ ਆਪਣੇ ਅਮੋਲਕ ਮਨੁੱਖਾ ਜਨਮ ਵਿਚ ਨਾਸ਼ਵਾਨ ਸਰੀਰ ਦੇ ਝੂਠੇ ਹੰਕਾਰ ਨੂੰ ਛੱਡ ਕੇ ਸੰਤਾਂ ਦੀ ਸ਼ਰਨ ਵਿਚ ਜਾ ਕੇ ਆਪਣੇ ਪਾਪਾਂ ਦੀ ਨਵਿਰਤੀ ਕਰਦੇ ਹੋਏ ਪ੍ਰਭੂ ਦਾ ਨਾਮ ਜਪ ਕੇ ਜਾਤ-ਜਨਮ ਅਤੇ ਜੂਨ ਆਦਿ ਦੇ ਭੇਦ-ਭਾਵ ਤੋਂ ਮੁਕਤ ਹੋ ਕੇ ਜੀਵਨ ਸਫ਼ਲ ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ।

**ਤੁਝਹਿ ਸੁਝੰਤਾ ਕਛੂ ਨਾਹਿ॥**
**ਪਹਿਰਾਵਾ ਦੇਖੇ ਊਭਿ ਜਾਹਿ॥**

ਹੇ ਜੀਵ! ਤੈਨੂੰ ਇਸ ਸੰਸਾਰ ਵਿਚ ਝੂਠਾ ਹੰਕਾਰ ਹੋਣ ਕਰਕੇ ਕੁਝ ਸੁੱਝਦਾ ਨਹੀਂ ਹੈ ਅਤੇ ਤੂੰ ਆਪਣੇ ਪਹਿਰਾਵੇ ਨੂੰ ਦੇਖ ਕੇ ਆਕੜ ਰਿਹਾ ਹੈਂ, ਭਾਵ ਹੰਕਾਰ ਕਰ ਰਿਹਾ ਹੈਂ।

**ਗਰਬਵਤੀ ਕਾ ਨਾਹੀ ਠਾਉ॥**
**ਤੇਰੀ ਗਰਦਨਿ ਊਪਰਿ ਲਵੈ ਕਾਉ॥੧॥**

ਹੰਕਾਰ ਨਾਲ ਭਰੀ ਹੋਈ ਜੀਵ ਰੂਪੀ ਇਸਤਰੀ ਦਾ ਪਰਮਾਤਮਾ ਦੇ ਦਰਬਾਰ ਵਿਚ ਕੋਈ ਥਾਂ ਨਹੀਂ ਹੈ। ਮੌਤ ਰੂਪੀ ਕਾਂ ਹਰ ਵੇਲੇ ਤੇਰੇ ਸਿਰ ਉੱਪਰ ਬੋਲ ਰਿਹਾ ਹੈ। ਭਾਵ ਮੌਤ ਸਿਰ 'ਤੇ ਖੜੀ ਹੈ।

(ਸਤਿਗੁਰੂ ਕਬੀਰ ਸਾਹਿਬ ਜੀ ਫਰਮਾਉਂਦੇ ਹਨ—
ਪਾਛੈ ਕਛੂ ਨ ਹੋਇਗਾ ਜਉ ਸਿਰ ਪਰਿ ਆਵੈ ਕਾਲੁ॥

(ਪੰਨਾ ੧੩੭੧)

ਜ਼ਿੰਦਗੀ ਦੇ ਪੂਰੇ ਹੋਣ ਪਿਛੋਂ ਤੇਰੇ ਪਾਸੋਂ ਕੁਝ ਨਹੀਂ ਹੋਣਾ।)

**ਤੂ ਕਾਂਇ ਗਰਬਹਿ ਬਾਵਲੀ॥**
**ਜੈਸੇ ਭਾਦਉ ਖੂੰਬਰਾਜੁ**
**ਤੂ ਤਿਸ ਤੇ ਖਰੀ ਉਤਾਵਲੀ॥੧॥ ਰਹਾਉ॥**

ਹੇ ਝੱਲੀਏ! ਤੂੰ ਝੂਠਾ ਹੰਕਾਰ ਕਿਉਂ ਕਰਦੀ ਹੈ? ਜਿਵੇਂ ਭਾਦੋਂ ਦੇ ਮਹੀਨੇ ਵਿਚ ਖੁੰਬਾਂ ਦਾ ਜੀਵਨ ਕੁਝ ਕੁ ਸਮੇਂ ਲਈ ਹੀ ਹੁੰਦਾ ਹੈ। ਤੇਰਾ ਤਾਂ ਕੋਈ ਭਰੋਸਾ ਹੀ ਨਹੀਂ ਤੂੰ ਤਾਂ ਉਸ ਤੋਂ ਵੀ ਛੇਤੀ ਸਮਾਪਤ ਹੋਣ ਵਾਲੀ ਹੈ।

**ਜੈਸੇ ਕੁਰੰਕ ਨਹੀ ਪਾਇਓ ਭੇਦੁ॥**
**ਤਨਿ ਸੁਗੰਧ ਢੂਢੈ ਪ੍ਰਦੇਸੁ॥**

ਜਿਵੇਂ ਹਿਰਨ ਦੀ ਨਾਭੀ ਵਿਚ ਕਸਤੂਰੀ ਦੀ ਸੁਗੰਧੀ ਹੈ। ਪਰ ਉਹ ਇਸ ਸੁਗੰਧੀ ਨੂੰ ਜੰਗਲਾਂ ਪਹਾੜਾਂ ਵਿਚ ਬਾਹਰ ਲੱਭਦਾ ਫਿਰਦਾ ਹੈ। ਇਸੇ



ਤਰ੍ਹਾਂ ਪਰਮਾਤਮਾ ਦਾ ਨਿਵਾਸ ਜੀਵ ਦੇ ਅੰਦਰ ਹੈ, ਪਰ ਅਗਿਆਨਤਾ ਕਾਰਨ ਇਹ ਜੀਵ ਬਾਹਰ ਪ੍ਰਭੂ ਨੂੰ ਲੱਭਦਾ ਫਿਰਦਾ ਹੈ।

(ਸਤਿਗੁਰੂ ਤੇਗ ਬਹਾਦਰ ਜੀ ਫਰਮਾਉਂਦੇ ਹਨ—
ਕਾਹੇ ਰੇ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ (ਪੰਨਾ ੬੮੪)

ਹੇ ਜੀਵ! ਉਸ ਪਰਮਾਤਮਾ ਨੂੰ ਜੰਗਲਾਂ ਵਿਚ ਖੋਜਣ ਲਈ ਕਿਉਂ ਭਟਕਦਾ ਫਿਰਦਾ ਹੈਂ? ਪਰਮਾਤਮਾ ਮਾਇਆ ਤੋਂ ਰਹਿਤ ਹੈ, ਹਮੇਸ਼ਾ ਸਾਰੇ ਸੰਸਾਰ ਵਿਚ ਸਮਾਇਆ ਹੋਇਆ ਹੈ। ਹਰ ਸਮੇਂ ਜੀਵ ਦੇ ਸਾਥ ਹੈ।)

**ਅਪ ਤਨ ਕਾ ਜੋ ਕਰੇ ਬੀਚਾਰੁ॥**
**ਤਿਸੁ ਨਹੀ ਜਮਕੰਕਰੁ ਕਰੇ ਖੁਆਰੁ॥੨॥**

ਜੋ ਜੀਵ ਆਪਣੇ ਅਮੋਲਕ ਸਰੀਰ ਦੀ ਵਿਚਾਰ ਕਰਕੇ ਪਰਮਾਤਮਾ ਦੀ ਆਪਣੇ ਅੰਦਰ ਖੋਜ ਕਰਦਾ ਹੈ, ਉਸਨੂੰ ਜਮਦੂਤ ਫਿਰ ਖੁਆਰ ਨਹੀਂ ਕਰਦੇ।

(ਸਤਿਗੁਰੂ ਕਬੀਰ ਸਾਹਿਬ ਜੀ ਫਰਮਾਉਂਦੇ ਹਨ—
ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ ਦੇਹੀ ਠਉਰ ਮੁਕਾਮਾ॥੨॥

(ਪੰਨਾ ੧੩੪੯)

ਹੇ ਬੰਦੇ! ਆਪਣੇ ਦਿਲ ਵਿਚ ਪਰਮਾਤਮਾ ਦੀ ਖੋਜ ਕਰ। ਇਹੀ ਪਰਮਾਤਮਾ ਦੇ ਠਹਿਰਨ ਦਾ ਮੁਕਾਮ ਹੈ। ਸਤਿਗੁਰੂ ਪੀਪਾ ਜੀ ਮਹਾਰਾਜ ਫਰਮਾਉਂਦੇ ਹਨ—

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੇ ਸੋ ਪਾਵੈ॥ (ਪੰਨਾ ੬੯੫)

ਜੋ ਪਰਮਾਤਮਾ ਬ੍ਰਹਮੰਡ ਵਿਚ ਹੈ, ਉਹ ਪਰਮਾਤਮਾ ਸਰੀਰ ਰੂਪੀ ਪਿੰਡ ਵਿਚ ਹੈ। ਜਿਹੜਾ ਜੀਵ ਉਸ ਪਰਮਾਤਮਾ ਦੀ ਆਪਣੇ ਅੰਦਰ ਖੋਜ ਕਰਦਾ ਹੈ, ਉਸਨੂੰ ਪ੍ਰਾਪਤ ਕਰ ਲੈਂਦਾ ਹੈ।)

**ਪੁਤ੍ਰ ਕਲਤ੍ਰ ਕਾ ਕਰਹਿ ਅਹੰਕਾਰੁ॥**
**ਠਾਕੁਰੁ ਲੇਖਾ ਮਗਨਹਾਰੁ॥**

ਜੋ ਵੀ ਜੀਵ ਪਰਮਾਤਮਾ ਨੂੰ ਭੁਲਾ ਕੇ ਆਪਣੇ ਪੁੱਤਰ ਤੇ ਇਸਤਰੀ ਦਾ ਹੰਕਾਰ ਕਰਦਾ ਹੈ, ਉਸ ਕੋਲੋਂ ਪਰਮਾਤਮਾ ਲੇਖਾ ਮੰਗਦਾ ਹੈ।

**ਫੇੜੇ ਕਾ ਦੁਖੁ ਸਹੈ ਜੀਉ॥**
**ਪਾਛੇ ਕਿਸਹਿ ਪੁਕਾਰਹਿ ਪੀਉ ਪੀਉ॥੩॥**

ਹੇ ਜੀਵ! ਜਿਸ ਵੇਲੇ ਤੈਨੂੰ ਕੀਤੇ ਹੋਏ ਮਾੜੇ ਕਰਮਾਂ ਦਾ ਫਲ ਭੋਗਣਾ ਪਵੇਗਾ, ਉਸ ਸਮੇਂ ਕਿਸ ਨੂੰ ਪੁਕਾਰ-ਪੁਕਾਰ ਕੇ ਆਪਣੇ ਬਚਾਓ ਵਾਸਤੇ ਕਹੇਂਗਾ ਕਿ ਹੇ ਪਿਆਰੇ ਮੈਨੂੰ ਬਚਾਓ। ਤੇਰੀ ਕਿਸੇ ਨੇ ਸਹਾਇਤਾ ਨਹੀਂ ਕਰਨੀ?

(ਸਤਿਗੁਰੂ ਕਬੀਰ ਸਾਹਿਬ ਜੀ ਫਰਮਾਉਂਦੇ ਹਨ ਕਿ—
ਜਨਮ ਮਰਨ ਦੁਖ ਫੇੜ ਕਰਮ ਸੁਖ

ਜੀਅ ਜਨਮ ਤੇ ਛੂਟੈ॥੧॥ ਰਹਾਉ॥ (ਪੰਨਾ ੪੭੫)

ਜਨਮ ਮਰਨ ਦਾ ਦੁੱਖ ਕੀਤੇ ਹੋਏ ਕਰਮਾਂ ਦਾ ਫਲ ਹੈ ਅਤੇ ਸੁੱਖ ਇਸ ਜੀਵ ਪਾਸੋਂ ਛੁੱਟ ਜਾਂਦਾ ਹੈ।)

**ਸਾਧੂ ਕੀ ਜਉ ਲੇਹਿ ਓਟ॥**
**ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ॥**

ਹੇ ਜੀਵ! ਜੇਕਰ ਤੂੰ ਸੰਤਾਂ ਦਾ ਆਸਰਾ ਲਵੇਂਗਾ ਤਾਂ ਤੇਰੇ ਕੀਤੇ ਹੋਏ ਕਰੋੜਾਂ-ਕਰੋੜਾਂ ਪਾਪਾਂ ਦਾ ਨਾਸ ਹੋ ਜਾਵੇਗਾ।

(ਸਤਿਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ—

ਸੰਤ ਜਨਾ ਮਿਲਿ ਹਰਿ ਜਸੁ ਗਾਇਓ॥
ਕੋਟਿ ਜਨਮ ਕੇ ਦੂਖ ਗਵਾਇਓ॥੧॥ (ਪੰਨਾ ੭੨੦)

ਹੇ ਜੀਵ! ਤੂੰ ਸੰਤ-ਜਨਾਂ ਨਾਲ ਮਿਲ ਕੇ ਪਰਮਾਤਮਾ ਦੇ ਜਸ ਦਾ ਗਾਇਨ ਕਰ, ਜਿਸ ਨਾਲ ਤੇਰੇ ਕਰੋੜਾਂ ਜਨਮਾਂ ਦੇ ਦੁੱਖ ਦੂਰ ਹੋ ਜਾਣਗੇ।

**ਕਹਿ ਰਵਿਦਾਸ ਜੁ ਜਪੈ ਨਾਮੁ॥**
**ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ॥੪॥੧॥**

ਸਤਿਗੁਰੂ ਰਵਿਦਾਸ ਜੀ ਮਹਾਰਾਜ ਫਰਮਾਉਂਦੇ ਹਨ ਕਿ ਜਿਹੜਾ ਜੀਵ ਇਸ ਸੰਸਾਰ ਵਿਚ ਪਰਮਾਤਮਾ ਦਾ ਨਾਮ ਜਪਦਾ ਹੈ। ਉਸਦਾ ਜਾਤ, ਜਨਮ ਅਤੇ ਜੂਨ ਨਾਲ ਕੋਈ ਕੰਮ ਨਹੀਂ ਰਹਿੰਦਾ। ਭਾਵ ਉਹ ਜਨਮ-ਮਰਨ ਦੇ ਚੱਕਰ ਤੋਂ ਮੁਕਤ ਹੋ ਕੇ ਪਰਮਾਤਮਾ ਵਿਚ ਅਭੇਦ ਹੋ ਜਾਂਦਾ ਹੈ।

******

## ਸ਼ਬਦ 38

ਮਲਾਰ ਬਾਣੀ ਭਗਤ ਰਵਿਦਾਸ ਜੀ ਕੀ

ੴ ਸਤਿਗੁਰ ਪ੍ਰਸਾਦਿ॥

**ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ॥**
**ਰਿਦੈ ਰਾਮ ਗੋਬਿੰਦ ਗੁਨ ਸਾਰੰ॥੧॥ਰਹਾਉ॥**
**ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ**
**ਸੰਤ ਜਨ ਕਰਤ ਨਹੀ ਪਾਨੰ॥**
**ਸੁਰਾ ਅਪਵਿਤ੍ਰ ਨਤ ਅਵਰ ਜਲ ਰੇ**
**ਸੁਰਸਰੀ ਮਿਲਤ ਨਹਿ ਹੋਇ ਆਨੰ॥੧॥**
**ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ**
**ਜੈਸੇ ਕਾਗਰਾ ਕਰਤ ਬੀਚਾਰੰ॥**
**ਭਗਤਿ ਭਾਗਉਤੁ ਲਿਖੀਐ ਤਿਹ ਊਪਰੇ**
**ਪੂਜੀਐ ਕਰਿ ਨਮਸਕਾਰੰ॥੨॥**



**ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ**
**ਨਿਤਹਿ ਬਾਨਾਰਸੀ ਆਸ ਪਾਸਾ॥**
**ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ**
**ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥੩॥੧॥**

(ਪੰਨਾ ੧੨੯੩)

ਸਤਿਗੁਰੂ ਰਵਿਦਾਸ ਜੀ ਮਾਨਵਤਾ ਨੂੰ ਪਾਵਨ ਉਪਦੇਸ਼ ਦਿੰਦੇ ਹਨ ਕਿ ਜਿਹੜਾ ਜੀਵ ਪਰਮਾਤਮਾ ਦਾ ਨਾਮ ਜਪਦਾ ਹੈ, ਉਹ ਪਰਮਾਤਮਾ ਦਾ ਹੀ ਰੂਪ ਹੋ ਜਾਂਦਾ ਹੈ ਅਤੇ ਉਸਦੀ ਮਹਿਮਾ ਸਾਰੇ ਸੰਸਾਰ ਵਿਚ ਫੈਲ ਜਾਂਦੀ ਹੈ।

**ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ॥**
**ਰਿਦੈ ਰਾਮ ਗੋਬਿੰਦ ਗੁਨ ਸਾਰੰ॥੧॥ਰਹਾਉ॥**

ਹੇ ਨਾਗਰ ਮੱਲ! ਹੇ ਨਗਰ ਦੇ ਚਤੁਰ ਪੁਰਸ਼ੋ! ਹੇ ਨਾਗਰ ਜਾਤੀ ਦੇ ਲੋਕੋ! ਮੇਰੀ ਜਾਤ ਪ੍ਰਗਟ ਹੀ ਚਮਾਰ ਹੈ। ਮੈਂ ਆਪਣੇ ਹਿਰਦੇ ਵਿਚ ਪਰਮਾਤਮਾ ਦੇ ਗੁਣਾਂ ਨੂੰ ਵਸਾਇਆ ਹੋਇਆ ਹੈ।

**ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ**
**ਸੰਤ ਜਨ ਕਰਤ ਨਹੀ ਪਾਨੰ॥**

ਜੇਕਰ ਗੰਗਾ ਦੇ ਜਲ ਦੀ ਸ਼ਰਾਬ ਬਣਾ ਲਈ ਜਾਵੇ ਤਾਂ ਸੰਤ ਜਨ ਉਸਨੂੰ ਪੀਂਦੇ ਨਹੀਂ ਹਨ, ਕਿਉਂਕਿ ਉਹ ਗੰਗਾ ਦਾ ਜਲ ਆਪਣੇ ਚਲਦੇ ਪ੍ਵਾਹ ਤੋਂ ਵੱਖ ਹੋ ਕੇ ਅਪਵਿੱਤਰ ਹੋ ਗਿਆ ਹੈ। ਇਸੇ ਤਰ੍ਹਾਂ ਜੇਕਰ ਕੋਈ ਜੀਵ ਉੱਚੀ ਕੁਲ ਵਿਚ ਪੈਦਾ ਹੋਇਆ ਹੈ ਅਤੇ ਪਰਮਾਤਮਾ ਦਾ ਨਾਮ ਨਹੀਂ ਜਪਦਾ, ਉਹ ਪਰਮਾਤਮਾ ਦੇ ਦਰਬਾਰ ਵਿਚ ਕਬੂਲ ਨਹੀਂ ਹੁੰਦਾ।

**ਸੁਰਾ ਅਪਵਿਤ੍ਰ ਨਤ ਅਵਰ ਜਲ ਰੇ**
**ਸੁਰਸਰੀ ਮਿਲਤ ਨਹਿ ਹੋਇ ਆਨੰ॥੧॥**

ਇਸ ਦੇ ਉਲਟ ਅਪਵਿੱਤਰ ਸ਼ਰਾਬ ਜਾਂ ਹੋਰ ਨਦੀਆਂ-ਨਾਲਿਆਂ ਦਾ ਪਾਣੀ, ਜਿਸ ਵੇਲੇ ਗੰਗਾ ਵਿਚ ਮਿਲ ਜਾਂਦਾ ਹੈ ਤਾਂ ਉਹ ਕੁਝ ਹੋਰ ਨਹੀਂ ਰਹਿੰਦਾ, ਬਲਕਿ ਗੰਗਾ ਦਾ ਹੀ ਰੂਪ ਹੋ ਜਾਂਦਾ ਹੈ। ਇਸੇ ਤਰ੍ਹਾਂ ਜਿਹਨਾਂ ਨੂੰ ਸੰਸਾਰ ਦੇ ਅਗਿਆਨੀ ਲੋਕ ਜਾਤ ਕਰਕੇ ਸ਼ੂਦਰ ਸਮਝਦੇ ਹਨ, ਜਦੋਂ ਉਹ ਪਰਮਾਤਮਾ ਦਾ ਨਾਮ ਜਪਦੇ ਹਨ ਤਾਂ ਉਹ ਪਰਮਾਤਮਾ ਨਾਲ ਮਿਲ ਕੇ ਪਰਮਾਤਮਾ ਵਿਚ ਅਭੇਦ ਹੋ ਜਾਂਦੇ ਹਨ।

(ਸਤਿਗੁਰੂ ਅਮਰ ਦਾਸ ਜੀ ਫੁਰਮਾਉਂਦੇ ਹਨ—

ਜਿਉ ਮੀਹਿ ਵੁਠੈ ਗਲੀਆ ਨਾਲਿਆ ਟੋਭਿਆ ਕਾ ਜਲੁ ਜਾਇ ਪਵੈ
ਵਿਚਿ ਸੁਰਸਰੀ ਸੁਰਸਰੀ ਮਿਲਤ ਪਵਿਤ ਪਾਵਨੁ ਹੋਇ ਜਾਵੈ॥

(ਪੰਨਾ ੯੫੫)

ਜਿਵੇਂ ਮੀਂਹ ਪੈਣ ਨਾਲ ਗਲੀਆਂ, ਨਾਲਿਆਂ, ਟੋਭਿਆਂ ਦਾ ਪਾਣੀ ਗੰਗਾ ਵਿਚ ਪੈ ਕੇ ਗੰਗਾ ਵਾਂਗ ਪਵਿੱਤਰ ਹੋ ਜਾਂਦਾ ਹੈ ਇਸੇ ਤਰ੍ਹਾਂ ਪਰਮਾਤਮਾ

ਦਾ ਨਾਮ ਜਪਣ ਵਾਲੇ ਜੀਵ ਪਰਮਾਤਮਾ ਵਿਚ ਅਭੇਦ ਹੋ ਕੇ ਪਰਮਾਤਮਾ ਦਾ ਰੂਪ ਹੋ ਜਾਂਦੇ ਹਨ।)

**ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ**
**ਜੈਸੇ ਕਾਗਰਾ ਕਰਤ ਬੀਚਾਰੰ ॥**

ਜਿਵੇਂ ਤਾੜ ਦਾ ਰੁੱਖ ਅਪਵਿੱਤਰ ਮੰਨਿਆ ਜਾਂਦਾ ਹੈ ਕਿਉਂਕਿ ਉਸ ਵਿਚ ਨਸ਼ੇ ਵਰਗਾ ਜਲ ਹੁੰਦਾ ਹੈ। ਵਿਚਾਰ ਕਰਨ ਵਾਲੇ ਤਾੜ ਦੇ ਰੁੱਖ ਦੇ ਪੱਤਿਆਂ ਤੋਂ ਬਣੇ ਕਾਗਜ਼ਾਂ ਨੂੰ ਅਪਵਿੱਤਰ ਸਮਝਦੇ ਹਨ।

**ਭਗਤਿ ਭਾਗਉਤੁ ਲਿਖੀਐ ਤਿਹ ਊਪਰੇ**
**ਪੂਜੀਐ ਕਰਿ ਨਮਸਕਾਰੰ ॥੨॥**

ਪ੍ਰੰਤੂ ਜਦੋਂ ਉਹਨਾਂ 'ਤੇ ਪ੍ਰਭੂ ਦਾ ਨਾਮ ਅਤੇ ਪ੍ਰਭੂ ਦੀ ਸਿਫਤ ਸਲਾਹ ਲਿਖ ਦਿੱਤੀ ਜਾਂਦੀ ਹੈ ਤਾਂ ਨਮਸਕਾਰਾਂ ਕਰਕੇ ਪੂਜੇ ਜਾਂਦੇ ਹਨ। ਇਸੇ ਤਰ੍ਹਾਂ ਜਿਹਨਾਂ ਜੀਵਾਂ ਨੂੰ ਸੰਸਾਰੀ ਲੋਕ ਅਗਿਆਨਤਾ ਕਰਕੇ ਨੀਚ ਸਮਝਦੇ ਸਨ, ਜਦੋਂ ਉਨ੍ਹਾਂ ਨੇ ਪਰਮਾਤਮਾ ਦਾ ਨਾਮ ਜਪਿਆ ਤਾਂ ਉਹ ਵੀ ਇਸ ਸੰਸਾਰ ਵਿਚ ਨਮਸਕਾਰਾਂ ਕਰਕੇ ਪੂਜੇ ਜਾਂਦੇ ਹਨ।

**ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ**
**ਨਿਤਹਿ ਬਾਨਾਰਸੀ ਆਸ ਪਾਸਾ ॥**

ਮੇਰੀ ਜਾਤ ਦੇ ਲੋਕ ਮਰੇ ਹੋਏ ਪਸ਼ੂਆਂ ਦਾ ਚੰਮ ਉਤਾਰਨ ਵਾਲੀ ਹੈ ਅਤੇ ਮਰੇ ਹੋਏ ਪਸ਼ੂਆਂ ਨੂੰ ਢੋਣ ਵਾਲੀ ਅਤੇ ਚਮੜੇ ਦਾ ਧੰਦਾ ਕਰਦੀ ਹੈ ਜੋ ਕਿ ਨਿਤਾ ਪ੍ਰਤੀ ਬਨਾਰਸ ਦੇ ਆਲੇ ਦੁਆਲੇ ਰਹਿੰਦੇ ਹਨ।

**ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ**
**ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ ॥੩॥੧॥**

ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਹੇ ਪਰਮਾਤਮਾ ਜੀ! ਆਪ ਦੇ ਦਾਸ ਨੇ ਹੁਣ ਤੇਰੇ ਨਾਮ ਦੀ ਸਰਣ ਲਈ ਹੈ। ਹੁਣ ਮੈਨੂੰ ਬ੍ਰਾਹਮਣਾਂ ਦੇ ਮੁਖੀ ਡੰਡਵਤ ਨਮਸਕਾਰਾਂ ਕਰਦੇ ਹਨ। ਇਹ ਸਭ ਆਪ ਦੇ ਨਾਮ ਦੀ ਮਹਿਮਾ ਹੈ।

******

## ਸ਼ਬਦ 39

**ਹਰਿ ਜਪਤ ਤੇਊ ਜਨਾ ਪਦਮ ਕਵਲਾਸਪਤਿ**
**ਤਾਸ ਸਮ ਤੁਲਿ ਨਹੀ ਆਨ ਕੋਊ ॥**
**ਏਕ ਹੀ ਏਕ ਅਨੇਕ ਹੋਇ ਬਿਸਥਰਿਓ**
**ਆਨ ਰੇ ਆਨ ਭਰਪੂਰਿ ਸੋਊ ॥ ਰਹਾਉ ॥**
**ਜਾ ਕੈ ਭਾਗਵਤੁ ਲੇਖੀਐ ਅਵਰੁ ਨਹੀ ਪੇਖੀਐ**
**ਤਾਸ ਕੀ ਜਾਤਿ ਆਛੋਪ ਛੀਪਾ ॥**
**ਬਿਆਸ ਮਹਿ ਲੇਖੀਐ ਸਨਕ ਮਹਿ ਪੇਖੀਐ**



**ਨਾਮ ਕੀ ਨਾਮਨਾ ਸਪਤ ਦੀਪਾ ॥੧॥**
**ਜਾ ਕੈ ਈਦਿ ਬਕਰੀਦਿ ਕੁਲ ਗਊ ਰੇ ਬਧੁ ਕਰਹਿ**
**ਮਾਨੀਅਹਿ ਸੇਖ ਸਹੀਦ ਪੀਰਾ ॥**
**ਜਾ ਕੈ ਬਾਪ ਵੈਸੀ ਕਰੀ ਪੂਤ**
**ਐਸੀ ਸਰੀ ਤਿਹੂ ਰੇ ਲੋਕ ਪਰਸਿਧ ਕਬੀਰਾ ॥੨॥**
**ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ**
**ਫਿਰਹਿ ਅਜਹੁ ਬੰਨਾਰਸੀ ਆਸ ਪਾਸਾ ॥**
**ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ**
**ਤਿਨ ਤਨੈ ਰਵਿਦਾਸ ਦਾਸਾਨ ਦਾਸਾ ॥੩॥੨॥**

(ਪੰਨਾ੧੨੯੩)

ਸਤਿਗੁਰੂ ਰਵਿਦਾਸ ਮਹਾਰਾਜ ਜੀ ਪਾਵਨ ਉਪਦੇਸ਼ ਦਿੰਦੇ ਹਨ ਕਿ ਪ੍ਰਭੂ ਇਕ ਤੋਂ ਅਨੇਕ ਰੂਪ ਧਾਰਨ ਕਰਕੇ ਸਾਰੇ ਸੰਸਾਰ ਵਿਚ ਸਮਾਇਆ ਹੋਇਆ ਹੈ। ਜੋ ਜੀਵ ਉਸ ਪਰਮਾਤਮਾ ਦਾ ਸਿਮਰਨ ਕਰਕੇ ਉਸ ਨਾਲ ਅਭੇਦ ਹੋ ਜਾਂਦਾ ਹੈ, ਉਸ ਦੀ ਬਰਾਬਰੀ ਕਰਨ ਵਾਲਾ ਹੋਰ ਕੋਈ ਨਹੀਂ ਹੈ। ਐਸੇ ਪ੍ਰਭੂ ਦਾ ਨਾਮ ਜਪਕੇ ਸਤਿਗੁਰੂ ਨਾਮਦੇਵ ਜੀ ਤੇ ਸਤਿਗੁਰੂ ਕਬੀਰ ਜੀ ਪ੍ਰਸਿੱਧ ਹੋਏ ਹਨ। ਬੇਦ ਬਿਆਸ ਜੀ ਅਤੇ ਸਨਕ ਜੀ ਨੇ ਵੀ ਉਸ ਪ੍ਰਭੂ ਦੀ ਉਸਤਤ ਕੀਤੀ ਹੈ।

**ਹਰਿ ਜਪਤ ਤੇਊ ਜਨਾ ਪਦਮ ਕਵਲਾਸਪਤਿ**
**ਤਾਸ ਸਮ ਤੁਲਿ ਨਹੀ ਆਨ ਕੋਊ ॥**
**ਏਕ ਹੀ ਏਕ ਅਨੇਕ ਹੋਇ ਬਿਸਥਰਿਓ**
**ਆਨ ਰੇ ਆਨ ਭਰਪੂਰਿ ਸੋਊ ॥ ਰਹਾਉ ॥**

ਜੋ ਜੀਵ ਪਰਮਾਤਮਾ ਦਾ ਨਾਮ ਜਪਦੇ ਹਨ ਉਹਨਾਂ ਦੀ ਬਰਾਬਰੀ ਵਿਸ਼ਨੂੰ, ਸ਼ਿਵ ਅਤੇ ਹੋਰ ਕੋਈ ਵੀ ਨਹੀਂ ਕਰ ਸਕਦਾ। ਉਹ ਪਰਮਾਤਮਾ ਇਕ ਹੈ ਅਤੇ ਇਕ ਤੋਂ ਅਨੇਕ ਰੂਪ ਧਾਰਨ ਕਰਕੇ ਸੰਸਾਰ ਵਿਚ ਵਿਆਪਕ ਹੈ। ਹੇ ਜੀਵ, ਤੂੰ ਉਸ ਪਰਮਾਤਮਾ ਪਰਿਪੂਰਣ ਵਲ ਆਉਣਾ ਕਰ ਭਾਵ ਇਸ ਦਾ ਸਿਮਰਨ ਕਰ।

(ਸਤਿਗੁਰੂ ਨਾਮਦੇਵ ਜੀ ਫੁਰਮਾਉਂਦੇ ਹਨ—
ਏਕ ਅਨੇਕ ਬਿਆਪਕ ਪੂਰਨ ਜਤ ਦੇਖਉ ਤਤ ਸੋਈ॥ (ਪੰਨਾ ੪੮੫)

ਪੂਰਨ ਪਰਮਾਤਮਾ ਇਕ ਤੋਂ ਅਨੇਕ ਰੂਪ ਧਾਰਨ ਕਰਕੇ ਸਾਰੇ ਸੰਸਾਰ ਵਿਚ ਵਿਆਪਕ ਹੈ। ਜਿਧਰ ਦੇਖਦੇ ਹਾਂ ਉਹੀ ਪਰਮਾਤਮਾ ਹੈ।)

**ਜਾ ਕੈ ਭਾਗਵਤੁ ਲੇਖੀਐ ਅਵਰੁ ਨਹੀ ਪੇਖੀਐ**
**ਤਾਸ ਕੀ ਜਾਤਿ ਆਛੋਪ ਛੀਪਾ ॥**

ਸਤਿਗੁਰ ਨਾਮਦੇਵ ਜੀ ਦੇ ਜੀਵਨ ਵਿਚ ਪਰਮਾਤਮਾ ਦੀ ਸਿਫ਼ਤ ਸਲਾਹ ਹੀ ਦੇਖਦੇ ਹਾਂ ਅਤੇ ਪ੍ਰਭੂ ਸਿਮਰਨ ਤੋਂ ਬਿਨਾਂ ਹੋਰ ਕੁਝ ਵੀ ਨਹੀਂ

ਦੇਖਿਆ ਜਾਂਦਾ। ਉਹਨਾਂ ਦੀ ਜਾਤ ਅਛੂਤ ਸਮਝੀ ਜਾਂਦੀ ਛੀਂਬਾਂ ਸੀ, ਜਿਹੜੇ ਕਿ ਪਰਮਾਤਮਾ ਦਾ ਨਾਮ ਜਪ ਕੇ ਪਰਮਾਤਮਾ ਦਾ ਹੀ ਰੂਪ ਹੋ ਗਏ।

(ਸਤਿਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ—

ਊਚ ਤੇ ਊਚ ਨਾਮਦੇਉ ਸਮਦਰਸੀ

ਰਵਿਦਾਸ ਠਾਕੁਰ ਬਣਿ ਆਈ। (ਪੰਨਾ ੧੨੦੭)

ਉੱਚੇ ਤੋਂ ਉੱਚੇ ਨਾਮਦੇਵ ਜੀ ਸਮਦਰਸੀ ਸਨ ਅਤੇ ਰਵਿਦਾਸ ਜੀ ਪਰਮਾਤਮਾ ਦਾ ਰੂਪ ਹੋ ਕੇ ਸੰਸਾਰ ਵਿਚ ਆਏ ਸਨ। ਸਤਿਗੁਰੂ ਧੰਨਾ ਜੀ ਫਰਮਾਉਂਦੇ ਹਨ—

ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥

(ਪੰਨਾ ੪੮੭)

ਪਰਮਾਤਮਾ ਦਾ ਗੋਬਿਦ ਨਾਮ ਜਪ ਕੇ ਨਾਮਦੇਵ ਜੀ ਉਸ ਗੋਬਿੰਦ ਪਰਮਾਤਮਾ ਵਿਚ ਹੀ ਲੀਨ ਹੋ ਗਏ ਹਨ।)

**ਬਿਆਸ ਮਹਿ ਲੇਖੀਐ ਸਨਕ ਮਹਿ ਪੇਖੀਐ**

**ਨਾਮ ਕੀ ਨਾਮਨਾ ਸਪਤ ਦੀਪਾ॥੧॥**

ਮਹਾਨ ਵਿਦਵਾਨ ਵੇਦ ਬਿਆਸ ਜੀ ਦੇ ਲਿਖੇ ਹੋਏ ਗ੍ਰੰਥਾਂ ਵਿਚ ਵੀ ਪਰਮਾਤਮਾ ਦੀ ਵਡਿਆਈ ਲਿਖੀ ਹੋਈ ਹੈ ਅਤੇ ਬ੍ਰਹਮਾ ਦੇ ਪੁੱਤਰ ਸਨਕ ਦੇ ਜੀਵਨ ਵਿਚ ਵੀ ਪਰਮਾਤਮਾ ਦੀ ਵਡਿਆਈ ਦੇਖੀ ਜਾਂਦੀ ਹੈ। ਭਾਵ ਉਹਨਾਂ ਨੇ ਪਰਮਾਤਮਾ ਦੇ ਨਾਮ ਦੀ ਵਡਿਆਈ ਕੀਤੀ। ਪਰਮਾਤਮਾ ਦੇ ਨਾਮ ਦੀ ਮਹਿਮਾ ਸੱਤਾਂ ਦੀਪਾਂ ਵਿਚ ਭਾਵ ਸਾਰੇ ਖੰਡਾਂ ਬ੍ਰਹਮੰਡਾਂ ਵਿਚ ਹੋ ਰਹੀ ਹੈ।

**ਜਾ ਕੈ ਈਦਿ ਬਕਰੀਦਿ ਕੁਲ ਗਊ ਰੇ ਬਧੁ ਕਰਹਿ**

**ਮਾਨੀਅਹਿ ਸੇਖ ਸਹੀਦ ਪੀਰਾ॥**

**ਜਾ ਕੈ ਬਾਪ ਵੈਸੀ ਕਰੀ ਪੂਤ**

**ਐਸੀ ਸਰੀ ਤਿਹੂ ਰੇ ਲੋਕ ਪਰਸਿਧ ਕਬੀਰਾ॥੨॥**

ਜਿਸ ਕਬੀਰ ਜੀ ਦੇ ਕੁੱਲ ਦੇ ਲੋਕ ਈਦ ਅਤੇ ਬਕਰੀਦ ਦੇ ਦਿਨਾਂ ਵਿਚ ਗਊ ਅਤੇ ਬੱਕਰੀ ਦੀ ਕੁਰਬਾਨੀ ਦੇ ਕੇ ਆਪਣੇ ਵੱਡੇ ਵਡੇਰੇ ਸ਼ੇਖ ਸ਼ਹੀਦ ਪੀਰਾਂ ਨੂੰ ਮੰਨਦੇ ਸਨ ਪਰ ਉਹਨਾਂ ਦੇ ਪੁੱਤਰ ਨੇ ਪਰਮਾਤਮਾ ਦਾ ਨਾਮ ਜਪ ਕੇ ਅਜਿਹੀ ਗੱਲ ਕੀਤੀ ਕਿ ਆਪਣੇ ਵੱਡੇ ਵਡੇਰਿਆਂ ਨੂੰ ਗਊ ਅਤੇ ਬੱਕਰੀ ਮਾਰਨ ਤੋਂ ਰੋਕ ਦਿੱਤਾ ਅਤੇ ਵਹਿਮਾਂ ਭਰਮਾਂ ਤੋਂ ਮੁਕਤ ਕਰਕੇ ਪਰਮਾਤਮਾ ਦੇ ਨਾਮ ਨਾਲ ਜੋੜ ਦਿੱਤਾ। ਐਸੇ ਪਰਮਾਰਥੀ ਵਿਚਾਰਾਂ ਕਰਕੇ ਕਬੀਰ ਸਾਹਿਬ ਤਿੰਨਾਂ ਲੋਕਾਂ ਵਿਚ ਪ੍ਰਸਿੱਧ ਹੋਏ।

(ਸਤਿਗੁਰੂ ਧੰਨਾ ਜੀ ਫਰਮਾਉਂਦੇ ਹਨ

ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ॥

ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ॥੧॥ (ਪੰਨਾ ੪੮੭)

ਕਬੀਰ ਜੀ ਨੇ ਬੁਣਨਾਂ ਤਣਨਾਂ ਛੱਡ ਕੇ ਪਰਮਾਤਮਾ ਦੇ ਚਰਨਾਂ ਨਾਲ ਪ੍ਰੀਤੀ ਕੀਤੀ। ਜਿਸ ਕਬੀਰ ਜੀ ਨੂੰ ਲੋਕ ਨੀਚ ਕੁਲ਼ ਦਾ ਜੁਲਾਹਾ ਸਮਝਦੇ ਸਨ



ਉਹ ਸ਼ੁਭ ਗੁਣਾਂ ਦੇ ਸਮੁੰਦਰ ਹੋ ਗਏ।)

**ਜਾ ਕੇ ਕੁਟੰਬ ਕੇਢੋਢ ਸਭ ਢੋਰ ਢੋਵੰਤ**

**ਫਿਰਹਿ ਅਜਹੁ ਬੰਨਾਰਸੀ ਆਸ ਪਾਸਾ॥**

**ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ**

**ਤਿਨ ਤਨੈ ਰਵਿਦਾਸ ਦਾਸਾਨ ਦਾਸਾ॥੩॥੨॥**

ਸਤਿਗੁਰੂ ਰਵਿਦਾਸ ਮਹਾਰਾਜ ਜੀ ਫਰਮਾਉਂਦੇ ਹਨ ਕਿ ਮੇਰੀ ਕੁਲ਼ ਦੇ ਲੋਕ ਅਜੇ ਤੱਕ ਬਨਾਰਸ ਦੇ ਆਲੇ ਦੁਆਲੇ ਮਰੇ ਹੋਏ ਪਸ਼ੂਆਂ ਨੂੰ ਢੋਂਦੇ ਫਿਰਦੇ ਹਨ। ਉਹਨਾਂ ਦਾ ਪੁੱਤਰ ਮੈਂ ਪਰਮਾਤਮਾ ਦੇ ਦਾਸਾਂ ਦਾ ਦਾਸ ਹਾਂ ਪਰ ਹੁਣ ਬ੍ਰਾਹਮਣ ਮੈਨੂੰ ਡੰਡੇ ਵਾਂਗ ਸਿੱਧੇ ਲੇਟ ਕੇ (ਡੰਡਉਤਿ ਕਰਕੇ) ਪੂਰੇ ਮਾਨ ਸਨਮਾਨ ਅਤੇ ਮਰਿਆਦਾ ਨਾਲ ਨਮਸਕਾਰਾਂ ਕਰਦੇ ਹਨ।

******

## ਸ਼ਬਦ 40

**ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ॥**

**ਸਾਧਸੰਗਤਿ ਪਾਈ ਪਰਮ ਗਤੇ॥ ਰਹਾਉ॥**

**ਮੈਲੇ ਕਪਰੇ ਕਹਾ ਲਉ ਧੋਵਉ॥**

**ਆਵੈਗੀ ਨੀਦ ਕਹਾ ਲਗੁ ਸੋਵਉ॥੧॥**

**ਜੋਈ ਜੋਈ ਜੋਰਿਓ ਸੋਈ ਸੋਈ ਫਾਟਿਓ॥**

**ਝੂਠੇ ਬਨਜਿ ਉਠਿ ਹੀ ਗਈ ਹਾਟਿਓ॥੨॥**

**ਕਹੁ ਰਵਿਦਾਸ ਭਇਓ ਜਬ ਲੇਖੋ॥**

**ਜੋਈ ਜੋਈ ਕੀਨੋ ਸੋਈ ਸੋਈ ਦੇਖਿਓ॥ ੩॥੧॥੩॥**

**ਪੰਨਾ (੧੨੯੩)**

ਸਤਿਗੁਰੂ ਰਵਿਦਾਸ ਜੀ ਮਹਾਰਾਜ ਸੰਸਾਰੀ ਜੀਵਾਂ ਨੂੰ ਪਾਵਨ ਉਪਦੇਸ਼ ਦਿੰਦੇ ਹਨ ਕਿ ਸੰਤਾਂ ਦੀ ਸੰਗਤ ਕਰਨ ਨਾਲ ਪਾਪਾਂ ਅਤੇ ਅਗਿਆਨਤਾ ਰੂਪੀ ਨੀਂਦ ਦਾ ਨਾਸ ਹੋ ਜਾਂਦਾ ਹੈ ਅਤੇ ਜੀਵ ਪਰਮ-ਪਦ ਨੂੰ ਪ੍ਰਾਪਤ ਕਰ ਲੈਂਦਾ ਹੈ।

**ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ॥**

**ਸਾਧਸੰਗਤਿ ਪਾਈ ਪਰਮ ਗਤੇ॥ ਰਹਾਉ॥**

ਪ੍ਰਾਣਾਂ ਤੋਂ ਪਿਆਰਾ ਪਰਮਾਤਮਾ ਕਿਹੜੀ ਭਗਤੀ ਕਰਨ 'ਤੇ ਪ੍ਰਾਪਤ ਹੁੰਦਾ ਹੈ? ਸੰਤਾਂ ਦੀ ਸੰਗਤ ਕਰਕੇ ਜੀਵ ਸਭ ਤੋਂ ਸ਼੍ਰੇਸ਼ਟ ਅਵਸਥਾ ਪ੍ਰਭੂ ਮਿਲਾਪ ਰੂਪੀ ਪਰਮ-ਪਦ ਮੁਕਤੀ ਪ੍ਰਾਪਤ ਕਰਦਾ ਹੈ।

(ਬਾਬਾ ਫਰੀਦ ਜੀ ਫਰਮਾਉਂਦੇ ਹਨ-

ਕਰਿ ਕਿਰਪਾ ਪ੍ਰਭਿ ਸਾਧਸੰਗਿ ਮੇਲੀ ॥

ਜਾ ਫਿਰਿ ਦੇਖਾ ਤਾ ਅਲਹੁ ਬੇਲੀ॥੩॥ ਪੰਨਾ (੭੯੪)

ਪ੍ਰਭੂ ਨੇ ਕਿਰਪਾ ਦ੍ਰਿਸ਼ਟੀ ਕਰਕੇ ਮੈਨੂੰ ਸਾਧ ਸੰਗਤ ਨਾਲ ਮੇਲਿਆ

ਹੈ। ਜਿਸਦੇ ਪ੍ਰਤਾਪ ਕਰਕੇ ਮੈ ਜਿੱਧਰ ਵੀ ਦੇਖਦਾ ਹਾਂ ਮੈਨੂੰ ਅੱਲਾ ਬੇਲੀ ਹੀ ਦਿਖਾਈ ਦਿੰਦਾ ਹੈ। ਸਤਿਗੁਰ ਕਬੀਰ ਸਾਹਿਬ ਜੀ ਫਰਮਾਉਂਦੇ ਹਨ –

ਕਹੁ ਕਬੀਰ ਇਹ ਕਹੀਐ ਕਾਹਿ॥
ਸਾਧਸੰਗਤਿ ਬੈਕੁੰਠੈ ਆਹਿ॥੪॥੧੦॥ (ਪੰਨਾ ੩੨੫)

ਇਹ ਗੱਲ ਕਿਉਂ ਕਹਿਣੀ ਹੈ ਕਿ ਕੋਈ ਬੈਕੁੰਠ ਨਹੀ ਹੈ? ਸੰਤਾਂ ਦੀ ਸੰਗਤ ਹੀ ਬੈਕੁੰਠ ਹੈ।)

**ਮੈਲੇ ਕਪਰੇ ਕਹਾ ਲਉ ਧੋਵਉ॥**
**ਆਵੈਗੀ ਨੀਦ ਕਹਾ ਲਗੁ ਸੋਵਉ॥੧॥**

ਸੰਤਾਂ ਦੀ ਸੰਗਤ ਤੋਂ ਬਿਨਾਂ ਜੀਵ ਅੰਤਹਿ–ਕਰਣ ਰੂਪੀ ਮੈਲੇ ਕੱਪੜਿਆਂ ਨੂੰ ਕਿਥੇ ਜਾ ਕੇ ਧੋਵੇਂਗਾ? ਅਤੇ ਅਗਿਆਨਤਾ ਰੂਪੀ ਨੀਂਦ ਵਿਚ ਕਦੋਂ ਤੱਕ ਸੋਵੇਂਗਾ?

**ਜੋਈ ਜੋਈ ਜੋਰਿਓ ਸੋਈ ਸੋਈ ਫਾਟਿਓ॥**
**ਝੂਠੇ ਬਨਜਿ ਉਠਿ ਹੀ ਗਈ ਹਾਟਿਓ॥੨॥**

ਸੰਤਾਂ ਦੀ ਸੰਗਤ ਕਰਕੇ ਜੀਵ ਨੇ ਜਿਹੜੇ–ਜਿਹੜੇ ਕਰਮਾਂ ਦਾ ਲੇਖਾ ਜਮ੍ਹਾ ਕੀਤਾ ਹੋਇਆ ਸੀ ਉਸ ਲੇਖੇ ਦਾ ਨਾਸ਼ ਕਰ ਦਿੱਤਾ। ਸੰਤਾਂ ਦੀ ਸੰਗਤ ਕਰਕੇ ਸੰਸਾਰ ਵਿਚ ਝੂਠੇ ਵਪਾਰ ਦੀ ਹੱਟੀ ਦਾ ਨਾਸ਼ ਹੋ ਗਿਆ ਹੈ।

(ਸਤਿਗੁਰ ਕਬੀਰ ਸਾਹਿਬ ਜੀ ਫਰਮਾਉਂਦੇ ਹਨ–
ਸੰਤਹੁ ਬਨਜਿਆ ਨਾਮੁ ਗੋਬਿਦ ਕਾ ਐਸੀ ਖੇਪ ਹਮਾਰੀ॥੧॥ (ਪੰਨਾ ੧੧੨੩)

ਸੰਤਾਂ ਨੇ ਇਸ ਸੰਸਾਰ ਵਿਚ ਪਰਮਾਤਮਾ ਦੇ ਨਾਮ ਦਾ ਵਪਾਰ ਕੀਤਾ ਹੈ ਅਤੇ ਮੈਂ ਵੀ ਅਜਿਹੀ ਖਰੀਦਦਾਰੀ ਕੀਤੀ ਹੈ।)

**ਕਹੁ ਰਵਿਦਾਸ ਭਇਓ ਜਬ ਲੇਖੋ॥**
**ਜੋਈ ਜੋਈ ਕੀਨੋ ਸੋਈ ਸੋਈ ਦੇਖਿਓ॥ ੩॥੧॥੩॥**

ਸਤਿਗੁਰ ਰਵਿਦਾਸ ਮਹਾਰਾਜ ਜੀ ਫਰਮਉਂਦੇ ਹਨ ਕਿ ਜਿਸ ਵੇਲੇ ਜੀਵ ਨੂੰ ਹਿਸਾਬ ਦੇਣਾ ਪਵੇਗਾ ਤਾਂ ਜੀਵ ਉਹੀ ਕੁਝ ਦੇਖਦਾ ਹੈ ਜੋ ਕੁਝ ਉਸਨੇ ਕੀਤਾ ਹੈ ਅਤੇ ਇਸ ਲੇਖੇ ਦਾ ਹਿਸਾਬ ਕਿਤਾਬ ਸੰਤਾਂ ਦੀ ਸੰਗਤ ਕਰਨ ਨਾਲ ਅਤੇ ਨਾਮ ਜਪਣ ਨਾਲ ਹੀ ਖਤਮ ਹੁੰਦਾ ਹੈ।

(ਸਤਿਗੁਰ ਕਬੀਰ ਜੀ ਫਰਮਾਉਂਦੇ ਹਨ–
ਧਰਮ ਰਾਇ ਜਬ ਲੇਖਾ ਮਾਗੈ ਕਿਆ ਮੁਖੁ ਲੈ ਕੈ ਜਾਹਿਗਾ॥
ਕਹਤੁ ਕਬੀਰੁ ਸੁਨਹੁ ਰੇ ਸੰਤਹੁ ਸਾਧਸੰਗਤਿ ਤਰ ਜਾਂਹਿਗਾ॥੩॥੧॥
(ਪੰਨਾ ੧੧੦੬)

ਹੇ ਜੀਵ! ਜਿਸ ਵੇਲੇ ਧਰਮ ਰਾਜ ਨੇ ਤੇਰੇ ਪਾਸੋਂ ਕਰਮਾਂ ਦਾ ਹਿਸਾਬ ਕਿਤਾਬ ਮੰਗਣਾ ਹੈ ਤਾਂ ਪਰਮਾਤਮਾ ਦੇ ਨਾਮ ਤੋਂ ਬਿਨਾਂ ਉਸ ਕੋਲ ਕਿਹੜਾ ਮੂੰਹ ਲੈ ਕੇ ਜਾਵੇਂਗਾ। ਇਸ ਲਈ ਕਬੀਰ ਸਾਹਿਬ ਜੀ ਫਰਮਾਉਂਦੇ ਹਨ ਕਿ ਹੇ ਸੰਤ ਜਨੋ ਸੁਣੋ! ਸੰਤਾਂ ਦੀ ਸੰਗਤ ਕਰਨ ਨਾਲ ਜੀਵ ਤਰ ਜਾਏਗਾ।)

******



## ਸਲੋਕ

**ਹਰਿ ਸੋ ਹੀਰਾ ਛਾਡਿ ਕੈ**
**ਕਰਹਿ ਆਨ ਕੀ ਆਸ॥**
**ਤੇ ਨਰ ਦੋਜਕ ਜਾਹਿਗੇ**
**ਸਤਿ ਭਾਖੈ ਰਵਿਦਾਸ॥ ੨੪੨॥**
(ਪੰਨਾ ੧੩੭੭)

ਪਰਮਾਤਮਾ ਦੇ ਹੀਰੇ ਰੂਪੀ ਨਾਮ ਨੂੰ ਛੱਡ ਕੇ ਜਿਹੜਾ ਜੀਵ ਮੁਕਤੀ ਦੀ ਹੋਰ ਕੋਈ ਆਸ ਰੱਖਦਾ ਹੈ, ਗੁਰੂ ਰਵਿਦਾਸ ਜੀ ਮਹਾਰਾਜ ਫਰਮਾਉਂਦੇ ਹਨ ਕਿ ਮੈਂ ਹਮੇਸ਼ਾ ਅਟੱਲ ਰਹਿਣ ਵਾਲੀ ਸੱਚਾਈ ਕਹਿੰਦਾ ਹਾਂ ਕਿ ਅਜਿਹਾ ਜੀਵ ਨਰਕਾਂ ਨੂੰ ਜਾਵੇਗਾ।

# ਰਾਗ ਰਾਮਕਲੀ

## ਸ਼ਬਦ 41

**ਪਰਚੈ ਰਾਮ ਰਮੈ ਜੇ ਕੋਈ ਪਾਰਸ ਪਰਸੇ ਦੁਬਿਧਾ ਨ ਹੋਈ॥ ਟੇਕ॥**
**ਜੋ ਦੀਸੈ ਸੋ ਸਕਲ ਬਿਨਾਸ ਅਣਡੀਠੈ ਨਾਹੀਂ ਵਿਸਵਾਸ॥੧॥**
**ਬਰਨ ਸਹਿਤ ਕਹੈ ਜੋ ਰਾਮ ਸੋ ਭਗਤਾ ਕੇਵਲ ਨਿਹਕਾਮ॥੨॥**
**ਫਲ ਕਾਰਨ ਫੂਲੇ ਬਨਰਾਈ ਉਪਜੈ ਫਲ ਤਬ ਪੁਹੁਪ ਬਿਲਾਈ॥੩॥**
**ਗਿਆਨਹਿ ਕਾਰਨ ਕਰਮ ਕਰਾਈ ਉਪਜੈ ਗਿਆਨ ਤਬ ਕਰਮ ਨਸਾਈ॥੪॥**
**ਬਟਿਕ ਬੀਜ ਜੈਸਾ ਆਕਾਰ ਪਸਰਿਯੋ ਤੀਨਿ ਲੋਕ ਪਾਸਾਰ॥੫॥**
**ਜਹਾਂ ਕਾ ਉਪਜਾ ਤਹਾਂ ਸਮਾਈ ਸਹਜ ਸ਼ੁਨਯ ਮੈਂ ਰਹਯੋ ਲੁਕਾਈ॥੬॥**
**ਜੋ ਮਨ ਬਿੰਦੈ ਸੋਈ ਬਿੰਦ ਅਮਾਵਸ ਮੈਂ ਜੈਸੇ ਦੀਸੈ ਚੰਦ॥੭॥**
**ਜਲ ਮੇਂ ਜੈਸੇ ਤੂੰਬਾ ਤਿਰੈ ਪਰਚੈ ਪਿੰਡ ਜੀਵੈ ਨਾਹਿੰ ਮਰੈ॥੮॥**
**ਸੋ ਮੁਨਿ ਕੌਣ ਜੁ ਮਨ ਕੋ ਖਾਇ ਬਿਨ ਦੁਆਰੇ ਤ੍ਰਿਲੋਕ ਸਮਾਇ॥੯॥**
**ਮਨ ਕੀ ਮਹਿਮਾ ਸਬ ਕੋਇ ਕਹੈ ਪੰਡਿਤ ਸੋ ਜੋ ਅਨਭੈ ਰਹੈ॥੧੦॥**
**ਕਹੈ ਰਵਿਦਾਸ ਯਹੁ ਪਰਮ ਬੈਰਾਗ ਰਾਮ ਨਾਮੁ ਕੀਨ ਜਪਹੁ ਸੁਭਾਗ॥੧੧॥**
**ਘ੍ਰਿਤ ਕਾਰਨਿ ਦਧਿ ਮਥੈ ਸਯਾਨ ਜੀਵਨ ਮੁਕਤਿ ਸਦਾ ਨਿਰਬਾਣ॥੧੨॥**

ਇਸ ਪਾਵਨ ਸ਼ਬਦ ਵਿਚ ਜਗਤਗੁਰੂ ਰਵਿਦਾਸ ਮਹਾਰਾਜ ਜੀ ਜੀਵਾਂ ਨੂੰ ਪਾਰਸ ਰੂਪੀ ਗੁਰੂ ਦੇ ਉਪਦੇਸ਼ 'ਤੇ ਚੱਲ ਕੇ ਪ੍ਰਭੂ ਪ੍ਰਾਪਤੀ ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ।

**ਪਰਚੈ ਰਾਮ ਰਮੈ ਜੇ ਕੋਈ ਪਾਰਸ ਪਰਸੇ ਦੁਬਿਧਾ ਨ ਹੋਈ॥ ਟੇਕ॥**

ਜੋ ਜੀਵ ਗੁਰੂ ਉਪਦੇਸ਼ ਦੁਆਰਾ ਪ੍ਰਭੂ ਦਾ ਸਿਮਰਨ ਕਰਦਾ ਹੈ ਜਿਸ ਤਰ੍ਹਾਂ ਲੋਹਾ ਪਾਰਸ ਨਾਲ ਲੱਗ ਕੇ ਸ਼ੁੱਧ ਸੋਨਾ ਬਣ ਜਾਂਦਾ ਹੈ ਇਸੇ ਪ੍ਰਕਾਰ ਇਹ ਜੀਵ ਵੀ ਪਾਰਸ ਰੂਪੀ ਗੁਰੂ ਦੀ ਸੰਗਤ ਵਿਚ ਜਾ ਕੇ ਸੋਨੇ ਵਾਂਗ ਸ਼ੁੱਧ ਹੋ ਜਾਂਦਾ ਹੈ।

**ਜੋ ਦੀਸੈ ਸੋ ਸਕਲ ਬਿਨਾਸ ਅਣਡੀਠੈ ਨਾਹੀਂ ਵਿਸਵਾਸ॥੧॥**

ਜੋ ਸੰਸਾਰ ਵਿਚ ਦਿਖਾਈ ਦਿੰਦਾ ਹੈ ਸਭ ਨਾਸ਼ਵਾਨ ਹੈ ਪਰ ਪ੍ਰਭੂ ਨੂੰ ਦੇਖੇ ਬਿਨਾਂ ਉਸ ਪ੍ਰਤੀ ਵਿਸ਼ਵਾਸ਼ ਉਤਪੰਨ ਨਹੀਂ ਹੁੰਦਾ।

**ਬਰਨ ਸਹਿਤ ਕਹੈ ਜੋ ਰਾਮ ਸੋ ਭਗਤਾ ਕੇਵਲ ਨਿਹਕਾਮ॥੨॥**

ਜੋ ਪ੍ਰਭੂ ਭਗਤ ਪ੍ਰੇਮ ਸਹਿਤ ਪ੍ਰਭੂ ਦਾ ਨਾਮ ਜੱਪਦਾ ਹੈ ਉਹ ਨਿਸ਼ਕਾਮੀ ਹੈ।

**ਫਲ ਕਾਰਨ ਫੂਲੇ ਬਨਰਾਈ ਉਪਜੈ ਫਲ ਤਬ ਪੁਹੁਪ ਬਿਲਾਈ॥੩॥**

ਜਿਵੇਂ ਬਨਸਪਤੀ ਦੇ ਬ੍ਰਿਖਾਂ ਨੂੰ ਫ਼ਲ ਲੱਗਣ ਤੋਂ ਪਹਿਲਾਂ ਫੁੱਲ ਲੱਗਦੇ ਹਨ। ਪਰ ਜਿਸ ਵੇਲੇ ਫ਼ਲ ਲੱਗ ਜਾਂਦੇ ਹਨ ਤਾਂ ਫੁਲ ਝੜ ਜਾਂਦੇ ਹਨ।

**ਗਿਆਨਹਿ ਕਾਰਨ ਕਰਮ ਕਰਾਈ ਉਪਜੈ ਗਿਆਨ ਤਬ ਕਰਮ ਨਸਾਈ॥੪॥**

ਇਸ ਤਰ੍ਹਾਂ ਜਗਿਆਸੂ ਗਿਆਨ ਦੀ ਪ੍ਰਾਪਤੀ ਲਈ ਸ੍ਰੇਸ਼ਟ ਕਰਮਾਂ ਨੂੰ ਕਰਦਾ ਹੈ ਪਰ ਜਦੋਂ ਗਿਆਨ ਹੋ ਜਾਂਦਾ ਹੈ ਫਿਰ ਕਰਮਾਂ ਦਾ ਨਾਸ਼ ਹੋ ਜਾਂਦਾ ਹੈ। ਭਾਵ ਫਿਰ ਕਰਮ



ਕਰਨ ਦੀ ਜ਼ਰੂਰਤ ਨਹੀਂ ਰਹਿੰਦੀ।

**ਬਟਿਕ ਬੀਜ ਜੈਸਾ ਆਕਾਰ ਪਸਰਿਯੋ ਤੀਨਿ ਲੋਕ ਪਾਸਾਰ॥੫॥**

ਜਿਵੇਂ ਬੋੜ੍ਹ ਦੇ ਦਰਖ਼ਤ ਦੀਆਂ ਸ਼ਿਖ਼ਾਵਾਂ ਬਹੁਤ ਦੂਰ ਤੱਕ ਫੈਲੀਆਂ ਹੁੰਦੀਆਂ ਹਨ ਪਰ ਉਪਰੋਂ ਆਕਾਰ ਛੋਟਾ ਨਜ਼ਰ ਆਉਂਦਾ ਹੈ। ਇਸੇ ਪ੍ਰਕਾਰ ਪ੍ਰਭੂ ਤਿੰਨਾਂ ਲੋਕਾਂ ਵਿਚ ਭਾਵ ਸਾਰੀ ਸ੍ਰਿਸ਼ਟੀ ਵਿਚ ਸਮਾਇਆ ਹੋਇਆ ਹੈ।

**ਜਹਾਂ ਕਾ ਉਪਜਾ ਤਹਾਂ ਸਮਾਈ ਸਹਜ ਸ਼ੁਨਯ ਮੈਂ ਰਹਯੋ ਲੁਕਾਈ॥੬॥**

ਜੀਵ ਪ੍ਰਭੂ ਤੋਂ ਉਤਪੰਨ ਹੋਇਆ ਉਸਦੀ ਅੰਸ਼ ਹੈ ਅਤੇ ਉਸਦਾ ਸਿਮਰਨ ਕਰਕੇ ਸਹਿਜ ਸੁੰਨ ਅਵਸਥਾ ਵਿਚ ਸਮਾ ਜਾਂਦਾ ਹੈ।

**ਜੋ ਮਨ ਬਿੰਦੈ ਸੋਈ ਬਿੰਦ ਅਮਾਵਸ ਮੈਂ ਜੈਸੇ ਦੀਸੈ ਚੰਦ॥੭॥**

ਜੋ ਮਨ ਹੈ ਪ੍ਰਭੂ ਦੀ ਅੰਸ਼ ਹੈ ਪਰ ਭਗਤੀ ਤੋਂ ਬਿਨਾਂ ਉਸਦੇ ਦਰਸ਼ਨ ਨਹੀਂ ਹੁੰਦੇ। ਜਿਵੇਂ ਚੰਦਰਮਾਂ ਤਾਂ ਹੁੰਦਾ ਹੈ ਪਰ ਮੱਸਿਆ ਵਾਲੇ ਦਿਨ ਦਿਖਾਈ ਨਹੀਂ ਦਿੰਦਾ। ਇਸੇ ਪ੍ਰਕਾਰ ਪ੍ਰਭੂ ਦੀ ਹੋਂਦ ਤਾਂ ਹਮੇਸ਼ਾਂ ਹੈ ਪਰ ਅਗਿਆਨਤਾ ਕਾਰਨ ਜੀਵ ਉਸਦਾ ਅਨੁਭਵ ਨਹੀਂ ਕਰ ਸਕਦਾ।

**ਜਲ ਮੇਂ ਜੈਸੇ ਤੂੰਬਾ ਤਿਰੈ ਪਰਚੈ ਪਿੰਡ ਜੀਵੈ ਨਾਹਿੰ ਮਰੈ॥੮॥**

ਜਿਵੇਂ ਜਲ ਵਿਚ ਹਮੇਸ਼ਾਂ ਤੂੰਬਾ ਤੈਰਦਾ ਹੈ ਇਸੇ ਪ੍ਰਕਾਰ ਜੋ ਜੀਵ ਗੁਰੂ ਉਪਦੇਸ਼ ਦੁਆਰਾ ਇਸ ਸਰੀਰ ਰੂਪੀ ਪਿੰਡ ਵਿਚ ਬੈਠੇ ਪ੍ਰਭੂ ਨੂੰ ਯਾਦ ਕਰਦਾ ਹੈ ਉਹ ਹਮੇਸ਼ਾ ਜਿਉਂਦਾ ਰਹਿੰਦਾ ਹੈ, ਮਰਦਾ ਨਹੀਂ।

**ਸੋ ਮੁਨਿ ਕੌਣ ਜੁ ਮਨ ਕੋ ਖਾਇ ਬਿਨ ਦੁਆਰੇ ਤ੍ਰਿਲੋਕ ਸਮਾਇ॥੯॥**

ਅਸਲ ਮੁਨੀ ਉਹ ਹੈ ਜੋ ਮਨ ਵਿਚ ਦੁਬਿਧਾ ਨੂੰ ਸਮਾਪਤ ਕਰ ਲੈਂਦਾ ਹੈ, ਦਸਾਂ ਦੁਆਰਿਆਂ ਤੋਂ ਰਹਿਤ ਤਿੰਨਾਂ ਲੋਕਾਂ ਵਿਚ ਸਮਾਏ ਪ੍ਰਭੂ ਵਿਚ ਲੀਨ ਹੋ ਜਾਂਦਾ ਹੈ।

**ਮਨ ਕੀ ਮਹਿਮਾ ਸਬ ਕੋਇ ਕਹੈ ਕਰਤਾ ਸੋ ਜੋ ਅਨਭੈ ਰਹੈ॥੧੦॥**

ਸੰਸਾਰ ਵਿਚ ਸਾਰੇ ਜੀਵ ਆਪਣੇ ਮਨ ਦੀ ਮਹਿਮਾ ਅਨੁਸਾਰ ਕਰਮ ਕਰਦੇ ਹਨ ਪਰ ਜੋ ਜੀਵ ਕਰਤਾਪੁਰਖ ਨਾਲ ਇਕ ਰੂਪ ਹੋ ਜਾਂਦੇ ਹਨ ਉਹ ਬੇਖੌਫ਼ ਹੋ ਜਾਂਦੇ ਹਨ।

**ਕਹੈ ਰਵਿਦਾਸ ਯਹੁ ਪਰਮ ਬੈਰਾਗ ਰਾਮ ਨਾਮੁ ਕੀਨ ਜਪਹੁ ਸੁਭਾਗ॥੧੧॥**

ਸਤਿਗੁਰੂ ਰਵਿਦਾਸ ਜੀ ਉਚਾਰਣ ਕਰਦੇ ਹਨ ਕਿ ਹੇ ਸੁਭਾਗੇ ਜੀਵ! ਤੂੰ ਆਪਣੇ ਮਨ ਵਿਚ ਪ੍ਰਭੂ ਦੇ ਪਰਮ ਵੈਰਾਗ ਨੂੰ ਧਾਰਨ ਕਰਕੇ ਉਸਦਾ ਨਾਮ ਜੱਪ।

**ਘ੍ਰਿਤ ਕਾਰਨਿ ਦਧਿ ਮਥੈ ਸਯਾਨ ਜੀਵਨ ਮੁਕਤਿ ਸਦਾ ਨਿਰਬਾਣ॥੧੨॥**

ਜਿਵੇਂ ਸਿਆਣੀ ਇਸਤਰੀ ਘਿਓ ਦੀ ਪ੍ਰਾਪਤੀ ਲਈ ਦਹੀਂ ਨੂੰ ਰਿੜਕਦੀ ਹੈ ਪਰ ਜਦੋਂ ਮੱਖਣ ਨਿਕਲ ਆਉਂਦਾ ਹੈ ਤਾਂ ਫਿਰ ਰਿੜਕਣਾ ਬੰਦ ਕਰ ਦਿੰਦੀ ਹੈ। ਇਸੇ ਪ੍ਰਕਾਰ ਬ੍ਰਹਮਗਿਆਨ ਦੀ ਪ੍ਰਾਪਤੀ ਲਈ ਜੀਵ ਸ੍ਰੇਸ਼ਟ ਕਰਮ ਕਰਦਾ ਹੈ ਜਦੋਂ ਬ੍ਰਹਮਗਿਆਨ ਹੋ ਜਾਂਦਾ ਹੈ ਤਾਂ ਇਹ ਜੀਵ ਇਸ ਜੀਵਨ ਵਿਚ ਹੀ ਹਮੇਸ਼ਾਂ ਰਹਿਣ ਵਾਲੇ ਨਿਰਵਾਣ ਪੱਦ ਨੂੰ ਪ੍ਰਾਪਤ ਕਰ ਲੈਂਦਾ ਹੈ।

******

## ਸ਼ਬਦ 42

**ਅਬ ਮੈਂ ਹਾਰਿਓ ਰੇ ਭਾਈ।**
**ਥਕਿਤ ਭਯੋਂ ਸਭ ਹਾਲ ਚਾਲ ਤੇ ਲੋਕਨ ਬੇਦ ਬੜਾਈ॥ ਟੇਕ॥**
**ਥਕਿਤ ਭਯੋਂ ਗਾਇਨ ਅਰੁ ਨਾਚਨ ਥਾਕੀ ਸੇਵਾ ਪੂਜਾ॥**
**ਕਾਮ ਕ੍ਰੋਧ ਤੇ ਦੇਹ ਥਕਤਿ ਭਈ ਕਹੂੰ ਕਹਾਂ ਲੌਂ ਦੂਜਾ॥੧॥**
**ਰਾਮ ਜਨੁ ਹੋਉਂ ਨ ਭਗਤ ਕਹਾਊਂ ਚਰਨ ਪਖਾਰੂ ਨ ਦੇਵਾ॥**
**ਜੋਈ ਜੋਈ ਕਰੂੰ ਉਲਟਿ ਮੋਹਿ ਬਾਂਧੇ ਤਾ ਤੇ ਨਿਕਟਿ ਨ ਭੇਵਾ॥੨॥**
**ਪਹਿਲੇ ਗਿਯਾਨ ਕਾ ਕੀਯਾ ਚਾਂਦਨਾ ਪੀਛੇ ਦੀਯਾ ਬੁਝਾਈ॥**
**ਸ਼ੁੰਨ ਸਹਿਜ ਮੈਂ ਦੋਉ ਤਿਆਗੇ ਰਾਮ ਕਹੂੰ ਨਾ ਖੁਦਾਈ॥੩॥**
**ਦੂਰ ਬਸੈ ਖਟ ਕਰਮ ਸਕਲ ਅਰ ਦੂਰਿਉ ਕੀਨਹੇ ਸੇਊ॥**
**ਗਯਾਨ-ਧਯਾਨ ਦੋਉ ਦੂਰ ਕੀਨ੍ਹੇ ਦੂਰਿਉ ਛਾਡੈ ਤੇਊ॥੪॥**
**ਪੰਚੋ ਥਕਿਤ ਭਯੋ ਹੈ ਜਹਾਂ ਤਹਾਂ ਜਹਾਂ ਤਹਾਂ ਥਿਤਿ ਪਾਈ॥**
**ਜਾ ਕਾਰਨਿ ਮੈ ਦੌਰਿਓ ਫਿਰਤੌਂ ਸੋ ਅਬ ਘਟ ਮੇਂ ਪਾਈ॥੫॥**
**ਪੰਚੋ ਮੇਰੀ ਸਖੀ ਸਹੇਲੀ ਤਿਨ ਨਿਧ ਦਈ ਦਿਖਾਈ।**
**ਅਬ ਮਨ ਫੂਲਿ ਭਯੋ ਜਗ ਮਹਿਯਾ ਉਲਟਿ ਆਪ ਮੇ ਸਮਾਈ॥੬॥**
**ਚਲਤ ਚਲਤ ਮੇਰੋ ਨਿਜ ਮਨ ਥਾਕਯੋ ਅਬ ਮੋ ਸੇ ਚਲਓ ਨ ਜਾਈ।**
**ਸਾਂਈ ਸਹਜ ਮਿਲਓ ਸੋਈ ਸਨਮੁਖ ਕਹੈ ਰਵਿਦਾਸ ਬੜਾਈ॥੭॥**

ਇਸ ਪਾਵਨ ਸ਼ਬਦ ਵਿਚ ਜਗਤ ਗੁਰੂ ਰਵਿਦਾਸ ਜੀ ਮਹਾਰਾਜ ਫਰਮਾਉਂਦੇ ਹਨ ਕਿ ਜੀਵ ਪ੍ਰਭੂ ਦਾ ਨਾਮ ਜਪ ਕੇ ਪਰਮ-ਆਨੰਦ ਅਵਸਥਾ ਵਿਚ ਪਹੁੰਚ ਕੇ ਪਰਮਾਤਮਾ ਵਿਚ ਸਮਾ ਜਾਂਦਾ ਹੈ। ਕਰਮ-ਕਾਂਡ ਨਾਲ ਜੀਵ ਨੂੰ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ।

**ਅਬ ਮੈਂ ਹਾਰਿਓ ਰੇ ਭਾਈ।**
**ਥਕਿਤ ਭਯੋਂ ਸਭ ਹਾਲ ਚਾਲ ਤੇ ਲੋਕਨ ਬੇਦ ਬੜਾਈ॥ ਟੇਕ॥**

ਹੇ ਭਾਈ! ਪਰਮਾਤਮਾ ਦੇ ਨਾਮ ਤੋਂ ਬਿਨਾਂ ਮੈਂ ਹਾਰ ਗਿਆ ਹਾਂ। ਸੰਸਾਰੀ ਲੋਕ ਵੇਦਾਂ ਸ਼ਾਸਤਰਾਂ ਨੂੰ ਮਹੱਤਵ ਦਿੰਦੇ ਹਨ, ਇਸ ਹਾਲ ਤੋਂ ਥੱਕ ਕੇ ਮੈਂ ਪ੍ਰਭੂ ਦਾ ਨਾਮ ਜਪ ਕੇ ਉਸਦਾ ਰੂਪ ਹੋ ਗਿਆ ਹਾਂ।

**ਥਕਿਤ ਭਯੋਂ ਗਾਇਨ ਅਰੁ ਨਾਚਨ ਥਾਕੀ ਸੇਵਾ ਪੂਜਾ॥**
**ਕਾਮ ਕ੍ਰੋਧ ਤੇ ਦੇਹ ਥਕਤਿ ਭਈ ਕਹੂੰ ਕਹਾਂ ਲੌਂ ਦੂਜਾ॥੧॥**

ਸੱਚੇ ਪ੍ਰੇਮ ਤੋਂ ਬਿਨਾਂ ਗਾਉਣ, ਨੱਚਣ ਅਤੇ ਬਾਹਰੀ ਪੂਜਾ ਅਤੇ ਸੇਵਾ ਤੋਂ ਜੀਵ ਥੱਕ ਜਾਂਦਾ ਹੈ। ਕਾਮ, ਕ੍ਰੋਧ ਆਦਿ ਵਿਕਾਰਾਂ ਕਾਰਨ ਸਰੀਰ ਵੀ ਥੱਕ ਜਾਂਦਾ ਹੈ। ਦੱਸੋ ਅਜਿਹੀ ਹਾਲਤ ਵਿਚ ਇਹਨਾਂ ਕਰਮ-ਕਾਂਡਾਂ ਨਾਲ ਜੀਵ ਪਰਮਾਤਮਾ ਨਾਲ ਕਿਵੇਂ ਜੁੜ ਸਕਦਾ ਹੈ? ਭਾਵ ਨਹੀਂ ਜੁੜ ਸਕਦਾ।

**ਰਾਮ ਜਨੁ ਹੋਉਂ ਨ ਭਗਤ ਕਹਾਊਂ ਚਰਨ ਪਖਾਰੂ ਨ ਦੇਵਾ॥**



**ਜੋਈ ਜੋਈ ਕਰੂੰ ਉਲਟਿ ਮੋਹਿ ਬਾਂਧੇ ਤਾ ਤੇ ਨਿਕਟਿ ਨ ਭੇਵਾ॥੨॥**

ਮੈਂ ਪਰਮਾਤਮਾ ਦਾ ਦਾਸ ਹਾਂ, ਮੈਂ ਨਾ ਤਾਂ ਕਿਸੇ ਦੇਵਤੇ ਦਾ ਭਗਤ ਕਹਾਉਂਦਾ ਹਾਂ ਅਤੇ ਨਾ ਹੀ ਕਿਸੇ ਦੇਵਤੇ ਦੇ ਚਰਨ ਧੋਂਦਾ ਹਾਂ। ਪਰਮਾਤਮਾ ਦੇ ਨਾਮ ਤੋਂ ਬਗੈਰ ਮੈਂ ਜੋ ਕੁਝ ਵੀ ਕਰਦਾ ਹੈ ਉਲਟਾ ਉਸ ਨਾਲ ਮੈਂ ਮਾਇਆ ਜਾਲ ਵਿਚ ਬੰਨਿਆ ਜਾਂਦਾ ਹਾਂ। ਕਿਉਂਕਿ ਇਹਨਾਂ ਆਡੰਬਰਾਂ ਨਾਲ ਪ੍ਰਭੂ ਦੇ ਭੇਦ ਨੂੰ ਨਹੀਂ ਪਾਇਆ ਜਾ ਸਕਦਾ।

**ਪਹਿਲੇ ਗਿਯਾਨ ਕਾ ਕੀਯਾ ਚਾਂਦਨਾ ਪੀਛੇ ਦੀਯਾ ਬੁਝਾਈ॥**
**ਸ਼ੁੰਨ ਸਹਿਜ ਮੈਂ ਦੋਉ ਤਿਆਗੇ ਰਾਮ ਕਹੂੰ ਨਾ ਖੁਦਾਈ॥੩॥**

ਪਹਿਲੇ ਗਿਆਨ ਦਾ ਪ੍ਰਕਾਸ਼ ਹੋਣ ਨਾਲ ਅਗਿਆਨਤਾ ਰੂਪੀ ਦੀਵਾ ਬੁਝ ਗਿਆ। ਫਿਰ ਪਰਮ ਆਨੰਦ ਅਵਸਥਾ 'ਚ ਪਹੁੰਚ ਕੇ ਗਿਆਨ ਅਤੇ ਅਗਿਆਨ ਦੋਨੋਂ ਹੀ ਖਤਮ ਹੋ ਗਏ। ਤੁਰੀਆ ਅਵਸਥਾ ਵਿਚ ਪਹੁੰਚਣ ਨਾਲ ਨਾ ਰਾਮ ਅਤੇ ਨਾ ਹੀ ਰਹੀਮ ਕਹਿਣ ਦੀ ਜ਼ਰੂਰਤ ਹੈ ਭਾਵ ਜੀਵ ਪਰਮਾਤਮਾ ਦਾ ਰੂਪ ਹੋ ਜਾਂਦਾ ਹੈ।

**ਦੂਰ ਬਸੈ ਖਟ ਕਰਮ ਸਕਲ ਅਰ ਦੂਰਿਉ ਕੀਨਹੇ ਸੇਊ॥**
**ਗਯਾਨ-ਧਯਾਨ ਦੋਉ ਦੂਰ ਕੀਨ੍ਹੇ ਦੂਰਿਉ ਛਾਡੈ ਤੇਊ॥੪॥**

ਸ਼ਾਸਤਰਾਂ ਅਨੁਸਾਰ ਛੇ ਕਰਮਾਂ ਨੂੰ ਵੀ ਤਿਆਗ ਦਿੱਤਾ ਹੈ ਅਤੇ ਸ਼ਿਵਾ ਦੀ ਭਗਤੀ ਨਾਲ ਮੇਰਾ ਕੋਈ ਲੈਣਾ-ਦੇਣਾ ਨਹੀਂ ਹੈ। ਸਹਿਜ ਅਵਸਥਾ ਵਿਚ ਪਹੁੰਚ ਕੇ ਮੈਂ ਐਸੇ ਗਿਆਨ-ਧਿਆਨ ਆਦਿ ਤੋਂ ਮੁਕਤ ਹੋ ਗਿਆ ਹਾਂ।

**ਪੰਚੋ ਥਕਿਤ ਭਯੋ ਹੈ ਜਹਾਂ ਤਹਾਂ ਜਹਾਂ ਤਹਾਂ ਥਿਤਿ ਪਾਈ॥**
**ਜਾ ਕਾਰਨਿ ਮੈ ਦੌਰਿਓ ਫਿਰਤੌਂ ਸੋ ਅਬ ਘਟ ਮੇਂ ਪਾਈ॥੫॥**

ਪੰਜਾਂ ਵਿਕਾਰਾਂ ਨੂੰ ਨਾਸ਼ ਕਰਕੇ ਮੈਂ ਸਥਿਰ ਸਹਿਜ ਅਵਸਥਾ ਪ੍ਰਾਪਤ ਕਰ ਲਈ ਹੈ। ਜਿਸ ਪਰਮਾਤਮਾ ਦੀ ਪ੍ਰਾਪਤੀ ਲਈ ਮੈਂ ਇੱਧਰ ਉੱਧਰ ਦੌੜਿਆ ਫਿਰਦਾ ਸੀ ਉਸਦੀ ਪ੍ਰਾਪਤੀ ਆਪਣੇ ਸਰੀਰ ਵਿਚੋਂ ਹੀ ਹੋ ਗਈ ਹੈ।

**ਪੰਚੋ ਮੇਰੀ ਸਖੀ ਸਹੇਲੀ ਤਿਨ ਨਿਧ ਦਈ ਦਿਖਾਈ।**
**ਅਬ ਮਨ ਫੂਲਿ ਭਯੋ ਜਗ ਮਹਿਯਾ ਉਲਟਿ ਆਪ ਮੇ ਸਮਾਈ॥੬॥**

ਹੁਣ ਪੰਜੇ ਗਿਆਨ ਇੰਦਰੀਆਂ ਮੇਰੀਆਂ ਸਹੇਲੀਆਂ ਬਣ ਗਈਆ ਹਨ ਅਤੇ ਇਹਨਾਂ ਪੰਜਾਂ ਨੂੰ ਪਰਮਾਤਮਾ ਵੱਲ ਲਗਾਉਣ ਕਰਕੇ ਅੰਦਰੋਂ ਹੀ ਪਰਮਾਤਮਾ ਦਾ ਨਾਮ ਰੂਪੀ ਖਜ਼ਾਨਾ ਪਾ ਲਿਆ ਹੈ। ਜੋ ਮਨ ਸੰਸਾਰ ਦੀ ਮਹਿਮਾ ਵਿਚ ਫੁਲ ਰਿਹਾ ਸੀ ਹੁਣ ਸੰਸਾਰ ਵਲੋਂ ਉਲਟ ਕੇ ਪ੍ਰਭੂ ਜੀ ਵਿਚ ਸਮਾ ਗਿਆ ਹੈ।

**ਚਲਤ ਚਲਤ ਮੇਰੋ ਨਿਜ ਮਨ ਥਾਕਯੋ ਅਬ ਮੋ ਸੇ ਚਲਓ ਨ ਜਾਈ।**
**ਸਾਂਈ ਸਹਜ ਮਿਲਓ ਸੋਈ ਸਨਮੁਖ ਕਹੈ ਰਵਿਦਾਸ ਬੜਾਈ॥੭॥**

ਚਲਦੇ-ਚਲਦੇ ਮੇਰਾ ਮਨ ਥੱਕ ਗਿਆ ਹੈ। ਹੋਰ ਚੱਲਿਆ ਨਹੀਂ ਜਾਂਦਾ। ਜਗਤ ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਸਹਿਜ ਅਵਸਥਾ ਵਿਚ ਪੁੱਜ

ਕੇ ਪਰਮਾਤਮਾ ਮੈਨੂੰ ਪ੍ਰਤੱਖ ਰੂਪ ਵਿਚ ਮਿਲ ਗਿਆ ਹੈ। ਇਹ ਉਸ ਪ੍ਰਭੂ ਦੀ ਵਡਿਆਈ ਹੈ।

******

## ਸ਼ਬਦ 43

**ਗਾਇ ਗਾਇ ਅਬ ਕਾ ਕਹਿ ਗਾਊਂ॥**
**ਗਾਵਣਹਾਰ ਕੂੰ ਨਿਕਟ ਬਤਾਊਂ॥ ਟੇਕ॥**
**ਜਬ ਲਗਿ ਹੈ ਯਾ ਤਨ ਕੀ ਆਸਾ ਤਬ ਲਗ ਕਰੈ ਪੁਕਾਰਾ॥**
**ਜਬ ਮਨ ਮਿਲਿਓ ਆਸ ਨਹਿੰ ਤਨ ਕੀ ਤਬ ਕੋ ਗਾਵਣਹਾਰਾ॥੧॥**
**ਜਬ ਲਗ ਨਦੀ ਨ ਸਮੁੰਦ ਸਮਾਵੈ ਤਬ ਲਗ ਬਡੈ ਹੰਕਾਰਾ॥**
**ਜਬ ਮਨ ਮਿਲਿਓ ਰਾਮ ਸਾਗਰ ਸੋ ਤਬ ਯਹ ਮਿਟੀ ਪੁਕਾਰਾ॥੨॥**
**ਜਬ ਲਗ ਭਗਤਿ ਮੁਕਤਿ ਕੀ ਆਸਾ ਪਰਮ ਤੱਤ ਸੁਣ ਗਾਵੈ॥**
**ਜਹਾਂ ਜਹਾਂ ਆਸ ਧਰਤ ਹੈ ਯਹ ਮਨ ਤਹਾਂ ਤਹਾਂ ਕਛੁ ਨ ਪਾਵੈ॥੩॥**
**ਛਾਡੈ ਆਸ ਨਿਰਾਸ ਪਰਮ ਪਦੁ ਤਬ ਸੁਖ ਸਤਿ ਕਰ ਹੋਈ॥**
**ਕਹੈ ਰਵਿਦਾਸ ਜਾ ਸੂੰ ਔਰ ਕਹਤ ਹੈ ਪਰਮ ਤੱਤ ਅਬ ਸੋਈ॥੪॥**

ਜਗਤਗੁਰੂ ਰਵਿਦਾਸ ਮਹਾਰਾਜ ਜੀ ਪਰਮਾਤਮਾ ਨੂੰ ਆਪਣੇ ਨਿਕਟ ਅਨੁਭਵ ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ। ਜਿਵੇਂ ਨਦੀ ਸਮੁੰਦਰ ਵਿਚ ਸਮਾ ਕੇ ਸਮੁੰਦਰ ਦਾ ਰੂਪ ਹੋ ਜਾਂਦੀ ਹੈ ਇਸੇ ਤਰ੍ਹਾਂ ਜੀਵ ਪਰਮਾਤਮਾ ਦਾ ਭਜਨ ਕਰਕੇ ਉਸ ਦਾ ਹੀ ਰੂਪ ਹੋ ਜਾਂਦਾ ਹੈ।

**ਗਾਇ ਗਾਇ ਅਬ ਕਾ ਕਹਿ ਗਾਊਂ॥**
**ਗਾਵਣਹਾਰ ਕੂੰ ਨਿਕਟ ਬਤਾਊਂ॥ ਟੇਕ॥**

ਜਿਸ ਪਰਮਾਤਮਾ ਦੇ ਗੁਣ ਮੈਂ ਗਾਉਂਦਾ ਸੀ ਹੁਣ ਮੈਂ ਉਸਦੇ ਗੁਣ ਕਿਵੇਂ ਗਾਵਾਂ? ਕਿਉਂਕਿ ਉਸਨੂੰ ਹੁਣ ਮੈਂ ਆਪਣੇ ਨਿਕਟ ਹੀ ਪਾਉਂਦਾ ਹਾਂ।

**ਜਬ ਲਗਿ ਹੈ ਯਾ ਤਨ ਕੀ ਆਸਾ ਤਬ ਲਗ ਕਰੈ ਪੁਕਾਰਾ॥**
**ਜਬ ਮਨ ਮਿਲਿਓ ਆਸ ਨਹਿੰ ਤਨ ਕੀ ਤਬ ਕੋ ਗਾਵਣਹਾਰਾ॥੧॥**

ਜਦੋਂ ਤੱਕ ਜੀਵ ਨੂੰ ਪਰਮਾਤਮਾ ਪ੍ਰਾਪਤੀ ਦੀ ਆਸ ਹੈ ਤਦ ਤੱਕ ਪਰਮਾਤਮਾ ਨੂੰ ਪੁਕਾਰਦਾ ਹੈ, ਜਦੋਂ ਮਨ ਪਰਮਾਤਮਾ ਨੂੰ ਮਿਲ ਜਾਂਦਾ ਹੈ ਤਦ ਸਰੀਰ ਦੀ ਸੁੱਧ-ਬੁੱਧ ਨਹੀਂ ਰਹਿੰਦੀ। ਫਿਰ ਕੋਈ ਗਾਉਣ ਵਾਲਾ ਵੀ ਨਹੀਂ ਰਹਿੰਦਾ।

**ਜਬ ਲਗ ਨਦੀ ਨ ਸਮੁੰਦ ਸਮਾਵੈ ਤਬ ਲਗ ਬਡੈ ਹੰਕਾਰਾ॥**
**ਜਬ ਮਨ ਮਿਲਿਓ ਰਾਮ ਸਾਗਰ ਸੋ ਤਬ ਯਹ ਮਿਟੀ ਪੁਕਾਰਾ॥੨॥**

ਜਦ ਤੱਕ ਨਦੀ ਵਿਚ ਹੰਕਾਰ ਰਹਿੰਦਾ ਹੈ, ਉਹ ਸਮੁੰਦਰ ਵਿਚ ਨਹੀਂ ਮਿਲ ਜਾਂਦੀ ਉਦੋਂ ਤੱਕ ਉਹ ਖੂਬ ਵੇਗ ਨਾਲ ਚਲਦੀ ਹੈ, ਰੌਲਾ ਪਾਉਂਦੀ ਹੈ,



ਹੜ੍ਹ ਲਿਆਉਂਦੀ ਹੈ, ਮਿੱਟੀ ਨੂੰ ਕੱਟਦੀ ਹੈ। ਜਦੋਂ ਸਮੁੰਦਰ ਵਿਚ ਸਮਾਉਂਦੀ ਹੈ ਤਾਂ ਸਮੁੰਦਰ ਦਾ ਹੀ ਰੂਪ ਹੋ ਜਾਂਦੀ ਹੈ। ਇਸੀ ਪ੍ਰਕਾਰ ਜਦੋਂ ਤੱਕ ਜੀਵ ਦੇ ਮਨ ਵਿਚ ਹੰਕਾਰ ਰਹਿੰਦਾ ਹੈ ਤਦ ਤੱਕ ਪਰਮਾਤਮਾ ਤੋਂ ਦੂਰ ਰਹਿੰਦਾ ਹੈ। ਜਦ ਹੰਕਾਰ ਨਹੀਂ ਰਹਿੰਦਾ ਤਦ ਜੀਵ ਪਰਮਾਤਮਾ ਰੂਪੀ ਸਮੁੰਦਰ ਵਿਚ ਸਮਾ ਕੇ ਪਰਮਾਤਮਾ ਦਾ ਹੀ ਰੂਪ ਹੋ ਜਾਂਦਾ ਹੈ। ਪੁਕਾਰ ਸਮਾਪਤ ਹੋ ਜਾਂਦੀ ਹੈ।

**ਜਬ ਲਗ ਭਗਤਿ ਮੁਕਤਿ ਕੀ ਆਸਾ ਪਰਮ ਤੱਤ ਸੁਣ ਗਾਵੈ॥**
**ਜਹਾਂ ਜਹਾਂ ਆਸ ਧਰਤ ਹੈ ਯਹ ਮਨ ਤਹਾਂ ਤਹਾਂ ਕਛੁ ਨ ਪਾਵੈ॥੩॥**

ਜਦੋਂ ਤੱਕ ਪ੍ਰਭੂ ਪ੍ਰੇਮੀ ਨੂੰ ਮੁਕਤੀ ਦੀ ਇੱਛਾ ਹੁੰਦੀ ਹੈ ਉਹ ਪਰਮ ਤੱਤ ਪਰਮਾਤਮਾ ਦੀ ਮਹਿਮਾ ਗਾਉਂਦਾ ਅਤੇ ਸੁਣਦਾ ਹੈ। ਇਹ ਜੀਵ ਮਨ ਵਿਚ ਪਰਮਾਤਮਾ ਨੂੰ ਭੁਲਾ ਕੇ ਇੱਛਾਵਾਂ ਰੱਖਦਾ ਹੈ, ਮਨ ਉਹਨਾਂ ਇੱਛਾਵਾਂ ਵਿਚ ਲੱਗਿਆ ਰਹਿੰਦਾ ਹੈ। ਪਰ ਜਦੋਂ ਜੀਵ ਇੱਛਾਵਾਂ ਨੂੰ ਤਿਆਗ ਕੇ ਪਰਮਾਤਮਾ ਦੀ ਭਗਤੀ ਕਰਦਾ ਹੈ ਤਾਂ ਉਸਨੂੰ ਪਰਮ ਤੱਤ ਭਾਵ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ।

**ਛਾਡੈ ਆਸ ਨਿਰਾਸ ਪਰਮ ਪਦੁ ਤਬ ਸੁਖ ਸਤਿ ਕਰ ਹੋਈ॥**
**ਕਹੈ ਰਵਿਦਾਸ ਜਾ ਸੂੰ ਔਰ ਕਹਤ ਹੈ ਪਰਮ ਤੱਤ ਅਬ ਸੋਈ॥੪॥**

ਜਦ ਜੀਵ ਸੰਸਾਰੀ ਇੱਛਾਵਾਂ ਤੋਂ ਨਿਰਾਸ਼ ਹੋ ਕੇ ਭਜਨ ਕਰਦਾ ਹੈ ਤਾਂ ਉਹ ਜੀਵ ਪਰਮ ਪਦ ਨੂੰ ਪ੍ਰਾਪਤ ਕਰਕੇ ਸਾਰੇ ਸੁੱਖ ਪ੍ਰਾਪਤ ਕਰ ਲੈਂਦਾ ਹੈ। ਗੁਰੂ ਜੀ ਫੁਰਮਾਨ ਕਰਦੇ ਹਨ ਕਿ ਸੰਸਾਰੀ ਲੋਕ ਪਰਮਾਤਮਾ ਨੂੰ ਅਲੱਗ-ਅਲੱਗ ਤਰੀਕਿਆਂ ਨਾਲ ਬਿਆਨ ਕਰਦੇ ਹਨ ਪਰ ਉਸਦੀ ਪ੍ਰਾਪਤੀ ਹੀ ਪਰਮ ਤੱਤ ਹੈ।

*****

## ਸ਼ਬਦ 44

**ਰਾਮ ਜਨ ਹੋਉਂ ਨ ਭਗਤ ਕਹਾਊਂ ਸੇਵਾ ਕਰੂੰ ਨ ਦਾਸਾ॥**
**ਗੁਨੀਂ ਜੋਗ ਜਗਯ ਕਛੂ ਨ ਜਾਨੂੰ ਤਾਂ ਥੈ ਰਹੂੰ ਉਦਾਸਾ॥ ਟੇਕ॥**
**ਭਗਤ ਹੂਆ ਤੋ ਚੜੈ ਬੜ੍ਹਾਈ ਜੋਗ ਕਰੂੰ ਜਗ ਮਾਨੈ॥**
**ਗੁਨ ਹੁਆ ਤੋ ਗੁਣੀ ਜਨ ਕਹੈ ਗੁਨੀ ਆਪ ਕੋ ਤਾਨੈ॥੧॥**
**ਨਾ ਮੈ ਮਮਤਾ ਮੋਹ ਨ ਮੋਹਿਆ ਯੇ ਸਬ ਜਾਹਿ ਬਿਲਾਈ।**
**ਦੋਜਖ ਭਿਸਤ ਦੋਊ ਸਮ ਕਰ ਜਾਨੈ ਦੁਹੂੰ ਤਰਕ ਹੈ ਭਾਈ॥੨॥**
**ਮੈਂ ਤੈਂ ਤੈਂ ਮੈਂ ਦੇਖਿ ਸਕਲ ਜਗ ਮੈਂ ਤੈਂ ਮੂਲ ਗੰਵਾਈ।**
**ਜਬ ਮਨ ਸਮਤਾ ਏਕ ਏਕ ਮਨ ਤਬਹੀਂ ਏਕ ਹੈ ਭਾਈ॥੩॥**
**ਕ੍ਰਿਸਨ ਕਰੀਮ ਰਾਮ ਹਰਿ ਰਾਘਵ ਜਬ ਲਗ ਏਕ ਨ ਪੇਖਾ।**
**ਬੇਦ ਕਤੇਬ ਕੁਰਾਨ ਪੁਰਾਨਨਿ ਸਹਜ ਏਕ ਨਹਿੰ ਦੇਖਾ॥੪॥**
**ਜੋਇ ਜੋਇ ਕਰ ਪੂਜਿਯ ਸੋਇ ਸੋਇ ਕਾਂਚੀ ਸਹਜ ਭਾਵ ਸਤਿ ਹੋਈ।**

**ਕਹਿ ਰਵਿਦਾਸ ਮੈਂ ਤਾਹਿ ਕੋ ਪੂਜੂੰ ਜਾਕੇ ਗਾਂਵ ਠਾਂਵ ਨਹਿੰ ਕੋਈ॥੫॥**

ਇਸ ਪਾਵਨ ਸ਼ਬਦ ਵਿਚ ਜਗਤਗੁਰੂ ਰਵਿਦਾਸ ਮਹਾਰਾਜ ਜੀ ਉਸ ਪਰਮ ਆਨੰਦਮਈ ਅਵਸਥਾ ਦਾ ਬਿਆਨ ਕਰਦੇ ਹਨ ਜਿਸ ਵਿਚ ਜੀਵ ਪ੍ਰਭੂ ਦਾ ਨਾਮ ਜਪ ਕੇ ਉਸ ਵਿਚ ਹੀ ਅਭੇਦ ਹੋ ਜਾਂਦਾ ਹੈ।

**ਰਾਮ ਜਨ ਹੋਊਂ ਨ ਭਗਤ ਕਹਾਊਂ ਸੇਵਾ ਕਰੂੰ ਨ ਦਾਸਾ॥**
**ਗੁਨੀਂ ਜੋਗ ਜਗਯ ਕਛੂ ਨ ਜਾਨੂੰ ਤਾਂ ਥੈ ਰਹੂੰ ਉਦਾਸਾ॥ ਟੇਕ॥**

ਗੁਰੂ ਰਵਿਦਾਸ ਜੀ ਪ੍ਰਭੂ 'ਚ ਅਭੇਦ ਹੋ ਕੇ ਉਸ ਪਰਮ ਉੱਚ ਆਨੰਦਮਈ ਅਵਸਥਾ ਦਾ ਬਿਆਨ ਕਰਦੇ ਹਨ ਕਿ ਪਰਮਾਤਮਾ ਜੀ ਮੈਂ ਆਪ ਦਾ ਨਾਮ ਜਪ ਕੇ ਆਪ ਦਾ ਹੀ ਰੂਪ ਹੋ ਗਿਆ ਹਾਂ। ਹੇ! ਪ੍ਰਭੂ ਜੀ ਨਾ ਮੈਂ ਆਪ ਦਾ ਦਾਸ ਅਤੇ ਨਾ ਹੀ ਭਗਤ ਕਹਾਉਂਦਾ ਹਾਂ ਨਾ ਹੀ ਆਪ ਦੀ ਸੇਵਾ ਕਰਨ ਵਾਲਾ ਸੇਵਕ ਹਾਂ। ਹੇ! ਪ੍ਰਭੂ ਜੀ ਨਾ ਹੀ ਮੈਂ ਕੋਈ ਜੋਗ ਅਤੇ ਯੱਗ ਕਰਨ ਵਾਲੇ ਗੁਣ ਜਾਣਦਾ ਹਾਂ। ਇਨ੍ਹਾਂ ਦੇ ਕਰਨ ਤੋਂ ਮੈਂ ਉਪਰਾਮ ਰਹਿੰਦਾ ਹਾਂ।

**ਭਗਤ ਹੂਆ ਤੋ ਚੜੈ ਬੜਾਈ ਜੋਗ ਕਰੂੰ ਜਗ ਮਾਨੈ॥**
**ਗੁਨ ਹੁਆ ਤੋ ਗੁਣੀ ਜਨ ਕਹੈ ਗੁਨੀ ਆਪ ਕੋ ਤਾਨੈ॥੧॥**

ਹੇ! ਪ੍ਰਭੂ ਜੀ ਜੋ ਜੀਵ ਆਪ ਦੀ ਭਗਤੀ ਕਰਦਾ ਹੈ, ਉਸਦੀ ਮਹਿਮਾ ਵਧੇਗੀ ਅਤੇ ਜੇਕਰ ਕੋਈ ਜੀਵ ਯੁੱਗਾਂ ਦੀ ਸਾਧਨਾ ਕਰਦਾ ਹੈ ਤਾਂ ਉਹ ਜੋਗੀ ਕਰਕੇ ਜਾਣਿਆ ਜਾਂਦਾ ਹੈ। ਜੇਕਰ ਕੋਈ ਗੁਣਵਾਨ ਹੈ ਤਾਂ ਉਸ ਨੂੰ ਸੰਸਾਰੀ ਲੋਕ ਗੁਣੀ ਕਹਿਣਗੇ ਅਤੇ ਗੁਣੀ ਆਪਣੇ ਆਪ ਨੂੰ ਹੀ ਉੱਤਮ ਮੰਨਦਾ ਹੈ ਕਿ ਮੇਰੇ ਵਰਗਾ ਹੋਰ ਗੁਣੀ ਕੌਣ ਹੈ?

**ਨਾ ਮੈ ਮਮਤਾ ਮੋਹ ਨ ਮੋਹਿਆ ਯੇ ਸਬ ਜਾਹਿ ਬਿਲਾਈ।**
**ਦੋਜਖ ਭਿਸਤ ਦੋਊ ਸਮ ਕਰ ਜਾਨੈ ਦੂਹੁੰ ਤਰਕ ਹੈ ਭਾਈ॥੨॥**

ਨਾ ਹੀ ਮੈਨੂੰ ਸੰਸਾਰ ਦੀ ਝੂਠੀ ਮਮਤਾ ਅਤੇ ਮੋਹ ਨੇ ਮੋਹਿਆ ਹੈ। ਇਹ ਸਭ ਮੇਰੇ ਤੋਂ ਬਹੁਤ ਦੂਰ ਚਲੇ ਗਏ ਹਨ। ਮੈਂ ਨਰਕ ਤੇ ਸਵਰਗ ਦੋਵਾਂ ਨੂੰ ਇਕ ਸਮਾਨ ਕਰਕੇ ਜਾਣਦਾ ਹਾਂ। ਇਸ ਲਈ ਮੈਂ ਦੋਵਾਂ ਨੂੰ ਹੀ ਤਿਆਗ ਦਿੱਤਾ ਹੈ।

**ਮੈਂ ਤੈਂ ਤੈਂ ਮੈਂ ਦੇਖਿ ਸਕਲ ਜਗ ਮੈਂ ਤੈਂ ਮੂਲ ਗੰਵਾਈ।**
**ਜਬ ਮਨ ਸਮਤਾ ਏਕ ਏਕ ਮਨ ਤਬਹੀਂ ਏਕ ਹੈ ਭਾਈ॥੩॥**

ਸੰਸਾਰੀ ਜੀਵ ਮੈਂ-ਮੇਰੀ ਹੰਕਾਰ ਅਤੇ ਮਮਤਾ ਕਾਰਨ ਪ੍ਰਭੂ ਨੂੰ ਭੁੱਲੇ ਹੋਏ ਹਨ ਅਤੇ ਇਸੇ ਹੰਕਾਰ ਵਿਚ ਪ੍ਰਭੂ ਨੂੰ ਦਿਲੋਂ ਭੁਲਾ ਦਿੱਤਾ ਹੈ। ਪਰ ਜਦੋਂ ਇਹ ਜੀਵ ਦਾ ਮਨ ਸੰਸਾਰ ਦੀ ਇਸ ਝੂਠੀ ਮਮਤਾ ਨੂੰ ਤਿਆਗ ਕੇ ਇਕ ਪ੍ਰਭੂ ਨਾਲ ਸੱਚਾ ਪ੍ਰੇਮ ਕਰਦਾ ਹੈ ਤਦ ਇਹ ਜੀਵ ਅਤੇ ਪ੍ਰਭੂ ਇਕ ਹੋ ਜਾਂਦੇ ਹਨ।

**ਕ੍ਰਿਸਨ ਕਰੀਮ ਰਾਮ ਹਰਿ ਰਾਘਵ ਜਬ ਲਗ ਏਕ ਨ ਪੇਖਾ।**
**ਬੇਦ ਕਤੇਬ ਕੁਰਾਨ ਪੁਰਾਨਨਿ ਸਹਜ ਏਕ ਨਹਿੰ ਦੇਖਾ॥੪॥**

ਕ੍ਰਿਸ਼ਨ, ਕਰੀਮ, ਰਾਮ, ਹਰਿ ਅਤੇ ਰਾਘਵ ਆਦਿ ਉਸ ਸਰਵ-ਵਿਆਪੀ ਪ੍ਰਭੂ ਦੇ ਅਣਗਿਣਤ ਨਾਮ ਹਨ। ਇਸ ਗੱਲ ਦਾ ਅਨੁਭਵ ਉਦੋਂ



ਤੱਕ ਨਹੀਂ ਹੁੰਦਾ ਜਦੋਂ ਤੱਕ ਸਭ ਜੀਵਾਂ ਨੂੰ ਇਕ ਸਮਾਨ ਨਹੀਂ ਦੇਖਦਾ। ਫਿਰ ਭਾਵੇਂ ਉਹ ਵੇਦ ਕਤੇਬ ਕੁਰਾਨ ਸਾਰੇ ਪੜ੍ਹ ਲਵੇ ਪਰ ਸਹਿਜ ਅਵਸਥਾ ਦੀ ਪ੍ਰਾਪਤੀ ਤਾਂ ਪ੍ਰਭੂ ਦੇ ਨਾਮ ਜਪਣ ਨਾਲ ਹੋਣੀ ਹੈ।

**ਜੋਇ ਜੋਇ ਕਰ ਪੁਜਿਯ ਸੋਇ ਸੋਇ ਕਾਂਚੀ ਸਹਜ ਭਾਵ ਸਤਿ ਹੋਈ।**
**ਕਹਿ ਰਵਿਦਾਸ ਮੈਂ ਤਾਹਿ ਕੋ ਪੂਜੂੰ ਜਾਕੇ ਗਾਂਵ ਠਾਂਵ ਨਹਿੰ ਕੋਈ॥੫॥**

ਪ੍ਰਭੂ ਤੋਂ ਬਿਨਾਂ ਕਿਸੇ ਹੋਰ ਦੀ ਪੂਜਾ ਕਰਨੀ ਹੈ ਤਾਂ ਉਹ ਕੱਚੀ ਭਾਵ ਝੂਠੀ ਹੈ। ਸਹਿਜ ਅਵਸਥਾ ਰੂਪੀ ਸੱਚੀ ਪੂਜਾ ਨੂੰ ਕਰਕੇ ਜੀਵ ਉਸ ਸਤਿ-ਸਰੂਪ ਪਰਮਾਤਮਾ ਦੀ ਪ੍ਰਾਪਤੀ ਕਰ ਲੈਂਦਾ ਹੈ। ਗੁਰੂ ਰਵਿਦਾਸ ਜੀ ਕਥਨ ਕਰਦੇ ਹਨ ਕਿ ਮੈਂ ਤਾਂ ਉਸ ਪ੍ਰਭੂ ਦੀ ਪੂਜਾ ਕਰਦਾ ਹਾਂ ਜਿਸ ਦਾ ਕੋਈ ਖਾਸ ਸਥਾਨ ਅਤੇ ਨਾਮ ਨਹੀਂ ਭਾਵ ਉਹ ਪ੍ਰਭੂ ਬ੍ਰਹਿਮੰਡ ਦੇ ਕਣ-ਕਣ ਵਿਚ ਸਮਾਇਆ ਹੈ।

*****

## ਸ਼ਬਦ 45

**ਅਬ ਮੇਰੀ ਬੂਡੀ ਰੇ ਭਾਈ ਤਾਤੈ ਚੜੀ ਲੋਕ ਬੜਾਈ॥ ਟੇਕ॥**
**ਅਤਿ ਅੰਹਕਾਰ ਉਰ ਮੇਂ ਸਤ-ਰਜ-ਤਮ ਤਾ ਮੈਂ ਰਹਿਉ ਉਰਝਾਈ॥**
**ਕ੍ਰਮ ਬਸਿ ਪਰਯੋ ਕਛੂ ਨ ਸੂਝੈ ਸਵਾਮੀ ਨਾਮ ਭੁਲਾਈ॥੧॥**
**ਹਮ ਮਾਨੌਂ ਗੁਨੀ ਜੋਗ ਸੁੰਨਿ ਜੁਗਤਾ ਹਮ ਮਹਾਂ ਪੁਰਖ ਰੇ ਭਾਈ॥**
**ਹਮ ਮਾਨੌਂ ਸੂਰ ਸਕਲ ਬਿਧਿ ਤਿਯਾਗੀ ਯੇ ਮਮਤਾ ਨਹੀਂ ਮਿਟਾਈ॥੨॥**
**ਹਮ ਮਾਨੈ ਅਖਿਲ ਸ਼ੁੰਨਿ ਮਨ ਸੋਧਯੋ ਸਬ ਚੇਤਨਿ ਸੁਧਿ ਪਾਈ॥**
**ਗਯਾਨ ਧਯਾਨ ਸਬ ਹੀ ਹਮ ਜਾਨਯੋ ਬੂਝੈ ਕਾਉਨ ਸੋਂ-ਜਾਈ॥੩॥**
**ਹਮ ਮਾਨੈ ਪਰਮ ਪ੍ਰੇਮ ਰਸ ਜਾਨਯੋ ਨੌਂ-ਬਿਧਿ ਭਗਤਿ ਕਰਾਈ॥**
**ਸਵਾਂਗ ਦੇਖਿ ਸਬਹੀ ਜਗ ਡਹਕਯੋ ਫਿਰ ਆਪਨ ਪੋਰ ਬੰਧਾਈ॥੪॥**
**ਸਾਂਗ ਧੇ ਸਾਂਚ ਨ ਜਾਨਯੋ ਲੋਗਨਿ ਯਹਿ ਭਰਮਾਈ॥**
**ਸਯੰਘ ਰੂਪ ਮੇਸ਼ੀ ਜਬ ਪਹਿਰੀ ਬੋਲੀ ਤਬ ਸੁਧਿ ਪਾਈ॥੫॥**
**ਐਸੀ ਭਗਤਿ ਹਮਾਰੀ ਸੰਤੋ ਪ੍ਰਭੁਤਾ ਏਹ ਬੜਾਈ॥**
**ਆਪਨ ਅਨੰਨ ਔਰ ਨਹਿੰ ਮਾਨਤ ਤਾਤੈ ਮੂਲ ਗੰਵਾਈ॥੬॥**
**ਭਣੈ ਰਵਿਦਾਸ ਉਦਾਸ ਤਾਹੀ ਤੈਂ ਅਬ ਕਛੁ ਮੋਪੈ ਕਰਯੋ ਨ ਜਾਈ॥**
**ਆਪੋ ਖੋਇਆ ਭਗਤਿ ਹੋਤ ਹੈ ਤਬ ਰਹੈ ਅੰਤਰ ਉਰਝਾਈ॥੭॥**

ਇਸ ਪਾਵਨ ਸ਼ਬਦ ਵਿਚ ਜਗਤਗੁਰੂ ਰਵਿਦਾਸ ਮਹਾਰਾਜ ਜੀ ਜੀਵਾਂ ਨੂੰ ਹੰਕਾਰ ਦਾ ਤਿਆਗ ਕਰਕੇ ਪ੍ਰਭੂ ਦਾ ਸਿਮਰਨ ਕਰਨ ਦਾ ਉਪਦੇਸ਼ ਦਿੰਦੇ ਹਨ।

**ਅਬ ਮੇਰੀ ਬੂਡੀ ਰੇ ਭਾਈ ਤਾਤੈ ਚੜੀ ਲੋਕ ਬੜਾਈ॥ ਟੇਕ॥**

ਹੇ ਭਾਈ ਜਿਸ ਸਮੇਂ ਜੀਵ ਅੰਦਰੋਂ ਹੰਕਾਰ ਖਤਮ ਹੋ ਜਾਂਦਾ ਹੈ ਉਸ ਸਮੇਂ ਉਸਦੀ ਸੰਸਾਰ ਵਿਚ ਵਡਿਆਈ ਹੋਣ ਲੱਗ ਪੈਂਦੀ ਹੈ।

**ਅਤਿ ਅੰਹਕਾਰ ਉਰ ਮੇਂ ਸਤ-ਰਜ-ਤਮ ਤਾ ਮੈਂ ਰਹਿਉ ਉਰਝਾਈ॥**
**ਕ੍ਰਮ ਬਸਿ ਪਰਯੋ ਕਛੂ ਨ ਸੂਝੈ ਸਵਾਮੀ ਨਾਮ ਭੁਲਾਈ॥੧॥**

ਪਰਮਾਤਮਾ ਦੇ ਨਾਮ ਤੋਂ ਬਿਨਾਂ ਜੀਵ ਹੰਕਾਰ ਕਾਰਨ ਸਤੋਗੁਣੀ, ਰਜੋਗੁਣੀ ਅਤੇ ਤਮੋਗੁਣੀ ਬੁੱਧੀ ਵਿਚ ਉਲਝਿਆ ਰਹਿੰਦਾ ਹੈ। ਕਰਮਾਂ ਦੇ ਵੱਸ ਹੋਏ ਇਸ ਜੀਵ ਨੂੰ ਪਰਮਾਤਮਾ ਦੀ ਕੋਈ ਸੋਝੀ ਨਹੀਂ। ਪ੍ਰਭੂ ਸੁਆਮੀ ਦੀ ਨਾਮ ਰੂਪੀ ਬੇੜੀ ਜਿਹੜੀ ਸੰਸਾਰ ਰੂਪੀ ਭਵਸਾਗਰ ਨੂੰ ਪਾਰ ਕਰਨ ਵਾਲੀ ਹੈ, ਉਸਨੂੰ ਜੀਵ ਨੇ ਭੁਲਾ ਦਿੱਤਾ ਹੈ।

**ਹਮ ਮਾਨੌ ਗੁਨੀ ਜੋਗ ਸੁੰਨਿ ਜੁਗਤਾ ਹਮ ਮਹਾਂ ਪੁਰਖ ਰੇ ਭਾਈ॥**
**ਹਮ ਮਾਨੌ ਸੂਰ ਸਕਲ ਬਿਧਿ ਤਿਯਾਗੀ ਯੇ ਮਮਤਾ ਨਹੀਂ ਮਿਟਾਈ॥੨॥**

ਜੇਕਰ ਜੀਵ ਹੰਕਾਰ ਵੱਸ ਹੋਣ ਕਰਕੇ ਆਪਣੇ ਆਪ ਨੂੰ ਵਿਦਵਾਨ, ਗੁਣੀ, ਜੋਗੀ, ਚੰਗੀ ਜੁਗਤ ਨੂੰ ਜਾਨਣ ਵਾਲਾ ਅਤੇ ਮਹਾਪੁਰਖ ਸਮਝਦਾ ਹੈ। ਜੀਵ ਹੰਕਾਰ ਕਾਰਨ ਹੀ ਆਪਣੇ ਆਪ ਨੂੰ ਸੂਰਬੀਰ ਅਤੇ ਤਿਆਗੀ ਸਮਝਦਾ ਹੈ। ਇਸ ਦੀ ਮਮਤਾ ਨਹੀਂ ਮਿਟਦੀ।

**ਹਮ ਮਾਨੈ ਅਖਿਲ ਸ਼ੁੰਨਿ ਮਨ ਸੋਧਯੋ ਸਬ ਚੇਤਨਿ ਸੁਧਿ ਪਾਈ॥**
**ਗਯਾਨ ਧਯਾਨ ਸਬ ਹੀ ਹਮ ਜਾਨਯੋ ਬੂਝੈ ਕਾਉਨ ਸੋਂ-ਜਾਈ॥੩॥**

ਜੀਵ ਆਪਣੇ ਆਪ ਨੂੰ ਸਭ ਤੋਂ ਵੱਡਾ ਅਤੇ ਮਨ ਨੂੰ ਸੋਧਿਆ ਹੋਇਆ ਮੰਨਦਾ ਹੈ ਕਿ ਮੈਂ ਚੇਤੰਨ ਸੋਝੀ ਪਾਈ ਹੈ। ਪਰ ਇਸਨੇ ਪ੍ਰਭੂ ਨੂੰ ਚੇਤੇ ਕਰਨ ਦੀ ਸੋਝੀ ਨਹੀਂ ਪਾਈ। ਇਹ ਜੀਵ ਹੰਕਾਰ ਕਾਰਨ ਆਪਣੇ ਆਪ ਨੂੰ ਵੱਡਾ ਗਿਆਨੀ-ਧਿਆਨੀ ਸਮਝਦਾ ਹੈ। ਇਸਨੇ ਪਰਮਾਤਮਾ ਨੂੰ ਬੁੱਝਿਆ ਨਹੀਂ।

**ਹਮ ਮਾਨੈ ਪਰਮ ਪ੍ਰੇਮ ਰਸ ਜਾਨਯੋ ਨੌ-ਬਿਧਿ ਭਗਤਿ ਕਰਾਈ॥**
**ਸਵਾਂਗ ਦੇਖਿ ਸਬਹੀ ਜਗ ਡਹਕਯੋ ਫਿਰ ਆਪਨ ਪੋਰ ਬੰਧਾਈ॥੪॥**

ਇਹ ਜੀਵ ਆਪਣੇ ਆਪ ਨੂੰ ਪ੍ਰੇਮ ਰਸ ਦਾ ਗਿਆਤਾ ਮੰਨਦਾ ਹੈ ਅਤੇ ਕਹਿੰਦਾ ਹੈ ਕਿ ਮੈਂ ਨੌਂ ਪ੍ਰਕਾਰ ਦੀ ਭਗਤੀ ਕੀਤੀ ਹੈ। ਸੰਸਾਰ ਰੂਪੀ ਝੂਠੇ ਸਵਾਂਗ ਨੂੰ ਦੇਖਕੇ ਜੀਵ ਨੇ ਸੱਚੇ ਪਰਮਾਤਮਾ ਨੂੰ ਨਹੀਂ ਜਾਣਿਆ ਸਗੋਂ ਆਪਣੀ ਵਡਿਆਈ ਵਧਾਉਣ ਵਿਚ ਲੱਗ ਰਿਹਾ ਹੈ।

**ਸਾਂਗ ਧੇ ਸਾਂਚ ਨ ਜਾਨਯੋ ਲੋਗਨਿ ਯਹਿ ਭਰਮਾਈ॥**
**ਸਯੰਘ ਰੂਪ ਮੇਸ਼ੀ ਜਬ ਪਹਿਰੀ ਬੋਲੀ ਤਬ ਸੁਧਿ ਪਾਈ॥੫॥**

ਸੰਸਾਰ ਦੇ ਝੂਠੇ ਰੂਪ ਨੂੰ ਦੇਖ ਕੇ ਸੱਚੇ ਪਰਮਾਤਮਾ ਨੂੰ ਨਹੀਂ ਜਾਣਿਆ, ਇਹੀ ਲੋਕਾਂ ਨੂੰ ਭਰਮ ਹੋ ਰਿਹਾ ਹੈ। ਜਿਸ ਤਰ੍ਹਾਂ ਭੇਡ ਸ਼ੇਰ ਦਾ ਰੂਪ ਧਾਰ ਲਵੇ ਪਰ ਉਸਦਾ ਬੋਲ ਸੁਣਕੇ ਉਸ ਦੀ ਪਛਾਣ ਹੋ ਜਾਂਦੀ ਹੈ ਕਿ ਇਹ ਸ਼ੇਰ ਨਹੀਂ ਹੈ, ਇਸੀ ਪ੍ਰਕਾਰ ਜਦ ਤੱਕ ਇਹ ਜੀਵ ਪਰਮਾਤਮਾ ਨਾਲ ਨਹੀਂ ਜੁੜਦਾ ਉਨਾਂ ਚਿਰ ਉਸਨੂੰ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੁੰਦੀ। ਜਿੰਨਾ ਮਰਜ਼ੀ ਭੇਖ ਬਣਾਈ



ਜਾਵੇ।

**ਐਸੀ ਭਗਤਿ ਹਮਾਰੀ ਸੰਤੋ ਪ੍ਰਭੁਤਾ ਏਹ ਬੜਾਈ॥**
**ਆਪਨ ਅਨੰਨ ਔਰ ਨਹਿੰ ਮਾਨਤ ਤਾਤੈ ਮੂਲ ਗੰਵਾਈ॥੬॥**

ਹੇ ਸੰਤ ਜਨੋਂ ਪਰਮਾਤਮਾ ਦੀ ਐਸੀ ਸੱਚੀ ਭਗਤੀ ਹੈ ਕਿ ਮੈਂ ਉਸ ਪ੍ਰਭੂ ਦੀ ਸੱਚੀ ਭਗਤੀ ਕਰਕੇ ਉਸਦਾ ਹੀ ਰੂਪ ਹੋ ਗਿਆ ਹਾਂ। ਇਹ ਸਭ ਪਰਮਾਤਮਾ ਦੀ ਹੀ ਐਸੀ ਵਡਿਆਈ ਹੈ, ਪਰ ਜਿਹੜਾ ਜੀਵ ਆਪਣੇ ਆਪ ਨੂੰ ਸਭ ਤੋਂ ਉੱਤਮ ਮੰਨਦਾ ਹੈ ਅਤੇ ਦੂਸਰਿਆਂ ਨੂੰ ਨਹੀਂ ਮੰਨਦਾ। ਹੰਕਾਰ ਕਾਰਨ ਉਹ ਆਪਣਾ ਆਪ ਗੁਆ ਲੈਂਦਾ ਹੈ।

**ਭਣੈ ਰਵਿਦਾਸ ਉਦਾਸ ਤਾਹੀ ਤੈਂ ਅਬ ਕਛੁ ਮੋਪੈ ਕਰਯੋ ਨ ਜਾਈ॥**
**ਆਪੋ ਖੋਇਆ ਭਗਤਿ ਹੋਤ ਹੈ ਤਬ ਰਹੈ ਅੰਤਰ ਉਰਝਾਈ॥੭॥**

ਸਤਿਗੁਰੂ ਰਵਿਦਾਸ ਮਹਾਰਾਜ ਜੀ ਉਚਾਰਨ ਕਰਦੇ ਹਨ ਕਿ ਮੈਂ ਸੰਸਾਰ ਤੋਂ ਉਦਾਸ ਹਾਂ। ਮੈਂ ਪਰਮਾਤਮਾ ਦੀ ਕੀ ਵਡਿਆਈ ਕਰਾਂ? ਭਾਵ ਉਸਦੀ ਮਹਿਮਾ ਅਪਰਮ-ਅਪਾਰ ਹੈ। ਆਪਣਾ ਆਪ ਮਿਟਾ ਕੇ ਪਰਮਾਤਮਾ ਦੀ ਭਗਤੀ ਹੁੰਦੀ ਹੈ ਫੇਰ ਜੀਵ ਅਤੇ ਪਰਮਾਤਮਾ ਵਿਚ ਅੰਤਰ ਖ਼ਤਮ ਹੋ ਜਾਂਦਾ ਹੈ। ਜੀਵ ਪ੍ਰਭੂ ਦਾ ਹੀ ਰੂਪ ਹੋ ਜਾਂਦਾ ਹੈ।

*****

## ਸ਼ਬਦ 46

**ਭਾਈ ਰੇ ! ਭ੍ਰਮ ਭਗਤਿ ਸੁਜਾਨਿ॥**
**ਜੋ ਲੌਂ ਸਾਂਚ ਨਹੀਂ ਪਹਿਚਾਨ॥ ਟੇਕ॥**
**ਭ੍ਰਮ ਨਾਚਣ ਭ੍ਰਮ ਗਾਇਣ ਭ੍ਰਮ ਜਪ ਤਪ ਦਾਨ॥**
**ਭ੍ਰਮ ਸੇਵਾ ਭ੍ਰਮ ਪੂਜਾ ਭ੍ਰਮ ਸੌਂ ਪਹਿਚਾਨ॥੧॥**
**ਭ੍ਰਮ ਖਟ ਕਰਮ ਸਕਲ ਸੰਹਿਤਾ ਭ੍ਰਮ ਗ੍ਰਹਿ ਬਨ ਜਾਨਿ॥**
**ਭ੍ਰਮ ਕਰਿ ਕਰਿ ਕਰਮ ਕੀਓ ਭ੍ਰਮ ਕੀ ਯਹ ਬਾਨਿ॥੨॥**
**ਭ੍ਰਮ ਇੰਦ੍ਰੀ ਨਿਗ੍ਰਹ ਕੀਯਾ ਭ੍ਰਮ ਗੁਫਾ ਮੇਂ ਬਾਸ॥**
**ਭ੍ਰਮ ਤੌ ਲੌ ਜਾਨਿਏ ਕਰੇ ਸੁੰਨ ਕੀ ਆਸ॥੩॥**
**ਭ੍ਰਮ ਸ਼ੁਧ ਸਰੀਰ ਜੌ ਲੌ ਭ੍ਰਮ ਨਾਂਵ ਬਿਨਾਂਵ॥**
**ਭ੍ਰਮ ਭਨਿ ਰਵਿਦਾਸ ਤੌ ਲੌ ਜੌ ਲੌ ਚਾਹੈ ਠਾਂਵ॥੪॥**

ਇਸ ਪਾਵਨ ਸ਼ਬਦ ਵਿਚ ਜਗਤਗੁਰੂ ਰਵਿਦਾਸ ਜੀ ਮਹਾਰਾਜ ਸੰਸਾਰੀ ਜੀਵਾਂ ਨੂੰ ਪਰਮਾਤਮਾ ਦੀ ਭਗਤੀ ਕਰਨ ਦਾ ਉਪਦੇਸ਼ ਦਿੰਦੇ ਹਨ। ਉਸ ਪਰਮਾਤਮਾ ਦੀ ਭਗਤੀ ਤੋਂ ਬਿਨਾਂ ਸਭ ਜੀਵ ਭ੍ਰਮ-ਗ੍ਰਸਤ ਭ੍ਰਮਣ ਕਰ ਰਹੇ ਹਨ।

**ਭਾਈ ਰੇ ! ਭ੍ਰਮ ਭਗਤਿ ਸੁਜਾਨਿ॥**
**ਜੋ ਲੌਂ ਸਾਂਚ ਨਹੀਂ ਪਹਿਚਾਨ॥ ਟੇਕ॥**

ਹੇ ਭਾਈ! ਸੰਸਾਰ ਝੂਠਾ ਭਰਮ ਹੈ, ਇਸ ਲਈ ਪ੍ਰਭੂ ਦੇ ਉੱਤਮ ਗਿਆਨ ਨੂੰ ਤੂੰ ਭਗਤੀ ਕਰਕੇ ਜਾਣ। ਜਦੋਂ ਤੱਕ ਜੀਵ ਦੇ ਹਿਰਦੇ ਵਿਚ ਪਰਮਾਤਮਾ ਦੀ ਸੱਚੀ ਭਗਤੀ ਨਹੀਂ ਹੈ ਉਤਨਾ ਚਿਰ ਪਰਮਾਤਮਾ ਦੀ ਪਹਿਚਾਨ ਨਹੀਂ ਹੋ ਸਕਦੀ।

**ਭ੍ਰਮ ਨਾਚਣ ਭ੍ਰਮ ਗਾਇਣ ਭ੍ਰਮ ਜਪ ਤਪ ਦਾਨ॥**
**ਭ੍ਰਮ ਸੇਵਾ ਭ੍ਰਮ ਪੂਜਾ ਭ੍ਰਮ ਸੌਂ ਪਹਿਚਾਨ॥੧॥**

ਪ੍ਰਭੂ ਦੇ ਨਾਮ ਤੋਂ ਬਿਨਾ ਨੱਚਣਾ, ਗਾਉਣਾ, ਜਾਪ ਕਰਨਾ, ਤਪ ਕਰਨਾ ਅਤੇ ਦਾਨ ਕਰਨਾ ਸਭ ਭਰਮ ਹਨ। ਪ੍ਰਭੂ-ਪ੍ਰੇਮ ਤੋਂ ਬਿਨਾਂ ਸੇਵਾ ਕਰਨੀ, ਪੂਜਾ ਕਰਨੀ ਇਹ ਸਭ ਭਰਮ ਹਨ, ਇਸ ਲਈ ਹੇ ਭਾਈ! ਤੂੰ ਭਰਮ ਦੀ ਪਹਿਚਾਣ ਕਰ ਕਿਉਂਕਿ ਇਹ ਸੰਸਾਰ ਵੀ ਭਰਮ ਹੈ।

**ਭ੍ਰਮ ਖਟ ਕਰਮ ਸਕਲ ਸੰਹਿਤਾ ਭ੍ਰਮ ਗ੍ਰਹਿ ਬਨ ਜਾਨਿ॥**
**ਭ੍ਰਮ ਕਰਿ ਕਰਿ ਕਰਮ ਕੀਓ ਭ੍ਰਮ ਕੀ ਯਹ ਬਾਨਿ॥੨॥**

ਛੇ ਪ੍ਰਕਾਰ ਦੇ ਕ੍ਰਮ ਕਰਨੇ, ਵੇਦਾਂ ਸ਼ਾਸਤਰਾਂ ਦੇ ਸਾਰੇ ਵਿਧੀ-ਵਿਧਾਨ ਅਤੇ ਘਰ ਛੱਡਕੇ ਜੰਗਲ ਚਲੇ ਜਾਣਾ ਇਹ ਸਭ ਭਰਮ ਹੀ ਹਨ। ਭਰਮ ਕਰਕੇ ਕੀਤੇ ਗਏ ਸਾਰੇ ਕਰਮ ਭਰਮ ਹੀ ਹਨ।

**ਭ੍ਰਮ ਇੰਦ੍ਰੀ ਨਿਗ੍ਰਹ ਕੀਯਾ ਭ੍ਰਮ ਗੁਫਾ ਮੇਂ ਬਾਸ॥**
**ਭ੍ਰਮ ਤੌ ਲੌ ਜਾਨਿਏ ਕਰੇ ਸੁੰਨ ਕੀ ਆਸ॥੩॥**

ਇੰਦਰੀਆਂ ਨੂੰ ਕਾਬੂ ਕਰਨਾ ਅਤੇ ਗੁਫਾ ਵਿਚ ਵਾਸ ਕਰਨਾ ਇਹ ਸਾਰੇ ਹੀ ਭਰਮ ਹਨ। ਜਦੋਂ ਜੀਵ ਸਹਿਜ ਅਵਸਥਾ ਵਿਚ ਪਹੁੰਚ ਕੇ ਪਰਮਾਤਮਾ ਦੀ ਆਸ ਕਰਦਾ ਹੈ ਫਿਰ ਸੰਸਾਰ ਦੇ ਝੂਠੇ ਭਰਮ ਨੂੰ ਜਾਣ ਲੈਂਦਾ ਹੈ।

**ਭ੍ਰਮ ਸ਼ੁਧ ਸਰੀਰ ਜੌ ਲੌ ਭ੍ਰਮ ਨਾਂਵ ਬਿਨਾਂਵ॥**
**ਭ੍ਰਮ ਭਨਿ ਰਵਿਦਾਸ ਤੌ ਲੌ ਜੌ ਲੌ ਚਾਹੈ ਠਾਂਵ॥੪॥**

ਪਰਮਾਤਮਾ ਦੀ ਸੱਚੀ ਭਗਤੀ ਤੋਂ ਬਿਨਾਂ ਸ਼ੁੱਧ ਸਰੀਰ ਰੱਖਣਾ ਵੀ ਭਰਮ ਹੈ, ਜਗਤ ਗੁਰੂ ਰਵਿਦਾਸ ਜੀ ਫਰਮਾਨ ਕਰਦੇ ਹਨ, ਜਦ ਤੱਕ ਜੀਵ ਨੂੰ ਪਾਰਬ੍ਰਹਮ ਦੀ ਪ੍ਰਾਪਤੀ ਨਹੀਂ ਹੁੰਦੀ ਉਤਨਾ ਚਿਰ ਭਰਮ ਦਾ ਨਾਸ਼ ਨਹੀਂ ਹੁੰਦਾ ਚਾਹੇ ਜੀਵ ਸਾਰੀ ਦੁਨੀਆ ਦੇ ਸਥਾਨ ਘੁੰਮ ਲਵੇ।

*****

## ਸ਼ਬਦ 47

**ਜਯੋ ਤੁਮ ਕਾਰਨਿ ਕੇਸਵੇ ਅੰਤਰਿ ਲਿਵ ਲਾਗੀ॥**
**ਏਕ ਅਨੁਪਮ ਅਨੁਭਵੀ ਕਿਮਿ ਹੋਈ ਬਿਭਾਗੀ॥ ਟੇਕ॥**
**ਏਕ ਅਭਿਮਾਨੀ ਚਾਤ੍ਰਿਗਾ ਬਿਚਰਤ ਜਗ ਮਾਹੀਂ॥**
**ਜਦਪਿ ਜਲ ਪੂਰਨ ਮਹੀ ਕਹੂੰ ਵਾ ਰੁਚਿ ਨਾਹੀਂ॥੧॥**



**ਜੈਸੇ ਕਾਮੀ ਦੇਖਿ ਕਾਮਿਨੀ ਹਿਰਦੈ ਸੂਲ ਉਪਜਾਈ॥**
**ਕੋਟਿ ਵੇਦ ਬਿਧਿ ਉਚਰੈ ਬਾਕੀ ਬਿਥਾ ਨਾ ਜਾਈ॥੨॥**
**ਜੋ ਜੇਹਿ ਚਾਹੈ ਸੋ ਮਿਲੈ ਆਰਤਿ ਗਤਿ ਹੋਈ॥**
**ਕਹੈ ਰਵਿਦਾਸ ਯਹ ਗੋਪਿ ਨਾਹੀ ਜਾਨੈ ਸਬ ਕੋਈ॥੩॥**

ਇਸ ਪਾਵਨ ਸ਼ਬਦ ਵਿਚ ਜਗਤਗੁਰੂ ਰਵਿਦਾਸ ਜੀ ਮਹਾਰਾਜ ਆਪਣੇ ਤੀਬਰ ਪ੍ਰਭੂ ਪ੍ਰੇਮ ਦਾ ਬਿਆਨ ਕਰਦੇ ਹਨ ਕਿ ਜਿਸ ਵੇਲੇ ਜੀਵ ਦੀ ਪਰਮਾਤਮਾ ਨਾਲ ਲਿਵ ਲੱਗ ਜਾਂਦੀ ਹੈ ਫਿਰ ਇਹ ਜੀਵ ਉਸ ਪਰਮਾਤਮਾ ਦਾ ਹੀ ਰੂਪ ਹੋ ਜਾਂਦਾ ਹੈ।

**ਜਯੋ ਤੁਮ ਕਾਰਨਿ ਕੇਸਵੇ ਅੰਤਰਿ ਲਿਵ ਲਾਗੀ॥**
**ਏਕ ਅਨੁਪਮ ਅਨੁਭਵੀ ਕਿਮਿ ਹੋਈ ਬਿਭਾਗੀ॥ ਟੇਕ॥**

ਹੇ ਪਰਮਾਤਮਾ ਜੀ! ਜਿਵੇਂ ਹੀ ਮੇਰੇ ਅੰਦਰ ਆਪ ਦੇ ਪ੍ਰੇਮ ਦੀ ਲਿਵ ਲੱਗੀ ਹੈ, ਮੈਂ ਆਪ ਵਿਚ ਹੀ ਸਮਾ ਗਿਆ ਹਾਂ। ਇਕ ਆਪ ਦੇ ਪ੍ਰੇਮ ਦਾ ਅਨੁਭਵ ਵੀ ਅਨੁਪਮ ਹੈ। ਉਹ ਵੰਡਿਆ ਨਹੀਂ ਜਾ ਸਕਦਾ ਅਤੇ ਨਾ ਬਿਆਨ ਕੀਤਾ ਜਾ ਸਕਦਾ ਹੈ।

**ਏਕ ਅਭਿਮਾਨੀ ਚਾਤ੍ਰਿਗਾ ਬਿਚਰਤ ਜਗ ਮਾਹੀਂ॥**
**ਜਦਪਿ ਜਲ ਪੂਰਨ ਮਹੀ ਕਹੂੰ ਵਾ ਰੁਚਿ ਨਾਹੀਂ॥੧॥**

ਜਿਵੇਂ ਇਕ ਪ੍ਰੇਮ ਅਭਿਮਾਨੀ ਪਪੀਹਾ ਸੰਸਾਰ ਵਿਚ ਸਵਾਤੀ ਬੂੰਦ ਦੀ ਤਲਾਸ਼ ਵਿਚ ਘੁੰਮਦਾ ਹੈ। ਭਾਵੇਂ ਸਾਰੀ ਧਰਤੀ ਜਲ ਨਾਲ ਭਰੀ ਹੋਵੇ ਪਰ ਉਸ ਦੀ ਰੁਚੀ ਸਵਾਤੀ ਬੂੰਦ ਤੋਂ ਬਿਨਾਂ ਹੋਰ ਜਲ ਵਿਚ ਨਹੀਂ ਹੈ। ਇਸੇ ਪ੍ਰਕਾਰ ਪ੍ਰਭੂ-ਪ੍ਰੇਮੀ ਦੀ ਰੁਚੀ ਕੇਵਲ ਆਪ ਜੀ ਦੇ ਨਾਮ ਵਿਚ ਹੀ ਹੈ।

**ਜੈਸੇ ਕਾਮੀ ਦੇਖਿ ਕਾਮਿਨੀ ਹਿਰਦੈ ਸੂਲ ਉਪਜਾਈ॥**
**ਕੋਟਿ ਵੇਦ ਬਿਧਿ ਉਚਰੈ ਬਾਕੀ ਬਿਥਾ ਨਾ ਜਾਈ॥੨॥**

ਜਿਵੇਂ ਕਾਮੀ ਪੁਰਸ਼ ਇਸਤਰੀ ਨੂੰ ਦੇਖ ਕੇ ਸੂਲ ਵਰਗੀ ਪੀੜਾ ਅਨੁਭਵ ਕਰਦਾ, ਭਾਵੇਂ ਕਰੋੜਾਂ ਵੈਦ ਅਨੇਕਾਂ ਤਰੀਕਿਆਂ ਨਾਲ ਉਸ ਦਾ ਇਲਾਜ ਕਰਨ ਪਰ ਉਸ ਦੀ ਕਾਮ ਪੀੜਾ ਖਤਮ ਨਹੀਂ ਹੁੰਦੀ। ਇਸੇ ਪ੍ਰਕਾਰ ਪਰਮਾਤਮਾ-ਪ੍ਰੇਮੀ ਜੀਵ ਨੂੰ ਪ੍ਰਭੂ ਤੋਂ ਇਕ ਛਿੰਨ ਵਿਛੜ ਕੇ ਦੁੱਖ ਪ੍ਰਾਪਤ ਹੁੰਦਾ ਹੈ।

**ਜੋ ਜੇਹਿ ਚਾਹੈ ਸੋ ਮਿਲੈ ਆਰਤਿ ਗਤਿ ਹੋਈ॥**
**ਕਹੈ ਰਵਿਦਾਸ ਯਹ ਗੋਪਿ ਨਾਹੀ ਜਾਨੈ ਸਬ ਕੋਈ॥੩॥**

ਜਿਹੜਾ ਜੀਵ ਪ੍ਰਭੂ ਨਾਲ ਪ੍ਰੇਮ ਕਰਦਾ ਹੈ, ਉਸ ਨੂੰ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ। ਲੋੜ ਸਿਰਫ ਪਰਮਾਤਮਾ ਦੀ ਸ਼ਰਨ ਵਿਚ ਜਾਣ ਦੀ ਹੈ। ਗੁਰੂ ਰਵਿਦਾਸ ਮਹਾਰਾਜ ਫੁਰਮਾਨ ਕਰਦੇ ਹਨ ਕਿ ਇਹ ਗੱਲ ਲੁਕੀ-ਛੁਪੀ ਨਹੀਂ ਹੈ। ਹਰ ਕੋਈ ਇਸ ਗੱਲ ਨੂੰ ਜਾਣਦਾ ਹੈ। ਜਿਹੜਾ ਜੀਵ ਪਰਮਾਤਮਾ ਨਾਲ ਸੱਚੀ ਪ੍ਰੀਤ ਕਰਦਾ ਹੈ ਉਸ ਨੂੰ ਪਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ।

****

## ਸ਼ਬਦ 48

ਆਯੌ ਹੋ ਆਯੌ ਦੇਵ ਤੁਮ ਸਰਨਾ।
ਜਾਨਿ ਕ੍ਰਿਪਾ ਕੀਜੈ ਆਪਨੋ ਜਨਾ॥ ਟੇਕ॥
ਤ੍ਰਿਬਿਧਿ ਜੋਨਿ ਬਾਸ, ਜਮ ਦੀ ਅਗਮ ਤ੍ਰਾਸ
ਤੁਮਹਰੇ ਭਜਨ ਬਿਨ ਭ੍ਰਮਤ ਫਿਰਯੋ॥
ਮਮਿਤਾ ਅਹੰ ਬਿਖੈ ਮਦਿ ਮਾਤੋਂ
ਇਹ ਸੁਖ ਕਬਹੂੰ ਨ ਦੂਤੁਰ ਤਿਰੌਂ॥੧॥
ਤੁਮਹਰੇ ਨਾਂਵ ਬਿਸਾਸ ਛਾਡੀ ਹੈ ਆਨ ਕੀ ਆਸ
ਸੰਸਾਰ ਧਰਮ ਮੇਰੇ ਮਨ ਨ ਧੀਜੈ॥
ਰਵਿਦਾਸ ਦਾਸ ਕੀ ਸੇਵਾ ਮਾਨਿ ਹੋ ਦੇਵਾਧਿਦੇਵ
ਪਤਿਤ ਪਾਵਨ ਨਾਮ ਪ੍ਰਗਟ ਕੀਜੈ॥੨॥

ਇਸ ਸ਼ਬਦ ਰਾਹੀਂ ਜਗਤਗੁਰੂ ਰਵਿਦਾਸ ਜੀ ਮਹਾਰਾਜ ਪਾਵਨ ਉਪਦੇਸ਼ ਦਿੰਦੇ ਹਨ ਕਿ ਜੋ ਜੀਵ ਪਰਮਾਤਮਾ ਦੀ ਸ਼ਰਨ ਵਿਚ ਜਾਂਦਾ ਹੈ, ਪਰਮਾਤਮਾ ਦੀ ਕਿਰਪਾ ਨਾਲ ਉਹ ਜੀਵ ਜੀਵਨ-ਮੁਕਤ ਹੋ ਜਾਂਦਾ ਹੈ।

ਆਯੌ ਹੋ ਆਯੌ ਦੇਵ ਤੁਮ ਸਰਨਾ।
ਜਾਨਿ ਕ੍ਰਿਪਾ ਕੀਜੈ ਆਪਨੋ ਜਨਾ॥ ਟੇਕ॥

ਸਤਿਗੁਰ ਰਵਿਦਾਸ ਜੀ ਮਹਾਰਾਜ ਨਿਮਰਤਾ ਸਹਿਤ ਪਰਮਾਤਮਾ ਅੱਗੇ ਬੇਨਤੀ ਕਰਦੇ ਹਨ ਹੇ ਦੇਵਾਂ ਦੇ ਦੇਵ ਪਰਮਾਤਮਾ ਜੀ! ਮੈਂ ਆਪ ਦੀ ਸ਼ਰਨ ਵਿਚ ਆਇਆ ਹਾਂ। ਆਪਣਾ ਦਾਸ ਜਾਣ ਕੇ ਮੇਰੇ 'ਤੇ ਕਿਰਪਾ ਕਰੋ ਜੀ। ਆਪਣਾ ਦਰਸ਼ਨ ਦਿਓ ਜੀ।

ਤ੍ਰਿਬਿਧਿ ਜੋਨਿ ਬਾਸ, ਜਮ ਦੀ ਅਗਮ ਤ੍ਰਾਸ
ਤੁਮਹਰੇ ਭਜਨ ਬਿਨ ਭ੍ਰਮਤ ਫਿਰਯੋ॥

ਪਰਮਾਤਮਾ ਜੀ! ਆਪ ਦੇ ਭਜਨ ਤੋਂ ਬਿਨਾਂ ਜੀਵ ਟੇਢੀਆਂ ਜੂਨਾਂ ਵਿਚ ਵਾਸ ਕਰਦਾ ਹੋਇਆ ਅਕਹਿ ਦੁੱਖਾਂ ਵਿਚ ਭਟਕਦਾ ਹੈ।

ਮਮਿਤਾ ਅਹੰ ਬਿਖੈ ਮਦਿ ਮਾਤੋਂ
ਇਹ ਸੁਖ ਕਬਹੂੰ ਨ ਦੂਤੁਰ ਤਿਰੌਂ॥੧॥

ਪਰਮਾਤਮਾ ਦੇ ਨਾਮ ਤੋਂ ਬਿਨਾਂ ਜੀਵ ਮਮਤਾ, ਹੰਕਾਰ ਅਤੇ ਵਿਸ਼ੇ-ਵਾਸਨਾ ਆਦਿ ਵਿਚ ਮਸਤ ਹੋਇਆ ਹੈ। ਵਿਸ਼ਿਆਂ ਦੇ ਸੁੱਖ ਵਿਚ ਲੱਗ ਕੇ ਜੀਵ ਪੰਜਾਂ ਦੂਤਾਂ ਨੂੰ ਜਿੱਤ ਨਹੀਂ ਸਕਦਾ।

ਤੁਮਹਰੇ ਨਾਂਵ ਬਿਸਾਸ ਛਾਡੀ ਹੈ ਆਨ ਕੀ ਆਸ
ਸੰਸਾਰ ਧਰਮ ਮੇਰੇ ਮਨ ਨ ਧੀਜੈ॥

ਪਰਮਾਤਮਾ ਜੀ ਆਪ ਦੇ ਨਾਮ ਤੋਂ ਬਿਨਾਂ ਹੋਰ ਸਾਰੀਆਂ ਇੱਛਾਵਾਂ ਮੈਂ



ਛੱਡ ਦਿੱਤੀਆਂ ਹਨ। ਕਿਉਂਕਿ ਆਪ ਦੇ ਨਾਮ ਤੋਂ ਬਿਨਾਂ ਸੰਸਾਰ ਦੇ ਝੂਠੇ ਧਰਮ-ਕਰਮ ਕਰਨ ਲਈ ਮੇਰਾ ਮਨ ਨਹੀਂ ਲੱਗਦਾ।

ਰਵਿਦਾਸ ਦਾਸ ਕੀ ਸੇਵਾ ਮਾਨਿ ਹੋ ਦੇਵਾਧਿਦੇਵ
ਪਤਿਤ ਪਾਵਨ ਨਾਮ ਪ੍ਰਗਟ ਕੀਜੈ॥੨॥

ਸਤਿਗੁਰ ਰਵਿਦਾਸ ਜੀ ਮਹਾਰਾਜ ਪਰਮਾਤਮਾ ਅੱਗੇ ਨਿਮਰਤਾ ਸਹਿਤ ਬੇਨਤੀ ਕਰਦੇ ਹਨ ਹੇ ਪਰਮਾਤਮਾ ਜੀ ਆਪਣੇ ਦਾਸ ਦੀ ਸੇਵਾ ਸਵੀਕਾਰ ਕਰਕੇ, ਪਾਪੀਆਂ ਨੂੰ ਪਵਿੱਤਰ ਕਰਨ ਵਾਲੇ ਨਾਮ ਦੀ ਬਖਸ਼ਿਸ਼ ਕਰੋ ਜੀ।

*********

## ਸ਼ਬਦ 49

ਭਾਈ ਰੇ ਰਾਮ ਕਹਾਂ ਹੈ ਮੋਹਿ ਬਤਾਵੋ॥
ਸਤ ਰਾਮ ਤਾ ਕੇ ਨਿਕਟ ਨ ਆਵੋ॥ ਟੇਕ॥
ਰਾਮ ਕਹਤ ਸਬ ਜਗਤ ਭੁਲਾਨਾ॥ ਸੋ ਯਹੁ ਰਾਮ ਨ ਹੋਈ॥
ਕਰਮ ਅਕਰਮ ਕਰੁਨਾਮਯ ਕੇਸੋ॥ ਕਰਤਾ ਨਾਂਵ ਸੁ ਕੋਈ॥੧॥
ਜਾ ਰਾਮਹਿ ਸਬ ਜਗ ਜਾਨੈਂ॥ ਭ੍ਰਮਿ ਭੂਲੌ ਰੇ ਭਾਈ॥
ਆਪ ਆਪ ਥੈ ਕੋਈ ਨ ਜਾਣੈ॥ ਕਹੈ ਕੋਨ ਸੋ ਜਾਈ॥੨॥
ਸਤ ਤਨ ਲੋਭ ਪਰਸ ਜੀਅ ਤਨ ਮਨ॥ ਗੁਨ ਪਰਸਤ ਨਹੀਂ ਜਾਈ॥
ਅਲਿਖ ਨਾਮ ਜਾ ਕੋ ਠੌਰ ਨ ਕਤਹੂੰ॥ ਕਯੋਂ ਨ ਕਹੌਂ ਸਮੁਝਾਈ॥੩॥
ਭਣੈ ਰਵਿਦਾਸ ਉਦਾਸ ਤਾਹੀ ਤੈ॥ ਕਰਤਾ ਕੌਂ ਹੈ ਭਾਈ॥
ਕੇਵਲ ਕਰਤਾ ਏਕ ਸਹੀ ਕਰਿ॥ ਸਤਿ ਰਾਮ ਤਿਹਿ ਠਾਈਂ॥੪॥

ਇਸ ਪਾਵਨ ਸ਼ਬਦ ਵਿਚ ਜਗਤਗੁਰੂ ਰਵਿਦਾਸ ਜੀ ਮਹਾਰਾਜ ਸੰਸਾਰੀ ਜੀਵਾਂ ਨੂੰ ਸਰਵ-ਵਿਆਪਕ ਪਰਮਾਤਮਾ ਦਾ ਨਾਮ ਜਪਣ ਦਾ ਉਪਦੇਸ਼ ਦਿੰਦੇ ਹਨ।

ਭਾਈ ਰੇ ਰਾਮ ਕਹਾਂ ਹੈ ਮੋਹਿ ਬਤਾਵੋ॥
ਸਤ ਰਾਮ ਤਾ ਕੇ ਨਿਕਟ ਨ ਆਵੋ॥ ਟੇਕ॥

ਹੇ ਭਾਈ! ਤੁਸੀਂ ਰਾਮ ਨਾਮ ਦਾ ਉਚਾਰਨ ਤਾਂ ਕਰਦੇ ਹੋ, ਪਰ ਮੈਨੂੰ ਦੱਸੋ ਉਹ ਰਾਮ ਕਿੱਥੇ ਹੈ ? ਸਰਵ-ਵਿਖੇ ਰਮੇ ਹੋਏ ਸੱਚੇ ਰਾਮ ਦੇ ਤਾਂ ਤੁਸੀਂ ਨਿਕਟ ਵੀ ਨਹੀਂ ਆਉਂਦੇ ਭਾਵ ਅਗਿਆਨਤਾ ਕਾਰਨ ਭੁੱਲੇ ਫਿਰਦੇ ਹੋ।

ਰਾਮ ਕਹਤ ਸਬ ਜਗਤ ਭੁਲਾਨਾ॥ ਸੋ ਯਹੁ ਰਾਮ ਨ ਹੋਈ॥
ਕਰਮ ਅਕਰਮ ਕਰੁਨਾਮਯ ਕੇਸੋ॥ ਕਰਤਾ ਨਾਂਵ ਸੁ ਕੋਈ॥੧॥

ਸੱਚੇ ਸਰਬ-ਵਿਆਪੀ ਰਾਮ ਨੂੰ ਭੁੱਲ ਕੇ ਰਾਮ-ਰਾਮ ਕਰਦਿਆਂ ਸਾਰਾ ਸੰਸਾਰ ਭੁੱਲਿਆ ਹੋਇਆ ਹੈ। ਪਰ ਉਹ ਸਰਬ-ਵਿਆਪੀ ਰਾਮ ਨਹੀਂ ਹੈ।

ਸਰਬ-ਵਿਆਪੀ ਰਾਮ ਸਾਰੇ ਸੰਸਾਰ ਦੇ ਕਰਮਾਂ ਦੇ ਕਰਨ ਵਾਲਾ ਅਤੇ ਦਿਆਲੂ ਪ੍ਰਭੂ ਸਾਰੇ ਸੰਸਾਰ ਦਾ ਕਰਤਾ ਪੁਰਖ ਹੈ।

**ਜਾ ਰਾਮਹਿ ਸਬ ਜਗ ਜਾਨੈਂ॥ ਭ੍ਰਮਿ ਭੂਲੋਂ ਰੇ ਭਾਈ॥**
**ਆਪ ਆਪ ਥੈ ਕੋਈ ਨ ਜਾਣੈ॥ ਕਹੈ ਕੌਨ ਸੋ ਜਾਈ॥੨॥**

ਜਿਸ ਸਰਬ-ਵਿਆਪੀ ਰਾਮ ਨੂੰ ਸਾਰਾ ਸੰਸਾਰ ਜਾਣਦਾ ਹੈ। ਹੇ ਭਾਈ! ਤੂੰ ਝੂਠੇ ਭਰਮ ਵਿਚ ਲੱਗ ਕੇ ਭੁਲਾ ਦਿੱਤਾ ਹੈ। ਭਾਈ ਆਪਣੇ ਆਪ ਉਸ ਪਰਮਾਤਮਾ ਨੂੰ ਕੋਈ ਨਹੀਂ ਜਾਣ ਸਕਦਾ। ਤੈਨੂੰ ਇਹ ਗੱਲ ਕੌਣ ਸਮਝਾਵੇ?

**ਸਤ ਤਨ ਲੋਭ ਪਰਸ ਜੀਅ ਤਨ ਮਨ॥ ਗੁਨ ਪਰਸਤ ਨਹੀਂ ਜਾਈ॥**
**ਅਲਿਖ ਨਾਮ ਜਾ ਕੋ ਠੌਰ ਨ ਕਤਹੂੰ॥ ਕਯੋਂ ਨ ਕਹੌ ਸਮੁਝਾਈ॥੩॥**

ਉਹ ਪਰਮਾਤਮਾ ਸਤੋ ਗੁਣ, ਤਮੋ ਗੁਣ ਅਤੇ ਰਜੋ ਗੁਣ ਤਿੰਨਾਂ ਤੇ ਤਨ, ਮਨ ਅਤੇ ਲੋਭ ਤੋਂ ਰਹਿਤ ਹੈ ਅਤੇ ਉਸਦੇ ਗੁਣਾਂ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਪਰਮਾਤਮਾ ਦਾ ਨਾਮ ਸਰਵ-ਵਿਆਪਕ ਹੈ। ਉਸ ਦੇ ਰਹਿਣ ਦਾ ਕੋਈ ਇਕ ਠਿਕਾਣਾ ਨਹੀਂ ਹੈ। ਹੇ ਭਾਈ! ਤੈਨੂੰ ਇਸ ਗੱਲ ਦੀ ਸਮਝ ਕਿਉਂ ਨਹੀਂ ਆਉਂਦੀ?

**ਭਣੈ ਰਵਿਦਾਸ ਉਦਾਸ ਤਾਹੀ ਤੈ॥ ਕਰਤਾ ਕੌ ਹੈ ਭਾਈ॥**
**ਕੇਵਲ ਕਰਤਾ ਏਕ ਸਹੀ ਕਰਿ॥ ਸਤਿ ਰਾਮ ਤਿਹਿ ਠਾਈਂ॥੪॥**

ਗੁਰੂ ਰਵਿਦਾਸ ਜੀ ਉਚਾਰਨ ਕਰਦੇ ਹਨ ਕਿ ਮੇਰਾ ਮਨ ਸੰਸਾਰ ਤੋਂ ਉਪਰਾਮ ਹੋ ਕੇ ਕਰਤਾਪੁਰਖ ਪ੍ਰਭੂ ਦੇ ਨਾਮ ਵਿਚ ਲੱਗਾ ਹੈ ਉਹ ਕੇਵਲ ਇੱਕ ਹੈ ਅਤੇ ਜੋ ਕਣ-ਕਣ ਵਿਚ ਬਿਰਾਜਮਾਨ ਹੈ।

******

## ਸ਼ਬਦ 50

**ਐਸੋ ਕੁਛ ਅਨੁਭੌਂ ਕਹਤ ਨ ਆਵੈ॥**
**ਸਾਹਿਬ ਮਿਲੈ ਤੋ ਕੋ ਬਿਗਰਾਵੈ॥ ਟੇਕ॥**
**ਸਬ ਮੇਂ ਹਰਿ ਹੈ ਹਰਿ ਮੇਂ ਸਬ ਹੈ ਹਰਿ ਅਪਨੋ ਜਿਨਿ ਜਾਨਾ॥**
**ਸਾਖੀ ਨਹੀਂ ਔਰ ਕੋਈ ਦੂਸਰ ਜਾਨਨਹਾਰ ਸਯਾਨਾ॥੧॥**
**ਬਾਜੀਗਰ ਸੌਂ ਰਚਿ ਰਹੀਏ ਬਾਜੀ ਕਾ ਮਰਮ ਨ ਜਾਨਾ॥**
**ਬਾਜੀ ਝੂਠ ਸਾਂਚ ਬਾਜੀਗਰ ਜਾਨਾ ਮਨ ਪਤਿਯਾਨਾ॥੨॥**
**ਮਨ ਥਿਰ ਹੋਇ ਤੌਂ ਕੋਈ ਨ ਸੂਝੈ ਜਾਨੈ ਜਾਨਨਹਾਰਾ॥**
**ਕਹੈ ਰਵਿਦਾਸ ਬਿਮਲ ਵਿਵੇਕ ਸੁਖ ਸਹਿਜ ਸਰੂਪ ਸੰਭਾਰਾ॥੩॥**

ਇਸ ਪਾਵਨ ਸ਼ਬਦ ਵਿਚ ਜਗਤਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਪਰਮਾਤਮਾ ਦਾ ਨਾਮ ਜਪਣ ਦਾ ਉਪਦੇਸ਼ ਦਿੰਦੇ ਹਨ ਕਿ ਉਸ ਪਰਮਾਤਮਾ ਦੇ ਅਲੌਕਿਕ ਅਨੁਭਵ ਦਾ ਬਿਆਨ ਨਹੀਂ ਕੀਤਾ ਜਾ ਸਕਦਾ ਅਤੇ ਜੀਵ ਨੂੰ



ਪਰਮਾਤਮਾ ਰੂਪੀ-ਬਾਜੀਗਰ ਨਾਲ ਪਿਆਰ ਕਰਨਾ ਚਾਹੀਦਾ ਹੈ।

**ਐਸੋ ਕੁਛ ਅਨੁਭੌਂ ਕਹਤ ਨ ਆਵੈ॥**
**ਸਾਹਿਬ ਮਿਲੈ ਤੋ ਕੋ ਬਿਗਰਾਵੈ॥ ਟੇਕ॥**

ਪਰਮਾਤਮਾ ਦੇ ਪਰਮ-ਆਨੰਦ ਦੇ ਅਨੁਭਵ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਜਦੋਂ ਜੀਵ ਨੂੰ ਪਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ ਫਿਰ ਕੋਈ ਇਸ ਨੂੰ ਪਰਮਾਤਮਾ ਤੋਂ ਵੱਖ ਨਹੀਂ ਕਰ ਸਕਦਾ।

**ਸਬ ਮੇਂ ਹਰਿ ਹੈ ਹਰਿ ਮੇਂ ਸਬ ਹੈ ਹਰਿ ਅਪਨੋ ਜਿਨਿ ਜਾਨਾ॥**
**ਸਾਖੀ ਨਹੀਂ ਔਰ ਕੋਈ ਦੂਸਰ ਜਾਨਨਹਾਰ ਸਯਾਨਾ॥੧॥**

ਸਾਰੇ ਜੀਵਾਂ ਵਿਚ ਹਰਿ ਪਰਮਾਤਮਾ ਹੈ ਅਤੇ ਸਭ ਜੀਵ ਹਰਿ ਵਿਚ ਬਿਰਾਜਮਾਨ ਹਨ। ਇਸ ਭੇਦ ਨੂੰ ਕੇਵਲ ਉਸ ਨੇ ਹੀ ਜਾਣਿਆ ਹੈ ਜਿਸ ਨੇ ਪਰਮਾਤਮਾ ਨੂੰ ਜਾਣ ਲਿਆ ਹੈ। ਉਸ ਪਰਮਾਤਮਾ ਦੇ ਸਮਾਨ ਕੋਈ ਦੂਸਰਾ ਗਵਾਹ/ਸਾਖਸ਼ੀ ਨਹੀਂ ਹੈ। ਉਸ ਪਰਮਾਤਮਾ ਨੂੰ ਜਾਨਣ ਵਾਲਾ ਇਸ ਸੰਸਾਰ ਵਿਚ ਉੱਤਮ ਹੈ।

**ਬਾਜੀਗਰ ਸੌਂ ਰਚਿ ਰਹੀਏ ਬਾਜੀ ਕਾ ਮਰਮ ਨ ਜਾਨਾ॥**
**ਬਾਜੀ ਝੂਠ ਸਾਂਚ ਬਾਜੀਗਰ ਜਾਨਾ ਮਨ ਪਤਿਯਾਨਾ॥੨॥**

ਜਿਸ ਪ੍ਰਕਾਰ ਕੋਈ ਜੀਵ ਬਾਜ਼ੀਗਰ ਦੀ ਬਾਜੀ ਨੂੰ ਦੇਖ ਕੇ ਉਸ ਵਿਚ ਮਗਨ ਹੋ ਜਾਂਦਾ ਹੈ ਪ੍ਰੰਤੂ ਬਾਜ਼ੀਗਰ ਦੇ ਖੇਲ ਦੇ ਭੇਦ ਨੂੰ ਨਹੀਂ ਜਾਣ ਸਕਦਾ। ਇਸ ਪ੍ਰਕਾਰ ਪਰਮਾਤਮਾ ਰੂਪੀ ਬਾਜ਼ੀਗਰ ਨੇ ਸੰਸਾਰ ਦੀ ਬਾਜੀ ਪੁਆਈ ਹੈ ਜੋ ਝੂਠੀ ਹੈ ਪਰ ਉਹ ਪਰਮਾਤਮਾ ਬਾਜ਼ੀਗਰ ਸੱਚਾ ਹੈ। ਜਿਸ ਨੂੰ ਇਸ ਗੱਲ ਦਾ ਗਿਆਨ ਹੋ ਗਿਆ ਹੈ ਕਿ ਇਹ ਮਾਇਆ ਝੂਠੀ ਹੈ ਅਤੇ ਪਰਮਾਤਮਾ ਸੱਚ ਹੈ ਉਸ ਜੀਵ ਦਾ ਮਨ ਪਰਮਾਤਮਾ ਵਿਚ ਲੀਨ ਜਾਂਦਾ ਹੈ।

**ਮਨ ਥਿਰ ਹੋਇ ਤੌਂ ਕੋਈ ਨ ਸੂਝੈ ਜਾਨੈ ਜਾਨਨਹਾਰਾ॥**
**ਕਹੈ ਰਵਿਦਾਸ ਬਿਮਲ ਵਿਵੇਕ ਸੁਖ ਸਹਿਜ ਸਰੂਪ ਸੰਭਾਰਾ॥੩॥**

ਜਿਸ ਜੀਵ ਦਾ ਮਨ ਪਰਮਾਤਮਾ ਦੇ ਨਾਮ ਵਿਚ ਸਥਿਰ ਹੋ ਗਿਆ ਹੈ, ਉਸ ਨੂੰ ਹੋਰ ਕੁਝ ਨਹੀਂ ਸੁੱਝਦਾ। ਉਹ ਫਿਰ ਘਟ ਘਟ ਦੇ ਜਾਣਨ ਵਾਲੇ ਪਰਮਾਤਮਾ ਨੂੰ ਜਾਣ ਜਾਂਦਾ ਹੈ। ਉਸ ਜੀਵ ਨੂੰ ਨਿਰਲੇਪ ਪ੍ਰਭੂ ਦੇ ਸੱਚੇ ਸੁੱਖ ਅਤੇ ਸਹਿਜ ਸਰੂਪ ਦੀ ਪ੍ਰਾਪਤੀ ਹੋ ਜਾਂਦੀ ਹੈ।

********

## ਸ਼ਬਦ 51

**ਪੰਡਤ! ਅਖਿਲ ਖਿਲੈ ਨਹੀ ਕਾ ਕਹਿ ਗਾਊਂ ਕੋਈ ਨ ਕਹੈ ਸਮੁਝਾਈ॥**
**ਅਬਰਨ ਬਰਨ ਰੂਪ ਨਹੀ ਜਾ ਕੇ ਸੋ ਕਹਾਂ ਲਯੋ ਲਾਇ ਸਮਾਈ॥ ਟੇਕ॥**
**ਚੰਦ ਸੂਰ ਨਹਿੰ ਰਾਤਿ ਦਿਵਸ ਨਹਿੰ ਧਰਨਿ ਆਕਾਸ ਨ ਭਾਈ॥**

ਕਰਮ ਅਕਰਮ ਨਹੀਂ ਸੁਭ ਅਸੁਭ ਨਹੀਂ ਕਾ ਕਹਿ ਦੇਹੁ ਬਡਾਈ॥੧॥
ਸੀਤ ਨ ਊਸਨ ਵਾਯੂ ਨਹੀ ਸਰਵਤ ਕਾਮ ਕੁਟਿਲ ਨਹੀ ਹੋਈ॥
ਜੋਗ ਨ ਭੋਗ ਰੋਗ ਨਹੀ ਜਾ ਕੈ ਕਹੌਂ ਨਾਂਵ ਸਤਿ ਸੋਈ॥੨॥
ਨਿਰੰਜਨ ਨਿਰਾਕਾਰ ਨਿਰਲੇਪਹਿ ਨਿਰਬਿਕਾਰ ਨਿਰਾਸੀ॥
ਕਾਮ ਕੁਟਿਲਤਾ ਤਾ ਹੀ ਕਹਿ ਗਾਵੈ ਹਰ ਹਰ ਆਵੈ ਹਾਂਸੀ॥੩॥
ਗਗਨ ਧੂਰ ਧੂਪ ਨਹਿੰ ਜਾ ਕੇ ਪਵਨ ਪੂਰ ਨਹੀ ਪਾਣੀ॥
ਗੁਨ ਬਿਗੁਨ ਕਹਿਯਤ ਨਹੀ ਜਾ ਕੈ ਕਹੋ ਤੁਮ ਬਾਤ ਸਯਾਨੀ॥੪॥
ਯਾਹੀ ਸੌ ਤੁਮ ਜੋਗ ਕਹਤ ਹੌ ਜਬ ਲਗ ਆਸ ਕੀ ਪਾਸੀ॥
ਛੂਟੇ ਤਬਹੀ ਜਬ ਮਿਲੈ ਏਕ ਹੀ ਭਣੈ ਰਵਿਦਾਸ ਉਦਾਸੀ॥੫॥

ਇਸ ਪਾਵਨ ਸ਼ਬਦ ਵਿਚ ਜਗਤਗੁਰੂ ਰਵਿਦਾਸ ਜੀ ਮਹਾਰਾਜ ਫਰਮਾਉਂਦੇ ਹਨ ਕਿ ਪਰਮਾਤਮਾ ਸਰਬਵਿਆਪਕ ਹੈ ਤੇ ਇਕ ਹੈ। ਉਸ ਵਿਚ ਕੋਈ ਭਿੰਨ-ਭੇਦ ਨਹੀਂ ਹੈ। ਇਸ ਲਈ ਸੰਸਾਰੀ ਲੋਕਾਂ ਨੂੰ ਜਾਤਪਾਤ, ਵਹਿਮ-ਭਰਮ, ਕਰਮ-ਕਾਂਡ, ਵਰਨ ਅਵਰਨ ਦੇ ਚੱਕਰ 'ਚੋਂ ਮੁਕਤ ਹੋ ਕੇ ਉਸ ਪ੍ਰਭੂ ਦਾ ਸਿਮਰਨ ਕਰਨਾ ਚਾਹੀਦਾ ਹੈ।

ਪੰਡਤ! ਅਖਿਲ ਖਿਲੈ ਨਹੀ ਕਾ ਕਹਿ ਗਾਊਂ ਕੋਈ ਨ ਕਹੈ ਸਮੁਝਾਈ॥
ਅਬਰਨ ਬਰਨ ਰੂਪ ਨਹੀ ਜਾ ਕੇ ਸੋ ਕਹਾਂ ਲਯੋ ਲਾਇ ਸਮਾਈ॥ ਟੇਕ॥

ਹੇ ਭਾਈ ਕੋਈ ਵੀ ਪੰਡਤ ਇਹ ਗੱਲ ਸਮਝਾ ਕੇ ਨਹੀਂ ਦਸਦਾ ਕਿ ਸਰਬ ਵਿਆਪਕ ਪਰਮਾਤਮਾ ਅਲੱਗ-ਅਲੱਗ ਨਹੀਂ ਹੁੰਦਾ। ਭਾਵ ਪਰਮਾਤਮਾ ਸਰਬ-ਵਿਆਪਕ ਹੈ ਤੇ ਸਭ ਜੀਵਾਂ ਵਿਚ ਇਕ ਤੋਂ ਅਨੇਕ ਰੂਪ ਧਾਰਨ ਕਰਕੇ ਸਾਰੇ ਸੰਸਾਰ ਵਿਚ ਸਮਾਇਆ ਹੋਇਆ ਹੈ। ਉਸ ਪਰਮਾਤਮਾ ਦਾ ਕੋਈ ਅਬਰਨ ਨਹੀਂ ਹੈ, ਕੋਈ ਬਰਨ ਨਹੀਂ ਹੈ, ਕੋਈ ਰੂਪ ਨਹੀਂ ਹੈ ਅਤੇ ਉਹ ਕਿਥੇ ਸਮਾਇਆ ਹੋਇਆ ਹੈ?

ਚੰਦ ਸੂਰ ਨਹਿੰ ਰਾਤਿ ਦਿਵਸ ਨਹਿੰ ਧਰਨਿ ਆਕਾਸ ਨ ਭਾਈ॥
ਕਰਮ ਅਕਰਮ ਨਹੀਂ ਸੁਭ ਅਸੁਭ ਨਹੀਂ ਕਾ ਕਹਿ ਦੇਹੁ ਬਡਾਈ॥੧॥

ਉਹ ਪਰਮੇਸ਼ਰ ਨਾ ਚੰਦਰਮਾ ਹੈ, ਨਾ ਸੂਰਜ, ਨਾ ਹੀ ਰਾਤ ਨਾ ਦਿਨ ਹੈ। ਨਾ ਹੀ ਉਹ ਧਰਤੀ ਅਤੇ ਅਕਾਸ਼ ਹੈ। ਉਹ ਕਰਮ ਨਹੀਂ ਅਕਰਮ ਨਹੀਂ, ਸ਼ੁਭ ਨਹੀਂ ਅਸ਼ੁਭ ਨਹੀਂ। ਹੇ ਭਾਈ! ਮੈਂ ਪਰਮਾਤਮਾ ਦੀ ਉਸਤਤਿ ਕਿਵੇਂ ਕਰਾਂ?

ਸੀਤ ਨ ਊਸਨ ਵਾਯੂ ਨਹੀ ਸਰਵਤ ਕਾਮ ਕੁਟਿਲ ਨਹੀ ਹੋਈ॥
ਜੋਗ ਨ ਭੋਗ ਰੋਗ ਨਹੀ ਜਾ ਕੈ ਕਹੌਂ ਨਾਂਵ ਸਤਿ ਸੋਈ॥੨॥

ਉਹ ਪਰਮਾਤਮਾ ਠੰਡੀ ਜਾਂ ਗਰਮ ਹਵਾ ਨਹੀਂ ਹੈ ਅਤੇ ਉਹ ਨੀਚ ਕਰਮ ਵੀ ਨਹੀਂ ਹੈ। ਪਰਮਾਤਮਾ ਜੋਗ ਅਤੇ ਭੋਗ ਕਿਰਿਆ ਤੋਂ ਰਹਿਤ ਹੈ ਕਿਉਂਕਿ ਉਸ ਪਰਮਾਤਮਾ ਦਾ ਨਾਂ ਸੱਚਾ ਹੈ।

ਨਿਰੰਜਨ ਨਿਰਾਕਾਰ ਨਿਰਲੇਪਹਿ ਨਿਰਬਿਕਾਰ ਨਿਰਾਸੀ॥



ਕਾਮ ਕੁਟਿਲਤਾ ਤਾ ਹੀ ਕਹਿ ਗਾਵੈ ਹਰ ਹਰ ਆਵੈ ਹਾਂਸੀ॥੩॥

ਪਰਮਾਤਮਾ ਮਾਇਆ ਤੋਂ ਰਹਿਤ, ਅਕਾਰ ਤੋਂ ਰਹਿਤ, ਨਿਰਲੇਪ, ਵਿਕਾਰਾਂ ਤੋਂ ਰਹਿਤ ਅਤੇ ਸਵਾਸ ਤੋਂ ਰਹਿਤ ਹੈ। ਕਾਮੀ ਅਤੇ ਕੁਟਿਲ ਜੀਵ ਸੱਚੀ ਪ੍ਰੀਤੀ ਤੋਂ ਬਿਨਾਂ ਉਸ ਦਾ ਨਾਮ ਗਾਉਂਦੇ ਫਿਰਦੇ ਹਨ, ਜਿਸ ਨਾਲ ਮੈਨੂੰ ਬਾਰ-ਬਾਰ ਹਸੀ ਆਉਂਦੀ ਹੈ ਕਿਉਂਕਿ ਐਸੇ ਜੀਵ ਬਾਹਰੀ ਦਿਖਾਵਾ ਹੀ ਕਰਦੇ ਹਨ।

ਗਗਨ ਧੂਰ ਧੂਪ ਨਹਿੰ ਜਾ ਕੇ ਪਵਨ ਪੂਰ ਨਹੀ ਪਾਣੀ॥
ਗੁਨ ਬਿਗੁਨ ਕਹਿਯਤ ਨਹੀ ਜਾ ਕੈ ਕਹੋ ਤੁਮ ਬਾਤ ਸਯਾਨੀ॥੪॥

ਪਰਮਾਤਮਾ ਨੂੰ ਅਕਾਸ਼, ਧੂੜ ਅਤੇ ਧੁੱਪ ਨਹੀਂ ਕਹਿ ਸਕਦੇ ਅਤੇ ਨਾ ਉਸ ਨੂੰ ਪਾਣੀ ਤੇ ਹਵਾ ਕਿਹਾ ਜਾ ਸਕਦਾ ਹੈ। ਉਸ ਪਰਮਾਤਮਾ ਨੂੰ ਕੇਵਲ ਨਿਰਗੁਣ ਤੇ ਸਰਗੁਣ ਵੀ ਨਹੀਂ ਕਿਹਾ ਜਾ ਸਕਦਾ। ਇਹੀ ਗੱਲ ਸਭ ਤੋਂ ਸ੍ਰੇਸ਼ਟ ਹੈ।

ਯਾਹੀ ਸੌ ਤੁਮ ਜੋਗ ਕਹਤ ਹੌ ਜਬ ਲਗ ਆਸ ਕੀ ਪਾਸੀ॥
ਛੂਟੇ ਤਬਹੀ ਜਬ ਮਿਲੈ ਏਕ ਹੀ ਭਣੈ ਰਵਿਦਾਸ ਉਦਾਸੀ॥੫॥

ਸਤਿਗੁਰੂ ਰਵਿਦਾਸ ਜੀ ਕਹਿੰਦੇ ਹਨ, ਹੇ ਪੰਡਤ! ਜਿਸ ਦੀ ਆਸ ਨਾਲ ਤੂੰ ਬੱਝਾ ਹੋਇਆ ਹੈਂ ਤੂੰ ਉਨ੍ਹਾਂ ਬਾਹਰੀ ਅਡੰਬਰਾਂ ਨੂੰ ਯੋਗ ਕਹਿੰਦਾ ਹੈਂ ਇਸ ਕਰਕੇ ਤੂੰ ਉਸ ਪ੍ਰਭੂ ਦੇ ਸਰੂਪ ਨੂੰ ਨਹੀਂ ਸਮਝ ਸਕਦਾ। ਜੀਵ ਇਨ੍ਹਾਂ ਬਾਹਰੀ ਅਡੰਬਰਾਂ ਤੋਂ ਉਦੋਂ ਛੁੱਟਦਾ ਹੈ ਜਦੋਂ ਕੇਵਲ ਇਕ ਪ੍ਰਭੂ ਦਾ ਨਾਮ ਜਪ ਕੇ ਸੰਸਾਰ ਵਿਚ ਰਹਿੰਦਾ ਹੋਇਆ ਉਪਰਾਮ ਹੋ ਜਾਂਦਾ ਹੈ।

**********

## ਸ਼ਬਦ 52

ਨਰਹਰਿ ਚੰਚਲ ਹੈ ਮਤਿ ਮੋਰੀ ਕੈਸੇ ਭਗਤਿ ਕਰੂੰ ਮੈ ਤੋਰੀ॥ ਟੇਕ॥
ਤੂੰ ਮੋਹਿ ਦੇਖੈ ਮੈਂ ਤੋਹਿ ਦੇਖੂੰ ਪ੍ਰੀਤਿ ਪਰਸਪਰ ਹੋਈ॥੧॥
ਤੂੰ ਮੋਹਿ ਦੇਖੈ ਹਉਂ ਤੋਹਿ ਨ ਦੇਖੂੰ ਏਹੁ ਮਤਿ ਸਭ ਬੁਧਿ ਖੋਈ॥੨॥
ਸਬ ਘਟ ਅੰਤਰ ਰਮਸਿ ਨਿਰੰਤਰ ਮੈਂ ਦੇਖਤ ਹੂੰ ਨਹੀਂ ਜਾਨਾ॥
ਗੁਨ ਸਬ ਤੋਰ ਮੋਰਿ ਸਬ ਔਗੁਨ ਕ੍ਰਿਤ ਉਪਕਾਰ ਨ ਮਾਨਾ॥੩॥
ਮੈ ਤੇ ਤੋਰਿ ਮੋਰੀ ਅਸਮਝਿਸ ਕੈਸੇ ਕਰਿ ਨਿਸਤਾਰਾ॥
ਕਹਿ ਰਵਿਦਾਸ ਮਾਧੋ ਕਰੁਣਾਮਯ ਜੈ ਜੈ ਜਗਤ ਅਧਾਰਾ॥੪॥

ਜਗਤਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਪਾਵਨ ਉਪਦੇਸ਼ ਦਿੰਦੇ ਹਨ ਕਿ ਅਗਿਆਨਤਾ ਵਾਲੀ ਮਤ ਨੂੰ ਤਿਆਗ ਕੇ ਜੀਵ ਪ੍ਰਭੂ ਦੀ ਸੱਚੀ ਭਗਤੀ ਕਰਕੇ ਪ੍ਰਭੂ ਦਾ ਹੀ ਰੂਪ ਹੋ ਜਾਂਦਾ ਹੈ।

ਨਰਹਰਿ ਚੰਚਲ ਹੈ ਮਤਿ ਮੋਰੀ ਕੈਸੇ ਭਗਤਿ ਕਰੂੰ ਮੈ ਤੋਰੀ॥ ਟੇਕ॥

ਹੇ ਪ੍ਰਭੂ ਜੀ! ਆਪ ਨੂੰ ਭੁੱਲੇ ਹੋਏ ਜੀਵ ਦੀ ਮਤ ਅੰਞਾਣੀ ਹੈ, ਫਿਰ

ਆਪ ਹੀ ਦੱਸੋ ਇਹ ਜੀਵ ਆਪ ਦੀ ਭਗਤੀ ਕਿਵੇਂ ਕਰੇ? ਭਾਵ ਜਦ ਤਕ ਮੇਰੀ ਮਤ ਚੰਚਲ ਸੀ ਉਨਾ ਚਿਰ ਮੈਂ ਆਪ ਦੀ ਭਗਤੀ ਨਹੀਂ ਕਰ ਸਕਦਾ ਸੀ।

**ਤੂੰ ਮੋਹਿੰ ਦੇਖੈ ਮੈਂ ਤੋਹਿੰ ਦੇਖੂੰ ਪ੍ਰੀਤਿ ਪਰਸਪਰ ਹੋਈ॥੧॥**

ਹੇ ਪ੍ਰਭੂ ਜੀ! ਹੁਣ ਮੈਂ ਚੰਚਲਤਾ ਨੂੰ ਤਿਆਗ ਦਿੱਤਾ ਹੈ ਅਤੇ ਆਪ ਦੀ ਸੱਚੀ ਭਗਤੀ ਕਰਦਾ ਹਾਂ ਤਦ ਹੁਣ ਮੈਨੂੰ ਇਸ ਪ੍ਰਕਾਰ ਅਨੁਭਵ ਹੋ ਰਿਹਾ ਹੈ ਕਿ ਮੈਨੂੰ ਤੁਸੀਂ ਦੇਖ ਰਹੇ ਹੋ ਅਤੇ ਮੈਂ ਵੀ ਆਪ ਦੇ ਦਰਸ਼ਨ ਕਰ ਰਿਹਾ ਹਾਂ, ਹੁਣ ਪਰਸਪਰ ਆਪ ਦੀ ਅਤੇ ਮੇਰੀ ਸੱਚੀ ਪ੍ਰੀਤੀ ਹੋ ਗਈ ਹੈ।

**ਤੂੰ ਮੋਹਿੰ ਦੇਖੈ ਹਉਂ ਤੋਹਿ ਨ ਦੇਖੂੰ ਏਹੁ ਮਤਿ ਸਭ ਬੁਧਿ ਖੋਈ॥੨॥**

ਇਹ ਵਿਚਾਰ ਮੈਂ ਆਪਣੇ ਅੰਦਰੋਂ ਤਿਆਗ ਦਿੱਤਾ ਹੈ ਕਿ ਆਪ ਮੈਨੂੰ ਦੇਖ ਰਹੇ ਹੋ ਅਤੇ ਮੈਂ ਆਪ ਦੇ ਦਰਸ਼ਨ ਨਹੀਂ ਕਰ ਰਿਹਾ ਹਾਂ। ਭਾਵ ਆਪ ਦੀ ਤੇ ਮੇਰੀ ਅਤੁੱਟ ਪ੍ਰੀਤ ਹੈ।

**ਸਬ ਘਟ ਅੰਤਰ ਰਮਸਿ ਨਿਰੰਤਰ ਮੈਂ ਦੇਖਤ ਹੂੰ ਨਹੀਂ ਜਾਨਾ॥**

ਹੇ ਪ੍ਰਭੂ! ਆਪ ਜੀ ਹਰ ਪ੍ਰਾਣੀ ਅੰਦਰ ਨਿਰੰਤਰ ਵਸ ਰਹੇ ਹੋ। ਮੈਂ ਇਸ ਸੱਚ ਨੂੰ ਸਮਝ ਕੇ ਵੀ ਨਹੀਂ ਸਮਝਿਆ।

**ਗੁਨ ਸਬ ਤੋਰ ਮੋਰਿ ਸਬ ਔਗੁਨ ਕ੍ਰਿਤ ਉਪਕਾਰ ਨ ਮਾਨਾ॥੩॥**

ਹੇ ਪ੍ਰਭੂ! ਆਪ ਜੀ ਸਰਵ-ਕਲਾ ਸੰਪੂਰਨ ਹੋ, ਮੇਰੇ ਵਿਚ ਸਭ ਔਗੁਣ ਹਨ ਕਿਉਂਕਿ ਮੈ ਆਪ ਦੇ ਉਪਕਾਰ ਨੂੰ ਨਹੀਂ ਜਾਣਿਆ।

**ਮੈ ਤੋ ਤੋਰਿ ਮੋਰੀ ਅਸਮਝਿਸ ਕੈਸੇ ਕਰਿ ਨਿਸਤਾਰਾ॥**

ਹੇ ਪ੍ਰਭੂ! ਜਦ ਤਕ ਮੈਂ ਆਪ ਨੂੰ ਜਾਨਣ ਤੋਂ ਅਸਮਝ (ਅੰਞਾਣ) ਸੀ ਉਦੋਂ ਤੱਕ ਮੇਰਾ ਛੁਟਕਾਰਾ ਕਿਵੇਂ ਹੋ ਸਕਦਾ ਸੀ?

**ਕਹਿ ਰਵਿਦਾਸ ਮਾਧੋ ਕਰੁਣਾਮਯ ਜੈ ਜੈ ਜਗਤ ਅਧਾਰਾ॥੪॥**

ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਹੇ ਸਰਵ-ਵਿਆਪੀ ਪ੍ਰਭੂ! ਆਪ ਕ੍ਰਿਪਾਲੂ ਹੋ, ਆਪ ਸਾਰੇ ਜਗਤ ਦਾ ਆਧਾਰ ਸਰੂਪ ਹੋ ਅਤੇ ਆਪ ਦੇ ਗੁਣ ਗਾ ਕੇ ਜੀਵ ਮੁਕਤ ਹੁੰਦੇ ਹਨ।

*******

## ਸ਼ਬਦ 53

**ਤਬ ਰਾਮ ਨਾਮ ਕਹਿ ਗਾਵੈਗਾ॥**
**ਰਾਰੰਕਾਰ ਰਹਿਤ ਸਭਹਿਨ ਮੈਂ ਅੰਤਰਿ ਮੇਲ ਮਿਲਾਵੈਗਾ॥ ਟੇਕ॥**
**ਲੋਹਾ ਕੰਚਨ ਸਮ ਕਰ ਦੇਖੈ ਭੇਦ ਅਭੇਦ ਸਮਾਵੈਗਾ॥**
**ਜੋ ਸੁਖ ਹੋਵੈ ਪਾਰਸ ਕੇ ਪਰਸੇ ਸੋ ਸੁਖ ਵਾ ਕੋ ਆਵੈਗਾ॥੧॥**
**ਗੁਰ ਪ੍ਰਸਾਦਿ ਭਈ ਅਨੁਭੈ ਮਤਿ ਬਿਸ਼ ਅੰਮ੍ਰਿਤ ਸਮ ਧਯਾਵੈਗਾ॥੨॥**
**ਕਹੈ ਰਵਿਦਾਸ ਮੇਟਿ ਆਪਾ ਪਰ ਤਬ ਵਾ ਠੌਰਹਿ ਪਾਵੈਗਾ॥੩॥**



ਇਸ ਸ਼ਬਦ ਵਿਚ ਜਗਤਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਪਾਵਨ ਉਪਦੇਸ਼ ਦਿੰਦੇ ਹਨ ਕਿ ਜੀਵ ਸੱਚੀ ਪ੍ਰੀਤੀ ਨਾਲ ਪਰਮਾਤਮਾ ਦਾ ਨਾਮ ਜਪ ਕੇ ਉਸ ਦਾ ਹੀ ਰੂਪ ਹੋ ਜਾਵੇਗਾ।

**ਤਬ ਰਾਮ ਨਾਮ ਕਹਿ ਗਾਵੈਗਾ॥**
**ਰਾਰੰਕਾਰ ਰਹਿਤ ਸਭਹਿਨ ਮੈਂ ਅੰਤਰਿ ਮੇਲ ਮਿਲਾਵੈਗਾ॥ ਟੇਕ॥**

ਜਦੋਂ ਜੀਵ ਇਕ ਮਨ ਚਿਤ ਹੋ ਕੇ ਪ੍ਰਭੂ ਦਾ ਨਾਮ ਗਾਵੇਗਾ ਤਦ ਜੀਵ ਘਟ ਘਟ ਵਿਚ ਬਿਰਾਜਮਾਨ ਪ੍ਰਭੂ ਨੂੰ ਆਪਣੇ ਅੰਦਰ ਹੀ ਮਿਲ ਲਵੇਗਾ।

**ਲੋਹਾ ਕੰਚਨ ਸਮ ਕਰ ਦੇਖੈ ਭੇਦ ਅਭੇਦ ਸਮਾਵੈਗਾ॥**

ਪ੍ਰਭੂ ਦੀ ਕਿਰਪਾ ਨਾਲ ਲੋਹੇ ਤੇ ਸੋਨੇ ਨੂੰ ਬਰਾਬਰ ਜਾਨਣ ਦੀ ਸਥਿਤੀ ਵਿਚ ਪਹੁੰਚ ਕੇ ਪ੍ਰਭੂ ਅਭੇਦ ਦੇ ਭੇਦ ਨੂੰ ਪਾ ਕੇ ਉਸ ਵਿਚ ਸਮਾ ਜਾਵੇਗਾ।

**ਜੋ ਸੁਖ ਹੋਵੈ ਪਾਰਸ ਕੇ ਪਰਸੇ ਸੋ ਸੁਖ ਵਾ ਕੋ ਆਵੈਗਾ॥੧॥**

ਜਿਵੇਂ ਜੋ ਸੁਖ ਆਨੰਦ ਲੋਹੇ ਨੂੰ ਪਾਰਸ ਨਾਲ ਲੱਗਣ ਨਾਲ ਮਿਲਦਾ ਹੈ, ਭਾਵ ਲੋਹਾ ਸੋਨਾ ਬਣ ਜਾਂਦਾ ਹੈ। ਇਸ ਪ੍ਰਕਾਰ ਜੋ ਆਨੰਦ ਜੀਵ ਨੂੰ ਪ੍ਰਭੂ ਦੀ ਪ੍ਰਾਪਤੀ ਨਾਲ ਮਿਲਦਾ ਹੈ ਉਹ ਪਰਮ ਆਨੰਦ ਰੂਪੀ ਸੁੱਖ ਗਾ ਕੇ ਬਿਆਨ ਨਹੀਂ ਕੀਤਾ ਜਾ ਸਕਦਾ।

**ਗੁਰ ਪ੍ਰਸਾਦਿ ਭਈ ਅਨੁਭੈ ਮਤਿ ਬਿਸ਼ ਅੰਮ੍ਰਿਤ ਸਮ ਧਯਾਵੈਗਾ॥੨॥**

ਗੁਰੂ ਦੀ ਕਿਰਪਾ ਨਾਲ ਜੀਵ ਦੀ ਮਤ ਭੈ ਰਹਿਤ ਹੋ ਜਾਂਦੀ ਹੈ। ਜਿਸ ਦੇ ਪ੍ਰਮਾਣ ਸਵਰੂਪ ਜ਼ਹਿਰ ਅਤੇ ਅੰਮ੍ਰਿਤ ਸਮਾਨ ਹੋ ਜਾਂਦੇ ਹਨ।

**ਕਹੈ ਰਵਿਦਾਸ ਮੇਟਿ ਆਪਾ ਪਰ ਤਬ ਵਾ ਠੌਰਹਿ ਪਾਵੈਗਾ॥੩॥**

ਸਤਿਗੁਰੂ ਰਵਿਦਾਸ ਜੀ ਮਹਾਰਾਜ ਫਰਮਾਉਂਦੇ ਹਨ ਕਿ ਜਦੋਂ ਜੀਵ ਆਪਾ ਭਾਵ ਮਿਟਾ ਲੈਂਦਾ ਹੈ ਉਸ ਸਮੇਂ ਪ੍ਰਭੂ ਦੇ ਦਰਬਾਰ ਵਿਚ ਸਥਾਨ ਪ੍ਰਾਪਤ ਕਰ ਲੈਂਦਾ ਹੈ ਭਾਵ ਪਰਮਾਤਮਾ ਦਾ ਰੂਪ ਹੋ ਜਾਂਦਾ ਹੈ।

*******

## ਸ਼ਬਦ 54

**ਸੰਤੋ ਅਨਿਨ ਭਗਤਿ ਯਹ ਨਾਹੀਂ।**
**ਜਬ ਲਗ ਸਤ-ਰਜ-ਤਮ ਤੀਨੋ ਗੁਨ ਬਿਆਪਤ ਹੈ ਯਾ ਮਾਹੀਂ॥ ਟੇਕ॥**
**ਸੋਈ ਆਨ ਅੰਤਰ ਕਰੈ ਹਰਿ ਸੋਂ ਅਪਮਾਰਗ ਕੋ ਆਨੈ।**
**ਕਾਮ ਕ੍ਰੋਧ ਮਦ ਲੋਭ ਮੋਹ ਕੀ ਪਲ ਪਲ ਪੂਜਾ ਠਾਨੈ॥੧॥**
**ਸਕਿਤ ਸਨੇਹ ਇਸ਼ਟ ਅੰਗ ਲਾਵੈ ਅਸਥਲ ਅਸਥਲ ਖੇਲੈ।**
**ਜੋ ਕਛੁ ਮਿਲੈ ਆਨ ਅਖਤ ਜਿਯੋ ਸੁਤ ਦਾਰਾ ਸਿਰ ਮੇਲੈ॥੨॥**
**ਹਰਿਜਨ ਹਰਿ ਬਿਨੁ ਔਰ ਨ ਜਾਨੈ ਤਜੈ ਆਨ ਸਭ ਤਿਆਗੀ।**

ਕਹਿ ਰਵਿਦਾਸ ਸੋਈ ਜਨ ਨਿਰਮਲ ਨਿਸਿਦਿਨ ਨਿਜ ਅਨੁਰਾਗੀ॥੩॥

ਇਸ ਪਾਵਨ ਸ਼ਬਦ ਵਿਚ ਜਗਤਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਪਰਮਾਤਮਾ ਅੱਗੇ ਸਮਰਪਿਤ ਹੋ ਕੇ ਸੱਚੀ ਭਗਤੀ ਕਰਨ ਦਾ ਉਪਦੇਸ਼ ਦਿੰਦੇ ਹਨ।

ਸੰਤੋ ਅਨਿਨ ਭਗਤਿ ਯਹ ਨਾਹੀਂ।
ਜਬ ਲਗ ਸਤ-ਰਜ-ਤਮ ਤੀਨੋ ਗੁਨ ਬਿਆਪਤ ਹੈ ਯਾ ਮਾਹੀਂ॥ ਟੇਕ॥

ਹੇ ਸੰਤੋ! ਇਹ ਪਰਮਾਤਮਾ ਦੀ ਅਨਿਨ ਭਗਤੀ ਨਹੀਂ ਹੈ ਜਦੋਂ ਤੱਕ ਜੀਵ ਅੰਦਰ ਸਤੋ, ਰਜੋ, ਤਮੋ ਤਿੰਨ ਗੁਣ, ਪੰਜ ਗੁਣ ਰੂਪ, ਰਸ, ਗੰਧ, ਸਪਰਸ਼ ਅਤੇ ਸ਼ਬਦ ਮੌਜੂਦ ਹਨ।

ਸੋਈ ਆਨ ਅੰਤਰ ਕਰੈ ਹਰਿ ਸੌਂ ਅਪਮਾਰਗ ਕੋ ਆਨੈ।
ਕਾਮ ਕ੍ਰੋਧ ਮਦ ਲੋਭ ਮੋਹ ਕੀ ਪਲ ਪਲ ਪੂਜਾ ਠਾਨੈ॥੧॥

ਸੰਸਾਰ ਦੀ ਝੂਠੀ ਮਾਇਆ ਹੀ ਜੀਵ ਨੂੰ ਪਰਮਾਤਮਾ ਤੋਂ ਦੂਰ ਉਲਟੇ ਰਾਹ ਤੇ ਲਿਜਾ ਰਹੀ ਹੈ। ਇਸ ਕਰਕੇ ਜੀਵ ਕਾਮ, ਕ੍ਰੋਧ, ਹੰਕਾਰ, ਲੋਭ, ਮੋਹ ਵਿਚ ਫਸਿਆ ਹੋਇਆ ਪਲ-ਪਲ ਮਾਇਆ ਦੀ ਪੂਜਾ ਕਰਕੇ ਪਰਮਾਤਮਾ ਤੋਂ ਦੂਰ ਜਾ ਰਿਹਾ ਹੈ।

ਸਕਿਤ ਸਨੇਹ ਇਸ਼ਟ ਅੰਗ ਲਾਵੈ ਅਸਥਲ ਅਸਥਲ ਖੇਲੈ।
ਜੋ ਕਛੁ ਮਿਲੈ ਆਨ ਅਖਤ ਜਿਯੋ ਸੁਤ ਦਾਰਾ ਸਿਰ ਮੇਲੈ॥੨॥

ਪਰਮਾਤਮਾ ਦਾ ਪ੍ਰੇਮੀ ਭਗਤ ਸਰਬ ਸ਼ਕਤੀਮਾਨ ਈਸ਼ਟ ਪਰਮਾਤਮਾ ਨਾਲ ਮੇਲ ਕਰਕੇ ਆਪਣੇ ਹਿਰਦੇ ਵਿਚ ਵਸਾਉਂਦਾ ਹੈ ਅਤੇ ਖੰਡਾਂ ਬ੍ਰਹਿਮੰਡਾਂ ਵਿਚ ਜਾ ਕੇ ਆਨੰਦ ਲੈਂਦਾ ਹੈ। ਪਰਮਾਤਮਾ ਦੇ ਨਾਮ ਤੋਂ ਬਿਨਾਂ ਜੀਵ ਨੂੰ ਸੰਸਾਰ ਵਿਚ ਜੋ ਕੁਝ ਪ੍ਰਾਪਤ ਹੁੰਦਾ ਹੈ ਉਹ ਪੁੱਤਰ ਅਤੇ ਇਸਤਰੀ ਭਾਵ ਪਰਿਵਾਰ ਦੇ ਕੰਮ ਆਉਂਦਾ ਹੈ। ਅੰਤ ਸਮੇਂ ਜੀਵ ਦੇ ਨਾਲ ਕੇਵਲ ਪ੍ਰਭੂ ਦੇ ਸਿਮਰਨ ਨੇ ਹੀ ਜਾਣਾ ਹੈ।

ਹਰਿਜਨ ਹਰਿ ਬਿਨੁ ਔਰ ਨ ਜਾਨੈ ਤਜੈ ਆਨ ਸਭ ਤਿਆਗੀ।
ਕਹਿ ਰਵਿਦਾਸ ਸੋਈ ਜਨ ਨਿਰਮਲ ਨਿਸਿਦਿਨ ਨਿਜ ਅਨੁਰਾਗੀ॥੩॥

ਪਰਮਾਤਮਾ ਦਾ ਦਾਸ ਪਰਮਾਤਮਾ ਦੇ ਸਮਾਨ ਕਿਸੇ ਹੋਰ ਨੂੰ ਨਹੀਂ ਸਮਝਦਾ। ਹੋਰ ਸਭ ਪਦਾਰਥਾਂ ਨੂੰ ਝੂਠੇ ਸਮਝ ਕੇ ਤਿਆਗ ਦਿੰਦਾ ਹੈ, ਸਤਿਗੁਰੂ ਰਵਿਦਾਸ ਜੀ ਮਹਾਰਾਜ ਉਚਾਰਨ ਕਰਦੇ ਹਨ ਕਿ ਉਹੀ ਜੀਵ ਮਾਇਆ ਤੋਂ ਰਹਿਤ ਹੈ ਜੋ ਦਿਨ ਰਾਤ ਭਾਵ ਸਵਾਸ-ਸਵਾਸ ਪ੍ਰਭੂ ਦਾ ਸਿਮਰਨ ਕਰਦਾ ਹੈ ਅਤੇ ਉਸ ਦੇ ਨਾਮ ਵਿਚ ਮਸਤ ਰਹਿੰਦਾ ਹੈ।

******



## ਸ਼ਬਦ 55

ਭਗਤੀ ਐਸੀ ਸੁਨਹੁ ਰੇ ਭਾਈ।
ਆਈ ਭਗਤਿ ਤਉ ਗਈ ਬੜਾਈ॥ ਟੇਕ॥
ਕਹਾ ਭਯੋ ਨਾਚੇ ਅਰੁ ਗਾਏ ਕਹਾ ਭਯੋ ਤਪ ਕੀਨ੍ਹੇ।
ਕਹਾ ਭਯੋ ਜੋ ਚਰਨ ਪਖਾਰੇ ਜੌ ਲੋ ਤੱਤ ਨਹੀਂ ਚੀਨ੍ਹੈ॥੧॥
ਕਹਾ ਭਯੌ ਜੇ ਮੂੰਡ ਮੁੰਡਾਯੌ ਬਹੁ ਤੀਰਥ ਬ੍ਰਤ ਕੀਨ੍ਹੇ।
ਸਵਾਮੀ ਦਾਸ ਭਗਤ ਅਰੁ ਸੇਵਕ ਕਾਹੂ ਪਰਮ ਤੱਤ ਨਹੀਂ ਚੀਨ੍ਹੈਂ॥੨॥
ਕਹੈ 'ਰਵਿਦਾਸ' ਤੇਰੀ ਭਗਤਿ ਦੂਰ ਹੈ ਭਾਗ ਬੜੇ ਸੋ ਪਾਵੈ।
ਤਜਿ ਅਭਿਮਾਨ ਮੇਟਿ ਆਪਾ ਪਰ ਪਿਪਲਕ ਹ੍ਵੈ ਚੁਨਿ ਖਾਵੈ॥੩॥

ਜਗਤਗੁਰੂ ਰਵਿਦਾਸ ਜੀ ਜੀਵਾਂ ਨੂੰ ਭਗਤੀ ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ ਕਿ ਪਰਮਾਤਮਾ ਦੀ ਭਗਤੀ ਉਸ ਸਮੇਂ ਜੀਵਨ ਵਿਚ ਆਉਂਦੀ ਹੈ ਜਦੋਂ ਜੀਵ ਦੇ ਮਨ ਵਿਚੋਂ ਲੋਕ ਵਡਿਆਈ ਤੇ ਝੂਠੇ ਹੰਕਾਰ ਦਾ ਨਾਸ਼ ਹੋ ਜਾਂਦਾ ਹੈ।

ਭਗਤੀ ਐਸੀ ਸੁਨਹੁ ਰੇ ਭਾਈ।
ਆਈ ਭਗਤਿ ਤਉ ਗਈ ਬੜਾਈ॥ ਟੇਕ॥

ਹੇ ਭਾਈ ਸੁਣੋ! ਪਰਮਾਤਮਾ ਦੀ ਭਗਤੀ ਐਸੀ ਪਵਿੱਤਰ ਹੈ ਜਿਸ ਦੇ ਆਉਣ ਨਾਲ ਜੀਵ ਦੇ ਮਨ ਵਿਚੋਂ ਹੰਕਾਰ ਦਾ ਨਾਸ਼ ਹੋ ਜਾਂਦਾ ਹੈ।

ਕਹਾ ਭਯੋ ਨਾਚੇ ਅਰੁ ਗਾਏ ਕਹਾ ਭਯੋ ਤਪ ਕੀਨ੍ਹੇ।
ਕਹਾ ਭਯੋ ਜੋ ਚਰਨ ਪਖਾਰੇ ਜੌ ਲੋ ਤੱਤ ਨਹੀਂ ਚੀਨ੍ਹੈ॥੧॥

ਬਾਹਰੀ ਆਡੰਬਰ ਕਰਨ ਨਾਲ ਕੁਝ ਹਾਸਲ ਹੋਣ ਵਾਲਾ ਨਹੀਂ ਹੈ, ਕੀ ਹੋਇਆ ਭਾਵੇਂ ਜੀਵ ਨੱਚੇ, ਗਾਵੇ ਅਤੇ ਤਪ ਕਰੇ, ਭਾਵੇਂ ਦੇਵੀ ਦੇਵਤਿਆਂ ਦੇ ਚਰਨ ਧੋਵੇਂ, ਇਹ ਕੁਝ ਕੀਤੇ ਦਾ ਕੋਈ ਵੀ ਫਾਇਦਾ ਨਹੀਂ ਜਦ ਤੱਕ ਇਹ ਜੀਵ ਪਰਮਾਤਮਾ ਦੇ ਪਰਮ ਤੱਤ ਨੂੰ ਨਹੀਂ ਜਾਣਦਾ।

ਕਹਾ ਭਯੌ ਜੇ ਮੂੰਡ ਮੁੰਡਾਯੌ ਬਹੁ ਤੀਰਥ ਬ੍ਰਤ ਕੀਨ੍ਹੇ।
ਸਵਾਮੀ ਦਾਸ ਭਗਤ ਅਰੁ ਸੇਵਕ ਕਾਹੂ ਪਰਮ ਤੱਤ ਨਹੀਂ ਚੀਨ੍ਹੈਂ॥੨॥

ਭਾਵੇਂ ਜੀਵ ਸਿਰ ਨੂੰ ਮੁੰਡਵਾ ਲਵੇ, ਸਾਰੇ ਤੀਰਥਾਂ 'ਤੇ ਇਸ਼ਨਾਨ ਕਰੇ ਅਤੇ ਵਰਤ ਰੱਖੇ, ਇਸ ਨਾਲ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੋਵੇਗੀ, ਸੁਾਮੀ ਤੇ ਦਾਸ ਭਗਤੀ, ਗੁਰੂ ਅਤੇ ਸ਼ਿਸ਼ ਭਗਤੀ ਕਰਨ ਦਾ ਵੀ ਕੋਈ ਫਾਇਦਾ ਨਹੀਂ ਹੋਵੇਗਾ ਜਦ ਤੱਕ ਇਹ ਜੀਵ ਪਰਮ-ਤੱਤ ਪਰਮਾਤਮਾ ਨੂੰ ਨਹੀਂ ਜਾਣਦਾ।

ਕਹੈ 'ਰਵਿਦਾਸ' ਤੇਰੀ ਭਗਤਿ ਦੂਰ ਹੈ ਭਾਗ ਬੜੇ ਸੋ ਪਾਵੈ।
ਤਜਿ ਅਭਿਮਾਨ ਮੇਟਿ ਆਪਾ ਪਰ ਪਿਪਲਕ ਹ੍ਵੈ ਚੁਨਿ ਖਾਵੈ॥੩॥

ਸਤਿਗੁਰੂ ਰਵਿਦਾਸ ਜੀ ਮਹਾਰਾਜ ਕਥਨ ਕਰਦੇ ਹਨ ਕਿ ਪਰਮਾਤਮਾ ਜੀ, ਤੇਰੀ ਭਗਤੀ ਦੂਰ ਹੈ। ਜਿਸ ਜੀਵ ਦੇ ਵੱਡੇ ਭਾਗ ਹਨ ਉਹੀ ਜੀਵ

ਆਪ ਦੀ ਭਗਤੀ ਕਰਦਾ ਹੈ। ਜਿਵੇਂ ਆਪਣੇ ਆਪ ਦੇ ਝੂਠੇ ਹੰਕਾਰ ਨੂੰ ਛੱਡ ਕੇ ਕੀੜੀ ਰੇਤ ਵਿਚ ਮਿਲੀ ਹੋਈ ਖੰਡ ਨੂੰ ਚੁਣ-ਚੁਣ ਕੇ ਖਾ ਲੈਂਦੀ ਹੈ, ਇਸੇ ਪ੍ਰਕਾਰ ਜਿਹੜਾ ਜੀਵ ਇਸ ਸੰਸਾਰ ਵਿਚ ਝੂਠੇ ਹੰਕਾਰ ਨੂੰ ਤਿਆਗ ਕੇ ਨਿਮਰਤਾ ਧਾਰਨ ਕਰਕੇ ਪਰਮਾਤਮਾ ਦੀ ਭਗਤੀ ਕਰਦਾ ਹੈ ਉਹੀ ਪਰਮ-ਆਨੰਦ ਨੂੰ ਪ੍ਰਾਪਤ ਕਰ ਲੈਂਦਾ ਹੈ।

*******

## ਸ਼ਬਦ 56

ਅਬ ਕਛੁ ਮਰਮ ਬਿਚਾਰਾ ਹੋ ਹਰਿ।
ਆਦਿ ਅੰਤ ਔਸਾਨ ਰਾਮ ਬਿਨ ਕੋਇ ਨ ਕਰੈ ਨਿਸਤਾਰਾ ਹੋ ਹਰਿ॥ ਟੇਕ॥
ਜਲ ਤੇ ਪੰਕ ਪੰਕ ਤੇ ਅੰਮ੍ਰਿਤ ਜਲ ਜਲਹਿ ਸੁਧਿ ਹੋਇ ਜੈਸੇ।
ਐਸੇ ਭਰਮ ਕਰਮ ਜੀਅ ਬਾਂਧਿਓ ਛੂਟੈਂ ਤੁਮ ਬਿਨ ਕੈਸੇ ਹੋ ਹਰਿ॥੧॥
ਜਪ ਤਪ ਬਿਧੀ ਨਿਸ਼ੇਧ ਨਾਮ ਕਰੁਣਾਮੈਂ ਪਾਪ ਪੁੰਨ ਦੋਊ ਮਾਯਾ॥
ਐਸੇ ਮੋਹਿਤ ਮਨ ਗਤਿ ਬਿਮੁਖ ਧਨ ਜਨਮ ਜਨਮ ਡੰਹਕਾਯਾ ਹੋ ਹਰਿ॥੨॥
ਤਾੜਨ ਛੇਦਨ ਤ੍ਰਾਛਨ ਖੇਦਨ ਬਹੁ ਬਿਧਿ ਕਰਿ ਲੇ ਉਪਾਈ।
ਲੁਣਖੜੀ ਸੰਜੋਗ ਬਿਨਾਂ ਜੈਸੇ ਕਨਿਕ ਕਲੰਕ ਨ ਜਾਈ ਹੋ ਹਰਿ॥੩॥
ਕਹਿ ਰਵਿਦਾਸ ਉਦਾਸ ਤਾਹੀ ਤੈਂ ਕਹਾ ਉਪਾਯ ਅਬ ਕੀਜੈ।
ਭੈ ਬੂੜਤ ਭੈਭੀਤ ਭਗਤਿ ਜਨ ਕਰਿ ਅਵਲੰਬਨ ਦੀਜੈ ਹੋ ਹਰਿ॥੪॥

ਇਸ ਪਾਵਨ ਸ਼ਬਦ ਵਿਚ ਜਗਤਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਉਪਦੇਸ਼ ਦਿੰਦੇ ਹਨ ਕਿ ਪਰਮਾਤਮਾ ਦੇ ਨਾਮ ਤੋਂ ਬਿਨਾਂ ਜੀਵ ਦੀ ਮੁਕਤੀ ਨਹੀਂ ਹੋ ਸਕਦੀ। ਪਰਮਾਤਮਾ ਦੇ ਨਾਮ ਦਾ ਸਹਾਰਾ ਲੈ ਕੇ ਜੀਵ ਇਸ ਸੰਸਾਰ ਰੂਪੀ ਭਵਸਾਗਰ ਨੂੰ ਤਰ ਜਾਂਦਾ ਹੈ।

ਅਬ ਕਛੁ ਮਰਮ ਬਿਚਾਰਾ ਹੋ ਹਰਿ।
ਆਦਿ ਅੰਤ ਔਸਾਨ ਰਾਮ ਬਿਨ ਕੋਇ ਨ ਕਰੈ ਨਿਸਤਾਰਾ ਹੋ ਹਰਿ॥ ਟੇਕ॥

ਹੇ ਹਰਿ ਜੀ! ਆਪ ਜੀ ਦਾ ਸਿਮਰਨ ਕਰਕੇ ਮੈਂ ਹੁਣ ਵਾਸਤਵਿਕ ਰਹੱਸ ਭਾਵ ਬ੍ਰਹਮ ਗਿਆਨ ਦੇ ਭੇਦ ਨੂੰ ਵਿਚਾਰ ਲਿਆ ਹੈ ਕਿ ਸ੍ਰਿਸ਼ਟੀ ਦੇ ਆਦਿ ਤੋਂ ਲੈ ਕੇ ਅੰਤ ਤੱਕ ਆਪ ਜੀ ਤੋਂ ਬਿਨਾਂ ਜੀਵਾਂ ਨੂੰ ਕੋਈ ਵੀ ਮੁਕਤੀ ਨਹੀਂ ਦੇ ਸਕਦਾ।

ਜਲ ਤੇ ਪੰਕ ਪੰਕ ਤੇ ਅੰਮ੍ਰਿਤ ਜਲ ਜਲਹਿ ਸੁਧਿ ਹੋਇ ਜੈਸੇ।
ਐਸੇ ਭਰਮ ਕਰਮ ਜੀਅ ਬਾਂਧਿਓ ਛੂਟੈਂ ਤੁਮ ਬਿਨ ਕੈਸੇ ਹੋ ਹਰਿ॥੧॥

ਜਿਵੇਂ ਪਾਣੀ ਵਿਚ ਚਿੱਕੜ ਹੁੰਦਾ ਹੈ ਅਤੇ ਚਿੱਕੜ ਵਿਚ ਕਮਲ ਦੇ ਰੂਪ ਅੰਮ੍ਰਿਤ ਪੈਦਾ ਹੁੰਦਾ ਹੈ ਇਸ ਪ੍ਰਕਾਰ ਪਾਣੀ ਹੀ ਪਾਣੀ ਨੂੰ ਸੁਖੀ ਕਰਦਾ ਹੈ। ਚਿੱਕੜ ਦੇ ਵਿਚ ਕਮਲ ਚਿੱਕੜ ਤੋਂ ਨਿਰਲੇਪ ਰਹਿੰਦਾ ਹੈ। ਇਸ ਪ੍ਰਕਾਰ ਜੀਵ ਕਰਮਾਂ ਅਤੇ ਭਰਮਾਂ ਦੇ ਬੰਧਨ ਵਿਚ ਬੰਨਿਆ ਹੋਇਆ ਹੈ। ਹੇ ਹਰਿ



ਇਹ ਜੀਵ ਇਹਨਾਂ ਝੂਠੇ ਬੰਧਨਾਂ ਤੋਂ ਆਪ ਬਿਨਾਂ ਕਿਵੇਂ ਮੁਕਤ ਹੋ ਸਕਦਾ ਹੈ? ਕੇਵਲ ਆਪ ਦੀ ਕਿਰਪਾ ਨਾਲ ਹੀ ਜੀਵ ਝੂਠੇ ਬੰਧਨਾਂ ਵਿਚੋਂ ਮੁਕਤ ਹੋ ਸਕਦੀ ਹੈ।

ਜਪ ਤਪ ਬਿਧੀ ਨਿਸ਼ੇਧ ਨਾਮ ਕਰੁਣਾਮੈਂ ਪਾਪ ਪੁੰਨ ਦੋਊ ਮਾਯਾ॥
ਐਸੇ ਮੋਹਿਤ ਮਨ ਗਤਿ ਬਿਮੁਖ ਧਨ ਜਨਮ ਜਨਮ ਡੰਹਕਾਯਾ ਹੋ ਹਰਿ॥੨॥

ਜਪ ਕਰਨਾ, ਤਪ ਕਰਨਾ, ਵਿਧੀ ਰਾਹੀਂ ਵਰਜਿਤ ਪਾਪ, ਕਰਮ ਅਤੇ ਪਾਪ ਪੁੰਨ ਦੋਨੋਂ ਹੀ ਪਰਮਾਤਮਾ ਜੀ ਆਪ ਦੇ ਨਾਮ ਤੋਂ ਬਿਨਾਂ ਮਾਇਆ ਦੇ ਰੂਪ ਹਨ। ਇਹ ਝੂਠੇ ਆਡੰਬਰਾਂ ਦੇ ਕਰਕੇ ਜੀਵ ਆਪ ਤੋਂ ਬੇਮੁਖ ਹੋ ਕੇ ਜਨਮਾਂ ਜਨਮਾਤਰਾਂ ਤੱਕ ਸੰਸਾਰ ਦੇ ਆਵਾਗਵਨ ਦੇ ਚੱਕਰ ਵਿਚ ਪਿਆ ਰਹਿੰਦਾ ਹੈ।

ਤਾੜਨ ਛੇਦਨ ਤ੍ਰਾਛਨ ਖੇਦਨ ਬਹੁ ਬਿਧਿ ਕਰਿ ਲੇ ਉਪਾਈ।
ਲੁਣਖੜੀ ਸੰਜੋਗ ਬਿਨਾਂ ਜੈਸੇ ਕਨਿਕ ਕਲੰਕ ਨ ਜਾਈ ਹੋ ਹਰਿ॥੩॥

ਜਿਵੇਂ ਸੋਨੇ ਦੀ ਕਾਲਖ ਦੂਰ ਕਰਨ ਲਈ ਸੋਨੇ ਨੂੰ ਜਿੰਨਾ ਮਰਜ਼ੀ ਤਪਾਇਆ, ਛੇਦਿਆ ਅਤੇ ਖਦੇੜਿਆ ਜਾਵੇ ਪਰ ਸੋਨੇ ਦੀ ਨਿਸ਼ਾਦਰ ਤੋਂ ਬਿਨਾਂ ਕਾਲਖ ਨਹੀਂ ਲਹਿੰਦੀ। ਇਸੀ ਪ੍ਰਕਾਰ ਜੀਵ ਪਰਮਾਤਮਾ ਦੇ ਨਾਮ ਤੋਂ ਬਿਨਾਂ ਜਿੰਨੀ ਮਰਜ਼ੀ ਯੋਗ ਸਾਧਨਾਂ ਅਤੇ ਤਪ ਕਰ ਲਵੇ ਪਰ ਜੀਵ ਦੇ ਅੰਦਰੋਂ ਪਾਪਾਂ ਦੀ ਕਾਲਖ ਨਹੀਂ ਜਾਂਦੀ।

ਕਹਿ ਰਵਿਦਾਸ ਉਦਾਸ ਤਾਹੀ ਤੈਂ ਕਹਾ ਉਪਾਯ ਅਬ ਕੀਜੈ।
ਭੈ ਬੂੜਤ ਭੈਭੀਤ ਭਗਤਿ ਜਨ ਕਰਿ ਅਵਲੰਬਨ ਦੀਜੈ ਹੋ ਹਰਿ॥੪॥

ਸਤਿਗੁਰੂ ਰਵਿਦਾਸ ਜੀ ਉਚਾਰਨ ਕਰਦੇ ਹਨ ਕਿ ਕਲਯੁੱਗ ਦੇ ਬਲ ਤੋਂ ਬਚਣ ਲਈ ਹੁਣ ਜੀਵ ਕੀ ਉਪਾਅ ਕਰੇ? ਹੇ ਹਰਿ ਪ੍ਰਭੂ ਜੀ! ਸੰਸਾਰ ਦੇ ਭਵ-ਸਾਗਰ ਵਿਚ ਡੁੱਬ ਰਹੇ ਭੈਅ-ਭੀਤ ਜੀਵ ਨੂੰ ਆਪ ਕਿਰਪਾ ਕਰਕੇ ਆਪਣਾ ਸਹਾਰਾ ਦੇ ਕੇ ਭਵ-ਸਾਗਰ ਤੋਂ ਪਾਰ ਕਰ ਦਿਉ ਜੀ।

******

## ਸ਼ਬਦ 57

ਨਰਹਰਿ ਪ੍ਰਗਟਸਿ ਨਾ ਹੋ ਪ੍ਰਗਟਸਿ ਨਾ ਹੋ।
ਦੀਨਾ ਨਾਥ ਦਯਾਲ॥ ਟੇਕ॥
ਜਨਮਤ ਹੀ ਤੇ ਹੋ ਬਿਗਰਾਨ।
ਅਬ ਕਛੂ ਬੂਜਤ ਬਹੁਰਿ ਸਿਯਾਨ॥੧॥
ਪਰਿਵਾਰ ਬਿਮੁਖ ਮੋਹਿ ਲਾਗ।
ਕਛੁ ਸਮੁਝਿ ਪਰਤ ਨਹਿਂ ਜਾਨਿ॥੨॥
ਯਹ ਭੌ ਬਿਦੇਸ ਕਲਿ ਕਾਲ॥
ਹਮ ਆਨ ਪਰਿਓ ਜਮਜਾਲ॥੩॥
ਕਬਹੁਕ ਤੋਰ ਭਰੋਸ।

ਜੋ ਮੈਂ ਨ ਕਹੁੰ ਤੋ ਮੋਰ ਦੋਸ ॥੪ ॥
ਅਸ ਕਹਿਯਤ ਹੂ ਮੈਂ ਅਜਾਨ।
ਅਹੋ ਪ੍ਰਭੁ ਤੁਮ ਸਰਵਗਯ ਸਯਾਨ ॥੫ ॥
ਸੁਤ ਸੇਵਕ ਸਦਾ ਅਸੋਚ।
ਠਾਕਰ ਪਿਤਹਿੰ ਸਬ ਸੋਚ ॥੬ ॥
ਰਵਿਦਾਸ ਬਿਨਵੈ ਕਰ ਜੋਰਿ।
ਅਹੋ ਸੁਆਮੀ ਤੁਮ ਮੋਹਿੰ ਨ ਛੋਰਿ ॥੭ ॥
ਸੁਤੌ ਪੁਰਬਲਾ ਅਕਰਮ ਮੋਰ।
ਬਲਿ ਜਾਊਂ ਕਰੌਂ ਜਿਨ ਕੋਰ ॥੮ ॥

ਇਸ ਸ਼ਬਦ ਰਾਹੀਂ ਜਗਤਗੁਰੂ ਰਵਿਦਾਸ ਜੀ ਮਹਾਰਾਜ ਸੰਸਾਰੀ ਜੀਵਾਂ ਨੂੰ ਪਰਮਾਤਮਾ ਅੱਗੇ ਨਿਮਰਤਾ ਸਹਿਤ ਬੇਨਤੀ ਕਰਨ ਦਾ ਢੰਗ ਦੱਸਦੇ ਹਨ ਕਿ ਪਰਮਾਤਮਾ ਦੇ ਦਰਸ਼ਨਾਂ ਲਈ ਲੋਚ ਰਿਹਾ ਜੀਵ ਪਰਮਾਤਮਾ ਅੱਗੇ ਦਰਸ਼ਨ ਦੇਣ ਲਈ ਕਿਸ ਪ੍ਰਕਾਰ ਪ੍ਰਾਰਥਨਾ ਕਰਦਾ ਹੈ।

ਨਰਹਰਿ ਪ੍ਰਗਟਸਿ ਨਾ ਹੋ ਪ੍ਰਗਟਸਿ ਨਾ ਹੋ।
ਦੀਨਾ ਨਾਥ ਦਯਾਲ ॥ ਟੇਕ ॥

ਹੇ ਪਰਮਾਤਮਾ ਜੀ ਆਪ ਜੀ ਪ੍ਰਗਟ ਹੋ ਕੇ ਮੈਨੂੰ ਦਰਸ਼ਨ ਨਹੀਂ ਦੇ ਰਹੇ ਹੋ, ਦਰਸ਼ਨ ਨਹੀਂ ਦੇ ਰਹੇ ਹੋ। ਆਪ ਕਿਰਪਾ ਕਰਕੇ ਗਰੀਬ-ਨਿਵਾਜ ਦਿਆਲੂ ਪ੍ਰਭੂ ਜੀ ਮੈਨੂੰ ਦਰਸ਼ਨ ਦਿਉ ਜੀ।

ਜਨਮਤ ਹੀ ਤੇ ਹੋ ਬਿਗਰਾਨ।
ਅਬ ਕਛੂ ਬੂਜਤ ਬਹੁਰਿ ਸਿਯਾਨ ॥੧ ॥

ਪਰਮਾਤਮਾ ਜੀ ਸੰਸਾਰ ਵਿਚ ਜੀਵ ਆ ਕੇ ਆਪ ਤੋਂ ਵਿਛੜ ਜਾਂਦਾ ਹੈ। ਇਸ ਗੱਲ ਦੀ ਸੋਝੀ ਬੁੱਧੀਮਾਨ ਜੀਵਾਂ ਨੂੰ ਆਉਂਦੀ ਹੈ।

ਪਰਿਵਾਰ ਬਿਮੁਖ ਮੋਹਿ ਲਾਗ।
ਕਛੁ ਸਮੁਝਿ ਪਰਤ ਨਹਿੰ ਜਾਨਿ ॥੨ ॥

ਪਰਮਾਤਮਾ ਦੇ ਨਾਮ ਵਿਚ ਮਗਨ ਜੀਵ ਨੂੰ ਸੰਸਾਰ ਰੂਪ ਪਰਿਵਾਰ ਬੇਮੁੱਖ ਪ੍ਰਤੀਤ ਹੁੰਦਾ ਹੈ ਸੋ ਜਦ ਤੱਕ ਜੀਵ ਅਗਿਆਨਤਾ ਰੂਪੀ ਨੀਂਦ ਤੋਂ ਨਹੀਂ ਜਾਗਦਾ ਉਦੋਂ ਤੱਕ ਇਸ ਜੀਵ ਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ।

ਯਹ ਭੌ ਬਿਦੇਸ ਕਲਿ ਕਾਲ ॥
ਹਮ ਆਨ ਪਰਿਓ ਜਮਜਾਲ ॥੩ ॥

ਜੀਵ ਆਪਣੇ ਘਰ ਨੂੰ ਭੁੱਲ ਕੇ ਮਾਤਲੋਕ ਵਿਦੇਸ ਵਿਚ ਕਾਲ ਦੇ ਅਧੀਨ ਹੋ ਕੇ ਕਲਯੁਗ ਵਿਚ ਖੋਟੇ ਕਰਮ ਕਰਦਾ ਹੈ, ਇਸ ਲਈ ਜਮਾਂ ਦੇ ਜੰਜਾਲ ਵਿਚ ਫਸ ਜਾਂਦਾ ਹੈ।

ਕਬਹੁਕ ਤੋਰ ਭਰੋਸ।



ਜੋ ਮੈਂ ਨ ਕਹੁੰ ਤੋ ਮੋਰ ਦੋਸ ॥੪ ॥

ਪਰਮਾਤਮਾ ਜੀ ਮੈਨੂੰ ਹਰ ਸਮੇਂ ਆਪ ਉਪਰ ਅਟੱਲ ਵਿਸ਼ਵਾਸ ਹੈ ਪਰ ਜੇਕਰ ਜੀਵ ਆਪ ਦਾ ਨਾਂ ਨਹੀਂ ਜਪਦਾ ਤਾਂ ਇਹ ਜੀਵ ਦਾ ਹੀ ਦੋਸ਼ ਹੈ।

ਅਸ ਕਹਿਯਤ ਹੂ ਮੈਂ ਅਜਾਨ।
ਅਹੋ ਪ੍ਰਭੁ ਤੁਮ ਸਰਵਗਯ ਸਯਾਨ ॥੫ ॥

ਪਰਮਾਤਮਾ ਜੀ ਮਾਇਆ ਵਿਚ ਭੁਲਿਆ ਹੋਇਆ ਜੀਵ ਆਪ ਦੇ ਗੁਣ ਨਾ ਹੀ ਗਾ ਸਕਦਾ ਹੈ ਤੇ ਨਾ ਹੀ ਜਾਣ ਸਕਦਾ ਹੈ। ਪਰਮਾਤਮਾ ਜੀ ਆਪ ਸਭ ਤੋਂ ਸ੍ਰੇਸ਼ਟ ਸਰਬਵਿਆਪਕ ਅਤੇ ਅੰਤਰਜਾਮੀ ਹੋ।

ਸੁਤ ਸੇਵਕ ਸਦਾ ਅਸੋਚ।
ਠਾਕਰ ਪਿਤਹਿੰ ਸਬ ਸੋਚ ॥੬ ॥

ਜਿਵੇਂ ਪਿਤਾ ਦੇ ਹੁੰਦੇ ਹੋਏ ਪੁੱਤਰ ਅਤੇ ਸੁਆਮੀ ਦੇ ਹੁੰਦੇ ਹੋਏ ਦਾਸ ਬੇਫ਼ਿਕਰ ਰਹਿੰਦਾ ਹੈ ਕਿਉਂਕਿ ਪਿਤਾ ਨੂੰ ਹਮੇਸ਼ਾ ਪੁੱਤਰ ਦੀ ਅਤੇ ਸੁਆਮੀ ਨੂੰ ਸੇਵਕ ਦੀ ਚਿੰਤਾ ਰਹਿੰਦੀ ਹੈ। ਇਸੇ ਪ੍ਰਕਾਰ ਪਰਮਾਤਮਾ ਦਾ ਨਾਮ ਜੱਪਣ ਵਾਲੇ ਦਾਸ ਹਮੇਸ਼ਾ ਚਿੰਤਾ ਤੋਂ ਮੁਕਤ ਹੁੰਦੇ ਹਨ ਕਿਉਂਕਿ ਉਹਨਾਂ ਦੀ ਚਿੰਤਾ ਪਰਮਾਤਮਾ ਨੂੰ ਹੁੰਦੀ ਹੈ।

ਰਵਿਦਾਸ ਬਿਨਵੈ ਕਰ ਜੋਰਿ।
ਅਹੋ ਸੁਆਮੀ ਤੁਮ ਮੋਹਿੰ ਨ ਛੋਰਿ ॥੭ ॥

ਸਤਿਗੁਰੂ ਰਵਿਦਾਸ ਜੀ ਮਹਾਰਾਜ ਨਿਮਰਤਾ ਸਹਿਤ ਪਰਮਾਤਮਾ ਦੇ ਸਨਮੁੱਖ ਹੱਥ ਜੋੜ ਕੇ ਬੇਨਤੀ ਕਰਦੇ ਹਨ ਕਿ ਪਰਮਾਤਮਾ ਜੀ ਆਪ ਸਾਡੇ ਜੀਵਾਂ ਦੇ ਔਗੁਣ ਨਾ ਦੇਖੋ, ਸਾਡੇ 'ਤੇ ਕਿਰਪਾ ਕਰੋ ਜੀ।

ਸੁਤੌ ਪੁਰਬਲਾ ਅਕਰਮ ਮੋਰ।
ਬਲਿ ਜਾਊਂ ਕਰੌਂ ਜਿਨ ਕੋਰ ॥੮ ॥

ਪਰਮਾਤਮਾ ਜੀ ਜੀਵ ਪੂਰਬਲੇ ਖੋਟੇ ਕਰਮਾਂ ਕਾਰਨ ਆਪ ਤੋਂ ਵਿਛੜਿਆ ਹੋਇਆ ਸੀ। ਮੈਂ ਆਪ ਤੋਂ ਬਲਿਹਾਰ ਜਾਂਦਾ ਹਾਂ ਆਪ ਜੀ ਮੇਰੇ ਦੋਸ਼ਾਂ ਵੱਲ ਧਿਆਨ ਨਾ ਦਿਉ ਜੀ। ਆਪਣਾ ਨਾਮ ਜਪਾਓ ਜੀ।

*******

## ਸ਼ਬਦ 58

ਜਿਉ ਤੁਮ ਕਾਰਨ ਕੇਸਵੇ ਲਾਲਚ ਜਿਵ ਲਾਗਾ।
ਨਿਕਟ ਨਾਥ ਪ੍ਰਾਪਤ ਨਹੀਂ ਮਤਿ ਮੰਦ ਅਭਾਗਾ ॥ ਟੇਕ ॥
ਸਾਗਰ ਸਲਿਲ ਸਰੋਦਿਕਾ ਜਲ ਥਲ ਅਧਿਕਾਈ।
ਸਵਾਤੀ ਬੂੰਦ ਕੀ ਆਸ ਹੈ ਪਿਉ ਪਿਆਸ ਨ ਜਾਈ ॥੧ ॥
ਜੋ ਰੇ ਸਨੇਹੀ ਚਾਹੀਏ ਚਿਤਵਤ ਹੋ ਦੂਰੀ।

**ਪੰਗੁਲ ਫਲ ਨ ਪਹੁੰਚਹੀ ਕਛੁ ਸਾਧ ਨ ਪੂਰੀ ॥੨॥**
**ਕਹੈ ਰਵਿਦਾਸ ਅਕਥ ਕਥਾ ਉਪਨਿਸ਼ਦ ਸੁਨੀਜੈ।**
**ਜਸ ਤੂੰ ਤਸ ਤੂੰ ਹੀ ਕਸ ਉਪਮਾ ਦੀਜੈ ॥੩॥**

ਇਸ ਪਾਵਨ ਸ਼ਬਦ ਵਿਚ ਜਗਤਗੁਰੂ ਰਵਿਦਾਸ ਜੀ ਮਹਾਰਾਜ ਪਰਮਾਤਮਾ ਦੇ ਪ੍ਰੇਮ ਵਿਚ ਮਗਨ ਜੀਵ ਦੀ ਅਵਸਥਾ ਬਿਆਨ ਕਰਦੇ ਹਨ ਕਿ ਪ੍ਰਭੂ ਪ੍ਰੇਮੀ ਜੀਵ ਨੂੰ ਪਰਮਾਤਮਾ ਦੇ ਦਰਸ਼ਨ ਕਰਨ ਵਿਚ ਹੀ ਸੱਚਾ ਸੁੱਖ ਮਿਲਦਾ ਹੈ। ਪਰਮਾਤਮਾ ਦੇ ਗੁਣ ਬਿਆਨ ਨਹੀਂ ਕੀਤੇ ਜਾ ਸਕਦੇ।

**ਜਿਉ ਤੁਮ ਕਾਰਨ ਕੇਸਵੇ ਲਾਲਚ ਜਿਵ ਲਾਗਾ।**
**ਨਿਕਟ ਨਾਥ ਪ੍ਰਾਪਤ ਨਹੀਂ ਮਤਿ ਮੰਦ ਅਭਾਗਾ॥ ਟੇਕ॥**

ਪਰਮਾਤਮਾ ਜੀ ਆਪ ਜੀ ਦੀ ਪ੍ਰਾਪਤੀ ਲਈ ਜੀਵ ਨੂੰ ਦੁਰਲਭ ਜਨਮ ਮਿਲਿਆ ਹੈ ਪਰ ਜੀਵ ਸੰਸਾਰ ਦੇ ਝੂਠੇ ਪਦਾਰਥਾਂ ਦੇ ਲਾਲਚ ਵਿਚ ਫਸਿਆ ਹੋਇਆ ਹੈ। ਇਸ ਕਾਰਣ ਐਸੇ ਅਭਾਗੇ ਮਨ ਵਾਲੇ ਜੀਵ ਨੂੰ ਆਪਣੇ ਅੰਦਰ ਬਿਰਾਜਮਾਨ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਰਹੀ।

**ਸਾਗਰ ਸਲਿਲ ਸਰੋਦਿਕਾ ਜਲ ਥਲ ਅਧਿਕਾਈ।**
**ਸਵਾਤੀ ਬੂੰਦ ਕੀ ਆਸ ਹੈ ਪਿਉ ਪਿਆਸ ਨ ਜਾਈ ॥੧॥**

ਸੰਸਾਰ ਵਿਚ ਸਾਗਰ, ਤਾਲਾਬ, ਸਰੋਵਰ ਅਤੇ ਪਾਣੀ ਦੇ ਸਰੋਤ ਬਹੁਤ ਹਨ ਪਰ ਪਪੀਹੇ ਨੂੰ ਕੇਵਲ ਸਵਾਤੀ ਬੂੰਦ ਦੀ ਆਸ ਹੈ। ਸਵਾਤੀ ਬੂੰਦ ਤੋਂ ਬਿਨਾਂ ਪਪੀਹੇ ਦੀ ਹੋਰ ਪਾਣੀ ਨਾਲ ਪਿਆਸ ਨਹੀਂ ਬੁਝਦੀ। ਇਸ ਪ੍ਰਕਾਰ ਪ੍ਰਭੂ ਪ੍ਰੇਮੀ ਜੀਵ ਦੀ ਪਿਆਸ ਕੇਵਲ ਪਰਮਾਤਮਾ ਦੇ ਦਰਸ਼ਨ ਕਰਨ ਨਾਲ ਹੀ ਬੁਝਦੀ ਹੈ।

**ਜੋ ਰੇ ਸਨੇਹੀ ਚਾਹੀਏ ਚਿਤਵਤ ਹੋ ਦੂਰੀ।**
**ਪੰਗੁਲ ਫਲ ਨ ਪਹੁੰਚਹੀ ਕਛੁ ਸਾਧ ਨ ਪੂਰੀ ॥੨॥**

ਸੱਚਾ-ਪ੍ਰੇਮ ਜੀਵ ਨੂੰ ਪਰਮਾਤਮਾ ਨਾਲ ਕਰਨਾ ਚਾਹੀਦਾ ਸੀ, ਉਹ ਪ੍ਰੇਮ ਜੀਵ ਦੇ ਮਨ ਤੋਂ ਬਹੁਤ ਦੂਰ ਹੈ। ਭਾਵ ਉਹ ਪ੍ਰੇਮ ਜੀਵ ਦੇ ਅੰਦਰ ਨਹੀਂ ਹੈ। ਇਸ ਲਈ ਜੀਵ ਨੂੰ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੁੰਦੀ। ਜਿਵੇਂ ਪਿੰਗਲਾ ਜੀਵ ਬ੍ਰਿਖ ਨਾਲ ਲੱਗੇ ਫਲ ਤੱਕ ਨਹੀਂ ਪਹੁੰਚ ਸਕਦਾ, ਕੇਵਲ ਫਲ ਨੂੰ ਦੂਰੋਂ ਹੀ ਦੇਖ ਸਕਦਾ ਹੈ, ਇਸੇ ਪ੍ਰਕਾਰ ਜੀਵ ਸੱਚੀ ਪ੍ਰੀਤੀ ਤੋਂ ਬਿਨਾਂ ਪਰਮਾਤਮਾ ਨੂੰ ਪ੍ਰਾਪਤ ਨਹੀਂ ਕਰ ਸਕਦਾ ਅਤੇ ਜੀਵ ਦੀ ਆਸ ਪੂਰੀ ਨਹੀਂ ਹੁੰਦੀ।

**ਕਹੈ ਰਵਿਦਾਸ ਅਕਥ ਕਥਾ ਉਪਨਿਸ਼ਦ ਸੁਨੀਜੈ।**
**ਜਸ ਤੂੰ ਤਸ ਤੂੰ ਹੀ ਕਸ ਉਪਮਾ ਦੀਜੈ ॥੩॥**

ਸਤਿਗੁਰ ਰਵਿਦਾਸ ਜੀ ਕਥਨ ਕਰਦੇ ਹਨ ਕਿ ਪਰਮਾਤਮਾ ਦੀ ਕਥਾ ਕਥਨ ਰਹਿਤ ਹੈ ਭਾਵੇਂ ਜੀਵ ਜਿੰਨੇ ਮਰਜ਼ੀ ਉਪਨਿਸ਼ਦ ਸੁਣ ਲਵੇ। ਪਰਮਾਤਮਾ ਜੀ ਆਪ ਜੈਸੇ ਹੋ ਵੈਸੇ ਹੀ ਰਹੋਗੇ, ਸੰਸਾਰੀ ਜੀਵ ਆਪ ਦੀ ਉਪਮਾ ਕੀ ਕਰ ਸਕਦਾ ਹੈ? ਭਾਵ ਆਪ ਦੀ ਉਪਮਾ ਨਹੀਂ ਕੀਤੀ ਜਾ ਸਕਦੀ।

********



# ਸ਼ਬਦ 59

**ਗੋਬਿੰਦੇ ਭੌਜਲ ਬਿਆਧਿ ਅਪਾਰਾ।**
**ਤਾ ਤੈ ਕਛੁ ਸੂਝਤ ਵਾਰ ਨ ਪਾਰਾ॥ ਟੇਕ॥**
**ਅਗਮ ਗ੍ਰਿਹ ਦੂਰ ਦੂਰੰਤਰ ਬੋਲਿ ਭਰੋਸ ਦੀਜੈ।**
**ਤੇਰੀ ਭਗਤਿ ਪਰੋਹਨ ਸੰਤ ਅਰੋਹਨ ਮੋਹਿੰ ਚੜ੍ਹਾਈ ਕਿਨ ਲੀਜੈ।੧।**
**ਲੋਹ ਕੀ ਨਾਵ ਪਖਾਨਨ ਬੋਝੀ ਸੁਕਿਰਿਤ ਭਾਵ ਬਿਹੀਨਾ।**
**ਲੋਭ ਤਰੰਗ ਮੋਹ ਭਯੋਂ ਗਾਲੌਂ ਮਨ ਮੀਨ ਭਯੋ ਜਨ ਲੀਨਾ ॥੨॥**
**ਤੁਮ ਦੀਨਾ ਨਾਥ ਦਯਾਲ ਦਮੋਦਰ ਕੀਨੈ ਹੇਤ ਬਿਲੰਬ ਕੀਜੈ॥**
**ਰਵਿਦਾਸ ਦਾਸ ਸੰਤ ਚਰਨ ਕੀ ਮੋਹਿ ਅਵਲੰਬਨ ਦੀਜੈ ॥੩॥**

ਜਗਤਗੁਰੂ ਰਵਿਦਾਸ ਮਹਾਰਾਜ ਜੀ ਪਾਵਨ ਉਪਦੇਸ਼ ਦਿੰਦੇ ਹਨ ਕਿ ਸੰਸਾਰ ਸਮੁੰਦਰ ਦੁੱਖਾਂ ਦਾ ਭਰਿਆ ਹੋਇਆ ਹੈ, ਜਿਸ ਵਿਚ ਕੇਵਲ ਸੰਤ ਹੀ ਜੀਵ ਨੂੰ ਪਰਮਾਤਮਾ ਦਾ ਨਾਮ ਜਪਾ ਕੇ ਇਸ ਸੰਸਾਰ ਤੋਂ ਪਾਰ ਕਰ ਸਕਦੇ ਹਨ।

**ਗੋਬਿੰਦੇ ਭੌਜਲ ਬਿਆਧਿ ਅਪਾਰਾ।**
**ਤਾ ਤੈ ਕਛੁ ਸੂਝਤ ਵਾਰ ਨ ਪਾਰਾ॥ ਟੇਕ॥**

ਹੇ ਪ੍ਰਭੂ ਜੀ। ਸੰਸਾਰ ਰੂਪੀ ਭਵਸਾਗਰ ਬੇਅੰਤ ਦੁੱਖਾਂ ਨਾਲ ਭਰਿਆ ਹੋਇਆ ਹੈ। ਇਸ ਲਈ ਜੀਵਾਂ ਨੂੰ ਭਵ-ਸਾਗਰ ਪਾਰ ਕਰਨ ਦੀ ਸੋਝੀ ਨਹੀਂ ਹੈ।

**ਅਗਮ ਗ੍ਰਿਹ ਦੂਰ ਦੂਰੰਤਰ ਬੋਲਿ ਭਰੋਸ ਦੀਜੈ।**
**ਤੇਰੀ ਭਗਤਿ ਪਰੋਹਨ ਸੰਤ ਅਰੋਹਨ ਮੋਹਿੰ ਚੜ੍ਹਾਈ ਕਿਨ ਲੀਜੈ।੧।**

ਜੀਵ ਪਰਮਾਤਮਾ ਦੇ ਨਿੱਜਘਰ ਤੋਂ ਦੂਰ ਸੰਸਾਰ ਵਿਚ ਆਇਆ ਹੈ ਪ੍ਰੰਤੂ ਪਰਮਾਤਮਾ ਦੇ ਨਾਮ ਤੋਂ ਬਿਨਾਂ ਕੋਈ ਵੀ ਨਿੱਜਘਰ ਵਿਚ ਪਹੁੰਚਣ ਦਾ ਭਰੋਸਾ ਨਹੀਂ ਦਿੰਦਾ। ਆਪ ਜੀ ਦੀ ਭਗਤੀ ਸੰਸਾਰ ਤੋਂ ਪਾਰ ਕਰਦੀ ਹੈ। ਸੰਤ ਉਸ ਭਗਤੀ ਰੂਪੀ ਬੇੜੀ 'ਤੇ ਸਵਾਰ ਹੋ ਕੇ ਸੰਸਾਰੀ ਜੀਵਾਂ ਨੂੰ ਭਗਤੀ ਨਾਲ ਜੋੜ ਕੇ ਪਾਰ ਕਰਦੇ ਹਨ। ਪਰਮਾਤਮਾ ਜੀ ਇਸ ਭਗਤੀ ਰੂਪੀ ਬੇੜੀ 'ਤੇ ਮੈਨੂੰ ਕਿਉਂ ਨਹੀਂ ਚੜ੍ਹਾਉਂਦੇ ?

**ਲੋਹ ਕੀ ਨਾਵ ਪਖਾਨਨ ਬੋਝੀ ਸੁਕਿਰਿਤ ਭਾਵ ਬਿਹੀਨਾ।**
**ਲੋਭ ਤਰੰਗ ਮੋਹ ਭਯੋਂ ਗਾਲੌਂ ਮਨ ਮੀਨ ਭਯੋ ਜਨ ਲੀਨਾ ॥੨॥**

ਜੀਵ ਨੇ ਸੰਸਾਰ ਸਾਗਰ ਵਿਚ ਭਰਮ ਕਾਰਨ ਜੀਵਨ ਰੂਪੀ ਬੇੜੀ ਨੂੰ ਲੋਹੇ ਦੀ ਬਣਾ ਕੇ ਉਸ ਵਿਚ ਖੋਟੇ ਕਰਮ ਰੂਪੀ ਪੱਥਰ ਲੱਦੇ ਹਨ ਅਤੇ ਸ੍ਰੇਸ਼ਟ ਕਰਮਾਂ ਤੋਂ ਰਹਿਤ ਹੈ। ਲੋਭ ਦੀਆਂ ਤਰੰਗਾਂ ਅਤੇ ਮੋਹ ਦੇ ਕਾਲ ਕਾਰਨ ਜੀਵਨ ਰੂਪੀ ਬੇੜੀ ਡੁੱਬ ਰਹੀ ਹੈ। ਜਿਵੇਂ ਮੱਛੀ ਲੋਭ ਦੀ ਕੁੰਡੀ ਵਿਚ ਫਸ ਕੇ ਆਪਣੀ ਜਾਨ ਗਵਾ ਲੈਂਦੀ ਹੈ ਇਸ ਪ੍ਰਕਾਰ ਪਰਮਾਤਮਾ ਨੂੰ ਭੁੱਲ ਕੇ ਜੀਵ ਦਾ ਮਨ ਝੂਠੇ

ਜੰਜਾਲਾਂ ਵਿਚ ਫਸਕੇ ਆਪਣੇ ਜੀਵਨ ਨੂੰ ਨਿਸਫਲ ਗਵਾ ਲੈਂਦਾ ਹੈ।

**ਤੁਮ ਦੀਨਾ ਨਾਥ ਦਯਾਲ ਦਮੋਦਰ ਕੀਨੈ ਹੇਤ ਬਿਲੰਬ ਕੀਜੈ॥**
**ਰਵਿਦਾਸ ਦਾਸ ਸੰਤ ਚਰਨ ਕੀ ਮੋਹਿ ਅਵਲੰਬਨ ਦੀਜੈ॥੩॥**

ਹੇ ਪ੍ਰਭੂ ਗਰੀਬ ਨਿਵਾਜ ਆਪ ਮੇਰੀ ਬੇਨਤੀ ਸੁਣੋ। ਮੈਨੂੰ ਦਰਸ਼ਨ ਦਿਓ। ਆਪ ਕਿਸ ਕਾਰਨ ਦੇਰੀ ਕਰ ਰਹੇ ਹੋ। ਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ ਮੈਂ ਸੰਤਾਂ ਦੇ ਚਰਨਾਂ ਦਾ ਦਾਸ ਹਾਂ। ਮੈਨੂੰ ਹੁਣ ਆਪਣਾ ਦਰਸ਼ਨ ਦੇ ਕੇ ਸਹਾਰਾ ਦਿਓ।

********

## ਸ਼ਬਦ 60

**ਆਗੈ ਮੰਦਾ ਹਵੈ ਰਹਯਾ ਪਰਕਿਰਤਿ ਨ ਜਾਈ॥**
**ਕੂਕਰ ਚੌਕੀ ਚਹੋੜਿਯੈ ਫਿਰਿ ਬਹੇ ਸੁ ਭਾਈ॥ ਟੇਕ॥**
**ਸੁਰਸਰੀ ਮੈ ਜੁ ਸੁਰਾ ਪਰਯੌ ਕੋ ਕਰੈ ਨ ਬਿਚਾਰ॥**
**ਰਾਮ ਨਾਮ ਹਿਰਦੈ ਬਸੈ ਸਬ ਸੁਖ ਨਿਧਿ ਸਾਰ॥੧॥**
**ਕਹੈ ਰਵਿਦਾਸ ਸੁੰਨਿ ਕੇਸਵੇ ਅੰਤਹ ਕਰਨ ਬਿਚਾਰ॥**
**ਤੁਮਹਾਰੀ ਭਗਤਿ ਕੈ ਕਾਰਨੈ ਫਿਰਿ ਹਵੈ ਹੋ ਚਮਾਰ॥੨॥**

ਇਸ ਪਾਵਨ ਸ਼ਬਦ ਵਿਚ ਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਪ੍ਰਭੂ ਨਾਲ ਪ੍ਰੇਮ ਕਰਨ ਵਾਲਾ ਸੁਭਾਅ ਬਣਾ ਕੇ ਜੀਵਨ ਸਫਲ ਕਰਨ ਦਾ ਉਪਦੇਸ਼ ਦਿੰਦੇ ਹਨ।

**ਆਗੈ ਮੰਦਾ ਹਵੈ ਰਹਯਾ ਪਰਕਿਰਤਿ ਨ ਜਾਈ॥**
**ਕੂਕਰ ਚੌਕੀ ਚਹੋੜਿਯੈ ਫਿਰਿ ਬਹੇ ਸੁ ਭਾਈ॥ ਟੇਕ॥**

ਪ੍ਰਭੂ ਦੇ ਨਾਮ ਜਪਣ ਤੋਂ ਬਿਨਾਂ ਜੀਵ ਦਾ ਅੱਗੇ ਮੰਦਾ ਹਾਲ ਹੁੰਦਾ ਹੈ ਭਾਵ ਜੀਵ ਦੁੱਖ ਭੋਗਦਾ ਹੈ। ਇਸ ਕਾਰਨ ਜੀਵ ਦਾ ਸੁਭਾਅ ਨਹੀਂ ਬਦਲਦਾ।

ਜਿਵੇਂ ਕੁੱਤੇ ਨੂੰ ਨਹਾ-ਧੁਆ ਕੇ ਚੌਂਕੀ 'ਤੇ ਬਿਠਾਇਆ ਜਾਵੇ ਤਾਂ ਉਹ ਆਪਣੇ ਸੁਭਾਅ ਕਾਰਨ ਉਥੇ ਬੈਠ ਨਹੀਂ ਸਕਦਾ। ਇਸੇ ਪ੍ਰਕਾਰ ਜੀਵ ਜਿੰਨੇ ਮਰਜ਼ੀ ਅਡੰਬਰ ਅਤੇ ਕਰਮ ਕਾਂਡਾਂ ਨੂੰ ਕਰ ਲਵੇ ਪਰ ਸਤਿਸੰਗਤ ਤੋਂ ਬਿਨਾਂ ਜੀਵ ਦਾ ਖੋਟਾ ਸੁਭਾਅ ਨਹੀਂ ਬਦਲਦਾ।

**ਸੁਰਸਰੀ ਮੈ ਜੁ ਸੁਰਾ ਪਰਯੌ ਕੋ ਕਰੈ ਨ ਬਿਚਾਰ॥**
**ਰਾਮ ਨਾਮ ਹਿਰਦੈ ਬਸੈ ਸਬ ਸੁਖ ਨਿਧਿ ਸਾਰ॥੧॥**

ਜੇਕਰ ਗੰਗਾ ਦੇ ਵਿਚ ਸ਼ਰਾਬ ਪੈ ਵੀ ਜਾਵੇ ਤਾਂ ਉਹ ਗੰਗਾ ਦਾ ਹੀ ਰੂਪ ਹੋ ਜਾਂਦੀ ਹੈ। ਇਸ ਵਿਚ ਕੋਈ ਸ਼ੰਕਾ ਨਹੀਂ ਰਹਿ ਜਾਂਦੀ ਹੈ। ਇਸੇ ਪ੍ਰਕਾਰ ਜਿਸ ਵੇਲੇ ਜੀਵ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਵਸਦਾ ਹੈ ਤਾਂ ਜੀਵ



ਪਰਮਾਤਮਾ ਦਾ ਹੀ ਰੂਪ ਹੋ ਜਾਂਦਾ ਹੈ ਅਤੇ ਸਭ ਤੋਂ ਸਰੇਸ਼ਟ ਸੁੱਖ ਨੂੰ ਪ੍ਰਾਪਤ ਕਰ ਲੈਂਦਾ ਹੈ।

**ਕਹੈ ਰਵਿਦਾਸ ਸੁੰਨਿ ਕੇਸਵੇ ਅੰਤਹ ਕਰਨ ਬਿਚਾਰ॥**
**ਤੁਮਹਾਰੀ ਭਗਤਿ ਕੈ ਕਾਰਨੈ ਫਿਰਿ ਹਵੈ ਹੋ ਚਮਾਰ॥੨॥**

ਗੁਰੂ ਰਵਿਦਾਸ ਮਹਾਰਾਜ ਕਥਨ ਕਰਦੇ ਹਨ ਕਿ ਹੇ ਪ੍ਰਭੂ! ਮੇਰੀ ਬੇਨਤੀ ਸੁਣੋ ਅਤੇ ਇਸ ਤੇ ਵਿਚਾਰ ਕਰੋ ਜੀ। ਹੇ ਪ੍ਰਭੂ! ਆਪ ਜੀ ਦੀ ਭਗਤੀ ਕਰਕੇ ਮੈਂ ਚਮਾਰ ਆਪ ਜੀ ਦਾ ਹੀ ਰੂਪ ਹੋ ਗਿਆ ਹਾਂ।

*******

# ਰਾਗ ਰਾਮਕਲੀ, ਚਉਪਦਾ

## ਸ਼ਬਦ 61

**ਧ੍ਰਿਗ ਧ੍ਰਿਗ ਜੀਵਣੁ ਰਾਜੇ ਰਾਮ ਬਿਨਾ॥ਟੇਕ॥**
**ਦੇਹਿ ਨੈਨ ਬਿਨੁ, ਚੰਦ ਰੈਨ ਬਿਨੁ, ਜਿਉਂ ਮੀਨਾ ਗਹਰੁ ਜਲੇ ਬਿਨਾ।**
**ਹਸਤੀ ਸੁੰਡ ਬਿਨੁ, ਪੰਖੀ ਪੰਖ ਬਿਨੁ,**
**ਜਇਸੋਇ ਮੰਦਿਰ ਦੀਪ ਬਿਨਾ॥੧॥**
**ਜੈਸੇ ਬ੍ਰਾਹਮਣ ਵੇਦ ਵਿਹੂਣਾ, ਤੈਸੋ ਪ੍ਰਾਣੀ ਤੁਝ ਨਾਮ ਬਿਨਾ॥**
**ਬੇਸਵਾ, ਕੂੰ ਸੁਤ ਕਾਕੌ ਕਹੀਏ, ਤੈਸੋ ਭਗਤ ਜਨ ਰਾਮ ਬਿਨਾ॥੨॥**
**ਮੰਤਰ ਸੁਰਤਿ ਬਿਨੁ, ਨਾਰੀ ਕੰਤ ਬਿਨੁ, ਜੈਸੋ ਧਰਤੀ ਇੰਦਰ ਬਿਨਾ।**
**ਜਿਉਂ ਬ੍ਰਿਛਾ ਫਲਹਿ ਵਿਹੂਣਾ, ਤਿਉਂ ਪ੍ਰਾਣੀ ਤੁਝ ਪ੍ਰੇਮ ਬਿਨਾ॥੩॥**
**ਕਾਮ ਕ੍ਰੋਧ ਹੰਕਾਰ ਨਿਬਾਰਓ, ਤ੍ਰਿਸ਼ਨਾ ਤਿਆਗਹੁ ਸੰਤ ਜਨਾ।**
**ਕਹਿ ਰਵਿਦਾਸ ਭਈ ਸੀਤਲ ਕਾਇਆ,**
**ਜਿਉਂ ਹੌਂ ਲਾਗੋ ਗੁਰ ਚਰਨਾ॥੪॥**

ਇਸ ਪਾਵਨ ਸ਼ਬਦ ਵਿਚ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਉਪਦੇਸ਼ ਦਿੰਦੇ ਹਨ ਕਿ ਪ੍ਰਭੂ ਦੇ ਨਾਮ ਤੋਂ ਬਿਨਾਂ ਜੀਵ ਦਾ ਜੀਵਨ ਬੇਅਰਥ ਹੈ।

**ਧ੍ਰਿਗ ਧ੍ਰਿਗ ਜੀਵਣੁ ਰਾਜੇ ਰਾਮ ਬਿਨਾ॥ਟੇਕ॥**

ਪ੍ਰਭੂ ਪਾਤਸ਼ਾਹ ਤੋਂ ਬਿਨਾਂ ਜੀਵ ਦਾ ਜੀਵਨ ਧਿਰਕਾਰ ਹੈ।

**ਦੇਹਿ ਨੈਨ ਬਿਨੁ, ਚੰਦ ਰੈਨ ਬਿਨੁ, ਜਿਉਂ ਮੀਨਾ ਗਹਰੁ ਜਲੇ ਬਿਨਾ।**
**ਹਸਤੀ ਸੁੰਡ ਬਿਨੁ, ਪੰਖੀ ਪੰਖ ਬਿਨੁ,**
**ਜਇਸੋਇ ਮੰਦਿਰ ਦੀਪ ਬਿਨਾ॥੧॥**

ਜੀਵ ਦੋ ਅੱਖਾਂ ਤੋਂ ਬਿਨਾਂ, ਚੰਦ ਰਾਤ ਤੋਂ ਬਿਨਾਂ, ਮੱਛੀ ਗਹਿਰੇ ਪਾਣੀ ਤੋਂ ਬਿਨਾਂ, ਹਾਥੀ ਸੁੰਡ ਤੋਂ ਬਿਨਾਂ, ਪੰਖੀ ਪੰਖ ਤੋਂ ਬਿਨਾਂ, ਮੰਦਰ ਦੀਪਕ ਤੋਂ ਬਿਨਾਂ ਵਿਅਰਥ ਹੈ।

**ਜੈਸੇ ਬ੍ਰਾਹਮਣ ਵੇਦ ਵਿਹੂਣਾ, ਤੈਸੋ ਪ੍ਰਾਣੀ ਤੁਝ ਨਾਮ ਬਿਨਾ॥**
**ਬੇਸਵਾ, ਕੂੰ ਸੁਤ ਕਾਕੌਂ ਕਹੀਏ, ਤੈਸੋ ਭਗਤ ਜਨ ਰਾਮ ਬਿਨਾ॥੨॥**

ਜਿਵੇਂ ਬ੍ਰਾਹਮਣ ਵੇਦਾਂ ਦੇ ਗਿਆਨ ਤੋਂ ਬਿਨਾਂ ਵਿਅਰਥ ਹੈ। ਉਸੇ ਪ੍ਰਕਾਰ ਪ੍ਰਭੂ ਦੇ ਨਾਮ ਤੋਂ ਬਿਨਾਂ ਜੀਵ ਦਾ ਮਨੁੱਖਾ ਜਨਮ ਵਿਅਰਥ ਹੈ। ਜਿਵੇਂ ਵੇਸਵਾ ਦੇ ਪੁੱਤ ਨੂੰ ਕੋਈ ਨਾਂ ਨਹੀਂ ਦਿੱਤਾ ਜਾ ਸਕਦਾ ਇਸ ਪ੍ਰਕਾਰ ਦਾਸ ਨੂੰ ਵੀ ਪ੍ਰਭੂ ਦੇ ਨਾਮ ਤੋਂ ਬਿਨਾਂ ਕੋਈ ਨਾਮ ਨਹੀਂ ਦਿੱਤਾ ਜਾ ਸਕਦਾ।

**ਮੰਤਰ ਸੁਰਤਿ ਬਿਨੁ, ਨਾਰੀ ਕੰਤ ਬਿਨੁ, ਜੈਸੋ ਧਰਤੀ ਇੰਦਰ ਬਿਨਾ।**
**ਜਿਊਂ ਬ੍ਰਿਛਾ ਫਲਹਿ ਵਿਹੂਣਾ, ਤਿਉਂ ਪ੍ਰਾਣੀ ਤੁਝ ਪ੍ਰੇਮ ਬਿਨਾ॥੩॥**

ਜਿਵੇਂ ਮੰਤਰ ਸੁਰਤ ਤੋਂ ਬਿਨਾਂ, ਇਸਤਰੀ ਪਤੀ ਬਿਨਾਂ, ਧਰਤੀ ਮੀਂਹ ਬਿਨਾਂ, ਬ੍ਰਿਖ ਫ਼ਲ ਬਿਨਾਂ ਅਧੂਰੇ ਹਨ, ਇਸ ਤਰ੍ਹਾਂ ਜੀਵ ਪ੍ਰਭੂ ਦੇ ਪ੍ਰੇਮ ਤੋਂ ਬਿਨਾਂ ਅਧੂਰਾ ਹੈ।

**ਕਾਮ ਕ੍ਰੋਧ ਹੰਕਾਰ ਨਿਬਾਰਓ, ਤ੍ਰਿਸ਼ਨਾ ਤਿਆਗਹੁ ਸੰਤ ਜਨਾ।**
**ਕਹਿ ਰਵਿਦਾਸ ਭਈ ਸੀਤਲ ਕਾਇਆ,**
**ਜਿਉਂ ਹੌਂ ਲਾਗੋ ਗੁਰ ਚਰਨਾ॥੪॥**

ਹੇ ਭਾਈ! ਸੰਤ ਜਨਾ ਦੇ ਪਾਸ ਜਾ ਕੇ ਕਾਮ, ਕ੍ਰੋਧ, ਹੰਕਾਰ ਅਤੇ ਤ੍ਰਿਸ਼ਨਾਵਾਂ ਦਾ ਤਿਆਗ ਕਰੋ। ਸਤਿਗੁਰੂ ਰਵਿਦਾਸ ਮਹਾਰਾਜ ਜੀ ਉਚਾਰਣ ਕਰਦੇ ਹਨ ਕਿ ਉਸ ਸਮੇਂ ਜੀਵ ਦੀ ਕਾਇਆ ਪਵਿੱਤਰ ਹੋ ਜਾਂਦੀ ਜਦੋਂ ਇਹ ਗੁਰੂ ਦੇ ਚਰਨਾਂ ਨਾਲ ਲੱਗਦੀ ਹੈ।

****

# ਰਾਗ ਗਾਉੜੀ

## ਸ਼ਬਦ 62

**ਤੇਰਾ ਜਨ ਕਾਹੇ ਕੋ ਬੋਲੈ।**
**ਬੋਲਿ ਬੋਲਿ ਆਪਨੀ ਭਗਤਿ ਕਿਉ ਖੋਲੈ॥ ਟੇਕ॥**
**ਬੋਲਤ ਬੋਲਤ ਬੜੈ ਬਿਆਧੀ ਬੋਲ ਅਬੋਲੇ ਜਾਈ।**
**ਬੋਲੇ ਬੋਲ ਅਬੋਲ ਕੋ ਪਕਰੈ ਬੋਲ ਬੋਲ ਕੌਂ ਖਾਈ॥੧॥**
**ਬੋਲੈ ਗਿਆਨ ਔਰ ਬੋਲ ਧਿਆਨ ਬੋਲੈ ਬੇਦ ਬੜਾਈ।**
**ਉਰ ਮੇਂ ਧਰਿ ਧਰਿ ਜਬ ਹੀ ਬੋਲੈ ਤਬ ਹੀ ਮੂਲ ਗੰਵਾਈ॥੨॥**
**ਬੋਲਿ ਬੋਲਿ ਔਰਹਿ ਸਮਝਾਵੈ ਤਬ ਲਗਿ ਸਮਝ ਨਹੀ ਰੇ ਭਾਈ।**
**ਬੋਲਿ ਬੋਲਿ ਸਮਝ ਜਬ ਬੂਝੀ ਤਬ ਕਾਲ ਸਹਿਤ ਸਬ ਖਾਈ॥੩॥**
**ਬੋਲੈ ਗੁਰੁ ਅਰ ਬੋਲੈ ਚੇਲਾ ਬੋਲ ਬੋਲ ਪਰਤਿਤਿ ਜਾਈ॥**
**ਕਹੈ ਰਵਿਦਾਸ ਥਕਿਤ ਭਯੋ ਜਬ ਹੀ ਤਬਹਿ ਪਰਮਨਿਧਿ ਪਾਈ॥੪॥**

ਇਸ ਸ਼ਬਦ ਰਾਹੀਂ ਜਗਤਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼



ਦਿੰਦੇ ਹਨ ਕਿ ਜੋ ਜੀਵ ਪਰਮਾਤਮਾ ਦੀ ਭਗਤੀ ਕਰਦਾ ਹੈ ਉਹ ਵਿਵਾਦਾਂ, ਕਰਮ ਕਾਂਡਾਂ ਅਤੇ ਵਹਿਮਾਂ ਭਰਮਾਂ ਵਿਚ ਨਹੀਂ ਪੈਂਦਾ। ਇਸ ਲਈ ਆਡੰਬਰਾਂ ਵਿਚ ਫਸੇ ਹੋਏ ਜੀਵਾਂ ਮਗਰ ਨਾ ਲੱਗਦੇ ਹੋਏ ਪਰਮਾਤਮਾ ਦੀ ਸੱਚੀ ਭਗਤੀ ਵਿਚ ਮਗਨ ਹੋ ਕੇ ਪਰਮ ਤੱਤ ਨੂੰ ਜਾਨਣਾ ਚਾਹੀਦਾ ਹੈ।

**ਤੇਰਾ ਜਨ ਕਾਹੇ ਕੋ ਬੋਲੈ।**
**ਬੋਲਿ ਬੋਲਿ ਆਪਨੀ ਭਗਤਿ ਕਿਉ ਖੋਲੈ॥ ਟੇਕ॥**

ਹੇ ਪਰਮਾਤਮਾ! ਆਪ ਦਾ ਸੇਵਕ ਬੋਲ-ਬੋਲ ਕੇ ਭਗਤੀ ਕਿਉਂ ਪ੍ਰਗਟ ਕਰੇ? ਆਪ ਦਾ ਸੇਵਕ ਬੇਕਦਰੇ ਲੋਕਾਂ ਅੱਗੇ, ਜੋ ਜੀਵ ਨੂੰ ਕੁਰਾਹੇ ਪਾਉਂਦੇ ਹਨ, ਨਾਲ ਬੋਲ ਬੋਲ ਕੇ ਆਪਣੀ ਪ੍ਰੇਮਾ-ਭਗਤੀ ਨੂੰ ਪ੍ਰਗਟ ਨਹੀਂ ਕਰਦਾ।

**ਬੋਲਤ ਬੋਲਤ ਬੜੈ ਬਿਆਧੀ ਬੋਲ ਅਬੋਲੇ ਜਾਈ।**
**ਬੋਲੇ ਬੋਲ ਅਬੋਲ ਕੋ ਪਕਰੈ ਬੋਲ ਬੋਲ ਕੌਂ ਖਾਈ॥੧॥**

ਫਜ਼ੂਲ ਦਾ ਬੋਲਣ ਨਾਲ ਝਗੜਾ ਵੱਧਦਾ ਹੈ ਇਸ ਪ੍ਰਕਾਰ ਬੋਲਣ ਨਾਲ ਜੀਵ ਬੇਅਰਥ ਬੋਲ ਜਾਂਦਾ ਹੈ। ਫਜ਼ੂਲ ਬੋਲਣ ਵਾਲਾ ਜੀਵ ਬਹੁਤਾ ਨਾ ਬੋਲਣ ਵਾਲੇ ਪਰਮਾਤਮਾ ਦੇ ਦਾਸ 'ਤੇ ਗੁੱਸਾ ਕਰਦਾ ਹੈ। ਪਰਮਾਤਮਾ ਦਾ ਦਾਸ ਭਗਤੀ ਵਿਚ ਮਗਨ ਕੇਵਲ ਜ਼ਰੂਰਤ ਅਨੁਸਾਰ ਹੀ ਬੋਲਦਾ ਹੈ। ਫਜ਼ੂਲ ਬੋਲਣ ਵਾਲਿਆਂ ਦੇ ਬੋਲ ਇਕ ਦੂਸਰੇ ਨੂੰ ਖਾਂਦੇ ਹਨ ਭਾਵ ਵਿਵਾਦ ਪੈਦਾ ਕਰਦੇ ਹਨ।

**ਬੋਲੈ ਗਿਆਨ ਔਰ ਬੋਲ ਧਿਆਨ ਬੋਲੈ ਬੇਦ ਬੜਾਈ।**
**ਉਰ ਮੇਂ ਧਰਿ ਧਰਿ ਜਬ ਹੀ ਬੋਲੈ ਤਬ ਹੀ ਮੂਲ ਗੰਵਾਈ॥੨॥**

ਜਦੋਂ ਜੀਵ ਝੂਠਾ ਹੰਕਾਰ ਕਰਕੇ ਗਿਆਨ ਦੀਆਂ ਗੱਲਾਂ ਕਰਦਾ ਹੈ, ਬੋਲ ਬੋਲ ਕੇ ਵੇਦਾਂ ਸ਼ਾਸਤਰਾਂ ਦੀ ਵਡਿਆਈ ਕਰਦਾ ਹੈ ਅਤੇ ਸੱਚਾਈ ਨੂੰ ਹਿਰਦੇ ਵਿਚ ਛੁਪਾ ਕੇ ਜਦੋਂ ਬੋਲਦਾ ਹੈ, ਤਦ ਵਿਵਾਦ ਦੇ ਮੂਲ ਤੋਂ ਬਹੁਤ ਦੂਰ ਚਲਾ ਜਾਂਦਾ ਹੈ।

**ਬੋਲਿ ਬੋਲਿ ਔਰਹਿ ਸਮਝਾਵੈ ਤਬ ਲਗਿ ਸਮਝ ਨਹੀ ਰੇ ਭਾਈ।**
**ਬੋਲਿ ਬੋਲਿ ਸਮਝ ਜਬ ਬੂਝੀ ਤਬ ਕਾਲ ਸਹਿਤ ਸਬ ਖਾਈ॥੩॥**

ਜਦੋਂ ਜੀਵ ਵਿਵਾਦ ਕਰਕੇ ਬੋਲ ਬੋਲ ਕੇ ਦੂਸਰਿਆਂ ਨੂੰ ਸਮਝਾਉਂਦਾ ਹੈ। ਤਦ ਤੱਕ ਹੇ ਭਾਈ ਸਮਝ ਨਹੀਂ ਆਉਂਦੀ। ਪਰ ਜਦੋਂ ਪ੍ਰੇਮ ਸਹਿਤ ਬੋਲ ਬੋਲ ਕੇ ਉਸ ਦੇ ਸਾਰ ਤੱਤ ਨੂੰ ਗ੍ਰਹਿਣ ਕਰਦਾ ਹੈ, ਤਦ ਜੀਵ ਮੌਤ ਸਮੇਤ ਸਭ ਨੂੰ ਆਪਣੇ ਅਧੀਨ ਕਰ ਲੈਂਦਾ ਹੈ।

**ਬੋਲੈ ਗੁਰੁ ਅਰ ਬੋਲੈ ਚੇਲਾ ਬੋਲ ਬੋਲ ਪਰਤਿਤਿ ਜਾਈ॥**
**ਕਹੈ ਰਵਿਦਾਸ ਥਕਿਤ ਭਯੋ ਜਬ ਹੀ ਤਬਹਿ ਪਰਮਨਿਧਿ ਪਾਈ॥੪॥**

ਜਦੋਂ ਗੁਰੂ ਅਤੇ ਚੇਲਾ ਬ੍ਰਹਮ ਵਿਚਾਰ ਕਰਦੇ ਹਨ ਸ਼ਿਸ਼ ਨੂੰ ਗੁਰੂ ਦੇ ਵਚਨਾਂ 'ਤੇ ਪੂਰਾ ਭਰੋਸਾ ਹੋ ਜਾਂਦਾ ਹੈ। ਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ ਜਦੋਂ ਜੀਵ ਫਜ਼ੂਲ ਦੇ ਵਿਵਾਦਾਂ ਨੂੰ ਛੱਡ ਕੇ ਗੁਰੂ ਦੇ ਵਚਨਾਂ 'ਤੇ ਭਰੋਸਾ ਕਰਕੇ

ਪਰਮਾਤਮਾ ਦੀ ਭਗਤੀ ਵਿਚ ਮਗਨ ਹੁੰਦਾ ਹੈ ਤਦ ਪਰਮਤੱਤ (ਮੁਕਤੀ) ਨੂੰ ਪ੍ਰਾਪਤ ਕਰ ਲੈਂਦਾ ਹੈ।

******

## ਸ਼ਬਦ 63

ਐਸੀ ਭਗਤਿ ਨ ਹੋਇ ਰੇ ਭਾਈ।
ਰਾਮ ਨਾਮ ਬਿਨ ਜੋ ਕਛੁ ਕਰੀਏ ਸੋ ਸਬ ਭਰਮ ਕਹਾਈ॥ ਟੇਕ॥
ਭਗਤਿ ਨ ਰਸ ਦਾਨ ਭਗਤਿ ਨ ਕਥੈ ਗਿਆਨ।
ਭਗਤਿ ਨ ਬਨ ਮੇਂ ਗੁਫਾ ਖੁਦਾਈ॥੧॥
ਭਗਤਿ ਨ ਐਸੀ ਹਾਂਸੀ ਭਗਤਿ ਨ ਆਸਾ ਪਾਸੀ।
ਭਗਤਿ ਨ ਕੁਲ ਕਾਨ ਗਵਾਈ॥੨॥
ਭਗਤਿ ਨਾ ਇੰਦ੍ਰੀ ਬਾਂਧੈ ਭਗਤਿ ਨ ਜੋਗ ਸਾਧੈ।
ਭਗਤਿ ਨ ਅਹਾਰ ਘਟਾਈ ਯੇ ਸਬ ਕਰਮ ਕਹਾਈ॥੩॥
ਭਗਤਿ ਨ ਨਿਦ੍ਰਾ ਸਾਧੈ ਭਗਤਿ ਨ ਬੈਰਾਗ ਬਾਂਧੈ।
ਭਗਤਿ ਨ ਯੇ ਸਬ ਬੇਦ ਬੜਾਈ॥ ੪॥
ਭਗਤਿ ਨ ਮੂਡ ਮੁਡਾਏ ਭਗਤਿ ਨ ਮਾਲਾ ਦਿਖਾਏ।
ਭਗਤਿ ਨ ਚਰਨ ਧੁਆਏ ਯੇ ਸਭ ਗੁਨੀ ਜਨ ਗਾਈ॥੫॥
ਭਗਤਿ ਨ ਤੌਂ ਲੌਂ ਜਾਨੀ ਜੌਂ ਲੌਂ ਆਪ ਕੋ ਆਪ ਬਖਾਨੀ।
ਜੋਈ ਜੋਈ ਕਰੈ ਸੋ ਸੋ ਕਰਮ ਬੜਾਈ॥੬॥
ਆਪਾ ਗਯੋ ਤਬ ਭਗਤਿ ਪਾਈ ਐਸੀ ਹੈ ਭਗਤਿ ਭਾਈ।
ਰਾਮ ਮਿਲਿਯੋ ਅਪਨੇ ਗੁਨ ਖੋਇਓ ਰਿਧਿ ਸਿਧਿ ਸਭੈ ਜੋ ਗੰਵਾਈ॥੭॥
ਕਹਿ ਰਵਿਦਾਸ ਛੂਟੀ ਸਬ ਆਸ ਤਬ ਹਰਿ ਤਾਹੀ ਕੇ ਪਾਸ।
ਆਤਮਾ ਥਿਰ ਭਈ ਤਬਹੀ ਨਿਧਿ ਪਾਈ॥੮॥

ਜਗਤਗੁਰੂ ਰਵਿਦਾਸ ਜੀ ਮਹਾਰਾਜ ਸੰਸਾਰੀ ਜੀਵਾਂ ਨੂੰ ਪਰਮਾਤਮਾ ਦੀ ਸੱਚੀ ਪ੍ਰੇਮਾ ਭਗਤੀ ਕਰਨ ਦਾ ਉਪਦੇਸ਼ ਦਿੰਦੇ ਹਨ। ਪਰਮਾਤਮਾ ਦੇ ਨਾਮ ਤੋਂ ਬਿਨਾਂ ਜੋ ਕੁਝ ਕੀਤਾ ਜਾਂਦਾ ਹੈ ਸਭ ਕੁਝ ਭਰਮ ਕਿਹਾ ਜਾਂਦਾ ਹੈ।

ਐਸੀ ਭਗਤਿ ਨ ਹੋਇ ਰੇ ਭਾਈ।
ਰਾਮ ਨਾਮ ਬਿਨ ਜੋ ਕਛੁ ਕਰੀਏ ਸੋ ਸਬ ਭਰਮ ਕਹਾਈ॥ ਟੇਕ॥

ਹੇ ਭਾਈ! ਆਡੰਬਰਾਂ ਨਾਲ ਪਰਮਾਤਮਾ ਦੀ ਭਗਤੀ ਨਹੀਂ ਹੁੰਦੀ। ਪਰਮਾਤਮਾ ਦੇ ਨਾਮ ਤੋਂ ਬਿਨਾਂ ਜੋ ਕੁਝ ਵੀ ਜੀਵ ਕਰਦਾ ਹੈ ਉਹ ਸਭ ਕੁਝ ਭਰਮ ਕਿਹਾ ਜਾਂਦਾ ਹੈ।

ਭਗਤਿ ਨ ਰਸ ਦਾਨ ਭਗਤਿ ਨ ਕਥੈ ਗਿਆਨ।
ਭਗਤਿ ਨ ਬਨ ਮੇਂ ਗੁਫਾ ਖੁਦਾਈ॥੧॥



ਪਰਮਾਤਮਾ ਦੀ ਸੱਚੀ ਪ੍ਰੀਤੀ ਤੋਂ ਬਿਨਾਂ ਰਸ ਦਾਨ ਕਰਨਾ ਅਤੇ ਕਥਾ ਗਿਆਨ ਕਰਨਾ ਭਗਤੀ ਨਹੀਂ ਹੈ। ਨਾ ਹੀ ਜੰਗਲ ਅਤੇ ਪਹਾੜਾਂ ਦੀਆਂ ਗੁਫ਼ਾਵਾਂ ਵਿਚ ਰਹਿਣਾ ਭਗਤੀ ਹੈ।

ਭਗਤਿ ਨ ਐਸੀ ਹਾਂਸੀ ਭਗਤਿ ਨ ਆਸਾ ਪਾਸੀ।
ਭਗਤਿ ਨ ਕੁਲ ਕਾਨ ਗਵਾਈ॥੨॥

ਭਗਤੀ ਕੋਈ ਮਜ਼ਾਕ ਨਹੀਂ ਹੈ ਨਾ ਹੀ ਭਗਤੀ ਜੂਏ ਦਾ ਪਾਸਾ ਹੈ ਜਿਸ ਨੂੰ ਜਿਵੇਂ ਚਾਹੋਂ ਸੁੱਟ ਦਿੱਤਾ ਅਤੇ ਆਪਣੀ ਕੁੱਲ ਦੀ ਮਰਿਆਦਾ ਨੂੰ ਭੁੱਲਣਾ ਵੀ ਭਗਤੀ ਨਹੀਂ ਹੈ।

ਭਗਤਿ ਨਾ ਇੰਦ੍ਰੀ ਬਾਂਧੈ ਭਗਤਿ ਨ ਜੋਗ ਸਾਧੈ।
ਭਗਤਿ ਨ ਅਹਾਰ ਘਟਾਈ ਯੇ ਸਬ ਕਰਮ ਕਹਾਈ॥੩॥

ਆਪਣੀਆਂ ਕੇਵਲ ਇੰਦਰੀਆਂ 'ਤੇ ਕਾਬੂ ਪਾਉਣਾ ਭਗਤੀ ਨਹੀਂ ਹੈ। ਜੋਗ ਸਾਧਨਾ ਵੀ ਭਗਤੀ ਨਹੀਂ ਹੈ। ਖੁਰਾਕ ਘਟਾਉਣਾ, ਵਰਤ ਰੱਖਣਾ ਵੀ ਭਗਤੀ ਨਹੀਂ ਹੈ। ਇਹ ਸਭ ਆਡੰਬਰ (ਕਰਮ ਕਾਂਡ) ਹੀ ਕਹੇ ਜਾਂਦੇ ਹਨ।

ਭਗਤਿ ਨ ਨਿਦ੍ਰਾ ਸਾਧੈ ਭਗਤਿ ਨ ਬੈਰਾਗ ਬਾਂਧੈ।
ਭਗਤਿ ਨ ਯੇ ਸਬ ਬੇਦ ਬੜਾਈ॥ ੪॥

ਇੰਦਰੀਆਂ ਨੂੰ ਆਪਣੇ ਅਧੀਨ ਕਰਨਾ ਭਗਤੀ ਨਹੀਂ ਹੈ। ਦੁਨੀਆ ਤੋਂ ਉਪਰਾਮ ਹੋਣਾ ਵੀ ਭਗਤੀ ਨਹੀਂ ਹੈ। ਵੇਦਾਂ ਦੀ ਵਡਿਆਈ ਕਰਨਾ ਵੀ ਭਗਤੀ ਨਹੀਂ ਹੈ।

ਭਗਤਿ ਨ ਮੂਡ ਮੁਡਾਏ ਭਗਤਿ ਨ ਮਾਲਾ ਦਿਖਾਏ।
ਭਗਤਿ ਨ ਚਰਨ ਧੁਆਏ ਯੇ ਸਭ ਗੁਨੀ ਜਨ ਗਾਈ॥੫॥

ਸਿਰ ਮੁਨਾਉਣਾ ਭਗਤੀ ਨਹੀਂ ਹੈ। ਮਾਲਾ ਪਹਿਨ ਕੇ ਦਿਖਾਉਣੀ ਵੀ ਭਗਤੀ ਨਹੀਂ ਹੈ। ਚਰਨ ਧੁਆਉਣੇ ਵੀ ਭਗਤੀ ਨਹੀਂ ਹੈ, ਸਾਰੇ ਗੁਣਵਾਨ ਪੁਰਸ਼ਾਂ ਦਾ ਇਹ ਵਿਚਾਰ ਹੈ।

ਭਗਤਿ ਨ ਤੌਂ ਲੌਂ ਜਾਨੀ ਜੌਂ ਲੌਂ ਆਪ ਕੋ ਆਪ ਬਖਾਨੀ।
ਜੋਈ ਜੋਈ ਕਰੈ ਸੋ ਸੋ ਕਰਮ ਬੜਾਈ॥੬॥

ਜੀਵ ਨੂੰ ਉਸ ਵੇਲੇ ਤੱਕ ਭਗਤੀ ਦੀ ਸੂਝ ਨਹੀਂ ਆਉਂਦੀ ਜਦੋਂ ਤੱਕ ਹੰਕਾਰ ਸਹਿਤ ਬੋਲਦਾ ਹੈ। ਪਰਮਾਤਮਾ ਨਾਲ ਸੱਚੀ ਪ੍ਰੀਤੀ ਤੋਂ ਬਿਨਾਂ ਜੀਵ ਜੋ ਕੁਝ ਕਰਦਾ ਹੈ ਆਪਣੇ ਕਰਮ ਦੀ ਵਡਿਆਈ ਕਰਦਾ ਹੈ।

ਆਪਾ ਗਯੋ ਤਬ ਭਗਤਿ ਪਾਈ ਐਸੀ ਹੈ ਭਗਤਿ ਭਾਈ।
ਰਾਮ ਮਿਲਿਯੋ ਅਪਨੇ ਗੁਨ ਖੋਇਓ ਰਿਧਿ ਸਿਧਿ ਸਭੈ ਜੋ ਗੰਵਾਈ॥੭॥

ਹੇ ਭਾਈ! ਹੰਕਾਰ ਮਿਟਾ ਕੇ ਤਦ ਭਗਤੀ ਹੁੰਦੀ ਹੈ। ਇਹੀ ਅਸਲੀ ਭਗਤੀ ਹੈ। ਜਦੋਂ ਪਰਮਾਤਮਾ ਦੀ ਭਗਤੀ ਪ੍ਰਾਪਤ ਹੁੰਦੀ ਹੈ ਜੀਵ ਦੇ ਆਪਣੇ ਸਾਰੇ ਹੰਕਾਰ ਕਾਰਨ ਪੈਦਾ ਹੋਏ ਵਿਕਾਰ ਸਮਾਪਤ ਹੋ ਜਾਂਦੇ ਹਨ ਅਤੇ ਰਿਧੀਆਂ ਸਿਧੀਆਂ ਦੀ ਇੱਛਾ ਸਮਾਪਤ ਹੋ ਜਾਂਦੀ ਹੈ।

ਕਹਿ ਰਵਿਦਾਸ ਛੂਟੀ ਸਬ ਆਸ ਤਬ ਹਰਿ ਤਾਹੀ ਕੇ ਪਾਸ।

ਆਤਮਾ ਥਿਰ ਭਈ ਤਬਹੀ ਨਿਧਿ ਪਾਈ॥੮॥

ਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ ਜਦੋਂ ਜੀਵ ਦੀਆਂ ਸਾਰੀਆਂ ਇੱਛਾਵਾਂ ਖਤਮ ਹੋ ਜਾਂਦੀਆਂ ਹਨ ਤਦ ਜੀਵ ਪਰਮਾਤਮਾ ਵਿਚ ਲੀਨ ਹੋ ਕੇ ਸਥਿਰ ਹੋ ਜਾਂਦਾ ਹੈ। ਉਸ ਸਮੇਂ ਸਰਵਉੱਚ ਨਿਧੀ ਰੂਪ ਪ੍ਰਭੂ ਦੀ ਪ੍ਰਾਪਤੀ ਹੋ ਜਾਂਦੀ ਹੈ।

******

## ਸ਼ਬਦ 64

ਹੈ ਸਬ ਆਤਮ ਸੁਖ ਪਰਕਾਸ ਸਾਂਚੋ।
ਨਿਰੰਤਰ ਨਿਰਾਹਾਰ ਕਲਪਿਤ ਏ ਪਾਂਚੋ॥ ਟੇਕ॥
ਆਦਿ ਮਧਯ ਔਸਾਨ ਏਕ ਰਸ ਤਾਰ ਤੂੰਬ ਨ ਤਾਈ।
ਥਾਵਰ ਜੰਗਮ ਕੀਟ ਪਤੰਗਾ ਪੂਰਿ ਰਹਿਓ ਹਰਿ ਰਾਈ॥੧॥
ਸਰਬੇਸਵਰ ਸ੍ਰਬੰਗੀ ਸਰਬਗਤਿ ਕਰਤਾ ਹਰਤਾ ਸੋਈ।
ਸਿਵ ਨ ਅਸਿਵ ਨ ਸਾਧ ਅਰੁ ਸੇਵਕ ਉਨੈ ਭਾਵ ਨਹਿ ਹੋਈ॥੨॥
ਧਰਮ ਅਧਰਮ ਮੋਛ ਨਹਿ ਬੰਧਨ ਜਰਾ ਮਰਨ ਭਵ ਨਾਸਾ।
ਦ੍ਰਿਸਟਿ ਅਦ੍ਰਿਸਟਿ ਗੇਯ ਅਰੁ ਗਿਆਨਾ ਏਕ ਮੇਕ ਰਵਿਦਾਸਾ॥੩॥

ਇਸ ਪਾਵਨ ਸ਼ਬਦ ਵਿਚ ਜਗਤਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਦਿੰਦੇ ਹਨ ਕਿ ਪ੍ਰਭੂ ਦਾ ਪ੍ਰਕਾਸ਼ ਹੀ ਪਰਮ ਸੁੱਖ ਹੈ ਅਤੇ ਉਹ ਪਰਮਾਤਮਾ ਘਟ-ਘਟ ਵਿਚ ਬਿਰਾਜਮਾਨ ਹੈ ਅਤੇ ਉਸ ਦੇ ਗੁਣਾਂ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ।

ਹੈ ਸਬ ਆਤਮ ਸੁਖ ਪਰਕਾਸ ਸਾਂਚੋ।
ਨਿਰੰਤਰ ਨਿਰਾਹਾਰ ਕਲਪਿਤ ਏ ਪਾਂਚੋ॥ ਟੇਕ॥

ਸਾਰਿਆਂ ਜੀਵਾਂ ਵਿਚ ਉਸ ਪਰਮਾਤਮਾ ਦਾ ਅੰਸ਼ ਹੈ। ਪ੍ਰਭੂ ਆਪ ਹੀ ਪ੍ਰਕਾਸ਼ਮਾਨ ਸਤਿ-ਸੂਰੂਪ, ਪਰਮਸੁੱਖ ਦੇਣ ਵਾਲਾ, ਸਵੈ-ਸਿਧ, ਨਿਰੰਤਰ ਅਤੇ ਨਿਰਾਹਾਰੀ ਹੈ। ਪੰਜਾਂ ਤੱਤਾਂ ਦੇ ਬਣੇ ਪ੍ਰਾਣੀ ਦੇ ਸਰੀਰ ਕਲਪਿਤ ਹਨ।

ਆਦਿ ਮਧਯ ਔਸਾਨ ਏਕ ਰਸ ਤਾਰ ਤੂੰਬ ਨ ਤਾਈ।
ਥਾਵਰ ਜੰਗਮ ਕੀਟ ਪਤੰਗਾ ਪੂਰਿ ਰਹਿਓ ਹਰਿ ਰਾਈ॥੧॥

ਉਹ ਪ੍ਰਭੂ ਸ੍ਰਿਸ਼ਟੀ ਦਾ ਆਦਿ, ਮਧ ਅਤੇ ਅੰਤ ਹੈ, ਉਹ ਪਰਮਾਤਮਾ ਇਕ ਸਮਾਨ ਸਾਰੇ ਸੰਸਾਰ ਵਿਚ ਸਮਾਇਆ ਹੋਇਆ ਹੈ। ਹੇ ਭਾਈ! ਉਹ ਪਰਮਾਤਮਾ ਸੱਚ ਹੀ ਪ੍ਰੇਮਾ-ਭਗਤੀ ਰੂਪੀ ਧਾਗੇ ਨਾਲ ਬੱਧਾ ਹੋਇਆ ਹੈ। ਪਰਮਾਤਮਾ ਜੰਗਲਾਂ, ਪਹਾੜਾਂ ਕੀੜਿਆਂ-ਪਤੰਗਿਆਂ ਸਭ ਜੀਵਾਂ ਵਿਚ ਅਤੇ ਸਭ ਜਗਾ ਬਿਰਾਜਮਾਨ ਹੈ।

ਸਰਬੇਸਵਰ ਸ੍ਰਬੰਗੀ ਸਰਬਗਤਿ ਕਰਤਾ ਹਰਤਾ ਸੋਈ।
ਸਿਵ ਨ ਅਸਿਵ ਨ ਸਾਧ ਅਰੁ ਸੇਵਕ ਉਨੈ ਭਾਵ ਨਹਿ ਹੋਈ॥੨॥



ਉਹ ਪਰਮਾਤਮਾ ਸਭ ਦਾ ਸ੍ਰੇਸ਼ਟ ਮਾਲਕ ਹੈ। ਸੰਸਾਰ ਦਾ ਕਰਤਾ ਧਰਤਾ, ਜੀਵਾਂ ਦੀ ਮੁਕਤੀ ਕਰਨ ਵਾਲਾ ਹੈ ਅਤੇ ਅਗਿਆਨਤਾ ਦਾ ਨਾਸ਼ ਕਰਨ ਵਾਲਾ ਹੈ। ਪਰਮਾਤਮਾ ਨਾ ਤਾਂ ਕਲਿਆਣਕਾਰੀ, ਨਾ ਅਕਲਿਆਣਕਾਰੀ ਅਤੇ ਨਾ ਸੁਆਮੀ ਨਾ ਸੇਵਕ ਲੱਗਦਾ ਹੈ ਕਿਉਂਕਿ ਉਸ ਵਿਚ ਕੋਈ ਦ੍ਵੈਤ ਭਾਵਨਾ ਨਹੀਂ ਹੁੰਦੀ।

ਧਰਮ ਅਧਰਮ ਮੋਛ ਨਹਿ ਬੰਧਨ ਜਰਾ ਮਰਨ ਭਵ ਨਾਸਾ।
ਦ੍ਰਿਸਟਿ ਅਦ੍ਰਿਸਟਿ ਗੇਯ ਅਰੁ ਗਿਆਨਾ ਏਕ ਮੇਕ ਰਵਿਦਾਸਾ॥੩॥

ਉਸ ਪਰਮਾਤਮਾ ਦੇ ਨਿੱਜ-ਘਰ ਵਿਚ ਨਾ ਕਿਸੇ ਦਾ ਕੋਈ ਧਰਮ ਹੈ ਨਾ ਅਧਰਮ ਹੈ, ਨਾ ਮੁਕਤੀ ਹੈ ਨਾ ਬੰਧਨ ਹੈ ਅਤੇ ਨਾ ਬਢਾਪਾ ਤੇ ਮੌਤ ਹੈ। ਗੁਰੂ ਰਵਿਦਾਸ ਮਹਾਰਾਜ ਜੀ ਫਰਮਾਉਂਦੇ ਹਨ ਕਿ ਉਹ ਪਰਮਾਤਮਾ ਸਾਰੇ ਦ੍ਰਿਸ਼ਟਮਾਨ ਪਦਾਰਥਾਂ ਵਿਚ ਵੀ ਹੈ ਅਤੇ ਅਦ੍ਰਿਸ਼ ਪਦਾਰਥਾਂ ਵਿਚ ਵੀ ਹੈ, ਪਰਮਾਤਮਾ ਆਪ ਹੀ ਗਿਆਨ ਹੈ ਤੇ ਆਪ ਹੀ ਗਿਆਨੀ ਹੈ ਪਰ ਐਸਾ ਜੀਵ ਨੂੰ ਉਸ ਸਮੇਂ ਅਨੁਭਵ ਹੁੰਦਾ ਹੈ ਜਦੋਂ ਜੀਵ ਪਰਮਾਤਮਾ ਦਾ ਭਜਨ ਕਰਕੇ ਪਰਮਾਤਮਾ ਨਾਲ ਇਕ ਮਿਕ ਹੋ ਜਾਂਦਾ ਹੈ।

*******

## ਸ਼ਬਦ 65

ਕੋਉ ਸੁਮਰਨ ਦੇਖੌਂ ਯੇ ਸਬ ਓਪਲੀ ਚੋਭਾ॥
ਜਾ ਕੈ ਜੇਸੀ ਸੁਮਿਰਨ ਤਾ ਕੋ ਤੈਸੀ ਸੋਭਾ॥ ਟੇਕ॥
ਹਮਰੀ ਹੀ ਸੀਖ ਸੁਨੈ ਸੌਂ ਹੀ ਮਾਂਡੇ ਰੇ॥
ਥੋਰੇ ਹੀ ਇਤਰਾਈ ਚਾਲੈ ਪਤਿਸ਼ਾਹਿ ਛਾਡੇ ਰੇ॥੧॥
ਅਤਿਹੀ ਆਤੁਰ ਹੈੂ ਕਾਂਚਾ ਹੀ ਤੋਲੇ ਰੇ॥
ਊਡੇ ਜਲ ਪੈਸੇ ਨਹੀਂ ਪਾਂਡ ਰਾਖੋ ਰੇ॥੨॥
ਥੋਰੇ ਹੀ ਥੋਰੇ ਮੁਸੀਅਤ ਪਰਾਯੋ ਧਨਾ।
ਕਹੈ ਰਵਿਦਾਸ ਸੁਨੋ ਸੰਤ ਜਨਾ॥੩॥

ਇਸ ਸ਼ਬਦ ਰਾਹੀਂ ਸਤਿਗੁਰੂ ਰਵਿਦਾਸ ਜੀ ਮਹਾਰਾਜ ਬਾਹਰੀ ਆਡੰਬਰਾਂ ਦੀ ਨਿਖੇਧੀ ਕਰਦੇ ਹੋਏ ਫੁਰਮਾਉਂਦੇ ਹਨ ਕਿ ਪਰਮਾਤਮਾ ਰੂਪੀ ਸੱਚੇ ਪਾਤਸ਼ਾਹ ਦੀ ਪ੍ਰਾਪਤੀ ਸੱਚੇ ਸਿਮਰਨ ਨਾਲ ਹੁੰਦੀ ਹੈ।

ਕੋਉ ਸੁਮਰਨ ਦੇਖੌਂ ਯੇ ਸਬ ਓਪਲੀ ਚੋਭਾ॥
ਜਾ ਕੈ ਜੇਸੀ ਸੁਮਿਰਨ ਤਾ ਕੋ ਤੈਸੀ ਸੋਭਾ॥ ਟੇਕ॥

ਪ੍ਰਭੂ ਦੇ ਸੱਚੇ ਸਿਮਰਨ ਨੂੰ ਕਰਕੇ ਦੇਖੋ ਉਸ ਵਿਚ ਸੱਚਾ ਆਨੰਦ ਹੈ, ਸੱਚੇ ਨਾਮ ਤੋਂ ਬਿਨਾਂ ਆਡੰਬਰਾਂ ਨਾਲ ਕੀਤਾ ਗਿਆ ਸਿਮਰਨ ਕੇਵਲ ਦਿਖਾਵਾ ਮਾਤਰ ਹੀ ਹੈ। ਪਰ ਜਿਸ ਜੀਵ ਦੇ ਅੰਦਰ ਜਿਤਨਾ ਸਿਮਰਨ ਹੁੰਦਾ ਹੈ ਉਸ ਦੀ ਸ਼ੋਭਾ ਵੀ ਉਤਨੀ ਹੀ ਹੁੰਦੀ ਹੈ।

ਹਮਰੀ ਹੀ ਸੀਖ ਸੁਨੈ ਸੌਂ ਹੀ ਮਾਂਡੇ ਰੇ ॥
ਥੋਰੇ ਹੀ ਇਤਰਾਈ ਚਾਲੈ ਪਤਿਸ਼ਾਹਿ ਛਾਡੇ ਰੇ ॥੧॥

ਪਾਖੰਡੀ ਲੋਕ ਮੇਰੇ ਪਾਸ ਸੱਚੀ-ਸੁਚੀ ਸਿੱਖਿਆ ਲੈਣ ਆਉਂਦੇ ਹਨ ਪਰ ਇਹ ਸੱਚੀ-ਸੁੱਚੀ ਸਿਖਿਆ ਗ੍ਰਹਿਣ ਨਹੀਂ ਕਰਦੇ ਅਤੇ ਵਿਵਾਦ ਵਿਚ ਪੈਂਦੇ ਹਨ। ਝੂਠੇ ਹੰਕਾਰ ਕਾਰਨ ਪ੍ਰਭੂ ਦੇ ਪਾਤਸ਼ਾਹੀ ਸੁੱਖ ਨੂੰ ਛੱਡ ਕੇ ਬਾਹਰੀ ਆਡੰਬਰਾਂ ਵਿਚ ਲੱਗੇ ਹੋਏ ਹਨ।

ਅਤਿਹੀ ਆਤੁਰ ਹ੍ਵੈ ਕਾਂਚਾ ਹੀ ਤੋਲੇ ਰੇ ॥
ਊਡੇ ਜਲ ਪੈਸੇ ਨਹੀਂ ਪਾਂਡ ਰਾਖੋ ਰੇ ॥੨॥

ਪਾਖੰਡੀ ਲੋਕ ਸੰਸਾਰ ਦੇ ਝੂਠੇ ਧੰਦਿਆਂ ਵਿਚ ਵਿਆਕੁਲ ਹੋ ਕੇ ਝੂਠਾ ਸੌਦਾ ਕਰਦੇ ਹਨ। ਜਿਵੇਂ ਪਾਣੀ ਹਮੇਸ਼ਾ ਨੀਵੇ ਪਾਸੇ ਜਾਂਦਾ ਹੈ। ਇਸ ਤਰ੍ਹਾਂ ਜੋ ਜੀਵ ਨਿਮਰਤਾ ਸਹਿਤ ਪ੍ਰਭੂ ਦਾ ਸਿਮਰਨ ਕਰਦਾ ਹੈ ਉਸ 'ਤੇ ਪ੍ਰਭੂ ਦੀ ਬਖਸ਼ਿਸ ਹੁੰਦੀ ਹੈ।

ਥੋਰੇ ਹੀ ਥੋਰੇ ਮੁਸੀਅਤ ਪਰਾਯੋ ਧਨਾ।
ਕਹੈ ਰਵਿਦਾਸ ਸੁਨੋ ਸੰਤ ਜਨਾ ॥੩॥

ਹੇ ਜੀਵ ਥੋੜ੍ਹਾ-ਥੋੜ੍ਹਾ ਕਰਕੇ ਤੇਰਾ ਸਵਾਸਾਂ ਰੂਪੀ ਧੰਨ ਅਜ਼ਾਈਂ ਪਾਸੇ ਲੱਗ ਰਿਹਾ ਹੈ। ਗੁਰੂ ਰਵਿਦਾਸ ਜੀ ਫੁਰਮਾਨ ਕਰਦੇ ਹਨ ਹੇ ਸੰਤਜਨੋ! ਮੇਰੀ ਗੱਲ ਸੁਣੋ, ਪ੍ਰਭੂ ਦੀ ਸੱਚੀ ਭਗਤੀ ਕਰਨੀ ਚਾਹੀਦੀ ਹੈ।

*****

## ਸ਼ਬਦ 66

ਪਹਿਲੇ ਪਹਰੇ ਰੈਣਿ ਦੈ ਬਣਿਜਾਰਿਆ ਤੈਂ ਜਨਮ ਲਿਯਾ ਸੰਸਾਰ ਵੇ।
ਸੇਵਾ ਚੂਕੋ ਰਾਮ ਕੀ ਬਨਿਜਾਰਿਆ ਤੇਰੀ ਬਾਲਕ ਬੁਧਿ ਗੰਵਾਰ ਵੇ ॥੧॥
ਬਾਲਕ ਬੁਧਿ ਗੰਬਾਰ ਨ ਚੇਤਿਯੋ ਭੂਲਾ ਮਾਯਾ ਜਾਲ ਵੇ।
ਕਹਾ ਹੋਇ ਪਾਛੇ ਪਛਿਤਾਏ ਜਲ ਪਹਿਲੇ ਨ ਬਾਂਧੀ ਪਾਲ ਵੇ ॥੨॥
ਬੀਸ ਬਰਸ ਕਾ ਭਯਾ ਅਯਾਨਾ ਥਾਂਮਿ ਨ ਸਕਾ ਭਾਵ ਵੇ।
ਜਨ ਰਵਿਦਾਸ ਕਹੈ ਬਣਿਜਾਰਿਆ ਜਨਮ ਲਿਯਾ ਸੰਸਾਰ ਵੇ ॥੩॥
ਦੂਜੇ ਪਹਰੈ ਰੈਣ ਦੇ ਬਣਿਜਾਰਿਆ ਤੂੰ ਨਿਰਖਤ ਚਾਲਿਓ ਛਾਂਹ ਵੇ।
ਹਰਿ ਨ ਦਮੋਦਰ ਧਿਆਇਆ ਬਨਿਜਾਰਿਆ
ਤੈਂ ਲੇਈ ਨ ਸਕਾ ਨਾਂਵ ਵੇ ॥੪॥
ਨਾਂਵ ਨ ਲੀਆ ਔਗੁਨ ਕੀਆ ਇਸ ਜੋਬਨ ਕੈ ਤਾਨ ਵੇ।
ਅਪਨੀ ਪਰਾਈ ਗਿਨੀ ਨ ਕਾਈ ਮੰਦ ਕਰਮ ਕਮਾਨ ਵੇ।।੫॥
ਸਾਹਿਬ ਲੇਖਾ ਲੇਸੀ ਤੂੰ ਭਰਿ ਦੇਸੀ ਭੀਰ ਪਰੈ ਤੁਝ ਤਾਂਹ ਵੇ।
ਜਨ ਰਵਿਦਾਸ ਕਹੈ ਬਣਿਜਾਰਿਆ ਤੂੰ ਨਿਰਖਤ ਚਾਲਾ ਛਾਂਹ ਵੇ ॥੬॥



ਤੀਜੈ ਪਹਰੇ ਰੈਣ ਦੇ ਬਣਿਜਾਰਿਆ ਤੇਰੇ ਢਿਲੜੇ ਪੜੇ ਪ੍ਰਾਨ ਵੇ।
ਕਾਯਾ ਰਵਾਨੀ ਨਾ ਕਰੈ ਬਣਿਜਾਰਿਆ
ਘਟ ਭੀਤਰ ਬਸੇ ਕੁਜਾਨ ਵੇ ॥੭॥
ਏਕ ਬਸੈ ਕੁਜਾਨ ਕਾਯਾਗੜ ਭੀਤਰ ਪਹਿਲਾ ਜਨਮ ਗੰਵਾਇ ਵੇ।
ਅਬ ਕੀ ਬੇਰ ਨ ਸੁਕਿਰਿਤ ਕੀਯੋ ਬਹੁਰਿ ਨ ਯਹਿ ਗੜਿ ਪਾਇ ਵੇ ॥੮॥
ਕੰਪੀ ਦੇਹ ਕਾਯਾਗੜ ਛੀਨਾ ਫਿਰ ਲਾਗਾ ਪਛਿਤਾਨ ਵੇ।
ਜਨ ਰਵਿਦਾਸ ਕਹੈ ਬਣਿਜਾਰਿਆ ਤੇਰੇ ਢਿਲੜੇ ਪੜੇ ਪਰਾਨ ਵੇ ॥੯॥
ਚੌਥੇ ਪਹਰੇ ਰੈਨ ਦੇ ਬਣਿਜਾਰਿਆ ਤੇਰੀ ਕੰਪਨ ਲਾਗੀ ਦੇਹ ਵੇ।
ਸਾਹਿਬ ਲੇਖਾ ਮਾਂਗਿਆ ਬਣਿਜਾਰਿਆ ਤੂ ਛਾਡਿ ਪੁਰਾਨੀ ਥੇਹ ਵੇ ॥੧੦॥
ਛਾਡਿ ਪੁਰਾਨੀ ਜਿੰਦ ਅਯਾਨਾ ਬਾਲਦਿ ਲਦਿ ਸਬੇਰਿਆ ਵੇ।
ਜਮ ਕੇ ਆਏ ਬਾਂਧਿ ਚਲਾਏ ਬਾਰੀ ਪੂਗੀ ਤੇਰਿਆ ਵੇ ॥੧੧॥
ਪੰਥ ਚਲੇ ਅਕੇਲਾ ਹੋਏ ਦੁਹੇਲਾ ਕਿਸ ਕੋ ਦੇਹ ਸਨੇਹ ਵੇ।
ਜਨ ਰਵਿਦਾਸ ਕਹੈ ਬਣਿਜਾਰਿਆ ਤੇਰੀ ਕੰਪਨ ਲਾਗੀ ਦੇਹ ਵੇ ॥੧੨॥

ਜਗਤ ਗੁਰੂ ਰਵਿਦਾਸ ਮਹਾਰਾਜ ਜੀ ਮਨੁੱਖ ਜਨਮ ਦੇ ਜੀਵਨ ਰੂਪੀ ਰਾਤ ਦੇ ਚਾਰ ਹਿੱਸਿਆਂ ਵਿਚ ਬਾਲ ਅਵਸਥਾ, ਜਵਾਨ ਅਵਸਥਾ, ਢੱਲਦੀ ਉਮਰ ਰੂਪੀ ਅਵਸਥਾ, ਬੁਢਾਪਾ ਅਤੇ ਮਰਨ ਅਵਸਥਾ ਦਾ ਬਿਆਨ ਕਰਦੇ ਹੋਏ ਜੀਵ ਰੂਪੀ ਵਣਜਾਰੇ ਨੂੰ ਪ੍ਰਭੂ ਦੇ ਸੱਚੇ ਨਾਮ ਦਾ ਵਪਾਰ ਕਰਕੇ ਜੀਵਨ ਸਫਲ ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ।

ਪਹਿਲੇ ਪਹਰੇ ਰੈਣਿ ਦੈ ਬਣਿਜਾਰਿਆ ਤੈਂ ਜਨਮ ਲਿਯਾ ਸੰਸਾਰ ਵੇ।
ਸੇਵਾ ਚੂਕੋ ਰਾਮ ਕੀ ਬਨਿਜਾਰਿਆ ਤੇਰੀ ਬਾਲਕ ਬੁਧਿ ਗੰਵਾਰ ਵੇ ॥੧॥

ਹੇ ਵਣਜਾਰੇ ਜੀਵ! ਸੰਸਾਰ ਦੇ ਜੀਵਨ ਰੂਪੀ ਰਾਤ ਦੇ ਪਹਿਲੇ ਪਹਿਰ ਭਾਵ ਬਾਲਪਨ ਵਿਚ ਜਦੋਂ ਤੂੰ ਇਸ ਸੰਸਾਰ ਵਿਚ ਜਨਮ ਲਿਆ ਉਸ ਤੋਂ ਪਹਿਲਾਂ ਤੇਰੀ ਲਿਵ ਮਾਤਾ ਦੇ ਗਰਭ ਵਿਚ ਪਰਮਾਤਮਾ ਨਾਲ ਲਗੀ ਹੋਈ ਸੀ। ਪਰ ਸੰਸਾਰ ਵਿਚ ਆਉਣ ਕਰਕੇ ਤੇਰੀ ਲਿਵ ਪਰਮਾਤਮਾ ਨਾਲੋਂ ਟੁੱਟ ਗਈ। ਇਸ ਲਈ ਤੇਰੀ ਬਾਲਪਨ ਵਿਚ ਅਣਜਾਣ ਬੁੱਧੀ ਹੋਣ ਕਾਰਨ ਤੂੰ ਪਰਮਾਤਮਾ ਦਾ ਸਿਮਰਨ ਨਹੀਂ ਕੀਤਾ।

ਬਾਲਕ ਬੁਧਿ ਗੰਬਾਰ ਨ ਚੇਤਿਯੋ ਭੂਲਾ ਮਾਯਾ ਜਾਲ ਵੇ।
ਕਹਾ ਹੋਇ ਪਾਛੇ ਪਛਿਤਾਏ ਜਲ ਪਹਿਲੇ ਨ ਬਾਂਧੀ ਪਾਲ ਵੇ ॥੨॥

ਹੇ ਜੀਵ! ਤੇਰੀ ਬਾਲਕ ਬੁੱਧੀ ਹੋਣ ਕਰਕੇ ਤੂੰ ਪਰਮਾਤਮਾ ਨੂੰ ਚੇਤੇ ਨਹੀਂ ਕੀਤਾ। ਤੂੰ ਪਰਮਾਤਮਾ ਨੂੰ ਭੁੱਲ ਕੇ ਸੰਸਾਰ ਦੇ ਝੂਠੇ ਮਾਇਆ ਜਾਲ ਵਿਚ ਫਸਿਆ ਰਿਹਾ। ਫੇਰ ਭਾਈ ਤੈਨੂੰ ਅੰਤ ਸਮੇਂ ਪਛਤਾਉਣ ਦਾ ਕੀ ਫਾਇਦਾ? ਹੇ ਜੀਵ! ਤੂੰ ਜਲ ਵਾਂਗ ਭਰਮ ਵਿਚ ਬਹਿ ਰਹੇ ਜੀਵਨ ਨੂੰ ਰੋਕ ਕੇ ਪਰਮਾਤਮਾ ਵਲ ਨਹੀਂ ਬੰਨਿਆ ਭਾਵ ਨਹੀਂ ਲਗਾਇਆ।

ਬੀਸ ਬਰਸ ਕਾ ਭਯਾ ਅਯਾਨਾ ਥਾਂਮਿ ਨ ਸਕਾ ਭਾਵ ਵੇ।

ਜਨ ਰਵਿਦਾਸ ਕਹੈ ਬਣਿਜਾਰਿਆ ਜਨਮ ਲਿਯਾ ਸੰਸਾਰ ਵੇ ॥੩॥

ਹੇ ਭਾਈ! ਤੂੰ ਵੀਹ ਸਾਲਾਂ ਦਾ ਹੋ ਕੇ ਵੀ ਪਰਮਾਤਮਾ ਦੇ ਨਾਮ ਵਲੋਂ ਅਣਜਾਣ ਹੀ ਬਣਿਆ ਰਿਹਾ, ਭਾਈ ਤੂੰ ਆਪਣੀਆਂ ਗਲਤ ਭਾਵਨਾਵਾਂ ਨੂੰ ਬੰਨ੍ਹ ਕੇ ਆਪਣੇ ਮਨ ਨੂੰ ਪ੍ਰਭੂ ਵਲ ਨਹੀਂ ਲਾਇਆ। ਗੁਰੂ ਰਵਿਦਾਸ ਜੀ ਫੁਰਮਾਨ ਕਰਦੇ ਹਨ, ਹੇ ਜੀਵ! ਤੂੰ ਜਨਮ ਪ੍ਰਭੂ ਦਾ ਭਜਨ ਕਰਨ ਲਈ ਲਿਆ ਹੈ। ਇਸ ਲਈ ਪ੍ਰਭੂ ਦਾ ਸਿਮਰਨ ਕਰ।

ਦੂਜੇ ਪਹਰੈ ਰੈਣ ਦੇ ਬਣਿਜਾਰਿਆ ਤੂੰ ਨਿਰਖਤ ਚਾਲਿਓ ਛਾਂਹ ਵੇ।
ਹਰਿ ਨ ਦਮੋਦਰ ਧਿਆਇਆ ਬਨਿਜਾਰਿਆ
ਤੈਂ ਲੇਈ ਨ ਸਕਾ ਨਾਂਵ ਵੇ ॥੪॥

ਹੇ ਵਣਜਾਰੇ ਜੀਵ! ਤੂੰ ਰਾਤ ਰੂਪੀ ਜੀਵਨ ਦੇ ਦੂਸਰੇ ਪਹਿਰ ਭਾਵ ਜਵਾਨ ਅਵਸਥਾ ਵਿਚ ਸੰਸਾਰ ਦੇ ਝੂਠੇ ਜੀਵਨ ਨੂੰ ਦੇਖਦੇ ਹੋਏ ਵੀ ਪ੍ਰਭੂ ਨੂੰ ਭੁਲਾ ਕੇ ਅਗਿਆਨਤਾ ਰੂਪੀ ਹਨੇਰੇ ਵਿਚ ਜਾ ਰਿਹਾ ਹੈ। ਹੇ ਵਣਜਾਰਿਆ ਤੂੰ 'ਹਰਿ' ਨੂੰ ਨਹੀਂ ਧਿਆਇਆ, ਤੂੰ ਪ੍ਰਭੂ ਦਾ ਨਾਮ ਨਹੀਂ ਜਪ ਸਕਿਆ।

ਨਾਂਵ ਨ ਲੀਆ ਔਗੁਨ ਕੀਆ ਇਸ ਜੋਬਨ ਕੈ ਤਾਨ ਵੇ।
ਅਪਨੀ ਪਰਾਈ ਗਿਨੀ ਨ ਕਾਈ ਮੰਦ ਕਰਮ ਕਮਾਨ ਵੇ।।੫॥

ਹੇ ਭਾਈ! ਤੂੰ ਜਵਾਨੀ ਦੇ ਹੰਕਾਰ ਅਤੇ ਝੂਠੇ ਮਾਣ ਵਿਚ ਪਰਮਾਤਮਾ ਦਾ ਨਾਮ ਨਹੀਂ ਜੱਪਿਆ। ਆਪਣੇ ਜੀਵਨ ਸਾਥੀ ਅਤੇ ਪਰਾਈ ਔਰਤ ਦੀ ਸੰਗਤ ਪ੍ਰਤੀ ਨਹੀਂ ਸੋਚਿਆ ਸਗੋਂ ਖੋਟੇ ਕਰਮ ਕਮਾਉਣ ਵਿਚ ਹੀ ਲੱਗਿਆ ਰਿਹਾ।

ਸਾਹਿਬ ਲੇਖਾ ਲੇਸੀ ਤੂੰ ਭਰਿ ਦੇਸੀ ਭੀਰ ਪਰੈ ਤੁਝ ਤਾਂਹ ਵੇ।
ਜਨ ਰਵਿਦਾਸ ਕਹੈ ਬਣਿਜਾਰਿਆ ਤੂੰ ਨਿਰਖਤ ਚਾਲਾ ਛਾਂਹ ਵੇ ॥੬॥

ਹੇ ਜੀਵ! ਜਦੋਂ ਪਰਮਾਤਮਾ ਤੇਰੇ ਪਾਸੋਂ ਕਰਮਾਂ ਦਾ ਲੇਖਾ ਮੰਗੇਗਾ ਤਾਂ ਤੈਨੂੰ ਤੇਰੇ ਕੀਤੇ ਹੋਏ ਕਰਮਾਂ ਦਾ ਹਿਸਾਬ ਦੇਣਾ ਪੈਣਾ ਹੈ। ਉਸ ਵੇਲੇ ਤੇਰੇ 'ਤੇ ਮੁਸੀਬਤਾਂ ਪੈਣਗੀਆਂ। ਹੇ ਵਣਜਾਰਿਆ! ਤੂੰ ਜੀਵਨ ਦੇ ਦੂਜੇ ਪਹਿਰ ਵਿਚ ਅਗਿਆਨਤਾ ਕਾਰਨ ਖੋਟੇ ਕਰਮਾਂ ਵਿਚ ਪੈ ਕੇ ਹਨੇਰੇ ਵਲ ਜਾ ਰਿਹਾ ਹੈ।

ਤੀਜੈ ਪਹਰੇ ਰੈਣ ਦੇ ਬਣਿਜਾਰਿਆ ਤੇਰੇ ਢਿਲੜੇ ਪੜੇ ਪ੍ਰਾਨ ਵੇ।
ਕਾਯਾ ਰਵਾਨੀ ਨਾ ਕਰੈ ਬਣਿਜਾਰਿਆ ਘਟ ਭੀਤਰ ਬਸੇ ਕੁਜਾਨ ਵੇ ॥੭॥

ਹੇ ਵਣਜਾਰੇ ਜੀਵ! ਜਦੋਂ ਤੇਰੀ ਜੀਵਨ ਰੂਪੀ ਰਾਤ ਦਾ ਤੀਜਾ ਪਹਿਰ ਭਾਵ ਢਲਦੀ ਉਮਰ ਆਈ ਤਾਂ ਤੇਰੇ ਪਿਆਰੇ ਪ੍ਰਾਣ ਢਿੱਲੇ ਪੈਣ ਲੱਗ ਪਏ ਹਨ। ਹੇ ਜੀਵ ਤੇਰਾ ਸਰੀਰ ਕਮਜ਼ੋਰ ਹੋ ਰਿਹਾ ਹੈ, ਹੇ ਵਣਜਾਰਿਆ! ਹੁਣ ਤੂੰ ਕੀ ਕਰਦਾ ਹੈ? ਤੇਰੇ ਅੰਦਰ ਅਜੇ ਵੀ ਸਮਝ ਨਹੀਂ ਆਈ।

ਏਕ ਬਸੈ ਕੁਜਾਨ ਕਾਯਾਗੜ ਭੀਤਰ ਪਹਿਲਾ ਜਨਮ ਗੰਵਾਇ ਵੇ।
ਅਬ ਕੀ ਬੇਰ ਨ ਸੁਕਿਰਿਤ ਕੀਯੋ ਬਹੁਰਿ ਨ ਯਹਿ ਗੜਿ ਪਾਇ ਵੇ ॥੮॥



ਹੇ ਜੀਵ! ਤੇਰੇ ਸਰੀਰ ਰੂਪੀ ਕਿਲੇ ਦੇ ਅੰਦਰ ਇਕ ਪ੍ਰਭੂ ਵੱਸ ਰਿਹਾ ਹੈ। ਜੀਵਨ ਦਾ ਹੁਣ ਤੱਕ ਦਾ ਸਮਾਂ ਪ੍ਰਭੂ ਨੂੰ ਭੁੱਲ ਕੇ ਅਜਾਈ ਗੁਆ ਲਿਆ ਹੈ। ਹੇ ਭਾਈ ਹੁਣ ਤੂੰ ਦੁਰਲਭ ਜਨਮ ਪ੍ਰਾਪਤ ਕਰਕੇ ਪ੍ਰਭੂ ਦਾ ਨਾਮ ਜਪਣ ਰੂਪੀ ਸ੍ਰੇਸ਼ਟ ਕਰਮ ਨਹੀਂ ਕੀਤਾ, ਇਹ ਸਰੀਰ ਰੂਪੀ ਕਿਲਾ ਤੈਨੂੰ ਫਿਰ ਦੁਬਾਰਾ ਨਹੀਂ ਮਿਲੇਗਾ ਭਾਵ ਦੁਬਾਰਾ ਮਨੁੱਖਾ ਜਨਮ ਪ੍ਰਾਪਤ ਨਹੀਂ ਹੋਵੇਗਾ।

ਕੰਪੀ ਦੇਹ ਕਾਯਾਗੜ ਛੀਨਾ ਫਿਰ ਲਾਗਾ ਪਛਿਤਾਨ ਵੇ।
ਜਨ ਰਵਿਦਾਸ ਕਹੈ ਬਣਿਜਾਰਿਆ ਤੇਰੇ ਢਿਲੜੇ ਪੜੇ ਪਰਾਨ ਵੇ ॥੯॥

ਹੇ ਵਣਜਾਰਿਆ! ਤੇਰਾ ਸਰੀਰ ਰੂਪੀ ਕਿਲਾ ਕੰਬਣ ਲੱਗ ਪਿਆ ਹੈ ਭਾਵ ਸਰੀਰ ਕਮਜ਼ੋਰ ਹੋਣ ਕਾਰਨ ਕੰਬਣ ਲੱਗ ਪਿਆ ਹੈ। ਕਿਉਂਕਿ ਤੂੰ ਪ੍ਰਭੂ ਦਾ ਸਿਮਰਨ ਨਹੀਂ ਕੀਤਾ ਇਸ ਲਈ ਤੂੰ ਹੁਣ ਪਛਤਾ ਰਿਹਾ ਹੈ। ਸਤਿਗੁਰ ਰਵਿਦਾਸ ਜੀ ਉਚਾਰਨ ਕਰਦੇ ਹਨ ਕੇ ਹੇ ਵਣਜਾਰਿਆ ਜ਼ਿੰਦਗੀ ਦੇ ਤੀਸਰੇ ਪਹਿਰ ਦੇ ਆਉਣ ਨਾਲ ਤੇਰੇ ਪ੍ਰਾਣ ਢਿੱਲੇ ਪੈ ਰਹੇ ਹਨ ਇਸ ਲਈ ਤੂੰ ਪ੍ਰਭੂ ਨੂੰ ਚੇਤੇ ਕਰ।

ਚੌਥੇ ਪਹਰੇ ਰੈਨ ਦੇ ਬਣਿਜਾਰਿਆ ਤੇਰੀ ਕੰਪਨ ਲਾਗੀ ਦੇਹ ਵੇ।
ਸਾਹਿਬ ਲੇਖਾ ਮਾਂਗਿਆ ਬਣਿਜਾਰਿਆ ਤੂ ਛਾਡਿ ਪੁਰਾਨੀ ਥੇਹ ਵੇ ॥੧੦॥

ਹੇ ਵਣਜਾਰਿਆ! ਰਾਤ ਰੂਪੀ ਜੀਵਨ ਦੇ ਚੌਥੇ ਪਹਿਰ ਬੁਢਾਪੇ ਦੇ ਆਉਣ ਨਾਲ ਤੇਰਾ ਸਰੀਰ ਕੰਬਣ ਲੱਗ ਪਿਆ ਹੈ। ਹੁਣ ਪ੍ਰਭੂ ਨੇ ਲੇਖਾ ਮੰਗਿਆ ਹੈ ਅਤੇ ਤੈਨੂੰ ਇਹ ਸੰਦੇਸ਼ ਭੇਜਿਆ ਹੈ ਕਿ ਤੇਰੇ ਜੀਵਨ ਦਾ ਅੰਤ ਸਮਾਂ ਆ ਗਿਆ ਹੈ।

ਛਾਡਿ ਪੁਰਾਨੀ ਜਿੰਦ ਅਯਾਨਾ ਬਾਲਦਿ ਲਦਿ ਸਬੇਰਿਆ ਵੇ।
ਜਮ ਕੇ ਆਏ ਬਾਂਧਿ ਚਲਾਏ ਬਾਰੀ ਪੂਗੀ ਤੇਰਿਆ ਵੇ ॥੧੧॥

ਹੇ ਅਨਜਾਨ ਜੀਵ! ਅੰਤ ਸਮਾਂ ਆਉਣ ਨਾਲ ਤੈਨੂੰ ਆਪਣਾ ਪੁਰਾਣਾ ਸਰੀਰ ਛੱਡ ਕੇ ਜਾਣਾ ਪੈਣਾ ਹੈ। ਸ਼ੁੱਭ ਸਮੇਂ ਦਾ ਕੁਝ ਲਾਹਾ ਖੱਟ ਲੈ, ਜਿਵੇਂ ਕਿਸਾਨ ਸਵੇਰਾ ਹੁੰਦੇ ਹੀ ਆਪਣੇ ਬਲਦਾਂ ਨੂੰ ਹੱਕ ਕੇ ਖੇਤਾਂ ਵੱਲ ਲੈ ਜਾਂਦਾ ਹੈ। ਇਸੇ ਤਰ੍ਹਾਂ ਜੀਵਨ ਰੂਪੀ ਰਾਤ ਦੇ ਚੌਥੇ ਪਹਿਰ ਦੇ ਬੀਤ ਜਾਣ ਤੋਂ ਬਾਅਦ ਤੈਨੂੰ ਜਮਦੂਤਾਂ ਨੇ ਵੀ ਇਸੇ ਤਰ੍ਹਾਂ ਬੰਨ ਕੇ ਲੈ ਜਾਣਾ ਹੈ। ਤੇਰੀ ਸੰਸਾਰ ਵਿਚ ਆਉਣ ਦੀ ਵਾਰੀ ਮੁੱਕ ਗਈ ਹੈ।

ਪੰਥ ਚਲੇ ਅਕੇਲਾ ਹੋਏ ਦੁਹੇਲਾ ਕਿਸ ਕੋ ਦੇਹ ਸਨੇਹ ਵੇ।
ਜਨ ਰਵਿਦਾਸ ਕਹੈ ਬਣਿਜਾਰਿਆ ਤੇਰੀ ਕੰਪਨ ਲਾਗੀ ਦੇਹ ਵੇ ॥੧੨॥

ਅੰਤ ਸਮੇਂ ਜੀਵ ਨੂੰ ਪ੍ਰਲੋਕ ਦਾ ਔਖਾ ਰਸਤਾ ਇਕੱਲੇ ਹੀ ਤੈਅ ਕਰਨਾ ਪੈਣਾ ਹੈ। ਪ੍ਰਭੂ ਦੇ ਨਾਮ ਤੋਂ ਬਿਨਾਂ ਇਸ ਕਠਿਨ ਰਸਤੇ ਵਿਚ ਹੋਰ ਕਿਸੇ ਨੇ ਵੀ ਸਹਾਈ ਨਹੀਂ ਹੋਣਾ, ਫਿਰ ਉਸ ਸਮੇਂ ਤੂੰ ਆਪਣੇ ਕਿਸ ਪਿਆਰੇ ਨੂੰ ਪੁਕਾਰੇਂਗਾ। ਜਗਤਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਹੇ ਵਣਜਾਰਿਆ! ਜੀਵਨ ਦਾ ਚੌਥਾ ਪਹਿਰ ਭਾਵ ਬੁਢਾਪਾ ਆਉਣ ਕਾਰਨ ਤੇਰਾ ਸਰੀਰ ਕੰਬਣ

ਲੱਗ ਪਿਆ ਹੈ। ਭਾਵ ਤੇਰਾ ਅੰਤ ਸਮਾਂ ਆ ਗਿਆ ਹੈ। ਇਸ ਲਈ ਤੂੰ ਪ੍ਰਭੂ ਨੂੰ ਚੇਤੇ ਕਰ ਲੈ।

*******

## ਸ਼ਬਦ 67

**ਯਾ ਰਾਮਾ ਏਕ ਤੂੰ ਦਾਨਾ ਤੇਰਾ ਆਦਿ ਭੇਖ ਨਾ।**
**ਤੂੰ ਸਲਤਾਨ ਸੁਲਤਾਨਾ ਬੰਦਾ ਸਕਿਸਤਾ ਅਜਾਨਾ॥ ਟੇਕ॥**
**ਮੈਂ ਬੇਦਿਆਨਤ ਬਦਨਜ਼ਰ ਦਰਮੰਦ ਬਰਖੁਰਦਾਰ।**
**ਬੇਅਦਬ ਬਦਬਖਤ ਬੀਰਾ ਬੇਅਕਲ ਬਦਕਾਰ॥੧॥**
**ਮੈਂ ਗੁਨਹਗਾਰ ਗੁਮਰਾਹ ਗਾਫਿਲ ਕਮਦਿਲਾ ਕਰਤਾਰ।**
**ਤੂੰ ਦਰਕਦਰ ਦਰਿਆਨ ਦਿਲ ਮੈਂ ਹਿਰਸਿਯਾ ਹੁਸਿਆਰ॥੨॥**
**ਯਹ ਤਨ ਹਸਤ ਖਸਤ ਖਰਾਬ ਖਾਤਿਰ ਅੰਦੇਸਾ ਬਿਸਿਯਾਰ।**
**ਰਵਿਦਾਸ ਦਾਸਹਿ ਬੋਲਿ ਸਾਹਿਬ ਦੇਹੁ ਅਬ ਦੀਦਾਰ॥੩॥**

ਜਗਤਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਕਰਦੇ ਹਨ ਕਿ ਪਰਮਾਤਮਾ ਪਾਤਸ਼ਾਹਾਂ ਦਾ ਪਾਤਸ਼ਾਹ ਸਰਵ-ਕਲਾ ਸਮਰੱਥ ਹੈ। ਪਰ ਇਹ ਜੀਵ ਪਰਮਾਤਮਾ ਨੂੰ ਭੁੱਲ ਕੇ ਦੁਖੀ ਹੁੰਦਾ ਹੈ। ਇਹ ਸਰੀਰ ਛੇਤੀ ਨਾਸ਼ ਹੋਣ ਵਾਲਾ ਹੈ। ਇਸ ਲਈ ਜੀਵ ਨੂੰ ਪ੍ਰਭੂ ਦਾ ਸਿਮਰਨ ਕਰਨਾ ਚਾਹੀਦਾ ਹੈ।

**ਯਾ ਰਾਮਾ ਏਕ ਤੂੰ ਦਾਨਾ ਤੇਰਾ ਆਦਿ ਭੇਖ ਨਾ।**
**ਤੂੰ ਸਲਤਾਨ ਸੁਲਤਾਨਾ ਬੰਦਾ ਸਕਿਸਤਾ ਅਜਾਨਾ॥ ਟੇਕ॥**

ਹੇ ਸਰਬ ਵਿਖੇ ਰਮੇ ਹੋਏ ਪ੍ਰਭੂ ਜੀ ਕੇਵਲ ਆਪ ਹੀ ਸੰਸਾਰ ਵਿਚ ਸਭ ਤੋਂ ਬੁੱਧੀਮਾਨ ਹੋ। ਆਪ ਹੀ ਸ੍ਰਿਸ਼ਟੀ ਦਾ ਆਰੰਭ ਕਰਤਾ ਹੋ ਅਤੇ ਆਪ ਦਾ ਕੋਈ ਸਰੂਪ ਨਹੀਂ ਹੈ। ਆਪ ਬਾਦਸ਼ਾਹਾਂ ਦੇ ਬਾਦਸ਼ਾਹ ਹੋ। ਇਹ ਸੰਸਾਰੀ ਬੰਦਾ ਆਪ ਦੀ ਮਹਿਮਾ ਤੋਂ ਅਗਿਆਤ ਹੋਣ ਕਾਰਨ ਆਪ ਤੋਂ ਵਿਛੜਿਆ ਹੋਇਆ ਹੈ।

**ਮੈਂ ਬੇਦਿਆਨਤ ਬਦਨਜ਼ਰ ਦਰਮੰਦ ਬਰਖੁਰਦਾਰ।**
**ਬੇਅਦਬ ਬਦਬਖਤ ਬੀਰਾ ਬੇਅਕਲ ਬਦਕਾਰ॥੧॥**

ਪ੍ਰਭੂ ਜੀ ਅਗਿਆਨਤਾ ਕਾਰਨ ਆਪ ਦੀ ਮਹਿਮਾ ਤੋਂ ਅਨਜਾਨ ਜੀਵ ਬੇਈਮਾਨ, ਅਗਿਆਨੀ, ਦੁਖੀ, ਬੇਕਦਰਾ, ਝੱਲਾ, ਬੇਅਕਲ ਅਤੇ ਖੋਟੇ ਆਚਰਨ ਵਾਲਾ ਹੈ।

**ਮੈਂ ਗੁਨਹਗਾਰ ਗੁਮਰਾਹ ਗਾਫਿਲ ਕਮਦਿਲਾ ਕਰਤਾਰ।**
**ਤੂੰ ਦਰਕਦਰ ਦਰਿਆਨ ਦਿਲ ਮੈਂ ਹਿਰਸਿਯਾ ਹੁਸਿਆਰ॥੨॥**

ਹੇ ਕਰਤਾਰ! ਆਪ ਦੇ ਨਾਮ ਤੋਂ ਵਾਂਝਾ ਜੀਵ ਗੁਨਾਹਗਾਰ, ਗੁੰਮਰਾਹ, ਬੇਸਮਝ ਅਤੇ ਕਮਜ਼ੋਰ ਹੈ। ਪ੍ਰਭੂ ਜੀ ਆਪ ਸ੍ਰਿਸ਼ਟੀ ਦੇ ਮਾਲਕ ਦਰਿਆ ਦਿਲ



ਦਿਆਲੂ ਹੋ, ਜੀਵ ਆਪ ਨੂੰ ਭੁੱਲ ਕੇ ਸੰਸਾਰ ਦੇ ਝੂਠੇ ਧੰਦਿਆਂ ਵਿਚ ਲੋਭੀ ਤੇ ਚਲਾਕ ਬਣਿਆ ਫਿਰਦਾ ਹੈ।

**ਯਹ ਤਨ ਹਸਤ ਖਸਤ ਖਰਾਬ ਖਾਤਿਰ ਅੰਦੇਸਾ ਬਿਸਿਯਾਰ।**
**ਰਵਿਦਾਸ ਦਾਸਹਿ ਬੋਲਿ ਸਾਹਿਬ ਦੇਹੁ ਅਬ ਦੀਦਾਰ॥੩॥**

ਇਹ ਜੋ ਸਰੀਰ ਹੈ ਜਲਦੀ ਨਾਸ਼ ਹੋ ਜਾਣ ਵਾਲਾ ਹੈ। ਇਸ ਲਈ ਹੇ ਜੀਵ! ਇਸ ਹਾਲ ਵਿਚ ਜ਼ਿਆਦਾ ਸ਼ੰਕਾ ਨਾ ਕਰ। ਜਗਤਗੁਰੂ ਰਵਿਦਾਸ ਮਹਾਰਾਜ ਜੀ ਪ੍ਰਭੂ ਅੱਗੇ ਪ੍ਰਾਰਥਨਾ ਕਰਦੇ ਹਨ, ਹੇ ਸਾਹਿਬ ਜੀ ਤੁਸੀਂ ਬੋਲੋ ਤੇ ਦੀਦਾਰ ਦਿਉ ਤਾਂ ਜੋ ਇਸ ਜੀਵ ਦਾ ਕਲਿਆਣ ਹੋ ਜਾਵੇ ਜੀ।

*******

# ਰਾਗ ਆਸਾਵਰੀ

## ਸ਼ਬਦ 68

**ਕੇਸਵੇ ਵਿਕਟ ਮਾਯਾ ਤੋਰ ਤਾਤੇ ਬਿਕਲ ਗਤਿ ਮੋਰ।। ਟੇਕ॥**
**ਸੁਬਿਸ਼ ਡਸਨ ਕਰਾਲ ਅਹਿਮੁਖ ਗ੍ਰਸਤਿ ਸੁਦ੍ਰਿੜ ਸੁ ਮੇਸ਼॥**
**ਨਿਰੁਖਿ ਮਾਖੀ ਬਖਤ ਬਿਆਕੁਲ ਲੋਭ ਕਾਲ ਨਾ ਦੇਖ॥੧॥**
**ਇੰਦ੍ਰਿਯਾਦਿਕ ਦੁੱਖ ਦਾਰਨ ਅਸੰਖਯਾਦਿਕ ਪਾਪ॥**
**ਤੋਹਿ ਭਜਤ ਰੁਘੁਨਾਥ ਅੰਤਰਿ ਤਾਹਿ ਤ੍ਰਾਸ ਨਾ ਤਾਪ॥੨॥**
**ਪ੍ਰਤਿਗਿਆ ਪ੍ਰਤਿਪਾਲ ਚਹੁੰ ਜੁਗਿ ਭਗਤਿ ਪੁਰਵਨ ਕਾਮ॥**
**ਆਸ ਮੋਹਿ ਭਰੋਸ ਹੈ ਰਵਿਦਾਸ ਜੈ ਜੈ ਰਾਮ॥੩॥**

ਇਸ ਪਾਵਨ ਸ਼ਬਦ ਵਿਚ ਜਗਤਗੁਰੂ ਰਵਿਦਾਸ ਜੀ ਮਹਾਰਾਜ ਪ੍ਰਭੂ ਦੇ ਨਾਮ ਨੂੰ ਹੀ ਮਾਇਆ ਦੇ ਪ੍ਰਭਾਵ ਤੋਂ ਮੁਕਤ ਹੋਣ ਦਾ ਇਕ ਉਪਾਅ ਦੱਸਦੇ ਹਨ।

**ਕੇਸਵੇ ਵਿਕਟ ਮਾਯਾ ਤੋਰ ਤਾਤੇ ਬਿਕਲ ਗਤਿ ਮੋਰ।। ਟੇਕ॥**

ਹੇ ਪ੍ਰਭੂ ਆਪ ਜੀ ਦੇ ਪਵਿੱਤਰ ਨਾਮ ਤੋਂ ਬਿਨਾਂ ਮਾਇਆ ਬਹੁਤ ਭਿਆਨਕ ਕਸ਼ਟ ਦੇਣ ਵਾਲੀ ਹੈ। ਇਸ ਲਈ ਜੀਵ ਦੀ ਹਾਲਤ ਅਤੇ ਅਕਲ ਬਹੁਤ ਹੀ ਵਿਆਕੁਲਤਾ ਵਾਲੀ ਹੈ।

**ਸੁਬਿਸ਼ ਡਸਨ ਕਰਾਲ ਅਹਿਮੁਖ ਗ੍ਰਸਤਿ ਸੁਦ੍ਰਿੜ ਸੁ ਮੇਸ਼॥**
**ਨਿਰੁਖਿ ਮਾਖੀ ਬਖਤ ਬਿਆਕੁਲ ਲੋਭ ਕਾਲ ਨਾ ਦੇਖ॥੧॥**

ਇਹ ਮਾਇਆ ਆਪਣੇ ਸੁੰਦਰ ਵਿਸ਼ਿਆਂ ਰੂਪੀ ਭਿਆਨਕ ਸੱਪ ਵਰਗੇ ਮੂੰਹ ਨਾਲ ਜੀਵ ਨੂੰ ਡੰਗ ਮਾਰਦੀ ਹੈ। ਸੁਦ੍ਰਿੜ ਤੋਂ ਸੁਦ੍ਰਿੜ ਜੀਵ ਨੂੰ ਵੀ ਇਹ ਸੁੰਦਰ ਮਾਇਆ ਨਿਗਲ ਜਾਂਦੀ ਹੈ ਜਿਵੇਂ ਮੱਖੀ ਮਿੱਠੇ ਪਦਾਰਥਾਂ ਨੂੰ ਦੇਖ ਕੇ ਵਿਆਕੁਲ ਹੋ ਜਾਂਦੀ ਹੈ, ਇਸੇ ਤਰ੍ਹਾਂ ਲੋਭੀ ਪੁਰਸ਼ ਲੋਭ ਵਿਚ ਆ ਕੇ ਸਮਾਂ ਨਹੀਂ ਦੇਖਦਾ ਅਤੇ ਬੇਚੈਨ ਰਹਿੰਦਾ ਹੈ।

ਇੰਦ੍ਰਿਯਾਦਿਕ ਦੁੱਖ ਦਾਰਨ ਅਸੰਖਯਾਦਿਕ ਪਾਪ॥
ਤੋਹਿ ਭਜਤ ਰਘੁਨਾਥ ਅੰਤਰਿ ਤਾਹਿ ਤ੍ਰਾਸ ਨਾ ਤਾਪ॥੨॥

ਇੰਦਰੀਆਂ ਤੇ ਵਿਸ਼ੇ-ਵਿਕਾਰਾਂ ਦੇ ਭਿਆਨਕ ਦੁੱਖ ਕਾਰਨ ਜੀਵ ਅਣਗਿਣਤ ਪਾਪ ਕਰਦਾ ਹੈ। ਜੇਕਰ ਜੀਵ, ਪ੍ਰਭੂ ਜੀ ਆਪ ਜੀ ਦਾ ਭਜਨ ਕਰੇ ਫਿਰ ਇਸ ਜੀਵ ਨੂੰ ਕੋਈ ਵੀ ਦੁੱਖ ਨਹੀਂ ਵਿਆਪੇਗਾ।

ਪ੍ਰਤਿਗਿਆ ਪ੍ਰਤਿਪਾਲ ਚਹੁੰ ਜੁਗਿ ਭਗਤਿ ਪੁਰਵਨ ਕਾਮ॥
ਆਸ ਮੋਹਿ ਭਰੋਸ ਹੈ ਰਵਿਦਾਸ ਜੈ ਜੈ ਰਾਮ॥੩॥

ਪ੍ਰਣ ਅਨੁਸਾਰ ਚੌਹਾਂ ਯੁੱਗਾਂ ਵਿਚ ਜੀਵਾਂ ਦੀ ਪਾਲਣਾ ਕਰਨ ਵਾਲੇ ਪ੍ਰਭੂ ਜੀ! ਆਪ ਆਪਣੇ ਭਗਤਾਂ ਦੀਆਂ ਸਭ ਕਾਮਨਾਵਾਂ ਪੂਰੀਆਂ ਕਰਨ ਵਾਲੇ ਹੋ। ਜਗਤਗੁਰੂ ਰਵਿਦਾਸ ਮਹਾਰਾਜ ਜੀ ਉਚਾਰਨ ਕਰਦੇ ਹਨ ਕਿ ਪ੍ਰਭੂ ਜੀ ਮੈਨੂੰ ਤਾਂ ਆਪ ਜੀ 'ਤੇ ਹੀ ਭਰੋਸਾ ਹੈ। ਹੇ ਸਰਵ-ਵਿਖੇ ਰਮੇ ਹੋਏ ਪਰਮਾਤਮਾ ਜੀ ਆਪ ਦੀ ਜੈ ਹੋਵੇ ਜੀ।

*******

## ਸ਼ਬਦ 69

ਰਾਮਹਿ ਪੂਜਾ ਕਹਾ ਚੜਾਊਂ॥
ਫਲ ਅਰੁ ਫੂਲ ਅਨੂਪਮ ਨ ਪਾਊਂ॥ ਟੇਕ॥
ਥਨਹਰ ਦੂਧ ਜੋ ਬਛਰੂ ਜੂਠਾਰਓ॥
ਪੁਹੁਪ ਭੰਵਰ ਜਲ ਮੀਨ ਬਿਟਾਰਿਓ॥੧॥
ਮਲਿਆਗਿਰ ਬੇੜਿਯੋ ਭੁਅੰਗਾ॥
ਬਿਸ਼ ਅਮ੍ਰਿਤ ਦੋਊ ਏਕੈ ਸੰਗਾ॥੨॥
ਧੂਪ ਦੀਪ ਨਈਬੇਦਹਿ ਬਾਸਾ।
ਕੈਸੈ ਪੂਜ ਕਰਹਿ ਤੇਰੀ ਦਾਸਾ॥
ਮਨਹੀ ਪੂਜਾ ਮਨਹੀ ਧੂਪ॥
ਮਨਹੀ ਸੇਂਊਂ ਸਹਜ ਸਰੂਪ॥੩॥
ਪੂਜਾ ਅਰਚਾ ਨ ਜਾਨੂੰ ਤੇਰੀ॥
ਕਹੈ ਰਵਿਦਾਸ ਕਵਨ ਗਤਿ ਮੇਰੀ॥੪॥

ਜਗਤਗੁਰੂ ਰਵਿਦਾਸ ਜੀ ਮਹਾਰਾਜ ਸਭ ਜੀਵਾਂ ਨੂੰ ਕਰਮ-ਕਾਂਡਾਂ ਅਤੇ ਵਹਿਮਾਂ ਭਰਮਾਂ ਤੋਂ ਉੱਪਰ ਉੱਠ ਕੇ ਸੱਚੇ ਮਨ ਨਾਲ ਪ੍ਰਭੂ ਦੀ ਪੂਜਾ ਕਰਨ ਦਾ ਪਾਵਨ ਉਪਦੇਸ਼ ਬਖਸ਼ਿਸ਼ ਕਰਦੇ ਹਨ।

ਰਾਮਹਿ ਪੂਜਾ ਕਹਾ ਚੜਾਊਂ॥
ਫਲ ਅਰੁ ਫੂਲ ਅਨੂਪਮ ਨ ਪਾਊਂ॥ ਟੇਕ॥

ਹੇ ਪ੍ਰਭੂ ਜੀ! ਮੈਂ ਸੰਸਾਰੀ ਪਦਾਰਥਾਂ ਵਿਚੋਂ ਆਪ ਦੀ ਪੂਜਾ ਲਈ ਕੀ



ਚੜ੍ਹਾਵਾਂ? ਸੰਸਾਰ ਦੇ ਸਾਰੇ ਪਦਾਰਥ ਅਪਵਿੱਤਰ ਹਨ। ਫਿਰ ਮੈਂ ਅਨੋਖਾ ਪਵਿੱਤਰ ਫ਼ਲ ਤੇ ਫੁੱਲ ਕਿੱਥੋਂ ਲਿਆਵਾਂ?

ਥਨਹਰ ਦੂਧ ਜੋ ਬਛਰੂ ਜੂਠਾਰਓ॥
ਪੁਹੁਪ ਭੰਵਰ ਜਲ ਮੀਨ ਬਿਟਾਰਿਓ॥੧॥

ਦੁੱਧ ਵੀ ਆਪ ਜੀ ਦੀ ਪੂਜਾ ਦੇ ਚੜ੍ਹਾਉਣਯੋਗ ਨਹੀਂ ਹੈ ਕਿਉਂਕਿ ਦੁੱਧ ਨੂੰ ਪਹਿਲਾਂ ਹੀ ਬਛੜਾ ਥਣਾਂ ਵਿਚ ਚੁੰਘ ਕੇ ਜੂਠਾ ਕਰ ਦਿੰਦਾ ਹੈ। ਫੁੱਲ ਨੂੰ ਭੌਰਾ ਅਤੇ ਪਾਣੀ ਨੂੰ ਮਛਲੀ ਅਪਵਿੱਤਰ ਕਰ ਦਿੰਦੀ ਹੈ, ਇਸ ਲਈ ਫੁੱਲ ਤੇ ਪਾਣੀ ਵੀ ਆਪ ਜੀ ਦੀ ਪੂਜਾ ਦੇ ਯੋਗ ਨਹੀਂ ਹੈ।

ਮਲਿਆਗਿਰ ਬੇੜਿਯੋ ਭੁਅੰਗਾ॥
ਬਿਸ਼ ਅਮ੍ਰਿਤ ਦੋਊ ਏਕੈ ਸੰਗਾ॥੨॥

ਪ੍ਰਭੂ ਜੀ! ਚੰਦਨ ਵੀ ਆਪ ਜੀ ਦੀ ਪੂਜਾ ਦੇ ਯੋਗ ਨਹੀਂ ਕਿਉਂਕਿ ਚੰਦਨ ਦੇ ਨਾਲ ਸੱਪ ਲਿਪਟੇ ਹੁੰਦੇ ਹਨ, ਇਸ ਲਈ ਜ਼ਹਿਰ ਭਰੇ ਸੱਪ ਅਤੇ ਅੰਮ੍ਰਿਤ ਭਰਪੂਰ ਚੰਦਨ ਇਕੱਠੇ ਵੱਸਦੇ ਹਨ।

ਧੂਪ ਦੀਪ ਨਈਬੇਦਹਿ ਬਾਸਾ।
ਕੈਸੈ ਪੂਜ ਕਰਹਿ ਤੇਰੀ ਦਾਸਾ॥

ਧੂਪ, ਦੀਪਕ, ਮਿੱਠੇ ਅਤੇ ਬਹੇ ਪਦਾਰਥਾਂ ਨਾਲ ਪ੍ਰਭੂ ਜੀ ਮੈਂ ਆਪ ਜੀ ਦੀ ਪੂਜਾ ਕਿਵੇਂ ਕਰਾਂ? ਕਿਉਂਕਿ ਸਾਰੇ ਅਪਵਿੱਤਰ ਹਨ।

ਮਨਹੀ ਪੂਜਾ ਮਨਹੀ ਧੂਪ॥
ਮਨਹੀ ਸੇਂਊਂ ਸਹਜ ਸਰੂਪ॥੩॥

ਪ੍ਰਭੂ ਜੀ! ਸੱਚੇ ਮਨ ਨਾਲ ਹੀ ਆਪ ਜੀ ਦੀ ਪੂਜਾ ਕੀਤੀ ਜਾ ਸਕਦੀ ਹੈ ਅਤੇ ਸੱਚਾ ਮਨ ਹੀ ਆਪ ਜੀ ਨੂੰ ਧੂਪ ਧੁਖ਼ਾਉਣ ਬਰਾਬਰ ਹੈ, ਮਨ ਦੀ ਸਹਿਜ ਅਵਸਥਾ ਵਿਚ ਹੀ ਆਪ ਜੀ ਦੇ ਸਰੂਪ ਦੇ ਦਰਸ਼ਨ ਹੁੰਦੇ ਹਨ।

ਪੂਜਾ ਅਰਚਾ ਨ ਜਾਨੂੰ ਤੇਰੀ॥
ਕਹੈ ਰਵਿਦਾਸ ਕਵਨ ਗਤਿ ਮੇਰੀ॥੪॥

ਹੇ ਪ੍ਰਭੂ ਜੀ! ਮੈਂ ਸੰਸਾਰੀ ਪਦਾਰਥਾਂ ਨਾਲ ਆਪ ਜੀ ਦੀ ਪੂਜਾ ਕਰਨੀ ਨਹੀਂ ਜਾਣਦਾ। ਹੁਣ ਮੇਰੀ ਕਿਹੜੀ ਗਤੀ ਹੋਵੇਗੀ? ਭਾਵ ਮੈਂ ਆਪ ਜੀ ਦੀ ਪੂਜਾ ਸੱਚੇ ਮਨ ਨਾਲ ਕਰਦਾ ਹਾਂ।

********

## ਸ਼ਬਦ 70

ਬਰਜਿ ਹੋ ਬਰਜਿ ਬੀਠੁਲੇ ਮਾਇਆ ਜਗ ਖਾਇਆ॥
ਮਹਾਪ੍ਰਬਲ ਸਭ ਹੀ ਬਸ ਕੀਏ, ਸੁਰ ਨਰ ਮੁਨਿ ਭਰਮਾਇਆ॥ ਟੇਕ॥
ਬਾਲਕ ਬਿਰਧ ਤਰੁਨ ਅਤਿ ਸੁੰਦਰ, ਨਾਨਾ ਭੇਸ ਬਨਾਵੈ॥

ਜੋਗੀ ਜਤੀ ਤਪੀ ਸੰਨਿਆਸੀ, ਪੰਡਿਤ ਰਹਿਨ ਨ ਪਾਵੈ ॥੧ ॥
ਬਾਜੀਗਰ ਕੀ ਬਾਜੀ ਕਾਰਨਿ, ਸਭ ਕੋ ਕੌਤਿਗ ਆਵੈ ॥
ਜੋ ਦੇਖੈ ਸੋ ਭੁਲਿ ਰਹੈ, ਵਾਕਾ ਚੇਲਾ ਮਰਮ ਜੋ ਪਾਵੈ ॥੨ ॥
ਖੰਡ ਬ੍ਰਹਿਮੰਡ ਲੋਕ ਸਭ ਜੀਤੇ, ਇਹ ਬਿਧਿ ਤੇਜ ਜਨਾਵੈ ।
ਸਿਅੰਭੂ ਕਾ ਚਿਤ ਚੌਰ ਲਿਓ ਹੈ, ਵਾਕੈ ਪਾਛੈ ਲਾਗਾ ਧਾਵੈ ॥੩ ॥
ਇਨ ਬਾਤਨ ਸੁਖਚੈਨ ਮਰਿਅਤ ਹੈ, ਸਭ ਕੋ ਰਹੇ ਉਝਾਰੀ ॥
ਨੇਕ ਦ੍ਰਿਸ਼ਟ ਕਿਨ ਰਾਖੋ ਕੈਸੋ, ਮੇਟੋ ਬਿਪਤਿ ਹਮਾਰੀ ॥੪ ॥
ਕਹੈ 'ਰਵਿਦਾਸ' ਉਦਾਸ ਭਇਓ ਮਨ, ਭਾਜਿ ਕਹਾਂ ਅਬ ਜਈਏ ।
ਇਤ ਉਤ ਤੁਮ ਗੋਬਿੰਦ ਗੁਸਾਈਂ, ਤੁਮਹੀਂ ਮਾਂਹਿ ਸਮਈਏ ॥੫ ॥

ਜਗਤਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਝੂਠੀ ਮਾਇਆ ਤੋਂ ਬਚਣ ਦਾ ਉਪਾਅ ਦੱਸਦੇ ਹਨ ਕਿ ਇਸ ਸੰਸਾਰ ਵਿਚ ਮਾਇਆ ਤਾਂ ਸਭ ਨੂੰ ਵਿਆਪ ਰਹੀ ਹੈ, ਪ੍ਰੰਤੂ ਜੋ ਜੀਵ ਪ੍ਰਭੂ ਦਾ ਭਜਨ ਕਰਦਾ ਹੈ ਉਹ ਮਾਇਆ ਦੇ ਪ੍ਰਭਾਵ ਤੋਂ ਮੁਕਤ ਹੋ ਕੇ ਪ੍ਰਭੂ ਵਿਚ ਲੀਨ ਹੋ ਜਾਂਦਾ ਹੈ।

**ਬਰਜਿ ਹੋ ਬਰਜਿ ਬੀਠੁਲੇ ਮਾਇਆ ਜਗ ਖਾਇਆ ॥**
**ਮਹਾਪ੍ਰਬਲ ਸਭ ਹੀ ਬਸ ਕੀਏ, ਸੁਰ ਨਰ ਮੁਨਿ ਭਰਮਾਇਆ ॥ ਟੇਕ ॥**

ਸੰਸਾਰ ਦੀ ਝੂਠੀ ਮਾਇਆ ਤੋਂ ਛੁਡਾਉਣ ਵਾਲੇ ਪ੍ਰਭੂ ਜੀ ਆਪਣੀ ਸ਼ਕਤੀਸ਼ਾਲੀ ਮਾਇਆ ਨੂੰ ਰੋਕੋ। ਇਸ ਪ੍ਰਬਲ ਮਾਇਆ ਨੇ ਸਾਰਾ ਸੰਸਾਰ ਆਪਣੇ ਵੱਸ ਕੀਤਾ ਹੋਇਆ ਹੈ ਅਤੇ ਦੇਵਤਿਆਂ, ਮਨੁੱਖਾਂ ਤੇ ਮੁਨੀਆਂ ਨੂੰ ਭਰਮਾਇਆ ਹੋਇਆ ਹੈ।

**ਬਾਲਕ ਬਿਰਧ ਤਰੁਨ ਅਤਿ ਸੁੰਦਰ, ਨਾਨਾ ਭੇਸ ਬਨਾਵੈ ॥**
**ਜੋਗੀ ਜਤੀ ਤਪੀ ਸੰਨਿਆਸੀ, ਪੰਡਿਤ ਰਹਿਨ ਨ ਪਾਵੈ ॥੧ ॥**

ਇਸ ਮਾਇਆ ਨੇ ਅਨੇਕਾਂ ਪ੍ਰਕਾਰ ਦੇ ਸੁੰਦਰ ਰੂਪ ਬਣਾ ਕੇ ਬੱਚਿਆਂ, ਬਜ਼ੁਰਗਾਂ, ਜਵਾਨਾਂ ਤੇ ਬੁੱਧੀਮਾਨਾਂ ਨੂੰ ਲੁਭਾਇਆ ਹੋਇਆ ਹੈ। ਇਸ ਮਾਇਆ ਅੱਗੇ ਜੋਗੀ, ਜਤੀ, ਤਪੀ, ਸੰਨਿਆਸੀ ਤੇ ਪੰਡਿਤ ਵੀ ਟਿਕ ਨਹੀਂ ਪਾਉਂਦੇ।

**ਬਾਜੀਗਰ ਕੀ ਬਾਜੀ ਕਾਰਨਿ, ਸਭ ਕੋ ਕੌਤਿਗ ਆਵੈ ॥**
**ਜੋ ਦੇਖੈ ਸੋ ਭੁਲਿ ਰਹੈ, ਵਾਕਾ ਚੇਲਾ ਮਰਮ ਜੋ ਪਾਵੈ ॥੨ ॥**

ਪ੍ਰਭੂ ਬਾਜ਼ੀਗਰ ਦੀ ਬਾਜੀ ਕਾਰਨ ਸਾਰੇ ਸੰਸਾਰ ਦੇ ਜੀਵ ਕੌਤਕ ਭਾਵ ਤਮਾਸ਼ਾ ਕਰ ਰਹੇ ਹਨ, ਜੋ ਮਾਇਆ ਵੱਲ ਦੇਖ ਕੇ ਪਰਮਾਤਮਾ ਨੂੰ ਭੁੱਲ ਰਹੇ ਹਨ। ਪਰ ਪ੍ਰਭੂ ਦਾ ਉਹੀ ਸੱਚਾ ਉਪਾਸਕ ਹੈ ਜੋ ਝੂਠੀ ਮਾਇਆ ਦੇ ਭੇਦ ਨੂੰ ਜਾਣ ਲੈਂਦਾ ਹੈ।

**ਖੰਡ ਬ੍ਰਹਿਮੰਡ ਲੋਕ ਸਭ ਜੀਤੇ, ਇਹ ਬਿਧਿ ਤੇਜ ਜਨਾਵੈ ।**
**ਸਿਅੰਭੂ ਕਾ ਚਿਤ ਚੌਰ ਲਿਓ ਹੈ, ਵਾਕੈ ਪਾਛੈ ਲਾਗਾ ਧਾਵੈ ॥੩ ॥**

ਪ੍ਰਭੂ ਦੇ ਸਿਮਰਨ ਕਰਨ ਵਾਲਿਆਂ ਤੋਂ ਬਿਨਾਂ ਇਸ ਮਾਇਆ ਨੇ ਖੰਡਾਂ ਬ੍ਰਹਿਮੰਡਾਂ ਦੇ ਲੋਕਾਂ ਨੂੰ ਜਿੱਤ ਕੇ ਆਪਣੇ ਅਧੀਨ ਕਰ ਲਿਆ ਹੈ। ਇਸ ਵਿਧੀ



ਨਾਲ ਮਾਇਆ ਆਪਣੀ ਤਾਕਤ ਨੂੰ ਦਿਖਾਉਂਦੀ ਹੈ। ਇਸ ਮਾਇਆ ਨੇ ਸਭ ਜੀਵਾਂ ਦਾ ਚਿਤ ਆਪਣੀ ਤਰਫ ਲਾ ਲਿਆ ਹੈ। ਸਚਮੁੱਚ ਮਾਇਆ ਸਭ ਦਾ ਪਿੱਛਾ ਕਰਕੇ ਆਪਣੇ ਅਧੀਨ ਕਰਦੀ ਹੈ।

**ਇਨ ਬਾਤਨ ਸੁਖਚੈਨ ਮਰਿਅਤ ਹੈ, ਸਭ ਕੋ ਰਹੇ ਉਝਾਰੀ ॥**
**ਨੇਕ ਦ੍ਰਿਸ਼ਟ ਕਿਨ ਰਾਖੋ ਕੈਸੋ, ਮੇਟੋ ਬਿਪਤਿ ਹਮਾਰੀ ॥੪ ॥**

ਇਸ ਝੂਠੀ ਮਾਇਆ ਮਗਰ ਲੱਗ ਕੇ ਇਸ ਦੀਆਂ ਗੱਲਾਂ ਕਰਕੇ ਜੀਵ ਖਪ-ਖਪ ਕੇ ਮਰ ਜਾਂਦਾ ਹੈ। ਮਾਇਆ ਸਭ ਨੂੰ ਕਹਿੰਦੀ ਹੈ ਕਿ ਮੈਂ ਤੇਰੀ ਹਾਂ। ਹੇ ਪ੍ਰਭੂ ਜੀ ਆਪ ਮਾਇਆ ਦੇ ਪ੍ਰਭਾਵ ਨੂੰ ਖਤਮ ਕਰਕੇ ਸਾਡੀ ਰੱਖਿਆ ਕਰੋ।

**ਕਹੈ 'ਰਵਿਦਾਸ' ਉਦਾਸ ਭਇਓ ਮਨ, ਭਾਜਿ ਕਹਾਂ ਅਬ ਜਈਏ ।**
**ਇਤ ਉਤ ਤੁਮ ਗੋਬਿੰਦ ਗੁਸਾਈਂ, ਤੁਮਹੀਂ ਮਾਂਹਿ ਸਮਈਏ ॥੫ ॥**

ਜਗਤਗੁਰੂ ਰਵਿਦਾਸ ਜੀ ਕਥਨ ਕਰਦੇ ਹਨ ਕਿ ਹੇ ਪਰਮਾਤਮਾ ਜੀ ਆਪ ਜੀ ਦਾ ਭਜਨ ਕਰਕੇ ਮੇਰਾ ਮਨ ਮਾਇਆ ਤੋਂ ਉਪਰਾਮ ਹੋ ਗਿਆ ਹੈ ਅਤੇ ਆਪ ਦੇ ਨਾਮ ਤੋਂ ਬਿਨਾਂ ਹੋਰ ਕਿਸ ਪਾਸੇ ਜਾਈਏ? ਪ੍ਰਭੂ ਜੀ ਆਪ ਇਥੇ-ਉਥੇ ਭਾਵ ਲੋਕ-ਪ੍ਰਲੋਕ ਵਿਚ ਬਿਰਾਜਮਾਨ ਹੋ, ਇਹ ਜੀਵ ਆਪ ਦਾ ਭਜਨ ਕਰਕੇ ਮਾਇਆ ਦੇ ਪ੍ਰਭਾਵ ਤੋਂ ਮੁਕਤ ਹੋ ਕੇ ਆਪ ਵਿਚ ਹੀ ਸਮਾ ਜਾਂਦਾ ਹੈ।

******

## ਸ਼ਬਦ 71

**ਤੁਝਹਿ ਚਰਨ ਅਰਬਿੰਦ ਭਵਨ ਮਨੁ,**
**ਪਾਨ ਕਰਤ ਪਾਇਓ ਪਾਇਓ ਰਮਇਆ ਧਨੁ ॥ਟੇਕ ॥**
**ਸੰਪਤਿ ਵਿਪਤਿ ਪਟਲ ਮਾਇਆ ਧਨ,**
**ਤਾ ਮਹਿੰ ਮਗਨ ਨ ਹੋਤ ਤੇਰੋ ਜਨ ॥੧ ॥**
**ਕਹਾ ਭਇਓ ਜੇ ਗਤ ਤਨ ਛਿਨ ਛਿਨ ॥**
**ਪ੍ਰੇਮ ਜਾਏ ਤੋ ਡਰਪੈ ਤੇਰੋ ਨਿਜ ਜਨ ॥੨ ॥**
**ਪ੍ਰੇਮ ਰਜ ਲੈ ਰਾਖੋ ਰਿਦੈ ਧਰਿ,**
**ਕਹੈ ਰਵਿਦਾਸ ਛੂਟਿਬੋ ਕਵਨ ਪਰਿ ॥੩ ॥**

ਜਗਤਗੁਰੂ ਰਵਿਦਾਸ ਜੀ ਮਹਾਰਾਜ ਸਮੁੱਚੀ ਮਨੁੱਖਤਾ ਨੂੰ ਪ੍ਰਭੂ-ਪ੍ਰੇਮ ਦਾ ਪਾਵਨ ਉਪਦੇਸ਼ ਦਿੰਦੇ ਹਨ ਕਿ ਪ੍ਰਭੂ ਪ੍ਰੇਮ ਕਰਨ ਵਾਲੇ ਨੂੰ ਆਪਣੇ ਸਰੀਰ ਦੇ ਟੋਟੇ-ਟੋਟੇ ਹੋਣ ਦੀ ਵੀ ਕੋਈ ਪਰਵਾਹ ਨਹੀਂ ਹੁੰਦੀ।

**ਤੁਝਹਿ ਚਰਨ ਅਰਬਿੰਦ ਭਵਨ ਮਨੁ,**
**ਪਾਨ ਕਰਤ ਪਾਇਓ ਪਾਇਓ ਰਮਇਆ ਧਨੁ ॥ਟੇਕ ॥**

ਪ੍ਰਭੂ ਜੀ! ਆਪ ਦੇ ਚਰਨ, ਕੰਵਲ ਫੁੱਲ ਵਾਂਗ ਹਨ ਅਤੇ ਮੇਰਾ ਮਨ ਭੌਰੇ ਵਾਂਗ ਹੈ। ਮੇਰੇ ਮਨ ਨੇ ਆਪ ਜੀ ਦੇ ਚਰਨ ਕਮਲਾਂ ਵਿਚ ਰਹਿਣ ਲਈ ਥਾਂ ਪ੍ਰਾਪਤ ਕਰ ਲਈ ਹੈ। ਹੇ ਪ੍ਰਭੂ ਜੀ! ਆਪ ਦਾ ਪਾਵਨ ਨਾਮ ਰੂਪੀ ਅੰਮ੍ਰਿਤ ਪੀ ਕੇ, ਮੈਂ ਨਾਮ ਰੂਪੀ ਧਨ ਪ੍ਰਾਪਤ ਕਰ ਲਿਆ ਹੈ।

**ਸੰਪਤਿ ਬਿਪਤਿ ਪਟਲ ਮਾਇਆ ਧਨ,**
**ਤਾ ਮਹਿ ਮਗਨ ਨ ਹੋਤ ਤੇਰੋ ਜਨ ॥੧॥**

ਪ੍ਰਭੂ ਜੀ! ਆਪ ਜੀ ਦੇ ਨਾਮ ਦਾ ਆਨੰਦ ਲੈਣ ਵਾਲਾ ਆਪ ਦਾ ਦਾਸ, ਸੁੱਖ ਦੁੱਖ ਰੂਪੀ ਪਰਦਾ, ਸੰਸਾਰਿਕ ਮਾਇਆ ਅਤੇ ਸੰਸਾਰ ਰੂਪੀ ਝੂਠੇ ਧਨ ਵਿਚ ਮਗਨ ਨਹੀਂ ਹੁੰਦਾ।

**ਕਹਾ ਭਇਓ ਜੇ ਗਤ ਤਨ ਛਿਨ ਛਿਨ ॥**
**ਪ੍ਰੇਮ ਜਾਏ ਤੌ ਡਰਪੈ ਤੇਰੋ ਨਿਜ ਜਨ ॥੨॥**

ਪ੍ਰਭੂ ਜੀ! ਮੇਰਾ ਸਰੀਰ ਟੁਕੜੇ-ਟੁਕੜੇ ਵੀ ਹੋ ਜਾਵੇ, ਤਾਂ ਮੈਨੂੰ ਕੋਈ ਡਰ ਨਹੀਂ, ਆਪ ਜੀ ਦੇ ਦਾਸ ਨੂੰ ਡਰ ਤਾਂ ਇਸ ਗੱਲ ਦਾ ਹੈ ਕਿ ਮੇਰੇ ਮਨ 'ਚੋਂ ਆਪ ਦਾ ਪ੍ਰੇਮ ਨਾ ਘੱਟ ਜਾਵੇ।

**ਪ੍ਰੇਮ ਰਜ ਲੈ ਰਾਖੌ ਰਿਦੈ ਧਰਿ,**
**ਕਹੈ ਰਵਿਦਾਸ ਛੂਟਿਬੋ ਕਵਨ ਪਰਿ ॥੩॥**

ਜਗਤਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਨ ਕਰਦੇ ਹਨ ਕਿ ਪ੍ਰਭੂ ਜੀ! ਦਾਸ ਨੇ ਆਪ ਨੂੰ ਪ੍ਰੇਮ ਨਾਲ ਹਿਰਦੇ ਵਿਚ ਵਸਾਇਆ ਹੋਇਆ ਹੈ। ਹੁਣ ਆਪ ਕਿਹੜੇ ਯਤਨ ਕਰਕੇ ਛੁਟੋਗੇ ? ਭਾਵ ਆਪ ਪ੍ਰੇਮ ਦੇ ਸੱਚੇ ਬੰਧਨ 'ਚੋਂ ਨਿਕਲ ਨਹੀਂ ਸਕਦੇ।

******

## ਸ਼ਬਦ 72

**ਬੰਦੇ ਜਾਨਿ ਸਾਹਿਬ ਗਨੀ।**
**ਸਮਝਿ ਬੇਦ ਕਤੇਬ ਬੋਲੈ ਕਾਬੇ ਮੇਂ ਕਿਆ ਮਨੀ॥ ਟੇਕ॥**
**ਜਵਾਨੀ ਦੁਨੀ ਜਮਾਲ ਸੂਰਤਿ ਦੇਖਿਏ ਥਿਰਿ ਨਾਹਿੰ ਵੇ।**
**ਦਮ ਛ ਸੈ ਸਹੰਸ ਇੱਕੀਸ ਹਰ ਦਿਨ ਖਜਾਨੇ ਥੈਂ ਜਾਹਿੰ ਵੇ ॥੧॥**
**ਮਨੀ ਮਾਰੇ ਗਰਬ 'ਗਾਫਿਲ' ਬੇਮਿਹਰ ਬੇਪੀਰ ਵੇ।**
**ਦਰੀ ਖਾਨੇ ਪਰਤ ਚੋਬਾ ਹੋਤ ਨਹੀਂ ਤਕਸੀਰ ਵੇ ॥੨॥**
**ਸਿਆਹੀ ਸਪੇਦੀ ਤੁਰੰਗੀ ਨਾਨਾ ਰੰਗ ਬਿਸਾਲ ਵੇ।**
**ਨਾਪੈਦ ਤੈਂ ਪੈਦਾ ਕੀਆ ਪੈਮਾਲ ਕਰਤ ਨ ਬਾਰ ਵੇ ॥੩॥**
**ਕੁਛ ਗਾਂਠਿ ਖਰਚੀ ਮਿਹਰ ਤੋਸਾ ਖੈਰ ਖੂਬੀ ਹਾਥਿ ਵੇ।**
**ਧਨੀ ਕਾ ਫੁਰਮਾਨ ਆਯਾ ਤਬ ਕੀਆ ਚਾਲੈ ਸਾਥ ਵੇ ॥੪॥**



**ਤਜਿ ਬਦਜਵਾਂ ਬੇਨਜਰ ਕਮਦਿਲਾਂ ਕਰਿ ਖਸਮ ਕੀ ਕਾਨ ਵੇ।**
**ਰਵਿਦਾਸ ਕੀ ਅਰਦਾਸ ਸੁਣ ਕਛੁ ਹਕ ਹਲਾਲ ਪਛਾਣ ਵੇ ॥5॥**

ਜਗਤਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਪ੍ਰਭੂ ਦਾ ਨਾਮ ਜਪ ਕੇ ਸ੍ਰੇਸ਼ਟ ਨਾਮ ਰੂਪੀ ਧਨ ਦੀ ਪ੍ਰਾਪਤੀ ਕਰਨ ਦਾ ਉਪਦੇਸ਼ ਦਿੰਦੇ ਹਨ ਜੋ ਜੀਵ ਦੇ ਲੋਕ-ਪ੍ਰਲੋਕ ਵਿਚ ਸਹਾਈ ਹੁੰਦਾ ਹੈ।

**ਬੰਦੇ ਜਾਨਿ ਸਾਹਿਬ ਗਨੀ।**
**ਸਮਝਿ ਬੇਦ ਕਤੇਬ ਬੋਲੈ ਕਾਬੇ ਮੇਂ ਕਿਆ ਮਨੀ॥ ਟੇਕ॥**

ਹੇ ਬੰਦੇ! ਇਹ ਗੱਲ ਪੱਕੀ ਜਾਣ ਲੈ ਕਿ ਪ੍ਰਭੂ ਵੱਡਾ ਧਨੀ ਹੈ। ਵੇਦ, ਕਤੇਬ ਆਦਿ ਧਾਰਮਿਕ ਪੁਸਤਕਾਂ ਇਹੀ ਸਮਝਾ ਰਹੀਆਂ ਹਨ ਕਿ ਉਸ ਪ੍ਰਭੂ ਤੋਂ ਬਿਨਾਂ ਕਾਬ੍ਹੇ ਵਿਚ ਹੋਰ ਕੋਈ ਵਿਸ਼ੇਸ਼ ਮਣੀ ਨਹੀਂ ਹੈ।

**ਜਵਾਨੀ ਦੁਨੀ ਜਮਾਲ ਸੂਰਤਿ ਦੇਖਿਏ ਥਿਰਿ ਨਾਹਿੰ ਵੇ।**
**ਦਮ ਛ ਸੈ ਸਹੰਸ ਇੱਕੀਸ ਹਰ ਦਿਨ ਖਜਾਨੇ ਥੈਂ ਜਾਹਿੰ ਵੇ ॥੧॥**

ਜਵਾਨ ਅਵਸਥਾ ਦਾ ਜੋਸ਼ ਅਤੇ ਸੁੰਦਰਤਾ ਸਥਿਰ ਰਹਿਣ ਵਾਲੀ ਨਹੀਂ ਹੈ। ਹਰੇਕ ਦਿਨ ਇੱਕੀ ਹਜ਼ਾਰ ਛੇ ਸੌ ਸਵਾਸ ਤੇਰੇ ਅਨਮੋਲ ਜੀਵਨ ਦੀ ਪੂੰਜੀ ਵਿਚੋਂ ਵਿਅਰਥ ਜਾ ਰਹੇ ਹਨ।

**ਮਨੀ ਮਾਰੇ ਗਰਬ 'ਗਾਫਿਲ' ਬੇਮਿਹਰ ਬੇਪੀਰ ਵੇ।**
**ਦਰੀ ਖਾਨੇ ਪਰਤ ਚੋਬਾ ਹੋਤ ਨਹੀਂ ਤਕਸੀਰ ਵੇ ॥੨॥**

ਹੇ ਮੂਰਖ! ਬੇ-ਰਹਿਮ ਅਤੇ ਬੇਗੁਰੇ ਪ੍ਰਾਣੀ ਤੂੰ ਹੰਕਾਰ ਵਿਚ ਬਰਬਾਦ ਹੋ ਰਿਹਾ ਹੈ। ਦਸ ਦਵਾਰ ਵਾਲੇ ਸਰੀਰ ਨੂੰ ਪ੍ਰਾਪਤ ਕਰਕੇ ਚੰਗੇ ਰਸਤੇ ਤੇ ਚਲ, ਤਾਂ ਜੋ ਤੇਰੇ ਕੋਲੋਂ ਕੋਈ ਗਲਤੀ ਨਾ ਹੋਵੇ।

**ਸਿਆਹੀ ਸਪੇਦੀ ਤੁਰੰਗੀ ਨਾਨਾ ਰੰਗ ਬਿਸਾਲ ਵੇ।**
**ਨਾਪੈਦ ਤੈਂ ਪੈਦਾ ਕੀਆ ਪੈਮਾਲ ਕਰਤ ਨ ਬਾਰ ਵੇ ॥੩॥**

ਪ੍ਰਭੂ ਨੇ ਕਾਲਾ, ਚਿੱਟਾ ਅਤੇ ਪੀਲਾ ਆਦਿ ਅਨੇਕਾਂ ਬੇਅੰਤ ਰੰਗ ਬਣਾਏ ਹਨ, ਉਸ ਸਵੈ-ਪ੍ਰਕਾਸ਼ਮਾਨ ਪ੍ਰਭੂ ਨੇ ਸੰਸਾਰ ਦੀ ਰਚਨਾ ਕੀਤੀ ਹੈ ਅਤੇ ਵਿਨਾਸ਼ ਕਰਨ ਲੱਗਾ ਵੀ ਦੇਰੀ ਨਹੀਂ ਲਗਾਉਂਦਾ।

**ਕੁਛ ਗਾਂਠਿ ਖਰਚੀ ਮਿਹਰ ਤੋਸਾ ਖੈਰ ਖੂਬੀ ਹਾਥਿ ਵੇ।**
**ਧਨੀ ਕਾ ਫੁਰਮਾਨ ਆਯਾ ਤਬ ਕੀਆ ਚਾਲੈ ਸਾਥ ਵੇ ॥੪॥**

ਹੇ ਜੀਵ! ਤੂੰ ਪ੍ਰਭੂ ਦਾ ਨਾਮ ਅਤੇ ਬਖਸ਼ਿਸ਼ ਦਾ ਤੋਸਾ ਅਤੇ ਚੰਗੇ ਗੁਣਾਂ ਦੀ ਖੈਰ ਆਪਣੇ ਪੱਲੇ ਬੰਨ ਲੈ ਜੋ ਤੇਰੇ ਲੋਕ-ਪ੍ਰਲੋਕ ਦੇ ਰਸਤੇ ਵਿਚ ਸਹਾਈ ਹੋਵੇਗਾ। ਜਿਸ ਨਾਲ ਤੈਨੂੰ ਪਰਮ-ਆਨੰਦ ਦੀ ਪ੍ਰਾਪਤੀ ਹੋਵੇਗੀ। ਜਿਸ ਸਮੇਂ ਪ੍ਰਭੂ ਦਾ ਫੁਰਮਾਨ ਆਵੇਗਾ, ਉਸ ਸਮੇਂ ਨਾਮ ਰੂਪੀ ਧਨ ਹੀ ਤੇਰੇ ਨਾਲ ਜਾਵੇਗਾ।

**ਤਜਿ ਬਦਜਵਾਂ ਬੇਨਜਰ ਕਮਦਿਲਾਂ ਕਰਿ ਖਸਮ ਕੀ ਕਾਨ ਵੇ।**
**ਰਵਿਦਾਸ ਕੀ ਅਰਦਾਸ ਸੁਣ ਕਛੁ ਹਕ ਹਲਾਲ ਪਛਾਣ ਵੇ ॥5॥**

ਹੇ ਅੰਨ੍ਹੇ ਅਤੇ ਕਮਜ਼ੋਰ ਦਿਲ ਵਾਲੇ ਜੀਵ ਤੂੰ ਬੁਰਾ ਬੋਲਣਾ ਤਿਆਗਦੇ ਅਤੇ ਪਰਮਾਤਮਾ ਦਾ ਆਸਰਾ ਲੈ। ਸਤਿਗੁਰੂ ਰਵਿਦਾਸ ਜੀ ਮਹਾਰਾਜ ਸੰਬੋਧਨ ਕਰਦੇ ਹਨ ਕਿ ਹੇ ਜੀਵ! ਤੂੰ ਸੱਚੇ ਪਾਤਸ਼ਾਹ ਦੀ ਪਹਿਚਾਣ ਕਰ।

*****

## ਸ਼ਬਦ 73

**ਸੁ ਕਛੁ ਵਿਚਾਰਿਓ ਤਾਥੇ ਮੇਰੋ ਮਨੁ ਥਿਰੁ ਹੈ ਰਹਿਓ।**
**ਹਰਿ ਰੰਗ ਲਾਗੋ ਤਾਥੈ ਮੇਰੋ ਬਰਨ ਪਲਟਿ ਭਯੋ॥ ਟੇਕ॥**
**ਧੰਨ ਸੋ ਪੰਥੀ ਪੰਥ ਚਲਾਵਾ।**
**ਅਗਮ ਗਵਨ ਮੇਂ ਗਮ ਦਿਖਲਾਵਾ॥੧॥**
**ਅਬਰਨ ਬਰਨ ਕਥੈ ਜਿਨ ਕੋਈ।**
**ਘਟ ਘਟ ਬਿਆਪਿ ਰਹਿਓ ਹਰਿ ਸੋਈ॥**
**ਜਿਹਿ ਪਦ ਸੁਨਨਰ ਪ੍ਰੇਮ ਪਿਆਸਾ।**
**ਸੋ ਪਦ ਰਮਿ ਰਹਿਓ ਰਵਿਦਾਸਾ॥੨॥**

ਇਸ ਪਾਵਨ ਸ਼ਬਦ ਵਿਚ ਜਗਤ ਗੁਰੂ ਰਵਿਦਾਸ ਜੀ ਮਹਾਰਾਜ ਸੰਸਾਰੀ ਜੀਵਾਂ ਨੂੰ ਪ੍ਰਭੂ ਦੇ ਨਾਮ ਦੀ ਵਿਚਾਰ ਕਰਨ ਦਾ ਉਪਦੇਸ਼ ਦਿੰਦੇ ਹਨ ਜਦੋਂ ਜੀਵ ਪਰਮਾਤਮਾ ਦੇ ਨਾਮ ਦੀ ਵਿਚਾਰ ਕਰਦਾ ਹੋਇਆ ਪਰਮਾਤਮਾ ਵਿਚ ਅਭੇਦ ਹੋ ਜਾਂਦਾ ਹੈ।

**ਸੁ ਕਛੁ ਵਿਚਾਰਿਓ ਤਾਥੇ ਮੇਰੋ ਮਨੁ ਥਿਰੁ ਹੈ ਰਹਿਓ।**
**ਹਰਿ ਰੰਗ ਲਾਗੋ ਤਾਥੈ ਮੇਰੋ ਬਰਨ ਪਲਟਿ ਭਯੋ॥ ਟੇਕ॥**

ਜਦੋਂ ਮੈਂ ਪ੍ਰਭੂ ਦੇ ਨਾਮ ਦੀ ਕੁਝ ਕੁ ਹੀ ਵਿਚਾਰ ਕੀਤੀ ਤਾਂ ਉਸ ਸਮੇਂ ਮੇਰਾ ਮਨ ਸਥਿਰ ਹੋ ਗਿਆ। ਜਦੋਂ ਮੈਨੂੰ 'ਹਰਿ' ਦੇ ਨਾਮ ਦਾ ਮਜੀਠੀ ਰੰਗ ਲੱਗਿਆ ਤਾਂ ਝੂਠਾ ਰੰਗ ਬਦਲ ਗਿਆ।

**ਧੰਨ ਸੋ ਪੰਥੀ ਪੰਥ ਚਲਾਵਾ।**
**ਅਗਮ ਗਵਨ ਮੇਂ ਗਮ ਦਿਖਲਾਵਾ॥੧॥**

ਧੰਨ ਉਹ ਸੰਤ ਸਾਧਕ ਹੈ ਜਿਸਨੇ ਭਗਤੀ ਰੂਪੀ ਪੰਥ ਚਲਾਇਆ ਹੈ। ਗਮ ਤੋਂ ਰਹਿਤ ਪਰਮਾਤਮਾ ਵਿਚ ਲੀਨ ਹੋਣਾ ਸਿਖਾਉਂਦਾ ਹੈ ਅਤੇ ਆਵਾਗਵਨ ਨੂੰ ਸਮਾਪਤ ਕਰਦਾ ਹੈ।

**ਅਬਰਨ ਬਰਨ ਕਥੈ ਜਿਨ ਕੋਈ।**
**ਘਟ ਘਟ ਬਿਆਪਿ ਰਹਿਓ ਹਰਿ ਸੋਈ॥**

ਗੁਰੂ ਜੀ ਫੁਰਮਾਉਂਦੇ ਹਨ ਭੇਦ-ਭਾਵ ਮਤ ਕਰੋ ਕਿਉਂਕਿ ਸਭ ਜੀਵ ਬਰਾਬਰ ਹਨ ਤੇ ਸੰਸਾਰ ਦੇ ਕਣ-ਕਣ ਵਿਚ 'ਹਰਿ' ਵਸ ਰਿਹਾ ਹੈ।

**ਜਿਹਿ ਪਦ ਸੁਨ ਨਰ ਪ੍ਰੇਮ ਪਿਆਸਾ।**
**ਸੋ ਪਦ ਰਮਿ ਰਹਿਓ ਰਵਿਦਾਸਾ॥੨॥**



ਜਿਸ ਪ੍ਰਭੂ ਦੇ ਪ੍ਰੇਮ ਪਦ ਦੀ ਪ੍ਰਾਪਤੀ ਲਈ ਦੇਵਤੇ ਤੇ ਜੀਵ ਵਿਆਕੁਲ ਹਨ। ਗੁਰੂ ਰਵਿਦਾਸ ਜੀ ਕਥਨ ਕਰਦੇ ਹਨ ਕਿ ਮੈਂ ਉਸ ਪ੍ਰਭੂ ਦੇ ਪ੍ਰੇਮ ਪਦ ਨੂੰ ਪ੍ਰਾਪਤ ਕਰਕੇ ਉਸ ਵਿਚ ਅਭੇਦ ਹੋ ਗਿਆ ਹਾਂ।

*****

## ਸ਼ਬਦ 74

**ਭਾਈ ਰੇ ਸਹਜ ਬੰਦੋ ਸੋਈ ਬਿਨ ਸਹਜ ਸਿਧਿ ਨ ਹੋਈ।**
**ਨਯੌਲੀਨ ਮਨ ਜੋ ਜਾਨਿਯੇ ਜਬ ਕੀਟ ਭ੍ਰਿੰਗੀ ਹੋਈ॥ ਟੇਕ॥**
**ਆਪਾ ਪਰ ਚੀਨ੍ਹੇ ਨਹੀਂ ਰੇ ਔਰ ਕੋ ਉਪਦੇਸ਼।**
**ਕਹਾਂ ਤੇ ਤੁਮ ਆਯੋ ਰੇ ਭਾਈ ਜਾਹੁਗੇ ਕਿਤ ਦੇਸ॥੧॥**
**ਕਹਿਯੇ ਤੋ ਕਹਿਯੇ ਕਾ ਕਹਿ ਕਹੀਏ ਕਹਾਂ ਨ ਕੋ ਪਤਿਆਇ॥**
**ਰਵਿਦਾਸ ਦਾਸ ਅਜਾਨ ਹੈ ਕਰਿ ਰਹਿਓ ਸਹਜ ਸਮਾਇ॥੨॥**

ਜਗਤ ਗੁਰੂ ਰਵਿਦਾਸ ਜੀ ਪਾਵਨ ਉਪਦੇਸ਼ ਦਿੰਦੇ ਹਨ ਕਿ ਜੀਵ ਨੂੰ ਪ੍ਰਭੂ ਅੱਗੇ ਦੁਰਲਭ ਮਨੁੱਖ ਜਨਮ ਪ੍ਰਾਪਤ ਕਰਕੇ ਤੁਰੀਆ ਅਵਸਥਾ ਦੀ ਪ੍ਰਾਪਤੀ ਲਈ ਬੇਨਤੀ ਕਰਨੀ ਚਾਹੀਦੀ ਹੈ। ਜੀਵ ਬਾਹਰੀ ਆਡੰਬਰਾਂ ਤੋਂ ਮੁਕਤ ਹੋ ਕੇ ਤੁਰੀਆ ਅਵਸਥਾ ਵਿਚ ਪਹੁੰਚ ਕੇ ਪ੍ਰਭੂ ਵਿਚ ਲੀਨ ਹੋ ਜਾਂਦਾ ਹੈ।

**ਭਾਈ ਰੇ ਸਹਜ ਬੰਦੋ ਸੋਈ ਬਿਨ ਸਹਜ ਸਿਧਿ ਨ ਹੋਈ।**
**ਨਯੌਲੀਨ ਮਨ ਜੋ ਜਾਨਿਯੇ ਜਬ ਕੀਟ ਭ੍ਰਿੰਗੀ ਹੋਈ॥ ਟੇਕ॥**

ਹੇ ਭਾਈ! ਗਿਆਨ ਦੀ ਪ੍ਰਾਪਤੀ ਲਈ ਉਸ ਪ੍ਰਭੂ ਅੱਗੇ ਬੇਨਤੀ ਕਰੋ ਕਿਉਂਕਿ ਤੁਰੀਆ ਅਵਸਥਾ ਵਿਚ ਪਹੁੰਚਣ ਤੋਂ ਬਿਨਾਂ ਮੁਕਤੀ ਨਹੀਂ ਹੋ ਸਕਦੀ। ਪ੍ਰਭੂ ਨਾਲ ਲਿਵ ਲਾ ਕੇ ਲੀਨ ਹੋਣਾ ਉਸ ਜੀਵ ਨੂੰ ਜਾਣੀਏ ਜਿਵੇਂ ਕੀੜਾ ਭ੍ਰਿੰਗੀ ਹੋ ਜਾਂਦਾ ਹੈ। ਭ੍ਰਿੰਗੀ ਕੀੜਾ ਜਿਸ ਕੀੜੇ ਨੂੰ ਅਪਨਾਉਂਦਾ ਹੈ ਉਸ ਦੇ ਚਾਰੋਂ ਪਾਸੇ ਚੱਕਰ ਕੱਟਦਾ ਹੈ। ਉਹ ਕੀੜਾ ਵੀ ਭ੍ਰਿੰਗੀ ਰੂਪ ਹੋ ਜਾਂਦਾ ਹੈ। ਇਸ ਪ੍ਰਕਾਰ ਜਿਸ ਜੀਵ 'ਤੇ ਪ੍ਰਭੂ ਕ੍ਰਿਪਾ ਕਰਦਾ ਹੈ ਉਸ ਨੂੰ ਆਪਨੇ ਪਾਸੇ ਲਾਉਂਦਾ ਹੈ। ਫਿਰ ਉਹ ਜੀਵ ਪ੍ਰਭੂ ਵਿਚ ਲੀਨ ਹੋ ਕੇ ਪ੍ਰਭੂ ਰੂਪ ਹੀ ਹੋ ਜਾਂਦਾ ਹੈ।

**ਆਪਾ ਪਰ ਚੀਨ੍ਹੇ ਨਹੀਂ ਰੇ ਔਰ ਕੋ ਉਪਦੇਸ਼।**
**ਕਹਾਂ ਤੇ ਤੁਮ ਆਯੋ ਰੇ ਭਾਈ ਜਾਹੁਗੇ ਕਿਤ ਦੇਸ॥੧॥**

ਹੇ ਜੀਵ! ਤੂੰ ਆਪਨੇ ਅਤੇ ਪਰਾਇਆ ਨੂੰ ਜਾਣਿਆ ਨਹੀਂ ਅਤੇ ਤੂੰ ਹੋਰਨਾਂ ਨੂੰ ਉਪਦੇਸ਼ ਦਿੰਦਾ ਹੈ। ਹੇ ਭਾਈ! ਤੂੰ ਆਪਨੇ ਅੰਦਰ ਇਸ ਗੱਲ ਦੀ ਖੋਜ ਕਰ ਕਿ ਤੂੰ ਕਿਥੋਂ ਆਇਆ ਤੇ ਕਿਹੜੇ ਦੇਸ਼ ਸਰੀਰ ਛੱਡਣ ਤੋਂ ਬਾਅਦ ਜਾਣਾ ਹੈ?

**ਕਹਿਯੇ ਤੋ ਕਹਿਯੇ ਕਾ ਕਹਿ ਕਹੀਏ ਕਹਾਂ ਨ ਕੋ ਪਤਿਆਇ॥**
**ਰਵਿਦਾਸ ਦਾਸ ਅਜਾਨ ਹੈ ਕਰਿ ਰਹਿਓ ਸਹਜ ਸਮਾਇ॥੨॥**

ਪ੍ਰਭੂ ਦੀ ਪ੍ਰਾਪਤੀ ਤੋਂ ਬਿਨਾਂ ਉਸ ਦੀ ਕਥਾ ਕਰੀਏ ਤਾਂ ਕੀ ਕਰੀਏ ਕਿਉਂਕਿ ਇਸ ਕਹਿਣ 'ਤੇ ਕੋਈ ਵਿਸ਼ਵਾਸ ਨਹੀਂ ਕਰਦਾ। ਜਗਤਗੁਰੂ ਰਵਿਦਾਸ ਜੀ ਮਹਾਰਾਜ ਕਥਨ ਕਰਦੇ ਹਨ ਕਿ ਮੈਂ ਆਪ ਦਾ ਦਾਸ ਸੰਸਾਰ ਦੇ ਆਡੰਬਰਾਂ ਤੋਂ ਅਨਜਾਣ ਹੋ ਕੇ ਸਹਿਜ ਅਵਸਥਾ ਵਿਚ ਪਹੁੰਚ ਕੇ ਆਪ ਵਿਚ ਹੀ ਲੀਨ ਹੋ ਗਿਆ ਹਾਂ।

*****

## ਸ਼ਬਦ 75

**ਦੇਹੁ ਕਲਾਲੀ ਏਕ ਪਿਆਲਾ। ਐਸਾ ਅਵਧੂ ਹੋਈ ਮਤਵਾਲਾ॥ ਟੇਕ॥**
**ਕਹੈ ਕਲਾਲੀ ਪਿਆਲਾ ਦੇਉ। ਪੀਵਨਹਾਰੇ ਕਾ ਸਿਰ ਲੇਉ॥੧॥**
**ਏਰੀ ਕਲਾਲੀ ਤੈਂ ਕਿਆ ਕੀਆ। ਸਿਰ ਕੇ ਸਾਟੈ ਪਿਆਲਾ ਦੀਆ॥**
**ਸਿਰ ਕੈ ਸਾਟੈ ਮਹਿੰਗਾ ਭਾਰੀ। ਪੀਵੇਗਾ ਅਪਨਾ ਸਿਰ ਡਾਰੀ॥੨॥**
**ਚੰਦ ਸੂਰ ਦੋਊ ਸਨਮੁਖ ਹੋਈ। ਪੀਵੈ ਪਿਆਲਾ ਮਰੈ ਨ ਕੋਈ॥੩॥**
**ਸਹਜ ਸੁੰਨ ਮੇਂ ਭਾਠੀ ਸ੍ਰਵੈ। ਪੀਵੈ ਰਵਿਦਾਸ ਗੁਰਮੁਖ ਦ੍ਰਵੈ॥੪॥**

ਜਗਤ ਗੁਰੂ ਰਵਿਦਾਸ ਜੀ ਮਹਾਰਾਜ ਸੰਸਾਰੀ ਜੀਵਾਂ ਨੂੰ ਪ੍ਰਭੂ ਦੇ ਨਾਮ ਦਾ ਦਾਨ ਬਖ਼ਸ਼ਿਸ਼ ਕਰਨ ਵਾਲੇ ਗੁਰੂ ਪਾਸ ਜਾ ਕੇ ਨਾਮ ਰੂਪੀ ਪਿਆਲਾ ਪੀਣ ਦਾ ਪਾਵਨ ਉਪਦੇਸ਼ ਦਿੰਦੇ ਹਨ। ਅਜਿਹਾ ਪਿਆਲਾ ਆਪਣਾ ਆਪ ਗੁਰੂ ਅੱਗੇ ਸਮਰਪਣ ਕਰਨ ਨਾਲ ਪ੍ਰਾਪਤ ਹੁੰਦਾ ਹੈ।

**ਦੇਹੁ ਕਲਾਲੀ ਏਕ ਪਿਆਲਾ। ਐਸਾ ਅਵਧੂ ਹੋਈ ਮਤਵਾਲਾ॥ ਟੇਕ॥**

ਪ੍ਰਭੂ ਦੇ ਨਾਮ ਰੂਪੀ ਅੰਮ੍ਰਿਤ ਦੇ ਪਿਆਲੇ ਨੂੰ ਦੇਣ ਵਾਲੇ ਸੰਤ ਜਨੋਂ ਇਕ ਪਿਆਲਾ ਮੈਨੂੰ ਵੀ ਦੇਣਾ ਕਰੋ ਜੀ। ਇਸ ਤਰ੍ਹਾਂ ਦੇ ਪਿਆਲੇ ਨੂੰ ਪੀਣ ਲਈ ਮੈਂ ਵੈਰਾਗੀ ਹਾਂ ਤੇ ਪੀ ਕੇ ਮੈਂ ਮਸਤ ਹੋਣ ਵਾਲਾ ਹਾਂ।

**ਕਹੈ ਕਲਾਲੀ ਪਿਆਲਾ ਦੇਉ। ਪੀਵਨਹਾਰੇ ਕਾ ਸਿਰ ਲੇਉ॥੧॥**

ਪ੍ਰਭੂ ਦੇ ਨਾਮ ਰੂਪੀ ਪਿਆਲਾ ਵੰਡਣ ਵਾਲੇ ਗੁਰੂ ਜੀ ਕਹਿੰਦੇ ਹਨ ਕਿ ਮੈਂ ਤੈਨੂੰ ਅਜਿਹਾ ਪਿਆਲਾ ਤਾਂ ਹੀ ਦੇ ਸਕਦਾ ਹਾਂ ਜੇਕਰ ਤੂੰ ਆਪਣਾ ਸਿਰ ਮੇਰੇ ਅੱਗੇ ਭੇਟ ਕਰੇ ਭਾਵ ਆਪਾ-ਆਪ ਮਿਟਾ ਦੇਵੇਂ।

**ਏਰੀ ਕਲਾਲੀ ਤੈਂ ਕਿਆ ਕੀਆ। ਸਿਰ ਕੇ ਸਾਟੈ ਪਿਆਲਾ ਦੀਆ॥**

ਹੇ ਪ੍ਰਭੂ ਦੇ ਨਾਮ ਰੂਪੀ ਪਿਆਲਾ ਵੰਡਣ ਵਾਲੇ ਗੁਰੂ ਜੀ ਇਹ ਤੁਸੀਂ ਕੀ ਕੀਤਾ! ਤੁਸੀਂ ਮੇਰਾ ਸਿਰ ਲੈ ਕੇ ਮੈਨੂੰ ਅੰਮ੍ਰਿਤ ਦਾ ਪਿਆਲਾ ਦਿੱਤਾ ਹੈ।

**ਸਿਰ ਕੈ ਸਾਟੈ ਮਹਿੰਗਾ ਭਾਰੀ। ਪੀਵੇਗਾ ਅਪਨਾ ਸਿਰ ਡਾਰੀ॥੨॥**

ਸਿਰ ਦੇ ਬਦਲੇ ਬਹੁਤ ਮਹਿੰਗਾ ਪਿਆਲਾ ਪ੍ਰਾਪਤ ਹੁੰਦਾ ਹੈ, ਆਪਣਾ ਸਿਰ ਵਾਰ ਕੇ ਜੀਵ ਐਸਾ ਪਿਆਲਾ ਪੀਂਦਾ ਹੈ।

**ਚੰਦ ਸੂਰ ਦੋਊ ਸਨਮੁਖ ਹੋਈ। ਪੀਵੈ ਪਿਆਲਾ ਮਰੈ ਨ ਕੋਈ॥੩॥**



ਈੜਾ ਤੇ ਪਿੰਗਲਾ ਦੋਨੋਂ ਨਾੜੀਆਂ ਜਿਥੇ ਇਕੱਠੀਆਂ ਹੁੰਦੀਆਂ ਹਨ, ਉਥੇ ਸੁਖਮਨਾ ਨਾੜੀ ਨਾਲ ਮਿਲਦੀਆਂ ਹਨ। ਤਾਂ ਦਸਵੇਂ ਦਵਾਰੇ ਵਿਚ ਪਰਵੇਸ਼ ਕਰਕੇ ਜੀਵ ਪ੍ਰਭੂ ਦੇ ਨਾਮ ਅੰਮ੍ਰਿਤ ਦਾ ਪਿਆਲਾ ਪੀਂਦਾ ਹੈ। ਉਹ ਫਿਰ ਜੀਵਨ-ਮੁਕਤ ਹੋ ਜਾਂਦਾ ਹੈ।

**ਸਹਜ ਸੁੰਨ ਮੇਂ ਭਾਠੀ ਸ੍ਰਵੈ। ਪੀਵੈ ਰਵਿਦਾਸ ਗੁਰਮੁਖ ਦ੍ਰਵੈ॥੪॥**

ਪ੍ਰਭੂ ਦੇ ਐਸੇ ਨਾਮ ਰੂਪੀ ਪਿਆਲੇ ਨੂੰ ਦਸਵੇਂ ਦੁਆਰ ਵਿਚ ਪਰਵੇਸ਼ ਕਰਕੇ ਸਹਿਜ ਭਾਵ ਤੁਰੀਆ ਅਵਸਥਾ ਰੂਪੀ ਭੱਠੀ ਰਾਹੀਂ ਤਿਆਰ ਹੋਈ ਸ਼ਰਾਬ ਝਰਦੀ ਹੈ। ਜਗਤ ਗੁਰੂ ਰਵਿਦਾਸ ਮਹਾਰਾਜ ਜੀ ਫਰਮਾਉਂਦੇ ਹਨ ਕਿ ਐਸੀ ਅਵਸਥਾ ਵਿਚ ਪਹੁੰਚ ਕੇ ਗੁਰਮੁਖ ਬ੍ਰਹਮ-ਆਨੰਦ ਰੂਪੀ ਪ੍ਰੇਮ ਪਿਆਲਾ ਪੀਂਦੇ ਹਨ।

*****

## ਸ਼ਬਦ 76

**ਐਸੀ ਮੇਰੀ ਜਾਤਿ ਵਿਖਿਆਤ ਚਮਾਰੰ॥**
**ਹਿਰਦੇ ਰਾਮ ਗੋਬਿੰਦ ਗੁਨ ਸਾਰੰ॥ ਟੇਕ॥**
**ਸੁਰਸਰਿ ਜਲ ਲੀਯਾ ਕ੍ਰਿਤ ਬਾਰੁਨੀ ਰੇ**
**ਜੈਸੇ ਸੰਤ ਜਨ ਨਾਹਿੰ ਕਰਤ ਪਾਨੰ।**
**ਸੁਰਾ ਅਪਵਿਤ੍ਰ ਨਿਤਿ ਗੰਗਜਲ ਮਾਨਿਯੇ**
**ਸੁਰਸਰਿ ਮਿਲਤ ਨਹਿੰ ਹੋਤ ਆਨੰ॥੧॥**
**ਤਰ ਤਾਰਿ ਅਪਵਿਤ੍ਰ ਕਰ ਮਾਨਿਯੇ**
**ਜੈਸੇ ਕਾਗਰਾ ਕਰਤ ਬਿਚਾਰੰ।**
**ਭਗਵਤ ਭਗਵੰਤ ਜਬ ਊਪਰੇ ਲਿਖਿਯੇ**
**ਤਬ ਪੂਜਿਏ ਕਰਿ ਨਮਸਕਾਰੰ॥੨॥**
**ਅਨੇਕ ਅਧਮ ਜਿਬ ਨਾਮ ਸੁਨਿ ਊਧਰੇ**
**ਪਤਿਤ ਪਾਵਨ ਭਯੇ ਪਰਸਿ ਸਾਰੰ।**
**ਭਨਤ ਰਵਿਦਾਸ ਰਰੰਕਾਰ ਗੁਨ ਗਾਬੰਤ**
**ਸੰਤ ਸਾਧੂ ਭਏ ਸਹਜ ਪਾਰੰ॥੩॥**

ਜਗਤ ਗੁਰੂ ਰਵਿਦਾਸ ਜੀ ਮਾਨਵਤਾ ਨੂੰ ਪਾਵਨ ਉਪਦੇਸ਼ ਦਿੰਦੇ ਹਨ ਕਿ ਜਿਹੜਾ ਜੀਵ ਪ੍ਰਭੂ ਦਾ ਨਾਮ ਜਪਦਾ ਹੈ, ਉਹ ਪ੍ਰਭੂ ਦਾ ਹੀ ਰੂਪ ਹੋ ਜਾਂਦਾ ਹੈ ਅਤੇ ਉਸਦੀ ਮਹਿਮਾ ਸਾਰੇ ਸੰਸਾਰ ਵਿਚ ਫੈਲ ਜਾਂਦੀ ਹੈ।

**ਐਸੀ ਮੇਰੀ ਜਾਤਿ ਵਿਖਿਆਤ ਚਮਾਰੰ॥**
**ਹਿਰਦੇ ਰਾਮ ਗੋਬਿੰਦ ਗੁਨ ਸਾਰੰ॥ ਟੇਕ॥**

ਮੇਰੀ ਐਸੀ ਪ੍ਰਗਟ ਹੀ ਚਮਾਰ ਜਾਤ ਹੈ, ਮੈਂ ਆਪਣੇ ਹਿਰਦੇ ਵਿਚ

ਪ੍ਰਭੂ ਦੇ ਗੁਣਾਂ ਨੂੰ ਵਸਾਇਆ ਹੋਇਆ ਹੈ।

**ਸੁਰਸਰਿ ਜਲ ਲੀਯਾ ਕ੍ਰਿਤ ਬਾਰੁਨੀ ਰੇ**
**ਜੈਸੇ ਸੰਤ ਜਨ ਨਾਹਿੰ ਕਰਤ ਪਾਨੰ।**

ਜੇਕਰ ਗੰਗਾ ਦਾ ਜਲ ਲਿਆ ਕੇ ਉਸਦੀ ਸ਼ਰਾਬ ਬਣਾ ਲਈ ਜਾਵੇ ਤਦ ਵੀ ਸੰਤ ਜਨ ਉਸਨੂੰ ਪੀਂਦੇ ਨਹੀਂ ਹਨ ਕਿਉਂਕਿ ਉਹ ਗੰਗਾ ਦਾ ਜਲ ਆਪਣੇ ਚਲਦੇ ਪ੍ਰਵਾਹ ਤੋਂ ਵੱਖ ਹੋ ਕੇ ਅਪਵਿੱਤਰ ਹੋ ਗਿਆ ਹੈ। ਇਸੇ ਤਰ੍ਹਾਂ ਜੇਕਰ ਕੋਈ ਜੀਵ ਉੱਚੀ ਕੁਲ ਵਿਚ ਪੈਦਾ ਹੋਇਆ ਹੈ ਅਤੇ ਪ੍ਰਭੂ ਦਾ ਨਾਮ ਨਹੀਂ ਜਪਦਾ, ਉਹ ਪ੍ਰਭੂ ਦੇ ਦਰਬਾਰ ਵਿਚ ਕਬੂਲ ਨਹੀਂ ਹੁੰਦਾ।

**ਸੁਰਾ ਅਪਵਿਤ੍ਰ ਨਿਤਿ ਗੰਗਜਲ ਮਾਨਿਯੇ**
**ਸੁਰਸਰਿ ਮਿਲਤ ਨਹਿੰ ਹੋਤ ਆਨੰ ॥੧॥**

ਇਸ ਦੇ ਉਲਟ ਅਪਵਿੱਤਰ ਸ਼ਰਾਬ ਜਾਂ ਹੋਰ ਨਦੀਆਂ-ਨਾਲਿਆਂ ਦਾ ਪਾਣੀ, ਜਿਸ ਵੇਲੇ ਗੰਗਾ ਵਿਚ ਮਿਲ ਜਾਂਦਾ ਹੈ ਤਾਂ ਉਹ ਕੁਝ ਹੋਰ ਨਹੀਂ ਰਹਿੰਦਾ, ਬਲਕਿ ਗੰਗਾ ਦਾ ਹੀ ਰੂਪ ਹੋ ਜਾਂਦਾ ਹੈ। ਇਸੇ ਤਰ੍ਹਾਂ ਜਿਨ੍ਹਾਂ ਨੂੰ ਸੰਸਾਰ ਦੇ ਅਗਿਆਨੀ ਲੋਕ ਜਾਤ ਕਰਕੇ ਸ਼ੂਦਰ ਸਮਝਦੇ ਹਨ, ਜਦੋਂ ਉਹ ਪਰਮਾਤਮਾ ਦਾ ਨਾਮ ਜਪਦੇ ਹਨ ਤਾਂ ਉਹ ਪ੍ਰਭੂ ਨਾਲ ਮਿਲ ਕੇ ਪਰਮਾਤਮਾ ਵਿਚ ਅਭੇਦ ਹੋ ਜਾਂਦੇ ਹਨ।

**ਤਰ ਤਾਰਿ ਅਪਵਿਤ੍ਰ ਕਰ ਮਾਨਿਯੇ**
**ਜੈਸੇ ਕਾਗਰਾ ਕਰਤ ਬਿਚਾਰੰ।**

ਜਿਵੇਂ ਤਾੜ ਦਾ ਰੁੱਖ ਅਪਵਿੱਤਰ ਮੰਨਿਆ ਜਾਂਦਾ ਹੈ ਕਿਉਂਕਿ ਉਸ ਵਿਚ ਨਸ਼ੇ ਵਰਗਾ ਜਲ ਹੁੰਦਾ ਹੈ। ਵਿਚਾਰ ਕਰਨ ਵਾਲੇ ਤਾੜ ਦੇ ਰੁੱਖ ਦੇ ਪੱਤਿਆਂ ਤੋਂ ਬਣੇ ਕਾਗਜ਼ਾਂ ਨੂੰ ਅਪਵਿੱਤਰ ਸਮਝਦੇ ਹਨ।

**ਭਗਵਤ ਭਗਵੰਤ ਜਬ ਊਪਰੇ ਲਿਖਿਯੇ**
**ਤਬ ਪੂਜਿਏ ਕਰਿ ਨਮਸਕਾਰੰ ॥੨॥**

ਪ੍ਰੰਤੂ ਜਦੋਂ ਉਹਨਾਂ 'ਤੇ ਪ੍ਰਭੂ ਦਾ ਨਾਮ ਅਤੇ ਪ੍ਰਭੂ ਦੀ ਸਿਫਤ ਸਲਾਹ ਲਿਖ ਦਿੱਤੀ ਜਾਂਦੀ ਹੈ ਤਾਂ ਨਮਸਕਾਰਾਂ ਕਰਕੇ ਪੂਜੇ ਜਾਂਦੇ ਹਨ। ਇਸੇ ਤਰ੍ਹਾਂ ਜਿਹਨਾਂ ਜੀਵਾਂ ਨੂੰ ਸੰਸਾਰੀ ਲੋਕ ਅਗਿਆਨਤਾ ਕਰਕੇ ਨੀਚ ਸਮਝਦੇ ਸਨ, ਜਦੋਂ ਉਨ੍ਹਾਂ ਨੇ ਪਰਮਾਤਮਾ ਦਾ ਨਾਮ ਜਪਿਆ ਤਾਂ ਉਹ ਵੀ ਇਸ ਸੰਸਾਰ ਵਿਚ ਨਮਸਕਾਰਾਂ ਕਰਕੇ ਪੂਜੇ ਜਾਂਦੇ ਹਨ।

**ਅਨੇਕ ਅਧਮ ਜਿਬ ਨਾਮ ਸੁਨਿ ਊਧਰੇ**
**ਪਤਿਤ ਪਾਵਨ ਭਯੇ ਪਰਸਿ ਸਾਰੰ।**

ਅਨੇਕਾਂ ਜੀਵ ਜਿਨ੍ਹਾਂ ਨੂੰ ਭਰਮ ਕਰਕੇ ਲੋਕ ਛੋਟੀ ਜਾਤੀ ਦੇ ਸਮਝਦੇ ਸਨ ਉਹ ਜੀਵ ਪ੍ਰਭੂ ਦਾ ਪਾਵਨ ਨਾਮ ਜਪਕੇ ਕੇ ਮੁਕਤ ਹੋ ਗਏ।

**ਭਨਤ ਰਵਿਦਾਸ ਰਰੰਕਾਰ ਗੁਨ ਗਾਬੰਤ**
**ਸੰਤ ਸਾਧੂ ਭਏ ਸਹਜ ਪਾਰੰ ॥੩॥**



ਸ੍ਰੀ ਗੁਰੂ ਰਵਿਦਾਸ ਜੀ ਉਚਾਰਨ ਕਰਦੇ ਹਨ ਕਿ ਰੰਗ-ਰੂਪ ਤੋਂ ਰਹਿਤ ਪ੍ਰਭੂ ਦੇ ਗੁਣ ਗਾ ਕੇ ਸੰਤ ਜਨ ਸਹਿਜ ਅਵਸਥਾ ਵਿਚ ਪਹੁੰਚ ਕੇ ਮੁਕਤ ਹੋ ਜਾਂਦੇ ਹਨ।

******

# ਸ਼ਬਦ 77

**ਪਾਰ ਗਯਾ ਚਾਹੇ ਸਭ ਕੋਈ ਦੋਹੁ ਉਰਵਾਰ ਪਾਰ ਨਹਿ ਹੋਈ ॥੧॥ ਟੇਕ॥**
**ਪਾਰ ਕਹੈ ਉਰਵਾਰ ਸੋ ਪਾਰਾ ਬਿਨ ਪਦ ਪਰਚੇ ਭ੍ਰਮੈ ਗੰਵਾਰਾ ॥੧॥**
**ਪਾਰ ਪਰਮਪਦ ਮਾਂਝਿ ਮੁਰਾਰੀ ਤਾ ਮੈਂ ਆਪ ਰਮੈਂ ਬਨਵਾਰੀ ॥੨॥**
**ਪੂਰਨ ਬ੍ਰਹਮ ਬਸੈ ਸਭ ਠਾਂਈ ਕਹੈ ਰਵਿਦਾਸ ਮਿਲੈ ਸੁੱਖ ਸਾਂਈ ॥੩॥**

ਜਗਤ ਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਪਾਵਨ ਉਪਦੇਸ਼ ਦਿੰਦੇ ਹਨ ਕਿ ਹਰ ਜੀਵ ਇਸ ਸੰਸਾਰ ਵਿਚ ਮੁਕਤ ਹੋਣਾ ਚਾਹੁੰਦਾ ਹੈ ਪਰ ਪਰਮ ਤੱਤ ਪ੍ਰਭੂ ਨੂੰ ਜਾਣੇ ਬਿਨਾਂ ਜੀਵ ਮੁਕਤ ਨਹੀਂ ਹੋ ਸਕਦਾ ਅਤੇ ਪਰਮ-ਪਦ ਦੀ ਪ੍ਰਾਪਤੀ ਹੋਣ 'ਤੇ ਹੀ ਜੀਵ ਨੂੰ ਬ੍ਰਹਮ-ਸੁੱਖ ਪ੍ਰਾਪਤ ਹੁੰਦਾ ਹੈ।

**ਪਾਰ ਗਯਾ ਚਾਹੇ ਸਭ ਕੋਈ ਦੋਹੁ ਉਰਵਾਰ ਪਾਰ ਨਹਿ ਹੋਈ ॥੧॥ ਟੇਕ॥**

ਹਰ ਜੀਵ ਇਸ ਸੰਸਾਰ ਵਿਚ ਮੁਕਤ ਹੋਣਾ ਚਾਹੁੰਦਾ ਹੈ, ਪ੍ਰੰਤੂ ਪ੍ਰਭੂ ਦੇ ਨਾਮ ਜਪਣ ਤੋਂ ਬਿਨਾਂ ਜੀਵ ਦਾ ਪਾਰ ਉਤਾਰਾ ਨਹੀਂ ਹੁੰਦਾ। ਭਾਵ ਲੋਕ ਪ੍ਰਲੋਕ ਸੁਹੇਲਾ ਨਹੀਂ ਹੁੰਦਾ।

**ਪਾਰ ਕਹੈ ਉਰਵਾਰ ਸੋ ਪਾਰਾ ਬਿਨ ਪਦ ਪਰਚੇ ਭ੍ਰਮੈ ਗੰਵਾਰਾ ॥੧॥**

ਪ੍ਰਭੂ ਦਾ ਨਾਮ ਜਪ ਕੇ ਜਨਮ-ਮਰਨ ਦੇ ਚੱਕਰ ਤੋਂ ਰਹਿਤ ਹੋਣ ਨੂੰ ਹੀ ਮੁਕਤ ਹੋਣਾ ਕਿਹਾ ਜਾਂਦਾ ਹੈ। ਪ੍ਰੰਤੂ ਪਰਮ-ਤੱਤ ਨੂੰ ਜਾਣੇ ਬਿਨਾਂ ਇਹ ਗੰਵਾਰ ਪੁਰਸ਼ ਭਰਮ ਵਿਚ ਹੀ ਫਸਿਆ ਰਹਿੰਦਾ ਹੈ।

**ਪਾਰ ਪਰਮਪਦ ਮਾਂਝਿ ਮੁਰਾਰੀ ਤਾ ਮੈਂ ਆਪ ਰਮੈਂ ਬਨਵਾਰੀ ॥੨॥**

ਪਰਮ-ਪਦ ਦੀ ਅਵਸਥਾ ਹੀ ਭਵ-ਸਾਗਰ ਤੋਂ ਪਾਰ ਹੋਣ ਦੀ ਅਵਸਥਾ ਹੈ ਜਿਸ ਵਿਚ ਪ੍ਰਭੂ ਆਪ ਨਿਵਾਸ ਕਰਦਾ ਹੈ।

**ਪੂਰਨ ਬ੍ਰਹਮ ਬਸੈ ਸਭ ਠਾਂਈ ਕਹੈ ਰਵਿਦਾਸ ਮਿਲੈ ਸੁੱਖ ਸਾਂਈ ॥੩॥**

ਪਰਮ-ਪਦ ਦੀ ਅਵਸਥਾ ਵਿਚ ਪਹੁੰਚ ਕੇ ਪੂਰਨ ਪ੍ਰਭੂ ਸਭ ਥਾਵਾਂ 'ਤੇ ਭਾਵ ਸੰਸਾਰ ਦੇ ਕਣ-ਕਣ ਵਿਚ ਬਿਰਾਜਮਾਨ ਹੋਇਆ ਪ੍ਰਤੀਤ ਹੁੰਦਾ ਹੈ। ਜਗਤਗੁਰੂ ਰਵਿਦਾਸ ਮਹਾਰਾਜ ਜੀ ਕਥਨ ਕਰਦੇ ਹਨ ਕਿ ਪ੍ਰਭੂ ਦੀ ਪ੍ਰਾਪਤੀ ਹੀ ਪਰਮ-ਸੁੱਖ ਹੈ।

*****

# ਸ਼ਬਦ 78

ਸਤਿਗੁਰ ਹਮਹੁ ਲਖਾਈ ਬਾਟ॥
ਜਨਮ ਪਾਛਲੇ ਪਾਪ ਨਸਾਨੇ,
ਮਿਟੇਗੋ ਸਭੁ ਸੰਤਾਪ॥ਟੇਕ॥
ਬਾਹਰ ਖੋਜਤ ਜਨਮ ਗੰਵਾਏ,
ਉਨਮਨਿ ਧਿਆਨ ਰਹੇ ਘਟ ਆਪ॥
ਸ਼ਬਦ ਅਨਾਹਦ ਬਾਜਤ ਘਟ ਮਹਿੰ,
ਅਗਮ ਗਿਆਨ ਭੈ ਗੁਰ ਪ੍ਰਤਾਪ॥੧॥
ਧਨ ਦਾਰਾ ਮਹਿੰ ਰਹਿਓ ਮਗਨ ਨਿਤ,
ਗੁਨਿਓ ਨ ਮਿਚੁ ਕੌ ਚਾਪ॥
ਕਹਿ ਰਵਿਦਾਸ ਗੁਰ ਰਾਹ ਦਿਖਾਵੈ,
ਤ੍ਰਿਛਾ ਬੁਝਿ ਮਿਟਿ ਮਨ ਸੰਤਾਪ॥੨॥

ਜਗਤ ਗੁਰੂ ਰਵਿਦਾਸ ਜੀ ਮਹਾਰਾਜ ਸਭ ਜੀਵਾਂ ਨੂੰ ਸਤਿਗੁਰੂ ਦੇ ਦੱਸੇ ਮਾਰਗ 'ਤੇ ਚੱਲਕੇ ਪ੍ਰਭੂ ਦੀ ਆਪਣੇ ਅੰਦਰੋਂ ਪ੍ਰਾਪਤੀ ਕਰਕੇ ਜੀਵਨ ਸਫ਼ਲ ਕਰਨ ਦਾ ਪਾਵਨ ਉਪਦੇਸ਼ ਬਖਸ਼ਿਸ਼ ਕਰਦੇ ਹਨ।

ਸਤਿਗੁਰ ਹਮਹੁ ਲਖਾਈ ਬਾਟ॥
ਜਨਮ ਪਾਛਲੇ ਪਾਪ ਨਸਾਨੇ,
ਮਿਟੇਗੋ ਸਭੁ ਸੰਤਾਪ॥ਟੇਕ॥

ਸਤਿਗੁਰੂ ਜੀਵ ਨੂੰ ਸੰਸਾਰ ਰੂਪੀ ਭਵਸਾਗਰ ਤੋਂ ਪਾਰ ਹੋਣ ਲਈ ਨਾਮ ਰੂਪੀ ਰਸਤਾ ਦਿਖਾਉਂਦੇ ਹਨ। ਜਿਸ 'ਤੇ ਚੱਲਕੇ ਜੀਵ ਆਪਣੇ ਪਿਛਲੇ ਸਾਰੇ ਪਾਪਾਂ ਅਤੇ ਦੁੱਖਾਂ ਨੂੰ ਖ਼ਤਮ ਕਰ ਲੈਂਦਾ ਹੈ।

ਬਾਹਰ ਖੋਜਤ ਜਨਮ ਗੰਵਾਏ,
ਉਨਮਨਿ ਧਿਆਨ ਰਹੇ ਘਟ ਆਪ॥

ਜੀਵ ਬਾਹਰ ਪ੍ਰਭੂ ਨੂੰ ਲੱਭਦਾ ਹੋਇਆ ਜਨਮ ਗਵਾ ਲੈਂਦਾ ਹੈ ਪਰ ਨਾਮ ਜੱਪ ਕੇ, ਧਿਆਨ ਲਗਾ ਕੇ, ਸਹਿਜ ਅਵਸਥਾ ਵਿਚ ਪਹੁੰਚ ਕੇ, ਉਹ ਆਪਣੇ ਅੰਦਰੋਂ ਹੀ ਪ੍ਰਭੂ ਨੂੰ ਪ੍ਰਾਪਤ ਕਰ ਲੈਂਦਾ ਹੈ।

ਸ਼ਬਦ ਅਨਾਹਦ ਬਾਜਤ ਘਟ ਮਹਿੰ,
ਅਗਮ ਗਿਆਨ ਭੈ ਗੁਰ ਪ੍ਰਤਾਪ॥੧॥

ਅਨਹਦ ਸ਼ਬਦ ਇਕ ਰਸ ਜੀਵ ਦੇ ਅੰਦਰ ਗੂੰਜ ਰਿਹਾ ਹੈ। ਐਸਾ ਗਿਆਨ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ।

ਧਨ ਦਾਰਾ ਮਹਿੰ ਰਹਿਓ ਮਗਨ ਨਿਤ,
ਗੁਨਿਓ ਨ ਮਿਚੁ ਕੌ ਚਾਪ॥

ਧਨ ਅਤੇ ਇਸਤਰੀ ਵਿਚ ਜੀਵ ਨਿਤਾਪ੍ਰਤੀ ਮਗਨ ਰਹਿੰਦਾ ਹੈ



ਅਤੇ ਪ੍ਰਭੂ ਦੇ ਗੁਣਾਂ 'ਤੇ ਵਿਚਾਰ ਨਹੀਂ ਕਰਦਾ।

ਕਹਿ ਰਵਿਦਾਸ ਗੁਰ ਰਾਹ ਦਿਖਾਵੈ,
ਤ੍ਰਿਛਾ ਬੁਝਿ ਮਿਟਿ ਮਨ ਸੰਤਾਪ॥੨॥

ਸ੍ਰੀ ਗੁਰੂ ਰਵਿਦਾਸ ਜੀ ਉਚਾਰਣ ਕਰਦੇ ਹਨ ਕਿ ਜਦੋਂ ਗੁਰੂ ਪ੍ਰਭੂ ਨੂੰ ਮਿਲਣ ਦੀ ਰਾਹ ਦਿਖਾਉਂਦਾ ਹੈ ਤਾਂ ਉਸ ਰਾਹ 'ਤੇ ਚੱਲ ਕੇ ਜੀਵ ਦੇ ਮਨ ਵਿਚੋਂ ਸਾਰੀਆਂ ਤ੍ਰਿਸ਼ਨਾਵਾਂ ਅਤੇ ਸੰਤਾਪ ਸਮਾਪਤ ਹੋ ਜਾਂਦੇ ਹਨ, ਜੀਵ ਪ੍ਰਭੂ ਨਾਲ ਜੁੜ ਜਾਂਦਾ ਹੈ।

*****

# ਸ਼ਬਦ 79

ਬਾਪੁਰੋ ਸਤ ਰਵਿਦਾਸ ਕਹੈ ਰੇ।
ਗਿਆਨ ਬਿਚਾਰ ਚਰਨ ਚਿਤ ਲਾਵੈ ਹਰਿ ਕੀ ਸਰਨਿ ਰਹੈ ਰੇ॥ ਟੇਕ॥
ਪਾਤੀ ਤੋੜੇ ਪੂਜਿ ਰਚਾਵੇ ਤਾਰਨ ਤਿਰਨ ਕਹੈ ਰੇ।
ਮੂਰਤਿ ਮਾਹਿੰ ਬਸੈ ਪਰਮੇਸ਼ਰ ਤੌ ਪਾਨੀ ਮਾਹਿੰ ਤਿਰੈ ਰੇ॥੧॥
ਤ੍ਰਿਬਿਧ ਸੰਸਾਰ ਕਵਨ ਬਿਧਿ ਤਿਰਬੌ ਜੇ ਦ੍ਰਿੜ ਨਾਵ ਨ ਗਹੇ ਰੇ।
ਨਾਮ ਛਾਡਿਜੇ ਡਾਂਡੇ ਬੈਸੇ ਤੌ ਦੂਨਾ ਦੁਖ ਸਹੇ ਰੇ॥ ੨॥
ਗੁਰੁ ਕੋ ਸਬਦ ਅਰੁ ਸੁਰਤਿ ਕੁਦਾਲੀ ਖੋਦਤ ਕੋਈ ਲਹੈ ਰੇ॥
ਰਾਮ ਕਹਹੁ ਕੈ ਬਾਟੇ ਨ ਆਯੋ ਸੋ ਨੇਕੁ ਲਬਹੈ ਰੇ॥੩॥
ਝੂਠੀ ਮਾਯਾ ਜਗ ਡਹਕਾਯਾ ਤੌ ਤਿਨ ਤਾਪ ਦਹੈ ਰੇ।
ਕਹੈ ਰਵਿਦਾਸ ਰਾਮ ਜਪ ਰਸਨਾ ਮਾਯਾ ਕਾਹੂ ਕੇ ਸੰਗ ਨ ਰਹੈ ਰੇ॥੪॥

ਇਸ ਪਾਵਨ ਸ਼ਬਦ ਵਿਚ ਜਗਤ ਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਝੂਠੀ ਮਾਇਆ ਤੋਂ ਬਚਣ ਲਈ ਗੁਰੂ ਤੋਂ ਸ਼ਬਦ ਲੈ ਕੇ ਸ਼ਬਦ ਦਾ ਸਿਮਰਨ ਕਰਕੇ ਪਰਮ ਅਨੰਦ ਦੀ ਪ੍ਰਾਪਤੀ ਕਰਨ ਦਾ ਉਪਦੇਸ਼ ਦਿੰਦੇ ਹਨ।

ਬਾਪੁਰੋ ਸਤ ਰਵਿਦਾਸ ਕਹੈ ਰੇ।
ਗਿਆਨ ਬਿਚਾਰ ਚਰਨ ਚਿਤ ਲਾਵੈ ਹਰਿ ਕੀ ਸਰਨਿ ਰਹੈ ਰੇ॥ ਟੇਕ॥

ਸਤਿਗੁਰੂ ਰਵਿਦਾਸ ਜੀ ਮਹਾਰਾਜ ਫੁਰਮਾਉਂਦੇ ਹਨ ਕਿ ਮੈਂ ਸਤਿ ਕਹਿੰਦਾ ਹਾਂ ਕਿ ਜੀਵਾਂ ਨੂੰ ਪ੍ਰਭੂ ਦੇ ਸੱਚੇ ਗਿਆਨ ਦੀ ਵਿਚਾਰ ਕਰਨੀ ਅਤੇ ਪ੍ਰਭੂ ਦੇ ਚਰਨਾਂ ਵਿਚ ਮਨ ਲਾਉਣਾ ਚਾਹੀਦਾ ਹੈ ਅਤੇ ਪ੍ਰਭੂ ਦੀ ਸ਼ਰਨ ਵਿਚ ਰਹਿਣਾ ਚਾਹੀਦਾ ਹੈ।

ਪਾਤੀ ਤੋੜੇ ਪੂਜਿ ਰਚਾਵੇ ਤਾਰਨ ਤਿਰਨ ਕਹੈ ਰੇ।
ਮੂਰਤਿ ਮਾਹਿੰ ਬਸੈ ਪਰਮੇਸ਼ਰ ਤੌ ਪਾਨੀ ਮਾਹਿੰ ਤਿਰੈ ਰੇ॥੧॥

ਸੱਚੇ ਪ੍ਰੇਮ ਤੋਂ ਬਿਨਾਂ ਜੀਵ ਫੁੱਲ ਪੱਤੇ ਤੋੜਕੇ ਪ੍ਰਭੂ ਦੀ ਮੂਰਤੀ ਅੱਗੇ ਪੂਜਾ ਵਜੋਂ ਚੜ੍ਹਾਉਂਦਾ ਹੈ ਅਤੇ ਜੀਵਾਂ ਨੂੰ ਤਾਰਨ ਵਾਲਾ ਕਹਿੰਦਾ ਹੈ। ਜੇਕਰ

ਮੂਰਤੀ ਵਿਚ ਪ੍ਰਭੂ ਵਸਦਾ ਹੈ ਤਾਂ ਇਹ ਪਾਣੀ ਵਿਚ ਤਰਨੀ ਚਾਹੀਦੀ ਹੈ।

**ਤ੍ਰਿਬਿਧ ਸੰਸਾਰ ਕਵਨ ਬਿਧਿ ਤਿਰਬੋ ਜੇ ਦ੍ਰਿੜ ਨਾਵ ਨ ਗਹੇ ਰੇ।**
**ਨਾਮ ਛਾਡਿਜੇ ਡਾਂਡੇ ਬੈਸੇ ਤੌ ਦੂਨਾ ਦੁਖ ਸਹੇ ਰੇ॥ ੨॥**

ਜਦੋਂ ਤੱਕ ਜੀਵ ਨੂੰ ਸੰਸਾਰ ਰੂਪੀ ਭਵ-ਸਾਗਰ ਤੋਂ ਪਾਰ ਹੋਣ ਲਈ ਪ੍ਰਭੂ ਨਾਮ ਦੀ ਮਜ਼ਬੂਤ ਕਿਸ਼ਤੀ ਨਹੀਂ ਮਿਲੇਗੀ ਉਦੋਂ ਤਕ ਸਤ-ਰਜ-ਤਮ ਤਿੰਨੇ ਗੁਣਾਂ ਤੋਂ ਉੱਪਰ ਉੱਠ ਕੇ ਸੰਸਾਰ ਤੋਂ ਕਿਵੇਂ ਤਰ ਸਕੇਗਾ? ਪ੍ਰਭੂ ਦੇ ਮਜ਼ਬੂਤ ਨਾਮ ਰੂਪੀ ਕਿਸ਼ਤੀ ਨੂੰ ਛੱਡ ਕੇ ਦੇਵੀ ਦੇਵਤਿਆਂ ਦੀ ਪੂਜਾ ਰੂਪੀ ਡੰਡੇ ਭਾਵ ਚੱਪੂ ਨੂੰ ਫੜੇਗਾ ਤਾਂ ਇਸਨੂੰ ਬਹੁਤ ਕਸ਼ਟ ਸਹਿਣਾ ਪਵੇਗਾ।

**ਗੁਰੁ ਕੋ ਸਬਦ ਅਰੁ ਸੁਰਤਿ ਕੁਦਾਲੀ ਖੋਦਤ ਕੋਈ ਲਹੈ ਰੇ॥**
**ਰਾਮ ਕਹਹੁ ਕੈ ਬਾਟੈ ਨ ਆਯੋ ਸੋ ਨੇਕੁ ਲਬਹੈ ਰੇ॥੩॥**

ਇਸ ਸੰਸਾਰ ਵਿਚ ਕੋਈ ਵਿਰਲਾ ਹੀ ਐਸਾ ਜੀਵ ਹੈ ਜੋ ਗੁਰੂ ਤੋਂ ਸ਼ਬਦ ਲੈ ਕੇ ਉਸ ਦੀ ਕਮਾਈ ਕਰਕੇ ਸੁਰਤ ਰੂਪੀ ਕੁਦਾਲੀ ਨਾਲ ਆਪਣੇ ਅੰਦਰੋਂ ਪ੍ਰਭੂ ਦੀ ਤਲਾਸ਼ ਨਾਲ ਸ਼ਬਦ-ਸੁਰਤ ਦਾ ਮੇਲ ਕਰਕੇ ਪਰਮ-ਅਨੰਦ ਦੀ ਖੋਜ ਕਰਦਾ ਹੈ। ਸਭ ਦਾ ਮਾਲਿਕ ਰਾਮ ਕਿਸੇ ਦੀ ਵੰਡ ਵਿਚ ਨਹੀਂ ਆਇਆ, ਜੋ ਨੇਕ ਹਿਰਦੇ ਨਾਲ ਪ੍ਰਭੂ ਨੂੰ ਖੋਜਦਾ ਹੈ ਉਹ ਮਾਲਿਕ ਨੂੰ ਪਾ ਲੈਂਦਾ ਹੈ।

**ਝੂਠੀ ਮਾਯਾ ਜਗ ਡਹਕਾਯਾ ਤੌ ਤਿਨ ਤਾਪ ਦਹੈ ਰੇ।**
**ਕਹੈ ਰਵਿਦਾਸ ਰਾਮ ਜਪ ਰਸਨਾ ਮਾਯਾ ਕਾਹੂ ਕੇ ਸੰਗ ਨ ਰਹੈ ਰੇ॥੪॥**

ਝੂਠੀ ਮਾਇਆ ਨੇ ਸਾਰੇ ਸੰਸਾਰ ਨੂੰ ਭਰਮਾਇਆ ਹੋਇਆ ਹੈ ਇਸ ਲਈ ਜੀਵ ਨੂੰ ਤਿੰਨੇ ਦੁੱਖ- ਆਧ, ਵਿਆਧ ਤੇ ਉਪਾਧ ਵਿਆਪ ਰਹੇ ਹਨ। ਜਗਤ ਗੁਰੂ ਰਵਿਦਾਸ ਜੀ ਕਥਨ ਕਰਦੇ ਹਨ ਹੇ ਸੰਸਾਰ ਦੇ ਜੀਵੋ ਆਪਣੀ ਰਸਨਾ ਨਾਲ ਪ੍ਰਭੂ ਦਾ ਨਾਮ ਜੱਪੋ ਤਾਂ ਜੋ ਤੁਹਾਡਾ ਮਨ ਸੱਚੇ ਪ੍ਰਭੂ ਨਾਲ ਹੀ ਲੱਗਾ ਰਹੇ। ਮਾਇਆ ਤਾਂ ਕਦੇ ਵੀ ਕਿਸੇ ਦੇ ਸੰਗ ਨਹੀਂ ਰਹਿੰਦੀ।

*****

## ਸ਼ਬਦ 80

**ਏਹ ਅੰਦੇਸ ਸੋਚ ਯਿਹ ਮੇਰੇ।**
**ਨਿਸਿਵਾਸਰ ਗੁਨ ਗਾਊਂ ਤੇਰੇ॥ ਟੇਕ॥**
**ਤੁਮ ਚਿੰਤਤ ਮੇਰੀ ਚਿੰਤਹੁ ਜਾਈ।**
**ਤੁਮ ਚਿੰਤਾਮਨਿ ਹੋਇ ਕਿ ਨਾਹੀ॥੧॥**
**ਭਗਤਿ ਹੇਤ ਤੁਮ ਕਹਾ ਕਹਾ ਨਹਿੰ ਕੀਨ੍ਹਾ।**
**ਹਮਰੀ ਬੇਰ ਭਏ ਬਲਹੀਨਾ॥੨॥**
**ਕਹੈ ਰਵਿਦਾਸ ਦਾਸ ਅਪਰਾਧੀ।**



**ਜੇਹਿ ਤੁਮ ਦ੍ਰਵੌ ਮੈਂ ਭਗਤਿ ਨ ਸਾਧੀ॥੩॥**

ਜਗਤ ਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਪਾਵਨ ਉਪਦੇਸ਼ ਦਿੰਦੇ ਹਨ ਕਿ ਜੀਵ ਦੇ ਮਨ ਵਿਚ ਪ੍ਰਭੂ ਦੇ ਗੁਣ ਗਾਉਣ ਦੀ ਦਿਨ ਰਾਤ ਚਿੰਤਾ ਹੋਣੀ ਚਾਹੀਦੀ ਹੈ।

**ਏਹ ਅੰਦੇਸ ਸੋਚ ਯਿਹ ਮੇਰੇ।**
**ਨਿਸਿਵਾਸਰ ਗੁਨ ਗਾਊਂ ਤੇਰੇ॥ ਟੇਕ॥**

ਹੇ ਪ੍ਰਭੂ ਜੀ! ਮੇਰੇ ਮਨ ਵਿਚ ਇਹ ਚਿੰਤਾ ਤੇ ਸੋਚ ਲੱਗੀ ਰਹਿੰਦੀ ਹੈ ਕਿ ਮੈਂ ਦਿਨ ਰਾਤ ਆਪ ਦੇ ਗੁਣ ਗਾਉਂਦਾ ਰਹਾਂ।

**ਤੁਮ ਚਿੰਤਤ ਮੇਰੀ ਚਿੰਤਹੁ ਜਾਈ।**
**ਤੁਮ ਚਿੰਤਾਮਨਿ ਹੋਇ ਕਿ ਨਾਹੀ॥੧॥**

ਪ੍ਰਭੂ ਜੀ! ਆਪ ਦੇ ਪਾਵਨ ਨਾਮ ਚੇਤੇ ਕਰਨ ਨਾਲ ਮੇਰੇ ਮਨ ਦੀਆਂ ਸਭ ਚਿੰਤਾਵਾਂ ਖਤਮ ਹੋ ਗਈਆਂ ਹਨ। ਆਪ ਦਾ ਇਕ ਨਾਮ ਹੀ ਮਨ-ਇਛਿੱਤ ਫਲ ਦੇਣ ਵਾਲੀ ਮਨੀ ਹੈ।

**ਭਗਤਿ ਹੇਤ ਤੁਮ ਕਹਾ ਕਹਾ ਨਹਿੰ ਕੀਨ੍ਹਾ।**
**ਹਮਰੀ ਬੇਰ ਭਏ ਬਲਹੀਨਾ॥੨॥**

ਪ੍ਰਭੂ ਜੀ ਆਪ ਆਪਣੇ ਭਗਤਾਂ ਲਈ ਕੀ ਕੀ ਨਹੀਂ ਕਰਦੇ? ਪਰ ਮੇਰੀ ਵਾਰੀ ਆਪ ਬਲਹੀਨ ਹੋ ਗਏ ਹੋ, ਮੇਰੀ ਸਹਾਇਤਾ ਕਿਉਂ ਨਹੀਂ ਕਰਦੇ?

**ਕਹੈ ਰਵਿਦਾਸ ਦਾਸ ਅਪਰਾਧੀ।**
**ਜੇਹਿ ਤੁਮ ਦ੍ਰਵੌ ਮੈਂ ਭਗਤਿ ਨ ਸਾਧੀ॥੩॥**

ਗੁਰੂ ਰਵਿਦਾਸ ਜੀ ਮਹਾਰਾਜ ਕਥਨ ਕਰਦੇ ਹਨ ਕਿ ਪ੍ਰਭੂ ਜੀ ਦਾਸ ਅਪਰਾਧੀ ਹੈ, ਜੋ ਆਪ ਦਾ ਦਾਸ ਕਹਾ ਕੇ ਆਪ ਦੀ ਭਗਤੀ ਰੂਪੀ ਸੱਚੀ ਸਾਧਨਾ ਨਹੀਂ ਕਰਦਾ।

******

## ਸ਼ਬਦ 81

**ਬੌਰੀ ਕਰਿਲੈ ਰਾਮ ਸਨੇਹਾ॥**
**ਸੰਗ ਸਹੇਲੀ ਵਿਆਹ ਚਲੀ ਸਬ,**
**ਛਾਡਿ ਨੈਹਰਿ ਰਾ ਗੇਹਾ॥ਟੇਕ॥**
**ਖੇਲ ਖਿਲਾਰ ਬਇਸ ਸਭ ਬੀਤੀ,**
**ਮਨ ਚਿਤ ਭਜ ਨ ਪਿਉ ਪਰਤੀਤੀ॥**
**ਮੈਂ ਮੈਂ ਜੌ ਲੌਂ ਗਰਭ ਬੌਰਾਨੀ,**
**ਤੌਂ ਲੌਂ ਪਿਆਰਾ ਮਨੁ ਨਹਿੰ ਆਨੀ॥੧॥**

ਆਪਾ ਮੇਟਿ ਮੈਂ ਮੇਰੀ ਖੋਹੀ,
ਗਰਬ ਤਿਆਗੀ ਅਰਪਿਹਿ ਨਿਜ ਦੇਹੀ॥
ਪਿਉ ਕੌ ਨਾਰੀ ਉਹਿ ਮਨ ਆਈ,
ਜਿਹਿ ਅਭਿ ਅੰਤਰ ਅਵਰੁ ਨਹਿੰ ਕਾਈ॥੨॥
ਜੌ ਲੌਂ ਪਿਆਰਾ ਮਨ ਨਹਿੰ ਆਈ,
ਕਾ ਸੋਰਹਿ ਸ਼ਿੰਗਾਰ ਬਨਾਈ॥
ਸੋਈ ਸਤੀ ਰਵਿਦਾਸ ਬਖਾਨੀ,
ਤਨ ਮਨ ਸਿਊਂ ਪਿਉ ਰੰਗ ਸਮਾਨੀ॥੩॥

ਇਸ ਸ਼ਬਦ ਵਿਚ ਜਗਤਗੁਰੂ ਰਵਿਦਾਸ ਮਹਾਰਾਜ ਜੀ ਜੀਵ ਰੂਪੀ ਇਸਤਰੀ ਨੂੰ ਪਤੀ ਪ੍ਰਭੂ ਨੂੰ ਪ੍ਰਾਪਤ ਕਰਕੇ ਆਪਣਾ ਜੀਵਨ ਸਫ਼ਲ ਕਰਨ ਦਾ ਪਾਵਨ ਉਪਦੇਸ਼ ਬਖਸ਼ਿਸ਼ ਕਰਦੇ ਹਨ।

ਬੌਰੀ ਕਰਿਲੈ ਰਾਮ ਸਨੇਹਾ॥
ਸੰਗ ਸਹੇਲੀ ਵਿਆਹ ਚਲੀ ਸਬ,
ਛਾਡਿ ਨੈਹਰਿ ਰਾ ਗੇਹਾ॥ਟੇਕ॥

ਪ੍ਰਭੂ ਨੂੰ ਭੁੱਲੀ ਹੋਈ ਜੀਵ ਰੂਪੀ ਬੌਰੀ ਇਸਤਰੀ! ਤੂੰ ਪ੍ਰਭੂ ਨਾਲ ਸਨੇਹ ਕਰ। ਬਾਕੀ ਜੀਵ ਰੂਪੀ ਸਹੇਲੀਆਂ ਇਸਤਰੀਆਂ ਪ੍ਰਭੂ ਨਾਲ ਮਿਲ ਗਈਆਂ ਹਨ ਭਾਵ ਵਿਆਹੀਆਂ ਗਈਆਂ ਹਨ। ਇਸ ਲਈ ਹੇ ਭਾਈ! ਤੂੰ ਇੱਧਰ-ਉੱਧਰ ਦੀਆਂ ਗੱਲਾਂ ਛੱਡ ਕੇ ਪ੍ਰਭੂ ਦਾ ਸਿਮਰਨ ਕਰ।

ਖੇਲ ਖਿਲਾਰ ਬਇਸ ਸਭ ਬੀਤੀ,
ਮਨ ਚਿਤ ਭਜ ਨ ਪਿਉ ਪਰਤੀਤੀ॥

ਹੇ ਜੀਵ ਰੂਪੀ ਇਸਤਰੀ! ਪ੍ਰਭੂ ਨੂੰ ਭੁੱਲ ਕੇ ਤੇਰੀ ਉਮਰ ਸੰਸਾਰ ਦੇ ਹੋਰ ਕੰਮਾਂ ਵਿਚ ਬਤੀਤ ਹੋ ਰਹੀ ਹੈ। ਤੂੰ ਮਨ ਅਤੇ ਚਿਤ ਇੱਕ ਕਰਕੇ ਪ੍ਰਭੂ 'ਤੇ ਵਿਸ਼ਵਾਸ਼ ਕਿਉਂ ਨਹੀਂ ਕਰਦੀ।

ਮੈਂ ਮੈਂ ਜੌ ਲੌਂ ਗਰਭ ਬੌਰਾਨੀ,
ਤੌਂ ਲੌਂ ਪਿਆਰਾ ਮਨੁ ਨਹਿੰ ਆਨੀ॥੧॥

ਜਿੰਨਾਂ ਚਿਰ ਇਹ ਜੀਵ ਰੂਪੀ ਇਸਤਰੀ ਹੰਕਾਰ ਕਰਕੇ ਬਾਵਰੀ ਬਣੀ ਰਹਿੰਦੀ ਹੈ, ਓਨਾ ਚਿਰ ਪਿਆਰੇ ਪ੍ਰਭੂ ਪਤੀ ਦੇ ਮਨ ਨੂੰ ਨਹੀਂ ਭਾਉਂਦੀ।

ਆਪਾ ਮੇਟਿ ਮੈਂ ਮੇਰੀ ਖੋਹੀ,
ਗਰਬ ਤਿਆਗੀ ਅਰਪਿਹਿ ਨਿਜ ਦੇਹੀ॥

ਮੈਂ ਆਪਣਾ ਆਪ ਮਿਟਾ ਕੇ ਭਾਵ ਮੈਂ ਮੇਰੀ ਦੇ ਹੰਕਾਰ ਨੂੰ ਤਿਆਗ ਕੇ ਪ੍ਰਭੂ ਪਤੀ ਦੇ ਅੱਗੇ ਆਪਣੀ ਦੇਹੀ ਨੂੰ ਸਮਰਪਿਤ ਕਰ ਦਿੱਤਾ ਹੈ।

ਪਿਉ ਕੌ ਨਾਰੀ ਉਹਿ ਮਨ ਆਈ,
ਜਿਹਿ ਅਭਿ ਅੰਤਰ ਅਵਰੁ ਨਹਿੰ ਕਾਈ॥੨॥

ਪ੍ਰਭੂ ਪਤੀ ਦੇ ਮਨ ਨੂੰ ਉਹੀ ਜੀਵ ਰੂਪੀ ਇਸਤਰੀ ਭਾਉਂਦੀ ਹੈ, ਜਿਸ



ਦੇ ਅੰਦਰ ਪ੍ਰਭੂ ਤੋਂ ਬਿਨਾਂ ਹੋਰ ਕਿਸੇ ਦਾ ਖਿਆਲ ਨਹੀਂ ਹੈ।

ਜੌ ਲੌਂ ਪਿਆਰਾ ਮਨ ਨਹਿੰ ਆਈ,
ਕਾ ਸੋਰਹਿ ਸ਼ਿੰਗਾਰ ਬਨਾਈ॥

ਜੇਕਰ ਇਹ ਜੀਵ ਰੂਪੀ ਇਸਤਰੀ ਪਤੀ ਪਰਮਾਤਮਾ ਨੂੰ ਨਹੀਂ ਭਾਉਂਦੀ ਤਾਂ ਇਹ ਜਿੰਨੇ ਮਰਜੀ ਸ਼ਿੰਗਾਰ ਕਰ ਲਵੇ ਕਿਸੇ ਕੰਮ ਨਹੀਂ ਆਉਂਦੇ।

ਸੋਈ ਸਤੀ ਰਵਿਦਾਸ ਬਖਾਨੀ,
ਤਨ ਮਨ ਸਿਊਂ ਪਿਉ ਰੰਗ ਸਮਾਨੀ॥੩॥

ਸਤਿਗੁਰੂ ਰਵਿਦਾਸ ਜੀ ਵਖਿਆਨ ਕਰਦੇ ਹਨ ਕਿ ਉਹੀ ਜੀਵ ਰੂਪੀ ਇਸਤਰੀ ਸਤੀ ਹੈ ਜੋ ਆਪਣੇ ਪਤੀ ਅੱਗੇ ਤਨ-ਮਨ ਅਰਪਣ ਕਰ ਦਿੰਦੀ ਹੈ ਅਤੇ ਉਸਦੇ ਰੰਗ ਵਿਚ ਰੰਗ ਹੋ ਕੇ ਉਸ ਵਿਚ ਸਮਾ ਜਾਂਦੀ ਹੈ।

*****

## ਸ਼ਬਦ 82

ਰੇ ਮਨ ਮਾਂਛਲਾ ਸੰਸਾਰ ਸਮੁੰਦੇ, ਤੂੰ ਚਿਤਰ ਬਚਿਤਰ ਬਿਚਾਰ ਰੇ।
ਜਿਹਿੰ ਗਾਲੇ ਗਲਿਆਹੀਂ ਮਰੀਏ, ਸੋ ਸੰਗ ਦੂਰਿ ਨਿਵਾਰਿ ਰੇ॥ਟੇਕ॥
ਯਮ ਹੈ ਡਿਗਣਿ ਡੋਰਿ ਹੈ ਕੰਕਣ, ਪਰ ਤਿਯ ਗਾਲੌ ਜਾਣਿ ਰੇ॥
ਹਵੈ ਰਸ ਲੁਬੁਧ ਰਮੇ ਯੌਂ ਮੂਰਖ, ਮਨ ਪਛਿਤਾਵੈ ਨਿਆਂਣਿ ਰੇ੧॥
ਪਾਪ ਗੁਨਿਓ ਛੈ ਧਰਮ ਨਿਬੌਲੀ, ਤੂੰ ਦੇਖਿ ਦੇਖਿ ਫਲ ਚਾਖਿ ਰੇ॥੨॥
ਪਰਤਿਰਿਆ ਸੰਗ ਭਲੌਂ ਜੌਂ ਹੋਵੈ, ਤੋ ਰਾਣੌਂ ਰਾਵਨ ਦੇਖਿ ਰੇ॥2॥
ਕਹੈ ਰਵਿਦਾਸ ਰਤਨ ਫਲ ਕਾਰਨਿ, ਗੋਬਿੰਦ ਕੈ ਗੁਨ ਗਾਇ ਰੇ।
ਕਾਂਚੌ ਕੁੰਭ ਭਰਿਓ ਜਲ ਜੈਸੇ, ਦਿਨ ਦਿਨ ਘਟਤੌ ਜਾਇ ਰੇ॥੩॥

ਇਸ ਪਾਵਨ ਸ਼ਬਦ ਵਿਚ ਜਗਤਗੁਰੂ ਰਵਿਦਾਸ ਜੀ ਮਹਾਰਾਜ ਮਨ ਰੂਪੀ ਮਛਲੀ ਨੂੰ ਪ੍ਰਭੂ ਦਾ ਸਿਮਰਨ ਕਰਕੇ ਸੰਸਾਰ ਰੂਪੀ ਸਮੁੰਦਰ ਤੋਂ ਪਾਰ ਹੋਣ ਦਾ ਪਾਵਨ ਉਪਦੇਸ਼ ਦਿੰਦੇ ਹਨ।

ਰੇ ਮਨ ਮਾਂਛਲਾ ਸੰਸਾਰ ਸਮੁੰਦੇ, ਤੂੰ ਚਿਤਰ ਬਚਿਤਰ ਬਿਚਾਰ ਰੇ।
ਜਿਹਿੰ ਗਾਲੇ ਗਲਿਆਹੀਂ ਮਰੀਏ, ਸੋ ਸੰਗ ਦੂਰਿ ਨਿਵਾਰਿ ਰੇ॥ਟੇਕ॥

ਹੇ ਮਨ! ਤੂੰ ਮੱਛੀ ਵਾਂਗ ਹੈ, ਸੰਸਾਰ ਸਮੁੰਦਰ ਵਾਂਗ ਹੈ ਅਤੇ ਕਈ ਪ੍ਰਕਾਰ ਦੇ ਰੰਗਾਂ ਨਾਲ ਭਰਿਆ ਹੋਇਆ ਹੈ, ਤੂੰ ਇਸਦੀ ਵਿਚਾਰ ਕਰ। ਇਨ੍ਹਾਂ ਸੰਸਾਰ ਦੇ ਝੂਠੇ ਬੰਧਨਾਂ ਵਿਚ ਫਸ ਕੇ ਭਾਈ ਤੂੰ ਗਲ ਕੇ ਮਰ ਰਿਹਾ ਹੈਂ। ਇਨ੍ਹਾਂ ਬੰਧਨਾਂ ਨੂੰ ਤੂੰ ਦੂਰ ਕਰ।

ਯਮ ਹੈ ਡਿਗਣਿ ਡੋਰਿ ਹੈ ਕੰਕਣ, ਪਰ ਤਿਯ ਗਾਲੌ ਜਾਣਿ ਰੇ॥
ਹਵੈ ਰਸ ਲੁਬੁਧ ਰਮੇ ਯੌਂ ਮੂਰਖ, ਮਨ ਪਛਿਤਾਵੈ ਨਿਆਂਣਿ ਰੇ੧॥

ਜਮਦੂਤਾਂ ਦਾ ਮੌਤ ਰੂਪੀ ਡਿਗਣ ਕਿਸੇ ਵੀ ਸਮੇਂ ਤੇਰੇ 'ਤੇ ਡਿੱਗ

ਸਕਦਾ ਹੈ ਅਤੇ ਤੂੰ ਸੰਸਾਰ ਦੇ ਵਿਕਾਰਾਂ ਰੂਪੀ ਬੰਧਨ (ਕੰਗਣ) ਵਿਚ ਬੱਝਿਆ ਹੈ ਅਤੇ ਪਰਾਈ ਇਸਤਰੀ ਦਾ ਸੰਗ ਤੈਨੂੰ ਗਾਲਣ ਵਾਲਾ ਹੈ। ਹੇ ਮੂਰਖ ਪੁਰਸ਼ਾ ਤੂੰ ਸੰਸਾਰ ਦੇ ਰਸਾਂ ਕਸਾਂ ਵਿਚ ਲੁਭਾਏਮਾਨ ਹੋਇਆ ਹੈ, ਫਿਰ ਤੈਨੂੰ ਅਨਜਾਣਾ ਵਾਂਗ ਪਛਤਾਉਣਾ ਪਵੇਗਾ।

**ਪਾਪ ਗੁਨਿਓ ਛੈ ਧਰਮ ਨਿਬੌਲੀ, ਤੂੰ ਦੇਖਿ ਦੇਖਿ ਫਲ ਚਾਖਿ ਰੇ ॥੨॥**

ਪਾਪ ਕਰਨ ਵਾਲੇ ਬੰਦੇ ਲਈ ਛੇ ਧਰਮ ਕੌੜੀ ਨਿਬੌਲੀ (ਨਿੰਮ ਦੀ ਗੁਠੋਲੀ) ਸਮਾਨ ਹਨ, ਤੂੰ ਇਨ੍ਹਾਂ ਵੱਲ ਦੇਖ-ਦੇਖ ਕੇ ਪਾਪ ਰੂਪੀ ਫ਼ਲਾਂ ਨੂੰ ਦੇਖ।

**ਪਰਤਿਰਿਆ ਸੰਗ ਭਲੌ ਜੌਂ ਹੋਵੈ, ਤੋ ਰਾਣੌਂ ਰਾਵਨ ਦੇਖਿ ਰੇ ॥2॥**

ਪਰਾਈ ਇਸਤਰੀ ਦੇ ਸੰਗ ਕਰਕੇ ਜੇ ਭਲਾ ਹੁੰਦਾ? ਤਾਂ ਤੂੰ ਰਾਜੇ ਰਾਵਣ ਦੀ ਹਾਲਤ ਦੇਖ।

**ਕਹੈ ਰਵਿਦਾਸ ਰਤਨ ਫਲ ਕਾਰਨਿ, ਗੋਬਿੰਦ ਕੈ ਗੁਨ ਗਾਇ ਰੇ।**
**ਕਾਂਚੌ ਕੁੰਭ ਭਰਿਓ ਜਲ ਜੈਸੇ, ਦਿਨ ਦਿਨ ਘਟਤੌ ਜਾਇ ਰੇ ॥੩॥**

ਸਤਿਗੁਰੂ ਰਵਿਦਾਸ ਮਹਾਰਾਜ ਜੀ ਉਚਾਰਨ ਕਰਦੇ ਹਨ, ਹੇ ਭਾਈ ਤੂੰ ਪ੍ਰਭੂ ਦੇ ਅਨਮੋਲਕ ਨਾਮ ਰੂਪੀ ਰਤਨ ਦੇ ਫਲ ਦੀ ਪ੍ਰਾਪਤੀ ਲਈ ਉਸਦੇ ਗੁਣ ਗਾ। ਪ੍ਰਭੂ ਦੇ ਨਾਮ ਤੋਂ ਬਿਨਾਂ ਜਿਵੇਂ ਕੱਚਾ ਘੜਾ ਪਾਣੀ ਨਾਲ ਭਰਿਆ ਹੋਇਆ ਦਿਨ-ਬ-ਦਿਨ ਖੁਰਦਾ ਜਾਂਦਾ ਹੈ। ਇਸ ਪ੍ਰਕਾਰ ਪ੍ਰਭੂ ਦੇ ਨਾਮ ਤੋਂ ਬਿਨਾਂ ਜੀਵਨ ਬੇਅਰਥ ਜਾ ਰਿਹਾ ਹੈ।

******

## ਸ਼ਬਦ 83

**ਰਥ ਕੋ ਚਤੁਰ ਚਲਾਵਨਹਾਰੋ।**
**ਖਿਨ ਹਾਂਕੈ ਖਿਨ ਉਭੋ ਰਾਖੈ ਨਹੀਂ ਆਨ ਕੌ ਸਾਰੋ ॥ ਟੇਕ ॥**
**ਜਬ ਰਥ ਰਹੈ ਸਾਰਥੀ ਥਾਕੈ ਤਬਕੋ ਰਥਹਿ ਚਲਾਵੈ।**
**ਨਾਦ ਬਿੰਦ ਸਬੈ ਹੀ ਥਾਕੈ ਮਨ ਮੰਗਲ ਨਹਿ ਗਾਵੈ ॥੧॥**
**ਪਾਂਚ ਤਤ ਕੌ ਯਹੁ ਰਥ ਸਾਜਿਓ ਅਰਧੈ ਉਰਧ ਨਿਵਾਸਾ।**
**ਚਰਨ ਕਮਲ ਲਿਯੋ ਲਾਇ ਰਹਿਓ ਹੈ ਗੁਨ ਗਾਵੈ ਰਵਿਦਾਸਾ ॥੨॥**

ਇਸ ਪਾਵਨ ਸ਼ਬਦ ਵਿਚ ਜਗਤਗੁਰੂ ਰਵਿਦਾਸ ਜੀ ਮਹਾਰਾਜ ਪੰਜਾਂ ਤੱਤਾਂ ਤੋਂ ਬਣੇ ਹੋਏ ਸਰੀਰ ਰੂਪੀ ਰੱਥ ਨੂੰ ਚਲਾਉਣ ਵਾਲੇ ਮਨ ਰੂਪੀ ਰਥਵਾਨ ਨੂੰ ਪ੍ਰਭੂ ਦੀ ਤਰਫ ਲੱਗਣ ਦਾ ਉਪਦੇਸ਼ ਦਿੰਦੇ ਹਨ। ਉਸ ਪ੍ਰਭੂ ਨਾਲ ਲਿਵ ਲਾ ਕੇ ਇਹ ਜੀਵ ਉਸ ਵਿਚ ਲੀਨ ਹੋ ਜਾਂਦਾ ਹੈ।

**ਰਥ ਕੋ ਚਤੁਰ ਚਲਾਵਨਹਾਰੋ।**
**ਖਿਨ ਹਾਂਕੈ ਖਿਨ ਉਭੋ ਰਾਖੈ ਨਹੀਂ ਆਨ ਕੌ ਸਾਰੋ ॥ ਟੇਕ ॥**

ਪੰਜਾਂ ਤੱਤਾਂ ਤੋਂ ਬਣੇ ਹੋਏ ਮਾਣਸ ਸਰੀਰ ਰੂਪੀ ਰੱਥ ਨੂੰ ਚਲਾਉਣ



ਵਾਲਾ ਮਨ ਰੂਪੀ ਚਾਲਕ ਬਹੁਤ ਸਿਆਣਾ ਤੇ ਚਤਰ ਹੈ। ਛਿੰਨ ਵਿਚ ਹੀ ਇਹ ਸਰੀਰ ਨੂੰ ਦੁੜਾਉਣ ਲੱਗ ਪੈਂਦਾ ਹੈ ਤੇ ਛਿੰਨ ਵਿਚ ਹੀ ਮਾਰਗ ਤੋਂ ਇਧਰ ਉਧਰ ਖੁੰਝਣ ਤੋਂ ਬਚਾ ਲੈਂਦਾ ਹੈ। ਇਸ ਗਲ ਦਾ ਹੋਰ ਕਿਸੇ ਨੂੰ ਪਤਾ ਹੀ ਨਹੀਂ ਲਗਦਾ।

**ਜਬ ਰਥ ਰਹੈ ਸਾਰਥੀ ਥਾਕੈ ਤਬਕੋ ਰਥਹਿ ਚਲਾਵੈ।**
**ਨਾਦ ਬਿੰਦ ਸਬੈ ਹੀ ਥਾਕੈ ਮਨ ਮੰਗਲ ਨਹਿ ਗਾਵੈ ॥੧॥**

ਜਿਸ ਵੇਲੇ ਸਰੀਰ ਰੂਪੀ ਰੱਥ ਤਾਂ ਹੁੰਦਾ ਹੈ ਪਰ ਸਾਰਥੀ ਥੱਕ ਜਾਂਦਾ ਹੈ ਤਾਂ ਰੱਥ ਨੂੰ ਕੌਣ ਚਲਾਵੇਗਾ। ਉਸ ਸਮੇਂ ਮਨ ਮੰਗਲਮਈ ਗੀਤ ਨਹੀਂ ਗਾ ਸਕੇਗਾ। ਭਾਵ ਇਹ ਜੀਵ ਪ੍ਰਭੂ ਨੂੰ ਭੁਲਾ ਕੇ ਪਰਮ-ਅਨੰਦ ਨੂੰ ਅਨੁਭਵ ਨਹੀਂ ਕਰ ਸਕਦਾ। ਜੀਵ ਦਾ ਮਨ ਪ੍ਰਭੂ ਦੇ ਗੁਣ ਨਹੀਂ ਗਾ ਸਕਦਾ।

**ਪਾਂਚ ਤਤ ਕੌ ਯਹੁ ਰਥ ਸਾਜਿਓ ਅਰਧੈ ਉਰਧ ਨਿਵਾਸਾ।**
**ਚਰਨ ਕਮਲ ਲਿਯੋ ਲਾਇ ਰਹਿਓ ਹੈ ਗੁਨ ਗਾਵੈ ਰਵਿਦਾਸਾ ॥੨॥**

ਪ੍ਰਭੂ ਨੇ ਪੰਜਾਂ ਤੱਤਾਂ ਪਾਣੀ, ਹਵਾ, ਮਿੱਟੀ, ਅੱਗ ਅਤੇ ਅਕਾਸ਼ ਤੋਂ ਸਰੀਰ ਰੂਪੀ ਰੱਥ ਬਣਾਇਆ ਹੈ ਜਿਸ ਦਾ ਲੋਕ-ਪਰਲੋਕ ਵਿਚ ਨਿਵਾਸ ਹੈ। ਗੁਰੂ ਰਵਿਦਾਸ ਮਹਾਰਾਜ ਜੀ ਪ੍ਰਭੂ ਦੇ ਗੁਣ ਗਾਉਂਦੇ ਹੋਏ ਉਚਾਰਨ ਕਰਦੇ ਹਨ ਕਿ ਪ੍ਰਭੂ ਜੀ ਮੈਂ ਆਪ ਜੀ ਦੇ ਚਰਨ-ਕਮਲਾਂ ਨਾਲ ਲਿਵ ਲਾ ਕੇ ਆਪ ਵਿਚ ਲੀਨ ਹੋ ਗਿਆ ਹਾਂ।

******

## ਸ਼ਬਦ 84

**ਜੋ ਤੁਮ ਤੋਰੋ ਰਾਮ ਮੈ ਨਹਿੰ ਤੋਰੌਂ।**
**ਤੁਮ ਸੌਂ ਤੋਰਿ ਕਵਨ ਸੌ ਜੋਰੌਂ ॥ ਟੇਕ ॥**
**ਤੀਰਥ ਬਰਤ ਨ ਕਰੌ ਅੰਦੇਸਾ।**
**ਤੁਮ੍ਹਰੇ ਚਰਨ ਕਮਲ ਕਾ ਭਰੋਸਾ ॥੧॥**
**ਜਹੰ ਜਹੰ ਜਾਉ ਤੁਮ੍ਹਾਰੀ ਪੂਜਾ।**
**ਤੁਮ ਸਾ ਦੇਵ ਅਵਰ ਨਹਿੰ ਦੂਜਾ ॥੨॥**
**ਮੈ ਅਪਨੋ ਮਨ ਹਰਿ ਸੋ ਜੋਰਿਓ।**
**ਹਰਿ ਸੋ ਜੋਰਿ ਸਬਨ ਸੇ ਤੋਰਿਓ ॥੩॥**
**ਸਬ ਪਰ ਹਰਿ ਤੁਮਾਰੀ ਆਸਾ।**
**ਮਨ ਕ੍ਰਮ ਬਚਨ ਕਹੈ ਰਵਿਦਾਸਾ ॥੪॥**

ਜਗਤਗੁਰੂ ਰਵਿਦਾਸ ਮਹਾਰਾਜ ਜੀ, ਜੀਵਾਂ ਨੂੰ ਆਡੰਬਰਾਂ ਤੋਂ ਮੁਕਤ ਹੋ ਕੇ ਪ੍ਰਭੂ ਨਾਲ ਸੱਚੀ ਪ੍ਰੀਤ ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ।

**ਜੋ ਤੁਮ ਤੋਰੋ ਰਾਮ ਮੈ ਨਹਿੰ ਤੋਰੌਂ।**

**ਤੁਮ ਸੋਂ ਤੋਰਿ ਕਵਨ ਸੌ ਜੋਰੌ॥ ਟੇਕ॥**

ਹੇ ਪ੍ਰਭੂ ਜੀ! ਮੇਰੀ ਆਪ ਜੀ ਨਾਲ ਸੱਚੀ ਪ੍ਰੀਤੀ ਹੈ, ਜੇਕਰ ਆਪ ਮੇਰੇ ਨਾਲ ਪ੍ਰੀਤੀ ਤੋੜੋਗੇ ਵੀ ਪਰ ਮੈਂ ਨਹੀਂ ਤੋੜਾਂਗਾ ਕਿਉਂਕਿ ਆਪ ਜੀ ਨਾਲੋਂ ਪ੍ਰੀਤੀ ਤੋੜ ਕੇ ਹੋਰ ਕਿਸ ਨਾਲ ਜੋੜਾਂਗਾ?

**ਤੀਰਥ ਬਰਤ ਨ ਕਰੌ ਅੰਦੇਸਾ।**
**ਤੁਮ੍ਹਰੇ ਚਰਨ ਕਮਲ ਕਾ ਭਰੋਸਾ॥੧॥**

ਤੀਰਥ 'ਤੇ ਇਸ਼ਨਾਨ ਕਰਨਾ ਅਤੇ ਵਰਤ ਰੱਖਣੇ ਇਹਨਾਂ ਬਾਹਰੀ ਕਰਮਾਂ ਨੂੰ ਕਰਨ ਦੀ ਮੈਨੂੰ ਕੋਈ ਚਿੰਤਾ ਨਹੀਂ, ਕਿਉਂਕਿ ਮੇਰਾ ਸੱਚਾ ਭਰੋਸਾ ਤਾਂ ਕੇਵਲ ਆਪ ਜੀ ਦੇ ਚਰਨਾਂ ਕੰਵਲਾਂ ਉੱਪਰ ਹੈ।

**ਜਹੰ ਜਹੰ ਜਾਉ ਤੁਮ੍ਹਾਰੀ ਪੂਜਾ।**
**ਤੁਮ ਸਾ ਦੇਵ ਅਵਰ ਨਹਿੰ ਦੂਜਾ॥੨॥**

ਪ੍ਰਭੂ ਜੀ ਮੈਂ ਜਿਥੇ ਵੀ ਜਾਂਦਾ ਹਾਂ ਸਿਰਫ ਆਪ ਜੀ ਦੀ ਪੂਜਾ ਕਰਦਾ ਹਾਂ। ਆਪ ਵਰਗਾ ਮਹਾਨ ਦੇਵ ਕੋਈ ਵੀ ਦੂਜਾ ਨਹੀਂ ਹੈ।

**ਮੈ ਅਪਨੋ ਮਨ ਹਰਿ ਸੋ ਜੋਰਿਓ।**
**ਹਰਿ ਸੋ ਜੋਰਿ ਸਬਨ ਸੇ ਤੋਰਿਓ॥੩॥**

ਹੇ ਪ੍ਰਭੂ ਜੀ! ਮੈਂ ਆਪਣੇ ਮਨ ਨੂੰ ਆਪ ਜੀ ਨਾਲ ਜੋੜਿਆ ਹੈ ਅਤੇ ਆਪ ਜੀ ਨਾਲ ਜੋੜ ਕੇ ਹੋਰ ਸਭਨਾਂ ਨਾਲੋਂ ਤੋੜ ਲਿਆ ਹੈ।

**ਸਬ ਪਰ ਹਰਿ ਤੁਮਾਰੀ ਆਸਾ।**
**ਮਨ ਕ੍ਰਮ ਬਚਨ ਕਹੈ ਰਵਿਦਾਸਾ॥੪॥**

ਗੁਰੂ ਰਵਿਦਾਸ ਜੀ ਬੇਨਤੀ ਕਰਦੇ ਹਨ ਕਿ ਹੇ ਪ੍ਰਭੂ ਜੀ! ਹਰ ਸਮੇਂ ਮੇਰੇ ਮਨ ਵਿਚ ਆਪ ਜੀ ਦੇ ਦਰਸ਼ਨ ਦੀ ਇੱਛਾ ਹੈ। ਇਹ ਮੈਂ ਮਨ, ਬਚਨ ਅਤੇ ਕਰਮ ਕਰਕੇ ਕਹਿੰਦਾ ਹਾਂ।

******

## ਸ਼ਬਦ 85

**ਕੇਹਿ ਬਿਧਿ ਅਬ ਸੁਮਿਰੋ ਰੇ ਅਤਿ ਦੁਲਭ ਦੀਨ ਦਯਾਲ॥**
**ਮੈਂ ਮਹਾਂ ਬਿਸ਼ਈ ਅਧਿਕ ਆਤੁਰ ਕਾਮਨਾ ਕੀ ਝਾਲ।। ਟੇਕ॥**
**ਕਹਾਂ ਡਿੰਬ ਬਾਹਰ ਕੀਯੇ ਹਰਿ ਕਨਕ ਕਸੌਟੀ ਹਾਰ॥**
**ਬਾਹਰ ਭੀਤਰ ਸਾਖਿ ਤੂੰ ਹੌ ਕੀਓ ਸੁ ਸੌ ਅੰਧਿਆਰ॥੧॥**
**ਕਹਾ ਭਯੋ ਬਹੁਤ ਪਾਖੰਡ ਕੀਯੇ ਹਰਿ ਹਿਰਦੈ ਸਪਨੇ ਨ ਜਾਨ॥**
**ਜੋ ਦਾਰਾ ਬਿਭਿਚਾਰਨੀ ਮੁਖਿ ਪਤਿਬਰਤਾ ਜਿਯ ਆਨ॥੨॥**
**ਮੈ ਹਿਰਦੈ ਹਾਰਿ ਬੈਠਯੋਂ ਹਰਿ ਮੋ ਪੈ ਸਰਯੋ ਨਾ ਏਕੋ ਕਾਜ॥**
**ਭਾਵ ਭਗਤਿ ਰਵਿਦਾਸ ਦੇ ਪ੍ਰਤਿਪਾਲ ਕਰੋ ਮੋਹਿ ਆਜ॥੩॥**

ਜਗਤਗੁਰੂ ਰਵਿਦਾਸ ਜੀ ਮਹਾਰਾਜ ਪਾਵਨ ਉਪਦੇਸ਼ ਦਿੰਦੇ ਹਨ ਕਿ



ਆਡੰਬਰਾਂ ਨਾਲ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ। ਇਸ ਲਈ ਆਡੰਬਰਾਂ ਤੇ ਕਰਮ ਕਾਂਡਾਂ ਤੋਂ ਮੁਕਤ ਹੋਣ ਲਈ ਜੀਵ ਨੂੰ ਪ੍ਰਭੂ ਦਾ ਸਿਮਰਨ ਕਰਨਾ ਚਾਹੀਦਾ ਹੈ।

**ਕੇਹਿ ਬਿਧਿ ਅਬ ਸੁਮਿਰੋ ਰੇ ਅਤਿ ਦੁਲਭ ਦੀਨ ਦਯਾਲ॥**
**ਮੈਂ ਮਹਾਂ ਬਿਸ਼ਈ ਅਧਿਕ ਆਤੁਰ ਕਾਮਨਾ ਕੀ ਝਾਲ।। ਟੇਕ॥**

ਹੇ ਪ੍ਰਭੂ ਜੀ! ਜੀਵ ਕਿਸ ਢੰਗ ਨਾਲ ਆਪ ਦਾ ਸਿਮਰਨ ਕਰੇ? ਹੇ ਦੀਨ ਦਿਆਲ ਪ੍ਰਭੂ ਜੀ ਆਪ ਜੀ ਦੀ ਪ੍ਰਾਪਤੀ ਬਹੁਤ ਕਠਿਨ ਹੈ ਕਿਉਂਕਿ ਜੀਵ ਵਿਕਾਰਾਂ ਵਿਚ ਵਿਆਕੁਲ ਹੋ ਕੇ ਮਹਾ ਵਿਸ਼ਈ ਬਣ ਕੇ ਵਾਸ਼ਨਾਵਾਂ ਦੀਆਂ ਲਪਟਾਂ ਵਿਚ ਫਸਿਆ ਹੈ।

**ਕਹਾਂ ਡਿੰਬ ਬਾਹਰ ਕੀਯੇ ਹਰਿ ਕਨਕ ਕਸੌਟੀ ਹਾਰ॥**
**ਬਾਹਰ ਭੀਤਰ ਸਾਖਿ ਤੂੰ ਹੌ ਕੀਓ ਸੁ ਸੌ ਅੰਧਿਆਰ॥੧॥**

ਜੀਵ ਪ੍ਰਭੂ ਦੀ ਪ੍ਰਾਪਤੀ ਲਈ ਆਡੰਬਰ ਕਰਦਾ ਹੈ ਪਰ ਪ੍ਰਭੂ ਪਾਰਖੂ ਦੀ ਪਰਖ ਤੇ ਉਹ ਜੀਵ ਹੀ ਸ਼ੁੱਧ ਪਾਇਆ ਜਾਂਦਾ ਹੈ ਜੋ ਸੋਨੇ ਵਾਂਗ ਸ਼ੁੱਧ ਹੁੰਦਾ ਹੈ। ਪ੍ਰਭੂ ਜੀ ਆਪ ਜੀਵ ਦੇ ਅੰਦਰ ਅਤੇ ਬਾਹਰ ਸਭ ਕੁਝ ਜਾਨਣਹਾਰੇ ਸਾਖੀ ਹੋ ਪਰ ਆਪ ਜੀ ਨੂੰ ਭੁੱਲੇ ਹੋਏ ਜੀਵ ਦਾ ਧਿਆਨ ਅਗਿਆਨਤਾ ਰੂਪੀ ਅੰਧਕਾਰ ਵਿਚ ਹੈ।

**ਕਹਾ ਭਯੋ ਬਹੁਤ ਪਾਖੰਡ ਕੀਯੇ ਹਰਿ ਹਿਰਦੈ ਸਪਨੇ ਨ ਜਾਨ॥**
**ਜੋ ਦਾਰਾ ਬਿਭਿਚਾਰਨੀ ਮੁਖਿ ਪਤਿਬਰਤਾ ਜਿਯ ਆਨ॥੨॥**

ਕੀ ਹੋਇਆ ਜੇਕਰ ਜੀਵ ਨੇ ਬਹੁਤ ਆਡੰਬਰ ਕੀਤੇ ਪਰ ਕਦੇ ਵੀ ਸੁਪਨੇ ਵਿਚ ਪ੍ਰਭੂ ਨੂੰ ਯਾਦ ਨਹੀਂ ਕੀਤਾ। ਜਿਵੇਂ ਕੋਈ ਦੁਰਾਚਾਰੀ ਇਸਤਰੀ ਗੱਲਾਂ ਤਾਂ ਪਤੀਵਰਤਾ ਹੋਣ ਦੀਆਂ ਕਰਦੀ ਹੈ ਪਰ ਉਸ ਦਾ ਧਿਆਨ ਕਿਸੇ ਹੋਰ ਪੁਰਸ਼ ਵੱਲ ਹੁੰਦਾ ਹੈ, ਐਸੀ ਇਸਤਰੀ ਨੂੰ ਪਤੀ ਦੀ ਪ੍ਰਾਪਤੀ ਨਹੀਂ ਹੁੰਦੀ। ਇਸੇ ਤਰ੍ਹਾਂ ਜੇਕਰ ਜੀਵ ਰੂਪੀ ਇਸਤਰੀ ਗੱਲਾਂ ਤਾਂ ਪਤੀ ਪ੍ਰਭੂ ਦੀ ਪ੍ਰਾਪਤੀ ਦੀਆਂ ਕਰਦੀ ਹੈ, ਪਰ ਮਨ ਵਿਚ ਪ੍ਰਭੂ ਨਾਲ ਸੱਚੀ ਪ੍ਰੀਤੀ ਨਹੀਂ ਹੈ, ਐਸੀ ਜੀਵ ਰੂਪੀ ਇਸਤਰੀ ਨੂੰ ਪਤੀ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ।

**ਮੈਂ ਹਿਰਦੈ ਹਾਰਿ ਬੈਠਯੋਂ ਹਰਿ ਮੋ ਪੈ ਸਰਯੋ ਨਾ ਏਕੋ ਕਾਜ॥**
**ਭਾਵ ਭਗਤਿ ਰਵਿਦਾਸ ਦੇ ਪ੍ਰਤਿਪਾਲ ਕਰੋ ਮੋਹਿ ਆਜ॥੩॥**

ਹੇ ਪ੍ਰਭੂ ਜੀ! ਆਪ ਜੀ ਦੇ ਨਾਮ ਤੋਂ ਬਿਨਾਂ ਮੈਂ ਸੰਸਾਰ ਦੀ ਬਾਜੀ ਹਾਰ ਕੇ ਬੈਠ ਗਿਆ ਹਾਂ, ਮੇਰਾ ਇਕ ਵੀ ਕੰਮ ਪੂਰਾ ਨਹੀਂ ਹੋਇਆ। ਸਤਿਗੁਰੂ ਰਵਿਦਾਸ ਜੀ ਕਥਨ ਕਰਦੇ ਹਨ, ਹੇ ਪ੍ਰਭੂ ਜੀ! ਆਪਣੀ ਪ੍ਰੇਮਾ-ਭਗਤੀ ਬਖਸ਼ਿਸ਼ ਕਰਕੇ ਅੱਜ ਹੀ ਮੇਰੀ ਪ੍ਰਤਿਪਾਲ ਕਰੋ ਜੀ।

*****

# ਸ਼ਬਦ 86

**ਅਬ ਕੈਸੇ ਛੂਟੈ ਨਾਮ ਰਟ ਲਾਗੀ॥ ਟੇਕ॥**
**ਪ੍ਰਭੂ ਜੀ ਤੁਮ ਚੰਦਨ ਹਮ ਪਾਨੀ।**
**ਜਾਕੀ ਅੰਗ ਅੰਗ ਬਾਸ ਸਮਾਨੀ॥੧॥**
**ਪ੍ਰਭੂ ਜੀ ਤੁਮ ਘਨ ਬਨ ਹਮ ਮੋਰਾ।**
**ਜੈਸੇ ਚਿਤਵਤ ਚੰਦ ਚਕੋਰਾ॥੨॥**
**ਪ੍ਰਭੂ ਜੀ ਤੁਮ ਦੀਪਕ ਹਮ ਬਾਤੀ।**
**ਜਾ ਕੀ ਜੋਤਿ ਬਰੈ ਦਿਨ ਰਾਤੀ॥੩॥**
**ਪ੍ਰਭੂ ਜੀ ਤੁਮ ਮੋਤੀ ਹਮ ਧਾਗਾ।**
**ਜੈਸੇ ਸੋਨਹਿੰ ਮਿਲਤ ਸੁਹਾਗਾ॥੪॥**
**ਪ੍ਰਭੂ ਜੀ ਤੁਮ ਸੁਆਮੀ ਹਮ ਦਾਸਾ।**
**ਐਸੀ ਭਗਤਿ ਕਰੈ ਰਵਿਦਾਸਾ॥ ੫॥**

ਇਸ ਪਾਵਨ ਸ਼ਬਦ ਵਿਚ ਜਗਤਗੁਰੂ ਰਵਿਦਾਸ ਜੀ ਮਹਾਰਾਜ ਪ੍ਰਭੂ ਨਾਲ ਆਪਣੀ ਸੱਚੀ ਪ੍ਰੀਤੀ ਬਿਆਨ ਕਰਦੇ ਹਨ।

**ਅਬ ਕੈਸੇ ਛੂਟੈ ਨਾਮ ਰਟ ਲਾਗੀ॥ ਟੇਕ॥**

ਹੇ ਪ੍ਰਭੂ ਜੀ, ਮੇਰੇ ਹਿਰਦੇ ਵਿਚ ਆਪ ਦੀ ਪ੍ਰੇਮਾ-ਭਗਤੀ ਹੈ ਹੁਣ ਆਪ ਹੀ ਦੱਸੋ ਕਿ ਇਹ ਰਾਮ-ਨਾਮ ਦੀ ਰਟ ਕਿਸ ਤਰ੍ਹਾਂ ਹਟ ਸਕਦੀ ਹੈ? ਭਾਵ ਨਹੀਂ ਹਟ ਸਕਦੀ।

**ਪ੍ਰਭੂ ਜੀ ਤੁਮ ਚੰਦਨ ਹਮ ਪਾਨੀ।**
**ਜਾਕੀ ਅੰਗ ਅੰਗ ਬਾਸ ਸਮਾਨੀ॥੧॥**

ਹੇ ਪ੍ਰਭੂ ਜੀ ਆਪ ਚੰਦਨ ਹੋ ਅਤੇ ਮੈਂ ਪਾਣੀ ਵਾਂਗ ਹਾਂ। ਜਿਸ ਤਰ੍ਹਾਂ ਪਾਣੀ ਚੰਦਨ ਨਾਲ ਮਿਲ ਕੇ ਚੰਦਨ ਯੁਕਤ ਹੋ ਜਾਂਦਾ ਹੈ ਠੀਕ ਇਸੇ ਤਰ੍ਹਾਂ ਮੇਰੇ ਅੰਗ-ਅੰਗ ਵਿਚ ਨਾਮ ਦੀ ਸੁਗੰਧੀ ਵਸੀ ਹੈ। ਪ੍ਰਭੂ ਜੀ ਮੈਂ ਵੀ ਆਪ ਨਾਲ ਮਿਲ ਕੇ ਆਪਦਾ ਹੀ ਰੂਪ ਹੋ ਗਿਆ ਹਾਂ।

**ਪ੍ਰਭੂ ਜੀ ਤੁਮ ਘਨ ਬਨ ਹਮ ਮੋਰਾ।**
**ਜੈਸੇ ਚਿਤਵਤ ਚੰਦ ਚਕੋਰਾ॥੨॥**

ਪ੍ਰਭੂ ਜੀ ਆਪ ਬੱਦਲਾਂ ਵਾਂਗ ਹੋ ਤੇ ਮੈਂ ਜੰਗਲੀ ਮੋਰ ਵਾਂਗ ਹਾਂ। ਜਿਸ ਤਰ੍ਹਾਂ ਬੱਦਲਾਂ ਨੂੰ ਦੇਖ ਕੇ ਮੋਰ ਆਨੰਦਿਤ ਹੋ ਜਾਂਦਾ ਹੈ ਉਸੇ ਤਰ੍ਹਾਂ ਮੈਂ ਆਪ ਜੀ ਦੇ ਦਰਸ਼ਨ ਕਰਕੇ ਆਨੰਦਿਤ ਹੋ ਜਾਂਦਾ ਹਾਂ। ਜਿਸ ਪ੍ਰਕਾਰ ਚੰਦ ਤੇ ਚਕੋਰ ਦੀ ਪ੍ਰੀਤੀ ਹੈ ਇਸੇ ਤਰ੍ਹਾਂ ਦੀ ਪ੍ਰੀਤੀ ਮੇਰੀ ਆਪ ਜੀ ਨਾਲ ਹੈ। ਜਿਸ ਤਰ੍ਹਾਂ ਚਕੋਰ ਚੰਦਰਮਾ ਵਲ ਨਿਰੰਤਰ ਇਕ ਰਸ ਵੇਖਦਾ ਰਹਿੰਦਾ ਹੈ ਇਸੇ ਪ੍ਰਕਾਰ ਪ੍ਰਭੂ ਜੀ ਮੈਂ ਵੀ ਹਮੇਸ਼ਾ ਆਪ ਦੇ ਦਰਸ਼ਨਾਂ ਦੀ ਤਾਂਘ ਵਿਚ ਰਹਿੰਦਾ ਹਾਂ।



**ਪ੍ਰਭੂ ਜੀ ਤੁਮ ਦੀਪਕ ਹਮ ਬਾਤੀ।**
**ਜਾ ਕੀ ਜੋਤਿ ਬਰੈ ਦਿਨ ਰਾਤੀ॥੩॥**

ਪ੍ਰਭੂ ਜੀ ਮੇਰੀ ਆਪ ਨਾਲ ਪ੍ਰੀਤੀ ਦੀਵੇ ਤੇ ਬੱਤੀ ਦੀ ਪ੍ਰੀਤੀ ਤਰ੍ਹਾਂ ਹੈ। ਆਪ ਦੀਵੇ ਵਾਂਗ ਹੋ ਤੇ ਮੈਂ ਦੀਵੇ ਵਿਚ ਜਲਣ ਵਾਲੀ ਬੱਤੀ ਵਾਂਗ ਹਾਂ। ਪਰ ਪ੍ਰਭੂ ਜੀ ਆਪ ਜੀ ਦੇ ਨਾਮ ਦੀ ਜੋਤ ਸੰਸਾਰ ਦੇ ਕੋਨੇ ਕੋਨੇ ਵਿਚ ਦਿਨ ਰਾਤ ਜਗ ਰਹੀ ਹੈ।

**ਪ੍ਰਭੂ ਜੀ ਤੁਮ ਮੋਤੀ ਹਮ ਧਾਗਾ।**
**ਜੈਸੇ ਸੋਨਹਿੰ ਮਿਲਤ ਸੁਹਾਗਾ॥੪॥**

ਹੇ ਪ੍ਰਭੂ ਜੀ ਤੁਸੀਂ ਮੋਤੀ ਹੋ ਮੈਂ ਧਾਗੇ ਵਾਂਗ ਹਾਂ, ਮੇਰੀ ਪ੍ਰੀਤੀ ਆਪ ਨਾਲ ਮੋਤੀ ਤੇ ਧਾਗੇ ਦੀ ਪ੍ਰੀਤੀ ਵਾਂਗ ਹੈ। ਜਿਸ ਤਰ੍ਹਾਂ ਸੋਨੇ ਨਾਲ ਸੁਹਾਗੇ ਦਾ ਮਿਲਾਪ ਹੁੰਦਾ ਹੈ, ਠੀਕ ਉਸੇ ਤਰ੍ਹਾਂ ਮੈਂ ਆਪ ਜੀ ਨਾਲ ਮਿਲਿਆ ਹੋਇਆ ਹਾਂ।

**ਪ੍ਰਭੂ ਜੀ ਤੁਮ ਸੁਆਮੀ ਹਮ ਦਾਸਾ।**
**ਐਸੀ ਭਗਤਿ ਕਰੈ ਰਵਿਦਾਸਾ॥ ੫॥**

ਹੇ ਪ੍ਰਭੂ ਜੀ ਆਪ ਸਾਰੇ ਸੰਸਾਰ ਦੇ ਮਾਲਕ ਹੋ। ਮੈਂ ਆਪ ਦਾ ਦਾਸ ਹਾਂ। ਸਤਿਗੁਰੂ ਰਵਿਦਾਸ ਮਹਾਰਾਜ ਜੀ ਕਥਨ ਕਰਦੇ ਹਨ ਕਿ ਪ੍ਰਭੂ ਜੀ ਮੈਂ ਹਮੇਸ਼ਾ ਹੀ ਆਪ ਜੀ ਦੀ ਐਸੀ ਸੱਚੀ ਭਗਤੀ ਕਰਦਾ ਹਾਂ।

*******

# ਸ਼ਬਦ 87

**ਮਾਧੋ ਭ੍ਰਮ ਕੈਸੇ ਨ ਬਿਲਾਈ॥**
**ਤਾਥੈਂ ਦੂਤੀ ਦਰਸੈ ਆਈ॥ ਟੇਕ॥**
**ਕਨਕ ਕੁਟਕ ਸੂਤ ਪਟ ਜੁਦਾ ਰਜੁ ਭੁਅੰਗ ਭ੍ਰਮ ਜੈਸਾ॥**
**ਜਲ ਤਰੰਗ ਪਾਹਨ ਪ੍ਰਤਿਮਾ ਜਿਉ, ਬ੍ਰਹਮ ਜੀਵ ਦੁਤਿ ਐਸਾ॥੧॥**
**ਬਿਮਲ ਏਕ ਰਸ ਉਪਜੈ ਨ ਬਿਨਸੈ, ਉਦੈ ਅਸਤ ਦੋਊ ਨਾਂਹੀ॥**
**ਬਿਗਤਾ ਬਿਗਤ ਘਟੈ ਨਹਿੰ ਕਬਹੂੰ, ਬਸਤ ਬਸੈ ਸਭ ਮਾਂਹੀ॥੨॥**
**ਨਿਸਚਲ ਨਿਰਾਕਾਰ ਅਜ ਅਨੁਪਮ, ਨਿਰਭਯ ਗਤਿ ਗੋਬਿੰਦਾ॥**
**ਅਗਮ ਅਗੋਚਰ ਅੱਛਰ ਅਤਰਕ, ਨ੍ਰਿਗੁਣ ਅੰਤ ਅਨੰਦਾ॥੩॥**
**ਸਦਾ ਅਤੀਤ ਗਿਆਨ ਘਨ ਬਰਜਿਤ, ਨਿਰਬਿਕਾਰ ਅਬਿਨਾਸੀ॥**
**ਕਹੈ ਰਵਿਦਾਸ ਸਹਜ ਸੁੰਨ ਸਤ, ਜੀਵਨ ਮੁਕਤਿ ਨਿਧਿ ਕਾਸੀ॥੪॥**

ਇਸ ਪਾਵਨ ਸ਼ਬਦ ਰਾਹੀਂ ਜਗਤਗੁਰੂ ਰਵਿਦਾਸ ਜੀ ਉਪਦੇਸ਼ ਦਿੰਦੇ ਹਨ ਕਿ ਪ੍ਰਭੂ ਦੀ ਕਿਰਪਾ ਨਾਲ ਜੀਵ ਦੇ ਭਰਮ ਦਾ ਨਾਸ਼ ਹੋ ਜਾਂਦਾ ਹੈ ਅਤੇ ਪਰਮ-ਪਦ ਨੂੰ ਪਾ ਲੈਂਦਾ ਹੈ।

**ਮਾਧੋ ਭ੍ਰਮ ਕੈਸੇ ਨ ਬਿਲਾਈ॥**
**ਤਾਥੈਂ ਦੂਤੀ ਦਰਸੈ ਆਈ॥ ਟੇਕ॥**

ਹੇ ਪ੍ਰਭੂ ਜੀ! ਜੀਵ ਦਾ ਭਰਮ ਕਿਉਂ ਖਤਮ ਨਹੀਂ ਹੁੰਦਾ? ਕਿਉਂਕਿ ਜੀਵ ਦੇ ਅੰਦਰ ਦ੍ਵੈਤ ਭਾਵਨਾ ਹੈ।

**ਕਨਕ ਕੁਟਕ ਸੂਤ ਪਟ ਜੁਦਾ ਰਜੁ ਭੁਅੰਗ ਭ੍ਰਮ ਜੈਸਾ॥**
**ਜਲ ਤਰੰਗ ਪਾਹਨ ਪ੍ਰਤਿਮਾ ਜਿਉ, ਬ੍ਰਹਮ ਜੀਵ ਦੂਤਿ ਐਸਾ॥੧॥**

ਜਿਵੇਂ ਭਰਮ ਕਾਰਣ ਸੋਨੇ ਤੇ ਸੋਨੇ ਦੇ ਬਣੇ ਗਹਿਣੇ, ਸੂਤ ਤੇ ਸੂਤ ਦੇ ਬਣੇ ਕਪੜੇ ਅਲੱਗ ਜਾਪਦੇ ਹਨ ਇਸੇ ਤਰ੍ਹਾਂ ਅਗਿਆਨਤਾ ਰੂਪੀ ਭਰਮ ਕਾਰਨ ਹਨੇਰੇ ਵਿਚ ਰੱਸੀ ਸੱਪ ਲਗਦੀ ਹੈ। ਭਰਮ ਕਾਰਣ ਹੀ ਪਾਣੀ ਤੋਂ ਉਤਪੰਨ ਤਰੰਗਾਂ, ਪੱਥਰ ਤੋਂ ਪੱਥਰ ਦੀ ਬਣੀ ਠਾਕਰ ਮੂਰਤੀ ਅਲੱਗ ਭਾਸਦੀ ਹੈ ਪਰ ਵਾਸਤਵ ਵਿਚ ਸੋਨਾ ਤੇ ਸੋਨੇ ਤੋਂ ਬਣੇ ਗਹਿਣੇ, ਸੂਤ ਤੇ ਸੂਤ ਤੋ ਬਣੇ ਕੱਪੜੇ ਇਕ ਹੀ ਹਨ। ਰੱਸੀ ਸੱਪ ਨਹੀਂ ਵਾਸਤਵ ਵਿਚ ਰੱਸੀ ਹੈ। ਪਾਣੀ ਤੋਂ ਉਤਪੰਨ ਤਰੰਗ ਪਾਣੀ ਹੀ ਹੈ। ਪੱਥਰ ਤੇ ਪੱਥਰ ਤੋਂ ਬਣੇ ਠਾਕਰ ਝੂਠੇ ਹਨ ਇਸੇ ਪ੍ਰਕਾਰ ਦ੍ਵੈਤ ਭਾਵ ਹੋਣ ਕਾਰਣ ਜੀਵ ਪ੍ਰਭੂ ਤੋਂ ਅਲੱਗ ਭਾਸਦਾ ਹੈ। ਦ੍ਵੈਤ ਰੂਪੀ ਭਰਮ ਦੇ ਨਸ਼ਟ ਹੋਣ ਨਾਲ ਜੀਵ ਪ੍ਰਭੂ ਵਿਚ ਹੀ ਅਭੇਦ ਹੋ ਜਾਂਦਾ ਹੈ।

**ਬਿਮਲ ਏਕ ਰਸ ਉਪਜੈ ਨ ਬਿਨਸੈ, ਉਦੈ ਅਸਤ ਦੋਊ ਨਾਂਹੀ॥**
**ਬਿਗਤਾ ਬਿਗਤ ਘਟੈ ਨਹਿੰ ਕਬਹੂੰ, ਬਸਤ ਬਸੈ ਸਭ ਮਾਂਹੀ॥੨॥**

ਨਿਰਮਲ ਪ੍ਰਭੂ ਨਿਰੰਤਰ ਸੰਸਾਰ ਵਿਚ ਬਿਰਾਜਮਾਨ ਹੈ ਉਹ ਪ੍ਰਭੂ ਨਾ ਜੰਮਦਾ ਹੈ ਨਾ ਮਰਦਾ ਹੈ ਨਾ ਹੀ ਚੜਦਾ ਹੈ ਨਾ ਹੀ ਅਲੋਪ ਹੁੰਦਾ ਹੈ। ਅੰਤਰਯਾਮੀ ਪ੍ਰਭੂ ਨਾ ਘਟਦਾ ਹੈ ਨਾ ਹੀ ਵਧਦਾ ਹੈ। ਪ੍ਰਭੂ ਸਭ ਜਗ੍ਹਾ ਬਿਰਾਜਮਾਨ ਹੈ।

**ਨਿਸਚਲ ਨਿਰਾਕਾਰ ਅਜ ਅਨੁਪਮ, ਨਿਰਭਯ ਗਤਿ ਗੋਬਿੰਦਾ॥**
**ਅਗਮ ਅਗੋਚਰ ਅੱਛਰ ਅਤਰਕ, ਨ੍ਰਿਗੁਣ ਅੰਤ ਅਨੰਦਾ॥੩॥**

ਸਦਾ ਪ੍ਰਭੂ ਨਿਹਚਲ, ਨਿਰੰਕਾਰ, ਅਜਨਮਾ, ਅਨੁਪਮ, ਨਿਰਭੈ ਗੋਬਿੰਦ, ਅਗੋਚਰ ਅਵਿਨਾਸੀ, ਤਰਕ ਰਹਿਤ, ਨਿਰਗੁਣ ਅਤੇ ਆਨੰਦ ਸਰੂਪ ਹੈ।

**ਸਦਾ ਅਤੀਤ ਗਿਆਨ ਘਨ ਬਰਜਿਤ, ਨਿਰਬਿਕਾਰ ਅਬਿਨਾਸੀ॥**
**ਕਹੈ ਰਵਿਦਾਸ ਸਹਜ ਸੁੰਨ ਸਤ, ਜੀਵਨ ਮੁਕਤਿ ਨਿਧਿ ਕਾਸੀ॥੪॥**

ਪ੍ਰਭੂ ਹਮੇਸ਼ਾ ਰਹਿਣ ਵਾਲਾ ਹੈ। ਬਾਹਰੀ ਗਿਆਨ ਰਾਹੀਂ ਨਹੀਂ ਜਾਣਿਆ ਜਾ ਸਕਦਾ। ਉਹ ਪ੍ਰਭੂ ਵਿਕਾਰਾਂ ਤੋਂ ਰਹਿਤ ਤੇ ਨਾਸ ਰਹਿਤ ਹੈ। ਗੁਰੂ ਰਵਿਦਾਸ ਜੀ ਕਥਨ ਕਰਦੇ ਹਨ ਉਹ ਪ੍ਰਭੂ ਸਹਿਜ ਸੁੰਨ ਅਵਸਥਾ ਸਤਿ ਹੈ। ਇਹ ਸਹਜ ਅਵਸਥਾ ਰੂਪੀ, ਕਾਸ਼ੀ ਜੀਵਾਂ ਨੂੰ ਜੀਵਨ ਵਿਚ ਹੀ ਮੁਕਤੀ ਰੂਪੀ ਸ੍ਰੇਸ਼ਟ ਖਜ਼ਾਨਾ ਬਖਸ਼ਿਸ ਕਰਦੀ ਹੈ।

*****



## ਸ਼ਬਦ 44

**ਮਨ ਮੇਰੋ ਸਤ ਸਰੂਪ ਬਿਚਾਰੰ॥**
**ਆਦਿ ਅੰਤ ਅਨੰਤ ਪਰਮ ਪਦ ਸੰਸਾ ਸਕਲ ਨਿਵਾਰੰ॥ ਟੇਕ॥**
**ਜਸ ਹਰਿ ਕਹੀਏ ਤਸ ਹਰਿ ਨਾਂਹੀ ਹੈ ਅਸ ਜਸ ਕਛੁ ਤੈਸਾ॥**
**ਜਾਨਤ ਜਾਨਤ ਜਾਨ ਰਹਯੋ ਮਨ ਮਰਮ ਕਹੋ ਨਿਜ ਕੈਸਾ॥੧॥**
**ਕਹਿਅਤ ਆਨ ਅਨੁਭਵਤ ਆਨ ਰਸ ਮਿਲੈ ਨ ਬਿਗਰ ਹੋਈ॥**
**ਬਾਹਰ ਭੀਤਰ ਪ੍ਰਗਟ ਗੁਪਤ ਘਟ-ਘਟ ਪ੍ਰਤਿ ਅਵਰ ਨ ਕੋਈ॥੨॥**
**ਆਦਹੁ ਏਕ ਅੰਤ ਫੁੰਨਿ ਸੋਈ ਮਧਯ ਉਪਾਧਿ ਸੁ ਕੈਸੇ॥**
**ਅਹੈ ਏਕ ਪੈ ਭ੍ਰਮ ਸੇ ਦੂਜੋ ਕਨਕ ਅਲੰਕ੍ਰਿਤ ਜੈਸੇ॥੩॥**
**ਕਹੈ ਰਵਿਦਾਸ ਪ੍ਰਕਾਸ਼ ਪਰਮ ਪਦ ਕਾ ਜਪ ਤਪ ਬ੍ਰਤ ਪੂਜਾ॥**
**ਏਕ ਅਨੇਕ ਅਨੇਕ ਏਕ ਹਰਿ ਕਹੌ ਕੌਣ ਬਿਧਿ ਦੂਜਾ॥੪॥**

ਇਸ ਪਾਵਨ ਸ਼ਬਦ ਵਿਚ ਜਗਤਗੁਰੂ ਰਵਿਦਾਸ ਮਹਾਰਾਜ ਜੀਵਾਂ ਨੂੰ ਪ੍ਰਭੂ ਦੇ ਸਤਿ-ਸਰੂਪ ਦਾ ਵਿਚਾਰ ਕਰਨ ਦਾ ਉਪਦੇਸ਼ ਦਿੰਦੇ ਹਨ ਕਿ ਉਹ ਪ੍ਰਭੂ ਸੰਸਾਰ ਦਾ ਹਮੇਸ਼ਾ ਰਹਿਣ ਵਾਲਾ ਅਧਾਰ ਹੈ। ਉਸਦਾ ਸਿਮਰਨ ਕਰਨ ਨਾਲ ਜੀਵ ਦੇ ਅੰਦਰ ਉਸਦੇ ਨਾਮ ਦਾ ਪ੍ਰਕਾਸ਼ ਹੋਣ ਨਾਲ ਉਹ ਪ੍ਰਭੂ ਨੂੰ ਸੰਸਾਰ ਦੇ ਕਣ-ਕਣ ਵਿਚ ਵਿਆਪਕ ਅਨੁਭਵ ਹੁੰਦਾ ਹੈ।

**ਮਨ ਮੇਰੋ ਸਤ ਸਰੂਪ ਬਿਚਾਰੰ॥**
**ਆਦਿ ਅੰਤ ਅਨੰਤ ਪਰਮ ਪਦ ਸੰਸਾ ਸਕਲ ਨਿਵਾਰੰ॥ ਟੇਕ॥**

ਹੇ ਮੇਰੇ ਮਨ, ਤੂੰ ਸਤਿ ਸਰੂਪ ਪ੍ਰਭੂ ਦੀ ਵਿਚਾਰ ਕਰ ਉਹ ਪ੍ਰਭੂ ਆਦਿ ਤੋਂ ਲੈ ਕੇ ਅੰਤ ਤੱਕ ਰਹਿਣ ਵਾਲਾ ਬੇਅੰਤ ਹੈ ਅਤੇ ਜੀਵਾਂ ਨੂੰ ਪਰਮ-ਪਦ ਮੁਕਤੀ ਪ੍ਰਦਾਨ ਕਰਨ ਵਾਲਾ ਹੈ। ਐਸੇ ਪ੍ਰਭੂ ਦਾ ਸਿਮਰਨ ਕਰਕੇ ਜੀਵ ਦੇ ਸਭ ਭਰਮ ਦੂਰ ਹੋ ਜਾਂਦੇ ਹਨ।

**ਜਸ ਹਰਿ ਕਹੀਏ ਤਸ ਹਰਿ ਨਾਂਹੀ ਹੈ ਅਸ ਜਸ ਕਛੁ ਤੈਸਾ॥**
**ਜਾਨਤ ਜਾਨਤ ਜਾਨ ਰਹਯੋ ਮਨ ਮਰਮ ਕਹੋ ਨਿਜ ਕੈਸਾ॥੧॥**

ਜਿਹੋ ਜਿਹਾ ਸੰਸਾਰੀ ਲੋਕ ਪ੍ਰਭੂ ਨੂੰ ਕਹਿੰਦੇ ਹਨ ਪ੍ਰਭੂ ਉਸ ਤਰ੍ਹਾਂ ਨਹੀਂ। ਪ੍ਰਭੂ ਦੇ ਸਰੂਪ ਬਾਰੇ ਕੀ ਕਿਹਾ ਜਾਵੇ। ਪਰ ਸੰਸਾਰੀ ਜੀਵ ਪ੍ਰਭੂ ਨੂੰ ਜਾਣਦੇ-ਜਾਣਦੇ ਰਹਿ ਗਏ ਪਰ ਉਸਦੇ ਸਤਿ ਸਰੂਪ ਦੇ ਭੇਦ ਨੂੰ ਨਹੀਂ ਪਾ ਸਕੇ।

**ਕਹਿਅਤ ਆਨ ਅਨੁਭਵਤ ਆਨ ਰਸ ਮਿਲੈ ਨ ਬਿਗਰ ਹੋਈ॥**
**ਬਾਹਰ ਭੀਤਰ ਪ੍ਰਗਟ ਗੁਪਤ ਘਟ-ਘਟ ਪ੍ਰਤਿ ਅਵਰ ਨ ਕੋਈ॥੨॥**

ਜੀਵ ਪ੍ਰਭੂ ਬਾਰੇ ਕਹਿੰਦਾ ਕੁਝ ਹੋਰ ਹੈ ਪਰ ਉਸਦਾ ਅਨੁਭਵ ਕਰਨਾ ਕੁਝ ਹੋਰ ਹੈ। ਜਿਸ ਜੀਵ ਨੂੰ ਪ੍ਰਭੂ ਦੇ ਨਾਮ ਦਾ ਰਸ ਮਿਲਦਾ ਹੈ, ਫਿਰ ਉਹ ਜੀਵ ਉਸ ਪ੍ਰਭੂ ਵਿਚ ਅਭੇਦ ਹੋ ਜਾਂਦਾ ਹੈ। ਫਿਰ ਦੁਬਾਰਾ ਉਸ ਪ੍ਰਭੂ ਤੋਂ ਵੱਖ

ਨਹੀਂ ਹੁੰਦਾ। ਅੰਦਰ ਬਾਹਰ ਭਾਵ ਸੰਸਾਰ ਦੇ ਕਣ ਕਣ ਵਿਚ ਪ੍ਰਭੂ ਪਰਮਾਤਮਾ ਗੁਪਤ ਰੂਪ ਵਿਚ ਵਿਆਪਕ ਹੈ। ਹਰ ਪ੍ਰਾਣੀ ਅੰਦਰ ਉਹ ਪ੍ਰਭੂ ਹੀ ਹੈ ਉਸ ਤੋਂ ਬਿਨਾ ਹੋਰ ਕੋਈ ਨਹੀਂ ਹੈ।

**ਆਦਹੁ ਏਕ ਅੰਤ ਫੁੰਨਿ ਸੋਈ ਮਧਯ ਉਪਾਧਿ ਸੁ ਕੈਸੇ ॥**
**ਅਹੈ ਏਕ ਪੈ ਭ੍ਰਮ ਸੇ ਦੂਜੋ ਕਨਕ ਅਲੰਕ੍ਰਿਤ ਜੈਸੇ ॥੩॥**

ਪ੍ਰਭੂ ਸ੍ਰਿਸ਼ਟੀ ਦੇ ਆਦਿ ਵਿਚ ਵੀ ਇਕ ਸੀ ਅਤੇ ਹੁਣ ਵੀ ਹੈ ਅਤੇ ਅੱਗੇ ਵੀ ਰਹੇਗਾ। ਪ੍ਰਭੂ ਕੇਵਲ ਇਕ ਹੈ ਭਰਮ ਕਰਕੇ ਜੀਵ ਉਸ ਪ੍ਰਭੂ ਨੂੰ ਇਸ ਪ੍ਰਕਾਰ ਵੱਖ ਜਾਣਦਾ ਹੈ, ਜਿਵੇਂ ਭਰਮ ਕਰਕੇ ਜੀਵ ਸੋਨੇ ਤੇ ਸੋਨੇ ਤੋਂ ਬਣੇ ਗਹਿਣਿਆਂ ਨੂੰ ਵੱਖ ਸਮਝਦਾ ਹੈ ਪਰ ਵਾਸਤਵ ਵਿਚ ਉਹ ਸੋਨਾ ਹੀ ਹੁੰਦੇ ਹਨ। ਇਸ ਪ੍ਰਕਾਰ ਜੀਵ ਭਰਮ ਕਾਰਨ ਪ੍ਰਭੂ ਤੋਂ ਵੱਖ ਹੈ, ਪਰ ਭਰਮ ਦੇ ਨਾਸ਼ ਹੋਣ ਨਾਲ ਜੀਵ ਉਸ ਪ੍ਰਭੂ ਵਿਚ ਅਭੇਦ ਹੋ ਜਾਂਦਾ ਹੈ।

**ਕਹੈ ਰਵਿਦਾਸ ਪ੍ਰਕਾਸ਼ ਪਰਮ ਪਦ ਕਾ ਜਪ ਤਪ ਬ੍ਰਤ ਪੂਜਾ ॥**
**ਏਕ ਅਨੇਕ ਅਨੇਕ ਏਕ ਹਰਿ ਕਹੌਂ ਕੌਣ ਬਿਧਿ ਦੂਜਾ ॥੪॥**

ਗੁਰੂ ਰਵਿਦਾਸ ਮਹਾਰਾਜ ਜੀ ਉਚਾਰਨ ਕਰਦੇ ਹਨ ਜਿਸ ਸਮੇਂ ਜੀਵ ਦੇ ਹਿਰਦੇ ਵਿਚ ਪ੍ਰਭੂ ਦਾ ਪ੍ਰਕਾਸ਼ ਹੋ ਜਾਂਦਾ ਹੈ ਤਾਂ ਇਹ ਜੀਵ ਪਰਮ ਪਦ ਨੂੰ ਪ੍ਰਾਪਤ ਕਰ ਲੈਂਦਾ ਹੈ। ਫਿਰ ਜੀਵ ਨੂੰ ਜਪ -ਤਪ ਅਤੇ ਪੂਜਾ ਦੀਆਂ ਵਿਧੀਆਂ ਕਰਨ ਦੀ ਲੋੜ ਨਹੀਂ ਰਹਿੰਦੀ। ਪ੍ਰਭੂ ਇਕ ਤੋਂ ਅਨੇਕ ਰੂਪ ਧਾਰ ਕੇ ਸੰਸਾਰ ਵਿਚ ਵਿਆਪਕ ਹੈ। ਪ੍ਰਭੂ ਦੇ ਸਮਾਨ ਕੀਮਤ ਰੱਖਣ ਵਾਲਾ ਕੋਈ ਦੂਸਰਾ ਨਹੀਂ ਹੈ।

******

## ਸ਼ਬਦ 89

**ਥੋਥੋ ਜਨਿ ਸੋਈ ਪਛੋਰੋ ਰੇ ਕੋਈ।**
**ਪਛੋਰੋ ਜਾ ਮੇ ਨਿਜ ਕਨ ਹੋਈ॥ ਟੇਕ॥**
**ਥੋਥੀ ਕਾਯਾ ਥੋਥੀ ਮਾਯਾ।**
**ਥੋਥਾ ਹਰਿ ਬਿਨ ਜਨਮ ਗੰਵਾਯਾ ॥੧॥**
**ਥੋਥਾ ਪੰਡਿਤ ਥੋਥੀ ਬਾਨੀ।**
**ਥੋਥੀ ਹਰਿ ਬਿਨ ਸਬੈ ਕਹਾਨੀ ॥੨॥**
**ਥੋਥਾ ਮੰਦਿਰ ਭੋਗ ਬਿਲਾਸਾ।**
**ਥੋਥੀ ਆਨ ਦੇਵ ਕੀ ਆਸਾ ॥੩॥**
**ਸਾਚਾ ਸੁਮਿਰਨ ਨਾਮ ਬਿਸਾਸਾ।**
**ਮਨ ਬਚ ਕਰਮ ਕਹੈ ਰਵਿਦਾਸਾ। ॥੪॥**

ਜਗਤਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਪ੍ਰਭੂ ਦਾ ਸਿਮਰਨ



ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ, ਉਸ ਪ੍ਰਭੂ ਦੇ ਨਾਮ ਤੋਂ ਬਿਨਾਂ ਸਭ ਕੁਝ ਝੂਠਾ ਹੈ।

**ਥੋਥੋ ਜਨਿ ਸੋਈ ਪਛੋਰੋ ਰੇ ਕੋਈ।**
**ਪਛੋਰੋ ਜਾ ਮੇ ਨਿਜ ਕਨ ਹੋਈ॥ ਟੇਕ॥**

ਹੇ ਭਾਈ! ਪ੍ਰਭੂ ਦਾ ਨਾਮ ਸਤਿ ਹੈ, ਉਸ ਨੂੰ ਝੂਠਾ ਜਾਣ ਕੇ ਕੋਈ ਵੀ ਨਾ ਭੁਲਾਵੋ। ਉਸ ਪ੍ਰਭੂ ਨੂੰ ਕਿਉਂ ਭੁਲਾਉਣਾ ਹੈ, ਜਿਸਦੇ ਆਤਮ ਸੁੱਖ ਦੇ ਕਣ ਸਾਰੇ ਸੰਸਾਰ ਵਿਚ ਸਮਾਏ ਹੋਏ ਹਨ।

**ਥੋਥੀ ਕਾਯਾ ਥੋਥੀ ਮਾਯਾ।**
**ਥੋਥਾ ਹਰਿ ਬਿਨ ਜਨਮ ਗੰਵਾਯਾ ॥੧॥**

ਪ੍ਰਭੂ ਦੇ ਨਾਮ ਤੋਂ ਬਿਨਾਂ ਇਹ ਸਰੀਰ ਵੀ ਝੂਠਾ ਹੈ ਅਤੇ ਇਹ ਮਾਇਆ ਵੀ ਝੂਠੀ ਹੈ। ਪ੍ਰਭੂ ਦੇ ਨਾਮ ਤੋਂ ਬਿਨਾਂ ਜੀਵ ਝੂਠਾ ਜਨਮ ਗੁਆ ਰਿਹਾ ਹੈ।

**ਥੋਥਾ ਪੰਡਿਤ ਥੋਥੀ ਬਾਨੀ।**
**ਥੋਥੀ ਹਰਿ ਬਿਨ ਸਬੈ ਕਹਾਨੀ ॥੨॥**

ਪ੍ਰਭੂ ਦੇ ਨਾਮ ਤੋਂ ਬਿਨਾਂ ਪੰਡਤ ਵੀ ਝੂਠਾ ਹੈ ਅਤੇ ਪੰਡਿਤ ਦੀ ਬਾਣੀ ਵੀ ਝੂਠੀ ਹੈ। ਪ੍ਰਭੂ ਦੇ ਨਾਮ ਤੋਂ ਬਿਨਾਂ ਸਾਰੀਆਂ ਕਹਾਣੀਆਂ ਹੀ ਝੂਠੀਆਂ ਹਨ।

**ਥੋਥਾ ਮੰਦਿਰ ਭੋਗ ਬਿਲਾਸਾ।**
**ਥੋਥੀ ਆਨ ਦੇਵ ਕੀ ਆਸਾ ॥੩॥**

ਮਹਿਲਾਂ ਵਿਚ ਰਹਿ ਕੇ ਵਿਸ਼ੇ-ਵਿਕਾਰਾਂ ਵਿਚ ਸਮਾਂ ਬਤੀਤ ਕਰਨਾ ਸਭ ਝੂਠਾ ਹੈ ਅਤੇ ਕਿਸੇ ਦੇਵੀ ਦੇਵਤੇ ਦੀ ਆਸ ਰੱਖਣੀ ਝੂਠੀ ਹੈ।

**ਸਾਚਾ ਸੁਮਿਰਨ ਨਾਮ ਬਿਸਾਸਾ।**
**ਮਨ ਬਚ ਕਰਮ ਕਹੈ ਰਵਿਦਾਸਾ। ॥੪॥**

ਪ੍ਰਭੂ ਦਾ ਸੱਚਾ ਸਿਮਰਨ ਕਰਨਾ ਹੀ ਪ੍ਰਭੂ ਦੇ ਨਾਮ ਵਿਚ ਸੱਚਾ ਵਿਸ਼ਵਾਸ ਰੱਖਣਾ ਹੈ। ਗੁਰੂ ਰਵਿਦਾਸ ਜੀ ਫੁਰਮਾਨ ਕਰਦੇ ਹਨ ਹੇ ਭਾਈ! ਮਨ, ਬਚਨ ਅਤੇ ਕਰਮ ਨਾਲ ਪ੍ਰਭੂ ਦੇ ਸੱਚੇ ਨਾਮ ਦਾ ਸਿਮਰਨ ਕਰੋ।

******

## ਸ਼ਬਦ 90

**ਮਾਧੋ ! ਮੋਹਿ ਏਕੁ ਸਹਾਰੋ ਤੋਰਾ ॥ਟੇਕ॥**
**ਤੁਮਹਿ ਮਾਤ ਪਿਤਾ ਪ੍ਰਭ ਮੇਰੋ, ਹੌਂ ਮਸਕੀਨ ਅਤਿ ਭੋਰਾ॥**
**ਤੁਮ ਜਉ ਤਜੋ ਕਵਨ ਮੋਹਿ ਰਾਖੇ, ਸਹਿਹੈ ਕੋਨੁ ਨਿਹੋਰਾ ॥੧॥**
**ਬਾਹਾਡੰਬਰ ਹੌਂ ਕਬਹੁੰ ਨ ਜਾਨਿਓ, ਤੁਮ ਚਰਨਨ ਚਿਤ ਮੋਰਾ॥**

**ਅਗੁਨ ਸਗੁਨ ਦੌ ਸਮਕਰਿ ਆਨਿਓ, ਚਹੁੰ ਦਿਸ ਦਰਸਨ ਤੋਰਾ॥੨॥**
**ਪਾਰਸ ਮਨਿ ਮੁਹਿ ਰਤੁ ਨਹਿੰ, ਜਗ ਜੰਜਾਰ ਨ ਥੋਰਾ॥**
**ਕਹਿ ਰਵਿਦਾਸ ਤਜਿ ਸਭ ਤ੍ਰਿਸ਼ਨਾ, ਇਕੁ ਰਾਮ ਚਰਨ ਚਿਤ ਮੋਰਾ॥੩॥**

ਇਸ ਸ਼ਬਦ ਵਿਚ ਜਗਤਗੁਰੂ ਰਵਿਦਾਸ ਮਹਾਰਾਜ ਜੀ ਸਭ ਜੀਵਾਂ ਨੂੰ ਪ੍ਰਭੂ ਦਾ ਸਹਾਰਾ ਪ੍ਰਾਪਤ ਕਰਕੇ ਜੀਵਨ ਸਫ਼ਲ ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ।

**ਮਾਧੋ ! ਮੋਹਿ ਏਕੁ ਸਹਾਰੋ ਤੋਰਾ॥ਟੇਕ॥**

ਹੇ ਪ੍ਰਭੂ ਜੀ ਮੈਨੂੰ ਇਕ ਆਪ ਜੀ ਦਾ ਹੀ ਸਹਾਰਾ ਹੈ।

**ਤੁਮਹਿ ਮਾਤ ਪਿਤਾ ਪ੍ਰਭ ਮੇਰੋ, ਹੌਂ ਮਸਕੀਨ ਅਤਿ ਭੋਰਾ॥**
**ਤੁਮ ਜਉ ਤਜੋ ਕਵਨ ਮੋਹਿ ਰਾਖੇ, ਸਹਿਹੈ ਕੌਨੁ ਨਿਹੋਰਾ॥੧॥**

ਪ੍ਰਭੂ ਜੀ ਆਪ ਮੇਰੇ ਮਾਤਾ ਪਿਤਾ ਹੋ, ਮੈਂ ਗਰੀਬ ਆਪ ਜੀ ਦੇ ਚਰਨ ਕੰਵਲਾਂ ਦਾ ਭੌਰਾ ਹਾਂ। ਜੇਕਰ ਪ੍ਰਭੂ ਜੀ ਆਪ ਜੀ ਨੇ ਮੈਨੂੰ ਤਿਆਗ ਦਿੱਤਾ, ਫਿਰ ਮੈਨੂੰ ਕੌਣ ਰੱਖੇਗਾ? ਆਪ ਤੋਂ ਬਿਨਾਂ ਮੈਂ ਆਪਣਾ ਗਿਲਾ-ਸ਼ਿਕਵਾ ਕਿਸ ਅੱਗੇ ਪ੍ਰਗਟ ਕਰਾਂਗਾ?

**ਬਾਹਾਡੰਬਰ ਹੌਂ ਕਬਹੁੰ ਨ ਜਾਨਿਓ, ਤੁਮ ਚਰਨਨ ਚਿਤ ਮੋਰਾ॥**
**ਅਗੁਨ ਸਗੁਨ ਦੌ ਸਮਕਰਿ ਆਨਿਓ, ਚਹੁੰ ਦਿਸ ਦਰਸਨ ਤੋਰਾ॥੨॥**

ਮੈਂ ਬਾਹਰੀ ਆਡੰਬਰਾਂ ਨੂੰ ਕਰਨਾ ਕਦੀ ਵੀ ਨਹੀਂ ਜਾਣਦਾ, ਮੇਰਾ ਚਿੱਤ ਤਾਂ ਕੇਵਲ ਆਪ ਜੀ ਦੇ ਚਰਨਕੰਵਲਾਂ ਵਿਚ ਰਹਿੰਦਾ ਹੈ। ਆਪ ਮੇਰੇ ਔਗੁਣਾਂ ਤੇ ਗੁਣਾਂ ਨੂੰ ਸਮ ਕਰਕੇ ਦੇਖਿਓ, ਮੈਂ ਚਾਰੇ ਦਿਸ਼ਾਵਾਂ ਵਿਚ ਭਾਵ ਹਰ ਪਾਸੇ ਆਪ ਜੀ ਦੇ ਦਰਸ਼ਨ-ਦੀਦਾਰ ਕਰਦਾ ਹਾਂ।

**ਪਾਰਸ ਮਨਿ ਮੁਹਿ ਰਤੁ ਨਹਿੰ, ਜਗ ਜੰਜਾਰ ਨ ਥੋਰਾ॥**
**ਕਹਿ ਰਵਿਦਾਸ ਤਜਿ ਸਭ ਤ੍ਰਿਸ਼ਨਾ, ਇਕੁ ਰਾਮ ਚਰਨ ਚਿਤ ਮੋਰਾ॥੩॥**

ਪਾਰਸ ਮਨੀ ਦੀ ਮੈਨੂੰ ਰਤਾ ਭਰ ਵੀ ਜ਼ਰੂਰਤ ਨਹੀਂ ਹੈ। ਸੰਸਾਰ ਦੇ ਸਾਰੇ ਜੰਜਾਲ ਪ੍ਰਭੂ ਦੇ ਨਾਮ ਅੱਗੇ ਝੂਠੇ ਹਨ। ਗੁਰੂ ਰਵਿਦਾਸ ਮਹਾਰਾਜ ਜੀ ਉਚਾਰਣ ਕਰਦੇ ਹਨ ਕਿ ਜੀਵ ਨੂੰ ਸਾਰੀਆਂ ਤ੍ਰਿਸ਼ਨਾਵਾਂ ਨੂੰ ਤਿਆਗ ਕੇ ਇਕ ਪ੍ਰਭੂ ਦੇ ਚਰਨਕੰਵਲਾਂ ਨਾਲ ਚਿੱਤ ਲਾਉਣਾ ਚਾਹੀਦਾ ਹੈ।

********

## ਰਾਗ ਸੋਰਠਿ

## ਸ਼ਬਦ 91

**ਰੇ ਮਨ ! ਚੇਤ ਮੀਚੁ ਦਿਨ ਆਇਆ,**
**ਤੋ ਜਗ ਜਾਲ ਨ ਭਇਆ ਪਰਾਇਆ॥ਟੇਕ॥**



**ਕਾਨਿ ਸੁਨੈ ਨ ਨਜਰਿ ਦੀਸੈ, ਜੀਹ ਥਿਰੁ ਨ ਰਹਾਈ॥**
**ਮੁੰਡ ਰੁ ਤਨ ਥਰ ਥਰ ਕਾਂਪੇ, ਅੰਤਹੁ ਬਿਰਿਯਾਂ ਪਹੁੰਤੌ ਆਈ॥੧॥**
**ਕੇਸੌ ਸੇਤਹ ਪਿਕੁ ਭਏ ਸਭੁ, ਤਨ ਮਨੁ ਬਲ ਬਿਲਮਾਇਆ॥**
**ਮਧਿਆਂਨ ਗਯੌ ਤੁਰਾ ਚਲਿ ਆਈ,**
**ਅਜਹੁੰ ਜਗ ਰਹਿਓ ਭਰਮਾਇਆ॥੨॥**
**ਪਾਨੀ ਗਇਓ ਪਲੁ ਛੀਜੈ ਕਾਇਆ, ਯਹਿ ਤਨ ਜਰਾ ਜਰਾਨਾ॥**
**ਪਾਂਚੌ ਥਾਕੇ ਜਰਾ ਜਰੁ ਸਾਨੈ, ਤੌ ਰਾਮਹਿ ਮਰਮੁ ਨ ਜਾਨਾ॥੩॥**
**ਹੰਸ ਪੰਖੇਰੂ ਚੰਚਲੁ ਭਾਈ, ਸਮੁਝਿ ਪੇਖਿ ਮਨ ਮਾਂਹਿ।**
**ਪ੍ਰਤਿ ਪਲੁ ਮੀਚੁ ਗਰਾਸੈ ਦੇਹੀ, ਫੁਨਿ ਰਵਿਦਾਸ ਚੇਤਹੁ ਨਾਂਹਿ॥੪॥**

ਇਸ ਪਾਵਨ ਸ਼ਬਦ ਵਿਚ ਜਗਤਗੁਰੂ ਰਵਿਦਾਸ ਜੀ ਮਹਾਰਾਜ ਸਰੀਰ ਵਿਚ ਵੱਸ ਰਹੇ ਆਤਮਾ ਰੂਪੀ ਹੰਸ ਨੂੰ ਪ੍ਰਭੂ ਦਾ ਨਾਮ ਜਪ ਕੇ ਅਮੋਲਕ ਜਨਮ ਸਫ਼ਲ ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ।

**ਰੇ ਮਨ ! ਚੇਤ ਮੀਚੁ ਦਿਨ ਆਇਆ,**
**ਤੋ ਜਗ ਜਾਲ ਨ ਭਇਆ ਪਰਾਇਆ॥ਟੇਕ॥**

ਹੇ ਮਨ, ਤੂੰ ਪ੍ਰਭੂ ਨੂੰ ਯਾਦ ਕਰ ਤੇਰੇ ਅੱਖਾਂ ਮੀਟਣ ਦਾ ਭਾਵ ਅੰਤ ਸਮਾਂ ਆ ਰਿਹਾ ਹੈ। ਅੰਤ ਸਮੇਂ ਦੇ ਆਉਣ ਨਾਲ ਤੈਨੂੰ ਸੰਸਾਰ ਰੂਪੀ ਜੰਜਾਲ ਪਰਾਇਆ ਲੱਗਣ ਲੱਗ ਪੈਣਾ ਹੈ।

**ਕਾਨਿ ਸੁਨੈ ਨ ਨਜਰਿ ਦੀਸੈ, ਜੀਹ ਥਿਰੁ ਨ ਰਹਾਈ॥**
**ਮੁੰਡ ਰੁ ਤਨ ਥਰ ਥਰ ਕਾਂਪੇ, ਅੰਤਹੁ ਬਿਰਿਯਾਂ ਪਹੁੰਤੌ ਆਈ॥੧॥**

ਬੁਢਾਪਾ ਆਉਣ ਨਾਲ ਕੰਨ ਸੁਣਦੇ ਨਹੀਂ ਅਤੇ ਅੱਖਾਂ ਤੋਂ ਨਜ਼ਰ ਨਹੀਂ ਆਉਂਦਾ ਅਤੇ ਜੀਭਾ ਬੋਲ ਨਹੀਂ ਸਕਦੀ। ਬੁਢਾਪੇ ਵਿਚ ਸਿਰ ਦੇ ਵਾਲ ਝੜ ਜਾਂਦੇ ਹਨ ਅਤੇ ਸਰੀਰ ਕੰਬਣ ਲੱਗ ਪੈਂਦਾ ਹੈ, ਫਿਰ ਅੰਤ ਸਮੇਂ ਮੌਤ ਆ ਜਾਂਦੀ ਹੈ।

**ਕੇਸੌ ਸੇਤਹ ਪਿਕੁ ਭਏ ਸਭੁ, ਤਨ ਮਨੁ ਬਲ ਬਿਲਮਾਇਆ॥**
**ਮਧਿਆਂਨ ਗਯੌ ਤੁਰਾ ਚਲਿ ਆਈ,**
**ਅਜਹੁੰ ਜਗ ਰਹਿਓ ਭਰਮਾਇਆ॥੨॥**

ਪ੍ਰਭੂ ਤੋਂ ਬਿਨਾਂ ਸਭ ਕੁਝ ਝੂਠਾ ਲੱਗਦਾ ਹੈ, ਤਨ ਅਤੇ ਮਨ ਦਾ ਬਲ ਘਟਣਾ ਸ਼ੁਰੂ ਹੋ ਜਾਂਦਾ ਹੈ। ਅੱਧਖੜ ਉਮਰ ਬੀਤ ਜਾਂਦੀ ਹੈ ਅਤੇ ਬੁਢਾਪਾ ਆਣ ਘੇਰਦਾ ਹੈ ਫਿਰ ਵੀ ਜੀਵ ਪ੍ਰਭੂ ਦੇ ਨਾਮ ਤੋਂ ਬਿਨਾਂ ਭਰਮਦਾ ਰਹਿੰਦਾ ਹੈ।

**ਪਾਨੀ ਗਇਓ ਪਲੁ ਛੀਜੈ ਕਾਇਆ, ਯਹਿ ਤਨ ਜਰਾ ਜਰਾਨਾ॥**
**ਪਾਂਚੌ ਥਾਕੇ ਜਰਾ ਜਰੁ ਸਾਨੈ, ਤੌ ਰਾਮਹਿ ਮਰਮੁ ਨ ਜਾਨਾ॥੩॥**

ਸਰੀਰ ਨੂੰ ਸਿੰਞਣ ਵਾਲਾ ਸਵਾਸਾਂ ਰੂਪੀ ਪਾਣੀ ਘਟਣਾ ਸ਼ੁਰੂ ਹੋ ਜਾਂਦਾ ਹੈ ਅਤੇ ਇਸ ਤਨ ਨੂੰ ਬੁਢਾਪਾ ਆਉਣ ਲੱਗਦਾ ਹੈ। ਪੰਜੇ ਗਿਆਨ ਇੰਦਰੀਆਂ ਥੱਕ ਜਾਂਦੀਆਂ ਹਨ ਤੇ ਫਿਰ ਇਹ ਜੀਵ ਪ੍ਰਭੂ ਦਾ ਭੇਦ ਨਹੀਂ ਜਾਣ

ਸਕਦਾ।

**ਹੰਸ ਪੰਖੇਰੂ ਚੰਚਲੁ ਭਾਈ, ਸਮੁਝਿ ਪੇਖਿ ਮਨ ਮਾਂਹਿ।**
**ਪ੍ਰਤਿ ਪਲੁ ਮੀਚੁ ਗਰਾਸੈ ਦੇਹੀ, ਫੁਨਿ ਰਵਿਦਾਸ ਚੇਤਹੁ ਨਾਂਹਿ॥੪॥**

ਹੇ ਚੰਚਲ ਮਨ ਵਾਲੇ ਭਾਈ! ਇਹ ਆਤਮਾ ਰੂਪੀ ਹੰਸ ਸਰੀਰ ਵਿਚੋਂ ਉੱਡਣ ਵਾਲਾ ਹੈ ਇਸ ਗੱਲ ਨੂੰ ਤੂੰ ਆਪਣੇ ਮਨ ਵਿਚ ਸਮਝ ਕੇ ਦੇਖ ਲੈ। ਸਤਿਗੁਰੂ ਰਵਿਦਾਸ ਮਹਾਰਾਜ ਜੀ ਉਚਾਰਣ ਕਰਦੇ ਹਨ ਕਿ ਹੇ ਜੀਵ! ਪਲ ਪਲ ਕਾਲ ਦੇਹੀ ਨੂੰ ਖਾ ਰਿਹਾ ਹੈ, ਫਿਰ ਦੁਬਾਰਾ ਪ੍ਰਭੂ ਨੂੰ ਚੇਤੇ ਕਰਨ ਦਾ ਸਮਾਂ ਨਹੀਂ ਮਿਲਣਾ, ਇਸ ਲਈ ਤੂੰ ਪ੍ਰਭੂ ਨੂੰ ਚੇਤੇ ਕਰ।

**********

# ਰਾਗ ਭੈਰੋ

## ਸ਼ਬਦ 92

**ਐਸਾ ਧਿਆਨ ਧਰੌਂ ਬਨਵਾਰੀ।**
**ਮਨ ਪਵਨ ਦਿੜਿ ਸੁਖਮਨ ਨਾੜੀ॥ ਟੇਕ॥**
**ਸੋਈ ਜਪੁ ਜਪੌਂ ਜੋ ਬਹੁਰਿ ਨ ਜਪਨਾ।**
**ਸੋਈ ਤਪੁ ਤਪੌਂ ਜੋ ਬਹੁਰਿ ਨ ਤਪਨਾ॥੧॥**
**ਸੋਈ ਗੁਰੂ ਕਰੌਂ ਜੋ ਬਹੁਰਿ ਨ ਕਰਨਾ।**
**ਐਸੀ ਮਰੌਂ ਜੋ ਬਹੁਰਿ ਨ ਮਰਨਾ॥੨॥**
**ਉਲਟੀ ਗੰਗ ਜਮੁਨ ਮੇਂ ਲਯਾਵੌਂ।**
**ਬਿਨਹੀ ਜਲ ਮਜਨ ਹ੍ਵੈ ਆਵੌਂ॥੩॥**
**ਲੋਚਨ ਭਰਿ ਭਰਿ ਬਿਯੰਬ ਨਿਹਾਰੌਂ।**
**ਜੋਤਿ ਬਿਚਾਰਿ ਨ ਔਰ ਬਿਚਾਰੌਂ॥੪॥**
**ਪਿੰਡ ਪਰੇ ਜੀਵ ਜਿਸੁ ਘਰਿ ਜਾਤਾ।**
**ਸ਼ਬਦ ਅਤੀਤ ਅਨਾਹਦ ਰਾਤਾ॥੫॥**
**ਜਾ ਪਰ ਕਿਰਪਾ ਸੋਈ ਭਲ ਜਾਨੈ॥**
**ਗੂੰਗੋ ਸਾਕਰ ਕਹਾ ਬਖਾਨੈ॥੬॥**
**ਸੁੰਨਿ ਮੰਡਲ ਮੇਂ ਤੇਰਾ ਬਾਸਾ।**
**ਤਾਥੈ ਜਾਵ ਮੇਂ ਰਹੌਂ ਉਦਾਸਾ॥੭॥**
**ਕਹਿ ਰਵਿਦਾਸ ਨਿੰਰਜਨ ਧਿਆਉ।**
**ਜਿਸ ਘਰਿ ਜਾਓ ਹੌਂ ਬਹੁਰਿ ਨ ਆਉ॥੮॥**

ਜਗਤਗੁਰੂ ਰਵਿਦਾਸ ਜੀ ਜੀਵਾਂ ਨੂੰ ਪ੍ਰਭੂ ਦਾ ਧਿਆਨ ਦਸਵੇਂ ਦੁਆਰ 'ਚ ਟਿਕਾ ਕੇ ਸੁੰਨ ਮੰਡਲ ਵਿਚ ਪਹੁੰਚ ਕੇ ਜੀਵਨ ਮੁਕਤ ਹੋਣ ਦਾ ਪਾਵਨ ਉਪਦੇਸ਼ ਦਿੰਦੇ ਹਨ।



**ਐਸਾ ਧਿਆਨ ਧਰੌਂ ਬਨਵਾਰੀ।**
**ਮਨ ਪਵਨ ਦਿੜਿ ਸੁਖਮਨ ਨਾੜੀ॥ ਟੇਕ॥**

ਹੇ ਜੀਵ! ਤੂੰ ਐਸਾ ਪ੍ਰਭੂ ਦਾ ਧਿਆਨ ਧਰ, ਜਿਸ ਵਿਚ ਤੇਰਾ ਮਨ ਪ੍ਰਭੂ ਨਾਲ ਲਗ ਜਾਵੇ ਅਤੇ ਤੇਰੇ ਸਵਾਸ ਇੜ੍ਹਾ-ਪਿੰਗਲਾ ਜਿਥੇ ਦੋਨੋਂ ਨਾੜੀਆਂ ਮਿਲਦੀਆਂ ਹਨ—ਸੁਖਮਨਾਂ ਨਾੜ੍ਹੀ ਭਾਵ ਦਸਵੇਂ ਦੁਆਰ ਵਿਚ ਪਹੁੰਚ ਜਾਣ।

**ਸੋਈ ਜਪੁ ਜਪੌਂ ਜੋ ਬਹੁਰਿ ਨ ਜਪਨਾ।**
**ਸੋਈ ਤਪੁ ਤਪੌਂ ਜੋ ਬਹੁਰਿ ਨ ਤਪਨਾ॥੧॥**

ਹੇ ਜੀਵ! ਆਤਮਦਰਸ਼ੀ ਗੁਰੂ ਦੀ ਸ਼ਰਣ ਗ੍ਰਹਿਣ ਕਰ। ਇਸ ਅਵਸਥਾ ਵਿਚ ਪਹੁੰਚ ਕੇ ਤੂੰ ਪ੍ਰਭੂ ਦਾ ਨਾਮ ਜਪੇਗਾ ਫਿਰ ਤੈਨੂੰ ਵਾਰ-ਵਾਰ ਪ੍ਰਭੂ ਦਾ ਐਸਾ ਨਾਮ ਜਪਣ ਦੀ ਲੋੜ ਨਹੀਂ ਪਵੇਗੀ ਅਤੇ ਐਸਾ ਸ੍ਰੇਸ਼ਟ ਤਪ ਕਰੇਂਗਾ ਫਿਰ ਤੈਨੂੰ ਦੁਬਾਰਾ ਤਪ ਕਰਨ ਦੀ ਜ਼ਰੂਰਤ ਵੀ ਨਹੀਂ ਪਵੇਗੀ।

**ਸੋਈ ਗੁਰੂ ਕਰੌਂ ਜੋ ਬਹੁਰਿ ਨ ਕਰਨਾ।**
**ਐਸੀ ਮਰੌਂ ਜੋ ਬਹੁਰਿ ਨ ਮਰਨਾ॥੨॥**

ਗੁਰੂ ਦਾ ਗਿਆਨ ਹੀ ਅਗਿਆਨਤਾ ਦਾ ਨਾਸ਼ ਕਰ ਸਕਦਾ ਹੈ ਅਤੇ ਹੋਰ ਕਿਸੇ ਦੀ ਜ਼ਰੂਰਤ ਨਹੀਂ ਰਹਿੰਦੀ। ਜਦੋਂ ਜੀਵ ਪ੍ਰਭੂ ਦਾ ਨਾਮ ਜਪ ਕੇ ਜੀਵਨ ਮੁਕਤ ਹੋ ਜਾਂਦਾ ਹੈ। ਫਿਰ ਇਸ ਤਰ੍ਹਾਂ ਦੁਬਾਰਾ ਮਰਨਾ ਨਹੀਂ ਪੈਂਦਾ।

**ਉਲਟੀ ਗੰਗ ਜਮੁਨ ਮੇਂ ਲਯਾਵੌਂ।**
**ਬਿਨਹੀ ਜਲ ਮਜਨ ਹ੍ਵੈ ਆਵੌਂ॥੩॥**

ਜਦੋਂ ਜੀਵ ਆਪਣੇ ਧਿਆਨ ਨੂੰ ਸੰਸਾਰ ਵਲੋਂ ਪਲਟ ਕੇ ਪ੍ਰਭੂ ਵੱਲ ਲਾਉਂਦਾ ਹੈ ਤਾਂ ਗੰਗਾ ਭਾਵ ਇੜ੍ਹਾ-ਨਾੜ੍ਹੀ, ਜਮਨਾ ਪਿੰਗਲਾ ਨਾੜੀ ਮਿਲ ਕੇ ਸੁਖਮਨਾ ਨਾੜੀ ਨਾਲ ਮਿਲਦੀਆਂ ਹਨ, ਇਸ ਦਸਵੇਂ ਦੁਆਰ ਰੂਪੀ ਤ੍ਰਿਵੈਣੀ ਜੋ ਕਿ ਪਾਣੀ ਤੋਂ ਬਗੈਰ ਹੈ ਵਿਖੇ ਇਸ਼ਨਾਨ ਕਰਕੇ ਆਪਣਾ ਜੀਵਨ ਸਫ਼ਲ ਕਰ ਲੈਂਦਾ ਹੈ।

**ਲੋਚਨ ਭਰਿ ਭਰਿ ਬਿਯੰਬ ਨਿਹਾਰੌਂ।**
**ਜੋਤਿ ਬਿਚਾਰਿ ਨ ਔਰ ਬਿਚਾਰੌਂ॥੪॥**

ਫਿਰ ਜੀਵ ਮਨ ਰੂਪੀ ਅੱਖਾਂ ਨਾਲ ਪ੍ਰਭੂ ਦੇ ਦਰਸ਼ਨ ਕਰਕੇ ਆਨੰਦ ਦਾ ਅਨੁਭਵ ਕਰਦਾ ਹੈ ਅਤੇ ਜੀਵ ਪ੍ਰਭੂ ਦਾ ਸੱਚ ਸਰੂਪ ਵਿਚਾਰ ਕਰਕੇ ਉਸ ਦਾ ਰੂਪ ਹੋ ਜਾਂਦਾ ਹੈ। ਜੀਵ ਉਸ ਜੋਤ ਵਿਚ ਹੀ ਸਮਾ ਜਾਂਦਾ ਹੈ। ਫਿਰ ਇਸ ਦੇ ਹੋਰ ਸਾਰੇ ਵਿਚਾਰ ਖ਼ਤਮ ਹੋ ਜਾਂਦੇ ਹਨ।

**ਪਿੰਡ ਪਰੇ ਜੀਵ ਜਿਸੁ ਘਰਿ ਜਾਤਾ।**
**ਸ਼ਬਦ ਅਤੀਤ ਅਨਾਹਦ ਰਾਤਾ॥੫॥**

ਸਰੀਰ ਰੂਪੀ ਪਿੰਡ ਵਿਚ ਬਿਰਾਜਮਾਨ ਪ੍ਰਭੂ ਨਾਲ ਮਿਲ ਕੇ ਜੀਵ ਉਸ ਬੇਗਮਪੁਰੇ ਭਾਵ ਨਿੱਜ ਘਰ ਵਿਚ ਜਾਂਦਾ ਹੈ। ਫਿਰ ਇਹ ਜੀਵ ਵਾਸਤਵਿਕ ਇਕ ਰਸ ਪ੍ਰਭੂ ਦੇ ਨਾਮ ਵਿਚ ਰੰਗਿਆ ਜਾਂਦਾ ਹੈ।

ਜਾ ਪਰ ਕਿਰਪਾ ਸੋਈ ਭਲ ਜਾਨੈ ॥
ਗੂੰਗੋ ਸਾਕਰ ਕਹਾ ਬਖਾਨੈ ॥੬॥

ਜਿਸ 'ਤੇ ਪ੍ਰਭੂ ਕਿਰਪਾ ਕਰਦਾ ਹੈ ਉਹ ਹੀ ਪ੍ਰਭੂ ਦੇ ਪਰਮ-ਆਨੰਦ ਨੂੰ ਜਾਣਦਾ ਹੈ। ਜਿਵੇਂ ਗੂੰਗਾ ਜੀਵ ਸ਼ੱਕਰ ਖਾਣ ਦੇ ਸਵਾਦ ਨੂੰ ਬਿਆਨ ਨਹੀਂ ਕਰ ਸਕਦਾ, ਇਸੇ ਪ੍ਰਕਾਰ ਪ੍ਰਭੂ ਦਾ ਆਨੰਦ ਲੈਣ ਵਾਲਾ ਜੀਵ ਉਸ ਨੂੰ ਬਿਆਨ ਨਹੀਂ ਕਰ ਸਕਦਾ।

ਸੁੰਨਿ ਮੰਡਲ ਮੇਂ ਤੇਰਾ ਬਾਸਾ।
ਤਾਥੈ ਜਾਵ ਮੇਂ ਰਹੌਂ ਉਦਾਸਾ॥੭॥

ਹੇ ਪ੍ਰਭੂ! ਤੇਰਾ ਨਿਵਾਸ ਪ੍ਰਭੂ ਦੇ ਸੁੰਨ ਮੰਡਲ ਰੂਪੀ ਨਿੱਜ ਘਰ ਵਿਚ ਹੈ। ਇਸ ਲਈ ਮੈਂ ਸੰਸਾਰ 'ਚ ਰਹਿੰਦਾ ਹੋਇਆ ਵੀ ਸੰਸਾਰ ਤੋਂ ਉਪਰਾਮ ਰਹਿੰਦਾ ਹਾਂ।

ਕਹਿ ਰਵਿਦਾਸ ਨਿੰਰਜਨ ਧਿਆਉ।
ਜਿਸ ਘਰਿ ਜਾਓ ਹੌਂ ਬਹੁਰਿ ਨ ਆਉ॥੮॥

ਗੁਰੂ ਰਵਿਦਾਸ ਜੀ ਕਥਨ ਕਰਦੇ ਹਨ, ਮੈਂ ਮਾਇਆ ਤੋਂ ਰਹਿਤ ਪ੍ਰਭੂ ਨੂੰ ਧਿਆਉਂਦਾ ਹਾਂ, ਜਿਸ ਪ੍ਰਭੂ ਦੇ ਨਿੱਜ-ਘਰ ਵਿਚ ਜਾਣ ਕਰਕੇ ਮੈਂ ਹੋਰ ਕਿਸੇ ਪਾਸੇ ਨਹੀਂ ਜਾਵਾਂਗਾ। ਭਾਵ ਮੈਂ ਉਸ ਪ੍ਰਭੂ ਦਾ ਸਿਮਰਨ ਕਰਕੇ ਉਸ ਵਿਚ ਹੀ ਅਭੇਦ ਹੋ ਗਿਆ ਹਾਂ। ਮੈਂ ਸੰਸਾਰ ਵਿਚ ਫਿਰ ਜਨਮ ਲੈ ਕੇ ਨਹੀਂ ਆਵਾਂਗਾ।

******

## ਸ਼ਬਦ 93

ਅਬਿਗਤਿ ਨਾਥ ਨਿਰੰਜਨ ਦੇਵਾ।
ਮੈਂ ਕਾ ਜਾਨੂੰ ਤੁਮ੍ਹਾਰੀ ਸੇਵਾ॥ ਟੇਕ॥
ਬਾਂਧੂ ਨ ਬੰਧਨ ਛਾਂਊ ਨ ਛਾਯਾ।
ਤੁਮਹੀਂ ਸੇਊਂ ਨਿਰੰਜਨ ਰਾਯਾ॥੧॥
ਚਰਨ ਪਤਾਲ ਸੀਸ ਅਸਮਾਨਾ।
ਸੋ ਠਾਕੁਰ ਕੈਸੇ ਸੰਪੁਟ ਸਮਾਨਾ॥੨॥
ਸਿਵ ਸਨਕਾਦਿਕ ਅੰਤ ਨ ਪਾਇਆ।
ਬ੍ਰਹਮਾ ਖੋਜਤ ਜਨਮ ਗੰਵਾਇਆ॥੩॥
ਤੋੜੂੰ ਨ ਪਾਤੀ ਪੂਜੂੰ ਨ ਦੇਵਾ।
ਸਹਜ ਸਮਾਧਿ ਕਰੂੰ ਹਰਿ ਸੇਵਾ॥੪॥
ਨਖ ਪ੍ਰਸੇਦ ਜਾ ਕੇ ਸੁਰਸਰਿ ਧਾਰਾ।
ਰੋਮਾਵਲੀ ਅਠਾਰਹ ਭਾਰਾ॥੫॥



ਚਾਰੋ ਬੇਦ ਜਾ ਕੇ ਸੁਮਿਰਤ ਸਾਂਸਾ।
ਭਗਤਿ ਹੇਤ ਗਾਵੈ ਰਵਿਦਾਸਾ॥੬॥

ਇਸ ਪਾਵਨ ਸ਼ਬਦ ਵਿਚ ਜਗਤਗੁਰੂ ਰਵਿਦਾਸ ਜੀ ਮਹਾਰਾਜ ਆਡੰਬਰਾਂ ਤੇ ਕਰਮ-ਕਾਂਡਾਂ ਤੋਂ ਰਹਿਤ ਹੋ ਕੇ ਸਰਬ-ਵਿਆਪੀ ਪ੍ਰਭੂ ਦਾ ਸਿਮਰਨ ਕਰਨ ਦਾ ਉਪਦੇਸ਼ ਦਿੰਦੇ ਹਨ।

ਅਬਿਗਤਿ ਨਾਥ ਨਿਰੰਜਨ ਦੇਵਾ।
ਮੈਂ ਕਾ ਜਾਨੂੰ ਤੁਮ੍ਹਾਰੀ ਸੇਵਾ॥ ਟੇਕ॥

ਹੇ ਅਵਿਨਾਸ਼ੀ, ਮਾਇਆ ਤੋਂ ਰਹਿਤ ਪ੍ਰਭੂ ਜੀ! ਮੈਂ ਆਪ ਜੀ ਦੀ ਸੇਵਾ ਕਰਨੀ ਨਹੀਂ ਜਾਣਦਾ।

ਬਾਂਧੂ ਨ ਬੰਧਨ ਛਾਂਊ ਨ ਛਾਯਾ।
ਤੁਮਹੀਂ ਸੇਊਂ ਨਿਰੰਜਨ ਰਾਯਾ॥੧॥

ਮੈਂ ਸੰਸਾਰਿਕ ਕਰਮ ਬੰਧਨਾਂ ਵਿਚ ਨਹੀਂ ਪਵਾਂਗਾ ਅਤੇ ਸੰਸਾਰ ਦੀ ਮਾਇਆ ਦੇ ਅਧੀਨ ਨਹੀਂ ਹੋਵਾਂਗਾ। ਹੇ ਮਾਇਆ-ਰਹਿਤ ਪ੍ਰਭੂ, ਮੈਂ ਕੇਵਲ ਆਪ ਜੀ ਦੀ ਸੇਵਾ ਹੀ ਕਰਾਂਗਾ।

ਚਰਨ ਪਤਾਲ ਸੀਸ ਅਸਮਾਨਾ।
ਸੋ ਠਾਕੁਰ ਕੈਸੇ ਸੰਪੁਟ ਸਮਾਨਾ॥੨॥

ਉਹ ਪ੍ਰਭੂ ਜਿਸ ਦੇ ਪੈਰ ਪਤਾਲ ਅਤੇ ਸਿਰ ਅਕਾਸ਼ ਸਮਝਿਆ ਜਾਂਦਾ ਹੈ ਕੀ ਉਹ ਠਾਕੁਰ ਪ੍ਰਭੂ ਕਿਸੇ ਥਾਂ ਸੀਮਿਤ ਹੋ ਸਕਦਾ ਹੈ? ਭਾਵ ਨਹੀਂ ਉਹ ਤਾਂ ਸਰਵ-ਵਿਆਪਕ ਹੈ।

ਸਿਵ ਸਨਕਾਦਿਕ ਅੰਤ ਨ ਪਾਇਆ।
ਬ੍ਰਹਮਾ ਖੋਜਤ ਜਨਮ ਗੰਵਾਇਆ॥੩॥

ਜਿਸ ਪ੍ਰਭੂ ਦਾ ਆਦਿ-ਅੰਤ ਸ਼ਿਵ ਜੀ ਅਤੇ ਸਨਕਾਇਦ (ਚਾਰੇ ਬ੍ਰਹਮਾ ਦੇ ਪੁੱਤਰਾਂ) ਨੇ ਨਹੀਂ ਪਾਇਆ। ਪ੍ਰਭੂ ਨੂੰ ਭੁਲਾ ਕੇ ਬ੍ਰਹਮਾ ਨੇ ਵੇਦਾਂ ਨੂੰ ਜਾਨਣ ਵਿਚ ਹੀ ਆਪਣਾ ਅਮੋਲਕ ਜਨਮ ਗੁਆ ਲਿਆ।

ਤੋੜੂੰ ਨ ਪਾਤੀ ਪੂਜੂੰ ਨ ਦੇਵਾ।
ਸਹਜ ਸਮਾਧਿ ਕਰੂੰ ਹਰਿ ਸੇਵਾ॥੪॥

ਹੇ ਪ੍ਰਭੂ ਜੀ! ਮੈਂ ਬਨਸਪਤੀ ਦੀਆਂ ਪੱਤੀਆਂ ਤੋੜ ਕੇ ਆਪ ਦੀ ਪੂਜਾ ਨਹੀਂ ਕਰਦਾ। ਮੈਂ ਤਾਂ ਕੇਵਲ ਸਹਿਜ ਸਮਾਧੀ ਵਿਚ ਪਹੁੰਚ ਕੇ ਆਪ ਦੀ ਸੇਵਾ ਕਰਦਾ ਹਾਂ। ਮੈਂ ਆਪ ਜੀ ਦੀ ਸੇਵਾ ਵਿਚ ਹਾਜ਼ਰ ਹਾਂ।

ਨਖ ਪ੍ਰਸੇਦ ਜਾ ਕੇ ਸੁਰਸਰਿ ਧਾਰਾ।
ਰੋਮਾਵਲੀ ਅਠਾਰਹ ਭਾਰਾ॥੫॥

ਹੇ ਪ੍ਰਭੂ ਜੀ! ਆਪ ਜੀ ਦੇ ਚਰਨਾਂ ਦੇ ਪਸੀਨੇ 'ਚੋਂ ਗੰਗਾ ਦੀ ਸ੍ਰੇਸ਼ਟ ਧਾਰਾ ਵਹਿੰਦੀ ਹੈ ਅਤੇ ਉਸ ਪ੍ਰਭੂ ਦੀ ਕਿਰਪਾ ਨਾਲ ਹੀ ਬਨਸਪਤੀ ਦੇ ਅਠਾਰ੍ਹਾਂ ਭਾਰ ਸਰੀਰ ਦੇ ਰੋਮ ਜਾਣੇ ਜਾਂਦੇ ਹਨ।

ਚਾਰੋ ਬੇਦ ਜਾ ਕੇ ਸੁਮਿਰਤ ਸਾਂਸਾ।
ਭਗਤਿ ਹੇਤ ਗਾਵੈ ਰਵਿਦਾਸਾ॥੬॥

ਚਾਰੇ ਵੇਦਾਂ ਦੇ ਰਚੇਤਾ ਵੀ ਉਸ ਪ੍ਰਭੂ ਦਾ ਸਵਾਸ-ਸਵਾਸ ਸਿਮਰਨ ਕਰਦੇ ਹਨ। ਗੁਰੂ ਰਵਿਦਾਸ ਜੀ ਫ਼ੁਰਮਾਉਂਦੇ ਹਨ ਕਿ ਪ੍ਰਭੂ ਦੀ ਪ੍ਰੇਮਾ-ਭਗਤੀ ਵਾਸਤੇ ਮੈਂ ਪ੍ਰਭੂ ਦੇ ਗੁਣ ਗਾਉਂਦਾ ਹਾਂ।

******

## ਸ਼ਬਦ 94

ਭੇਸ਼ ਲਿਯੋ ਪੈ ਭੇਦ ਨ ਜਾਨਿਓ।
ਅੰਮ੍ਰਿਤ ਲੇਇ ਬਿਸ਼ੈ ਸੋ ਮਾਨਿਓ॥ ਟੇਕ॥
ਕਾਮ ਕ੍ਰੋਧ ਮੇਂ ਜਨਮ ਗੰਵਾਯੋ।
ਸਾਧੁ ਸੰਗਤਿ ਮਿਲਿ ਰਾਮ ਨ ਗਾਯੋ॥੧॥
ਤਿਲਕ ਦਿਯੋ ਪੈ ਤਪਨਿ ਨ ਜਾਈ।
ਮਾਲਾ ਪਹਿਰ ਘਨੇਰੀ ਲਾਈ॥੨॥
ਕਹੈ ਰਵਿਦਾਸ ਮਰਮ ਜੋ ਪਾਊਂ।
ਦੇਵ ਨਿਰੰਜਨ ਸਤ ਕਰ ਧਿਆਊਂ॥੩॥

ਜਗਤਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਆਡੰਬਰ ਤਿਆਗ ਕੇ ਸੰਤਾਂ ਦੀ ਸੰਗਤ ਵਿਚ ਜਾ ਕੇ ਪ੍ਰਭੂ ਦੇ ਨਾਮ ਜਪਣ ਦਾ ਪਾਵਨ ਉਪਦੇਸ਼ ਕਰਦੇ ਹਨ।

ਭੇਸ਼ ਲਿਯੋ ਪੈ ਭੇਦ ਨ ਜਾਨਿਓ।
ਅੰਮ੍ਰਿਤ ਲੇਇ ਬਿਸ਼ੈ ਸੋ ਮਾਨਿਓ॥ਟੇਕ॥

ਹੇ ਆਡੰਬਰੀ ਜੀਵ! ਤੂੰ ਬਾਹਰੋਂ ਪਹਿਰਾਵਾ ਤਾਂ ਸਾਧੂਆਂ ਵਾਲਾ ਬਣਾ ਲਿਆ ਹੈ ਪਰ ਪ੍ਰਭੂ ਦੇ ਰਹੱਸ ਨੂੰ ਨਹੀਂ ਜਾਣਿਆ। ਤੂੰ ਪ੍ਰਭੂ ਦੇ ਬ੍ਰਹਮ ਗਿਆਨ ਨੂੰ ਨਹੀਂ ਜਾਣਿਆ ਸਗੋਂ ਸੰਸਾਰ ਰੂਪੀ ਵਿਸ਼ੇ ਵਿਕਾਰਾਂ ਨੂੰ ਅੰਮ੍ਰਿਤ ਸਮਝਿਆ ਹੋਇਆ ਹੈ।

ਕਾਮ ਕ੍ਰੋਧ ਮੇਂ ਜਨਮ ਗੰਵਾਯੋ।
ਸਾਧੁ ਸੰਗਤਿ ਮਿਲਿ ਰਾਮ ਨ ਗਾਯੋ॥੧॥

ਹੇ ਜੀਵ! ਤੂੰ ਪ੍ਰਭੂ ਨੂੰ ਭੁਲਾ ਕੇ ਕਾਮ ਕ੍ਰੋਧ ਆਦਿ ਵਿਕਾਰਾਂ ਵਿਚ ਆਪਣਾ ਜਨਮ ਗੁਆ ਰਿਹਾ ਹੈ। ਪਰ ਸੰਤਾਂ ਦੀ ਸੰਗਤ ਵਿਚ ਜਾ ਕੇ ਪ੍ਰਭੂ ਦਾ ਨਾਮ ਨਹੀਂ ਗਾਇਆ।

ਤਿਲਕ ਦਿਯੋ ਪੈ ਤਪਨਿ ਨ ਜਾਈ।
ਮਾਲਾ ਪਹਿਰ ਘਨੇਰੀ ਲਾਈ॥੨॥

ਮੱਥੇ ਉਪਰ ਚੰਦਨ ਦਾ ਤਿਲਕ ਲਾਉਣ ਨਾਲ ਤੇਰੇ ਅੰਦਰੋਂ ਵਿਸ਼ੇ-



ਵਿਕਾਰਾਂ ਦੀ ਤਪਸ਼ ਨਹੀਂ ਜਾਣੀ। ਜਿੰਨੀਆਂ ਮਰਜ਼ੀ ਸੰਘਣੀਆਂ ਮਾਲਾਂ ਪਹਿਨ ਲੈ ਫਿਰ ਵੀ ਤੇਰੇ ਅੰਦਰੋਂ ਭਰਮ ਦਾ ਨਾਸ਼ ਨਹੀਂ ਹੋਣਾ।

ਕਹੈ ਰਵਿਦਾਸ ਮਰਮ ਜੋ ਪਾਊਂ।
ਦੇਵ ਨਿਰੰਜਨ ਸਤ ਕਰ ਧਿਆਊਂ॥੩॥

ਗੁਰੂ ਰਵਿਦਾਸ ਜੀ ਕਥਨ ਕਰਦੇ ਹਨ ਕਿ ਜੋ ਜੀਵ ਕਰਮ ਕਾਂਡਾਂ ਨੂੰ ਤਿਆਗ ਕੇ ਬ੍ਰਹਮ ਗਿਆਨ ਦੇ ਭੇਦ ਨੂੰ ਜਾਣਦਾ ਹੈ, ਉਹੀ ਜੀਵ ਮਾਇਆ ਤੋਂ ਰਹਿਤ ਪ੍ਰਭੂ ਨੂੰ ਸਤਿ ਕਰਕੇ ਉਸ ਦਾ ਸਿਮਰਨ ਕਰਦਾ ਹੈ।

******

## ਸ਼ਬਦ 95

ਗੁਰੂ ਸਭੁ ਰਹਸਿ ਅਗਮਹਿ ਜਾਨੈਂ।
ਢੂੰਢੇ ਕੋਉ ਛਟ ਸ਼ਾਸਤ੍ਰਨ ਮਹਿਂ, ਕਿਧੁੰ ਕੋ ਵੇਦ ਵਸ਼ਾਨੈ॥ ਟੇਕ॥
ਸਾਂਸ ਉਸਾਂਸ ਚੜਾਵੈ ਬਹੁ ਬਿਧਿ, ਬੈਠਹਿਂ ਸੁੰਨਿ ਸਮਾਧੀ।
ਫਾਂਟਿਓ ਕਾਨੁ ਭਭੂਤ ਤਨਿ ਲਾਈ, ਅਨਿਕ ਭਰਮਤ ਵੈਰਾਗੀ॥੧॥
ਤੀਰਥ ਬਰਤ ਕਰਇ ਬਹੁਤੇਰੇ, ਕਥਾ ਬਸਤ ਬਹੁ ਸਾਨੈ।
ਕਹਿ ਰਵਿਦਾਸ ਮਿਲਿਓ ਗੁਰ ਪੂਰੇ, ਜਿਹਿ ਅੰਤਰ ਹਰਿ ਮਿਲਾਨੈ॥੨॥

ਜਗਤਗੁਰੂ ਰਵਿਦਾਸ ਮਹਾਰਾਜ ਜੀ ਸਭ ਜੀਵਾਂ ਨੂੰ ਬਾਹਰੀ ਕਰਮ-ਕਾਂਡਾ ਤੋਂ ਮੁਕਤ ਹੋ ਕੇ ਗੁਰੂ ਦੀ ਸ਼ਰਨ ਵਿਚ ਜਾ ਕੇ ਪ੍ਰਭੂ ਨਾਲ ਮਿਲਾਪ ਕਰਨ ਦਾ ਪਾਵਨ ਉਪਦੇਸ਼ ਬਖਸ਼ਿਸ਼ ਕਰਦੇ ਹਨ।

ਗੁਰੂ ਸਭੁ ਰਹਸਿ ਅਗਮਹਿ ਜਾਨੈਂ।

ਗੁਰੂ ਪ੍ਰਭੂ ਦੇ ਗ਼ਮ ਤੋਂ ਰਹਿਤ ਰਹੱਸ ਨੂੰ ਜਾਣਦਾ ਹੈ।

ਢੂੰਢੇ ਕੋਉ ਛਟ ਸ਼ਾਸਤ੍ਰਨ ਮਹਿਂ, ਕਿਧੁੰ ਕੋ ਵੇਦ ਵਸ਼ਾਨੈ॥ ਟੇਕ॥

ਕੋਈ ਜੀਵ ਭਰਮ ਕਰਕੇ ਬਾਹਰ ਛੇ ਸ਼ਾਸਤਰਾਂ ਵਿਚ ਅਤੇ ਵੇਦਾਂ ਵਿਚ ਲੱਭਦਾ ਫਿਰਦਾ ਹੈ।

ਸਾਂਸ ਉਸਾਂਸ ਚੜਾਵੈ ਬਹੁ ਬਿਧਿ, ਬੈਠਹਿਂ ਸੁੰਨਿ ਸਮਾਧੀ।

ਕੋਈ ਜੀਵ ਅਨੇਕਾਂ ਪ੍ਰਕਾਰ ਨਾਲ ਸਵਾਸਾਂ ਨੂੰ ਚਾੜ੍ਹਦਾ ਉਤਾਰਦਾ ਹੈ ਅਤੇ ਕੋਈ ਸੁੰਨ ਸਮਾਧੀ ਵਿਚ ਬੈਠਾ ਹੈ।

ਫਾਂਟਿਓ ਕਾਨੁ ਭਭੂਤ ਤਨਿ ਲਾਈ, ਅਨਿਕ ਭਰਮਤ ਵੈਰਾਗੀ॥੧॥

ਕਿਸੇ ਨੇ ਆਪਣੇ ਕੰਨ ਪੜਵਾ ਕੇ ਸਰੀਰ 'ਤੇ ਰਾਖ/ਸਵਾਹ ਲਗਾਈ ਹੋਈ ਹੈ ਅਤੇ ਕਈ ਵੈਰਾਗੀ ਬਣਕੇ ਅਨੇਕਾਂ ਸਥਾਨਾਂ 'ਤੇ ਭ੍ਰਮਣ ਕਰਦੇ ਹਨ।

ਤੀਰਥ ਬਰਤ ਕਰਇ ਬਹੁਤੇਰੇ, ਕਥਾ ਬਸਤ ਬਹੁ ਸਾਨੈ।

ਕਈ ਬਹੁਤ ਤੀਰਥਾਂ 'ਤੇ ਇਸ਼ਨਾਨ ਕਰਦੇ ਹਨ ਅਤੇ ਕਥਾਵਾਂ ਦਾ ਵਖਿਆਨ ਕਰਦੇ ਹਨ।

**ਕਹਿ ਰਵਿਦਾਸ ਮਿਲਿਓ ਗੁਰ ਪੂਰੇ, ਜਿਹਿ ਅੰਤਰ ਹਰਿ ਮਿਲਾਨੈ ॥੨॥**

ਗੁਰੂ ਰਵਿਦਾਸ ਮਹਾਰਾਜ ਜੀ ਉਚਾਰਣ ਕਰਦੇ ਹਨ ਕਿ ਜਦੋਂ ਜੀਵ ਨੂੰ ਪੂਰਾ ਗੁਰੂ ਮਿਲ ਜਾਂਦਾ ਹੈ ਉਹ ਅੰਦਰੋਂ ਹੀ ਜੀਵ ਨੂੰ ਪ੍ਰਭੂ ਨਾਲ ਮਿਲਾ ਦਿੰਦਾ ਹੈ।

****

# ਰਾਗ ਬਿਲਾਵਲ

## ਸ਼ਬਦ 96

**ਕਾ ਤੂੰ ਸੋਵੈ ਜਾਗ ਦਿਵਾਨਾ। ਝੂਠਾ ਜੀਵਨ ਸਾਂਚਿ ਕਰਿ ਜਾਨਾ॥ ਟੇਕ॥**
**ਜੋ ਦਿਨ ਆਵੈ ਸੋ ਦੁਖ ਮੇ ਜਾਹੀ। ਕੀਜੈ ਕੂਚ ਰਹਿਓ ਸਚ ਨਾਹੀ।**
**ਸੰਗਿ ਚਲਿਓ ਹੈ ਹਮ ਭੀ ਚਲਨਾ। ਦੂਰ ਗਵਨ ਸਿਰ ਊਪਰ ਮਰਨਾ॥੧॥**
**ਜੋ ਕਛੁ ਬੋਯਾ ਲੁਨਿਯੇ ਸੋਈ। ਤਾ ਮੇ ਫੇਰ ਫਾਰ ਨਹੀਂ ਹੋਈ।**
**ਛਾਡਿਯ ਕੂਰ ਭਜੋ ਹਰਿ ਚਰਨਾ। ਤਾ ਕੋ ਮਿਟੈ ਜਨਮ ਅਰੁ ਮਰਨਾ॥੨॥**
**ਜਿਨ ਜੀਉ ਦਿਯਾ ਸੋ ਰਿਜਕ ਅਮੜਾਵੈ। ਘਟ-ਘਟ ਭੀਤਰ ਰਹਟ ਚਲਾਵੈ॥**
**ਕਰਿ ਬੰਦਗੀ ਛਾਡਿ ਮੈਂ ਮੇਰਾ। ਹਿਰਦੈ ਕਰੀਮ ਸੰਭਰਿ ਸਵੇਰਾ॥੩॥**
**ਆਗੈ ਪੰਥ ਖਰਾ ਹੈ ਝੀਨਾ। ਖਾਂਡੈ ਧਾਰ ਜੈਸਾ ਹੈ ਪੈਨਾ।**
**ਜਿਸ ਊਪਰ ਮਾਰਗ ਹੈ ਤੇਰਾ। ਪੰਥੀ ਪੰਥ ਸੰਵਾਰ ਸਵੇਰਾ॥੪॥**
**ਕਿਆ ਤੈਂ ਖਰਚਾ ਕਿਆ ਤੈ ਖਾਯਾ। ਚਲ ਦਰਹਾਲ ਦਿਬਾਨ ਬੁਲਾਯਾ।**
**ਸਾਹਿਬ ਤੋ ਪੈ ਲੇਖਾ ਲੇਸੀ। ਭੀਰਿ ਪਰਿਯਾ ਤੂੰ ਭਰਿ ਭਰਿ ਦੇਸੀ॥੫॥**
**ਜਨਮ ਸਿਰਾਨਾ ਕਿਆ ਪਸਾਰਾ ਸੰਵਾਰਾ। ਸਾਂਝ ਪਰੀ ਚਹੁੰ ਦਿਸਿ ਅੰਧਿਆਰਾ।**
**ਕਹਿ ਰਵਿਦਾਸ ਨਿਦਾਨਿ ਦਿਵਾਨਾ। ਅਜਹੂੰ ਨ ਚੇਤੈ ਦੁਨੀ ਫੰਦਖਾਨਾ॥੬॥**

ਜਗਤਗੁਰੂ ਰਵਿਦਾਸ ਮਹਾਰਾਜ ਜੀ ਸੰਸਾਰ ਦੀ ਅਸਥਿਰਤਾ ਦਾ ਵਰਨਣ ਕਰਦੇ ਹੋਏ ਜੀਵ ਨੂੰ ਅਗਿਆਨਤਾ ਰੂਪੀ ਨੀਂਦ ਤੋਂ ਜਾਗ ਕੇ ਪ੍ਰਭੂ ਦਾ ਨਾਮ ਜਪ ਕੇ ਆਪਣਾ ਪੰਥ ਸਵਾਰਨ ਦਾ ਪਾਵਨ ਵੈਰਾਗਮਈ ਉਪਦੇਸ਼ ਦਿੰਦੇ ਹਨ।

**ਕਾ ਤੂੰ ਸੋਵੈ ਜਾਗ ਦਿਵਾਨਾ। ਝੂਠਾ ਜੀਵਨ ਸਾਂਚਿ ਕਰਿ ਜਾਨਾ॥ ਟੇਕ॥**

ਹੇ ਜੀਵ! ਤੂੰ ਇਸ ਸੰਸਾਰ ਵਿਖੇ ਅਗਿਆਨਤਾ-ਰੂਪੀ ਨੀਂਦ ਵਿਚ ਕਿਉਂ ਸੁੱਤਾ ਪਿਆ ਹੈ? ਤੂੰ ਇਸ ਝੂਠੇ ਜੀਵਨ ਨੂੰ ਹੀ ਸੱਚ ਸਮਝੀ ਬੈਠਾ ਹੈਂ। ਅਸਲ ਵਿਚ ਇਹ ਸੰਸਾਰ ਨਾਸ਼ਵਾਨ ਹੈ। ਇਸ ਕਰਕੇ ਭਾਈ ਅਗਿਆਨਤਾ-ਰੂਪੀ ਨੀਂਦ ਤੋਂ ਜਾਗ ਕੇ ਪ੍ਰਭੂ ਨੂੰ ਚੇਤੇ ਕਰ।

**ਜੋ ਦਿਨ ਆਵੈ ਸੋ ਦੁਖ ਮੇ ਜਾਹੀ। ਕੀਜੈ ਕੂਚ ਰਹਿਓ ਸਚ ਨਾਹੀ।**
**ਸੰਗਿ ਚਲਿਓ ਹੈ ਹਮ ਭੀ ਚਲਨਾ। ਦੂਰ ਗਵਨ ਸਿਰ ਊਪਰ ਮਰਨਾ॥੧॥**

ਜੋ ਦਿਨ ਚੜ੍ਹਦਾ ਹੈ ਉਹ ਦਿਨ ਦੁੱਖ ਵਿਚ ਹੀ ਬੀਤ ਜਾਂਦਾ ਹੈ। ਇਸੇ ਤਰ੍ਹਾਂ ਜੀਵ ਦੀ ਉਮਰ ਘਟਦੀ ਜਾਂਦੀ ਹੈ। ਸਭ ਨੇ ਸੰਸਾਰ ਛੱਡ ਕੇ ਚਲੇ ਜਾਣਾ



ਹੈ। ਸੰਸਾਰ ਵਿਚ ਸਥਿਰ ਰਹਿਣ ਵਾਲਾ ਕੋਈ ਵੀ ਜੀਵ ਨਹੀਂ ਹੈ।

ਜੀਵ ਦੇ ਸੰਗੀ-ਸਾਥੀ ਸਾਥ ਛੱਡ ਕੇ ਸੰਸਾਰ ਤੋਂ ਜਾ ਰਹੇ ਹਨ। ਅਸੀਂ ਵੀ ਇਕ ਦਿਨ ਸੰਸਾਰ ਛੱਡ ਕੇ ਚਲੇ ਜਾਣਾ ਹੈ। ਜਿਸ ਮੌਤ ਦਾ ਆਉਣਾ ਜੀਵ ਦੂਰ ਸਮਝਦਾ ਹੈ, ਉਹ ਮੌਤ ਇਨਸਾਨ ਦੇ ਸਿਰ ਤੇ ਖੜ੍ਹੀ ਹੈ।

**ਜੋ ਕਛੁ ਬੋਯਾ ਲੁਨਿਯੇ ਸੋਈ। ਤਾ ਮੇ ਫੇਰ ਫਾਰ ਨਹੀਂ ਹੋਈ।**
**ਛਾਡਿਯ ਕੂਰ ਭਜੋ ਹਰਿ ਚਰਨਾ। ਤਾ ਕੋ ਮਿਟੈ ਜਨਮ ਅਰੁ ਮਰਨਾ॥੨॥**

ਹੇ ਭਾਈ ਜੋ ਕੁਝ ਤੂੰ ਬੀਜਿਆ ਹੈ ਉਹੀ ਕੱਟੇਂਗਾ ਭਾਵ ਜਿਹੋ ਜਿਹੇ ਕਰਮ ਕਰੇਂਗਾ ਉਹੋ ਜਿਹੇ ਭੁਗਤੇਂਗਾ। ਇਨ੍ਹਾਂ ਵਿਚ ਕੋਈ ਘਾਟਾ-ਵਾਧਾ ਨਹੀਂ ਹੋਣਾ। ਹੇ ਭਾਈ ਕੂੜ (ਝੂਠ) ਨੂੰ ਛੱਡ ਕੇ ਪ੍ਰਭੂ ਦੇ ਚਰਨਾਂ ਨਾਲ ਜੁੜ ਜਿਸ ਨਾਲ ਤੇਰਾ ਜਨਮ-ਮਰਨ ਮਿਟ ਜਾਵੇ।

**ਜਿਨ ਜੀਉ ਦਿਯਾ ਸੋ ਰਿਜਕ ਅਮੜਾਵੈ। ਘਟ-ਘਟ ਭੀਤਰ ਰਹਟ ਚਲਾਵੈ॥**
**ਕਰਿ ਬੰਦਗੀ ਛਾਡਿ ਮੈਂ ਮੇਰਾ। ਹਿਰਦੈ ਕਰੀਮ ਸੰਭਰਿ ਸਵੇਰਾ॥੩॥**

ਜਿਸ ਪ੍ਰਭੂ ਨੇ ਜੀਵਨ ਦਿੱਤਾ ਹੈ, ਉਹੀ ਸਭ ਨੂੰ ਰਿਜਕ ਪਹੁੰਚਾਉਂਦਾ ਹੈ। ਪ੍ਰਭੂ ਸਭ ਸਰੀਰਾਂ ਵਿਚ ਸਾਰੀਆਂ ਇੰਦਰੀਆਂ ਨੂੰ ਚਲਾ ਰਿਹਾ ਹੈ। ਹੇ ਇਨਸਾਨ! ਤੂੰ ਮੈਂ-ਮੇਰੀ ਦੇ ਹੰਕਾਰ ਨੂੰ ਛੱਡ ਕੇ ਅੰਮ੍ਰਿਤ ਵੇਲੇ ਉੱਠ ਕੇ ਆਪਣੇ ਹਿਰਦੇ ਵਿਚ ਪ੍ਰਭੂ ਦੇ ਨਾਮ ਦਾ ਸਿਮਰਨ ਕਰ।

**ਆਗੈ ਪੰਥ ਖਰਾ ਹੈ ਝੀਨਾ। ਖਾਂਡੈ ਧਾਰ ਜੈਸਾ ਹੈ ਪੈਨਾ।**
**ਜਿਸ ਊਪਰ ਮਾਰਗ ਹੈ ਤੇਰਾ। ਪੰਥੀ ਪੰਥ ਸੰਵਾਰ ਸਵੇਰਾ॥੪॥**

ਮਰਨ ਤੋਂ ਬਾਅਦ ਅਗਲਾ ਪ੍ਰਲੋਕ ਦਾ ਰਸਤਾ ਖੰਡੇ ਦੀ ਧਾਰ ਵਰਗਾ ਬਰੀਕ ਹੈ ਜਿਸ ਉੱਪਰ ਦੀ ਤੂੰ ਲੰਘ ਕੇ ਜਾਣਾ ਹੈ। ਇਸ ਲਈ ਹੇ ਪੰਥੀ ਜੀਵ ਤੂੰ ਅੰਮ੍ਰਿਤ ਵੇਲੇ ਪ੍ਰਭੂ ਦਾ ਸਿਮਰਨ ਕਰਕੇ ਆਪਣਾ ਪੰਥ ਸੰਵਾਰ ਭਾਵ ਪ੍ਰਲੋਕ ਦਾ ਰਸਤਾ ਸੰਵਾਰ ਲੈ।

**ਕਿਆ ਤੈਂ ਖਰਚਾ ਕਿਆ ਤੈ ਖਾਯਾ। ਚਲ ਦਰਹਾਲ ਦਿਬਾਨ ਬੁਲਾਯਾ।**
**ਸਾਹਿਬ ਤੋ ਪੈ ਲੇਖਾ ਲੇਸੀ। ਭੀਰਿ ਪਰਿਯਾ ਤੂੰ ਭਰਿ ਭਰਿ ਦੇਸੀ॥੫॥**

ਹੇ ਭਾਈ, ਸੰਸਾਰ ਵਿਚ ਆ ਕੇ ਕੀ ਤੂੰ ਖਰਚਿਆ ਤੇ ਕੀ ਖਾਧਾ? ਧਰਮਰਾਜ ਨੇ ਦਰਬਾਰ ਵਿਚ ਬੁਲਾ ਕੇ ਇਹ ਪੁੱਛਣਾ ਹੈ। ਉਸ ਸਮੇਂ ਸਾਹਿਬ ਨੇ ਤੇਰੇ ਪਾਸੋਂ ਲੇਖਾ ਮੰਗਣਾ ਹੈ। ਉਸ ਵੇਲੇ ਪ੍ਰਭੂ ਦੇ ਨਾਮ ਤੋਂ ਬਿਨਾਂ ਤੇਰੇ 'ਤੇ ਮਾੜੇ ਕਰਮਾਂ ਦੀ ਭੀੜ ਪੈ ਜਾਣੀ ਹੈ ਅਤੇ ਤੈਨੂੰ ਲੇਖਾ ਦੇਣਾ ਪੈਣਾ ਹੈ।

**ਜਨਮ ਸਿਰਾਨਾ ਕਿਆ ਪਸਾਰਾ ਸੰਵਾਰਾ। ਸਾਂਝ ਪਰੀ ਚਹੁੰ ਦਿਸਿ ਅੰਧਿਆਰਾ।**
**ਕਹਿ ਰਵਿਦਾਸ ਨਿਦਾਨਿ ਦਿਵਾਨਾ। ਅਜਹੂੰ ਨ ਚੇਤੈ ਦੁਨੀ ਫੰਦਖਾਨਾ॥੬॥**

ਹੇ ਜੀਵ! ਤੇਰਾ ਮਨੁੱਖਾ-ਜਨਮ ਨਿਸਫਲ ਹੀ ਬਤੀਤ ਹੁੰਦਾ ਜਾ ਰਿਹਾ ਹੈ। ਤੂੰ ਨਾਮ ਜਪ ਕੇ ਆਪਣਾ ਪਰਲੋਕ ਦਾ ਰਸਤਾ ਨਹੀਂ ਸੰਵਾਰਿਆ। ਜਿਵੇਂ ਸ਼ਾਮ ਪੈਣ ਨਾਲ ਦਸੇ ਦਿਸ਼ਾਵਾਂ ਵਿਚ ਭਾਵ ਹਰ ਪਾਸੇ ਅੰਧੇਰਾ ਹੀ ਅੰਧੇਰਾ ਹੋ ਜਾਂਦਾ ਹੈ, ਇਸੇ ਤਰ੍ਹਾਂ ਜਦੋਂ ਮੌਤ ਰੂਪੀ ਸ਼ਾਮ ਪੈਂਦੀ ਹੈ ਤਾਂ ਦਸਾਂ

ਇੰਦਰੀਆਂ ਵਿਚ ਅੰਧਕਾਰ ਹੋ ਜਾਂਦਾ ਹੈ। ਉਸ ਸਮੇਂ ਤੇਰੇ ਪਾਸੋਂ ਪ੍ਰਭੂ ਦਾ ਨਾਮ ਨਹੀਂ ਜਪਿਆ ਜਾਣਾ।

ਸਤਿਗੁਰੂ ਰਵਿਦਾਸ ਮਹਾਰਾਜ ਜੀ ਫੁਰਮਾਉਂਦੇ ਹਨ, ਹੇ ਝੱਲੇ ਪੁਰਸ਼ਾ! ਅਜੇ ਤੱਕ ਵੀ ਤੈਨੂੰ ਚੇਤਾ ਨਹੀਂ ਕਿ ਦੁਨੀਆਂ ਨਾਸ਼ਵਾਨ ਹੈ। ਇਸ ਲਈ ਹੇ ਭਾਈ, ਉਸ ਪਰਮਾਤਮਾ ਦਾ ਸਿਮਰਨ ਕਰ, ਜੋ ਲੋਕ ਪਰਲੋਕ ਵਿਚ ਸਹਾਈ ਹੋਵੇਗਾ।

*****

## ਸ਼ਬਦ 97

**ਖਾਲਿਕ ਸਿਕਸਤਾ ਮੈ ਤੇਰਾ।**
**ਦੇ ਦੀਦਾਰ ਉਮੇਦਗਾਰ ਬੇਕਰਾਰ ਜੀਉ ਮੇਰਾ॥ ਟੇਕ॥**
**ਅਵਲਿ ਆਖਿਰ ਇਲਹ ਆਦਿਮ ਮੌਜ ਫਰਿਸਤਾ ਬੰਦਾ।**
**ਜਿਸ ਕੀ ਪਨਹ ਪੀਰ ਪੈਗੰਬਰ ਮੈਂ ਗਰੀਬ ਕਿਆ ਗੰਦਾ॥੧॥**
**ਤੂੰ ਹਾਜਰਾ ਹਜੂਰ ਜੋਗ ਇਕ ਅਵਰ ਨਹੀਂ ਦੂਜਾ।**
**ਜਿਸਕੇ ਇਸਕ ਆਸਰਾ ਨਾਹੀਂ ਕਿਆ ਨਿਵਾਜ ਕਿਆ ਪੂਜਾ॥੨॥**
**ਨਾਲੀਦੋਜ਼ ਹਨੋਜ ਬੇਬਖਤ ਕਮਿ ਖਿਦਮਤਿਗਾਰ ਤੁਮ੍ਹਾਰਾ॥**
**ਦਰਮਾਂਦਾ ਦਰ ਜਵਾਬ ਨ ਪਾਵੈ ਕਹਿ ਰਵਿਦਾਸ ਬਿਚਾਰਾ॥੩॥**

ਜਗਤ ਗੁਰੂ ਰਵਿਦਾਸ ਜੀ ਉਪਦੇਸ਼ ਦਿੰਦੇ ਹਨ ਕਿ ਪ੍ਰਭੂ ਜੀ ਨੂੰ ਭੁੱਲਿਆ ਹੋਇਆ ਜੀਵ ਜਿੰਨੀਆਂ ਮਰਜ਼ੀ ਪੂਜਾ-ਅਰਚਨਾਵਾਂ ਕਰੀ ਜਾਵੇ, ਪਰ ਪ੍ਰਭੂ ਦੀ ਸ਼ਰਨ ਪ੍ਰਾਪਤ ਕਰਨ ਤੋਂ ਬਿਨਾ ਉਸਦਾ ਜੀਵਨ ਸਫਲ ਨਹੀਂ ਹੋ ਸਕਦਾ।

**ਖਾਲਿਕ ਸਿਕਸਤਾ ਮੈ ਤੇਰਾ।**
**ਦੇ ਦੀਦਾਰ ਉਮੇਦਗਾਰ ਬੇਕਰਾਰ ਜੀਉ ਮੇਰਾ॥ ਟੇਕ॥**

ਹੇ ਪ੍ਰਭੂ ਜੀ ਮੈਂ ਤੇਰਾ ਹਾਂ ਪਰ ਤੇਰੇ ਦਰਸ਼ਨ ਨਾ ਹੋਣ ਕਰਕੇ ਆਪ ਤੋਂ ਵੱਖਰਾ ਮਹਿਸੂਸ ਕਰਦਾ ਹਾਂ। ਹੇ ਪ੍ਰਭੂ ਜੀ, ਆਪ ਮੈਨੂੰ ਦਰਸ਼ਨ ਦਿਉ। ਮੇਰਾ ਹਿਰਦਾ ਆਪ ਜੀ ਦੇ ਦਰਸ਼ਨਾਂ ਲਈ ਵਿਆਕੁਲ ਹੋ ਉੱਠਿਆ ਹੈ।

**ਅਵਲਿ ਆਖਿਰ ਇਲਹ ਆਦਿਮ ਮੌਜ ਫਰਿਸਤਾ ਬੰਦਾ।**
**ਜਿਸ ਕੀ ਪਨਹ ਪੀਰ ਪੈਗੰਬਰ ਮੈਂ ਗਰੀਬ ਕਿਆ ਗੰਦਾ॥੧॥**

ਪ੍ਰਭੂ ਜੀ ਆਦਿ ਤੋਂ ਲੈ ਕੇ ਅੰਤ ਤੱਕ ਆਪ ਹੀ ਸੰਸਾਰ ਦੇ ਕਣ-ਕਣ ਵਿਚ ਸਮਾਏ ਹੋਏ ਹੋ। ਪ੍ਰਭੂ ਜੀ ਆਪਦਾ ਨਾਮ ਜਪਣ ਵਾਲਾ ਹੀ ਉੱਤਮ ਇਨਸਾਨ ਹੈ। ਹੇ ਪ੍ਰਭੂ ਜੀ, ਤੇਰੀ ਸ਼ਰਨ ਤਾਂ ਪੀਰ-ਪੈਗੰਬਰਾਂ ਨੇ ਵੀ ਲਈ ਹੈ। ਫਿਰ ਮੈਂ ਗਰੀਬ ਆਪ ਜੀ ਦੀ ਸ਼ਰਨ ਕਿਵੇਂ ਨਹੀਂ ਲਵਾਂਗਾ ?

**ਤੂੰ ਹਾਜਰਾ ਹਜੂਰ ਜੋਗ ਇਕ ਅਵਰ ਨਹੀਂ ਦੂਜਾ।**



**ਜਿਸਕੇ ਇਸਕ ਆਸਰਾ ਨਾਹੀਂ ਕਿਆ ਨਿਵਾਜ ਕਿਆ ਪੂਜਾ॥੨॥**

ਪ੍ਰਭੂ ਜੀ ਆਪ ਕੇਵਲ ਸਾਰੇ ਸੰਸਾਰ ਵਿਚ ਹਾਜ਼ਰ-ਨਾਜ਼ਰ ਹੋ। ਆਪਦੇ ਸਮਾਨ ਕੋਈ ਦੂਜਾ ਨਹੀਂ ਹੈ। ਪ੍ਰਭੂ ਜੀ! ਜਿਸ ਜੀਵ ਨੇ ਆਪ ਦੇ ਪ੍ਰੇਮ ਨੂੰ ਆਪਣਾ ਸਹਾਰਾ ਨਹੀਂ ਬਣਾਇਆ, ਫਿਰ ਭਾਵੇਂ ਉਹ ਨਮਾਜ ਪੜ੍ਹ ਲਵੇ, ਭਾਵੇਂ ਪੂਜਾ ਕਰ ਲਵੇ, ਇਹ ਸਭ ਕਰਨਾ ਨਿਸਫਲ ਹੈ।

**ਨਾਲੀਦੋਜ਼ ਹਨੋਜ ਬੇਬਖਤ ਕਮਿ ਖਿਦਮਤਿਗਾਰ ਤੁਮ੍ਹਾਰਾ॥**
**ਦਰਮਾਂਦਾ ਦਰ ਜਵਾਬ ਨ ਪਾਵੈ ਕਹਿ ਰਵਿਦਾਸ ਬਿਚਾਰਾ॥੩॥**

ਪ੍ਰਭੂ ਜੀ ਆਪ ਤੋਂ ਬੇਖਬਰ ਹੋਣ ਕਰਕੇ ਜੀਵ ਹੁਣ ਤੱਕ ਨਾਲੀ ਵਿਚ ਪਏ ਕੀੜੇ ਵਾਂਗ ਦੁੱਖ ਪ੍ਰਾਪਤ ਕਰ ਰਿਹਾ ਹੈ, ਫਿਰ ਦੱਸੋ ਉਹ ਆਪਦਾ ਸੇਵਕ ਕਿਵੇਂ ਬਣ ਸਕਦਾ ਹੈ? ਗੁਰੂ ਰਵਿਦਾਸ ਜੀ ਮਹਾਰਾਜ ਬੇਨਤੀ ਕਰਦੇ ਹਨ-ਹੇ ਪ੍ਰਭੂ, ਆਪਦੇ ਦਰਸ਼ਨ ਰੂਪੀ ਜਵਾਬ ਨਾ ਪਾਕੇ ਇਹ ਵਿਚਾਰਾ ਜੀਵ ਦੁਖੀ ਰਹਿੰਦਾ ਹੈ।

*****

## ਸ਼ਬਦ 98

**ਜੋ ਮੋਹਿ ਬੇਦਨਿ ਕਾਸਨਿ ਆਖੂੰ**
**ਹਰਿ ਬਿਨ ਜੀਵਨ ਕੈਸੇ ਕਰਿ ਰਾਖੋ॥ ਟੇਕ॥**
**ਜਿਵ ਤਰਸੈ ਇਕ ਦੰਗ ਬਸੇਰਾ ਕਰਹੁ ਸੰਭਾਲ ਤੁਮ ਸਿਰਜਨ ਮੇਰਾ॥**
**ਬਿਰਹ ਤਪੈ ਤਨ ਅਧਿਕ ਜਰਾਵੈ ਨੀਂਦ ਨ ਆਵੈ ਭੋਜਨ ਨ ਭਾਵੈ॥੧॥**
**ਸਖੀ ਸਹੇਲੀ ਗਰਬ ਗਹੇਲੀ ਪਿਉ ਕੀ ਬਾਤ ਨ ਸੁਨਹੁ ਸਹੇਲੀ॥**
**ਮੈਂ ਰੇ ਦੁਹਾਗਨਿ ਅਧਿਕਰਿ ਜਾਨੀ ਗਯੋ ਸੋ ਜੋਬਨ ਸਾਧ ਨ ਮਾਨੀ॥੨॥**
**ਤੂੰ ਦਾਨਾ ਸਾਂਈਂ ਸਾਹਿਬ ਮੇਰਾ ਖਿਦਮਤਗਾਰ ਬੰਦਾ ਮੈਂ ਤੇਰਾ॥**
**ਕਹੈ ਰਵਿਦਾਸ ਅੰਦੇਸਾ ਯੇਹੀ ਬਿਨ ਦਰਸਨ ਕਿਉਂ ਜੀਵਹਿ ਸਨੇਹੀ॥੩॥**

ਇਸ ਪਾਵਨ ਸ਼ਬਦ ਵਿਚ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਪ੍ਰਭੂ-ਪ੍ਰੇਮ ਦੀ ਅਵਸਥਾ ਬਿਆਨ ਕਰਦੇ ਹਨ ਕਿ ਪ੍ਰਭੂ ਜੀ ਆਪ ਜੀ ਦਾ ਸੇਵਕ ਆਪ ਦੇ ਦਰਸ਼ਨ ਤੋਂ ਬਗੈਰ ਜੀਅ ਨਹੀਂ ਸਕਦਾ। ਉਹ ਤਾਂ ਕੇਵਲ ਆਪ ਜੀ ਦੇ ਦਰਸ਼ਨ ਕਰਨ ਦੀ ਉਮੀਦ ਵਿਚ ਜਿਉਂਦਾ ਹੈ।

**ਜੋ ਮੋਹਿ ਬੇਦਨਿ ਕਾਸਨਿ ਆਖੂੰ**
**ਹਰਿ ਬਿਨ ਜੀਵਨ ਕੈਸੇ ਕਰਿ ਰਾਖੋ॥ ਟੇਕ॥**

ਹੇ ਭਾਈ, ਮੇਰੇ ਮਨ ਵਿਚ ਪ੍ਰਭੂ ਦੇ ਵਿਯੋਗ ਦੀ ਇੰਨੀ ਪੀੜਾ ਹੈ ਕਿ ਮੈਂ ਬਿਆਨ ਨਹੀਂ ਕਰ ਸਕਦਾ। ਹਰਿ ਤੋਂ ਬਿਨਾ ਮੈਂ ਆਪਣਾ ਜੀਵਨ ਕਿਸ ਤਰ੍ਹਾਂ ਜੀਵਾਂ ?

**ਜਿਵ ਤਰਸੈ ਇਕ ਦੰਗ ਬਸੇਰਾ ਕਰਹੁ ਸੰਭਾਲ ਤੁਮ ਸਿਰਜਨ ਮੇਰਾ॥**
**ਬਿਰਹ ਤਪੈ ਤਨ ਅਧਿਕ ਜਰਾਵੈ ਨੀਂਦ ਨ ਆਵੈ ਭੋਜਨ ਨ ਭਾਵੈ॥੧॥**

ਹੇ ਪ੍ਰਭੂ ਜੀ! ਆਪ ਜੀ ਦੀ ਮਿਹਰ ਲਈ ਮੇਰਾ ਜੀਵਨ ਤਰਸ ਰਿਹਾ ਹੈ ਆਪ ਕ੍ਰਿਪਾ ਕਰਕੇ ਆਪਣੇ ਦਰਸ਼ਨ ਦੇ ਕੇ ਮੇਰੀ ਸੰਭਾਲ ਕਰੋ। ਪ੍ਰਭੂ ਜੀ ਆਪਦੇ ਦਰਸ਼ਨ ਦੇ ਵਿਯੋਗ ਵਿਚ ਮਨ ਅਤੇ ਤਨ ਬਹੁਤ ਤੜਫ਼ ਰਿਹਾ ਹੈ ਇਸ ਕਾਰਨ ਮੈਨੂੰ ਨੀਂਦ ਵੀ ਨਹੀਂ ਆਉਂਦੀ ਅਤੇ ਭੋਜਨ ਵੀ ਚੰਗਾ ਨਹੀਂ ਲੱਗਦਾ।

**ਸਖੀ ਸਹੇਲੀ ਗਰਬ ਗਹੇਲੀ ਪਿਉ ਕੀ ਬਾਤ ਨ ਸੁਨਹੁ ਸਹੇਲੀ॥**
**ਮੈਂ ਰੇ ਦੁਹਾਗਨਿ ਅਧਿਕਰਿ ਜਾਨੀ ਗਯੌ ਸੋ ਜੋਬਨ ਸਾਧ ਨ ਮਾਨੀ॥੨॥**

ਹੇ ਸਖੀ ਸਹੇਲੀ, ਜੀਵ ਰੂਪ ਇਸਤਰੀ ਜਿੰਨਾ ਚਿਰ ਤੇਰੇ ਵਿਚ ਹੰਕਾਰ ਹੈ ਉਨਾ ਚਿਰ ਪਤੀ ਪਰਮਾਤਮਾ ਦੀ ਤੂੰ ਗੱਲ ਵੀ ਨਹੀਂ ਸੁਣਦੀ, ਮੈਂ ਉਹਨਾਂ ਜੀਵ ਰੂਪੀ ਇਸਤਰੀਆਂ ਨੂੰ ਦੁਹਾਗਣ ਜਾਣਿਆ ਹੈ ਜੋ ਪਰਮਾਤਮਾ ਪਤੀ ਨੂੰ ਭੁਲਾ ਦਿੰਦੀਆਂ ਹਨ ਅਤੇ ਜੀਵਨ ਦੀ ਜੁਆਨ ਅਵਸਥਾ ਪਤੀ ਪ੍ਰਭੂ ਤੋਂ ਬਿਨਾ ਬੀਤ ਰਹੀ ਹੈ। ਉਹ ਜੀਵਨ ਵਿਚ ਸੰਤਾਂ ਦੀ ਸਿੱਖਿਆ ਉਪਰ ਨਹੀਂ ਚਲਦੀਆਂ।

**ਤੂੰ ਦਾਨਾ ਸਾਂਈਂ ਸਾਹਿਬ ਮੇਰਾ ਖਿਦਮਤਗਾਰ ਬੰਦਾ ਮੈਂ ਤੇਰਾ॥**
**ਕਹੈ ਰਵਿਦਾਸ ਅੰਦੇਸਾ ਯੇਹੀ ਬਿਨ ਦਰਸਨ ਕਿਉਂ ਜੀਵਹਿ ਸਨੇਹੀ॥੩॥**

ਹੇ ਪ੍ਰਭੂ ਜੀ! ਸਭ ਦੇ ਅੰਦਰ ਦੀ ਗੱਲ ਸਮਝਣ ਵਾਲੇ ਆਪ ਜੀ ਮੇਰੇ ਮਾਲਕ ਹੋ ਅਤੇ ਮੈਂ ਤੇਰੀ ਸੇਵਾ-ਸਿਮਰਨ ਕਰਨ ਵਾਲਾ ਤੇਰਾ ਦਾਸ ਬੰਦਾ ਹਾਂ। ਗੁਰੂ ਰਵਿਦਾਸ ਜੀ ਕਥਨ ਕਰਦੇ ਹਨ ਕਿ ਪ੍ਰਭੂ ਜੀ ਮੇਰੇ ਮਨ ਵਿਚ ਇਹ ਡਰ ਹੈ ਕਿ ਆਪ ਜੀ ਦਾ ਸੇਵਕ ਆਪ ਦੇ ਦਰਸ਼ਨ ਤੋਂ ਬਿਨਾਂ ਕਿਵੇਂ ਜੀ ਸਕਦਾ ਹੈ ? ਭਾਵ ਦਰਸ਼ਨਾਂ ਤੋਂ ਬਗੈਰ ਨਹੀਂ ਜੀ ਸਕਦਾ।

******

## ਸ਼ਬਦ 99

**ਤਾ ਥੈਂ ਪਤਿਤ ਨਹੀ ਕੋ ਪਾਵਨ ਹਰਿ ਤਜ ਆਨ ਨ ਧਿਆਇਆ ਰੇ॥**
**ਹਮ ਅਪੂਜਿ ਪੂਜਿ ਭਯੇ ਹਰਿ ਥੈ ਨਾਮ ਅਨੂਪਮ ਗਾਇਆ ਰੇ॥ ਟੇਕ॥**
**ਅਸਟਾਦਸ ਬੁਯਾਕਰਨ ਬਖਾਨੈ ਰੇ ਤੀਨ ਕਾਲ ਖਟ ਜੀਤਾ ਰੇ॥**
**ਪ੍ਰੇਮ ਭਗਤਿ ਅੰਤਰ ਗਤਿ ਨਾਹੀਂ ਤਾ ਤੇ ਧਾਨੁਕ ਨੀਕਾ ਰੇ॥੧॥**
**ਤਾ ਥੈ ਭਲੋ ਸਵਾਨ ਕੋ ਸਤਰੁ ਹਰਿ ਚਰਨ ਨ ਚਿਤ ਲਾਇਆ ਰੇ॥**
**ਮੂਆਂ ਮੁਕਤਿ ਬੈਕੁੰਠ ਬਾਸਾ ਜੀਵਤ ਇਹਾਂ ਜਸ ਪਾਇਆ ਰੇ॥੨॥**
**ਹਮ ਅਪਰਾਧੀ ਨੀਚ ਘਰ ਜਨਮੇਂ ਕੁਟੰਭ ਲੋਕ ਕਰੈ ਹਾਂਸੀ ਰੇ॥**
**ਕਹੈ ਰਵਿਦਾਸ ਰਾਮ ਜਪੁ ਰਸਨਾ ਕਾਟੈ ਜਨਮ ਕੀ ਪਾਸੀ ਰੇ॥੩॥**

ਇਸ ਪਾਵਨ ਸ਼ਬਦ ਵਿਚ ਜਗਤ ਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਦਿੰਦੇ ਹਨ ਕਿ ਪ੍ਰਭੂ ਦਾ ਨਾਮ ਪਾਪੀਆਂ ਨੂੰ ਪਵਿੱਤਰ ਕਰਨ ਵਾਲਾ ਹੈ ਅਤੇ ਜਿਸ ਦਾ ਸਿਮਰਨ ਕਰਕੇ ਇਨਸਾਨ ਸੰਸਾਰ ਵਿਚ ਪੂਜਣਯੋਗ ਬਣ



ਜਾਂਦਾ ਹੈ। ਪ੍ਰਭੂ ਦੇ ਚਰਨਾਂ ਕਮਲਾਂ ਨਾਲ ਪ੍ਰੀਤੀ ਲਾ ਕੇ ਜੀਵ ਜੀਵਨ-ਕਾਲ ਵਿਚ ਹੀ ਮੁਕਤ ਹੋ ਜਾਂਦਾ ਹੈ।

**ਤਾ ਥੈਂ ਪਤਿਤ ਨਹੀ ਕੋ ਪਾਵਨ ਹਰਿ ਤਜ ਆਨ ਨ ਧਿਆਇਆ ਰੇ॥**
**ਹਮ ਅਪੂਜਿ ਪੂਜਿ ਭਯੇ ਹਰਿ ਥੈ ਨਾਮ ਅਨੂਪਮ ਗਾਇਆ ਰੇ॥ ਟੇਕ॥**

ਉਸ ਪ੍ਰਭੂ ਤੋਂ ਵੱਡਾ ਪਤਿਤ ਪਾਵਨ ਭਾਵ ਪਾਪੀਆਂ ਨੂੰ ਪਵਿੱਤਰ ਕਰਨ ਵਾਲਾ ਕੋਈ ਹੋਰ ਨਹੀਂ ਹੈ, ਇਸ ਲਈ ਪ੍ਰਭੂ ਤੋਂ ਬਿਨਾਂ ਹੋਰ ਕਿਸੇ ਨੂੰ ਕਿਉਂ ਧਿਆਈਏ। ਹੇ ਭਾਈ! ਅਸੀਂ ਸੰਸਾਰ ਵਿਚ ਪੂਜਣ-ਯੋਗ ਨਹੀਂ ਸੀ, ਪਰ ਪ੍ਰਭੂ ਦਾ ਸਿਮਰਨ ਕਰਕੇ ਅਸੀਂ ਪੂਜਨੀਕ ਹੋ ਗਏ ਹਾਂ। ਇਸ ਲਈ ਭਾਈ! ਉਸ ਅਨੂਪਮ ਪ੍ਰਭੂ ਦੇ ਨਾਮ ਦੇ ਗੁਣ-ਗਾਨ ਕਰੋ।

**ਅਸਟਾਦਸ ਬੁਯਾਕਰਨ ਬਖਾਨੈ ਰੇ ਤੀਨ ਕਾਲ ਖਟ ਜੀਤਾ ਰੇ॥**
**ਪ੍ਰੇਮ ਭਗਤਿ ਅੰਤਰ ਗਤਿ ਨਾਹੀਂ ਤਾ ਤੇ ਧਾਨੁਕ ਨੀਕਾ ਰੇ॥੧॥**

ਅਠ੍ਹਾਰਾਂ ਵਿਆਕਰਣ ਦਸਦੇ ਹਨ ਕਿ ਪ੍ਰਭੂ-ਸਿਮਰਨ ਕਰਨ ਵਾਲਾ ਜੀਵ ਤਿੰਨਾਂ ਕਾਲਾਂ ਅਤੇ ਛੇ ਕਰਮਾਂ ਤੋਂ ਉੱਪਰ ਉੱਠ ਜਾਂਦਾ ਹੈ। ਜਿਸ ਜੀਵ ਦੇ ਹਿਰਦੇ ਵਿਚ ਪ੍ਰਭੂ ਦੀ ਪ੍ਰੇਮਾ-ਭਗਤੀ ਨਹੀਂ ਹੈ, ਉਸਨੂੰ ਨੀਵਾਂ ਸਮਝਿਆ ਜਾਂਦਾ ਹੈ।

**ਤਾ ਥੈ ਭਲੋ ਸਵਾਨ ਕੋ ਸਤਰੁ ਹਰਿ ਚਰਨ ਨ ਚਿਤ ਲਾਇਆ ਰੇ॥**
**ਮੂਆਂ ਮੁਕਤਿ ਬੈਕੁੰਠ ਬਾਸਾ ਜੀਵਤ ਇਹਾਂ ਜਸ ਪਾਇਆ ਰੇ॥੨॥**

ਉਸ ਨਾਲੋਂ ਤਾਂ ਉਹ ਜੀਵ ਸ੍ਰੇਸ਼ਟ ਹੈ ਜੋ ਲੋਭ ਰੂਪੀ ਕੁੱਤੇ 'ਤੇ ਜਿੱਤ ਪ੍ਰਾਪਤ ਕਰਕੇ ਪ੍ਰਭੂ ਦੇ ਚਰਨਾਂ ਨਾਲ ਆਪਣਾ ਮਨ ਜੋੜਦਾ ਹੈ। ਜੀਵ ਜੀਵਿਤ-ਭਾਵ ਨੂੰ ਮਾਰਕੇ ਇਸ ਜੀਵਨ ਵਿਚ ਹੀ ਬੈਕੁੰਠ ਦਾ ਵਸਨੀਕ ਬਣ ਜਾਂਦਾ ਹੈ, ਉਸ ਦੀ ਹਰ ਪਾਸੇ ਮਹਿਮਾ ਹੁੰਦੀ ਹੈ।

**ਹਮ ਅਪਰਾਧੀ ਨੀਚ ਘਰ ਜਨਮੇਂ ਕੁਟੰਭ ਲੋਕ ਕਰੈ ਹਾਂਸੀ ਰੇ॥**
**ਕਹੈ ਰਵਿਦਾਸ ਰਾਮ ਜਪੁ ਰਸਨਾ ਕਾਟੈ ਜਨਮ ਕੀ ਪਾਸੀ ਰੇ॥੩॥**

ਭਾਵੇਂ ਅਗਿਆਨੀ ਲੋਕ ਭਰਮ ਕਰਕੇ ਸਾਨੂੰ ਅਪਰਾਧੀ, ਨੀਵੇਂ ਘਰ ਅਤੇ ਕੁਟੰਭ ਵਿਚ ਜਨਮ ਲਿਆ ਸਮਝਦੇ ਹਨ ਅਤੇ ਸਾਡੇ ਵੱਲ ਦੇਖਕੇ ਮਜ਼ਾਕ ਉਡਾਉਂਦੇ ਹਨ। ਸਤਿਗੁਰੂ ਰਵਿਦਾਸ ਜੀ ਮਹਾਰਾਜ ਕਥਨ ਕਰਦੇ ਹਨ ਕਿ ਹੇ ਜੀਵੋ! ਸਭ ਤਰ੍ਹਾਂ ਦੇ ਭੇਦ-ਭਾਵ ਤੋਂ ਮੁਕਤ ਹੋ ਕੇ ਪ੍ਰਭੂ ਦਾ ਸਿਮਰਨ ਕਰੋ ਜਿਸ ਨਾਲ ਜਨਮ-ਮਰਨ ਦੀ ਫਾਹੀ ਕੱਟੀ ਜਾਂਦੀ ਹੈ।

********

## ਰਾਗ ਟੋਡੀ

## ਸ਼ਬਦ 100

**ਪਾਵਨ ਜਸ ਮਾਧੋ ਤੋਰਾ ਤੁਮ ਦਾਰੁਨ ਅਘਮੋਚਨ ਮੋਰਾ ॥ ਟੇਕ ॥**
**ਕੀਰਤਿ ਤੇਰੀ ਪਾਪ ਬਿਨਾਸੇ ਲੋਕ ਬੇਦ ਯੋਂ ਗਾਵੈ ।**
**ਜੌਂ ਹਮ ਪਾਪ ਕਰਤ ਨਹਿੰ ਭੂਧਰ ਤੋਂ ਤੂੰ ਕਹਾ ਨਸਾਵੈ ॥੧॥**
**ਜਬ ਲਗ ਅੰਗ ਪੰਕ ਨਹਿੰ ਪਰਸੈ ਤੋਂ ਜਲ ਕਹਾ ਪਖਾਲੈ ।**
**ਮਨ ਮਲੀਨ ਵਿਸ਼ਿਆ ਰਸ ਲੰਪਟ ਤੋਂ ਹਰਿ ਨਾਮ ਸੰਭਾਲੈ ॥੨॥**
**ਜੋ ਹਮ ਬਿਮਲ ਹਿਰਦੈ ਚਿਤ ਅੰਤਰਿ ਦੋਸ ਕੌਨ ਪਰ ਧਰਿਹੌਂ ।**
**ਕਹਿ ਰਵਿਦਾਸ ਪ੍ਰਭੂ ਤੁਮ ਦਯਾਲ ਹੌ ਅਬੰਧ ਮੁਕਤਿ ਕਾ ਕਰਿਹੌਂ ॥੩॥**

ਜਗਤ ਗੁਰੂ ਰਵਿਦਾਸ ਮਹਾਰਾਜ ਜੀ ਜੀਵਾਂ ਨੂੰ ਪਵਿੱਤਰ ਕਰਨ ਵਾਲੇ ਪ੍ਰਭੂ ਦੇ ਨਾਮ ਜਪਣ ਦਾ ਪਾਵਨ ਉਪਦੇਸ਼ ਦਿੰਦੇ ਹਨ। ਜਿਸ ਪ੍ਰਭੂ ਦਾ ਹਿਰਦੇ ਵਿਚ ਸਿਮਰਨ ਕਰਨ ਨਾਲ ਜੀਵ ਉਸ ਵਿਚ ਅਭੇਦ ਹੋ ਜਾਂਦਾ ਹੈ।

**ਪਾਵਨ ਜਸ ਮਾਧੋ ਤੋਰਾ ਤੁਮ ਦਾਰੁਨ ਅਘਮੋਚਨ ਮੋਰਾ ॥ ਟੇਕ ॥**

ਹੇ ਪ੍ਰਭੂ ਜੀ! ਆਪ ਦੀ ਮਹਿਮਾ ਪਵਿੱਤਰ ਹੈ। ਤੁਸੀਂ ਮੇਰੇ ਕਠਿਨ ਪਾਪ ਕੱਟਣ ਵਾਲੇ ਹੋ।

**ਕੀਰਤਿ ਤੇਰੀ ਪਾਪ ਬਿਨਾਸੇ ਲੋਕ ਬੇਦ ਯੋਂ ਗਾਵੈ ।**
**ਜੌਂ ਹਮ ਪਾਪ ਕਰਤ ਨਹਿੰ ਭੂਧਰ ਤੋਂ ਤੂੰ ਕਹਾ ਨਸਾਵੈ ॥੧॥**

ਪ੍ਰਭੂ ਜੀ, ਆਪ ਦਾ ਜਸ ਪਾਪਾਂ ਦਾ ਨਾਸ਼ ਕਰਨ ਵਾਲਾ ਹੈ, ਪਰ ਲੋਕ ਕੇਵਲ ਵੇਦਾਂ ਨੂੰ ਗਾਉਣਾ ਹੀ ਉੱਤਮ ਮੰਨਦੇ ਹਨ। ਹੇ ਪ੍ਰਭੂ ਜੀ, ਜੇਕਰ ਅਸੀਂ ਸੰਸਾਰੀ ਲੋਕ ਵੱਡੇ ਪਾਪ ਨਾ ਕਰਦੇ ਤਾਂ ਆਪ ਕਿਸ ਦੇ ਪਾਪਾਂ ਨੂੰ ਦੂਰ ਕਰਦੇ?

**ਜਬ ਲਗ ਅੰਗ ਪੰਕ ਨਹਿੰ ਪਰਸੈ ਤੋਂ ਜਲ ਕਹਾ ਪਖਾਲੈ ।**
**ਮਨ ਮਲੀਨ ਵਿਸ਼ਿਆ ਰਸ ਲੰਪਟ ਤੋਂ ਹਰਿ ਨਾਮ ਸੰਭਾਲੈ ॥੨॥**

ਜਦੋਂ ਤੱਕ ਅੰਗਾਂ ਨੂੰ ਪਾਪ ਰੂਪੀ ਚਿੱਕੜ ਨਹੀਂ ਛੂੰਹਦਾ ਤਦ ਤੱਕ ਪ੍ਰਭੂ ਦੇ ਨਾਮ ਰੂਪੀ ਜਲ ਵਿਚ ਉਨ੍ਹਾਂ ਨੂੰ ਧੋਣ ਦੀ ਕੀ ਲੋੜ ਹੈ? ਇਸ ਤਰ੍ਹਾਂ ਜਦ ਤੱਕ ਜੀਵ ਦਾ ਮਨ (ਵਿਖਿਆ) ਵਿਸ਼ੇ ਵਿਕਾਰਾਂ ਵਿਚ ਲੁਭਾਇਮਾਨ ਹੋਣ ਕਰਕੇ ਮੈਲਾ ਹੁੰਦਾ ਹੈ, ਤਦ ਤੱਕ ਹੀ ਮਨ ਨੂੰ ਪ੍ਰਭੂ ਦਾ ਨਾਮ ਸਿਮਰਨ ਕਰਕੇ ਸ਼ੁੱਧ ਕੀਤਾ ਜਾਂਦਾ ਹੈ।

**ਜੋ ਹਮ ਬਿਮਲ ਹਿਰਦੈ ਚਿਤ ਅੰਤਰਿ ਦੋਸ ਕੌਨ ਪਰ ਧਰਿਹੌਂ ।**
**ਕਹਿ ਰਵਿਦਾਸ ਪ੍ਰਭੂ ਤੁਮ ਦਯਾਲ ਹੌ ਅਬੰਧ ਮੁਕਤਿ ਕਾ ਕਰਿਹੌਂ ॥੩॥**

ਹੇ ਪ੍ਰਭੂ! ਜੇਕਰ ਸਾਡਾ ਹਿਰਦਾ ਪਵਿੱਤਰ ਹੁੰਦਾ ਤਾਂ ਤੁਸੀਂ ਕਿਸ ਦੇ ਦੋਸ਼ ਦੂਰ ਕਰਦੇ। ਗੁਰੂ ਰਵਿਦਾਸ ਮਹਾਰਾਜ ਕਹਿੰਦੇ ਹਨ, ਹੇ ਪ੍ਰਭੂ ਜੀ! ਆਪ ਦਿਆਲੂ ਹੋ। ਮੈਨੂੰ ਆਪ ਦੀ ਪ੍ਰਾਪਤੀ ਹੋ ਗਈ ਹੈ ਇਸ ਲਈ ਮੈਨੂੰ ਹੋਰ ਕਿਸੇ ਮੁਕਤੀ ਦੀ ਲੋੜ ਨਹੀਂ ਹੈ।

*****



## ਰਾਗ ਗੌੜ-ਗੋਂਡ

## ਸ਼ਬਦ 101

**ਆਜ ਦਿਵਸ ਲੇਊਂ ਬਲਿਹਾਰਾ ।**
**ਮੇਰੇ ਗ੍ਰਿਹਿ ਆਯਾ ਰਾਜਾ ਰਾਮ ਕਾ ਪਿਆਰਾ ॥ ਟੇਕ ॥**
**ਆਂਗਨ ਬਗੜ ਭਵਨ ਭਯੋ ਪਾਵਨ ।**
**ਹਰਿਜਨ ਬੈਠੇ ਹਰਿਜਸ ਗਾਵਨ ॥੨॥**
**ਕਰੂੰ ਡੰਡੋਤ ਚਰਨ ਪਖਾਰੂੰ ।**
**ਤਨ ਮਨ ਧਨ ਸੰਤਨ ਪਰ ਵਾਰੂੰ ॥੩॥**
**ਕਥਾ ਕਹੈਂ ਅਰੁ ਅਰਥ ਬਿਚਾਰੈਂ ॥**
**ਆਪ ਤਰੈ ਔਰਨ ਕੋ ਤਾਰੈਂ ॥੪॥**
**ਕਹ ਰਵਿਦਾਸ ਮਿਲੈ ਨਿਜ ਦਾਸ ॥**
**ਜਨਮ ਜਨਮ ਕੈ ਕਾਟੈ ਪਾਸ ॥੫॥**

ਇਸ ਪਾਵਨ ਸ਼ਬਦ ਵਿਚ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਸੰਤਾਂ ਦੇ ਮਿਲਾਪ ਦਾ ਮਹੱਤਵ ਬਿਆਨ ਕਰਦੇ ਹਨ ਕਿ ਸੰਤਾਂ ਦੇ ਚਰਨ ਪਾਉਣ ਨਾਲ ਜੀਵ ਦਾ ਘਰ ਪਵਿੱਤਰ ਹੋ ਜਾਂਦਾ ਹੈ ਜਿਥੇ ਬੈਠ ਕੇ ਸੰਤ ਜਨ ਪ੍ਰਭੂ ਦੇ ਨਾਮ ਦੀ ਕਥਾ ਕਰਦੇ ਹਨ। ਐਸੇ ਸੰਤ ਆਪ ਵੀ ਤਰਦੇ ਹਨ ਅਤੇ ਜੀਵਾਂ ਨੂੰ ਵੀ ਤਾਰਦੇ ਹਨ।

**ਆਜ ਦਿਵਸ ਲੇਊਂ ਬਲਿਹਾਰਾ ।**
**ਮੇਰੇ ਗ੍ਰਿਹਿ ਆਯਾ ਰਾਜਾ ਰਾਮ ਕਾ ਪਿਆਰਾ ॥ ਟੇਕ ॥**

ਇਹ ਪਾਵਨ ਸ਼ਬਦ ਜਗਤਗੁਰੂ ਰਵਿਦਾਸ ਜੀ ਮਹਾਰਾਜ ਨੇ ਉਸ ਸਮੇਂ ਉਚਾਰਣ ਕੀਤਾ ਜਿਸ ਵਕਤ ਉਹਨਾਂ ਦੇ ਘਰ ਵਿਖੇ ਸੰਤ ਆਏ। ਮਹਾਰਾਜ ਉਚਾਰਣ ਕਰਦੇ ਹਨ ਕਿ ਮੈਂ ਅੱਜ ਦੇ ਮਹਾਨ ਦਿਨ ਤੋਂ ਕੁਰਬਾਨ ਜਾਂਦਾ ਹਾਂ ਕਿਉਂਕਿ ਅੱਜ ਮੇਰੇ ਘਰ ਨੂੰ ਪਵਿੱਤਰ ਕਰਨ ਲਈ ਪ੍ਰਭੂ ਦੇ ਪਿਆਰੇ ਸੰਤ ਆਏ ਹਨ।

**ਆਂਗਨ ਬਗੜ ਭਵਨ ਭਯੋ ਪਾਵਨ ।**
**ਹਰਿਜਨ ਬੈਠੇ ਹਰਿਜਸ ਗਾਵਨ ॥੨॥**

ਸੰਤਾਂ ਦੇ ਆਉਣ ਨਾਲ ਮੇਰਾ ਘਰ ਅਤੇ ਵਿਹੜਾ ਪਵਿੱਤਰ ਹੋ ਗਏ ਹਨ ਜਿਥੇ ਬੈਠ ਕੇ ਪ੍ਰਭੂ ਦੇ ਸੰਤ-ਜਨ ਪ੍ਰਭੂ ਦਾ ਜਸ ਗਾਉਂਦੇ ਹਨ।

**ਕਰੂੰ ਡੰਡੋਤ ਚਰਨ ਪਖਾਰੂੰ ।**
**ਤਨ ਮਨ ਧਨ ਸੰਤਨ ਪਰ ਵਾਰੂੰ ॥੩॥**

ਮੈਂ ਸੰਤਾਂ ਨੂੰ ਡੰਡਵਤ ਪ੍ਰਣਾਮ ਕਰਦਾ ਹਾਂ, ਉਹਨਾਂ ਦੇ ਚਰਨ ਧੋਂਦਾ

ਹਾਂ ਅਤੇ ਮੈਂ ਆਪਣਾ ਤਨ, ਮਨ, ਅਤੇ ਧਨ ਸੰਤਾਂ ਤੋਂ ਨਿਛਾਵਰ ਕਰਦਾ ਹਾਂ।

**ਕਥਾ ਕਹੈਂ ਅਰੁ ਅਰਥ ਬਿਚਾਰੈਂ॥**
**ਆਪ ਤਰੈ ਔਰਨ ਕੋ ਤਾਰੈਂ॥੪॥**

ਸੰਤ ਮਹਾਂਪੁਰਸ਼ ਪ੍ਰਭੂ ਦੀ ਕਥਾ ਉਚਾਰਣ ਕਰਦੇ ਹਨ ਅਤੇ ਪ੍ਰਭੂ ਦੇ ਪਾਵਨ ਨਾਮ ਦੀ ਵਿਚਾਰ ਕਰਦੇ ਹਨ। ਉਹ ਪ੍ਰਭੂ ਦਾ ਨਾਮ ਜਪ ਕੇ ਆਪ ਤਾਂ ਤਰਦੇ ਹੀ ਹਨ ਅਤੇ ਹੋਰਨਾਂ ਜੀਵਾਂ ਨੂੰ ਪਰਮਾਤਮਾ ਦਾ ਨਾਮ ਜਪਾ ਕੇ ਤਾਰਦੇ ਹਨ।

**ਕਹ ਰਵਿਦਾਸ ਮਿਲੈ ਨਿਜ ਦਾਸ॥**
**ਜਨਮ ਜਨਮ ਕੈ ਕਾਟੈ ਪਾਸ॥੫॥**

ਸਤਿਗੁਰੂ ਰਵਿਦਾਸ ਮਹਾਰਾਜ ਜੀ ਕਥਨ ਕਰਦੇ ਹਨ ਕਿ ਪ੍ਰਭੂ ਜੀ ਮੇਰਾ ਆਪ ਜੀ ਦੇ ਦਾਸ ਦਾ ਮਿਲਾਪ ਹਰ ਰੋਜ਼ ਸੰਤਾਂ ਨਾਲ ਹੋਵੇ ਜਿਨ੍ਹਾਂ ਦੇ ਮਿਲਣ ਨਾਲ ਜੀਵ ਦੇ ਜਨਮਾਂ-ਜਨਮਾਂ ਦੇ ਬੰਧਨ ਕੱਟੇ ਜਾਂਦੇ ਹਨ।

*****

## ਸ਼ਬਦ 102

**ਐਸੇ ਜਾਨਿ ਜਪੋ ਰੇ ਜੀਵ। ਜਪਿ ਲਿਓ ਰਾਮ ਨ ਭਰਮੋ ਜੀਵ॥ ਟੇਕ॥**
**ਗਨਿਕਾ ਥੀ ਕਿਸ ਕਰਮਾ ਜੋਗ। ਪਰ ਪੁਰਸਨ ਸੋ ਰਮਤੀ ਭੋਗ॥੧॥**
**ਨਿਸਿ ਬਾਸਰ ਦੁਸਕਰਮ ਕਮਾਈ। ਰਾਮ ਕਹਤ ਬੈਕੁੰਠੇ ਜਾਈ॥੨॥**
**ਨਾਮਦੇਵ ਕਹਿਯੇ ਜਾਤਿ ਕੈ ਓਛ। ਜਾ ਕੋ ਜਸ ਗਾਈਏ ਤ੍ਰਿਲੋਕ॥੩॥**
**ਭਗਤਿ ਹੇਤ ਭਗਤਾ ਕੇ ਚਲੇ। ਅੰਕਮਾਲ ਲੇ ਬੀਠਲ ਮਿਲੇ॥੪॥**
**ਕੋਟਿ ਯਗ ਜੋ ਕੋਊ ਕਰੈ। ਰਾਮ ਨਾਮ ਸਮ ਤਊ ਨ ਨਿਸਤਰੈ॥੫॥**
**ਨਿਰਗੁਨ ਕਾ ਗੁਨ ਦੇਖੋ ਆਈ। ਦੇਹੀ ਸਹਿਤ ਕਬੀਰ ਸਿਧਾਈ॥੬॥**
**ਮੋਰੀ ਕੁਚਿਲ ਜਾਤ ਕੁਚਿਲ ਮੇਂ ਬਾਸ। ਭਗਤ ਚਰਨ ਹਰਿਚਰਨ ਨਿਵਾਸ॥੭॥**
**ਚਾਰਿਉ ਬੇਦ ਕਿਆ ਖੰਡੌਤਿ। ਜਨ ਰਵਿਦਾਸ ਕਰੈ ਡੰਡੌਤਿ॥੮॥**

ਇਸ ਪਾਵਨ ਸ਼ਬਦ ਰਾਹੀਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਜੀਵਾਂ ਨੂੰ ਵਹਿਮਾਂ, ਭਰਮਾਂ ਅਤੇ ਕਰਮ-ਕਾਂਡਾ ਤੋਂ ਮੁਕਤ ਹੋ ਕੇ ਪ੍ਰਭੂ ਦਾ ਸਿਮਰਨ ਕਰਨ ਦਾ ਉਪਦੇਸ਼ ਦਿੰਦੇ ਹਨ। ਜਿਸ ਪ੍ਰਭੂ ਦਾ ਸਿਮਰਨ ਕਰਕੇ ਸਤਿਗੁਰੂ ਨਾਮਦੇਵ ਜੀ ਅਤੇ ਸਤਿਗੁਰੂ ਕਬੀਰ ਜੀ ਦੀ ਮਹਿਮਾ ਤਿੰਨਾਂ ਲੋਕਾਂ 'ਚ ਹੁੰਦੀ ਹੈ।

**ਐਸੇ ਜਾਨਿ ਜਪੋ ਰੇ ਜੀਵ। ਜਪਿ ਲਿਓ ਰਾਮ ਨ ਭਰਮੋ ਜੀਵ॥ ਟੇਕ॥**

ਹੇ ਜੀਵ! ਐਸੇ ਸਰਬ ਵਿਆਪੀ ਪ੍ਰਭੂ ਨੂੰ ਜਾਣ ਕੇ ਉਸ ਦਾ ਸਿਮਰਨ ਕਰੋ। ਜਿਸ ਦੇ ਸਿਮਰਨ ਕਰਨ ਨਾਲ ਤੇਰੀ ਭਟਕਣਾ ਮੁੱਕ ਜਾਵੇਗੀ।

**ਗਨਿਕਾ ਥੀ ਕਿਸ ਕਰਮਾ ਜੋਗ। ਪਰ ਪੁਰਸਨ ਸੋ ਰਮਤੀ ਭੋਗ॥੧॥**



ਗਨਿਕਾ ਇਕ ਵੇਸਵਾ ਸੀ, ਉਹ ਕਿਨ੍ਹਾਂ ਕਰਮਾਂ ਨੂੰ ਕਰਨ ਦੇ ਯੋਗ ਸੀ, ਉਹ ਪਰਾਏ ਪੁਰਖਾਂ ਨਾਲ ਖੋਟੇ ਕਰਮ ਕਰਦੀ ਸੀ।

**ਨਿਸਿ ਬਾਸਰ ਦੁਸਕਰਮ ਕਮਾਈ। ਰਾਮ ਕਹਤ ਬੈਕੁੰਠੇ ਜਾਈ॥੨॥**

ਉਹ ਵੇਸਵਾ ਰਾਤ ਦਿਨ ਖੋਟੇ ਕਰਮ ਕਰਦੀ ਸੀ, ਪਰ ਸੰਤਾਂ ਦੀ ਸੰਗਤ ਕਰਨ ਨਾਲ ਉਹ ਖੋਟੇ ਕਰਮਾਂ ਨੂੰ ਤਿਆਗ ਕੇ ਪ੍ਰਭੂ ਦਾ ਨਾਮ ਜਪੁ ਕੇ ਬੈਕੁੰਠ ਗਈ।

**ਨਾਮਦੇਵ ਕਹਿਯੇ ਜਾਤਿ ਕੈ ਓਛ। ਜਾ ਕੋ ਜਸ ਗਾਈਏ ਤ੍ਰਿਲੋਕ॥੩॥**

ਸਤਿਗੁਰੂ ਨਾਮਦੇਵ ਜੀ ਨੂੰ ਸੰਸਾਰੀ ਲੋਕ ਭ੍ਰਮ ਕਰਕੇ ਨੀਵੀਂ ਜਾਤ ਦੇ ਕਹਿੰਦੇ ਸਨ, ਜਿਨ੍ਹਾਂ ਦਾ ਨਾਮ ਅੱਜ ਸਾਰੇ ਸੰਸਾਰ ਦੇ ਲੋਕ ਗਾਉਂਦੇ ਹਨ ਉਨ੍ਹਾਂ ਦੀ ਮਹਿਮਾ ਤਿੰਨਾਂ ਲੋਕਾਂ ਵਿਚ ਹੁੰਦੀ ਹੈ।

**ਭਗਤਿ ਹੇਤ ਭਗਤਾ ਕੇ ਚਲੇ। ਅੰਕਮਾਲ ਲੇ ਬੀਠਲ ਮਿਲੇ॥੪॥**

ਪ੍ਰਭੂ ਭਗਤਾਂ ਦੇ ਪ੍ਰੇਮ ਕਰਕੇ ਆਪਣੇ ਭਗਤਾਂ ਨੂੰ ਮਿਲਦਾ ਹੈ। ਪ੍ਰਭੂ ਆਪਣੇ ਭਗਤਾਂ ਨੂੰ ਪ੍ਰੇਮ-ਸਹਿਤ ਗਲਵਕੜੀ 'ਚ ਲੈ ਕੇ ਮਿਲਦਾ ਹੈ।

**ਕੋਟਿ ਯਗ ਜੋ ਕੋਊ ਕਰੈ। ਰਾਮ ਨਾਮ ਸਮ ਤਊ ਨ ਨਿਸਤਰੈ॥੫॥**

ਭਾਵੇਂ ਜੀਵ ਕਰੋੜਾਂ ਯੱਗ ਕਰ ਲਵੇ ਪਰ ਉਹ ਪ੍ਰਭੂ ਦੇ ਰਾਮ-ਨਾਮ ਤੋਂ ਬਿਨਾਂ ਸੰਸਾਰ ਦੇ ਨਾ ਤਰੇ ਜਾਣ ਵਾਲੇ ਭਵ-ਸਾਗਰ ਤੋਂ ਪਾਰ ਨਹੀਂ ਹੋ ਸਕਦਾ।

**ਨਿਰਗੁਨ ਕਾ ਗੁਨ ਦੇਖੋ ਆਈ। ਦੇਹੀ ਸਹਿਤ ਕਬੀਰ ਸਿਧਾਈ॥੬॥**

ਨਿਰਗੁਣ ਪ੍ਰਭੂ ਦੇ ਗੁਣ ਦੇਖਣਾ ਕਰੋ ਕਿ ਸਤਿਗੁਰੂ ਕਬੀਰ ਜੀ ਨਿਰਗੁਣ ਪ੍ਰਭੂ ਦਾ ਨਾਮ ਜਪ ਕੇ ਦੇਹੀ ਸਮੇਤ ਹੀ ਬੈਕੁੰਠ ਧਾਮ ਚਲੇ ਗਏ।

**ਮੋਰੀ ਕੁਚਿਲ ਜਾਤ ਕੁਚਿਲ ਮੇਂ ਬਾਸ। ਭਗਤ ਚਰਨ ਹਰਿਚਰਨ ਨਿਵਾਸ॥੭॥**

ਹੇ ਪ੍ਰਭੂ ਜੀ! ਅਗਿਆਨੀ ਲੋਕ ਮੈਨੂੰ ਸ਼ੂਦਰ ਜਾਤ ਦਾ ਕਰਕੇ ਜਾਣਦੇ ਹਨ। ਪਰ ਸੰਤਾਂ ਦੀ ਸੰਗਤ ਸਦਕਾ ਮੈਨੂੰ ਪ੍ਰਭੂ ਦੇ ਚਰਨਾਂ ਵਿਚ ਨਿਵਾਸ ਪ੍ਰਾਪਤ ਹੋਇਆ ਹੈ।

**ਚਾਰਿਉ ਬੇਦ ਕਿਆ ਖੰਡੌਤਿ। ਜਨ ਰਵਿਦਾਸ ਕਰੈ ਡੰਡੌਤਿ॥੮॥**

ਸਤਿਗੁਰੂ ਰਵਿਦਾਸ ਜੀ ਉਚਾਰਨ ਕਰਦੇ ਹਨ ਕਿ ਜੀਵ ਨੂੰ ਵਰਣਾਂ ਦੇ ਅਧਾਰ, ਤੇ ਵੰਡਣ ਵਾਲੇ ਅਤੇ ਕਰਮ-ਕਾਂਡਾਂ ਵਿਚ ਫਸਾਉਣ ਵਾਲੇ ਚਾਰੇ ਵੇਦਾਂ ਦਾ ਖੰਡਨ ਕਰਦਾ ਹਾਂ। ਹੇ ਪ੍ਰਭੂ ਜੀ! ਮੈਂ ਆਪ ਦਾ ਦਾਸ ਕੇਵਲ ਆਪ ਨੂੰ ਡੰਡੌਤ ਪ੍ਰਣਾਮ ਕਰਦਾ ਹਾਂ।

*******

# ਰਾਗ ਸਾਰੰਗ

## ਸ਼ਬਦ 103

**ਜਗ ਮੇਂ ਵੇਦ ਬੈਦ ਮਨੀਜੈ।**
**ਇਨ ਮੇਂ ਅਵਰ ਅਗਮ ਕਛੁ ਔਰੇ ਕਹੌ ਕਵਨ ਪਰਿ ਕੀਜੈ॥ ਟੇਕ॥**
**ਭੌਜਲ ਬਿਆਧਿ ਅਸਾਧਿ ਪ੍ਰਬਲ ਅਤਿ ਪਰਮ ਪੰਥ ਨ ਗਹੀਜੈ॥੧॥**
**ਪੜ੍ਹੈ ਸੁਣੈ ਕਛੁ ਸਮੁਝਿ ਨ ਪਰਈ ਅਨੁਭੈ ਪਦ ਨ ਲਹੀਜੈ॥੨॥**
**ਚਖ ਬਿਹੂਨ ਕਤਾਰ ਚਲਤੁ ਹੈਂ ਤਿਨਹੁ ਅੰਸ ਭੁਜ ਦੀਜੈ॥੩॥**
**ਕਹੈ ਰਵਿਦਾਸ ਬਮੇਕ ਤਤ ਬਿਨੁ ਸਬ ਮਿਲਿ ਗਰਤ ਪਰੀਜੈ॥੪॥**

ਜਗਤ ਗੁਰੂ ਰਵਿਦਾਸ ਜੀ ਮਹਾਰਾਜ ਪਾਵਨ ਉਪਦੇਸ਼ ਦਿੰਦੇ ਹਨ ਕਿ ਕੇਵਲ ਪ੍ਰਭੂ ਦਾ ਨਾਮ ਹੀ ਸੰਸਾਰ ਰੂਪੀ ਭਵ-ਸਾਗਰ ਵਿੱਚ ਸਭ ਦੁੱਖਾਂ ਦਾ ਨਾਸ਼ ਕਰਕੇ ਪਾਰ ਕਰਨ ਵਾਲਾ ਹੈ। ਇਸ ਲਈ ਜੀਵਾਂ ਨੂੰ ਪ੍ਰਭੂ ਦੇ ਨਾਮ ਰੂਪੀ ਪਰਮ-ਤੱਤ ਨੂੰ ਜਾਣ ਕੇ ਆਪਣਾ ਜੀਵਨ ਸਫ਼ਲ ਕਰਨਾ ਚਾਹੀਦਾ ਹੈ।

**ਜਗ ਮੇਂ ਵੇਦ ਬੈਦ ਮਨੀਜੈ।**
**ਇਨ ਮੇਂ ਅਵਰ ਅਗਮ ਕਛੁ ਔਰੇ ਕਹੌ ਕਵਨ ਪਰਿ ਕੀਜੈ॥ ਟੇਕ॥**

ਸੰਸਾਰ ਵਿੱਚ ਵੇਦਾਂ ਨੂੰ ਰੋਗਾਂ ਦੀ ਨਵਿਰਤੀ ਦਾ ਵੈਦ ਮੰਨਿਆ ਜਾਂਦਾ ਹੈ, ਪਰ ਇਨ੍ਹਾਂ ਵੇਦਾਂ ਵਿਚ ਕੁਝ ਹੋਰ ਹੈ। ਪ੍ਰਭੂ ਦਾ ਕਥਨ ਰਹਿਤ ਪਰਮ-ਤੱਤ ਕੁਝ ਹੋਰ ਹੈ, ਇਨ੍ਹਾਂ ਵਿਚੋਂ ਕਿਸ ਉਪਰ ਭਰੋਸਾ ਕੀਤਾ ਜਾਵੇ?

**ਭੌਜਲ ਬਿਆਧਿ ਅਸਾਧਿ ਪ੍ਰਬਲ ਅਤਿ ਪਰਮ ਪੰਥ ਨ ਗਹੀਜੈ॥੧॥**

ਸੰਸਾਰ ਰੂਪੀ ਭਵ-ਸਾਗਰ ਨਾ ਸਾਧੇ ਜਾਣ ਵਾਲੇ ਬਹੁਤ ਹੀ ਸ਼ਕਤੀਸ਼ਾਲੀ ਦੁੱਖਾਂ ਨਾਲ ਭਰਿਆ ਹੋਇਆ ਹੈ। ਪਰ ਜੀਵ ਅਗਿਆਨਤਾ ਕਾਰਨ ਸਭ ਰੋਗਾਂ ਅਤੇ ਕਸ਼ਟਾਂ ਦੀ ਨਵਿਰਤੀ ਕਰਨ ਵਾਲੇ ਪ੍ਰਭੂ ਦੇ ਨਾਮ ਰੂਪੀ ਪਰਮ ਪੰਥ ਨੂੰ ਗ੍ਰਹਿਣ ਨਹੀਂ ਕਰਦਾ।

**ਪੜ੍ਹੈ ਸੁਣੈ ਕਛੁ ਸਮੁਝਿ ਨ ਪਰਈ ਅਨੁਭੈ ਪਦ ਨ ਲਹੀਜੈ॥੨॥**

ਵੇਦਾਂ ਨੂੰ ਕੇਵਲ ਪੜ੍ਹਨ ਨਾਲ ਅਤੇ ਸੁਨਣ ਨਾਲ ਜੀਵ ਨੂੰ ਕੁਝ ਵੀ ਸਮਝ ਨਹੀਂ ਪੈਂਦੀ। ਇਸ ਲਈ ਜੀਵ ਪ੍ਰਭੂ ਦੇ ਅਨੁਭਵ ਕਰਨ ਰੂਪੀ ਪਰਮ-ਪਦ ਦੀ ਪ੍ਰਾਪਤੀ ਨਹੀਂ ਕਰਦਾ।

**ਚਖ ਬਿਹੂਨ ਕਤਾਰ ਚਲਤੁ ਹੈਂ ਤਿਨਹੁ ਅੰਸ ਭੁਜ ਦੀਜੈ॥੩॥**

ਗਿਆਨ ਰੂਪੀ ਅੱਖਾਂ ਤੋਂ ਹੀਣਾ ਜੀਵ ਪ੍ਰਭੂ ਨੂੰ ਭੁੱਲ ਕੇ ਕੁਮਾਰਗ 'ਤੇ ਚਲ ਰਿਹਾ ਹੈ। ਐਸੇ ਜੀਵ ਦਾ ਕੋਈ ਵੀ ਸਹਾਇਕ ਨਹੀਂ ਬਣਦਾ।

**ਕਹੈ ਰਵਿਦਾਸ ਬਮੇਕ ਤਤ ਬਿਨੁ ਸਬ ਮਿਲਿ ਗਰਤ ਪਰੀਜੈ॥੪॥**

ਸਤਿਗੁਰੂ ਰਵਿਦਾਸ ਜੀ ਉਚਾਰਨ ਕਰਦੇ ਹਨ ਕਿ ਸੰਸਾਰ ਦੇ ਜੀਵ ਪਰਮ-ਤੱਤ ਨੂੰ ਨਹੀਂ ਜਾਣਦੇ, ਇਸ ਕਰਕੇ ਨਰਕਾਂ ਵਿੱਚ ਜਾਂਦੇ ਹਨ।

*******



## ਸ਼ਬਦ 104

**ਤੁਮ ਕਰਹੁ ਕ੍ਰਿਪਾ ਮੋਹਿ ਸਾਂਈ॥ਟੇਕ॥**
**ਸਵਾਸ ਸਵਾਸ ਤੁਝ ਨਾਮ ਸੰਭਾਰੂੰ, ਤੁਮਹਿ ਭੇਂਟ ਮਮੁ ਮਨ ਹਰਸਾਈ।**
**ਤੁਮਹੁ ਦਯਾਲ ਕ੍ਰਿਪਾਲ ਕਰੁਣਾਨਿਧ ਤੁਮਹਹਿ ਦੀਨਬੰਧ ਰਘੁਰਾਈ॥1॥**
**ਤੁਮ੍ਹਾਰੀ ਸਰਨ ਰਹੋਂ ਨਿਸਵਾਸਰ, ਭਰਮਤ ਫਿਰੌਂ ਨ ਹੌਂ ਹਰਿ ਰਾਈ॥**
**ਤੁਮ੍ਹਾਰੀ ਅਨੁਕਮਪ ਮਾਨ ਮਦੁ ਛੁਟੈ,**
**ਰਾਮ ਰਸਾਇਨ ਅਮ੍ਰਿਤੁ ਪਾਈ॥2॥**
**ਏਸੋ ਬਧੁ ਜਾਚਿਹੁੰ ਕਰੁਨਾਮੈਂ, ਤੁਝ ਚਰਨ ਤਜਿ ਕਿਤਹੁ ਨ ਜਾਈ॥**
**ਚਰਣ-ਸਰਣ ਰਵਿਦਾਸ ਰਾਬਰੀ, ਅਪਨੋ ਜਾਨ ਲੇਹੁ ਉਰ ਲਾਈ॥3॥**

ਇਸ ਪਾਵਨ ਸ਼ਬਦ ਵਿਚ ਜਗਤਗੁਰੂ ਰਵਿਦਾਸ ਜੀ ਮਹਾਰਾਜ ਸਭ ਜੀਵਾਂ ਨੂੰ ਪ੍ਰਭੂ ਦਾ ਸਵਾਸ ਸਵਾਸ ਸਿਮਰਨ ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ।

**ਤੁਮ ਕਰਹੁ ਕ੍ਰਿਪਾ ਮੋਹਿ ਸਾਂਈ॥ਟੇਕ॥**

ਹੇ ਪ੍ਰਭੂ ਜੀ! ਆਪ ਮੇਰੇ 'ਤੇ ਕਿਰਪਾ ਕਰੋ।

**ਸਵਾਸ ਸਵਾਸ ਤੁਝ ਨਾਮ ਸੰਭਾਰੂੰ, ਤੁਮਹਿ ਭੇਂਟ ਮਮੁ ਮਨ ਹਰਸਾਈ।**
**ਤੁਮਹੁ ਦਯਾਲ ਕ੍ਰਿਪਾਲ ਕਰੁਣਾਨਿਧ ਤੁਮਹਹਿ ਦੀਨਬੰਧ ਰਘੁਰਾਈ॥1॥**

ਸਵਾਸ-ਸਵਾਸ ਮੈਂ ਆਪ ਜੀ ਦੇ ਨਾਮ ਦਾ ਸਿਮਰਨ ਕਰਦਾ ਹਾਂ, ਆਪ ਜੀ ਦੇ ਦਰਸ਼ਨ ਕਰਨ ਨਾਲ ਮੇਰਾ ਮਨ ਆਨੰਦਿਤ ਹੋ ਜਾਂਦਾ ਹੈ। ਪ੍ਰਭੂ ਜੀ ਆਪ ਦਿਆਲੂ, ਕ੍ਰਿਪਾਲੂ, ਦਇਆਵਾਨ, ਗਰੀਬ ਨਿਵਾਜ ਹੋ।

**ਤੁਮ੍ਹਾਰੀ ਸਰਨ ਰਹੋਂ ਨਿਸਵਾਸਰ, ਭਰਮਤ ਫਿਰੌਂ ਨ ਹੌਂ ਹਰਿ ਰਾਈ॥**
**ਤੁਮ੍ਹਾਰੀ ਅਨੁਕਮਪ ਮਾਨ ਮਦੁ ਛੁਟੈ,**
**ਰਾਮ ਰਸਾਇਨ ਅਮ੍ਰਿਤੁ ਪਾਈ॥2॥**

ਪ੍ਰਭੂ ਜੀ ਮੈਂ ਹਮੇਸ਼ਾਂ ਆਪ ਜੀ ਦੀ ਸ਼ਰਨ ਵਿਚ ਰਹਿੰਦਾ ਹਾਂ ਅਤੇ ਸੰਸਾਰ ਵਿਚ ਨਹੀਂ ਭ੍ਰਮਦਾ, ਕੇਵਲ ਆਪ ਜੀ ਦਾ ਸਿਮਰਨ ਕਰਦਾ ਹਾਂ। ਆਪ ਜੀ ਦੀ ਕਿਰਪਾ ਨਾਲ ਮਾਣ ਅਤੇ ਹੰਕਾਰ ਦਾ ਨਾਸ਼ ਹੋ ਗਿਆ ਹੈ ਅਤੇ ਆਪ ਜੀ ਦਾ ਨਾਮ ਰੂਪੀ ਅੰਮ੍ਰਿਤ ਪ੍ਰਾਪਤ ਕਰ ਲਿਆ ਹੈ।

**ਏਸੋ ਬਧੁ ਜਾਚਿਹੁੰ ਕਰੁਨਾਮੈਂ, ਤੁਝ ਚਰਨ ਤਜਿ ਕਿਤਹੁ ਨ ਜਾਈ॥**
**ਚਰਣ-ਸਰਣ ਰਵਿਦਾਸ ਰਾਬਰੀ, ਅਪਨੋ ਜਾਨ ਲੇਹੁ ਉਰ ਲਾਈ॥3॥**

ਹੇ ਪ੍ਰਭੂ ਜੀ! ਮੈਂ ਕੇਵਲ ਆਪ ਜੀ ਦੇ ਚਰਨਕੰਵਲਾਂ ਦੀ ਹੀ ਜਾਚਨਾ ਕੀਤੀ ਹੈ, ਇਨ੍ਹਾਂ ਨੂੰ ਛੱਡ ਕੇ ਮੈਂ ਹੋਰ ਕਿਸੇ ਪਾਸੇ ਨਹੀਂ ਜਾ ਸਕਦਾ। ਸਤਿਗੁਰੂ ਰਵਿਦਾਸ ਮਹਾਰਾਜ ਜੀ ਉਚਾਰਨ ਕਰਦੇ ਹਨ ਕਿ ਪ੍ਰਭੂ ਜੀ ਮੈਂ ਆਪ ਜੀ ਦੀ ਚਰਨ-ਸ਼ਰਨ ਹੋਇਆ ਹਾਂ, ਆਪ ਮੈਨੂੰ ਆਪਣਾ ਜਾਣ ਕੇ ਆਪਣੇ ਹਿਰਦੇ

ਨਾਲ ਲਗਾ ਲਓ।

*****

## ਸ਼ਬਦ 105

**ਚਲਿ ਮਨ ਹਰਿ ਚਟਸਾਲ ਪੜ੍ਹਾਊਂ ॥ ਟੇਕ ॥**
**ਗੁਰ ਕੀ ਸਾਟਿ ਗਿਯਾਨ ਕਾ ਅੱਛਰ ਬਿਸਰੈ**
**ਤੌਂ ਸਹਜ ਸਮਾਧਿ ਲਗਾਊਂ ॥ ੧ ॥**
**ਪ੍ਰੇਮ ਪਾਟੀ ਸੁਰਤਿ ਲੇਖਨਿ ਕਰਿਹੌਂ**
**ਰਰਾ ਮਮਾ ਲਿਖਿ ਆਂਕ ਦਿਖਾਊ ॥੨ ॥**
**ਯੇਹ ਬਿਧਿ ਮੁਕਤਿ ਭਯੇ ਸਨਕਾਦਿਕ**
**ਰਿਦੈ ਬਿਦਾਰਿ ਪ੍ਰਕਾਸ਼ ਦਿਖਾਊਂ ॥੩ ॥**
**ਕਾਗਦ ਕੰਵਲ ਮਤਿ ਮਸਿ ਕਰਿ ਨਿਰਮਲ**
**ਬਿਨ ਰਸਨਾ ਨਿਸ ਦਿਨ ਗੁਣ ਗਾਊਂ ॥੪ ॥**
**ਕਹੈ ਰਵਿਦਾਸ ਰਾਮ ਜਪਿ ਭਾਈ**
**ਸੰਤ ਸਾਖਿ ਦੇ ਬਹੁਰਿ ਨ ਆਊਂ ॥੫ ॥**

ਇਸ ਪਾਵਨ ਸ਼ਬਦ ਵਿਚ ਜਗਤਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਹਰਿ ਨਾਮ ਜਪਣ ਦੀ ਪਾਠਸ਼ਾਲਾ ਵਿਚ ਪੜ੍ਹਕੇ ਪ੍ਰਭੂ ਨਾਲ ਮਿਲ ਕੇ ਮੁਕਤ ਹੋਣ ਦਾ ਉਪਦੇਸ਼ ਦਿੰਦੇ ਹਨ।

**ਚਲਿ ਮਨ ਹਰਿ ਚਟਸਾਲ ਪੜ੍ਹਾਊਂ ॥ ਟੇਕ ॥**

ਹੇ ਮੇਰੇ ਮਨ! ਚਲ ਮੈਂ ਤੈਨੂੰ ਹਰਿ ਨਾਮ ਜਪਣ ਵਾਲੀ ਪਾਠਸ਼ਾਲਾ ਵਿਚ ਪੜ੍ਹਾਵਾਂ।

**ਗੁਰ ਕੀ ਸਾਟਿ ਗਿਯਾਨ ਕਾ ਅੱਛਰ ਬਿਸਰੈ**
**ਤੌਂ ਸਹਜ ਸਮਾਧਿ ਲਗਾਊਂ ॥ ੧ ॥**

ਜਿਸ ਪਾਠਸ਼ਾਲਾ ਵਿਚ ਸ੍ਰੇਸ਼ਟ-ਮਾਰਗ ਤੋਂ ਭਟਕਣ ਤੋਂ ਰੋਕਣ ਵਾਲੀ ਗੁਰੂ ਦੇ ਉਪਦੇਸ਼ ਰੂਪੀ ਸੋਟੀ ਹੈ ਅਤੇ ਪ੍ਰਭੂ ਨੂੰ ਮਿਲਾਉਣ ਵਾਲੇ ਗਿਆਨ ਦਾ ਅੱਖਰ ਪੜ੍ਹਾਇਆ ਜਾਂਦਾ ਹੈ। ਜੇਕਰ ਜੀਵ ਗਿਆਨ ਦਾ ਅੱਖਰ ਭੁੱਲ ਵੀ ਜਾਵੇ ਤਾਂ ਵੀ ਗੁਰੂ ਦੀ ਕਿਰਪਾ ਨਾਲ ਜੀਵ ਦੀ ਸਹਿਜ ਸਮਾਧੀ ਲੱਗ ਜਾਂਦੀ ਹੈ।

**ਪ੍ਰੇਮ ਪਾਟੀ ਸੁਰਤਿ ਲੇਖਨਿ ਕਰਿਹੌਂ**
**ਰਰਾ ਮਮਾ ਲਿਖਿ ਆਂਕ ਦਿਖਾਊ ॥੨ ॥**

ਪ੍ਰਭੂ ਦੀ ਇਸ ਪਾਠਸ਼ਾਲਾ ਵਿਚ ਪੜ੍ਹਨ ਵਾਸਤੇ ਪ੍ਰੇਮ ਦੀ ਫੱਟੀ ਹੈ ਅਤੇ ਸੁਰਤਿ ਦੀ ਕਲਮ ਹੈ ਜਿਸ ਨਾਲ 'ਰ' ਅਤੇ 'ਮ' ਸਰਵ-ਵਿਆਪੀ 'ਰਾਮ' ਪ੍ਰਭੂ ਦਾ ਨਾਮ ਰੂਪੀ ਅੰਕ ਲਿਖਿਆ ਜਾਂਦਾ ਹੈ।



**ਯੇਹ ਬਿਧਿ ਮੁਕਤਿ ਭਯੇ ਸਨਕਾਦਿਕ**
**ਰਿਦੈ ਬਿਦਾਰਿ ਪ੍ਰਕਾਸ਼ ਦਿਖਾਊਂ ॥੩ ॥**

ਪ੍ਰਭੂ ਦੀ ਪਾਠਸ਼ਾਲਾ ਵਿਚ ਪੜ੍ਹਕੇ ਅਜਿਹੇ ਤਰੀਕੇ ਨਾਲ 'ਸਨਕ' ਆਦਿ ਚਾਰੇ ਭਰਾਂ ਮੁਕਤ ਹੋਏ ਹਨ, ਜਿਨਾਂ ਦੇ ਹਿਰਦੇ ਵਿਚ ਪ੍ਰਭੂ ਦੇ ਵਿਚਾਰ ਕਰਨ ਨਾਲ ਪ੍ਰਕਾਸ਼ ਹੋਇਆ ਦੇਖਿਆ ਜਾਂਦਾ ਹੈ।

**ਕਾਗਦ ਕੰਵਲ ਮਤਿ ਮਸਿ ਕਰਿ ਨਿਰਮਲ**
**ਬਿਨ ਰਸਨਾ ਨਿਸ ਦਿਨ ਗੁਣ ਗਾਊਂ ॥੪ ॥**

ਹਿਰਦੈ ਨੂੰ ਕਲਮ ਅਤੇ ਬੁੱਧੀ ਨੂੰ ਨਿਰਮਲ ਸਿਆਹੀ ਬਣਾ ਕੇ ਜਿਹਵਾ ਤੋਂ ਬਗੈਰ ਹੀ ਦਿਨ ਰਾਤ ਪ੍ਰਭੂ ਦੇ ਗੁਣ ਗਾਏ ਜਾਂਦੇ ਹਨ।

**ਕਹੈ ਰਵਿਦਾਸ ਰਾਮ ਜਪਿ ਭਾਈ**
**ਸੰਤ ਸਾਖਿ ਦੇ ਬਹੁਰਿ ਨ ਆਊਂ ॥੫ ॥**

ਸਤਿਗੁਰੂ ਰਵਿਦਾਸ ਮਹਾਰਾਜ ਜੀ ਕਥਨ ਕਰਦੇ ਹਨ ਹੇ ਭਾਈ! ਸੰਤ ਇਸ ਦੇ ਪ੍ਰਮਾਣ ਹਨ ਕਿ ਪ੍ਰਭੂ ਦਾ ਸਿਮਰਨ ਕਰਨ ਨਾਲ ਜੀਵ ਮੁਕਤ ਹੋ ਜਾਂਦਾ ਹੈ ਅਤੇ ਦੁਬਾਰਾ ਜਨਮ-ਮਰਨ ਦੇ ਚੱਕਰ ਵਿਚ ਨਹੀਂ ਆਉਂਦਾ।

******

## ਸ਼ਬਦ 106

**ਹਰਿ ਸਿਮਰੈ ਸੋਈ ਸੰਤ ਬਿਚਾਰੋ।**
**ਅਵਰੁ ਜਨਮ ਬੇਕਾਮ ਰਾਮ ਬਿਨ,**
**ਕੋਟਿ ਜਨਮ ਸੌਂ ਉਪਰਿ ਬਾਰੌਂ ॥ਟੇਕ ॥**
**ਹਰਿ ਪਦ ਵਿਮੁਖ ਕੁਟਿਲ ਮਾਇਆਰਤ,**
**ਰਾਮ ਚਰਣ ਚਿਤਹੁ ਨ ਸਾਨੈ।**
**ਜਿਨ ਮਨ ਮਾਨੁ ਹਉਮੈਂ ਬਸਹਿ,**
**ਤਿਹ ਜਨ ਸੰਤ ਕਹੌਂ ਕਿਮ ਮਾਨੈ ॥੧ ॥**
**ਕਪਟ ਡੰਭ ਪਰ ਨਿੰਦਾ ਬੂਡੌਂ,**
**ਸੰਤ ਜਨਮ ਭੌ ਕਿਲਵਿਸ਼ ਕਾਰੀ।**
**ਜਿਉਂ ਬਰਿਆ ਰੁਤ ਬੂੰਦ ਉਦਧਿ ਮਹਿੰ ਆਈ,**
**ਮਿਲੈ ਸੋਈ ਜਲ ਖਾਰੌਂ ॥੨ ॥**
**ਤਾ ਪਰਸੰਗਿ ਸੀਪ ਸਵਾਤਿ ਨਛੱਤਰ,**
**ਮੋਤੀ ਨਿਪਜਤ ਨੀਰ ਤੈ ਨਿਆਰੌਂ।**
**ਕਹਿ ਰਵਿਦਾਸ ਮੋਹ ਮਦ ਤਿਆਗੋ,**
**ਰਾਮ ਚਰਣ ਮਨ ਸੰਤ ਬਿਚਾਰੌਂ ॥੩ ॥**

ਇਸ ਪਾਵਨ ਸ਼ਬਦ ਵਿਚ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਸਭ

ਜੀਵਾਂ ਨੂੰ ਸੰਤਾਂ ਦੀ ਸੰਗਤ ਕਰਨ ਦਾ ਪਾਵਨ ਉਪਦੇਸ਼ ਬਖਿਸ਼ਸ਼ ਕਰਦੇ ਹਨ।

**ਹਰਿ ਸਿਮਰੈ ਸੋਈ ਸੰਤ ਬਿਚਾਰੋ।**
**ਅਵਰੁ ਜਨਮ ਬੇਕਾਮ ਰਾਮ ਬਿਨ,**
**ਕੋਟਿ ਜਨਮ ਸੌਂ ਉਪਰਿ ਬਾਰੌਂ ॥ਟੇਕ॥**

ਜੋ ਸੰਤ ਪ੍ਰਭੂ ਦਾ ਸਿਮਰਨ ਕਰਦੇ ਹਨ ਉਹੀ ਸ੍ਰੇਸ਼ਟ ਵਿਚਾਰ ਵਾਲੇ ਹਨ ਕਿਉਂਕਿ ਪ੍ਰਭੂ ਦੇ ਨਾਮ ਤੋਂ ਬਿਨਾਂ ਜੀਵ ਦਾ ਜਨਮ ਨਿਸ਼ਫਲ ਜਾਂਦਾ ਹੈ। ਇਸ ਲਈ ਕਰੋੜਾਂ ਜਨਮ ਸੰਤਾਂ ਉੱਪਰ ਵਾਰਨੇ ਚਾਹੀਦੇ ਹਨ।

**ਹਰਿ ਪਦ ਵਿਮੁਖ ਕੁਟਿਲ ਮਾਇਆਰਤ,**
**ਰਾਮ ਚਰਣ ਚਿਤਹੁ ਨ ਸਾਨੈ।**
**ਜਿਨ ਮਨ ਮਾਨੁ ਹਉਮੈਂ ਬਸਹਿ,**
**ਤਿਹ ਜਨ ਸੰਤ ਕਹੌ ਕਿਮ ਮਾਨੈ ॥੧॥**

ਹਰਿ ਦੇ ਸਰਵਉੱਚ ਪਦ ਨੂੰ ਛੱਡ ਕੇ ਜੀਵ ਪ੍ਰਭੂ ਤੋਂ ਬੇਮੁੱਖ, ਕਾਮੀ, ਮਾਇਆਧਾਰੀ ਹੋ ਜਾਂਦਾ ਹੈ ਅਤੇ ਪ੍ਰਭੂ ਦੇ ਚਰਨਕੰਵਲਾਂ ਵਿਚ ਚਿੱਤ ਨਹੀਂ ਲਾਉਂਦਾ। ਜਿਸ ਜੀਵ ਦੇ ਮਨ ਵਿਚ ਮਾਣ ਹੰਕਾਰ ਵਸਦਾ ਹੈ, ਉਹ ਜੀਵ ਸੰਤਾਂ ਨੂੰ ਕਿਵੇਂ ਮੰਨ ਸਕਦਾ ਹੈ?

**ਕਪਟ ਡੰਭ ਪਰ ਨਿੰਦਾ ਬੂਝੇਂ,**
**ਸੰਤ ਜਨਮ ਭੌ ਕਿਲਵਿਸ਼ ਕਾਰੀ।**

ਕਪਟ ਕਰਨਾ, ਧੋਖਾ ਕਰਨਾ ਅਤੇ ਪਰਾਈ ਨਿੰਦਿਆ ਕਰਨੀ ਇਹ ਬਹੁਤ ਵੱਡੇ ਪਾਪ ਹਨ। ਸੰਤਾਂ ਦੀ ਸੰਗਤ ਕਰਕੇ ਇਹ ਜੀਵ ਕਠਿਨ ਪਾਪਾਂ ਤੋਂ ਛੁਟਕਾਰਾ ਪਾ ਲੈਂਦਾ ਹੈ।

**ਜਿਉਂ ਬਰਿਆ ਰੁਤ ਬੂੰਦ ਉਦਧਿ ਮਹਿੰ ਆਈ,**
**ਮਿਲੈ ਸੋਈ ਜਲ ਖਾਰੌਂ ॥੨॥**

ਜਦੋਂ ਵਰਖਾ ਦੀ ਰੁੱਤ ਆਉਂਦੀ ਹੈ ਤਾਂ ਸਾਰਾ ਪਾਣੀ ਖਾਰੇ ਸਮੁੰਦਰ ਵਿਚ ਸਮਾ ਜਾਂਦਾ ਹੈ।

**ਤਾ ਪਰਸੰਗਿ ਸੀਪ ਸਵਾਤਿ ਨਛੱਤਰ,**
**ਮੋਤੀ ਨਿਪਜਤ ਨੀਰ ਤੈ ਨਿਆਰੌਂ।**

ਜਦੋਂ ਸਵਾਤੀ ਨਛੱਤਰ ਸਮੇਂ ਵਰਖਾ ਦੀ ਬੂੰਦ ਸਿੱਪ ਵਿਚ ਡਿੱਗਦੀ ਹੈ ਤਾਂ ਉਸੇ ਪਾਣੀ ਤੋਂ ਮੋਤੀ ਪੈਦਾ ਹੋ ਜਾਂਦਾ ਹੈ।

**ਕਹਿ ਰਵਿਦਾਸ ਮੋਹ ਮਦ ਤਿਆਗੋ,**
**ਰਾਮ ਚਰਣ ਮਨ ਸੰਤ ਬਿਚਾਰੌ ॥੩॥**

ਸਤਿਗੁਰੂ ਰਵਿਦਾਸ ਮਹਾਰਾਜ ਜੀ ਉਚਾਰਨ ਕਰਦੇ ਹਨ ਕਿ ਹੇ ਭਾਈ! ਮੋਹ, ਹੰਕਾਰ ਤਿਆਗ ਕੇ ਸੰਤਾਂ ਦੀ ਸੰਗਤ ਵਿਚ ਜਾ ਕੇ ਆਪਣੇ ਮਨ ਨੂੰ ਪ੍ਰਭੂ ਦੇ ਚਰਨਾਂ ਨਾਲ ਲਗਾ ਭਾਵ ਸੰਤਾਂ ਦੀ ਸੰਗਤ ਕਰ।

******



# ਰਾਗ ਕੇਦਾਰਾ

## ਸ਼ਬਦ 107

**ਰੇ ਮਨ ਰਾਮ ਨਾਮ ਸੰਭਾਰਿ॥**
**ਮਾਯਾ ਕੈ ਭ੍ਰਮ ਕਹਾ ਭੂਲਯੋ ਜਾਹਿਗੇ ਕਰ ਝਾਰਿ॥ ਟੇਕ॥**
**ਦੇਖਿ ਧੌਂ ਇਹਾਂ ਕੌਣ ਤੇਰੋ ਸਗਾ ਸੁਤ ਨਹਿੰ ਸਾਰ॥**
**ਤੋਰਿ ਤੰਗ ਸਬ ਦੂਰ ਕਰਿਹੈ ਦੈਹਿੰਗੇ ਤਨ ਜਾਰਿ॥੧॥**
**ਪ੍ਰਾਨ ਗਏ ਕਹੋ ਕੌਣ ਤੇਰਾ ਦੇਖਿ ਸੋਚ ਬਿਚਾਰਿ॥**
**ਬਹੁਰਿ ਯੇਹਿ ਕਲਿ ਕਾਲ ਮਾਹੀ ਜੀਤਿ ਭਾਵੈ ਹਾਰਿ॥੨॥**
**ਯਹ ਮਾਯਾ ਸਬ ਥੋਥਰੀ ਰੇ ਭਗਤਿ ਕੋ ਪ੍ਰਤਿਪਾਰਿ॥**
**ਕਹਿ ਰਵਿਦਾਸ ਸਤਿ ਬਚਨ ਗੁਰ ਕੈ ਸੋ ਨ ਜੀਅ ਤੈ ਬਿਸਾਰਿ॥੩॥**

ਜਗਤ ਗੁਰੂ ਰਵਿਦਾਸ ਮਹਾਰਾਜ ਜੀ ਜੀਵਾਂ ਨੂੰ ਆਪਣੇ ਹਿਰਦੇ ਵਿਚ ਪ੍ਰਭੂ ਦਾ ਸਿਮਰਨ ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ ਕਿ ਜੀਵਾਂ ਨੂੰ ਪ੍ਰਭੂ ਨਾਲ ਮਿਲਾਉਣ ਵਾਲੇ ਗੁਰੂ ਦੇ ਅੰਮ੍ਰਿਤਮਈ ਵਚਨਾਂ ਨੂੰ ਆਪਣੇ ਹਿਰਦੇ ਵਿਚ ਧਾਰ ਕੇ ਅਤੇ ਪ੍ਰਭੂ ਦੀ ਸੱਚੀ ਭਗਤੀ ਕਰਕੇ ਸੰਸਾਰ ਦੀ ਝੂਠੀ ਮਾਇਆ ਤੋਂ ਮੁਕਤ ਹੋ ਕੇ ਜੀਵਨ ਸਫ਼ਲ ਕਰਨਾ ਚਾਹੀਦਾ ਹੈ।

**ਰੇ ਮਨ ਰਾਮ ਨਾਮ ਸੰਭਾਰਿ॥**
**ਮਾਯਾ ਕੈ ਭ੍ਰਮ ਕਹਾ ਭੂਲਯੋ ਜਾਹਿਗੇ ਕਰ ਝਾਰਿ॥ ਟੇਕ॥**

ਹੇ ਭਾਈ! ਆਪਣੇ ਮਨ ਵਿਚ ਪ੍ਰਭੂ ਦੇ ਨਾਮ ਦੀ ਸੰਭਾਲ ਕਰ ਭਾਵ ਪ੍ਰਭੂ ਨੂੰ ਯਾਦ ਕਰ। ਜੇਕਰ ਤੂੰ ਪ੍ਰਭੂ ਦਾ ਨਾਮ ਨਹੀਂ ਜਪੇਗਾ ਤਾਂ ਮਾਇਆ ਦੇ ਭਰਮ ਵਿਚ ਲੱਗ ਕੇ ਅੰਤ ਸਮੇਂ ਸੰਸਾਰ ਤੋਂ ਖਾਲੀ ਹੱਥ ਹੀ ਜਾਵੇਗਾ।

**ਦੇਖਿ ਧੌਂ ਇਹਾਂ ਕੌਣ ਤੇਰੋ ਸਗਾ ਸੁਤ ਨਹਿੰ ਸਾਰ॥**
**ਤੋਰਿ ਤੰਗ ਸਬ ਦੂਰ ਕਰਿਹੈ ਦੈਹਿੰਗੇ ਤਨ ਜਾਰਿ॥੧॥**

ਤੂੰ ਵੇਖ ਤਾਂ ਸਹੀ ਤੇਰਾ ਇਸ ਸੰਸਾਰ ਵਿਚ ਆਪਣਾ ਕੌਣ ਹੈ? ਏਥੋਂ ਤੱਕ ਕਿ ਤੇਰਾ ਪੁੱਤਰ ਅਤੇ ਇਸਤਰੀ ਵੀ ਅੰਤ ਵੇਲੇ ਸਹਾਈ ਨਹੀਂ ਹੋਵੇਗਾ। ਤੇਰੇ ਸਾਰੇ ਹੀ ਸੰਗੀ ਸਾਥੀ ਤੇਰੇ ਮਰਨ 'ਤੇ ਤੇਰੇ ਨਾਲੋਂ ਸੰਬੰਧ ਤੋੜ ਲੈਣਗੇ ਤੇ ਤੇਰੇ ਸਰੀਰ ਨੂੰ ਅਗਨੀ ਭੇਂਟ ਕਰ ਦੇਣਗੇ।

**ਪ੍ਰਾਨ ਗਏ ਕਹੋ ਕੌਣ ਤੇਰਾ ਦੇਖਿ ਸੋਚ ਬਿਚਾਰਿ॥**
**ਬਹੁਰਿ ਯੇਹਿ ਕਲਿ ਕਾਲ ਮਾਹੀ ਜੀਤਿ ਭਾਵੈ ਹਾਰਿ॥੨॥**

ਹੇ ਭਾਈ! ਤੂੰ ਆਪਣੇ ਅੰਦਰ ਇਸ ਗੱਲ ਦੀ ਸੋਚ ਵਿਚਾਰ ਕਰਕੇ ਦੇਖ ਕਿ ਜਿਸ ਵੇਲੇ ਤੂੰ ਆਪਣੇ ਪ੍ਰਾਣ ਤਿਆਗ ਦਿੱਤੇ ਫਿਰ ਉਸ ਵੇਲੇ ਤੇਰੇ ਨਾਲ ਕਿਸ ਨੇ ਜਾਣਾ ਹੈ? ਭਾਵ ਉਸ ਵੇਲੇ ਪ੍ਰਭੂ ਦੇ ਨਾਮ ਤੋਂ ਬਿਨਾਂ ਤੇਰੇ ਨਾਲ ਕਿਸੇ ਨੇ ਵੀ ਨਹੀਂ ਜਾਣਾ। ਤੈਨੂੰ ਅਨੇਕ ਪ੍ਰਕਾਰ ਨਾਲ ਇਸ ਕਲਿਯੁੱਗ ਵਿਚ ਜੀਵਨ ਸਫ਼ਲ ਕਰਨ ਲਈ ਅਨੇਕਾਂ ਪ੍ਰਕਾਰ ਨਾਲ ਸਮਝਾ ਦਿੱਤਾ ਭਾਵੇਂ

ਹੁਣ ਤੂੰ ਪ੍ਰਭੂ ਦਾ ਨਾਮ ਜਪ ਕੇ ਇਹ ਸੰਸਾਰ ਦੀ ਬਾਜੀ ਜਿੱਤ ਲੈ ਭਾਵੇਂ ਪ੍ਰਭੂ ਦੇ ਨਾਮ ਨੂੰ ਭੁਲਾ ਕੇ ਹਾਰ ਲੈ ਇਹ ਹੁਣ ਤੇਰੇ ਆਪਣੇ ਵੱਸ ਵਿਚ ਹੈ।

**ਯਹ ਮਾਯਾ ਸਬ ਥੋਥਰੀ ਰੇ ਭਗਤਿ ਕੋ ਪ੍ਰਤਿਪਾਰਿ॥**
**ਕਹਿ ਰਵਿਦਾਸ ਸਤਿ ਬਚਨ ਗੁਰ ਕੈ ਸੋ ਨ ਜੀਅ ਤੈ ਬਿਸਾਰਿ॥੩॥**

ਹੇ ਭਾਈ! ਪ੍ਰਭੂ ਦੇ ਨਾਮ ਸਾਹਮਣੇ ਇਹ ਸੰਸਾਰ ਦੀ ਮਾਇਆ ਝੂਠੀ ਹੈ, ਇਸ ਲਈ ਭਾਈ ਤੂੰ ਪ੍ਰਭੂ ਦੀ ਪ੍ਰੇਮਾ-ਭਗਤੀ ਨੂੰ ਆਪਣੇ ਹਿਰਦੇ ਵਿਚ ਵਸਾ ਲੈ। ਗੁਰੂ ਰਵਿਦਾਸ ਜੀ ਕਥਨ ਕਰਦੇ ਹਨ ਹੇ ਜੀਵ! ਪ੍ਰਭੂ ਨੂੰ ਮਿਲਾਉਣ ਵਾਲੇ ਗੁਰੂ ਦੇ ਵਚਨਾਂ ਨੂੰ ਆਪਣੇ ਅੰਦਰੋਂ ਨਾ ਭੁਲਾ, ਸਗੋਂ ਉਨ੍ਹਾਂ ਉੱਪਰ ਚਲ ਕੇ ਆਪਣਾ ਜੀਵਨ ਸਫ਼ਲ ਕਰ।

*******

## ਸ਼ਬਦ 108

**ਹੌਂ ਬਨਿਜਾਰੋ ਰਾਮ ਕੋ ਹਰਿ ਜੂ ਕੋ ਟਾਂਡੋ ਲਾਦੋ ਜਾਇ ਰੇ॥**
**ਰਾਮ ਨਾਮ ਧਨ ਪਾਇਓ ਤਾ ਤੇ ਸਹਜ ਕਰੂੰ ਬਿਓਪਾਰ ਰੇ॥ ਟੇਕ॥**
**ਔਘਟ ਘਾਟ ਘਨੋ ਘਨਾ ਰੇ ਨਿਰਗੁਨ ਬੈਲ ਹਮਾਰ ਰੇ॥**
**ਰਾਮਨਾਮ ਹਮ ਲਾਦਿਓ ਤਾਥੈ ਵਿਸ਼ ਲਾਦਿਓ ਸੰਸਾਰ ਰੇ॥੧॥**
**ਅਨਤਹਿੰ ਧਨ ਧਰਿਓ ਰੇ ਅਨਤਹਿੰ ਢੂੰਢਨ ਜਾਇ ਰੇ॥**
**ਅਨਤ ਕੋ ਧਰਯੋ ਨ ਪਾਇਯੇ ਤਾਥੈ ਚਾਲਿਓ ਮੂਲ ਗਮਾਈ ਰੇ॥੨॥**
**ਰੈਨ ਗੰਵਾਈ ਸੋਇ ਕਰ ਦਿਵਸ ਗੰਵਾਯੋ ਖਾਇ ਰੇ।**
**ਹੀਰਾ ਯਹ ਤਨ ਪਾਇ ਕਰਿ ਕੌੜੀ ਬਦਲੇ ਜਾਇ ਰੇ॥੩॥**
**ਸਾਧੁ ਸੰਗਤਿ ਪੂੰਜੀ ਭਈ ਰੇ ਬਸੁਤ ਲਈ ਨਿਰਮੋਲ ਰੇ॥**
**ਸਹਜੈ ਬਲਦਿਯਾ ਲਾਦਿ ਕਰਿ ਚਹੁੰ ਦਿਸਿ ਟਾਂਡੋ ਮੇਲਿ ਰੇ॥੪॥**
**ਜੈਸਾ ਰੰਗ ਕੁਸੰਭ ਕਾ ਤੈਸਾ ਯਹੁ ਸੰਸਾਰ ਰੇ॥**
**ਰਮਈਆ ਰੰਗ ਮਜੀਠ ਕਾ ਭਣੈ ਰਵਿਦਾਸ ਬਿਚਾਰ ਰੇ॥੫॥**

ਜਗਤ ਗੁਰੂ ਰਵਿਦਾਸ ਮਹਾਰਾਜ ਜੀ ਸਮੁੱਚੀ ਮਾਨਵਤਾ ਨੂੰ ਉਪਦੇਸ਼ ਦਿੰਦੇ ਹਨ ਕਿ ਪ੍ਰਭੂ ਦੀ ਪ੍ਰਾਪਤੀ ਦਾ ਰਸਤਾ ਅਗਿਆਨਤਾ ਅਤੇ ਸੰਸਾਰੀ ਝੂਠੇ ਬੰਧਨਾਂ ਕਾਰਨ ਬਿਖੇੜਾ ਹੈ ਅਤੇ ਔਖਾ ਹੈ। ਜੀਵ ਦਾ ਮਨ-ਰੂਪੀ ਬੈਲ ਉਸ ਅਕਾਲ ਪੁਰਖ ਦੀ ਕ੍ਰਿਪਾ ਨਾਲ ਇਹ ਔਖੀ ਮੰਜ਼ਿਲ ਤੈਅ ਕਰਕੇ ਪ੍ਰਭੂ ਦੇ ਮਜੀਠੀ ਰੰਗ ਵਿਚ ਰੰਗ ਹੋ ਕੇ ਆਪਣਾ ਜੀਵਨ ਸਫਲ ਕਰ ਸਕਦਾ ਹੈ।

**ਹੌਂ ਬਨਿਜਾਰੋ ਰਾਮ ਕੋ ਹਰਿ ਜੂ ਕੋ ਟਾਂਡੋ ਲਾਦੋ ਜਾਇ ਰੇ॥**
**ਰਾਮ ਨਾਮ ਧਨ ਪਾਇਓ ਤਾ ਤੇ ਸਹਜ ਕਰੂੰ ਬਿਓਪਾਰ ਰੇ॥ ਟੇਕ॥**



ਜੇਕਰ ਰਾਮ ਨਾਮ ਦਾ ਵਣਜ ਕਰਨ ਵਾਲਾ ਕੋਈ ਵਪਾਰੀ ਹੈ ਤਾਂ ਮੇਰੇ ਪਾਸ ਆ ਕੇ ਪ੍ਰਭੂ ਦੇ ਰਾਮ-ਨਾਮ ਦਾ ਵਪਾਰ ਕਰ ਲਵੇ। ਮੇਰਾ ਟਾਂਡਾ ਹਰਿ ਦੇ ਨਾਮ ਨਾਲ ਲੱਦਿਆ ਹੋਇਆ ਹੈ। ਮੈਂ ਸੰਸਾਰ ਵਿਚ ਤੁਰੀਆ ਅਵਸਥਾ ਦਾ ਵਪਾਰ ਕਰਦਾ ਹਾਂ ਜੋ ਕਿ ਸੰਸਾਰ ਵਿਚ ਭੇਦ-ਭਾਵ ਤੋਂ ਉਪਰ ਉਠ ਕੇ ਨੌਆਂ ਦੁਆਰਿਆਂ ਤੋਂ ਉੱਤੇ ਦਸਵੇਂ ਦੁਆਰੇ ਪਹੁੰਚ ਕੇ ਪ੍ਰਾਪਤ ਹੁੰਦੀ ਹੈ।

**ਔਘਟ ਘਾਟ ਘਨੋ ਘਨਾ ਰੇ ਨਿਰਗੁਨ ਬੈਲ ਹਮਾਰ ਰੇ॥**
**ਰਾਮਨਾਮ ਹਮ ਲਾਦਿਓ ਤਾਥੈ ਵਿਸ਼ ਲਾਦਿਓ ਸੰਸਾਰ ਰੇ॥੧॥**

ਜਿਵੇਂ ਇਕ ਗੁਣ-ਹੀਣ ਬੈਲ ਲਈ ਪਹਾੜੀ ਦਾ ਬਿਖੜਾ ਅਤੇ ਸੰਘਣਾ ਰਸਤਾ ਤੈਅ ਕਰਕੇ ਆਪਣੀ ਮੰਜ਼ਿਲ ਦੀ ਪ੍ਰਾਪਤੀ ਕਰਨਾ ਔਖਾ ਹੈ। ਇਸੇ ਤਰ੍ਹਾਂ ਸੰਸਾਰੀ ਜੀਵ ਲਈ ਦੁਰਲੱਭ ਮਨੁੱਖਾ ਜਨਮ ਪ੍ਰਾਪਤ ਕਰਕੇ ਪ੍ਰਭੂ ਦੀ ਪ੍ਰਾਪਤੀ ਦਾ ਰਸਤਾ ਅਗਿਆਨਤਾ ਅਤੇ ਸੰਸਾਰੀ ਝੂਠੇ ਬੰਧਨਾਂ ਕਾਰਨ ਬਹੁਤ ਖਤਰਨਾਕ, ਪਹਾੜੀ ਵਾਂਗ ਕਠਿਨ ਅਤੇ ਜੰਗਲ ਵਾਂਗ ਘਣਾ ਹੈ। ਇਸ ਰਸਤੇ ਤੋਂ ਲੰਘਣ ਵਾਲੇ ਜੀਵ ਦਾ ਮਨ-ਰੂਪੀ ਬੈਲ ਬਹੁਤ ਕਮਜ਼ੋਰ ਹੈ। ਮੈਂ ਇਸ ਸਰੀਰ ਰੂਪੀ ਬੈਲ 'ਤੇ ਪ੍ਰਭੂ ਦੇ ਨਾਮ ਦਾ ਧਨ ਲੱਦਿਆ ਹੋਇਆ ਹੈ ਪਰ ਸੰਸਾਰੀ ਲੋਕਾਂ ਨੇ ਵਿਕਾਰਾਂ ਰੂਪੀ ਜ਼ਹਿਰ ਲੱਦੀ ਹੈ।

**ਅਨਤਹਿੰ ਧਨ ਧਰਿਓ ਰੇ ਅਨਤਹਿੰ ਢੂੰਢਨ ਜਾਇ ਰੇ॥**
**ਅਨਤ ਕੋ ਧਰਯੋ ਨ ਪਾਇਯੇ ਤਾਥੈ ਚਾਲਿਓ ਮੂਲ ਗਮਾਈ ਰੇ॥੨॥**

ਪ੍ਰਭੂ ਦਾ ਬੇਅੰਤ ਧਨ ਪ੍ਰਾਪਤ ਕਰਨ ਲਈ ਪ੍ਰਭੂ ਨੂੰ ਅੰਦਰੋਂ ਲੱਭਿਆ ਜਾਂਦਾ ਹੈ। ਪਰ ਜੇਕਰ ਜੀਵ ਪ੍ਰਭੂ ਨੂੰ ਪ੍ਰਾਪਤ ਨਹੀਂ ਕਰਦਾ ਤਾਂ ਆਪਣਾ ਮੂਲ ਗਵਾ ਲੈਂਦਾ ਹੈ।

**ਰੈਨ ਗੰਵਾਈ ਸੋਇ ਕਰ ਦਿਵਸ ਗੰਵਾਯੋ ਖਾਇ ਰੇ।**
**ਹੀਰਾ ਯਹ ਤਨ ਪਾਇ ਕਰਿ ਕੌੜੀ ਬਦਲੇ ਜਾਇ ਰੇ॥੩॥**

ਪ੍ਰਭੂ ਨੂੰ ਭੁੱਲ ਕੇ ਇਹ ਜੀਵ ਰਾਤ ਸੌਂ ਕੇ ਅਤੇ ਦਿਨ ਖਾ ਕੇ ਬੇਅਰਥ ਬਤੀਤ ਕਰ ਲੈਂਦਾ ਹੈ ਇਸ ਪ੍ਰਕਾਰ ਹੀਰੇ ਵਰਗਾ ਦੁਰਲਭ ਤਨ ਕੌਡੀ ਬਦਲੇ ਗਵਾ ਲੈਂਦਾ ਹੈ।

**ਸਾਧੁ ਸੰਗਤਿ ਪੂੰਜੀ ਭਈ ਰੇ ਬਸੁਤ ਲਈ ਨਿਰਮੋਲ ਰੇ॥**
**ਸਹਜੈ ਬਲਦਿਯਾ ਲਾਦਿ ਕਰਿ ਚਹੁੰ ਦਿਸਿ ਟਾਂਡੋ ਮੇਲਿ ਰੇ॥੪॥**

ਸੰਤਾਂ ਦੀ ਸੰਗਤ ਵਿਚ ਹੀ ਪ੍ਰਭੂ ਦੇ ਨਾਮ ਦੀ ਪੂੰਜੀ ਹੈ ਅਤੇ ਉਹ ਨਿਰਮੋਲ ਪ੍ਰਭੂ ਦੇ ਨਾਮ ਰੂਪੀ ਵਸਤੂ ਸੰਤਾਂ ਪਾਸੋਂ ਹੀ ਪ੍ਰਾਪਤ ਹੁੰਦੀ ਹੈ।

ਆਪਣੇ ਸਰੀਰ ਰੂਪੀ ਬੈਲ 'ਤੇ ਪ੍ਰਭੂ ਦਾ ਨਾਮ ਰੂਪੀ ਧਨ ਲੱਦ ਕੇ ਚਾਰੇ ਪਾਸੇ ਭਾਵ ਹਰ ਪਾਸੇ ਜੀਵ ਪ੍ਰਭੂ ਦੇ ਨਾਮ ਦੇ ਧਨ ਦਾ ਵਪਾਰ ਕਰਦਾ ਹੈ।

**ਉਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ ਆਲ ਪਤਾਲੁ॥**
**ਮੋਹਿ ਜਮ ਡੰਡੁ ਨ ਲਾਗਈ ਤਜੀਲੇ ਸਰਬ ਜੰਜਾਲ॥੩॥**

ਇਸ ਲਈ ਲੋਕ-ਪ੍ਰਲੋਕ ਤੇ ਮਨੁੱਖ ਜਨਮ ਦੇ ਲੇਖੇ ਦਾ ਹਿਸਾਬ-ਕਿਤਾਬ ਰੱਖਣ ਵਾਲੇ ਚਿੱਤਰਗੁਪਤ ਮੇਰੇ ਲੇਖੇ ਵਿਚ ਜੋ ਮਰਜ਼ੀ ਅਲ-ਪਲ ਲਿਖ ਲਵੋ ਮੈਨੂੰ ਜਮਦੂਤਾਂ ਦਾ ਦੰਡ ਲੱਗ ਹੀ ਨਹੀਂ ਸਕਦਾ, ਕਿਉਂਕਿ ਮੈਂ ਸੰਸਾਰ ਦੇ ਸਾਰੇ ਜੰਜਾਲਾਂ ਨੂੰ ਤਿਆਗ ਦਿੱਤਾ ਹੈ।

**ਜੈਸਾ ਰੰਗ ਕੁਸੰਭ ਕਾ ਤੈਸਾ ਯਹੁ ਸੰਸਾਰ ਰੇ॥**
**ਰਮਈਆ ਰੰਗ ਮਜੀਠ ਕਾ ਭਣੈ ਰਵਿਦਾਸ ਬਿਚਾਰ ਰੇ॥੫॥**

ਜਿਸ ਪ੍ਰਕਾਰ ਕਸੁੰਭ ਦਾ ਰੰਗ ਕੱਚਾ ਤੇ ਅਸਥਿਰ ਹੈ, ਉਸੇ ਤਰ੍ਹਾਂ ਇਹ ਸੰਸਾਰ ਵੀ ਅਸਥਿਰ ਤੇ ਨਾਸ਼ਵਾਨ ਹੈ। ਅੱਗੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਫੁਰਮਾਉਂਦੇ ਹਨ ਕਿ ਮੇਰੇ ਪ੍ਰਭੂ ਦਾ ਰੰਗ ਮਜੀਠ ਵਾਂਗ ਪੱਕਾ, ਸਥਿਰ ਤੇ ਸਦੀਵੀ ਹੈ, ਇਹ ਮੈਂ ਵਿਚਾਰ ਕੇ ਕਹਿੰਦਾ ਹਾਂ।

******

# ਰਾਗ ਕੇਦਾਰਾ

## ਸ਼ਬਦ 109

**ਪ੍ਰੀਤਿ ਸੁਧਾਮਨਿ ਆਵ।**
**ਤੇਜ ਸਰੂਪੀ ਸਕਲ ਸਿਰੋਮਨਿ ਅਲਖ ਨਿਰੰਜਨ ਰਾਵ॥ ਟੇਕ॥**
**ਪੀਵ ਸੰਗ ਪ੍ਰੇਮ ਕਬਹੁੰ ਨਹਿ ਪਾਯੋ ਕਰਨੀ ਕਵਨ ਬਿਸਾਰੀ।**
**ਚਕ ਕੋ ਧਿਆਨ ਦਧਿ ਸੁਤ ਸੌਂ ਹੋਤ ਹੈ ਯੌਂ ਤੁਮ ਤੈ ਮੈਂ ਨਿਆਰੀ॥੧॥**
**ਭੋਰ ਭਯੌ ਮੋਹਿੰ ਇਕ ਟਕ ਜੋਵਤ ਤਲਫਲ ਰਜਨੀ ਜਾਈ।**
**ਪੀਵ ਬਿਨ ਸੇਜਇ ਕਾ ਸੁਖ ਸੋਉਂ ਬਿਰਹ ਬਿਥਾ ਤਨ ਖਾਈ॥੨॥**
**ਮੇਟਿ ਦੁਹਾਗ ਸੁਹਾਗਿਨ ਕੀਜੈ ਅਪਨੇ ਅੰਗ ਲਗਾਈ।**
**ਕਹੈ ਰਵਿਦਾਸ ਪ੍ਰਭੂ ਤੁਮਰੂੇ ਬਿਛੋਹੇ ਏਕ ਪਲਕ ਜੁਗ ਜਾਈ॥੩॥**

ਜਗਤ ਗੁਰੂ ਰਵਿਦਾਸ ਮਹਾਰਾਜ ਜੀ ਜੀਵਾਂ ਨੂੰ ਪਤੀ ਪਰਮਾਤਮਾ ਨਾਲ ਸੱਚੀ ਪ੍ਰੀਤ ਕਰਕੇ ਸੱਚੀਆਂ ਸੁਹਾਗਣਾਂ ਬਣ ਕੇ ਪ੍ਰਭੂ ਨਾਲ ਇਕ-ਮਿੱਕ ਹੋ ਕੇ ਅਮੋਲਕ ਜੀਵਨ ਸਫਲ ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ।

**ਪ੍ਰੀਤਿ ਸੁਧਾਮਨਿ ਆਵ।**
**ਤੇਜ ਸਰੂਪੀ ਸਕਲ ਸਿਰੋਮਨਿ ਅਲਖ ਨਿਰੰਜਨ ਰਾਵ॥ਟੇਕ॥**



ਹੇ ਜੀਵ! ਤੂੰ ਉਸ ਪ੍ਰਭੂ ਨਾਲ ਸੱਚੀ ਪ੍ਰੀਤੀ ਕਰਕੇ ਆਪਣਾ ਜੀਵਨ ਸੁਧਾਰ ਜੋ ਪ੍ਰਭੂ ਸਰਵਸ਼ਕਤੀਮਾਨ, ਸਰਵ ਸ਼੍ਰੇਸ਼ਟ, ਕਲਾ ਰਹਿਤ ਅਤੇ ਨਿਰਲੇਪ ਹੈ।

**ਪੀਵ ਸੰਗ ਪ੍ਰੇਮ ਕਬਹੁੰ ਨਹਿ ਪਾਯੋ ਕਰਨੀ ਕਵਨ ਬਿਸਾਰੀ।**
**ਚਕ ਕੋ ਧਿਆਨ ਦਧਿ ਸੁਤ ਸੌਂ ਹੋਤ ਹੈ ਯੌਂ ਤੁਮ ਤੈ ਮੈਂ ਨਿਆਰੀ॥੧॥**

ਜਦੋਂ ਪ੍ਰਭੂ ਪ੍ਰੀਤਮ ਪਿਆਰੇ ਨਾਲ ਜੀਵ ਰੂਪੀ ਇਸਤਰੀ ਨੇ ਸੱਚੀ ਪ੍ਰੀਤੀ ਨਹੀਂ ਕੀਤੀ ਅਤੇ ਇਸਨੇ ਆਪਣਾ ਅਮੋਲਕ ਜਨਮ, ਪ੍ਰਭੂ ਨੂੰ ਭੁਲਾ ਕੇ ਵਿਅਰਥ ਹੀ ਗਵਾ ਲਿਆ। ਪਰ ਜਿਵੇਂ ਚਕਵੀ ਦੀ ਪ੍ਰੀਤੀ ਚੰਦਰਮਾ ਨਾਲ ਹੈ ਇਸੇ ਤਰ੍ਹਾਂ ਅਨੋਖੀ ਪ੍ਰੀਤੀ ਜੀਵ ਦੀ ਪ੍ਰਭੂ ਨਾਲ ਹੋਣੀ ਚਾਹੀਦੀ ਹੈ।

**ਭੋਰ ਭਯੌ ਮੋਹਿੰ ਇਕ ਟਕ ਜੋਵਤ ਤਲਫਲ ਰਜਨੀ ਜਾਈ।**
**ਪੀਵ ਬਿਨ ਸੇਜਇ ਕਾ ਸੁਖ ਸੋਉਂ ਬਿਰਹ ਬਿਥਾ ਤਨ ਖਾਈ॥੨॥**

ਜੀਵ ਰੂਪੀ ਇਸਤਰੀ ਨੂੰ ਸੰਸਾਰ ਵਿਚ ਜੀਵਨ ਰੂਪੀ ਰਾਤ ਪ੍ਰਭੂ ਦੇ ਮਿਲਣ ਲਈ ਤੜਫਦੀ ਹੋਈ ਨੂੰ ਬਤੀਤ ਹੋ ਰਹੀ ਹੈ। ਪਰ ਇਸਨੂੰ ਅਜੇ ਤੱਕ ਪ੍ਰਭੂ ਦਾ ਮਿਲਾਪ ਨਹੀਂ ਹੋਇਆ। ਪ੍ਰਭੂ ਦੇ ਮਿਲਾਪ ਤੋਂ ਬਿਨਾਂ ਜੀਵ ਰੂਪੀ ਇਸਤਰੀ ਸੇਜ ਉਤੇ ਕਿਵੇਂ ਸੁਖ ਦੀ ਨੀਂਦ ਸੌਂ ਸਕਦੀ ਹੈ? ਬਿਰਹਾ ਦੀ ਪੀੜ ਇਸ ਨੂੰ ਖਾਈ ਜਾਂਦੀ ਹੈ।

**ਮੇਟਿ ਦੁਹਾਗ ਸੁਹਾਗਿਨ ਕੀਜੈ ਅਪਨੇ ਅੰਗ ਲਗਾਈ।**
**ਕਹੈ ਰਵਿਦਾਸ ਪ੍ਰਭੂ ਤੁਮਰੂੇ ਬਿਛੋਹੇ ਏਕ ਪਲਕ ਜੁਗ ਜਾਈ॥੩॥**

ਹੇ ਪ੍ਰਭੂ ਜੀ, ਆਪ ਤੋਂ ਵਿਛੜੀ ਹੋਈ ਦੁਹਾਗਣ ਜੀਵ ਰੂਪੀ ਇਸਤਰੀ ਨੂੰ ਆਪਣੇ ਦਰਸ਼ਨ ਦੇ ਕੇ ਆਪਣੇ ਗਲ ਨਾਲ ਲਾ ਕੇ ਸੁਹਾਗਣ ਬਣਾ ਲਉ। ਸ੍ਰੀ ਗੁਰੂ ਰਵਿਦਾਸ ਜੀ ਕਥਨ ਕਰਦੇ ਹਨ, ਹੇ ਸੰਸਾਰ ਦੇ ਮਾਲਕ ! ਇਹ ਜੀਵ ਰੂਪੀ ਇਸਤਰੀ ਆਪ ਜੀ ਦੇ ਵਿਯੋਗ ਵਿਚ ਕਿਵੇਂ ਜੀਵੇ? ਕਿਉਂਕਿ ਇਕ ਪਲਕ ਮਾਤਰ ਵੀ ਜੀਵ ਰੂਪੀ ਇਸਤਰੀ ਆਪ ਤੋਂ ਵਿਛੜ ਕੇ ਯੁੱਗਾਂ ਦਾ ਵਿਛੋੜਾ ਮਹਿਸੂਸ ਕਰਦੀ ਹੈ। ਭਾਵ ਬਹੁਤ ਦੁੱਖ ਮਹਿਸੂਸ ਕਰਦੀ ਹੈ।

*******

# ਰਾਗ ਜੈਸ੍ਰੀ

## ਸ਼ਬਦ 110

**ਸਬ ਕੁਛ ਕਰਤ ਨ ਕਹੌਂ ਕੁਛ ਕੈਸੇ।**
**ਗੁਨ ਨਿਧਿ ਬਹੁਤ ਰਹਤ ਸਮ ਜੈਸੇ॥ ਟੇਕ॥**
**ਦਰਪਨ ਗਗਨ ਅਨੀਲ ਅਲੇਪ ਜਸ।**
**ਗੰਗ ਜਲਧਿ ਪ੍ਰਤਿਬਿੰਬ ਦੇਖਿ ਤਸ॥੧॥**
**ਸਬ ਆਰੰਭ ਅਕਾਮ ਅਨੇਹਾ।**

ਬਿਧੀ ਨਿਖੇਧ ਕਿਯੋ ਅਨੇਕੇਹਾ॥ ੨॥
ਇਹੇ ਪਦ ਕਹਤ ਸੁਨਤ ਨਹੀਂ ਆਵੈ॥
ਕਹੈ ਰਵਿਦਾਸ ਸੁਕ੍ਰਿਤਿ ਕੈ ਪਾਵੈ॥੩॥

ਜਗਤ ਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਨਾਮ ਜੱਪਣ ਦਾ ਪਾਵਨ ਉਪਦੇਸ਼ ਦਿੰਦੇ ਹਨ।

ਸਬ ਕੁਛ ਕਰਤ ਨ ਕਹੌਂ ਕੁਛ ਕੈਸੇ।
ਗੁਨ ਨਿਧਿ ਬਹੁਤ ਰਹਤ ਸਮ ਜੈਸੇ॥ ਟੇਕ॥

ਹੇ ਪ੍ਰਭੂ ਜੀ, ਆਪ ਸੰਸਾਰ ਵਿਚ ਸਭ ਕੁਝ ਕਰਨ ਵਾਲੇ ਹੋ, ਮੈਂ ਆਪ ਦੀ ਮਹਿਮਾ ਕੁਝ ਨਹੀਂ ਕਹਿ ਸਕਦਾ। ਜਿਵੇਂ ਚੰਦਰਮਾ ਵਿਚ ਅਨੇਕਾਂ ਗੁਣ ਹੋਣ ਕਾਰਨ ਵੀ ਉਹ ਹਮੇਸ਼ਾਂ ਸੀਤਲ ਅਤੇ ਸੰਸਾਰ ਤੋਂ ਨਿਰਲੇਪ ਰਹਿੰਦਾ ਹੈ। ਇਸੇ ਪ੍ਰਕਾਰ ਪ੍ਰਭੂ ਜੀ ਆਪ ਸਾਰੇ ਸੰਸਾਰ ਵਿਚ ਵਿਆਪਕ ਹੋ ਕੇ ਸਾਰੇ ਸੰਸਾਰ ਨੂੰ ਚਲਾਉਂਦੇ ਹੋਏ ਵੀ ਸੰਸਾਰ ਤੋਂ ਨਿਰਲੇਪ ਰਹਿੰਦੇ ਹੋ।

ਦਰਪਨ ਗਗਨ ਅਨੀਲ ਅਲੇਪ ਜਸ।
ਗੰਗ ਜਲਧਿ ਪ੍ਰਤਿਬਿੰਬ ਦੇਖਿ ਤਸ॥੧॥

ਜਿਵੇਂ ਦਰਪਣ, ਅਕਾਸ਼, ਹਵਾ, ਪਾਣੀ ਨਿਰਲੇਪ ਹਨ ਭਾਵ ਸ਼ੀਸ਼ੇ ਵਿਚ ਜੀਵ ਜਿਹੋ ਜਿਹਾ ਦੇਖਦਾ ਹੈ ਉਹੋ ਜਿਹਾ ਨਜ਼ਰ ਆਉਂਦਾ ਹੈ। ਅਕਾਸ਼ ਥੱਲੇ ਸਭ ਜੀਵ ਰਹਿੰਦੇ ਹਨ—ਅਕਾਸ਼ ਕਿਸੇ ਨਾਲ ਭੇਦ-ਭਾਵ ਨਹੀਂ ਕਰਦਾ। ਹਵਾ ਸਭ ਜੀਵਾਂ ਨੂੰ ਇਕ ਸਮਾਨ ਲੱਗਦੀ ਹੈ, ਇਸੇ ਪ੍ਰਕਾਰ ਪ੍ਰਭੂ ਸਭ ਜੀਵਾਂ ਵਿਚ ਵਸਦਾ ਹੈ ਉਸਦਾ ਨਾਮ ਜੱਪਣ ਦਾ ਸਭ ਜੀਵਾਂ ਨੂੰ ਬਰਾਬਰ ਅਧਿਕਾਰ ਹੈ। ਜਿਵੇਂ ਗੰਗਾ ਦੇ ਜਲ ਵਿਚ ਜਿਹੋ-ਜਿਹੀ ਪਰਛਾਈ ਹੋਵੇ ਉਹੋ ਜਿਹੀ ਨਜ਼ਰ ਆਉਂਦੀ ਹੈ। ਇਸੇ ਪ੍ਰਕਾਰ ਸ਼ਰਧਾ ਭਾਵਨਾਵਾਂ ਵਾਲੇ ਜੀਵਾਂ ਨੂੰ ਉਹ ਪ੍ਰਭੂ ਸਰਵ-ਵਿਆਪਕ ਪ੍ਰਤੀਤ ਹੁੰਦਾ ਹੈ।

ਸਬ ਆਰੰਭ ਅਕਾਮ ਅਨੇਹਾ।
ਬਿਧੀ ਨਿਖੇਧ ਕਿਯੋ ਅਨੇਕੇਹਾ॥ ੨॥

ਪ੍ਰਭੂ ਸੰਸਾਰ ਦਾ ਆਰੰਭ-ਕਰਤਾ ਇੱਛਾ ਅਤੇ ਮੋਹ-ਰਹਿਤ ਹੈ ਅਤੇ ਉਹ ਅਨੇਕਾਂ ਵਿਧੀਆਂ ਦੁਆਰਾ ਅਲੱਗ-ਅਲੱਗ ਰੂਪਾਂ 'ਚ ਬਿਆਨ ਕੀਤਾ ਜਾਂਦਾ ਹੈ, ਪਰ ਉਹ ਪ੍ਰਭੂ ਹੀ ਅੰਤ ਵਿਚ ਵਾਸਤਵਿਕ ਸੱਚਾਈ ਹੈ।

ਇਹੇ ਪਦ ਕਹਤ ਸੁਨਤ ਨਹੀਂ ਆਵੈ॥
ਕਹੈ ਰਵਿਦਾਸ ਸੁਕ੍ਰਿਤਿ ਕੈ ਪਾਵੈ॥੩॥

ਪ੍ਰਭੂ ਦੀ ਮੁਕਤੀ ਦੀ ਅਵਸਥਾ ਉਸਦੀ ਕਿਰਪਾ ਨਾਲ ਹੀ ਪ੍ਰਾਪਤ ਕੀਤੀ ਜਾਂਦੀ ਹੈ। ਜਗਤਗੁਰੂ ਰਵਿਦਾਸ ਜੀ ਕਥਨ ਕਰਦੇ ਹਨ ਕਿ ਜੀਵ ਇਸ ਸੰਸਾਰ ਵਿਚ ਸੁਕ੍ਰਿਤ ਭਾਵ ਪਰਮਾਤਮਾ ਦਾ ਐਸਾ ਸ਼੍ਰੇਸ਼ਟ ਨਾਮ ਜਪਣ ਨਾਲ ਹੀ ਅਜਿਹੇ ਅਡੋਲ-ਪਦ ਨੂੰ ਪ੍ਰਾਪਤ ਕਰਦਾ ਹੈ।

****



# ਰਾਗ ਗਾਉੜੀ

## ਸ਼ਬਦ 111

ਸਾਧੋ! ਕਾ ਸਾਸ਼ਤ੍ਰਨ ਸੁਨਿ ਕੀਨੌ,
ਅਨਪਾਵਨੀ ਭਗਤਿ ਨਹੀਂ ਸਾਧੀ, ਭੂਖੇ ਅੰਨ ਨ ਦੀਨੌ॥ਟੇਕ॥
ਕਾਮ ਨ ਵਿਸਰਿਓ ਡਿਯੰਭ ਨਾ ਤਿਆਗਿਓ,
ਲੋਭ ਨ ਬਿਸਾਰਿਓ ਦੇਵਾ।
ਪਰ ਨਿੰਦਾ ਮੁਖ ਤੈ ਨਹਿੰ ਛਾਡਿ, ਨਿਫਲ ਭਇ ਸਭੁ ਸੇਵਾ॥੧॥
ਬਾਟ ਪਾੜਿ ਘਰ ਮੁਸਿ ਪਰਾਓ, ਉਦਰਿ ਭਰਿਓ ਅਪਰਾਧੀ।
ਹੋਵੈ ਅਪਰਾਧੀ ਕੇਸੋ ਨ ਸਿਮਰਿਓ, ਅਹੁ ਅਵਿਦਿਆ ਸਾਧੀ॥੨॥
ਹਰਿ ਅਰਪਨ ਕਰਿ ਭੋਜ ਨ ਕੀਨੋ, ਕਥਾ ਕੀਰਤ ਨਹੀਂ ਜਾਨੀਂ।
ਰਾਮ ਭਗਤਿ ਬਿਨ ਮੁਕਤਿ ਨ ਪਾਵੈ, ਅਮਰ ਜੀਵ ਗਰਾਬੈ ਪ੍ਰਾਨੀ॥੩॥
ਚਰਨ ਕੰਵਲ ਅਨਰਾਗ ਨ ਉਪਜਿਓ, ਭੂਤ ਦਯਾ ਨਹੀਂ ਪਾਲੀ॥
ਰਵਿਦਾਸ ਪਲੁ ਸਾਧ ਸੰਗਤਿ ਮਿਲਿ, ਪੂਰਨ ਬ੍ਰਹਮ ਸਦਾ ਪ੍ਰਤਿਪਾਲੀ॥੪॥

ਜਗਤ ਗੁਰੂ ਰਵਿਦਾਸ ਮਹਾਰਾਜ ਜੀ ਸਭ ਜੀਵਾਂ ਨੂੰ ਆਡੰਬਰਾਂ ਤੋਂ ਮੁਕਤ ਹੋ ਕੇ ਸੰਤਾਂ ਦੀ ਸੰਗਤ ਕਰਕੇ ਪ੍ਰਭੂ ਨਾਲ ਮਿਲਣ ਦਾ ਪਾਵਨ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ।

ਸਾਧੋ! ਕਾ ਸਾਸ਼ਤ੍ਰਨ ਸੁਨਿ ਕੀਨੌ,
ਅਨਪਾਵਨੀ ਭਗਤਿ ਨਹੀਂ ਸਾਧੀ, ਭੂਖੇ ਅੰਨ ਨ ਦੀਨੌ॥ਟੇਕ॥

ਹੇ ਸੰਤੋ! ਤੁਸੀਂ ਸ਼ਾਸਤਰਾਂ ਨੂੰ ਸੁਣ ਕੇ ਕੀ ਕਰਨਾ ਹੈ? ਪ੍ਰਭੂ ਦੀ ਪ੍ਰੇਮਾ-ਭਗਤੀ ਨਹੀਂ ਕੀਤੀ ਅਤੇ ਭੁੱਖੇ ਨੂੰ ਅੰਨ ਦਾਨ ਨਹੀਂ ਕੀਤਾ।

ਕਾਮ ਨ ਵਿਸਰਿਓ ਡਿਯੰਭ ਨਾ ਤਿਆਗਿਓ,
ਲੋਭ ਨ ਬਿਸਾਰਿਓ ਦੇਵਾ।
ਪਰ ਨਿੰਦਾ ਮੁਖ ਤੈ ਨਹਿੰ ਛਾਡਿ, ਨਿਫਲ ਭਇ ਸਭੁ ਸੇਵਾ॥੧॥

ਕਾਮਨਾਵਾਂ ਨਹੀਂ ਤਿਆਗੀਆਂ, ਆਡੰਬਰ ਨਹੀਂ ਛੱਡੇ ਅਤੇ ਲੋਭ ਦਾ ਤਿਆਗ ਨਹੀਂ ਕੀਤਾ। ਪਰਾਈ ਨਿੰਦਿਆ ਮੁੱਖ ਤੋਂ ਤਿਆਗੀ ਨਹੀਂ। ਇਸ ਲਈ ਸਾਰੀ ਸੇਵਾ ਕੀਤੀ ਨਿਸਫ਼ਲ ਚਲੀ ਗਈ।

ਬਾਟ ਪਾੜਿ ਘਰ ਮੁਸਿ ਪਰਾਓ, ਉਦਰਿ ਭਰਿਓ ਅਪਰਾਧੀ।
ਹੋਵੈ ਅਪਰਾਧੀ ਕੇਸੋ ਨ ਸਿਮਰਿਓ, ਅਹੁ ਅਵਿਦਿਆ ਸਾਧੀ॥੨॥

ਪ੍ਰਭੂ ਨੂੰ ਮਿਲਣ ਦਾ ਰਸਤਾ ਛੱਡ ਕੇ, ਸੰਸਾਰ ਰੂਪੀ ਪਰਾਏ ਘਰ ਵਿਚ ਆ ਕੇ ਖਚਿਤ ਹੋ ਗਿਆ ਅਤੇ ਕੇਵਲ ਪੇਟ ਭਰਨ ਲਈ ਅਪਰਾਧੀ ਬਣ ਗਿਆ! ਹੇ ਭਾਈ, ਅਪਰਾਧੀ ਹੋ ਕੇ ਤੂੰ ਪ੍ਰਭੂ ਦਾ ਸਿਮਰਨ ਨਹੀਂ ਕੀਤਾ ਅਤੇ ਅਗਿਆਨਤਾ ਨੂੰ ਧਾਰਨ ਕਰ ਲਿਆ।

ਹਰਿ ਅਰਪਨ ਕਰਿ ਭੋਜ ਨ ਕੀਨੋ, ਕਥਾ ਕੀਰਤ ਨਹੀਂ ਜਾਨੀਂ।

**ਰਾਮ ਭਗਤਿ ਬਿਨ ਮੁਕਤਿ ਨ ਪਾਵੈ, ਅਮਰ ਜੀਵ ਗਰਾਬੈ ਪ੍ਰਾਨੀ ॥੩ ॥**

ਪ੍ਰਭੂ ਨੂੰ ਆਪਣਾ ਜੀਵਨ ਅਰਪਣ ਨਹੀਂ ਕੀਤਾ ਅਤੇ ਪ੍ਰਭੂ ਦੀ ਵਡਿਆਈ ਨਹੀਂ ਜਾਣੀ। ਪ੍ਰਭੂ ਦੀ ਪ੍ਰੇਮਾ-ਭਗਤੀ ਤੋਂ ਬਿਨਾਂ ਮੁਕਤੀ ਪ੍ਰਾਪਤ ਨਹੀਂ ਹੋਣੀ, ਇਸ ਲਈ ਇਹ ਅਮਰ ਜੀਵ ਪ੍ਰਭੂ ਦੇ ਨਾਮ ਤੋਂ ਬਿਨਾਂ ਜੂਨਾਂ ਵਿਚ ਭਟਕ ਰਿਹਾ ਹੈ।

**ਚਰਨ ਕੰਵਲ ਅਨਰਾਗ ਨ ਉਪਜਿਓ, ਭੂਤ ਦਯਾ ਨਹੀਂ ਪਾਲੀ ॥**
**ਰਵਿਦਾਸ ਪਲੁ ਸਾਧ ਸੰਗਤਿ ਮਿਲਿ, ਪੂਰਨ ਬ੍ਰਹਮ ਸਦਾ ਪ੍ਰਤਿਪਾਲੀ ॥੪ ॥**

ਜੀਵ ਦੇ ਹਿਰਦੇ ਵਿਚ ਪ੍ਰਭੂ ਦੇ ਚਰਨ ਕੰਵਲਾਂ ਦਾ ਵੈਰਾਗ ਉਤਪੰਨ ਨਹੀਂ ਹੋਇਆ ਅਤੇ ਦਇਆ ਧਾਰਨ ਨਹੀਂ ਕੀਤੀ। ਸਤਿਗੁਰੂ ਰਵਿਦਾਸ ਜੀ ਮਹਾਰਾਜ ਬਖ਼ਸ਼ਿਸ਼ ਕਰਦੇ ਹਨ ਕਿ ਜੇਕਰ ਇਹ ਜੀਵ ਪਲ ਭਰ ਵੀ ਸੱਚੇ ਮਨ ਨਾਲ ਸੰਤਾਂ ਦੀ ਸੰਗਤ ਕਰਦਾ ਹੈ ਤਾਂ ਇਸਨੂੰ ਪਾਲਣਹਾਰ ਪ੍ਰਭੂ ਦੀ ਪ੍ਰਾਪਤੀ ਹੋ ਜਾਂਦੀ ਹੈ।

*****

## ਰਾਗ ਧਨਾਸਰੀ

## ਸ਼ਬਦ 112

**ਮੇਰੀ ਪ੍ਰੀਤ ਗੋਪਾਲ ਸੋਂ ਜਨ ਘਟੈ ਹੋ।**
**ਮੈ ਮੋਲ ਮਹਿੰਗੈ ਲਈ ਤਨ ਸਟੈ ਹੋ ॥ ਟੇਕ ॥**
**ਰਿਦੈ ਸੁਮਿਰਨ ਕਰੂੰ ਨੈਨ ਅਵਲੋਕਨੋ**
**ਸ੍ਰਵਨਾ ਹਰਿ ਕਥਾ ਪੂਰਿ ਰਾਖੂੰ।**
**ਮਨ ਮਧੁਕਰ ਕਰੌਂ ਚਰਨਾ ਚਿਤ ਧਰੌਂ ॥**
**ਰਾਮ ਰਸਾਯਿਨ ਰਸਨ ਚਾਖੂੰ ॥੧ ॥**
**ਸਾਧੁ ਸੰਗਤਿ ਬਿਨਾ ਭਾਵ ਨਹਿੰ ਉਪਜੈ**
**ਭਾਵ ਬਿਨ ਭਗਤਿ ਕਿਉ ਹੋਇ ਤੇਰੀ।**
**ਬੰਦਤ ਰਵਿਦਾਸ ਰਾਜ ਰਾਮ ਸੁਨੁ ਬੀਨਤੀ**
**ਗੁਰ ਪ੍ਰਸਾਦ ਕ੍ਰਿਪਾ ਕਰੋ ਨ ਦੇਰੀ ॥੨ ॥**

ਜਗਤ ਗੁਰੂ ਰਵਿਦਾਸ ਜੀ ਮਹਾਰਾਜ ਮਾਨਵਤਾ ਨੂੰ ਪ੍ਰਭੂ ਨਾਲ ਐਸੀ ਆਨੰਦਮਈ ਪ੍ਰੀਤੀ ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ, ਜਿਸ ਪ੍ਰੀਤੀ ਵਿਚ ਜੀਵ (ਚਿਤ, ਅੱਖਾਂ, ਕੰਨਾਂ, ਜੀਹਬਾ ਅਤੇ ਮਨ ਕਰਕੇ) ਪ੍ਰਭੂ ਦੇ ਨਾਮ ਵਿਚ ਰੰਗ ਹੋ ਕੇ ਪਰਮਾਤਮਾ ਵਿਚ ਅਭੇਦ ਹੋ ਜਾਂਦਾ ਹੈ।

**ਮੇਰੀ ਪ੍ਰੀਤ ਗੋਪਾਲ ਸੋਂ ਜਨ ਘਟੈ ਹੋ।**
**ਮੈ ਮੋਲ ਮਹਿੰਗੈ ਲਈ ਤਨ ਸਟੈ ਹੋ ॥ ਟੇਕ ॥**

ਹੇ ਪ੍ਰਭੂ ਜੀ, ਮੇਰੀ ਪ੍ਰੀਤੀ ਆਪ ਨਾਲੋਂ ਕਦੇ ਵੀ ਨਾ ਘਟੇ ਕਿਉਂਕਿ



ਇਹ ਪ੍ਰੀਤੀ, ਮੈਂ ਆਪਣਾ ਜੀਵਨ ਸਮਰਪਿਤ ਕਰਕੇ, ਮਹਿੰਗੇ ਮੁੱਲ ਨਾਲ ਪ੍ਰਾਪਤ ਕੀਤੀ ਹੈ।

**ਰਿਦੈ ਸੁਮਿਰਨ ਕਰੂੰ ਨੈਨ ਅਵਲੋਕਨੋ**
**ਸ੍ਰਵਨਾ ਹਰਿ ਕਥਾ ਪੂਰਿ ਰਾਖੂੰ।**

ਹੇ ਪ੍ਰਭੂ ਜੀ, ਮੈਂ ਹਿਰਦੇ ਵਿਚ ਆਪ ਜੀ ਦਾ ਸਿਮਰਨ ਕਰਦਾ ਹਾਂ, ਅੱਖਾਂ ਨਾਲ ਆਪ ਜੀ ਦੇ ਦਰਸ਼ਨ ਕਰਦਾ ਹਾਂ ਅਤੇ ਕੰਨ ਆਪ ਜੀ ਦੀ ਪਾਵਨ ਕਥਾ ਸ੍ਰਵਣ ਕਰਕੇ ਅਨੰਦ ਵਿਚ ਭਰਪੂਰ ਰੱਖਦਾ ਹਾਂ।

**ਮਨ ਮਧੁਕਰ ਕਰੌਂ ਚਰਨਾ ਚਿਤ ਧਰੌਂ ॥**
**ਰਾਮ ਰਸਾਯਿਨ ਰਸਨ ਚਾਖੂੰ ॥੧ ॥**

ਮੈਂ ਆਪਣੇ ਮਨ ਨੂੰ ਭੌਰਾ ਬਣਾ ਕੇ, ਆਪ ਜੀ ਦੇ ਚਰਨਾਂ ਕਮਲਾਂ ਨੂੰ ਆਪਣੇ ਹਿਰਦੇ ਵਿਚ ਵਸਾਉਂਦਾ ਹਾਂ, ਉਸ ਤੋਂ ਸ੍ਰੇਸ਼ਟ ਰਸ ਪ੍ਰਾਪਤ ਕਰਦਾ ਹਾਂ, ਰਸਨਾ ਨਾਲ ਆਪ ਜੀ ਦਾ ਅੰਮ੍ਰਿਤ ਰਾਮ-ਨਾਮ ਚੱਖਦਾ ਹਾਂ।

**ਸਾਧੁ ਸੰਗਤਿ ਬਿਨਾ ਭਾਵ ਨਹਿੰ ਉਪਜੈ**
**ਭਾਵ ਬਿਨ ਭਗਤਿ ਕਿਉ ਹੋਇ ਤੇਰੀ।**

ਹੇ ਪ੍ਰਭੂ ਜੀ, ਸੰਤਾਂ ਦੀ ਸੰਗਤ ਤੋਂ ਬਿਨਾਂ ਆਪ ਜੀ ਪ੍ਰਤੀ ਪ੍ਰੇਮ ਉਤਪੰਨ ਨਹੀਂ ਹੁੰਦਾ ਅਤੇ ਪ੍ਰੇਮ ਤੋਂ ਬਿਨਾਂ ਆਪ ਜੀ ਦੀ ਭਗਤੀ ਨਹੀਂ ਹੁੰਦੀ।

**ਬੰਦਤ ਰਵਿਦਾਸ ਰਾਜ ਰਾਮ ਸੁਨੁ ਬੀਨਤੀ**
**ਗੁਰ ਪ੍ਰਸਾਦ ਕ੍ਰਿਪਾ ਕਰੋ ਨ ਦੇਰੀ ॥੨ ॥**

ਜਗਤ ਗੁਰੂ ਰਵਿਦਾਸ ਮਹਾਰਾਜ ਜੀ ਪ੍ਰਭੂ ਅੱਗੇ ਇਕ ਅਰਜੋਈ ਕਰਦੇ ਹਨ ਕਿ ਹੇ ਪ੍ਰਭੂ ਜੀ! ਆਪ ਕਿਰਪਾ ਕਰਕੇ ਮੈਨੂੰ ਦਰਸ਼ਨ ਦਿਓ ਜੀ, ਦੇਰੀ ਨਾ ਕਰੋ ਜੀ।

*****

## ਸ਼ਬਦ 113

**ਤ੍ਰਾਹਿ ਤ੍ਰਾਹਿ ਤ੍ਰਿਭੁਵਨਪਤਿ ਪਾਵਨ।**
**ਅਤਿਸ਼ਯ ਸੂਲ ਸਕਲ ਬਲਿ ਜਾਵਨ ॥ ਟੇਕ ॥**
**ਕਾਮ ਕ੍ਰੋਧ ਲੰਪਟ ਮਨ ਮੋਰਾ।**
**ਕੈਸੇ ਭਜਨ ਕਰੂੰ ਮੈਂ ਤੋਰਾ ॥੧ ॥**
**ਬਿਸ਼ਮ ਬਿਸ਼ਾਦ ਬਿਹੰਡਨਕਾਰੀ।**
**ਅਸਰਨ ਸਰਨ ਸਰਨਿ ਭੌਹਾਰੀ ॥੨ ॥**
**ਦੇਵ ਦੇਵ ਦਰਬਾਰ ਦੁਆਰੈ।**
**ਰਾਮ ਰਾਮ ਰਵਿਦਾਸ ਪੁਕਾਰੈ ॥੩ ॥**

ਜਗਤ ਗੁਰੂ ਰਵਿਦਾਸ ਮਹਾਰਾਜ ਜੀਵਾਂ ਨੂੰ ਤਿੰਨਾਂ ਲੋਕਾਂ ਦੇ ਮਾਲਕ ਪ੍ਰਭੂ ਦਾ ਸਿਮਰਨ ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ। ਪ੍ਰਭੂ ਦਾ ਸਿਮਰਨ

ਕਰਨ ਨਾਲ ਜੀਵ ਦੇ ਕਠਿਨ ਕਸ਼ਟਾਂ ਦੀ ਨਿਵਿਰਤੀ ਹੋ ਜਾਂਦੀ ਹੈ।

**ਤ੍ਰਾਹਿ ਤ੍ਰਾਹਿ ਤ੍ਰਿਭੁਵਨਪਤਿ ਪਾਵਨ।**
**ਅਤਿਸ਼ਯ ਸੂਲ ਸਕਲ ਬਲਿ ਜਾਵਨ॥ ਟੇਕ॥**

ਹੇ ਤਿੰਨਾਂ ਲੋਕਾਂ ਦੇ ਮਾਲਕ ਅਤੇ ਜੀਵਾਂ ਨੂੰ ਪਵਿੱਤਰ ਕਰਨ ਵਾਲੇ ਪ੍ਰਭੂ ਜੀ ਆਪ ਮੇਰੀ ਰੱਖਿਆ ਕਰੋ ਤਾਂ ਜੋ ਮੈਂ ਸਵਾਸ ਸਵਾਸ ਆਪ ਦਾ ਸਿਮਰਨ ਕਰਦਾ ਰਹਾਂ। ਹੇ ਪ੍ਰਭੂ ਜੀ ਆਪ ਜੀ ਵੱਡੇ-ਵੱਡੇ ਦੁੱਖਾਂ ਦਾ ਨਾਸ਼ ਕਰਨ ਵਾਲੇ ਹੋ ਜੀ। ਸਭ ਜੀਵ ਆਪ ਤੋਂ ਬਲਿਹਾਰ ਬਲਿਹਾਰ ਜਾਂਦੇ ਹਨ।

**ਕਾਮ ਕ੍ਰੋਧ ਲੰਪਟ ਮਨ ਮੋਰਾ।**
**ਕੈਸੇ ਭਜਨ ਕਰੂੰ ਮੈਂ ਤੋਰਾ॥੧॥**

ਪ੍ਰਭੂ ਨੂੰ ਭੁੱਲੇ ਹੋਏ ਜੀਵ ਦਾ ਮਨ ਕਾਮ-ਕ੍ਰੋਧ ਵਰਗੇ ਵਿਕਾਰਾਂ ਵਿਚ ਲਿਪਤ ਹੋਣ ਕਰਕੇ ਇਹ ਜੀਵ ਆਪ ਦਾ ਭਜਨ ਕਿਸ ਤਰ੍ਹਾਂ ਕਰ ਸਕਦਾ ਹੈ?

**ਬਿਸ਼ਮ ਬਿਸ਼ਾਦ ਬਿਹੰਡਨਕਾਰੀ।**
**ਅਸਰਨ ਸਰਨ ਸਰਨਿ ਭੌਹਾਰੀ॥੨॥**

ਪ੍ਰਭੂ ਜੀ, ਆਪ ਨੂੰ ਭੁੱਲਿਆ ਹੋਇਆ ਜੀਵ ਘੋਰ ਸੰਸਾਰੀ ਦੁੱਖਾਂ ਵਿਚ ਘਿਰਿਆ ਹੋਇਆ ਹੈ। ਪਰ ਜਦੋਂ ਜੀਵ ਆਪ ਦਾ ਆਸਰਾ ਲੈਂਦਾ ਹੈ, ਇਸ ਦੇ ਸਾਰੇ ਹੀ ਸੰਕਟ ਦੂਰ ਹੋ ਜਾਂਦੇ ਹਨ।

**ਦੇਵ ਦੇਵ ਦਰਬਾਰ ਦੁਆਰੈ।**
**ਰਾਮ ਰਾਮ ਰਵਿਦਾਸ ਪੁਕਾਰੈ॥੩॥**

ਦੇਵਾਂ ਦੇ ਦੇਵ ਪ੍ਰਭੂ ਜੀ, ਮੈਂ ਆਪ ਦੇ ਦਰਬਾਰ ਦੇ ਦੁਆਰੇ ਉੱਤੇ ਖੜਾ ਹੋ ਕੇ ਪੁਕਾਰਦਾ ਹਾਂ। ਆਪ ਦਾ ਸਵਾਸ-ਸਵਾਸ ਸਿਮਰਨ ਕਰਦਾ ਹਾਂ, ਆਪ ਮੈਨੂੰ ਦਰਸ਼ਨ ਦਿਉ ਜੀ।

********

## ਸ਼ਬਦ 114

**ਦਰਸ਼ਨ ਦੀਜੈ ਰਾਮ ਦਰਸ਼ਨ ਦੀਜੈ॥**
**ਦਰਸ਼ਨ ਦੀਜੈ ਬਿਲੰਬ ਨ ਕੀਜੈ॥ ਟੇਕ॥**
**ਦਰਸ਼ਨ ਤੋਰਾ ਜੀਵਨ ਮੋਰਾ॥**
**ਬਿਨ ਦਰਸ਼ਨ ਕਿਉਂ ਜਿਵੈ ਚਕੋਰਾ॥੧॥**
**ਮਾਧੋ ਸਤਿਗੁਰ ਸਬ ਜਗ ਚੇਲਾ॥**
**ਅਬ ਕੇ ਬਿਛੁਰੇ ਮਿਲਨ ਦੁਹੇਲਾ॥੨॥**
**ਧਨ ਜੋਵਨ ਕੀ ਝੂਠੀ ਆਸਾ॥**
**ਸਤ ਸਤ ਭਾਖੈ ਜਨ ਰਵਿਦਾਸਾ॥੩॥**

ਇਸ ਪਾਵਨ ਸ਼ਬਦ ਵਿਚ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪ੍ਰਭੂ ਪ੍ਰੇਮੀ ਜੀਵ ਦੇ ਮਨ ਵਿਚ ਹਰ ਸਮੇਂ ਪ੍ਰਭੂ ਦੇ



ਦਰਸ਼ਨਾਂ ਦੀ ਪਿਆਸ ਰਹਿੰਦੀ ਹੈ।

**ਦਰਸ਼ਨ ਦੀਜੈ ਰਾਮ ਦਰਸ਼ਨ ਦੀਜੈ॥**
**ਦਰਸ਼ਨ ਦੀਜੈ ਬਿਲੰਬ ਨ ਕੀਜੈ॥ ਟੇਕ॥**

ਹੇ ਸਰਬ ਵਿਖੇ ਰਮੇ ਹੋਏ ਪ੍ਰਭੂ ਜੀ! ਮੈਨੂੰ ਦਰਸ਼ਨ ਦਿਓ ਜੀ ਦਰਸ਼ਨ ਦਿਓ ਜੀ ਮੈਨੂੰ ਛੇਤੀ ਦਰਸ਼ਨ ਦਿਉ ਜੀ ਦੇਰੀ ਨਾ ਕਰੋ ਜੀ ਕਿਉਂਕਿ ਮੈਂ ਆਪ ਦੇ ਦਰਸ਼ਨ ਤੋਂ ਬਿਨਾਂ ਜੀਅ ਨਹੀਂ ਸਕਦਾ।

**ਦਰਸ਼ਨ ਤੋਰਾ ਜੀਵਨ ਮੋਰਾ॥**
**ਬਿਨ ਦਰਸ਼ਨ ਕਿਉਂ ਜਿਵੈ ਚਕੋਰਾ॥੧॥**

ਹੇ ਪ੍ਰਭੂ ਜੀ! ਆਪ ਦਾ ਦਰਸ਼ਨ ਹੀ ਮੇਰੇ ਜੀਵਨ ਦਾ ਅਧਾਰ ਹੈ, ਜਿਵੇਂ ਚਕੋਰ ਚੰਦਰਮਾ ਦੇ ਦਰਸ਼ਨਾਂ ਤੋਂ ਬਿਨਾਂ ਜੀਅ ਨਹੀਂ ਸਕਦਾ, ਚਕੋਰ ਦੇ ਮਨ ਵਿਚ ਹਰ ਸਮੇਂ ਚੰਦਰਮਾ ਦੇ ਦਰਸ਼ਨ ਕਰਨ ਦੀ ਪਿਆਸ ਰਹਿੰਦੀ ਹੈ ਅਤੇ ਉਹ ਚੰਦਰਮਾ ਦੇ ਦਰਸ਼ਨਾਂ ਦੀ ਆਸ 'ਤੇ ਜਿਉਂਦਾ ਹੈ, ਇਸੇ ਪ੍ਰਕਾਰ ਪ੍ਰਭੂ ਜੀ ਮੈਂ ਆਪ ਦੇ ਦਰਸ਼ਨਾਂ ਤੋਂ ਬਿਨਾਂ ਕਿਵੇਂ ਜੀਅ ਸਕਦਾ ਹਾਂ ? ਭਾਵ ਨਹੀਂ ਜੀਅ ਸਕਦਾ।

**ਮਾਧੋ ਸਤਿਗੁਰ ਸਬ ਜਗ ਚੇਲਾ॥**
**ਅਬ ਕੇ ਬਿਛੁਰੇ ਮਿਲਨ ਦੁਹੇਲਾ॥੨॥**

ਹੇ ਪ੍ਰਭੂ ਜੀ! ਆਪ ਸਾਰੇ ਸੰਸਾਰ ਦੇ ਸਤਿਗੁਰੂ ਹੋ, ਅਗਿਆਨ ਦਾ ਅੰਧਕਾਰ ਦੂਰ ਕਰਨ ਵਾਲੇ ਹੋ ਅਤੇ ਸੰਸਾਰ ਦੇ ਸਾਰੇ ਜੀਵ ਆਪ ਦੇ ਚੇਲੇ ਹਨ। ਪਰ ਜੇਕਰ ਜੀਵ ਅਮੋਲਕ ਮਨੁੱਖ ਜਨਮ ਪ੍ਰਾਪਤ ਕਰਕੇ ਵੀ ਆਪ ਤੋਂ ਵਿਛੜਿਆ ਹੋਇਆ ਰਹਿੰਦਾ ਹੈ ਤਾਂ ਦੋਬਾਰਾ ਜੀਵ ਦਾ ਆਪ ਨਾਲ ਮਿਲਾਪ ਹੋਣਾ ਬਹੁਤ ਕਠਿਨ ਹੈ।

**ਧਨ ਜੋਵਨ ਕੀ ਝੂਠੀ ਆਸਾ॥**
**ਸਤ ਸਤ ਭਾਖੈ ਜਨ ਰਵਿਦਾਸਾ॥੩॥**

ਪ੍ਰਭੂ ਨੂੰ ਭੁੱਲਿਆ ਹੋਇਆ ਜੀਵ ਧਨ ਤੇ ਜਵਾਨੀ ਦੀਆਂ ਝੂਠੀਆਂ ਇੱਛਾਵਾਂ ਵਿਚ ਵਿਅਸਤ ਰਹਿੰਦਾ ਹੈ। ਸਤਿਗੁਰੂ ਰਵਿਦਾਸ ਜੀ ਉਚਾਰਨ ਕਰਦੇ ਹਨ ਕਿ ਮੈਂ ਪ੍ਰਭੂ ਦਾ ਦਾਸ ਸੱਚ ਦਾ ਉਚਾਰਨ ਕਰਦਾ ਹਾਂ ਕਿ ਪ੍ਰਭੂ ਪ੍ਰੇਮੀ ਹਰ ਪਲ ਪ੍ਰਭੂ ਦੇ ਦਰਸ਼ਨਾਂ ਲਈ ਵਿਆਕੁਲ ਰਹਿੰਦਾ ਹੈ।

*****

## ਸ਼ਬਦ 115

**ਜਨ ਕੋ ਤਾਰਿ ਤਾਰਿ ਨਾਥ ਰਮਈਆ।**
**ਕਠਿਨ ਫੰਦ ਪਰਿਓ ਪੰਚ ਜਮਈਆ॥ ਟੇਕ॥**

ਤੁਮ ਬਿਨ ਸਕਲ ਦੇਵ ਮੁਨਿ ਢੂੰਢੂ।
ਕਹੂੰ ਨਾ ਪਾਊ ਜਮ ਪਾਸ ਛੁਡਈਆ ॥੧॥
ਹਮ ਸੇ ਦੀਨ ਦਯਾਲ ਨ ਤੁਮ ਸਰ।
ਚਰਨ ਸਰਨ ਰਵਿਦਾਸ ਚਮਈਆ ॥੨॥

ਇਸ ਪਾਵਨ ਸ਼ਬਦ ਵਿਚ ਜਗਤ ਗੁਰੂ ਰਵਿਦਾਸ ਮਹਾਰਾਜ ਜੀਵਾਂ ਨੂੰ ਪ੍ਰਭੂ ਅੱਗੇ ਸੰਸਾਰ ਰੂਪੀ ਭਵ ਸਾਗਰ 'ਚੋਂ ਪਾਰ ਹੋਣ ਲਈ ਬੇਨਤੀ ਕਰਨ ਦਾ ਉਪਦੇਸ਼ ਦਿੰਦੇ ਹਨ।

ਜਨ ਕੋ ਤਾਰਿ ਤਾਰਿ ਨਾਥ ਰਮਈਆ।
ਕਠਿਨ ਫੰਦ ਪਰਿਓ ਪੰਚ ਜਮਈਆ॥ ਟੇਕ॥

ਹੇ ਸਰਬ-ਵਿਖੇ ਰਮੇ ਹੋਏ ਪਰਮ-ਪਿਤਾ ਪ੍ਰਭੂ ਜੀ! ਆਪਣੇ ਦਾਸ ਨੂੰ ਤਾਰਨਾ ਕਰੋ। ਪ੍ਰਭੂ ਆਪ ਦੇ ਨਾਮ ਤੋਂ ਬਿਨਾਂ ਜੀਵ ਨੂੰ ਬਹੁਤ ਹੀ ਕਠਿਨ ਪੰਜ ਕਾਮ, ਕਰੋਧ, ਲੋਭ, ਮੋਹ ਅਤੇ ਹੰਕਾਰ ਵਿਕਾਰਾਂ ਰੂਪੀ ਜਮਦੂਤਾਂ ਦਾ ਬੰਧਨ ਵਿਆਪ ਰਿਹਾ ਹੈ।

ਤੁਮ ਬਿਨ ਸਕਲ ਦੇਵ ਮੁਨਿ ਢੂੰਢੂ।
ਕਹੂੰ ਨਾ ਪਾਊ ਜਮ ਪਾਸ ਛੁਡਈਆ ॥੧॥

ਪ੍ਰਭੂ ਜੀ ਆਪ ਤੋਂ ਬਿਨਾ ਭਾਵੇਂ ਜੀਵ ਸਾਰੇ ਦੇਵਤਿਆਂ ਦੇ ਗੁਣ ਲੱਭ ਕੇ ਪ੍ਰਾਪਤ ਕਰ ਲਏ ਫਿਰ ਵੀ ਇਹ ਜੀਵ ਨੂੰ ਆਪ ਦੇ ਨਾਮ ਤੋਂ ਬਿਨਾਂ ਕੋਈ ਵੀ ਜਮਦੂਤਾਂ ਪਾਸੋਂ ਛੁਡਾ ਨਹੀਂ ਸਕਦਾ।

ਹਮ ਸੇ ਦੀਨ ਦਯਾਲ ਨ ਤੁਮ ਸਰ।
ਚਰਨ ਸਰਨ ਰਵਿਦਾਸ ਚਮਈਆ ॥੨॥

ਪਰਮਾਤਮਾ ਜੀ ਮੇਰੇ ਵਰਗਾ ਕੋਈ ਗਰੀਬ ਨਹੀਂ ਅਤੇ ਆਪ ਵਰਗਾ ਕੋਈ ਦਿਆਲੂ ਨਹੀਂ। ਗੁਰੂ ਰਵਿਦਾਸ ਜੀ ਕਥਨ ਕਰਦੇ ਹਨ ਮੈਂ 'ਚਮਾਰ' ਆਪਦੇ ਚਰਨ ਕੰਵਲਾਂ ਰੂਪੀ ਸ਼ਰਨ ਵਿਚ ਆ ਗਿਆ ਹਾਂ।

*****

## ਸ਼ਬਦ 116

ਜੋ ਤੁਮ ਗੋਪਾਲਹਿੰ ਨਹਿੰ ਗੈਹੌਂ।
ਤੌ ਤੁਮ ਕੋ ਸੁਖ ਮੇਂ ਦੁਖ ਉਪਜੈ ਸੁਖਹਿ ਕਹਾਂ ਤੇ ਪੈਹੌਂ॥ ਟੇਕ॥
ਮਾਲਾ ਨਾਮ ਸਭੈ ਜਗ ਡਹਕੋ ਝੂਠੌਂ ਭੇਖ ਬਨੈਹੌਂ।
ਝੂਠੇ ਤੇ ਸਾਂਚਿ ਤਬ ਹੋਇਹੌਂ ਹਰਿ ਕੀ ਸਰਨ ਜਬ ਐ ਹੌਂ ॥੧॥
ਕਨ ਰਸ ਬਤ ਰਸ ਔਰ ਸਬੈ ਰਸ ਝੂਠਹਿ ਮੂੜ ਮੰਡੈਹੌਂ।
ਜਬ ਲਗਿ ਤੇਲ ਦਿਯਾ ਮੇਂ ਬਾਤੀ ਦੇਖਤ ਹੀ ਬੁਝਿ ਜੈਹੌਂ ॥੨॥
ਜੋ ਜਨ ਰਾਮ ਨਾਮ ਰੰਗ ਰਾਤੇ ਔਰ ਰੰਗ ਨ ਸੁਹੈਹੌਂ।



ਕਹੈ ਰਵਿਦਾਸ ਭਜੋ ਰੇ ਕ੍ਰਿਪਾ ਨਿਧਿ ਪ੍ਰਾਨ ਗਏ ਪਛਿਤੈਹੌਂ ॥੩॥

ਜਗਤ ਗੁਰੂ ਰਵਿਦਾਸ ਜੀ ਇਸ ਸ਼ਬਦ ਰਾਹੀਂ ਜੀਵਾਂ ਨੂੰ ਪ੍ਰਭੂ ਦੀ ਸ਼ਰਨ ਪ੍ਰਾਪਤ ਕਰਕੇ ਪਰਮ ਅਨੰਦ ਦੀ ਪ੍ਰਾਪਤੀ ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ।

ਜੋ ਤੁਮ ਗੋਪਾਲਹਿੰ ਨਹਿੰ ਗੈਹੌਂ।
ਤੌ ਤੁਮ ਕੋ ਸੁਖ ਮੇਂ ਦੁਖ ਉਪਜੈ ਸੁਖਹਿ ਕਹਾਂ ਤੇ ਪੈਹੌਂ॥ ਟੇਕ॥

ਹੇ ਜੀਵ ਜੇਕਰ ਤੂੰ ਪ੍ਰਭੂ ਦੀ ਸ਼ਰਨ ਗ੍ਰਹਿਣ ਨਹੀਂ ਕਰੇਗਾ ਤਾਂ ਤੈਨੂੰ ਸੰਸਾਰੀ ਸੁੱਖਾਂ ਵਿਚ ਦੁੱਖ ਹੀ ਪ੍ਰਾਪਤ ਹੋਣਗੇ। ਫਿਰ ਤੂੰ ਬ੍ਰਹਮ ਅਨੰਦ ਸੁੱਖ ਕਿਵੇਂ ਪ੍ਰਾਪਤ ਕਰੇਂਗਾ।

ਮਾਲਾ ਨਾਮ ਸਭੈ ਜਗ ਡਹਕੋ ਝੂਠੌਂ ਭੇਖ ਬਨੈਹੌਂ।
ਝੂਠੇ ਤੇ ਸਾਂਚਿ ਤਬ ਹੋਇਹੌਂ ਹਰਿ ਕੀ ਸਰਨ ਜਬ ਐ ਹੌਂ ॥੧॥

ਅਗਿਆਨਤਾ ਕਾਰਨ, ਜੀਵ ਝੂਠੇ ਭਰਮ ਵਿਚ ਭੁੱਲੇ ਹੋਏ ਹਨ ਤੇ ਗਲਾਂ ਵਿਚ ਮਾਲਾ ਪਾ ਕੇ ਪ੍ਰਭੂ ਦੀ ਪ੍ਰਾਪਤੀ ਵਾਸਤੇ ਝੂਠੇ ਭੇਖ ਬਣਾਏ ਹੋਏ ਹਨ। ਜਦੋਂ ਜੀਵ ਪ੍ਰਭੂ ਦੀ ਸ਼ਰਨ ਲੈਂਦਾ ਹੈ ਉਸ ਸਮੇਂ ਝੂਠ ਨੂੰ ਤਿਆਗ ਕੇ ਸੱਚੇ ਪ੍ਰਭੂ ਨਾਲ ਜੁੜ ਜਾਂਦਾ ਹੈ।

ਕਨ ਰਸ ਬਤ ਰਸ ਔਰ ਸਬੈ ਰਸ ਝੂਠਹਿ ਮੂੜ ਮੰਡੈਹੌਂ।
ਜਬ ਲਗਿ ਤੇਲ ਦਿਯਾ ਮੇਂ ਬਾਤੀ ਦੇਖਤ ਹੀ ਬੁਝਿ ਜੈਹੌਂ ॥੨॥

ਪ੍ਰਭੂ ਨੂੰ ਭੁੱਲਿਆ ਹੋਇਆ ਜੀਵ ਕੰਨਾਂ ਦੇ ਰਸ, ਗੱਲਾਂ ਦੇ ਰਸ ਅਤੇ ਹੋਰ ਝੂਠੇ ਰਸਾਂ ਵਿਚ ਲੁਭਾਇਮਾਨ ਹੋਇਆ ਮੂਰਖ ਡੋਲਦਾ ਫਿਰਦਾ ਹੈ। ਜਿਵੇਂ ਜਿੰਨਾ ਚਿਰ ਦੀਵੇ ਵਿਚ ਤੇਲ ਹੁੰਦਾ ਹੈ ਉਨਾਂ ਚਿਰ ਬੱਤੀ ਜਗਦੀ ਹੈ। ਫਿਰ ਤੇਲ ਖਤਮ ਹੋਣ ਨਾਲ ਬੱਤੀ ਬੁਝ ਜਾਂਦੀ ਹੈ। ਇਸੇ ਪ੍ਰਕਾਰ ਜਿੰਨਾ ਚਿਰ ਸਰੀਰ ਵਿਚ ਸੁਆਸ ਹਨ ਜੀਵ ਜੀਵਿਤ ਹੈ। ਸਵਾਸਾਂ ਦੇ ਖਤਮ ਹੋਣ ਨਾਲ ਹੀ ਜੀਵਨ ਖਤਮ ਹੋ ਜਾਂਦਾ ਹੈ।

ਜੋ ਜਨ ਰਾਮ ਨਾਮ ਰੰਗ ਰਾਤੇ ਔਰ ਰੰਗ ਨ ਸੁਹੈਹੌਂ।
ਕਹੈ ਰਵਿਦਾਸ ਭਜੋ ਰੇ ਕ੍ਰਿਪਾ ਨਿਧਿ ਪ੍ਰਾਨ ਗਏ ਪਛਿਤੈਹੌਂ ॥੩॥

ਜੋ ਜੀਵ ਪ੍ਰਭੂ ਦੇ ਨਾਮ ਵਿਚ ਰੰਗੇ ਗਏ ਹਨ ਉਹਨਾਂ ਨੂੰ ਸੰਸਾਰ ਦੇ ਹੋਰ ਰੰਗ ਨਹੀਂ ਭਾਉਂਦੇ। ਗੁਰੂ ਰਵਿਦਾਸ ਜੀ ਕਥਨ ਕਰਦੇ ਹਨ ਕਿ ਹੇ ਕਿਰਪਾ ਦੇ ਖਜ਼ਾਨੇ, ਦਾਸ 'ਤੇ ਕਿਰਪਾ ਕਰੋ ਜੀ। ਆਪ ਜੀ ਤੋਂ ਬਿਨਾਂ ਮੇਰਾ ਜੀਵਨ ਨਿਸਫਲ ਚਲਾ ਜਾਵੇਗਾ ਅਤੇ ਅੰਤ ਪਛਤਾਉਣਾ ਪਵੇਗਾ।

*******

## ਸ਼ਬਦ 117

**ਪ੍ਰਭੂ ਜੀ ਸੰਗਤਿ ਸਰਨ ਤਿਹਾਰੀ।**
**ਜਗ ਜੀਵਨ ਰਾਮ ਮੁਰਾਰੀ।। ਟੇਕ॥**
**ਗਲੀ ਗਲੀ ਕੋ ਜਲ ਬਹਿ ਆਯੋ ਸੁਰਸਰਿ ਜਾਇ ਸਮਾਯੋ।**
**ਸੰਗਤ ਕੈ ਪਰਤਾਪ ਮਹਾਤਮ ਨਾਮ ਗੰਗੋਦਕ ਪਾਯੋ॥੧॥**
**ਸ੍ਵਾਂਤਿ ਬੂੰਦ ਬਰਸੈਂ ਫਨਿ ਊਪਰ ਸੀਸ ਬਿਸ਼ੈ ਬਿਸ਼ ਹੋਇ।**
**ਬਾਹੀ ਬੂੰਦ ਕੈ ਮੋਤੀ ਨਿਪਜੈ ਸੰਗਤਿ ਕੀ ਅਧਕਾਈ॥੨॥**
**ਤੁਮ ਚੰਦਨ ਹਮ ਇਰੰਡ ਬਾਪੁਰੇ ਨਿਕਟ ਤੁਮ੍ਹਾਰੇ ਬਾਸਾ।**
**ਨੀਚ ਬ੍ਰਿਖ ਤੈ ਊਂਚ ਭਏ ਹੈ ਤੁਮਹਾਰੀ ਬਾਸ ਸ਼ੁਬਾਸਾ॥੩॥**
**ਜਾਤਿ ਭੀ ਓਛੀ ਪਾਤ ਭੀ ਓਛਾ ਉੱਛਾ ਕਸਬ ਹਮਾਰਾ।**
**ਤੁਮਹਾਰੀ ਕ੍ਰਿਪਾ ਤੈ ਊਂਚ ਭਏ ਹੈ ਕਹੈ ਰਵਿਦਾਸ ਚਮਾਰਾ॥੪॥**

ਜਗਤ ਗੁਰੂ ਰਵਿਦਾਸ ਜੀ ਮਹਾਰਾਜ ਸਭ ਜੀਵਾਂ ਨੂੰ ਸਤਿਸੰਗਤ ਕਰਨ ਦਾ ਪਾਵਨ ਉਪਦੇਸ਼ ਬਖ਼ਸ਼ਿਸ ਕਰਦੇ ਹਨ ਕਿ ਜੋ ਜੀਵ ਸਤਿਸੰਗਤ ਕਰਦਾ ਹੈ ਉਹ ਸ੍ਰੇਸ਼ਟ ਬਣ ਜਾਂਦਾ ਹੈ।

**ਪ੍ਰਭੂ ਜੀ ਸੰਗਤਿ ਸਰਨ ਤਿਹਾਰੀ।**
**ਜਗ ਜੀਵਨ ਰਾਮ ਮੁਰਾਰੀ।। ਟੇਕ॥**

ਹੇ ਪ੍ਰਭੂ ਜੀ, ਆਪ ਜੀ ਦੇ ਮਿਲਾਪ ਲਈ ਸ੍ਰੇਸ਼ਟ ਸੰਗਤ ਆਪ ਦੀ ਸ਼ਰਨ ਹੈ, ਆਪ ਸਾਰੇ ਸੰਸਾਰ ਨੂੰ ਜੀਵਨ ਬਖ਼ਸ਼ਿਸ਼ ਕਰਨ ਵਾਲੇ ਹੋ।

**ਗਲੀ ਗਲੀ ਕੋ ਜਲ ਬਹਿ ਆਯੋ ਸੁਰਸਰਿ ਜਾਇ ਸਮਾਯੋ।**
**ਸੰਗਤ ਕੈ ਪਰਤਾਪ ਮਹਾਤਮ ਨਾਮ ਗੰਗੋਦਕ ਪਾਯੋ॥੧॥**

ਜਦੋਂ ਗਲੀਆਂ ਦਾ ਪਾਣੀ ਗੰਗਾ ਨਦੀ ਵਿਚ ਸਮਾ ਜਾਂਦਾ ਹੈ ਤਾਂ ਗੰਗਾ ਦਾ ਹੀ ਰੂਪ ਹੋ ਜਾਂਦਾ ਹੈ। ਇਹ ਚੰਗੀ ਸੰਗਤ ਦੇ ਪ੍ਰਤਾਪ ਦੀ ਮਹਾਨਤਾ ਹੈ। ਲੋਕ ਭਰਮ ਕਰਕੇ ਜਿਨ੍ਹਾਂ ਜੀਵਾਂ ਨੂੰ ਨੀਚ ਸਮਝਦੇ ਸਨ ਉਹ ਪ੍ਰਭੂ ਦਾ ਨਾਮ ਜੱਪ ਕੇ ਪ੍ਰਭੂ ਦਾ ਰੂਪ ਹੋ ਜਾਂਦੇ ਹਨ।

**ਸ੍ਵਾਂਤਿ ਬੂੰਦ ਬਰਸੈਂ ਫਨਿ ਊਪਰ ਸੀਸ ਬਿਸ਼ੈ ਬਿਸ਼ ਹੋਇ।**
**ਬਾਹੀ ਬੂੰਦ ਕੈ ਮੋਤੀ ਨਿਪਜੈ ਸੰਗਤਿ ਕੀ ਅਧਕਾਈ॥੨॥**

ਜਦੋਂ ਸਵਾਤੀ ਬੂੰਦ ਸੱਪ ਦੇ ਫ਼ੱਨ ਉੱਪਰ ਗਿਰਦੀ ਹੈ ਤਾਂ ਉਹ ਜ਼ਹਿਰ ਬਣ ਜਾਂਦੀ ਹੈ ਓਹੀ ਬੂੰਦ ਜਦ ਸਿੱਪੀ ਵਿਚ ਡਿੱਗਦੀ ਹੈ ਤਾਂ ਉਹ ਮੋਤੀ ਬਣ ਜਾਂਦੀ ਹੈ ਇਹ ਸੰਗਤ ਦਾ ਫ਼ਲ ਹੈ।

**ਤੁਮ ਚੰਦਨ ਹਮ ਇਰੰਡ ਬਾਪੁਰੇ ਨਿਕਟ ਤੁਮ੍ਹਾਰੇ ਬਾਸਾ।**
**ਨੀਚ ਬ੍ਰਿਖ ਤੈ ਊਂਚ ਭਏ ਹੈ ਤੁਮਹਾਰੀ ਬਾਸ ਸ਼ੁਬਾਸਾ॥੩॥**

ਹੇ ਪ੍ਰਭੂ ਜੀ, ਆਪ ਚੰਦਨ ਦੀ ਤਰ੍ਹਾਂ ਸ੍ਰੇਸ਼ਟ ਹੋ, ਅਸੀਂ ਸੰਸਾਰੀ ਜੀਵ ਇਰਿੰਡ ਦੇ ਵਾਂਗ ਨਿਕੰਮੇ ਹਾਂ। ਜਿਵੇਂ ਚੰਦਨ ਦੀ ਸੰਗਤ ਕਰਕੇ ਇਰਿੰਡ ਵਿਚੋਂ ਵੀ ਚੰਦਨ ਵਰਗੀ ਸੁਗੰਧੀ ਆਉਣ ਲੱਗ ਪੈਂਦੀ ਹੈ। ਇਸੇ ਪ੍ਰਕਾਰ ਪ੍ਰਭੂ ਜੀ



ਆਪ ਜੀ ਦਾ ਨਾਮ ਜੱਪਣ ਕਰਕੇ ਅਸੀਂ ਵੀ ਸ੍ਰੇਸ਼ਟ ਗਿਣੇ ਜਾਂਦੇ ਹਾਂ।

**ਜਾਤਿ ਭੀ ਓਛੀ ਪਾਤ ਭੀ ਓਛਾ ਉੱਛਾ ਕਸਬ ਹਮਾਰਾ।**
**ਤੁਮਹਾਰੀ ਕ੍ਰਿਪਾ ਤੈ ਊਂਚ ਭਏ ਹੈ ਕਹੈ ਰਵਿਦਾਸ ਚਮਾਰਾ॥੪॥**

ਪ੍ਰਭੂ ਨੂੰ ਭੁੱਲੇ ਹੋਏ ਜੀਵ ਦੀ ਜਾਤ, ਸੰਗਤ, ਕਰਮ ਅਤੇ ਕਿੱਤਾ ਵੀ ਨੀਵਾਂ ਹੈ। ਸਤਿਗੁਰੂ ਰਵਿਦਾਸ ਜੀ ਮਹਾਰਾਜ ਕਥਨ ਕਰਦੇ ਹਨ ਕਿ ਪ੍ਰਭੂ ਨੀਚਾਂ ਨੂੰ ਵੀ ਉੱਚਾ ਕਰਨ ਵਾਲਾ ਹੈ।

******

## ਸ਼ਬਦ 118

**ਪਾਂਡੇ ਕੈਸੀ ਪੂਜਿ ਰਚੀ ਰੇ।**
**ਸਤਿ ਬੋਲੈ ਸੋਇ ਸਤਿਵਾਦੀ ਝੂਠੀ ਬਾਤ ਬਦੀ ਰੇ॥ ਟੇਕ॥**
**ਜੋ ਅਬਿਨਾਸੀ ਸਬਕਾ ਕਰਤਾ ਵਿਆਪਿ ਰਹਿਓ ਸਬ ਠੌਰ ਰੇ।**
**ਪੰਚ ਤੱਤ ਜਿਨਿ ਕੀਆ ਪਸਾਰਾ ਸੋ ਯੌਂ ਹੀ ਕਿਛੁ ਔਰ ਰੇ॥੧॥**
**ਤੂੰ ਜੋ ਕਹੈਤ ਹੌਂ ਯੌਂ ਹੀ ਕਰਤਾ ਯਾਕੂੰ ਮਾਨਿਖ ਕਰੈ ਰੇ।**
**ਤਾਰਣਿ ਸਕਤਿ ਸਹੀ ਜੇ ਯਾ ਮੈਂ ਤੌਂ ਆਪਣ ਕਿਉਂ ਨ ਤਿਰੈ ਰੇ॥੨॥**
**ਅੰਹੀ ਭਰੋਸੇ ਸਬ ਜਗ ਬੂਡਾ ਸੁਣ ਪੰਡਿਤ ਕੀ ਬਾਤ ਰੇ।**
**ਯਾ ਕੈ ਦਰਸਿ ਕੂਣ ਗੁਣਾ ਛੂਟਾ ਸਬ ਜਗ ਆਯਾ ਜਾਤ ਰੇ॥੩॥**
**ਯਾ ਕੀ ਸੇਵ ਸੂਲ ਨਹਿੰ ਭਾਜੈ ਕਟੈ ਨ ਸੰਸੇ ਪਾਂਸ ਰੇ।**
**ਸੋਚਿ ਵਿਚਾਰਿ ਦੇਖ ਯਾ ਮੂਰਤਿ ਯੂੰ ਛਾਂਡੀ ਰਵਿਦਾਸ ਰੇ॥੪॥**

ਇਸ ਪਾਵਨ ਸ਼ਬਦ ਵਿਚ ਜਗਤਗੁਰੂ ਰਵਿਦਾਸ ਮਹਾਰਾਜ ਜੀ ਅਡੰਬਰਾਂ ਤੇ ਵਹਿਮਾਂ-ਭਰਮਾਂ ਵਿਚ ਭੁੱਲੇ ਭਟਕੇ ਹੋਏ ਜੀਵਾਂ ਨੂੰ ਪ੍ਰਭੂ ਦਾ ਸਿਮਰਨ ਕਰਨ ਦਾ ਉਪਦੇਸ਼ ਦਿੰਦੇ ਹਨ। ਇਸ ਸੰਸਾਰ ਵਿਚ ਸਤਿਵਾਦੀ ਉਹ ਜੀਵ ਹੈ ਜੋ ਸੱਚ, 'ਤੇ ਚਲਦਾ ਹੋਇਆ ਮਾਨਵਤਾ ਨਾਲ ਪਿਆਰ ਕਰਦਾ ਹੈ।

**ਪਾਂਡੇ ਕੈਸੀ ਪੂਜਿ ਰਚੀ ਰੇ।**
**ਸਤਿ ਬੋਲੈ ਸੋਇ ਸਤਿਵਾਦੀ ਝੂਠੀ ਬਾਤ ਬਦੀ ਰੇ॥ ਟੇਕ॥**

ਹੇ ਪੰਡਿਤ! ਤੂੰ ਪ੍ਰਭੂ ਦੀ ਅੰਡਬਰਾਂ ਰੂਪੀ ਪੂਜਾ ਕਿਸ ਤਰ੍ਹਾਂ ਦੀ ਬਣਾਈ ਹੈ? ਤੂੰ ਆਪਣੇ ਆਪ ਨੂੰ ਸਤਿਵਾਦੀ ਕਹਿੰਦਾ ਹੈ! ਸਤਿਵਾਦੀ ਉਹੀ ਹੈ ਜੋ ਕੇਵਲ ਸਤਿ ਬੋਲਦਾ ਹੈ ਅਤੇ ਝੂਠ ਬੋਲਣਾ ਬੁਰਾਈ ਹੈ।

**ਜੋ ਅਬਿਨਾਸੀ ਸਬਕਾ ਕਰਤਾ ਵਿਆਪਿ ਰਹਿਓ ਸਬ ਠੌਰ ਰੇ।**
**ਪੰਚ ਤੱਤ ਜਿਨਿ ਕੀਆ ਪਸਾਰਾ ਸੋ ਯੌਂ ਹੀ ਕਿਛੁ ਔਰ ਰੇ॥੧॥**

ਉਹ ਪ੍ਰਭੂ ਅਮਰ, ਅਵਿਨਾਸ਼ੀ ਅਤੇ ਸਭ ਕੁਝ ਕਰਨ ਵਾਲਾ ਅਤੇ ਹਰ ਥਾਂ 'ਤੇ ਹਾਜ਼ਰ ਨਾਜ਼ਰ ਹੈ। ਪ੍ਰਭੂ ਨੇ ਪੰਜਾਂ ਤੱਤਾਂ ਜਲ, ਹਵਾ, ਧਰਤੀ, ਅੱਗ ਅਤੇ ਅਕਾਸ਼ ਨਾਲ ਜੀਵਾਂ ਦੀ ਰਚਨਾ ਕੀਤੀ ਹੈ। ਉਸ ਤੋਂ ਇਲਾਵਾ

ਕੋਈ ਹੋਰ ਨਹੀਂ ਹੈ।

**ਤੂੰ ਜੋ ਕਹੈਤ ਹੌਂ ਯੌਂ ਹੀ ਕਰਤਾ ਯਾਕੂੰ ਮਾਨਿਖ ਕਰੈ ਰੇ।**
**ਤਾਰਣਿ ਸਕਤਿ ਸਹੀ ਜੇ ਯਾ ਮੈਂ ਤੌਂ ਆਪਣ ਕਿਉਂ ਨ ਤਿਰੈ ਰੇ॥੨॥**

ਹੇ ਪੰਡਿਤ! ਤੂੰ ਜੋ ਕਹਿੰਦਾ ਹੈ ਕਿ ਇਹ ਮੂਰਤੀ ਹੀ ਜਗਤ ਦਾ ਕਰਤਾ ਹੈ, ਪਰ ਮੂਰਤੀ ਨੂੰ ਮਨੁੱਖ ਨੇ ਸਾਜਿਆ ਹੈ। ਜਿਹੜੀ ਵਸਤੂ ਮਨੁੱਖ ਨੇ ਬਣਾਈ ਹੈ ਉਹ ਕਰਤਾ ਪੁਰਖ ਕਿਵੇਂ ਹੋ ਸਕਦੀ ਹੈ? ਜੇ ਇਸ ਮੂਰਤੀ ਨੂੰ ਤਾਰਨ ਵਾਲੀ ਸ਼ਕਤੀ ਨੂੰ ਠੀਕ ਮੰਨ ਲਿਆ ਜਾਵੇ ਤਾਂ ਇਹ ਮੂਰਤੀ ਆਪ ਕਿਉਂ ਨਹੀਂ ਤਰਦੀ?

**ਅੰਹੀ ਭਰੋਸੇ ਸਬ ਜਗ ਬੂਡਾ ਸੁਣ ਪੰਡਿਤ ਕੀ ਬਾਤ ਰੇ।**
**ਯਾ ਕੈ ਦਰਸਿ ਕੂਣ ਗੁਣਾ ਛੂਟਾ ਸਬ ਜਗ ਆਯਾ ਜਾਤ ਰੇ॥੩॥**

ਪੰਡਿਤ ਦੀਆਂ ਅਜਿਹੀਆਂ ਵਹਿਮਾਂ ਭਰਮਾਂ ਦੀਆਂ ਗੱਲਾਂ ਸੁਣ ਕੇ ਤੇ ਉਹਨਾਂ ਗੱਲਾਂ 'ਤੇ ਵਿਸ਼ਵਾਸ ਕਰਕੇ ਸਾਰਾ ਸੰਸਾਰ ਡੁੱਬ ਰਿਹਾ ਹੈ। ਪਰ ਇਹ ਦੱਸੋ ਕਿ ਇਸ ਮੂਰਤੀ ਦੇ ਦਰਸ਼ਨ ਕਰਨ ਦੇ ਗੁਣ ਨਾਲ ਕੌਣ ਮੁਕਤ ਹੋਇਆ ਹੈ। ਸਾਰਾ ਸੰਸਾਰ ਹੀ ਆਵਾਗਵਨ ਦੇ ਚੱਕਰ ਵਿਚ ਫਸਿਆ ਹੋਇਆ ਹੈ।

**ਯਾ ਕੀ ਸੇਵ ਸੂਲ ਨਹਿੰ ਭਾਜੈ ਕਟੈ ਨ ਸੰਸੇ ਪਾਂਸ ਰੇ।**
**ਸੋਚਿ ਵਿਚਾਰਿ ਦੇਖ ਯਾ ਮੂਰਤਿ ਯੂੰ ਛਾਂਡੀ ਰਵਿਦਾਸ ਰੇ॥੪॥**

ਸੱਚੇ ਪ੍ਰੇਮ ਤੋਂ ਬਿਨਾਂ ਮੂਰਤੀ ਪੂਜਾ ਕਰਨ ਨਾਲ ਦੁੱਖ ਦੂਰ ਨਹੀਂ ਹੁੰਦਾ ਅਤੇ ਨਾ ਹੀ ਝੂਠੇ ਭਰਮ ਦਾ ਨਾਸ ਹੁੰਦਾ ਹੈ। ਗੁਰੂ ਰਵਿਦਾਸ ਜੀ ਕਥਨ ਕਰਦੇ ਹਨ ਕਿ ਮੈਂ ਇਸ ਗੱਲ ਨੂੰ ਚੰਗੀ ਤਰ੍ਹਾਂ ਸੋਚ ਵਿਚਾਰ ਕੇ ਅਤੇ ਦੇਖ ਕੇ ਬਾਹਰੀ ਪੂਜਾ ਤੋਂ ਬਹੁਤ ਦੂਰ ਹਾਂ।

*******

## ਰਾਗ ਕਾਨੜਾ (ਦੋਪਾਦ)

## ਸ਼ਬਦ 119

ਜਾ ਕੈ ਰਾਮ ਜੀ ਧਨੀ ਤਾ ਕੈ ਕਾਹਿ ਕੀ ਕਮੀ ਹੈ॥
ਮਨਸਾ ਕੋ ਨਾਥ ਮਨੋਰਥ ਪੁਰਬੈ ਸੁਖ ਨਿਧਾਨ ਕੀ ਕਾਹਾ ਗਨੀ ਹੈ॥੧॥
ਕਵਨ ਕਾਜ ਕਿਰਪਨ ਕੀ ਮਾਯਾ ਕਰਤ ਫਿਰਤ ਅਪਨੀ ਅਪਨੀ ਹੈ॥
ਖਾਈ ਨ ਸਾਕੈ ਖਰਚ ਨਹਿ ਜਾਵੈ ਜਯੋਂ ਭੁਯੰਗ ਸਿਰ ਰਹਤ ਮਨੀ ਹੈ॥੨॥
ਜਾ ਕੀ ਰਾਸਿ ਥਾਵਰ ਨਹਿ ਆਵੈ ਰਾਹਾ ਕੇਤਕੀ ਮੁਕਤ ਅਨੀ ਹੈ॥
ਰਖਵਾਰੇ ਕੋ ਚਕ੍ਰ ਸੁਦਰਸ਼ਨ ਬਿਘਨ ਨ ਬਿਆਪੈ ਰੋਕ ਛਿਨੀ ਹੈ॥੩॥
ਸਿਵ ਸਨਕਾਦਿਕ ਪਾਰ ਨ ਪਾਵੈ ਮੈਂ ਬਪੁਰੈ ਕੀ ਕੌਨ ਗਿਨੀ ਹੈ॥
ਜਾ ਕੀ ਪ੍ਰੀਤ ਨਿਰੰਤਰਿ ਹਰਿ ਸੋ ਕਹੈ ਰਵਿਦਾਸ ਤਾਕੀ ਸਦਾ ਬਨੀ ਹੈ॥੪॥

ਜਗਤ ਗੁਰੂ ਰਵਿਦਾਸ ਮਹਾਰਾਜ ਜੀ ਪਾਵਨ ਉਪਦੇਸ਼ ਦਿੰਦੇ ਹਨ



ਕਿ ਜਿਸ ਜੀਵ ਦੇ ਪਾਸ ਪ੍ਰਭੂ ਦਾ ਨਾਮ ਰੂਪੀ ਸ੍ਰੇਸ਼ਟ ਧਨ ਹੈ, ਉਸਨੂੰ ਕਿਸੇ ਚੀਜ਼ ਦੀ ਕੋਈ ਕਮੀ ਨਹੀਂ ਰਹਿੰਦੀ। ਵੱਡਾ ਧਨੀ ਪ੍ਰਭੂ ਸੁੱਖਾਂ ਦਾ ਖਜ਼ਾਨਾ ਹੈ। ਉਹ ਜੀਵ ਦੀਆਂ ਸਭ ਇੱਛਾਵਾਂ ਪੂਰੀਆਂ ਕਰ ਦਿੰਦਾ ਹੈ ਅਤੇ ਹਰ ਸਮੇਂ ਉਸਦੀ ਰੱਖਿਆ ਕਰਦਾ ਹੈ। ਇਸ ਲਈ ਜੀਵ ਨੂੰ ਉਸ ਪ੍ਰਭੂ ਨਾਲ ਸੱਚੀ ਪ੍ਰੀਤੀ ਕਰਨੀ ਚਾਹੀਦੀ ਹੈ।

**ਜਾ ਕੈ ਰਾਮ ਜੀ ਧਨੀ ਤਾ ਕੈ ਕਾਹਿ ਕੀ ਕਮੀ ਹੈ॥**
**ਮਨਸਾ ਕੋ ਨਾਥ ਮਨੋਰਥ ਪੁਰਬੈ ਸੁਖ ਨਿਧਾਨ ਕੀ ਕਾਹਾ ਗਨੀ ਹੈ॥੧॥**

ਜਿਸ ਜੀਵ ਦੇ ਪਾਸ ਪ੍ਰਭੂ ਦਾ ਨਾਮ ਰੂਪੀ ਧਨ ਹੈ, ਉਸਨੂੰ ਹੋਰ ਕਿਸੇ ਵੀ ਚੀਜ਼ ਦਾ ਘਾਟਾ ਨਹੀਂ ਰਹਿੰਦਾ। ਉਹ ਨਾਥ ਜੀਵ ਦੀਆਂ ਸਭ ਇੱਛਾਵਾਂ ਅਤੇ ਮਨੋਰਥ ਪੂਰੇ ਕਰਦਾ ਹੈ ਅਤੇ ਉਸਦੇ ਸੁੱਖਾਂ ਰੂਪੀ ਖਜ਼ਾਨਿਆਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ।

**ਕਵਨ ਕਾਜ ਕਿਰਪਨ ਕੀ ਮਾਯਾ ਕਰਤ ਫਿਰਤ ਅਪਨੀ ਅਪਨੀ ਹੈ॥**
**ਖਾਈ ਨ ਸਾਕੈ ਖਰਚ ਨਹਿ ਜਾਵੈ ਜਯੋਂ ਭੁਯੰਗ ਸਿਰ ਰਹਤ ਮਨੀ ਹੈ॥੨॥**

ਕੰਜੂਸ ਆਦਮੀ ਦੀ ਮਾਇਆ ਦਾ ਕੀ ਲਾਭ ਹੈ ਜਿਸਨੂੰ ਉਹ ਦਿਨ ਰਾਤ ਆਪਣੀ-ਆਪਣੀ ਕਹਿ ਕੇ ਖੁਸ਼ ਹੁੰਦਾ ਫਿਰਦਾ ਹੈ। ਸਰਪ ਜਿਵੇਂ ਮਨੀ ਨੂੰ ਸੰਭਾਲਦਾ ਹੈ, ਇਸ ਤਰ੍ਹਾਂ ਉਹ ਕੰਜੂਸ ਮਾਇਆ ਨੂੰ ਸੰਭਾਲਦਾ ਰਹਿੰਦਾ ਹੈ, ਪਰ ਉਹ ਵਿਚਾਰਾ ਉਸ ਮਾਇਆ ਨੂੰ ਨਾ ਤਾਂ ਖਾ ਸਕਦਾ ਹੈ ਅਤੇ ਨਾ ਹੀ ਖਰਚ ਕਰ ਸਕਦਾ ਹੈ, ਜਿਵੇਂ ਸੱਪ ਦੇ ਸਿਰ ਤੇ ਮਣੀ ਤਾਂ ਹੁੰਦੀ ਹੈ ਪਰ ਉਸਨੂੰ ਮਣੀ ਦਾ ਕੁਝ ਲਾਭ ਨਹੀਂ ਹੁੰਦਾ। ਇਸੇ ਤਰ੍ਹਾਂ ਜੇਕਰ ਪ੍ਰਭੂ ਦਾ ਨਾਮ ਧਨ ਇਕੱਤਰ ਨਹੀਂ ਕਰਦਾ ਤਾਂ ਫਿਰ ਇਹ ਜੀਵ ਲਾਭ ਪ੍ਰਾਪਤ ਨਹੀਂ ਕਰ ਸਕਦਾ।

**ਜਾ ਕੀ ਰਾਸਿ ਥਾਵਰ ਨਹਿ ਆਵੈ ਰਾਹਾ ਕੇਤਕੀ ਮੁਕਤ ਅਨੀ ਹੈ॥**
**ਰਖਵਾਰੇ ਕੋ ਚਕ੍ਰ ਸੁਦਰਸ਼ਨ ਬਿਘਨ ਨ ਬਿਆਪੈ ਰੋਕ ਛਿਨੀ ਹੈ॥੩॥**

ਜਿਸਦੀ ਪੂੰਜੀ ਪ੍ਰਭੂ ਦੇ ਨਾਮ ਤੇ ਖਰਚ ਨਹੀਂ ਹੁੰਦੀ, ਉਸ ਦੀ ਪੂੰਜੀ ਗ੍ਰਹਿ ਆਦਿਕ ਠੱਗ ਲੈਂਦੇ ਹਨ, ਪਰ ਉਹ ਪ੍ਰਭੂ ਦੇ ਭਗਤਾਂ ਦੀ ਨਾਮ ਰੂਪੀ ਪੂੰਜੀ ਨੂੰ ਕੋਈ ਨੁਕਸਾਨ ਨਹੀਂ ਪਹੁੰਚਾ ਸਕਦੇ। ਪ੍ਰਭੂ ਆਪਣੇ ਭਗਤਾਂ ਦੀ ਰੱਖਿਆ ਕਰਨ ਦੇ ਲਈ ਆਪਣੇ ਪਾਸ ਸੁਦਰਸ਼ਨ ਚੱਕਰ ਰੱਖਦਾ ਹੈ ਅਤੇ ਕੋਈ ਵੀ ਪ੍ਰਭੂ ਪ੍ਰੇਮੀਆਂ ਦੇ ਰਸਤੇ ਦੀ ਰੁਕਾਵਟ ਨਹੀਂ ਬਣ ਸਕਦਾ।

**ਸਿਵ ਸਨਕਾਦਿਕ ਪਾਰ ਨ ਪਾਵੈ ਮੈਂ ਬਪੁਰੈ ਕੀ ਕੌਨ ਗਿਨੀ ਹੈ॥**
**ਜਾ ਕੀ ਪ੍ਰੀਤ ਨਿਰੰਤਰਿ ਹਰਿ ਸੋ ਕਹੈ ਰਵਿਦਾਸ ਤਾਕੀ ਸਦਾ ਬਨੀ ਹੈ॥੪॥**

ਸ਼ਿਵ ਜੀ ਸਨਕਾਦਿਕ ਚਾਰੇ ਭਰਾ ਉਸ ਪ੍ਰਭੂ ਦੀ ਮਹਿਮਾ ਨਹੀਂ ਜਾਣ ਸਕਦੇ। ਫਿਰ ਮੈਂ ਗਰੀਬ ਵਿਚਾਰਾ ਪ੍ਰਭੂ ਦੇ ਗੁਣਾਂ ਨੂੰ ਕਿਵੇਂ ਜਾਣ ਸਕਦਾ ਹਾਂ। ਗੁਰੂ ਰਵਿਦਾਸ ਜੀ ਉਚਾਰਨ ਕਰਦੇ ਹਨ ਕਿ ਜਿਸ ਜੀਵ ਦੀ ਨਿਰੰਤਰ ਪ੍ਰੀਤ ਪ੍ਰਭੂ ਨਾਲ ਹੈ ਉਸ ਜੀਵ ਦੀ ਹਮੇਸ਼ਾਂ ਹੀ ਪ੍ਰਭੂ ਦੇ ਨਾਲ ਲਗਨ ਲੱਗੀ ਰਹਿੰਦੀ ਹੈ।

# ਸ਼ਬਦ 120

**ਭਗਤਿ ਨ ਹੋਇ ਰੇ ਨ ਹੋਈ, ਜਬ ਲਗ ਤਨ ਸੁਧ ਨ ਹੋਇ॥ਟੇਕ॥**
**ਭਗਤਿ ਨਹੀਂ ਨਾਂਚੈ ਅਰੁ ਗਾਵੈ, ਭਗਤਿ ਨ ਬਹੁ ਤਪ ਕੀਨਹਾ।**
**ਭਗਤਿ ਨਹੀਂ ਸਵਾਮੀ ਅਰੁ ਸੇਬਗ,**
**ਜਬ ਲਗ ਪਰਮ ਤੱਤ ਨਹੀਂ ਚੀਨਹਾ॥੧॥**
**ਭਗਤਿ ਨ ਗਿਆਨ ਜੋਗ ਬੈਰਾਗੈ, ਭਗਤਿ ਨ ਕਹੈ ਕਹਾਵੈਂ।**
**ਭਗਤਿ ਨ ਸੁਨਿ ਮੰਡਲ ਘਰ ਸੋਧੈ, ਭਗਤਿ ਨ ਕਛੁ ਦਿਖਾਵੈਂ॥੨॥**
**ਜਹਾਂ ਜਹਾਂ ਜਾਇ ਤਹਾਂ ਤਹਾਂ ਬੰਧਨ, ਤ੍ਰਿਵਿਧ ਤਾਪ ਨ ਜਾਈ।**
**ਕਹੈ ਰਵਿਦਾਸ ਤਬੈ ਸਚੁ ਪਾਵੈ, ਆਪਾ ਉਲਟਿ ਸਮਾਈ॥੩॥**

ਜਗਤ ਗੁਰੂ ਰਵਿਦਾਸ ਮਹਾਰਾਜ ਜੀ ਸਭ ਜੀਵਾਂ ਨੂੰ ਆਡੰਬਰਾਂ ਨੂੰ ਤਿਆਗ ਕੇ ਪ੍ਰਭੂ ਦੀ ਸੱਚੀ ਭਗਤੀ ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ।

**ਭਗਤਿ ਨ ਹੋਇ ਰੇ ਨ ਹੋਈ, ਜਬ ਲਗ ਤਨ ਸੁਧ ਨ ਹੋਇ॥ਟੇਕ॥**

ਜਦੋਂ ਤੱਕ ਸਰੀਰ ਸ਼ੁੱਧ ਨਹੀਂ ਹੁੰਦਾ ਓਦੋਂ ਤੱਕ ਪ੍ਰਭੂ ਦੀ ਭਗਤੀ ਨਹੀਂ ਹੋ ਸਕਦੀ।

**ਭਗਤਿ ਨਹੀਂ ਨਾਂਚੈ ਅਰੁ ਗਾਵੈ, ਭਗਤਿ ਨ ਬਹੁ ਤਪ ਕੀਨਹਾ।**
**ਭਗਤਿ ਨਹੀਂ ਸਵਾਮੀ ਅਰੁ ਸੇਬਗ,**
**ਜਬ ਲਗ ਪਰਮ ਤੱਤ ਨਹੀਂ ਚੀਨਹਾ॥੧॥**

ਜਿੰਨਾ ਚਿਰ ਜੀਵ ਪਰਮਤੱਤ ਨੂੰ ਨਹੀਂ ਜਾਣਦਾ ਭਾਵੇਂ ਨੱਚੇ, ਭਾਵੇਂ ਗਾਵੇ, ਭਾਵੇਂ ਬਹੁ ਪ੍ਰਕਾਰ ਨਾਲ ਤੱਪ ਕਰੇ ਅਤੇ ਸਵਾਮੀ ਸੇਵਕ ਭਗਤੀ ਕਰੇ, ਇਸਦਾ ਕੋਈ ਲਾਭ ਨਹੀਂ ਹੈ।

**ਭਗਤਿ ਨ ਗਿਆਨ ਜੋਗ ਬੈਰਾਗੈ, ਭਗਤਿ ਨ ਕਹੈ ਕਹਾਵੈਂ।**
**ਭਗਤਿ ਨ ਸੁਨਿ ਮੰਡਲ ਘਰ ਸੋਧੈ, ਭਗਤਿੰ ਨ ਕਛੁ ਦਿਖਾਵੈਂ॥੨॥**

ਪ੍ਰਭੂ ਪ੍ਰੇਮ ਤੋਂ ਬਿਨਾਂ ਗਿਆਨ, ਜੋਗ, ਵੈਰਾਗ ਧਾਰਨ ਕਰਨਾ ਭਗਤੀ ਨਹੀਂ ਕਹਾਉਂਦੀ। ਸੁੰਨ ਮੰਡਲ ਦੀ ਆਸ ਰੱਖਣੀ ਅਤੇ ਦਿਖਾਵਾ ਕਰਨਾ ਭਗਤੀ ਨਹੀਂ ਹੈ।

**ਜਹਾਂ ਜਹਾਂ ਜਾਇ ਤਹਾਂ ਤਹਾਂ ਬੰਧਨ, ਤ੍ਰਿਵਿਧ ਤਾਪ ਨ ਜਾਈ।**
**ਕਹੈ ਰਵਿਦਾਸ ਤਬੈ ਸਚੁ ਪਾਵੈ, ਆਪਾ ਉਲਟਿ ਸਮਾਈ॥੩॥**

ਪ੍ਰਭੂ ਪ੍ਰੇਮ ਤੋਂ ਬਿਨਾਂ ਜੀਵ ਜੋ ਜੋ ਕਰਦਾ ਹੈ ਸਭ ਬੰਧਨ ਹਨ ਅਤੇ ਜੀਵ ਤਿੰਨਾਂ ਪ੍ਰਕਾਰ ਦੇ ਤਾਪ (ਆਧਿ, ਬਿਆਧਿ, ਉਪਾਧਿ) ਤੋਂ ਮੁਕਤ ਨਹੀਂ ਹੁੰਦਾ। ਸਤਿਗੁਰੂ ਰਵਿਦਾਸ ਮਹਾਰਾਜ ਜੀ ਉਚਾਰਣ ਕਰਦੇ ਹਨ ਕਿ ਜਦੋਂ ਜੀਵ ਸੰਸਾਰ ਵਲੋਂ ਆਪਣਾ ਧਿਆਨ ਹਟਾ ਕੇ ਪ੍ਰਭੂ ਦੀ ਸੱਚੀ ਭਗਤੀ ਕਰਦਾ ਹੈ ਤਾਂ ਪ੍ਰਭੂ ਨੂੰ ਪ੍ਰਾਪਤ ਕਰ ਲੈਂਦਾ ਹੈ।



*****

# ਸ਼ਬਦ 121

**ਰੇ ਪਾਇਓ ਰੇ ਰਾਮ ਆਮੀ ਰਸ॥ਟੇਕ॥**
**ਰਸ ਜਿਨਿ ਮਗਨ ਹ੍ਵੈ ਰਹਿਆ,**
**ਰਰੰਕਾਰ ਰਾਸ਼ੇ ਨਿਤ ਰਸਨਾ।**
**ਇਹੁ ਰਸ ਪੀਬ ਰਾਮ ਰਸ ਬੂਡੇਂ,**
**ਆਪੁ ਮਗਨ ਰਹਿ ਹ੍ਵੈ ਦਿਨ ਰੈਨਾ॥੧॥**
**ਲੋਕ ਰਸ ਲਾਗਿ ਵਿਸ਼ੈ ਵਿਸ਼ ਦੇਹੀ,**
**ਭਣੋਂਰਾਮ ਭੌਜਲ ਨਹੀਂ ਬਹਨਾ।**
**ਅਭਿ ਅੰਤਰ ਭਜੋਂ ਨਿਜ ਅਵਿਗਤ,**
**ਇਹ ਉਪਾਇ ਅੰਤਿਰ ਭੌ ਤਰਨਾ॥੨॥**
**ਚਿੰਤਾਮਣਿ ਲਾਲ ਹਾਥੈ ਜੈ ਚੜਿਯ,**
**ਹੁਵੇਂ ਉਜਾਮ ਤਿਮਿਰ ਨਹੀਂ ਰਹਨਾ।**
**ਭਜੈ ਰਵਿਦਾਸ ਰਾਮ ਨਿਤ ਰਸਨਾ,**
**ਦੁਲਭ ਜਨਮ ਬਿਰਥ ਨਹੀਂ ਗਵਨਾ॥੩॥**

ਇਸ ਪਾਵਨ ਸ਼ਬਦ ਵਿਚ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਸੰਸਾਰੀ ਜੀਵਾਂ ਨੂੰ ਪ੍ਰਭੂ ਦਾ ਸਿਮਰਨ ਕਰਕੇ ਸ੍ਰੇਸ਼ਟ ਨਾਮ ਰੂਪੀ ਰਸ ਵਿਚ ਮਗਨ ਹੋ ਕੇ ਦੁਰਲਭ ਜਨਮ ਸਫ਼ਲ ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ।

**ਰੇ ਪਾਇਓ ਰੇ ਰਾਮ ਆਮੀ ਰਸ॥ਟੇਕ॥**

ਹੇ ਭਾਈ! ਮੈਂ ਸਰਬ ਵਿਖੇ ਰਮੇ ਹੋਏ ਪ੍ਰਭੂ ਦਾ ਨਾਮ ਰੂਪੀ ਅੰਮ੍ਰਿਤ ਪ੍ਰਾਪਤ ਕਰ ਲਿਆ ਹੈ।

**ਰਸ ਜਿਨਿ ਮਗਨ ਹ੍ਵੈ ਰਹਿਆ,**
**ਰਰੰਕਾਰ ਰਾਸ਼ੇ ਨਿਤ ਰਸਨਾ।**
**ਇਹੁ ਰਸ ਪੀਬ ਰਾਮ ਰਸ ਬੂਡੇਂ,**
**ਆਪੁ ਮਗਨ ਰਹਿ ਹ੍ਵੈ ਦਿਨ ਰੈਨਾ॥੧॥**

ਜੋ ਜੀਵ ਪ੍ਰਭੂ ਦੇ ਨਾਮ ਰੂਪੀ ਸ੍ਰੇਸ਼ਟ ਰਸ ਵਿੱਚ ਮਗਨ ਹੋ ਰਹਿੰਦਾ ਹੈ ਉਸ ਜੀਵ ਦੀ ਰਸਨਾ ਤੇ ਨਿੱਤਾ-ਪ੍ਰਤੀ ਰੰਗ-ਰੂਪ ਤੋਂ ਰਹਿਤ ਪ੍ਰਭੂ ਵਸਦਾ ਹੈ। ਇਸ ਰਸ ਵਿੱਚ ਮਗਨ ਹੋਣ ਨਾਲ ਨਿੱਤਾ ਪ੍ਰਤੀ ਇਹ ਰਸ ਵੱਧਦਾ ਜਾਂਦਾ ਹੈ। ਜਿਸ ਵਿਚ ਜੀਵ ਦਿਨ ਰਾਤ ਮਗਨ ਰਹਿੰਦਾ ਹੈ।

**ਲੋਕ ਰਸ ਲਾਗਿ ਵਿਸ਼ੈ ਵਿਸ਼ ਦੇਹੀ,**
**ਭਣੋਂਰਾਮ ਭੌਜਲ ਨਹੀਂ ਬਹਨਾ।**
**ਅਭਿ ਅੰਤਰ ਭਜੋਂ ਨਿਜ ਅਵਿਗਤ,**

ਇਹ ਉਪਾਇ ਅੰਤਿਰ ਭੈ ਤਰਨਾ॥੨॥

ਸੰਸਾਰ ਦੇ ਲੋਕ ਪ੍ਰਭੂ ਦੇ ਨਾਮ ਰੂਪੀ ਰਸ ਨੂੰ ਭੁਲਾ ਕੇ ਆਪਣੇ ਸਰੀਰ ਨੂੰ ਵਿਸ਼ੇ-ਵਿਕਾਰਾਂ ਦੇ ਰਸ ਲਗਾ ਰਹੇ ਹਨ, ਜਿਸ ਨਾਲ ਜੀਵ ਸੰਸਾਰ ਰੂਪੀ ਭਵਜਲ ਤੋਂ ਪਾਰ ਨਹੀਂ ਹੋ ਸਕਦਾ। ਜੀਵ ਨੂੰ ਬਾਹਰੀ ਰਸਾਂ ਦਾ ਤਿਆਗ ਕਰਕੇ ਅਵਿਨਾਸ਼ੀ ਪ੍ਰਭੂ ਦਾ ਆਪਣੇ ਅੰਦਰ ਸਿਮਰਨ ਕਰਨਾ ਚਾਹੀਦਾ ਹੈ। ਇਸ ਪ੍ਰਕਾਰ ਆਪਣੇ ਅੰਦਰ ਪ੍ਰਭੂ ਦੇ ਸਿਮਰਨ ਦਾ ਉਪਾਅ ਕਰਕੇ ਜੀਵ ਸੰਸਾਰ ਦੇ ਭਵਸਾਗਰ ਤੋਂ ਤਰ ਜਾਂਦਾ ਹੈ।

ਚਿੰਤਾਮਨਿ ਲਾਲ ਹਾਥੈ ਜੈ ਚੜਿਯ,
ਹੁਵੈਂ ਉਜਾਮ ਤਿਮਿਰ ਨਹੀਂ ਰਹਨਾ।
ਭਜੈ ਰਵਿਦਾਸ ਰਾਮ ਨਿਤ ਰਸਨਾ,
ਦੁਲਭ ਜਨਮ ਬਿਰਥ ਨਹੀਂ ਗਵਨਾ॥੩॥

ਜਿਸ ਜੀਵ ਦੇ ਹੱਥ ਵਿਚ ਪ੍ਰਭੂ ਦਾ ਨਾਮ ਰੂਪੀ ਮਨ ਇੱਛਤ ਫਲ ਦੇਣ ਵਾਲਾ ਚਿੰਤਾਮਨ ਅਮੋਲਕ ਹੀਰਾ ਹੈ ਉਹ ਇਸ ਸੰਸਾਰ ਦੇ ਭਵ ਸਾਗਰ ਤੋਂ ਪਾਰ ਹੋ ਜਾਂਦਾ ਹੈ। ਸਤਿਗੁਰੁ ਰਵਿਦਾਸ ਜੀ ਸੰਬੋਧਨ ਕਰਦੇ ਹਨ ਹੇ ਜੀਵ ਨਿੱਤਾ-ਪ੍ਰਤੀ ਆਪਣੀ ਰਸਨਾ ਨਾਲ ਪ੍ਰਭੂ ਦਾ ਸਿਮਰਨ ਕਰ ਜਿਸ ਨਾਲ ਅਮੋਲਕ ਜਨਮ ਵਿਅਰਥ ਨਹੀਂ ਜਾਵੇਗਾ।

******

## ਸ਼ਬਦ 122

ਦੇਖਿ ਮੂਰਖਤਾ ਯਹੁ ਮਨ ਕੀ।
ਰਾਮ ਨਾਮ ਕੋ ਛਾਡਿ ਅਧਾਰੌਂ,
ਗਹਿ ਓਟ ਛੁਦ ਤ੍ਰਿਨ ਕੀ॥ ਟੇਕ॥
ਅਭਿ ਅੰਤਰ ਰਾਮੁ ਨਹਿੰ ਜਾਨਿਓ,
ਛਾਨਹੁ ਧੂਰਿ ਬਨ ਬਨ ਕੀ॥
ਜਾ ਦਿਨ ਇਹ ਹੰਸਾ ਉਰਿ ਜਾਇ ਹੈ,
ਛੋਰਿ ਠਠਰਿਯਾ ਤਨ ਕੀ॥
ਧਨੁ ਦਾਰਾ ਮਹਿ ਰਹਹੁ ਲਪਟਾਨੋ,
ਆਪਹੁ ਨਹਿੰ ਸੁਧਿ ਵਾ ਛਨ ਕੀ॥੧॥
ਜਨ ਰਵਿਦਾਸ ਤਿਆਗੀ ਜਗ ਆਸਾ,
ਲਹਹੁ ਓਟ ਹਰਿ ਚਰਨਨ ਕੀ॥੨॥

ਜਗਤ ਗੁਰੂ ਰਵਿਦਾਸ ਮਹਾਰਾਜ ਜੀ ਇਸ ਪਾਵਨ ਸ਼ਬਦ ਵਿਚ ਸੰਸਾਰੀ ਜੀਵਾਂ ਨੂੰ ਪ੍ਰਭੂ ਦਾ ਸਹਾਰਾ ਲੈ ਕੇ ਸੰਸਾਰ ਰੂਪੀ ਭਵ-ਸਾਗਰ ਪਾਰ ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ।



ਦੇਖਿ ਮੂਰਖਤਾ ਯਹੁ ਮਨ ਕੀ।
ਰਾਮ ਨਾਮ ਕੋ ਛਾਡਿ ਅਧਾਰੌਂ,
ਗਹਿ ਓਟ ਛੁਦ ਤ੍ਰਿਨ ਕੀ॥ ਟੇਕ॥

ਹੇ ਭਾਈ, ਤੂੰ ਇਸ ਮਨ ਦੀ ਮੂਰਖਤਾ ਦੇਖ ਕਿ ਇਹ ਪ੍ਰਭੂ ਦੇ ਨਾਮ ਦਾ ਆਸਰਾ ਛੱਡ ਕੇ ਇਹ ਹੋਰ ਤਿਲ ਮਾਤਰ ਛੋਟੇ ਆਸਰੇ ਭਾਲਦਾ ਹੈ।

ਅਭਿ ਅੰਤਰ ਰਾਮੁ ਨਹਿੰ ਜਾਨਿਓ,
ਛਾਨਹੁ ਧੂਰਿ ਬਨ ਬਨ ਕੀ॥

ਆਪਣੇ ਅੰਦਰ ਬੈਠੇ ਪ੍ਰਭੂ ਨੂੰ ਜਾਨਿਆ ਨਹੀਂ ਅਤੇ ਬਨ-ਬਨ ਵਿਚ ਜਾ ਕੇ ਭਟਕਦਾ ਫਿਰਦਾ ਹੈ।

ਜਾ ਦਿਨ ਇਹ ਹੰਸਾ ਉਰਿ ਜਾਇ ਹੈ,
ਛੋਰਿ ਠਠਰਿਯਾ ਤਨ ਕੀ॥

ਇਕ ਦਿਨ ਇਹ ਆਤਮਾ ਰੂਪੀ ਹੰਸ ਨੇ ਸਰੀਰ ਰੂਪੀ ਭਾਂਡੇ ਨੂੰ ਛੱਡ ਕੇ ਉੱਡ ਜਾਣਾ ਹੈ।

ਧਨੁ ਦਾਰਾ ਮਹਿ ਰਹਹੁ ਲਪਟਾਨੋ,
ਆਪਹੁ ਨਹਿੰ ਸੁਧਿ ਵਾ ਛਨ ਕੀ॥੧॥

ਧਨ, ਇਸਤਰੀ ਅਤੇ ਸੰਸਾਰੀ ਪਦਾਰਥਾਂ ਵਿਚ ਜੀਵ ਲਿਪਟਿਆ ਹੋਇਆ ਹੈ ਅਤੇ ਜੀਵ ਨੂੰ ਆਪਣਾ ਜੀਵਨ ਸੰਵਾਰਨ ਦੀ ਸੋਝੀ ਨਹੀਂ ਹੈ।

ਜਨ ਰਵਿਦਾਸ ਤਿਆਗੀ ਜਗ ਆਸਾ,
ਲਹਹੁ ਓਟ ਹਰਿ ਚਰਨਨ ਕੀ॥੨॥

ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਹੇ ਜੀਵ! ਤੂੰ ਸੰਸਾਰ ਦੀ ਝੂਠੀ ਆਸਾ ਛੱਡ ਕੇ ਪ੍ਰਭੂ ਦੇ ਚਰਨ ਕੰਵਲਾਂ ਦਾ ਆਸਰਾ ਲੈ ਕੇ ਆਪਣਾ ਜੀਵਨ ਸਫ਼ਲ ਕਰ।

****

## ਰਾਗ ਮਾਰੂ (ਚਉਪਦਾ)
## ਸ਼ਬਦ 123

ਪੀਆ ਰਾਮ ਰਸੁ ਪੀਆ ਰੇ॥ ਟੇਕ॥
ਭਰਿ ਭਰਿ ਦੇਵੈ ਸੁਰਤਿ ਕਲਾਲੀ,
ਦਰਿਆ ਦਰਿਆ ਪੀਨਾ ਰੇ।
ਪੀਵਤ ਪੀਵਤੁ ਆਪਾ ਜਗ ਭੁਲਾ,
ਹਰਿ ਰਸ ਮਾਂਹਿ ਬੌਰਾਨਾ ਰੇ।
ਦਰ ਘਰਿ ਵਿਸਰਿ ਗਇਓ ਰਵਿਦਾਸਾ,

**ਉਨਮਨਿ ਸਦ ਮਤਵਾਰੀ ਰੇ।**
**ਪਲੁ ਪਲੁ ਪ੍ਰੇਮ ਪਿਆਲਾ ਚਾਲੈ,**
**ਛੂਟੇ ਨਾਂਹਿ ਖੁਮਾਰੀ ਰੇ ॥੧॥**

ਇਸ ਸ਼ਬਦ ਵਿਚ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਸੰਸਾਰੀ ਜੀਵਾਂ ਨੂੰ ਗੁਰੂ ਰੂਪ ਕਲਾਲੀ ਪਾਸ ਜਾ ਕੇ ਅੰਮ੍ਰਿਤ ਪੀਣ ਦਾ ਪਾਵਨ ਉਪਦੇਸ਼ ਦਿੰਦੇ ਹਨ। ਜਿਸ ਅੰਮ੍ਰਿਤ ਦੇ ਪੀਣ ਨਾਲ ਜੀਵ ਸਹਿਜ ਅਵਸਥਾ ਵਿਚ ਪਹੁੰਚ ਕੇ ਪ੍ਰਭੂ ਦੇ ਨਾਮ ਦੀ ਖੁਮਾਰੀ ਵਿਚ ਮਗਨ ਹੋ ਜਾਂਦਾ ਹੈ।

**ਪੀਆ ਰਾਮ ਰਸੁ ਪੀਆ ਰੇ ॥ ਟੇਕ ॥**

ਮੈਂ ਪ੍ਰਭੂ ਦੇ ਨਾਮ ਦਾ ਅੰਮ੍ਰਿਤ ਪੀਤਾ ਹੈ।

**ਭਰਿ ਭਰਿ ਦੇਵੈ ਸੁਰਤਿ ਕਲਾਲੀ,**
**ਦਰਿਆ ਦਰਿਆ ਪੀਨਾ ਰੇ।**
**ਪੀਵਤ ਪੀਵਤੁ ਆਪਾ ਜਗ ਭੁਲਾ,**
**ਹਰਿ ਰਸ ਮਾਂਹਿ ਬੌਰਾਨਾ ਰੇ।**

ਗੁਰੂ ਰੂਪ ਕਲਾਲੀ ਦਸਵੇਂ ਦੁਆਰ ਵਿਖੇ ਸੁਰਤ ਟਿਕਾ ਕੇ ਭਰ-ਭਰ ਕੇ ਪ੍ਰਭੂ ਦੇ ਨਾਮ ਦੇ ਪਿਆਲੇ ਪਿਲਾ ਰਿਹਾ ਹੈ। ਦਰਿਆਵਾਂ ਦੇ ਸਮਾਨ ਅੰਮ੍ਰਿਤ ਦੇ ਪਿਆਲੇ ਜੀਵ ਪੀ ਰਿਹਾ ਹੈ। ਐਸਾ ਅੰਮ੍ਰਿਤ ਪੀਣ ਨਾਲ ਜੀਵ ਸੰਸਾਰ ਨੂੰ ਭੁੱਲ ਜਾਂਦਾ ਹੈ ਅਤੇ ਪ੍ਰਭੂ ਦੇ ਨਾਮ ਵਿਚ ਮਗਨ ਹੋ ਜਾਂਦਾ ਹੈ।

**ਦਰ ਘਰਿ ਵਿਸਰਿ ਗਇਓ ਰਵਿਦਾਸਾ,**
**ਉਨਮਨਿ ਸਦ ਮਤਵਾਰੀ ਰੇ।**
**ਪਲੁ ਪਲੁ ਪ੍ਰੇਮ ਪਿਆਲਾ ਚਾਲੈ,**
**ਛੂਟੇ ਨਾਂਹਿ ਖੁਮਾਰੀ ਰੇ ॥੧॥**

ਸਤਿਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਜੀਵ ਸਰੀਰ ਰੂਪੀ ਘਰ ਨੂੰ ਭੁਲਾ ਕੇ ਉਨਮਨੀ ਭਾਵ ਤੁਰੀਆ ਅਵਸਥਾ ਵਿੱਚ ਪਹੁੰਚ ਕੇ ਮਤਵਾਲਾ ਹੋ ਜਾਂਦਾ ਹੈ। ਦਸਵੇਂ ਦੁਆਰ ਵਿਖੇ ਪ੍ਰੇਮ ਪਿਆਲਾ ਪਲ-ਪਲ ਨਿਰੰਤਰ ਚੱਲ ਰਿਹਾ ਹੈ ਜਿਸ ਦਾ ਨਸ਼ਾ ਕਦੀ ਵੀ ਨਹੀਂ ਉਤ੍ਰਦਾ।

*******

## ਸ਼ਬਦ 124

**ਮਨ ਮੋਰਾ ਮਾਇਆ ਮਹਿ ਲਪਟਾਨੋ ॥ ਟੇਕ ॥**
**ਬਿਸਾਸਕਤ ਰਹਿਓ ਨਿਸਵਾਸਰ, ਅਜ ਹੂੰ ਨਹਿੰ ਅਘਾਨੋ।**
**ਕਾਮੀ ਕੁਟਿਲ ਲਬਾਰ ਕੁਚਾਲੀ, ਸਮਝਇ ਨਹੀਂ ਸਮੁਝਾਨੋ ॥੧॥**
**ਸਤਿ ਸੰਗਤ ਪਲੁ ਨਹੀਂ ਕੀਨਹੀਂ, ਮਨ ਮੂਰਖਿ ਬਹੁ ਗਰਵਾਨੋ।**
**ਸੋਤ ਖਾਤ ਦਿਨ ਰੈਨ ਬਿਤਾਇ, ਤਾਹਿ ਮੈਂ ਰਸਨਾ ਸੁਖ ਮਾਨੋ ॥੨॥**



**ਮਾਇਆ ਮੰਹਿ ਹਿਲ ਮਿਲਿ ਰਹਿਓ, ਫੋਕਟ ਸਾਟੇ ਜਨਮ ਗੰਵਾਨੋ।**
**ਕਹਿ ਰਵਿਦਾਸ ਕਛੁ ਚੇਤ ਬਾਬਰੇ ਰਾਮ ਨਾਮ ਵਿਨ ਨਹਿ ਉਬਰਾਨੋ ॥੩॥**

ਜਗਤ ਗੁਰੂ ਰਵਿਦਾਸ ਮਹਾਰਾਜ ਜੀ ਇਸ ਪਾਵਨ ਸ਼ਬਦ ਰਾਹੀਂ ਸਭ ਜੀਵਾਂ ਨੂੰ ਪ੍ਰਭੂ ਦਾ ਸਿਮਰਨ ਕਰਕੇ ਮਾਇਆ ਦੇ ਪ੍ਰਭਾਵ ਤੋਂ ਮੁਕਤ ਹੋਣ ਦਾ ਪਾਵਨ ਉਪਦੇਸ਼ ਦਿੰਦੇ ਹਨ।

**ਮਨ ਮੋਰਾ ਮਾਇਆ ਮਹਿ ਲਪਟਾਨੋ ॥ ਟੇਕ ॥**

ਪ੍ਰਭੂ ਨੂੰ ਭੁੱਲ ਕੇ ਜੀਵ ਦਾ ਮਨ ਮਾਇਆ ਵਿਚ ਲਿਪਟਿਆ ਹੋਇਆ ਹੈ।

**ਬਿਸਾਸਕਤ ਰਹਿਓ ਨਿਸਵਾਸਰ, ਅਜ ਹੂੰ ਨਹਿੰ ਅਘਾਨੋ।**
**ਕਾਮੀ ਕੁਟਿਲ ਲਬਾਰ ਕੁਚਾਲੀ, ਸਮਝਇ ਨਹੀਂ ਸਮੁਝਾਨੋ ॥੧॥**

ਜੀਵ ਹਰ ਸਮੇਂ ਵਿਸ਼ਵਾਸ਼ ਗਵਾ ਰਿਹਾ ਹੈ ਅਤੇ ਅਜੇ ਤੱਕ ਨਹੀਂ ਸਮਝਦਾ। ਇਹ ਜੀਵ ਕਾਮੀ, ਨੀਚ, ਕੁਚਾਲੀ ਬਣਿਆ ਹੋਇਆ ਹੈ ਜੋ ਕਿ ਸਮਝਾਉਣ ਤੇ ਵੀ ਨਹੀਂ ਸਮਝਦਾ।

**ਸਤਿ ਸੰਗਤ ਪਲੁ ਨਹੀਂ ਕੀਨਹੀਂ, ਮਨ ਮੂਰਖਿ ਬਹੁ ਗਰਵਾਨੋ।**
**ਸੋਤ ਖਾਤ ਦਿਨ ਰੈਨ ਬਿਤਾਇ, ਤਾਹਿ ਮੈਂ ਰਸਨਾ ਸੁਖ ਮਾਨੋ ॥੨॥**

ਇਸ ਜੀਵ ਨੇ ਪਲ ਮਾਤਰ ਵੀ ਸਤਿਸੰਗਤ ਨਹੀਂ ਕੀਤੀ ਅਤੇ ਮਨ ਮੂਰਖ ਬਹੁਤ ਹੰਕਾਰ ਕਰਦਾ ਹੈ। ਇਹ ਜੀਵ ਦਿਨ ਰਾਤ ਸੌਣ ਤੇ ਖਾਣ ਵਿਚ ਬਤੀਤ ਕਰ ਰਿਹਾ ਹੈ ਫਿਰ ਵੀ ਇਸਦੀ ਜੀਭਾ ਰੱਜਦੀ ਨਹੀਂ।

**ਮਾਇਆ ਮੰਹਿ ਹਿਲ ਮਿਲਿ ਰਹਿਓ, ਫੋਕਟ ਸਾਟੇ ਜਨਮ ਗੰਵਾਨੋ।**
**ਕਹਿ ਰਵਿਦਾਸ ਕਛੁ ਚੇਤ ਬਾਬਰੇ ਰਾਮ ਨਾਮ ਵਿਨ ਨਹਿ ਉਬਰਾਨੋ ॥੩॥**

ਮਾਇਆ ਵਿਚ ਜੀਵ ਗ੍ਰਸਿਆ ਹੋਇਆ ਅਤੇ ਝੂਠੇ ਕਰਮਾਂ ਵਿਚ ਆਪਣਾ ਜਨਮ ਗਵਾ ਰਿਹਾ ਹੈ। ਸਤਿਗੁਰੂ ਰਵਿਦਾਸ ਮਹਾਰਾਜ ਜੀ ਉਚਾਰਣ ਕਰਦੇ ਹਨ ਕਿ ਹੇ ਝੱਲੇ ਪੁਰਸ਼ਾ ਤੂੰ ਪ੍ਰਭੂ ਨੂੰ ਚੇਤੇ ਕਰ, ਪ੍ਰਭੂ ਦੇ ਨਾਮ ਤੋਂ ਬਿਨਾਂ ਤੇਰਾ ਜੀਵਨ ਬੇਅਰਥ ਬਤੀਤ ਹੋ ਰਿਹਾ ਹੈ।

******

## ਸ਼ਬਦ 125

**ਬੀਤਿ ਆਯੁ ਭਜਨੁ ਨਹੀਂ ਕੀਨ੍ਹਾ ॥ਟੇਕ॥**
**ਸੇਤ ਭਇਓ ਤਨ ਥਰ ਥਰ ਕੰਪਹਿ,**
**ਹਰਿ ਸਿਮਰਨੁ ਨਹੀਂ ਕੀਨ੍ਹਾ ॥**
**ਸਤ ਸੰਗਤਿ ਨਹਿੰ ਗੁਰ ਪਦ ਸੇਓ,**
**ਪ੍ਰਭ ਕੀਰਤਿ ਨਹਿੰ ਗਾਈ।**
**ਨਹਿ ਮਨੁ ਰਮਇਓ ਪ੍ਰਭ ਚਰਨਨ ਮਹਿੰ,**
**ਤਨ ਸਿਉਂ ਪੀਰੀਤ ਦ੍ਰਿੜਾਈ।**

**ਕਹਿ ਰਵਿਦਾਸ ਚਲਨ ਕੀ ਬਰਿਆ,**
**ਕੋਊ ਨ ਹੋਇ ਸਹਾਈ॥੧॥**

ਇਸ ਪਾਵਨ ਸ਼ਬਦ ਵਿਚ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਜੀਵਾਂ ਨੂੰ ਪਾਵਨ ਉਪਦੇਸ਼ ਦਿੰਦੇ ਹਨ ਕਿ ਜੀਵ ਦੀ ਉਮਰ ਪਰਮਾਤਮਾ ਦੇ ਨਾਮ-ਸਿਮਰਨ ਦੇ ਬਿਨਾਂ ਬਤੀਤ ਹੁੰਦੀ ਜਾ ਰਹੀ ਹੈ ਅਤੇ ਬੁਢਾਪਾ ਆਉਣ ਨਾਲ ਸਰੀਰ ਕੰਬਣ ਲੱਗ ਪੈਂਦਾ ਹੈ ਅਤੇ ਅੰਤ ਸਮੇਂ ਜੀਵ ਦਾ ਪ੍ਰਭੂ ਤੋਂ ਬਿਨਾਂ ਕੋਈ ਵੀ ਸਹਾਈ ਨਹੀਂ ਬਣਦਾ। ਇਸ ਲਈ ਗੁਰੂ ਦੇ ਉਪਦੇਸ਼ ਤੇ ਚਲ ਕੇ ਅਤੇ ਪ੍ਰਭੂ ਨਾਲ ਸੱਚੀ ਪ੍ਰੀਤੀ ਕਰਕੇ ਜੀਵ ਨੂੰ ਆਪਣਾ ਜੀਵਨ ਸਫ਼ਲ ਕਰਨਾ ਚਾਹੀਦਾ ਹੈ।

**ਬੀਤਿ ਆਯੁ ਭਜਨੁ ਨਹੀਂ ਕੀਨ੍ਹਾ॥ਟੇਕ॥**

ਹੇ ਜੀਵ! ਅਨਮੋਲ ਜਨਮ ਦੀ ਤੇਰੀ ਉਮਰ ਬਤੀਤ ਹੁੰਦੀ ਜਾ ਰਹੀ ਹੈ ਪਰ ਤੂੰ ਪ੍ਰਭੂ ਦਾ ਸਿਮਰਨ ਨਹੀਂ ਕੀਤਾ।

**ਸੇਤ ਭਇਓ ਤਨ ਥਰ ਥਰ ਕੰਪਹਿ,**
**ਹਰਿ ਸਿਮਰਨੁ ਨਹੀਂ ਕੀਨ੍ਹਾ॥**

ਜਦੋਂ ਬੁਢਾਪਾ ਆ ਜਾਂਦਾ ਹੈ ਫਿਰ ਸਰੀਰ ਕੰਬਣ ਲੱਗ ਪੈਂਦਾ ਹੈ ਅਤੇ ਉਸ ਸਮੇਂ ਪ੍ਰਭੂ ਦਾ ਸਿਮਰਨ ਨਹੀਂ ਹੁੰਦਾ।

**ਸਤ ਸੰਗਤਿ ਨਹਿੰ ਗੁਰ ਪਦ ਸੇਓ,**
**ਪ੍ਰਭ ਕੀਰਤਿ ਨਹਿੰ ਗਾਈ।**

ਗੁਰੂ ਦੀ ਸ੍ਰੇਸ਼ਟ ਸਿੱਖਿਆ ਸਤਸੰਗਤ ਨਹੀਂ ਕੀਤੀ ਅਤੇ ਪ੍ਰਭੂ ਦੇ ਨਾਮ ਦੀ ਸ਼ੋਭਾ ਨਹੀਂ ਗਾਈ।

**ਨਹਿ ਮਨੁ ਰਮਇਓ ਪ੍ਰਭ ਚਰਨਨ ਮਹਿੰ,**
**ਤਨ ਸਿਉਂ ਪੀਰੀਤ ਦ੍ਰਿੜਾਈ।**

ਪ੍ਰਭੂ ਦੇ ਚਰਨਾਂ ਕਮਲਾਂ ਨਾਲ ਮਨ ਨਹੀਂ ਜੋੜਿਆ ਕੇਵਲ ਆਪਣੇ ਸਰੀਰ ਨਾਲ ਹੀ ਪ੍ਰੀਤੀ ਲਗਾਈ ਰੱਖੀ।

**ਕਹਿ ਰਵਿਦਾਸ ਚਲਨ ਕੀ ਬਰਿਆ,**
**ਕੋਊ ਨ ਹੋਇ ਸਹਾਈ॥੧॥**

ਸਤਿਗੁਰੂ ਰਵਿਦਾਸ ਜੀ ਮਹਾਰਾਜ ਉਚਾਰਨ ਕਰਦੇ ਹਨ ਅੰਤ ਵੇਲੇ ਜਾਣ ਦੇ ਸਮੇਂ ਪ੍ਰਭੂ ਦੇ ਨਾਮ ਤੋਂ ਬਿਨਾਂ ਤੇਰਾ ਕਿਸੇ ਨੇ ਵੀ ਸਹਾਈ ਨਹੀਂ ਹੋਣਾ। ਇਸ ਲਈ ਪ੍ਰਭੂ ਦਾ ਸਿਮਰਨ ਕਰਿਆ ਕਰ।

******



# ਸ਼ਬਦ 126

**ਪ੍ਰਭੂ ਜੀ ਤੁਮ ਔਗੁਨ ਬਖ਼ਸ਼ਣਹਾਰ।**
**ਹਉਂ ਬਹੁ ਨੀਚ ਉਧਰੌਂ ਪਾਤਕੀ, ਮੂਰਖਿ ਨਿਪਟ ਗੰਵਾਰ॥ਟੇਕ॥**
**ਮੋ ਸਮ ਪਤਿਤ ਅਧਮ ਨਹੀਂ ਕੋਊ, ਖੀਨ ਦੁਖੀ ਵਿਸਿਆਰ।**
**ਨਾਮ ਸੁਨਹਿ ਨਰਕੁ ਭਜੈ ਹ੍ਵੈ, ਤੁਮ ਬਿਨ ਕਵਨ ਹਮਾਰ॥੧॥**
**ਪਤਿਤ ਪਾਵਨ ਬਿੜਦ ਤਿਹਾਰੌਂ, ਆਇ ਪਰੌਂ ਤੋਹਿ ਦੁਆਰ॥**
**ਕਹਿ ਰਵਿਦਾਸ ਇਹੁ ਮਨ ਆਸਾ, ਨਿਜ ਕਰ ਲੇਹੁ ਉਭਾਰ॥੨॥**

ਜਗਤ ਗੁਰੂ ਰਵਿਦਾਸ ਮਹਾਰਾਜ ਜੀ ਇਸ ਪਾਵਨ ਸ਼ਬਦ ਵਿਚ ਪ੍ਰਭੂ ਅੱਗੇ ਨਿਮਰਤਾ ਸਹਿਤ ਬੇਨਤੀ ਕਰਦੇ ਹਨ ਕਿ ਆਪ ਸੰਸਾਰੀ ਜੀਵਾਂ ਦੇ ਔਗੁਣ ਬਖ਼ਸ਼ਣ ਵਾਲੇ ਹੋ ਅਤੇ ਜੀਵਾਂ 'ਤੇ ਕ੍ਰਿਪਾ ਕਰਕੇ ਉਨ੍ਹਾਂ ਦੇ ਪਾਪਾਂ ਦਾ ਨਾਸ਼ ਕਰਨ ਵਾਲੇ ਹੋ।

**ਪ੍ਰਭੂ ਜੀ ਤੁਮ ਔਗੁਨ ਬਖ਼ਸ਼ਣਹਾਰ।**
**ਹਉਂ ਬਹੁ ਨੀਚ ਉਧਰੌਂ ਪਾਤਕੀ, ਮੂਰਖਿ ਨਿਪਟ ਗੰਵਾਰ॥ਟੇਕ॥**

ਹੇ ਪ੍ਰਭੂ ਜੀ! ਆਪ ਜੀਵਾਂ ਦੇ ਔਗੁਣਾਂ ਨੂੰ ਬਖ਼ਸ਼ਣ ਵਾਲੇ ਹੋ, ਅਸੀਂ ਸੰਸਾਰੀ ਜੀਵ ਆਪ ਨੂੰ ਭੁੱਲੇ ਹੋਣ ਕਰਕੇ ਨੀਚ ਹਾਂ। ਆਪ ਕਿਰਪਾ ਕਰਕੇ ਸਾਨੂੰ ਵਿਕਾਰਾਂ ਨਾਲ ਲਿਪਤ ਹੋਇਆਂ ਮੂਰਖਾਂ ਦੇ ਪਾਪਾਂ ਦਾ ਨਾਸ਼ ਕਰਕੇ ਸਾਨੂੰ ਬਖ਼ਸ਼ ਲਓ।

**ਮੋ ਸਮ ਪਤਿਤ ਅਧਮ ਨਹੀਂ ਕੋਊ, ਖੀਨ ਦੁਖੀ ਵਿਸਿਆਰ।**
**ਨਾਮ ਸੁਨਹਿ ਨਰਕੁ ਭਜੈ ਹ੍ਵੈ, ਤੁਮ ਬਿਨ ਕਵਨ ਹਮਾਰ॥੧॥**

ਪ੍ਰਭੂ ਜੀ ਆਪ ਨੂੰ ਭੁੱਲਣ ਕਰਕੇ ਸਾਡੇ ਸਮਾਨ ਕੋਈ ਪਾਪੀ ਨਹੀਂ ਹੈ ਪਰ ਆਪ ਜੀ ਦੁਖੀਆਂ 'ਤੇ ਕਿਰਪਾ ਕਰਨ ਵਾਲੇ ਹੋ, ਆਪ ਜੀ ਦਾ ਨਾਮ ਸਿਮਰਨ ਕਰਨ ਨਾਲ ਹੀ ਨਰਕਾਂ ਦਾ ਡਰ ਦੂਰ ਭੱਜ ਜਾਂਦਾ ਹੈ। ਹੇ ਪ੍ਰਭੂ ਜੀ ਆਪ ਤੋਂ ਬਿਨਾਂ ਸਾਡਾ ਹੋਰ ਕੌਣ ਸਹਾਰਾ ਹੈ?

**ਪਤਿਤ ਪਾਵਨ ਬਿੜਦ ਤਿਹਾਰੌਂ, ਆਇ ਪਰੌਂ ਤੋਹਿ ਦੁਆਰ॥**
**ਕਹਿ ਰਵਿਦਾਸ ਇਹੁ ਮਨ ਆਸਾ, ਨਿਜ ਕਰ ਲੇਹੁ ਉਭਾਰ॥੨॥**

ਹੇ ਪ੍ਰਭੂ ਜੀ! ਆਪ ਜੀ ਦਾ ਨਾਮ ਪਾਪੀਆਂ ਨੂੰ ਪਵਿੱਤਰ ਕਰਨ ਵਾਲਾ ਹੈ, ਮੈਂ ਆਪ ਦੇ ਦੁਆਰ 'ਤੇ ਆ ਕੇ ਖੜ੍ਹਾ ਹਾਂ, ਮੇਰੇ 'ਤੇ ਕਿਰਪਾ ਕਰੋ। ਸਤਿਗੁਰੂ ਰਵਿਦਾਸ ਜੀ ਮਹਾਰਾਜ ਅੱਗੇ ਬੇਨਤੀ ਕਰਦੇ ਹਨ ਕਿ ਪ੍ਰਭੂ ਮੇਰੇ ਮਨ ਵਿਚ ਕੇਵਲ ਇਹੀ ਇੱਛਾ ਹੈ ਕਿ ਆਪ ਮੇਰੇ 'ਤੇ ਕਿਰਪਾ ਕਰਕੇ ਮੇਰੇ ਔਗੁਣ ਬਖ਼ਸ਼ ਕੇ ਮੇਰਾ ਉਧਾਰ ਕਰ ਦਿਓ ਜੀ।

*****

# ਸ਼ਬਦ 127

## ਰਾਗ ਬਿਲਾਵਲ

ਐਸਾ ਹੀ ਹਰਿ ਕਿਉਂ ਪਇਵੋ, ਮਨ ਚੰਚਲੁ ਰੇ ਭਾਈ।
ਚਪਲ ਭਇਓ ਚਹੁੰਦਿਸ ਧਾਵਇ, ਰਾਖਇਓ ਰਹਾਇ ॥ਟੇਕ॥
ਮੈਂ ਮੇਰੀ ਛੁਟਇ ਨਹਿੰ ਕਬਹੁੰ, ਮੈਂ ਮੰਮਤਾ ਮਦੁ ਬੀਧਿਓ।
ਲੋਭ ਮੋਹ ਮਹਿ ਰਹਿਓ ਰੁਝਾਨੌ, ਨਿਤ ਵਿਸ਼ਿਆ ਰਸ ਰੀਝਿਓ ॥੧॥
ਡੰਮ ਕੋਹ ਮੋਹ ਮਾਇਆ ਬਸੁ, ਕਪਟ ਕੂੜ ਹੂੰ ਬੰਧਾਇਓ॥
ਕਾਮ ਲੁਬਧੁ ਕੌ ਬਸਿ ਪਰਿਓ, ਕੁਲਕਾਂਨਿ ਛਾਂਡਿ ਬਿਕਾਇਓ ॥੨॥
ਛਾਪਾ ਤਿਲਕ ਛਪੌ ਨਹੀਂ ਸੋਭਇ, ਜੌ ਲੌਂ ਕੇਸੌ ਨਹਿੰ ਗਾਇਓ।
ਸੰਜਮਿ ਰਹਿਓ ਨ ਹਰਿ ਹੂੰ ਸਿਮਰਿਓ, ਬਿਰਥਾ ਭਰਮਿਓ ਰੂ ਭਰਮਾਇਓ ॥੩॥
ਅਨਿਕ ਕੌਤਕ ਕਲਾ ਕਾਛੈ ਕਛੇ, ਬਹੁਰਿ ਸਾਂਗ ਦਿਖਾਵੋ।
ਮੂਰਿਖ ਆਪਨ ਆਪੁ ਸਮੁਝਿ ਨਹਿੰ, ਔਰਨਿ ਕਾ ਸਮੁਝਾਵੋ ॥੪॥
ਆਸ ਕਰੈ ਬੈਕੁੰਠ ਗਵਨ ਕਉ, ਚਲ ਮਨ ਕਭਉ ਨ ਥਿਰਾਇਓ।
ਜੌ ਲੌਂ ਮਨ ਵਸਿ ਨਹਿੰ ਹੂੰਤੌ, ਤੌ ਲਗਿ ਸਭੁ ਜੁਠਾਰਿਓ ॥੫॥
ਕਪਟ ਕੀਆ ਰੀਝਇ ਨਹਿੰ ਕੈਸੌ, ਜਗੁ ਕਰਤਾ ਨਹਿੰ ਕਾਂਚਾ।
ਕਹਿ ਰਵਿਦਾਸ ਭਜੌ ਹਰਿ ਮਾਧੌ, ਸੇਵਗ ਹੋਵੈ ਮਨ ਸਾਂਚਾ ॥੬॥

ਇਸ ਪਾਵਨ ਸ਼ਬਦ ਵਿਚ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਸਭ ਜੀਵਾਂ ਨੂੰ ਹੰਕਾਰ ਨੂੰ ਤਿਆਗ ਕੇ ਪ੍ਰਭੂ ਦਾ ਸਿਮਰਨ ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ।

**ਐਸਾ ਹੀ ਹਰਿ ਕਿਉਂ ਪਇਵੋ, ਮਨ ਚੰਚਲੁ ਰੇ ਭਾਈ।**
**ਚਪਲ ਭਇਓ ਚਹੁੰਦਿਸ ਧਾਵਇ, ਰਾਖਇਓ ਰਹਾਇ ॥ਟੇਕ॥**

ਹੇ ਭਾਈ ਜਿੰਨਾ ਚਿਰ ਤੇਰਾ ਮਨ ਚੰਚਲ ਹੈ ਓਨਾ ਚਿਰ ਤੈਨੂੰ ਪ੍ਰਭੂ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ? ਪ੍ਰਭੂ ਤੋਂ ਬਿਨਾਂ ਤੇਰੀ ਕਿਸੇ ਨੇ ਰੱਖਿਆ ਨਹੀਂ ਕਰਨੀ ਭਾਵੇਂ ਤੂੰ ਚਾਰੇ ਪਾਸੇ ਘੁੰਮ ਲੈ।

**ਮੈਂ ਮੇਰੀ ਛੁਟਇ ਨਹਿੰ ਕਬਹੁੰ, ਮੈਂ ਮੰਮਤਾ ਮਦੁ ਬੀਧਿਓ।**
**ਲੋਭ ਮੋਹ ਮਹਿ ਰਹਿਓ ਰੁਝਾਨੌ, ਨਿਤ ਵਿਸ਼ਿਆ ਰਸ ਰੀਝਿਓ ॥੧॥**

ਤੇਰੇ ਮਨ 'ਚੋਂ ਮੈਂ ਮੇਰੀ ਦਾ ਹੰਕਾਰ ਕਦੀ ਨਹੀਂ ਹਟਦਾ ਅਤੇ ਮਮਤਾ ਤੇ ਹੰਕਾਰ ਵਿਚ ਮਨ ਬੰਨ੍ਹਿਆ ਹੋਇਆ ਹੈ। ਲੋਭ ਅਤੇ ਮੋਹ ਵਿਚ ਜੀਵ ਦਾ ਮਨ ਉਲਝਿਆ ਹੋਇਆ ਹੈ ਅਤੇ ਹਰ ਸਮੇਂ ਵਿਸ਼ਿਆ ਵਿਚ ਲੱਗਾ ਹੋਇਆ ਹੈ।

**ਡੰਮ ਕੋਹ ਮੋਹ ਮਾਇਆ ਬਸੁ, ਕਪਟ ਕੂੜ ਹੂੰ ਬੰਧਾਇਓ॥**
**ਕਾਮ ਲੁਬਧੁ ਕੌ ਬਸਿ ਪਰਿਓ, ਕੁਲਕਾਂਨਿ ਛਾਂਡਿ ਬਿਕਾਇਓ ॥੨॥**



ਆਡੰਬਰਾਂ ਕਾਰਨ ਜੀਵ ਮਾਇਆ ਵਿਚ ਫਸਿਆ ਹੋਇਆ ਹੈ ਅਤੇ ਕਪਟ-ਕੂੜ ਵੱਲ ਆਪਣੇ ਧਿਆਨ ਨੂੰ ਵਧਾਇਆ ਹੋਇਆ ਹੈ। ਕਾਮ ਰੂਪੀ ਸ਼ਿਕਾਰੀ ਦੇ ਵੱਸ ਹੋਇਆ ਆਪਣੀ ਕੁਲ ਦੀ ਮਰਿਆਦਾ ਨੂੰ ਛੱਡ ਕੇ ਵਿਕਿਆ ਹੋਇਆ ਹੈ।

**ਛਾਪਾ ਤਿਲਕ ਛਪੌ ਨਹੀਂ ਸੋਭਇ, ਜੌ ਲੌਂ ਕੇਸੌ ਨਹਿੰ ਗਾਇਓ।**
**ਸੰਜਮਿ ਰਹਿਓ ਨ ਹਰਿ ਹੂੰ ਸਿਮਰਿਓ, ਬਿਰਥਾ ਭਰਮਿਓ ਰੂ ਭਰਮਾਇਓ ॥੩॥**

ਬਾਹਰੀ ਸ਼ਿੰਗਾਰ ਤੇ ਤਿਲਕ ਆਦਿ ਪ੍ਰਭੂ ਦੇ ਗੁਣਗਾਣ ਤੋਂ ਬਿਨਾਂ ਸ਼ੋਭਦੇ ਨਹੀਂ ਹਨ। ਜੀਵ ਨੇ ਸੰਜਮ ਨਾ ਰੱਖ ਕੇ ਪ੍ਰਭੂ ਦਾ ਸਿਮਰਨ ਨਹੀਂ ਕੀਤਾ ਅਤੇ ਆਪਣਾ ਅਮੋਲਕ ਜਨਮ ਬੇਅਰਥ ਭਰਮਾਂ ਵਿਚ ਫਸ ਕੇ ਗਵਾ ਰਿਹਾ ਹੈ।

**ਅਨਿਕ ਕੌਤਕ ਕਲਾ ਕਾਛੈ ਕਛੇ, ਬਹੁਰਿ ਸਾਂਗ ਦਿਖਾਵੋ।**
**ਮੂਰਿਖ ਆਪਨ ਆਪੁ ਸਮੁਝਿ ਨਹਿੰ, ਔਰਨਿ ਕਾ ਸਮੁਝਾਵੋ ॥੪॥**

ਜੀਵ ਅਨੇਕਾਂ ਪ੍ਰਕਾਰ ਦੇ ਕਲਾ-ਕੌਤਕ ਕਰਦਾ ਹੋਇਆ ਬਹੁਤ ਪਖੰਡ ਰੂਪੀ ਸਾਂਗ ਬਣਾਉਂਦਾ ਹੈ ਅਤੇ ਮੂਰਖ ਮਨ ਆਪਣੇ ਆਪ ਨੂੰ ਸਮਝਦਾ ਨਹੀਂ ਅਤੇ ਦੂਸਰਿਆਂ ਨੂੰ ਸਮਝਾਉਂਦਾ ਹੈ।

**ਆਸ ਕਰੈ ਬੈਕੁੰਠ ਗਵਨ ਕਉ, ਚਲ ਮਨ ਕਭਉ ਨ ਥਿਰਾਇਓ।**
**ਜੌ ਲੌਂ ਮਨ ਵਸਿ ਨਹਿੰ ਹੂੰਤੌ, ਤੌ ਲਗਿ ਸਭੁ ਜੁਠਾਰਿਓ ॥੫॥**

ਇਹ ਜੀਵ ਆਸ ਤਾਂ ਬੈਕੁੰਠ ਵਿਚ ਜਾਣ ਦੀ ਕਰਦਾ ਹੈ ਪਰ ਇਸਦਾ ਮਨ ਸਥਿਰ ਨਹੀਂ ਹੁੰਦਾ। ਜਦੋਂ ਤੱਕ ਜੀਵ ਦਾ ਮਨ ਉਸਦੇ ਵੱਸ ਵਿਚ ਨਹੀਂ ਹੁੰਦਾ ਓਦੋਂ ਤੱਕ ਸਭ ਕੁਝ ਝੂਠ ਹੈ।

**ਕਪਟ ਕੀਆ ਰੀਝਇ ਨਹਿੰ ਕੈਸੌ, ਜਗੁ ਕਰਤਾ ਨਹਿੰ ਕਾਂਚਾ।**
**ਕਹਿ ਰਵਿਦਾਸ ਭਜੌ ਹਰਿ ਮਾਧੌ, ਸੇਵਗ ਹੋਵੈ ਮਨ ਸਾਂਚਾ ॥੬॥**

ਕਪਟ ਕਰਨ ਨਾਲ ਪ੍ਰਭੂ ਖੁਸ਼ ਨਹੀਂ ਹੁੰਦਾ, ਉਹ ਪ੍ਰਭੂ ਸੰਸਾਰ ਦਾ ਕਰਤਾ ਘਟ ਘਟ ਦੀ ਜਾਨਣ ਵਾਲਾ ਹੈ। ਸਤਿਗੁਰੂ ਰਵਿਦਾਸ ਜੀ ਮਹਾਰਾਜ ਉਚਾਰਨ ਕਰਦੇ ਹਨ ਕਿ ਪ੍ਰਭੂ ਦਾ ਸਿਮਰਨ ਕਰਨ ਨਾਲ ਜੀਵ ਦਾ ਮਨ ਸੱਚਾ ਹੁੰਦਾ ਹੈ।

******

# ਸ਼ਬਦ 128

**ਕਾ ਗਾਊਂ ਕਛੁ ਗਾਇ ਨ ਹੋਇ, ਗਾਊਂ ਰੂਪ ਸਹਜੈ ਸੋਇ॥ ਟੇਕ॥**
**ਨਹਿੰ ਅਕਾਸ ਨਹਿੰ ਧਰ ਧਰਣੀ, ਪਵਨ ਪੁਰ ਘਟ ਚੰਦਾ।**
**ਨਹਿੰ ਅਬ ਰਾਮ ਕ੍ਰਿਸਨ ਗੁਣ ਭਾਈ, ਬੋਲਤ ਹੈ ਸੁਛ ਛੰਦਾ ॥੧॥**

**ਨਹਿ ਅਬ ਬੇਦ ਕਤੇਬ ਪੁਰਾਨਨਿ, ਸੁਨਿ ਸਹਿਜ ਰੇ ਭਾਈ।**
**ਨਹਿੰ ਅਬ ਮੈਂ ਤੈਂ, ਤੈਂ ਮੈਂ ਨਾਂਹੀ, ਕਾ ਸਿਉਂ ਕਹੋਂ ਬਤਾਈ॥੨॥**
**ਭਣੈ ਰਵਿਦਾਸ ਕਾ ਕਹਿ ਗਾਊਂ, ਗਾਇਨ ਗਾਇ ਹਰਾਣਾ।**
**ਸਮੁਝਿ ਬਿਚਾਰਿ ਬੋਲਿ ਕਹਾਂ ਘੈਂ, ਆਪਹਿ ਆਪ ਸਮਾਣਾ॥੩॥**

ਇਸ ਸ਼ਬਦ ਵਿਚ ਜਗਤਗੁਰੂ ਰਵਿਦਾਸ ਮਹਾਰਾਜ ਜੀ ਸਭ ਜੀਵਾਂ ਨੂੰ ਆਡੰਬਰਾਂ ਤੋਂ ਮੁਕਤ ਹੋ ਕੇ ਇਕ ਮਨ-ਚਿੱਤ ਹੋ ਕੇ ਪ੍ਰਭੂ ਦੇ ਗੁਣ ਗਾਉਣ ਦਾ ਪਾਵਨ ਉਪਦੇਸ਼ ਦਿੰਦੇ ਹਨ।

**ਕਾ ਗਾਊਂ ਕਛੁ ਗਾਇ ਨ ਹੋਇ, ਗਾਊਂ ਰੂਪ ਸਹਜੈ ਸੋਇ॥ ਟੇਕ॥**

ਮੈਂ ਪ੍ਰਭੂ ਦੇ ਗੁਣ ਕੀ ਗਾਵਾਂ? ਉਸਦੇ ਗੁਣ ਗਾਏ ਨਹੀਂ ਜਾ ਸਕਦੇ। ਸੱਚੇ ਮਨ ਨਾਲ ਗਾਉਣ ਵਾਲਾ ਸਹਿਜ ਰੂਪ ਅਵਸਥਾ ਵਿਚ ਪਹੁੰਚ ਜਾਂਦਾ ਹੈ।

**ਨਹਿੰ ਅਕਾਸ ਨਹਿੰ ਧਰ ਧਰਣੀ, ਪਵਨ ਪੁਰ ਘਟ ਚੰਦਾ।**
**ਨਹਿੰ ਅਬ ਰਾਮ ਕ੍ਰਿਸਨ ਗੁਣ ਭਾਈ, ਬੋਲਤ ਹੈ ਸੁਛ ਛੰਦਾ॥੧॥**

ਉਹ ਪ੍ਰਭੂ ਨਾ ਕੇਵਲ ਆਕਾਸ਼ ਹੈ, ਨਾ ਕੇਵਲ ਧਰਤੀ ਹੈ, ਨਾ ਕੇਵਲ ਹਵਾ ਹੈ ਅਤੇ ਨਾ ਹੀ ਕੇਵਲ ਚੰਦ ਹੈ। ਉਹ ਪ੍ਰਭੂ ਤਾਂ ਸਰਵ-ਵਿਆਪਕ ਹੈ। ਨਾ ਮੈਂ ਕ੍ਰਿਸ਼ਨ ਅਤੇ ਰਾਮ ਦੇ ਗੁਣ ਗਾਉਂਦਾ ਹਾਂ, ਇਹ ਗੱਲ ਮੈਂ ਸੱਚ ਕਹਿੰਦਾ ਹਾਂ।

**ਨਹਿੰ ਅਬ ਬੇਦ ਕਤੇਬ ਪੁਰਾਨਨਿ, ਸੁਨਿ ਸਹਿਜ ਰੇ ਭਾਈ।**
**ਨਹਿੰ ਅਬ ਮੈਂ ਤੈਂ, ਤੈਂ ਮੈਂ ਨਾਂਹੀ, ਕਾ ਸਿਉਂ ਕਹੋਂ ਬਤਾਈ॥੨॥**

ਹੇ ਭਾਈ! ਨਾਂ ਹੀ ਮੈਨੂੰ ਹੁਣ ਵੇਦਾਂ, ਕਤੇਬਾਂ ਅਤੇ ਪੁਰਾਣਾ ਆਦਿ ਦੇ ਪੜ੍ਹਨ ਦੀ ਲੋੜ ਹੈ। ਸੱਚਾ ਆਨੰਦ ਪ੍ਰਭੂ ਦੀ ਸੁੰਨ ਸਹਿਜ ਅਵਸਥਾ ਵਿਚ ਪਹੁੰਚ ਕੇ ਪ੍ਰਾਪਤ ਹੋਇਆ ਹੈ, ਹੁਣ ਮੇਰਾ ਤੇਰਾ ਤੇ ਤੇਰਾ ਮੇਰਾ ਦਾ ਭੇਦ ਖ਼ਤਮ ਹੋ ਗਿਆ ਹੈ। ਇਹ ਗੱਲ ਮੈਂ ਕਿਸ ਨੂੰ ਦੱਸਾਂ?

**ਭਣੈ ਰਵਿਦਾਸ ਕਾ ਕਹਿ ਗਾਊਂ, ਗਾਇਨ ਗਾਇ ਹਰਾਣਾ।**
**ਸਮੁਝਿ ਬਿਚਾਰਿ ਬੋਲਿ ਕਹਾਂ ਘੈਂ, ਆਪਹਿ ਆਪ ਸਮਾਣਾ॥੩॥**

ਸਤਿਗੁਰੂ ਰਵਿਦਾਸ ਜੀ ਉਚਾਰਨ ਕਰਦੇ ਹਨ ਕਿ ਮੈਂ ਹੁਣ ਪ੍ਰਭੂ ਦੇ ਗੁਣ ਕੀ ਗਾਵਾਂ? ਪ੍ਰਭੂ ਦੇ ਗੁਣ ਬੇਅੰਤ ਹਨ। ਇਹ ਜੀਵ ਗਾਉਂਦਾ ਗਾਉਂਦਾ ਹਾਰ ਜਾਂਦਾ ਹੈ। ਇਹ ਜੀਵ ਪ੍ਰਭੂ ਦੀ ਮਹਿਮਾ ਸਮਝ ਕੇ ਉਸ 'ਤੇ ਵਿਚਾਰ ਕੇ ਕੀ ਬੋਲ ਸਕਦਾ ਹੈ? ਸੱਚੇ ਮਨ ਨਾਲ ਇਹ ਪ੍ਰਭੂ ਦੇ ਗੁਣ ਗਾ ਕੇ ਉਸ ਵਿਚ ਸਮਾ ਜਾਂਦਾ ਹੈ।

******



## ਸ਼ਬਦ 129

**ਅਬ ਕਾ ਕਹਿ ਕੌਨ ਬਤਾਊਂ।**
**ਅਬ ਕਾ ਕਹਿ ਦੇਬਲਿ ਦੇਵ ਸਮਾਊਂ॥ਟੇਕ॥**
**ਕਾ ਸਿਊਂ ਰਾਮ ਕਹੌਂ ਸੁਨਿ ਭਾਈ, ਕਾ ਸਿਊਂ ਕ੍ਰਿਸਨ ਕਰੀਮਾਂ।**
**ਕਾ ਸਿਊਂ ਬੇਦ ਕਤੇਬ ਕਹੂੰ ਅਬ, ਕਾ ਸਿਊਂ ਕਹੂੰ ਲਇਓ ਲੀਨਾ।**
**ਕਾ ਸਿਊਂ ਤਪ ਤੀਰਥ ਬਰਤ ਪੂਜਾ, ਕਾ ਸਿਊਂ ਨਾਉਂ ਕਹਾਊਂ॥੧॥**
**ਕਾ ਸਿਊਂ ਭਿਸਿਤ ਦੋਜਿਗੁ ਨਾ ਸਤਿ ਕਰਿ,**
**ਕਾ ਸਿਊਂ ਕਹੂੰ ਕਹਾਈ॥੨॥**
**ਕਾ ਸਿਊਂ ਜੀਵ ਸੀਵ ਕਹੌਂ ਸਾਧੌਂ, ਸੁੰਨਿ ਸਹਜਿ ਘਰਿ ਭਾਈ॥**
**ਕਾ ਸਿਊਂ ਗੁਣੀ ਨ ਗੁਣ ਕਹੂੰ ਮਾਧੌਂ, ਕਾ ਸਿਊਂ ਕਹੂੰ ਬਤਾਈ॥੩॥**
**ਜਲ ਕੇ ਤਰੰਗ ਜਲ ਮਾਂਹਿ ਸਮਾਈ, ਕਹਿ ਕਾ ਕੌ ਨਾਂਵ ਧਰਈਏ।**
**ਐਸੇ ਏਕ ਰੂਪ ਮੈਂ ਮਾਧੋ, ਆਪਣ ਹੀ ਨਿਰਵਰਿਏ॥੪॥**
**ਭਣੈ ਰਵਿਦਾਸ ਅਬ ਕਾ ਕਹਿ ਗਾਊਂ, ਜਉ ਕੋਈ ਔਰਹਿ ਹੋਈ।**
**ਜਾ ਸਿਊਂ ਗਾਇਏ ਗਾਇ ਕਹਤ ਹੈਂ, ਪਰਮ ਰੂਪ ਹਮ ਸੋਈ॥੫॥**

ਇਸ ਪਾਵਨ ਸ਼ਬਦ ਵਿਚ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਸਭ ਜੀਵਾਂ ਨੂੰ ਪ੍ਰਭੂ ਦੇ ਗੁਣ ਗਾਉਣ ਦਾ ਪਾਵਨ ਉਪਦੇਸ਼ ਦਿੰਦੇ ਹਨ।

**ਅਬ ਕਾ ਕਹਿ ਕੌਨ ਬਤਾਊਂ।**
**ਅਬ ਕਾ ਕਹਿ ਦੇਬਲਿ ਦੇਵ ਸਮਾਊਂ॥ਟੇਕ॥**

ਹੁਣ ਮੈਂ ਪ੍ਰਭੂ ਨੂੰ ਕੀ ਕਹਿ ਕੇ ਉਸ ਦੇ ਗੁਣ ਗਾਵਾਂ? ਪ੍ਰਭੂ ਨੂੰ ਛੱਡ ਕੇ ਮੈਂ ਹੋਰ ਕਿਹੜੇ ਦੇਵੀ-ਦੇਵਤੇ ਵਿਚ ਸਮਾਉਣਾ ਕਰਾਂ?

**ਕਾ ਸਿਊਂ ਰਾਮ ਕਹੌਂ ਸੁਨਿ ਭਾਈ, ਕਾ ਸਿਊਂ ਕ੍ਰਿਸਨ ਕਰੀਮਾਂ।**
**ਕਾ ਸਿਊਂ ਬੇਦ ਕਤੇਬ ਕਹੂੰ ਅਬ, ਕਾ ਸਿਊਂ ਕਹੂੰ ਲਇਓ ਲੀਨਾ।**

ਹੇ ਭਾਈ! ਮੈਂ ਸਰਵ-ਵਿਆਪਕ ਪ੍ਰਭੂ ਤੋਂ ਬਿਨਾਂ ਕਿਸਨੂੰ ਰਾਮ ਕਹਾਂ, ਕਿਸਨੂੰ ਕ੍ਰਿਸ਼ਨ ਕਰੀਮ ਕਹਾਂ? ਅਤੇ ਮੈਂ ਹੁਣ ਪ੍ਰਭੂ ਦਾ ਸਿਮਰਨ ਛੱਡ ਕੇ ਹੋਰ ਕਿਹੜੇ ਵੇਦਾਂ-ਕਤੇਬਾਂ ਨੂੰ ਪੜ੍ਹਾਂ ਅਤੇ ਕਿਸ ਵਿਚ ਸਮਾਵਾਂ?

**ਕਾ ਸਿਊਂ ਤਪ ਤੀਰਥ ਬਰਤ ਪੂਜਾ, ਕਾ ਸਿਊਂ ਨਾਉਂ ਕਹਾਊਂ॥੧॥**

ਪ੍ਰਭੂ ਨੂੰ ਛੱਡ ਕੇ ਮੈਂ ਕੀ ਤਪ ਕਰਾਂ, ਕੀ ਤੀਰਥਾਂ 'ਤੇ ਇਸ਼ਨਾਨ ਕਰਾਂ, ਕੀ ਵਰਤ ਅਤੇ ਪੂਜਾ ਕਰਾਂ? ਅਤੇ ਕਿਸ ਨਾਮ ਨਾਲ ਪੁਕਾਰਾਂ?

**ਕਾ ਸਿਊਂ ਭਿਸਿਤ ਦੋਜਿਗੁ ਨਾ ਸਤਿ ਕਰਿ,**
**ਕਾ ਸਿਊਂ ਕਹੂੰ ਕਹਾਈ॥੨॥**

ਪ੍ਰਭੂ ਦਾ ਸਿਮਰਨ ਕਰਨ ਕਰਕੇ ਮੈਂ ਸਵਰਗ ਅਤੇ ਨਰਕ ਨੂੰ ਸਤਿ ਕਰਕੇ ਨਹੀਂ ਜਾਣਿਆ ਅਤੇ ਕਿਸੇ ਦੇ ਕਹੇ ਕਹਾਏ ਮੈਂ ਕੁਝ ਨਹੀਂ ਕਹਿੰਦਾ।

**ਕਾ ਸਿਊਂ ਜੀਵ ਸੀਵ ਕਹੌਂ ਸਾਧੌਂ, ਸੁੰਨਿ ਸਹਜਿ ਘਰਿ ਭਾਈ॥**

**ਕਾ ਸਿਉਂ ਗੁਣੀ ਨ ਗੁਣ ਕਹੂੰ ਮਾਧੌ, ਕਾ ਸਿਉਂ ਕਹੂੰ ਬਤਾਈ ॥੩॥**

ਹੇ ਸਾਧੋ! ਆਪ ਤੋਂ ਬਿਨਾਂ ਕਿਸ ਜੀਵ ਨੂੰ ਮੈਂ ਕਲਿਆਣ ਕਰਨ ਵਾਲਾ ਕਹਾਂ? ਹੇ ਭਾਈ, ਉਸਦੀ ਪ੍ਰਾਪਤੀ ਤਾਂ ਸਹਿਜ ਸੁੰਨ ਅਵਸਥਾ ਵਿਚ ਪਹੁੰਚ ਕੇ ਹੁੰਦੀ ਹੈ। ਹੇ ਪ੍ਰਭੂ ਜੀ, ਆਪ ਤੋਂ ਬਿਨਾਂ ਮੈਂ ਕਿਸ ਨੂੰ ਗੁਣੀ ਜਨ ਕਹਾਂ, ਆਪ ਮੈਨੂੰ ਇਹ ਦੱਸ ਦਿਓ?

**ਜਲ ਕੇ ਤਰੰਗ ਜਲ ਮਾਂਹਿ ਸਮਾਈ, ਕਹਿ ਕਾ ਕੌ ਨਾਂਵ ਧਰਈਏ।**
**ਐਸੇ ਏਕ ਰੂਪ ਮੈਂ ਮਾਧੋ, ਆਪਣ ਹੀ ਨਿਰਵਰਿਏ ॥੪॥**

ਤਰੰਗ ਪਾਣੀ ਤੋਂ ਉਤਪੰਨ ਹੁੰਦੀ ਹੈ ਅਤੇ ਪਾਣੀ ਵਿਚ ਸਮਾ ਜਾਂਦੀ ਹੈ, ਇਸ ਲਈ ਜੀਵ ਪ੍ਰਭੂ ਤੋਂ ਉਤਪੰਨ ਹੋਇਆ ਹੈ ਅਤੇ ਪ੍ਰਭੂ ਵਿਚ ਸਮਾ ਜਾਂਦਾ ਹੈ। ਫਿਰ ਇਸਨੂੰ ਕਿਹੜਾ ਨਾਮ ਦਿੱਤਾ ਜਾਵੇ? ਪ੍ਰਭੂ ਜੀ ਆਪ ਜੀ ਦਾ ਸਿਮਰਨ ਕਰਕੇ ਜੀਵ ਆਪ ਜੀ ਦਾ ਹੀ ਰੂਪ ਹੋ ਜਾਂਦਾ ਹੈ। ਆਪ ਆਪੇ ਹੀ ਕ੍ਰਿਪਾ ਕਰਨ ਵਾਲੇ ਹੋ।

**ਭਣੈ ਰਵਿਦਾਸ ਅਬ ਕਾ ਕਹਿ ਗਾਊਂ, ਜਉ ਕੋਈ ਔਰਹਿ ਹੋਈ।**
**ਜਾ ਸਿਉਂ ਗਾਇਏ ਗਾਇ ਕਹਤ ਹੈਂ, ਪਰਮ ਰੂਪ ਹਮ ਸੋਈ ॥੫॥**

ਸਤਿਗੁਰੂ ਰਵਿਦਾਸ ਜੀ ਉਚਾਰਣ ਕਰਦੇ ਹਨ ਕਿ ਹੁਣ ਮੈਂ ਕਿਸ ਦੇ ਗੁਣ ਗਾਵਾਂ? ਕਿਉਂਕਿ ਪ੍ਰਭੂ ਤੋਂ ਬਿਨਾਂ ਹੋਰ ਕੋਈ ਨਹੀਂ ਹੈ। ਹੁਣ ਮੈਂ ਕਿਸਨੂੰ ਉਸਦੇ ਗੁਣ ਗਾਉਣ ਨੂੰ ਕਹਾਂ? ਕਿਉਂਕਿ ਮੈਂ ਪ੍ਰਭੂ ਦਾ ਸਿਮਰਨ ਕਰਕੇ ਉਸਦਾ ਰੂਪ ਹੋ ਗਿਆ ਹਾਂ।

*****

## ਸ਼ਬਦ 130

**ਖੋਜਤ ਕਿਥੂੰ ਫਿਰੈ, ਤੇਰੇ ਘਟ ਮਹਿ ਸਿਰਜਨਹਾਰ ॥ਟੇਕ॥**
**ਕਸਤੂਰੀ ਮ੍ਰਿਗ ਪਾਸ ਹੈ ਰੇ, ਢੂੰਢਤ ਘਾਸ ਫਿਰੈ।**
**ਪਾਛੈ ਲਾਗੋ ਕਾਲ ਪਾਰਧੀ, ਛਿਨ ਮਹਿੰ ਪ੍ਰਾਨ ਹਰੈ ॥੧॥**
**ਇੜਾ ਪਿੰਗਲਾ ਸੁਖਮਨਾ ਨਾੜੀ, ਜਾ ਮੈਂ ਚਿਤ ਨ ਧਰੈ॥**
**ਸਹਸਤਾਰ ਮਹਿੰ ਭੰਵਰ ਗੁਫਾ ਹੈ, ਭੰਵਰਾ ਗੂੰਜ ਕਰੈ ॥੨॥**
**ਦਿਲ ਦਰਿਯਾਵ ਹੀਰਾ ਲਾਲ ਹੈ, ਗੁਰਮੁਖ ਸਮਝ ਪਰੈ।**
**ਮਰਜੀ ਵਾ ਕੀ ਸੈਨ ਵਿਚਾਰੈ, ਤਉ ਹੀਰਾ ਹਾਥ ਪਰੈ ॥੩॥**
**ਕਹਿ ਰਵਿਦਾਸ ਸਮੁਝਿ ਰੇ ਸੰਤੋ, ਇਹੁ ਪਦ ਹੈ ਨਿਰਵਾਨ।**
**ਇਹੁ ਰਹਸਿ ਕੋਉ ਖੋਜੈ ਬੂਝੇ ਸੋਉ ਹੈ ਸੰਤ ਸੁਜਾਨ ॥੪॥**

ਇਸ ਪਾਵਨ ਸ਼ਬਦ ਰਾਹੀਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਸੰਸਾਰੀ ਜੀਵਾਂ ਨੂੰ ਤ੍ਰਿਕੁਟੀ ਵਿਖੇ ਧਿਆਨ ਟਿਕਾ ਕੇ, ਆਪਣੇ ਅੰਦਰ ਬਿਰਾਜਮਾਨ ਪ੍ਰਭੂ ਦੀ ਖੋਜ ਕਰਕੇ, ਨਿਰਵਾਣ ਪਦ ਦੀ ਪ੍ਰਾਪਤੀ ਕਰਨ ਦਾ



ਉਪਦੇਸ਼ ਦਿੰਦੇ ਹਨ।

**ਖੋਜਤ ਕਿਥੂੰ ਫਿਰੈ, ਤੇਰੇ ਘਟ ਮਹਿ ਸਿਰਜਨਹਾਰ ॥ਟੇਕ॥**

ਹੇ ਜੀਵ! ਤੂੰ ਪਰਮਾਤਮਾ ਨੂੰ ਕਿੱਥੇ ਬਾਹਰ ਖੋਜਦਾ ਫਿਰਦਾ ਹੈ? ਸਿਰਜਣਹਾਰ ਪ੍ਰਭੂ ਤਾਂ ਤੇਰੇ ਅੰਦਰ ਹੈ।

**ਕਸਤੂਰੀ ਮ੍ਰਿਗ ਪਾਸ ਹੈ ਰੇ, ਢੂੰਢਤ ਘਾਸ ਫਿਰੈ।**
**ਪਾਛੈ ਲਾਗੋ ਕਾਲ ਪਾਰਧੀ, ਛਿਨ ਮਹਿੰ ਪ੍ਰਾਨ ਹਰੈ ॥੧॥**

ਹਿਰਨ ਦੀ ਨਾਭੀ ਵਿਚ ਕਸਤੂਰੀ ਹੁੰਦੀ ਹੈ ਉਹ ਬਾਹਰ ਘਾਹ ਉੱਪਰ ਲੱਭਦਾ ਫਿਰਦਾ ਹੈ। ਇਸੇ ਪ੍ਰਕਾਰ ਪ੍ਰਭੂ ਤੇਰੇ ਅੰਦਰ ਹੈ ਪਰ ਤੂੰ ਅਗਿਆਨਤਾ ਕਾਰਨ ਉਸ ਪ੍ਰਭੂ ਨੂੰ ਬਾਹਰ ਲੱਭਦਾ ਫਿਰਦਾ ਹੈ। ਪਰ ਕਾਲ ਰੂਪੀ ਮੌਤ ਤੇਰੇ ਪਿੱਛੇ ਲੱਗੀ ਹੋਈ ਹੈ ਅਤੇ ਅੰਤ ਸਮੇਂ ਆਉਣ ਤੇ ਇਕ ਛਿਨ ਵਿਚ ਉਸ ਨੇ ਤੇਰੇ ਪ੍ਰਾਣ ਕੱਢ ਲੈਣੇ ਹਨ।

**ਇੜਾ ਪਿੰਗਲਾ ਸੁਖਮਨਾ ਨਾੜੀ, ਜਾ ਮੈਂ ਚਿਤ ਨ ਧਰੈ॥**
**ਸਹਸਤਾਰ ਮਹਿੰ ਭੰਵਰ ਗੁਫਾ ਹੈ, ਭੰਵਰਾ ਗੂੰਜ ਕਰੈ ॥੨॥**

ਹੇ ਜੀਵ! ਤੂੰ ਈੜਾ, ਪਿੰਗਲਾ, ਸੁਖਮਨਾਂ ਜਿੱਥੇ ਤਿੰਨੋਂ ਨਾੜੀਆਂ ਇਕੱਠੀਆਂ ਹੁੰਦੀਆਂ ਹਨ, ਅਤੇ ਇਸ ਤ੍ਰਿਕੁਟੀ ਵਿਖੇ ਧਿਆਨ ਲਗਾ ਕੇ ਪ੍ਰਭੂ ਨੂੰ ਆਪਣੇ ਚਿੱਤ ਵਿਚ ਯਾਦ ਨਹੀਂ ਕਰਦਾ। ਸਹੰਸਦਲ ਕਮਲ ਵਿਖੇ ਭੰਵਰ ਗੁਫ਼ਾ ਹੈ ਜਿੱਥੇ ਪ੍ਰਭੂ ਦਾ ਨਾਮ ਗੂੰਜ ਰਿਹਾ ਹੈ।

**ਦਿਲ ਦਰਿਯਾਵ ਹੀਰਾ ਲਾਲ ਹੈ, ਗੁਰਮੁਖ ਸਮਝ ਪਰੈ।**
**ਮਰਜੀ ਵਾ ਕੀ ਸੈਨ ਵਿਚਾਰੈ, ਤਉ ਹੀਰਾ ਹਾਥ ਪਰੈ ॥੩॥**

ਇਸ ਭੰਵਰ ਗੁਫਾ ਵਿਖੇ ਹੀ ਤੇਰਾ ਦਿਲ ਦਰਿਆ ਵਾਂਗ ਵਿਸ਼ਾਲ ਹੈ। ਜਿੱਥੇ ਪ੍ਰਭੂ ਦੇ ਨਾਮ ਰੂਪੀ ਅਮੋਲਕ ਲਾਲ ਹੀਰਾ ਪਿਆ ਹੈ ਪਰ ਇਸ ਗੱਲ ਦੀ ਸਮਝ ਗੁਰਮੁਖ ਨੂੰ ਪੈਂਦੀ ਹੈ। ਜੋ ਗੁਰੂ ਦੇ ਸਤ ਉਪਦੇਸ਼ ਰੂਪੀ ਇਸ਼ਾਰੇ 'ਤੇ ਚੱਲਦਾ ਹੈ ਅਤੇ ਪ੍ਰਭੂ ਦੇ ਨਾਮ ਦੀ ਵਿਚਾਰ ਕਰਦਾ ਹੈ ਉਹ ਪ੍ਰਭੂ ਦੇ ਨਾਮ ਰੂਪੀ ਹੀਰੇ ਨੂੰ ਪ੍ਰਾਪਤ ਕਰ ਲੈਂਦਾ ਹੈ।

**ਕਹਿ ਰਵਿਦਾਸ ਸਮੁਝਿ ਰੇ ਸੰਤੋ, ਇਹੁ ਪਦ ਹੈ ਨਿਰਵਾਨ।**
**ਇਹੁ ਰਹਸਿ ਕੋਉ ਖੋਜੈ ਬੂਝੇ ਸੋਉ ਹੈ ਸੰਤ ਸੁਜਾਨ ॥੪॥**

ਸਤਿਗੁਰੂ ਰਵਿਦਾਸ ਮਹਾਰਾਜ ਜੀ ਸੰਬੋਧਨ ਕਰਦੇ ਹਨ, ਹੇ ਸੰਤੋਂ ਇਸ ਪ੍ਰਕਾਰ ਪ੍ਰਭੂ ਦੀ ਭਗਤੀ ਹੀ ਨਿਰਵਾਣ ਪਦ ਹੈ। ਜੋ ਜੀਵ ਆਪਣੇ ਅੰਦਰ ਬਿਰਾਜਮਾਨ ਪ੍ਰਭੂ ਦੇ ਭੇਦ ਨੂੰ ਖੋਜ ਕੇ ਜਾਣ ਲੈਂਦਾ ਹੈ ਉਹ ਹੀ ਸ਼੍ਰੇਸ਼ਟ ਸੰਤ ਹੈ।

******

## ਸ਼ਬਦ 131

**ਸੰਤੋ ਕੁਲ ਪਖੀ ਭਗਤਿ ਹ੍ਵੈਸੀ ਕਲਿਯੁਗ ਮੇਂ,**
**ਨਿਪਖ ਬਿਰਲਾ ਨਿਵਹੈਸੀ।**
**ਜਾਨਿ ਪਿਛਾਨਿ ਹਰਿਸ਼ ਮਨ ਹੁਲਸੈ,**
**ਬਿਨ ਪਿਛਾਨਿ ਮਿਲਤ ਮੁਰਝਾਸੀ॥੧॥**
**ਅਪਸਵਾਰਥ ਪਰਮਾਧਿ, ਦਧਆਦੇ, ਪਰਮਾਰਥ ਨ ਦਿੜਾਸੀ।**
**ਬਿਨ ਬਿਸਵਾਸ ਬਾਂਝ ਸੁਤਿ ਜਇਸੈ, ਹਰਿ ਕਾਰਨਿ ਕਿਉਂ ਰਾਸੀ॥੨॥**
**ਭਾਵ ਭਗਤਿ ਹਿਰਦੈ ਨਹਿੰ ਆਸੀ, ਵਿਸ਼ੈ ਲਾਗੀ ਸੁਖ ਪਾਸੀ।**
**ਕਹਿ ਰਵਿਦਾਸ ਪੂਰਾ ਗੁਰ ਪਾਵੈ, ਸਵਾਂਗ ਕੀ ਸਵਾਂਗ ਦੁਖਾਸੀ॥੩॥**

ਜਗਤ ਗੁਰੂ ਰਵਿਦਾਸ ਜੀ ਜੀਵਾਂ ਨੂੰ ਆਡੰਬਰਾਂ ਭਰੀ ਬਾਹਰੀ ਦਿਖਾਵੇ ਦੀ ਪੱਖਵਾਦੀ ਭਗਤੀ ਤਿਆਗ ਕੇ ਪ੍ਰਭੂ ਦੀ ਸੱਚੀ ਪ੍ਰੇਮਾ-ਭਗਤੀ ਜੋ ਕਿ ਪੂਰਨ ਗੁਰੂ ਦੇ ਮਿਲਾਪ ਨਾਲ ਉਤਪੰਨ ਹੁੰਦੀ ਹੈ, ਦੇ ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ।

**ਸੰਤੋ ਕੁਲ ਪਖੀ ਭਗਤਿ ਹ੍ਵੈਸੀ ਕਲਿਯੁਗ ਮੇਂ,**
**ਨਿਪਖ ਬਿਰਲਾ ਨਿਵਹੈਸੀ।**

ਹੇ ਸੰਤੋਂ! ਕਲਿਜੁਗ ਵਿਚ ਜੀਵ ਆਪਣੇ ਸਵਾਰਥ ਲਈ ਬਾਹਰੀ ਭਗਤੀ ਕਰਨ ਦਾ ਦਿਖਾਵਾ ਕਰਦੇ ਹਨ। ਪਰ ਪ੍ਰਭੂ ਦੀ ਸੱਚੀ ਭਗਤੀ ਕੋਈ ਵਿਰਲਾ ਹੀ ਜੀਵ ਕਰਦਾ ਹੈ।

**ਜਾਨਿ ਪਿਛਾਨਿ ਹਰਿਸ਼ ਮਨ ਹੁਲਸੈ,**
**ਬਿਨ ਪਿਛਾਨਿ ਮਿਲਤ ਮੁਰਝਾਸੀ॥੧॥**

ਸੱਚੀ ਭਗਤੀ ਕਰਨ ਨਾਲ ਜੀਵ ਪ੍ਰਭੂ ਨੂੰ ਜਾਣ ਕੇ ਅਨੰਦ ਰੂਪੀ ਖੁਸ਼ੀ ਵਿਚ ਰਹਿੰਦਾ ਹੈ। ਪ੍ਰਭੂ ਨੂੰ ਜਾਨਣ ਤੋਂ ਬਿਨਾਂ ਇਹ ਜੀਵ ਦੁਖੀ ਹੁੰਦਾ ਹੈ ਅਤੇ ਈਰਖਾ ਵਸ ਮੁਰਝਾ ਜਾਂਦਾ ਹੈ।

**ਅਪਸਵਾਰਥ ਪਰਮਾਧਿ, ਦਧਆਦੇ, ਪਰਮਾਰਥ ਨ ਦਿੜਾਸੀ।**

ਜਿਹੜਾ ਜੀਵ ਆਪਣੇ ਸਵਾਰਥ ਲਈ ਆਡੰਬਰਾਂ ਨਾਲ ਭਰੀ ਬਾਹਰੀ ਭਗਤੀ ਕਰਦਾ ਹੈ, ਉਹ ਦੁਖੀ ਰਹਿੰਦਾ ਹੈ ਅਤੇ ਉਸ ਨੂੰ ਪ੍ਰਭੂ ਦੇ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ।

**ਬਿਨ ਬਿਸਵਾਸ ਬਾਂਝ ਸੁਤਿ ਜਇਸੈ, ਹਰਿ ਕਾਰਨਿ ਕਿਉਂ ਰਾਸੀ॥੨॥**

ਜਿਵੇਂ ਬਾਂਝ ਇਸਤਰੀ ਨੂੰ ਸੰਤਾਨ ਹੋਣ ਦਾ ਵਿਸ਼ਵਾਸ ਨਹੀਂ ਹੋ ਸਕਦਾ ਇਸੇ ਤਰ੍ਹਾਂ ਪ੍ਰਭੂ ਦੇ ਨਾਮ ਜਪਣ ਤੋਂ ਬਿਨਾ ਜੀਵ ਨੂੰ ਸੰਸਾਰ ਦੇ ਭਵ-ਸਾਗਰ ਤੋਂ ਪਾਰ ਹੋਣ ਦਾ ਵਿਸ਼ਵਾਸ ਨਹੀਂ ਹੋ ਸਕਦਾ।

**ਭਾਵ ਭਗਤਿ ਹਿਰਦੈ ਨਹਿੰ ਆਸੀ, ਵਿਸ਼ੈ ਲਾਗੀ ਸੁਖ ਪਾਸੀ।**

ਪ੍ਰਭੂ ਤੋਂ ਭੁੱਲੇ ਹੋਏ ਜੀਵ ਦੇ ਹਿਰਦੇ ਵਿਚ ਪਰਮਾਤਮਾ ਦੇ ਪ੍ਰੇਮ ਦੀ



ਇੱਛਾ ਪੈਦਾ ਨਹੀਂ ਹੁੰਦੀ ਕਿਉਂਕਿ ਉਹ ਜੀਵ ਸੰਸਾਰ ਦੇ ਝੂਠੇ ਵਿਕਾਰਾਂ ਵਿਚ ਹੀ ਸੁੱਖ ਸਮਝਦਾ ਹੈ।

**ਕਹਿ ਰਵਿਦਾਸ ਪੂਰਾ ਗੁਰ ਪਾਵੈ, ਸਵਾਂਗ ਕੀ ਸਵਾਂਗ ਦੁਖਾਸੀ॥੩॥**

ਗੁਰੂ ਰਵਿਦਾਸ ਜੀ ਮਹਾਰਾਜ ਫੁਰਮਾਉਂਦੇ ਹਨ ਕਿ ਜੀਵ ਨੂੰ ਪੂਰਨ ਗੁਰੂ ਦੀ ਸ਼ਰਨ ਵਿਚ ਜਾਣਾ ਚਾਹੀਦਾ ਹੈ ਨਹੀਂ ਤਾਂ ਇਹ ਜੀਵ ਆਡੰਬਰਾਂ ਰੂਪੀ ਪੱਖਪਾਤੀ ਭਗਤੀ ਕਰਨ ਨਾਲ ਦੁਖੀ ਹੁੰਦਾ ਹੈ।

*****

## ਸ਼ਬਦ 132

**ਪਾਂਡੇ! ਹਰਿ ਵਿਚ ਅੰਤਰ ਡਾਢਾ।**
**ਮੁੰਡ ਮੁੰਡਾਵੈ ਸੇਵਾ ਪੂਜਾ ਭ੍ਰਮ ਕਾ ਬੰਧਨ ਗਾਢਾ॥ ਟੇਕ॥**
**ਮਾਲਾ ਤਿਲਕ ਮਨੋਹਰ ਬਾਨੋਂ ਲਾਗੋ ਜਮ ਕੀ ਪਾਸੀ॥**
**ਜੋ ਹਰਿ ਸੇਤੀ ਜੋੜਯੋ ਚਾਹੋ ਤੋ ਜਗ ਸੋ ਰਹੋ ਉਦਾਸੀ॥੧॥**
**ਭੁਖ ਨਾ ਭਾਜੈ ਤ੍ਰਿਸਨਾ ਨ ਜਾਈ ਕਹੋ ਕੌਣ ਕਵਨ ਗੁਣ ਹੋਈ॥**
**ਜੋ ਦਧਿ ਮੇਂ ਕਾਂਜੀ ਕੋ ਜਾਵਣ ਤੋ ਘ੍ਰਿਤ ਨ ਕਾਢੈ ਕੋਈ॥੨॥**
**ਕਰਨੀ ਕਥਨੀ ਗਯਾਨ ਅਚਾਰਾ ਭਗਤਿ ਇੰਨਹੁ ਸੋ ਨਯਾਰੀ॥**
**ਦੋਇ ਘੋੜਾ ਚਢਿ ਕੋਉ ਨ ਪਹੁੰਚੈ ਸਤਿਗੁਰੂ ਕਹੈ ਪੁਕਾਰੀ॥੩॥**
**ਜੋ ਦਾਸਾ ਤਣ ਕੀਯੋ ਚਾਹੋ ਆਸ ਭਗਤਿ ਕੀ ਹੋਈ॥**
**ਤੋ ਨਿਰਮਲ ਸਾਂਗ ਮਗਨ ਹਵੈ ਨਾਚੋ ਲਾਜ ਸਰਮ ਸਬ ਖੋਈ॥੪॥**
**ਕੋਈ ਦਾਧੌਂ ਕਈ ਸੀਧੌਂ ਸਾਚੌਂ ਕੂੜ ਨਿਤਿ ਮਾਰਯਾ।**
**ਕਹੈ ਰਵਿਦਾਸ ਹੌਂ ਨ ਕਹਤ ਹੌਂ ਯੋਕਾਦਸਹ ਪੁਕਾਰਿਯਾ॥੫॥**

ਜਗਤ ਗੁਰੂ ਰਵਿਦਾਸ ਮਹਾਰਾਜ ਜੀ ਆਡੰਬਰਾਂ ਵਿਚ ਫਸੇ ਜੀਵਾਂ ਨੂੰ ਪਾਵਨ ਉਪਦੇਸ਼ ਦਿੰਦੇ ਹਨ ਕਿ ਪ੍ਰਭੂ ਭਗਤੀ ਤੋਂ ਬਿਨਾਂ ਜੀਵ ਭਰਮ ਵਿਚ ਫਸਿਆ ਰਹਿੰਦਾ ਹੈ ਅਤੇ ਪ੍ਰਭੂ ਦੇ ਨਾਮ ਵਿਚ ਮਗਨ ਹੋ ਕੇ ਜੀਵ ਸੰਸਾਰ ਵਿਚ ਰਹਿੰਦਾ ਹੋਇਆ ਉਪਰਾਮ ਰਹਿੰਦਾ ਹੈ। ਸੱਚੀ ਭਗਤੀ ਦੇ ਮਨ ਵਿਚ ਆਉਣ ਨਾਲ ਭਰਮ ਦਾ ਨਾਸ਼ ਹੋ ਜਾਂਦਾ ਹੈ।

**ਪਾਂਡੇ! ਹਰਿ ਵਿਚ ਅੰਤਰ ਡਾਢਾ।**
**ਮੁੰਡ ਮੁੰਡਾਵੈ ਸੇਵਾ ਪੂਜਾ ਭ੍ਰਮ ਕਾ ਬੰਧਨ ਗਾਢਾ॥ਟੇਕ॥**

ਹੇ ਕਰਮ ਕਾਂਡਾਂ ਵਿਚ ਫਸੇ ਪੰਡਤ! ਤੇਰੀ ਕਰਮਕਾਂਡੀ ਭਗਤੀ ਅਤੇ ਪ੍ਰਭੂ ਦੀ ਅਸਲ ਭਗਤੀ ਵਿਚ ਬਹੁਤ ਅੰਤਰ ਹੈ। ਜੀਵ ਪ੍ਰਭੂ ਪ੍ਰੇਮ ਤੋਂ ਬਿਨਾਂ ਸਿਰ ਮੁਨਵਾਂ ਕੇ ਸੇਵਾ, ਪੂਜਾ ਕਰਨ ਨਾਲ ਭਰਮ ਦੇ ਬੰਧਨ ਵਿਚ ਬੱਝ ਜਾਂਦਾ ਹੈ।

**ਮਾਲਾ ਤਿਲਕ ਮਨੋਹਰ ਬਾਨੋਂ ਲਾਗੋ ਜਮ ਕੀ ਪਾਸੀ॥**
**ਜੋ ਹਰਿ ਸੇਤੀ ਜੋੜਯੋ ਚਾਹੋ ਤੋ ਜਗ ਸੋ ਰਹੋ ਉਦਾਸੀ॥੧॥**

ਪ੍ਰਭੂ ਦੇ ਨਾਮ ਤੋਂ ਬਿਨਾਂ ਗਲ ਵਿਚ ਮਾਲਾ ਪਹਿਨਣੀ, ਮੱਥੇ ਤੇ ਤਿਲਕ ਲਗਾਉਣਾ, ਸੁੰਦਰ ਵਸਤਰ ਪਹਿਨਣੇ ਅਜਿਹੇ ਆਡੰਬਰਾਂ ਨਾਲ ਜਮਦੂਤਾਂ ਦੀ ਫਾਂਸੀ ਲੱਗਦੀ ਹੈ। ਹੇ ਭਾਈ! ਜੇਕਰ ਤੂੰ ਪ੍ਰਭੂ ਨਾਲ ਸੱਚਾ ਸੰਬੰਧ ਜੋੜਨਾ ਚਾਹੇ ਤਾਂ ਤੂੰ ਸੰਸਾਰ ਵਿਚ ਰਹਿੰਦਾ ਹੋਇਆ ਵੀ ਉਪਰਾਮ ਰਹਿ।

**ਭੁਖ ਨਾ ਭਾਜੈ ਤ੍ਰਿਸਨਾ ਨ ਜਾਈ ਕਹੋ ਕੌਣ ਕਵਨ ਗੁਣ ਹੋਈ॥**
**ਜੋ ਦਧਿ ਮੇਂ ਕਾਂਜੀ ਕੋ ਜਾਵਣ ਤੋ ਘ੍ਰਿਤ ਨ ਕਾਢੈ ਕੋਈ॥੨॥**

ਹੇ ਭਾਈ! ਪ੍ਰਭੂ ਦੇ ਨਾਮ ਤੋਂ ਬਿਨਾ ਤੇਰੀ ਭੁੱਖ ਅਤੇ ਤ੍ਰਿਸ਼ਨਾ ਨਹੀਂ ਮਿਟਣੀ। ਫਿਰ ਭਾਈ ਤੂੰ ਹੀ ਦੱਸ ਇਹਨਾਂ ਆਡੰਬਰਾਂ ਦੇ ਕਰਨ ਵਿਚ ਕਿਹੜਾ ਗੁਣ ਹੈ? ਜੇਕਰ ਦਹੀਂ ਜਮਾਉਣ ਲਈ ਜਾਗ ਲਾਉਣ ਦੀ ਥਾਂ ਕਾਂਜੀ ਦਾ ਜਾਗ ਲਾਈਏ ਤਾਂ ਉਸ ਵਿਚੋਂ ਘਿਉ ਕਿਵੇਂ ਨਿਕਲੇਗਾ? ਭਾਵ ਨਹੀਂ ਨਿਕਲੇਗਾ।

**ਕਰਨੀ ਕਥਨੀ ਗਯਾਨ ਅਚਾਰਾ ਭਗਤਿ ਇੰਨਹੁ ਸੋ ਨਯਾਰੀ॥**
**ਦੋਇ ਘੋੜਾ ਚਢਿ ਕੋਉ ਨ ਪਹੁੰਚੈ ਸਤਿਗੁਰੂ ਕਹੈ ਪੁਕਾਰੀ॥੩॥**

ਹੇ ਭਾਈ! ਤੇਰੀ ਕਰਨੀ ਅਤੇ ਕਥਨੀ ਤੇਰੇ ਗਿਆਨ ਤੇ ਵਿਵਹਾਰ ਆਡੰਬਰਾਂ ਕਾਰਨ ਸੱਚੀ ਭਗਤੀ ਤੋਂ ਉਲਟ ਹਨ, ਪਰ ਭਾਈ ਪ੍ਰਭੂ-ਭਗਤੀ ਇਨ੍ਹਾਂ ਆਡੰਬਰਾਂ ਤੋਂ ਨਿਆਰੀ ਹੈ। ਜਿਵੇਂ ਕੋਈ ਜੀਵ ਇਕੋ ਸਮੇਂ ਦੋ ਘੋੜਿਆਂ ’ਤੇ ਚੜ੍ਹਕੇ ਆਪਣੀ ਮੰਜ਼ਿਲ ’ਤੇ ਨਹੀਂ ਪਹੁੰਚ ਸਕਦਾ ਇਸੇ ਪ੍ਰਕਾਰ ਸੱਚੇ ਸਤਿਗੁਰਾਂ ਨੇ ਸੰਸਾਰ ਨੂੰ ਪੁਕਾਰ ਕੇ ਉਪਦੇਸ਼ ਦਿੱਤਾ ਹੈ ਕਿ ਆਡੰਬਰ ਤੇ ਪ੍ਰੇਮ ਭਗਤੀ ਦੋਵਾਂ ’ਤੇ ਇਕ ਸਮੇਂ ਨਹੀਂ ਚਲਿਆ ਜਾ ਸਕਦਾ।

**ਜੋ ਦਾਸਾ ਤਣ ਕੀਯੋ ਚਾਹੋ ਆਸ ਭਗਤਿ ਕੀ ਹੋਈ॥**
**ਤੋ ਨਿਰਮਲ ਸਾਂਗ ਮਗਨ ਹਵੈ ਨਾਚੋ ਲਾਜ ਸਰਮ ਸਬ ਖੋਈ॥੪॥**

ਜੋ ਜੀਵ ਆਪਣੇ ਮਨ ਵਿਚ ਦਾਸ-ਭਾਵ ਨੂੰ ਧਾਰਨ ਕਰ ਲੈਂਦਾ ਹੈ। ਉਸਦੇ ਮਨ ਵਿਚ ਹੀ ਭਗਤੀ ਕਰਨ ਦੀ ਭਾਵਨਾ ਪੈਦਾ ਹੁੰਦੀ ਹੈ। ਤਾਂ ਉਹ ਜੀਵ ਪ੍ਰਭੂ ਦੇ ਨਿਰਮਲ ਨਾਮ ਵਿਚ ਮਗਨ ਹੁੰਦਾ ਹੈ ਉਹ ਪ੍ਰਭੂ ਦੇ ਨਾਮ ਵਿਚ ਮਗਨ ਹੋ ਕੇ ਸੰਸਾਰ ਦੀ ਝੂਠੀ ਮਾਇਆ, ਝੂਠੀ ਲਾਜ ਅਤੇ ਸ਼ਰਮ ਸਭ ਦਾ ਤਿਆਗ ਕਰ ਦਿੰਦਾ ਹੈ।

**ਕੋਈ ਦਾਧੋਂ ਕਈ ਸੀਧੋਂ ਸਾਚੌਂ ਕੂੜ ਨਿਤਿ ਮਾਰਯਾ।**
**ਕਹੈ ਰਵਿਦਾਸ ਹੌਂ ਨ ਕਹਤ ਹੌਂ ਯੇਕਾਦਸਹ ਪੁਕਾਰਿਯਾ॥੫॥**

ਗੁਰੂ ਰਵਿਦਾਸ ਜੀ ਕਥਨ ਕਰਦੇ ਹਨ ਕਿ ਕਰਮ ਕਾਂਢੀ ਜੀਵ ਤਰ੍ਹਾਂ-ਤਰ੍ਹਾਂ ਦੇ ਕਰਮ ਕਰਨੇ ਦੱਸਦੇ ਹਨ ਪਰ ਮੈਂ ਹਰ ਪਾਸੇ ਇਹ ਪੁਕਾਰ ਕੇ ਕਿਹਾ ਹੈ ਕਿ ਹਿਰਦੇ ਵਿਚ ਪ੍ਰੇਮਾ-ਭਗਤੀ ਆਉਣ ਨਾਲ ਕਰਮ-ਕਾਂਡਾਂ ਰੂਪੀ ਕੂੜ ਪਸਾਰੇ ਦਾ ਨਾਸ਼ ਹੋ ਜਾਂਦਾ ਹੈ। ਭਾਵ ਪ੍ਰਭੂ ਦੀ ਪ੍ਰੇਮ-ਭਗਤੀ ਆਉਣ ਨਾਲ ਅਗਿਆਨਤਾ ਦਾ ਨਾਸ਼ ਹੋ ਜਾਂਦਾ ਹੈ।

******



## ਸ਼ਬਦ 133

**ਮਨ ਮੇਰੋ ਥਿਰੁ ਨ ਰਹਾਈ, ਕੋਟਿ ਕੌਤਿਕ ਕਰਿ ਦਿਖਰਾਵੈ,**
**ਇਤ ਉਤ ਜਗ ਮਹਿੰ ਧਾਈ॥ਟੇਕ॥**
**ਮਾਇਆ ਮਮਤਾ ਮੋਹ ਲਪਟਾਨੋ, ਦਿਨ ਦਿਨ ਉਰਝਤ ਜਾਈ।**
**ਸੁਆਨ ਪੂਛ ਕਭੁ ਹੋਇ ਨ ਸੂਧੋ, ਕੀਜਹੁ ਲਾਖ ਉਪਾਈ॥**
**ਗੁਰੂ ਕੋ ਗਿਆਨ ਪ੍ਰੇਮ ਕੀ ਸਾਂਟੀ, ਕੁਬੁਧ ਕੁਕਰਮ ਛੁੜਾਈ।**
**ਕਹਿ ਰਵਿਦਾਸ ਮਨ ਥਿਰੁ ਹੈਸੀ, ਚਲਿ ਸਬ ਛਾਡਿ ਗੁਰਸਰਣਾਈ॥1॥**

ਇਸ ਸ਼ਬਦ ਵਿਚ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਸਭ ਜੀਵਾਂ ਨੂੰ ਬਾਹਰੀ ਆਡੰਬਰ ਤਿਆਗ ਕੇ ਗੁਰੂ ਦੀ ਸ਼ਰਨ ਵਿਚ ਜਾ ਕੇ ਪ੍ਰਭੂ ਦਾ ਸਿਮਰਨ ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ।

**ਮਨ ਮੇਰੋ ਥਿਰੁ ਨ ਰਹਾਈ, ਕੋਟਿ ਕੌਤਿਕ ਕਰਿ ਦਿਖਰਾਵੈ,**
**ਇਤ ਉਤ ਜਗ ਮਹਿੰ ਧਾਈ॥ਟੇਕ॥**

ਪ੍ਰਭੂ ਦੇ ਨਾਮ ਤੋਂ ਬਿਨਾਂ ਜੀਵ ਦਾ ਮਨ ਸਥਿਰ ਨਹੀਂ ਰਹਿ ਸਕਦਾ ਭਾਵੇਂ ਜੀਵ ਅਨੇਕਾਂ ਬਾਹਰੀ ਕੌਤਕ ਕਰਕੇ ਦਿਖਾਵੇ ਅਤੇ ਸੰਸਾਰ ਵਿਚ ਇੱਧਰ-ਉਧਰ ਜਿੰਨਾ ਮਰਜੀ ਭਟਕ ਲਵੇ।

**ਮਾਇਆ ਮਮਤਾ ਮੋਹ ਲਪਟਾਨੋ, ਦਿਨ ਦਿਨ ਉਰਝਤ ਜਾਈ।**
**ਸੁਆਨ ਪੂਛ ਕਭੁ ਹੋਇ ਨ ਸੂਧੋ, ਕੀਜਹੁ ਲਾਖ ਉਪਾਈ॥**

ਜੀਵ ਪ੍ਰਭੂ ਦੇ ਨਾਮ ਤੋਂ ਬਿਨਾਂ ਮਾਇਆ, ਮਮਤਾ ਅਤੇ ਮੋਹ ਵਿਚ ਖਚਿਤ ਹੋਇਆ ਦਿਨ ਪ੍ਰਤੀ ਦਿਨ ਉਲਝ ਰਿਹਾ ਹੈ। ਜਿਵੇਂ ਕੁੱਤੇ ਦੀ ਪੂਛ ਸਿੱਧੀ ਨਹੀਂ ਹੁੰਦੀ ਭਾਵੇਂ ਲੱਖਾਂ ਉਪਾਏ ਕਰ ਲਏ ਜਾਣ। ਇਸ ਪ੍ਰਕਾਰ ਪ੍ਰਭੂ ਦੇ ਨਾਮ ਤੋਂ ਬਿਨਾਂ ਜੀਵ ਜਿੰਨੇ ਮਰਜੀ ਕਰਮ-ਕਾਂਡ ਕਰ ਲਵੇ ਪਰ ਮੁਕਤੀ ਕੇਵਲ ਪ੍ਰਭੂ ਦੇ ਨਾਮ ਵਿਚ ਮਿਲਦੀ ਹੈ।

**ਗੁਰੂ ਕੋ ਗਿਆਨ ਪ੍ਰੇਮ ਕੀ ਸਾਂਟੀ, ਕੁਬੁਧ ਕੁਕਰਮ ਛੁੜਾਈ।**
**ਕਹਿ ਰਵਿਦਾਸ ਮਨ ਥਿਰੁ ਹੈਸੀ,**
**ਚਲਿ ਸਬ ਛਾਡਿ ਗੁਰਸਰਣਾਈ॥1॥**

ਗੁਰੂ ਦਾ ਗਿਆਨ ਅਤੇ ਪ੍ਰੇਮ ਦੀ ਸੋਟੀ ਮਾੜੇ ਕਰਮਾਂ ਨੂੰ ਦੂਰ ਕਰ ਦਿੰਦੀ ਹੈ ਅਤੇ ਫਿਰ ਜੀਵ ਦਾ ਮਨ ਸਥਿਰ ਹੋ ਜਾਂਦਾ ਹੈ ਅਤੇ ਇਹ ਸਭ ਕਰਮ-ਕਾਂਡ ਛੱਡ ਕੇ ਜੀਵ ਗੁਰੂ ਦੀ ਸ਼ਰਨ ਗ੍ਰਹਿਣ ਕਰ ਲੈਂਦਾ ਹੈ।

******

## ਸ਼ਬਦ 134

**ਹਮ ਘਰ ਆਇਓ ਰਾਮ ਭਤਾਰ, ਗਾਵਹੁ ਸਖਿ ਮਿਲ ਮੰਗਲਾਚਾਰ॥**
**ਤਨ ਮਨ ਰਤ ਕਰਹਿੰ ਆਪੁਨੋ, ਤੌ ਕਹੁੰ ਪਾਇਹਿੰ ਪਿਵ ਪਿਆਰ॥੧॥**
**ਪ੍ਰੀਤਮ ਕੋ ਜੋ ਦਰਸਨ ਪਾਇ, ਮਨ ਮੰਦਿਰ ਮਹਿੰ ਭਇਓ ਉਜਿਆਰ।**
**ਹੌਂ ਮੜਇ ਤੈ ਨੌ ਨਿਧਿ ਪਾਈ, ਕ੍ਰਿਪਾ ਕੀਨਹੀਂ ਰਾਮ ਕਰਤਾਰ॥੨॥**
**ਬਹੁਤ ਜਨਮ ਬਿਛੁਰੇ ਪਿਵ ਪਾਇਓ, ਜਨਮ ਜਨਮ ਤੈਂ ਬਿਲਇ ਰਾਰ।**
**ਕਹਿ ਰਵਿਦਾਸ ਹੌਂ ਕਛੁ ਨਹਿੰ ਜਾਨੌਂ, ਚਰਣ ਕੰਵਲ ਮਹਿੰ ਤੁਵ ਮੁਰਾਰ॥੩॥**

ਇਹ ਪਾਵਨ ਸ਼ਬਦ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਨੇ ਉਸ ਸਮੇਂ ਉਚਾਰਣ ਕੀਤਾ ਜਦੋਂ ਉਨ੍ਹਾਂ ਦੇ ਗ੍ਰਹਿ ਵਿਖੇ ਸੰਤ ਜਨ ਆਏ। ਸਤਿਗੁਰੂ ਜੀ ਫਰਮਾਉਂਦੇ ਹਨ ਕਿ ਪ੍ਰਭੂ ਦੇ ਪਿਆਰੇ ਸੰਤਾਂ ਦੇ ਆਉਣ ਨਾਲ ਮੈਨੂੰ ਪ੍ਰਭੂ ਦੇ ਦਰਸ਼ਨ ਹੋਏ ਹਨ ਅਤੇ ਮੇਰਾ ਮਨ ਗਿਆਨ ਨਾਲ ਪ੍ਰਕਾਸ਼ਮਾਨ ਹੋ ਗਿਆ ਹੈ।

**ਹਮ ਘਰ ਆਇਓ ਰਾਮ ਭਤਾਰ, ਗਾਵਹੁ ਸਖਿ ਮਿਲ ਮੰਗਲਾਚਾਰ॥**

ਅੱਜ ਮੇਰੇ ਘਰ ਵਿਖੇ ਪ੍ਰਭੂ ਦੇ ਪਿਆਰੇ ਸੰਤ ਆਏ ਹਨ। ਉਨ੍ਹਾਂ ਨਾਲ ਮਿਲ ਕੇ ਪ੍ਰਭੂ ਦੀ ਮਹਿਮਾ ਗਾਉਣਾ ਕਰੋ।

**ਤਨ ਮਨ ਰਤ ਕਰਹਿੰ ਆਪੁਨੋ, ਤੌ ਕਹੁੰ ਪਾਇਹਿੰ ਪਿਵ ਪਿਆਰ॥੧॥**

ਇਨ੍ਹਾਂ ਅੱਗੇ ਤਨ ਮਨ ਅਰਪਣ ਕਰਕੇ ਇਨ੍ਹਾਂ ਦੀ ਸੰਗਤ 'ਚੋਂ ਪ੍ਰਭੂ ਦਾ ਪ੍ਰੇਮ ਪ੍ਰਾਪਤ ਹੁੰਦਾ ਹੈ।

**ਪ੍ਰੀਤਮ ਕੋ ਜੋ ਦਰਸਨ ਪਾਇ, ਮਨ ਮੰਦਿਰ ਮਹਿੰ ਭਇਓ ਉਜਿਆਰ।**

ਇਨ੍ਹਾਂ ਦੀ ਕਿਰਪਾ ਨਾਲ ਪ੍ਰਭੂ ਪਿਆਰੇ ਦੇ ਦਰਸ਼ਨ ਹੁੰਦੇ ਹਨ ਅਤੇ ਮਨ ਮੰਦਰ ਵਿਚ ਗਿਆਨ ਦਾ ਪ੍ਰਕਾਸ਼ ਹੋ ਗਿਆ ਹੈ।

**ਹੌਂ ਮੜਇ ਤੈ ਨੌ ਨਿਧਿ ਪਾਈ, ਕ੍ਰਿਪਾ ਕੀਨਹੀਂ ਰਾਮ ਕਰਤਾਰ॥੨॥**

ਇਨ੍ਹਾਂ ਦੀ ਕਿਰਪਾ ਨਾਲ ਮੈਂ ਨੌਂ ਨਿਧੀਆਂ ਪ੍ਰਾਪਤ ਕਰ ਲਈਆਂ ਹਨ। ਪ੍ਰਭੂ ਕਰਤਾਰ ਨੇ ਮੇਰੇ ਤੇ ਕਿਰਪਾ ਕਰਕੇ ਇਨ੍ਹਾਂ ਦੇ ਦਰਸ਼ਨ ਕਰਵਾਏ ਹਨ।

**ਬਹੁਤ ਜਨਮ ਬਿਛੁਰੇ ਪਿਵ ਪਾਇਓ, ਜਨਮ ਜਨਮ ਤੈਂ ਬਿਲਇ ਰਾਰ।**

ਪ੍ਰਭੂ ਤੋਂ ਬਹੁਤ ਜਨਮਾਂ ਤੋਂ ਵਿਛੜੇ ਹੋਏ ਨੂੰ ਪ੍ਰਭੂ ਦੀ ਪ੍ਰਾਪਤੀ ਹੋ ਗਈ ਹੈ ਨਹੀਂ ਤਾਂ ਮੇਰਾ ਜਨਮ ਵਿਅਰਥ ਜਾ ਰਿਹਾ ਸੀ।

**ਕਹਿ ਰਵਿਦਾਸ ਹੌਂ ਕਛੁ ਨਹਿੰ ਜਾਨੌਂ, ਚਰਣ ਕੰਵਲ ਮਹਿੰ ਤੁਵ ਮੁਰਾਰ॥੩॥**

ਸਤਿਗੁਰੂ ਰਵਿਦਾਸ ਜੀ ਪ੍ਰਭੂ ਅੱਗੇ ਬੇਨਤੀ ਕਰਦੇ ਹਨ ਕਿ ਮੈਂ ਕੁਝ ਵੀ ਨਹੀਂ ਜਾਣਦਾ, ਆਪ ਦੀ ਕਿਰਪਾ ਨਾਲ ਆਪ ਦੇ ਚਰਨਾਂ ਕਮਲਾਂ ਦੀ ਸ਼ਰਣ ਪ੍ਰਾਪਤ ਹੋਈ ਹੈ।

*****

## ਸ਼ਬਦ 135



**ਕਾਲਹੁ ਨਾਇ ਤਾਹਿ ਪਦ ਸੀਸਾ,**
**ਨਹਿੰ ਬਿਸਰਾਊਂ ਖਿਨ ਏਕਹੁ ਈਸ਼ਵਰ॥ਟੇਕ॥**
**ਜਨਮ ਮਰੁਣ ਅਰੁ ਜਗ ਜਾਲਾ,**
**ਨਾਮ ਪਰਤਾਪ ਨ ਬਿਆਪਹਿੰ ਬਯਾਲਾ।**
**ਅਗਤ ਵਿਗਤ ਅਨਾਦਿ ਅਨੂਪਾ,**
**ਵਿਸਵ ਵਿਆਪਕ ਬ੍ਰਹਮ ਅਰੂਪਾ॥**
**ਘਟ ਘਟ ਤਿਹ ਪੇਖੀਅਤ ਅਇਸੇ,**
**ਜਲ ਮਹਿੰ ਲਹਿਰ, ਲਹਿਰ ਜਲ ਜਇਸੇ।**
**ਕਹਿ ਰਵਿਦਾਸ ਹਰਿ ਸਰਬ ਵਿਆਪਕ,**
**ਸਰਬ ਚਿੰਤਾਮਣਿ ਸਰਬ ਪ੍ਰਤਿਪਾਲਕ॥੧॥**

ਇਸ ਪਾਵਨ ਸ਼ਬਦ ਵਿਚ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਸਭ ਜੀਵਾਂ ਨੂੰ ਸਰਵ-ਵਿਆਪਕ ਪ੍ਰਭੂ ਦਾ ਸਿਮਰਨ ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ।

**ਕਾਲਹੁ ਨਾਇ ਤਾਹਿ ਪਦ ਸੀਸਾ,**
**ਨਹਿੰ ਬਿਸਰਾਊਂ ਖਿਨ ਏਕਹੁ ਈਸ਼ਵਰ॥ਟੇਕ॥**

ਕਾਲ ਦੇ ਪ੍ਰਭਾਵ ਤੋਂ ਮੁਕਤ ਜੋ ਪ੍ਰਭੂ ਹੈ ਉਸਦੇ ਚਰਨਾਂ ਵਿਚ ਮੈਂ ਆਪਣਾ ਸੀਸ ਰੱਖਦਾ ਹਾਂ ਅਤੇ ਮੈਂ ਇਕ ਛਿਨ ਮਾਤਰ ਵੀ ਪ੍ਰਭੂ ਨੂੰ ਨਹੀਂ ਭੁਲਾਉਂਦਾ।

**ਜਨਮ ਮਰੁਣ ਅਰੁ ਜਗ ਜਾਲਾ,**
**ਨਾਮ ਪਰਤਾਪ ਨ ਬਿਆਪਹਿੰ ਬਯਾਲਾ।**

ਪ੍ਰਭੂ ਦੇ ਨਾਮ ਦੇ ਪ੍ਰਤਾਪ ਕਰਕੇ ਜਨਮ -ਮਰਨ ਰੂਪੀ ਦੁੱਖ ਅਤੇ ਸੰਸਾਰ ਦੇ ਜੰਜਾਲ ਨਹੀਂ ਵਿਆਪਦੇ।

**ਅਗਤ ਵਿਗਤ ਅਨਾਦਿ ਅਨੂਪਾ,**
**ਵਿਸਵ ਵਿਆਪਕ ਬ੍ਰਹਮ ਅਰੂਪਾ॥**

ਪ੍ਰਭੂ ਦੀ ਗਤੀ ਨੂੰ ਕੋਈ ਜਾਣ ਨਹੀਂ ਸਕਦਾ, ਉਹ ਘਟਦਾ-ਵੱਧਦਾ ਨਹੀਂ ਹੈ, ਉਹ ਅਨਹਦ ਹੈ ਅਤੇ ਅਨੂਪਮ ਹੈ। ਐਸਾ ਪ੍ਰਭੂ ਸਾਰੇ ਬ੍ਰਹਿਮੰਡ ਵਿਚ ਵਿਆਪ ਰਿਹਾ ਹੈ, ਉਸਦਾ ਕੋਈ ਵਿਸ਼ੇਸ਼ ਰੂਪ ਨਹੀਂ ਹੈ।

**ਘਟ ਘਟ ਤਿਹ ਪੇਖੀਅਤ ਅਇਸੇ,**
**ਜਲ ਮਹਿੰ ਲਹਿਰ, ਲਹਿਰ ਜਲ ਜਇਸੇ।**

ਪ੍ਰਭੂ ਇਸ ਪ੍ਰਕਾਰ ਸਾਰੇ ਸੰਸਾਰ ਵਿਚ ਵਿਆਪਕ ਹੈ ਜਿਵੇਂ ਪਾਣੀ ਵਿਚ ਲਹਿਰਾਂ ਅਤੇ ਲਹਿਰਾਂ ਵਿਚ ਪਾਣੀ ਹੁੰਦਾ ਹੈ।

**ਕਹਿ ਰਵਿਦਾਸ ਹਰਿ ਸਰਬ ਵਿਆਪਕ,**
**ਸਰਬ ਚਿੰਤਾਮਣਿ ਸਰਬ ਪ੍ਰਤਿਪਾਲਕ॥੧॥**

ਸਤਿਗੁਰੂ ਰਵਿਦਾਸ ਮਹਾਰਾਜ ਜੀ ਉਚਾਰਣ ਕਰਦੇ ਹਨ ਕਿ ਹਰਿ ਸਰਵ-ਵਿਆਪਕ ਹੈ ਅਤੇ ਸਭ ਮਨਇੱਛਤ ਫ਼ਲ ਦੇਣ ਵਾਲਾ ਹੈ। ਉਹੀ ਸਭ ਦੀ ਪਾਲਣਾ ਕਰਨ ਵਾਲਾ ਹੈ।

*******

# ਰਾਗ ਸੂਹੀ ਚੌਪਦਾ

## ਸ਼ਬਦ 136

**ਦੁਖਿਆਰੀ ਦੁਖਿਆਰਾ ਜਗ ਮਹਿੰ,**
**ਮਨ ਜਪ ਲੈ ਰਾਮ ਪਿਆਰਾ ਰੇ॥ ਟੇਕ॥**
**ਗੜ ਕਾਂਚਾ ਤਸਕਰ ਤਿਹ ਲਾਗਾ,**
**ਤੂੰ ਕਾਹੇ ਨ ਜਾਗ ਅਭਾਗਾ ਰੇ॥**
**ਨੈਨ ਉਘਾਰਿ ਨ ਪੇਖਿਓ ਤੂਨੇ,**
**ਮਾਨੁਸ਼ ਜਨਮ ਕਿਹ ਲੇਖਾ ਰੇ॥**
**ਪਾਊਂ ਪਸਾਰ ਕਿਮਿ ਸੋਇ ਪਰਿਓ,**
**ਤੈਂ ਜਨਮ ਅਕਾਰਥ ਖੋਇਆ ਰੇ।**
**ਜਨ ਰਵਿਦਾਸ ਰਾਮ ਨਿਤ ਭੇਂਟਹਿ,**
**ਰਹਿ ਸੰਜਮ ਜਾਗਿਤ ਪਹਰਾ ਰੇ॥੧॥**

ਇਸ ਪਾਵਨ ਸ਼ਬਦ ਵਿਚ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਸਭ ਜੀਵਾਂ ਨੂੰ ਦੁੱਖਾਂ ਨੂੰ ਦੂਰ ਕਰਨ ਵਾਲੇ ਪ੍ਰਭੂ ਦਾ ਸਿਮਰਨ ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ।

**ਦੁਖਿਆਰੀ ਦੁਖਿਆਰਾ ਜਗ ਮਹਿੰ,**
**ਮਨ ਜਪ ਲੈ ਰਾਮ ਪਿਆਰਾ ਰੇ॥ ਟੇਕ॥**

ਜੀਵ ਪ੍ਰਭੂ ਦੇ ਨਾਮ ਤੋਂ ਬਿਨਾਂ ਸਾਰੇ ਸੰਸਾਰ ਵਿਚ ਦੁਖੀ ਰਹਿੰਦਾ ਹੈ, ਇਸ ਲਈ ਹੇ ਮਨ ਤੂੰ ਪ੍ਰਭੂ ਪਿਆਰੇ ਦਾ ਨਾਮ ਜੱਪ ਲੈ।

**ਗੜ ਕਾਂਚਾ ਤਸਕਰ ਤਿਹ ਲਾਗਾ,**
**ਤੂੰ ਕਾਹੇ ਨ ਜਾਗ ਅਭਾਗਾ ਰੇ॥**

ਤੇਰਾ ਸਰੀਰ ਰੂਪੀ ਕਿਲ੍ਹਾ ਕੱਚਾ ਹੈ ਅਤੇ ਮੌਤ ਨੇ ਇਸਨੂੰ ਚੁਰਾ ਕੇ ਲੈ ਜਾਣਾ ਹੈ। ਹੇ ਅਭਾਗੇ ਪੁਰਸ਼ਾ! ਤੂੰ ਅਗਿਆਨਤਾ ਰੂਪੀ ਨੀਂਦ ਤੋਂ ਜਾਗ ਕੇ ਪ੍ਰਭੂ ਦਾ ਸਿਮਰਨ ਕਿਉਂ ਨਹੀਂ ਕਰਦਾ।

**ਨੈਨ ਉਘਾਰਿ ਨ ਪੇਖਿਓ ਤੂਨੇ,**
**ਮਾਨੁਸ਼ ਜਨਮ ਕਿਹ ਲੇਖਾ ਰੇ॥**

ਤੂੰ ਅੱਖਾਂ ਖੋਲ੍ਹ ਕੇ ਕਦੇ ਦੇਖਿਆ ਨਹੀਂ ਕਿ ਮਾਨਸ/ਮਨੁੱਖਾ ਜਨਮ ਵਿਚ ਤੈਨੂੰ ਕੀਤੇ ਹੋਏ ਕਰਮਾਂ ਦਾ ਕਿਹੜਾ ਲੇਖਾ ਦੇਣਾ ਪਵੇਗਾ?



**ਪਾਊਂ ਪਸਾਰ ਕਿਮਿ ਸੋਇ ਪਰਿਓ,**
**ਤੈਂ ਜਨਮ ਅਕਾਰਥ ਖੋਇਆ ਰੇ।**

ਪ੍ਰਭੂ ਨੂੰ ਭੁਲਾ ਕੇ ਤੂੰ ਪੈਰ ਪਸਾਰ ਕੇ ਕਿਵੇਂ ਸੁੱਤਾ ਪਿਆ ਹੈਂ! ਅਤੇ ਆਪਣੇ ਅਮੋਲਕ ਜਨਮ ਨੂੰ ਵਿਅਰਥ ਗੁਆ ਰਿਹਾ ਹੈਂ।

**ਜਨ ਰਵਿਦਾਸ ਰਾਮ ਨਿਤ ਭੇਂਟਹਿ,**
**ਰਹਿ ਸੰਜਮ ਜਾਗਿਤ ਪਹਰਾ ਰੇ॥੧॥**

ਸਤਿਗੁਰੂ ਰਵਿਦਾਸ ਮਹਾਰਾਜ ਜੀ ਉਚਾਰਣ ਕਰਦੇ ਹਨ ਕਿ ਹੇ ਜੀਵ! ਨਿੱਤਾ-ਪ੍ਰਤੀ ਪ੍ਰਭੂ ਦਾ ਸਿਮਰਨ ਕਰ ਅਤੇ ਸੰਜਮ ਵਿਚ ਰਹਿ ਕੇ ਪ੍ਰਭੂ ਦਾ ਗਿਆਨ ਪ੍ਰਾਪਤ ਕਰ।

*****

## ਸ਼ਬਦ 137

### ਆਰਤੀ

**ਆਰਤੀ ਕਹਾਂ ਲੈਂ ਕਰ ਜੋਵੈ। ਸੇਵਕ ਦਾਸ ਅਚੰਭੋ ਹੋਵੈ॥ ਟੇਕ॥**
**ਬਾਵਨ ਕੰਚਨ ਦੀਪ ਧਰਾਵੈ। ਜੜ ਬੈਰਾਗ ਰੇ ਦ੍ਰਿਸਟਿ ਨ ਆਵੈ॥੧॥**
**ਕੋਟਿ ਭਾਨੁ ਜਾਕੀ ਸੋਭਾ ਰੋਮੈ। ਕਹਾ ਆਰਤੀ ਅਗਨੀ ਹੋਮੈ॥੨॥**
**ਪਾਂਚ ਤਤ ਯਹ ਤਿਰਗੁਨੀ ਮਾਯਾ। ਜੋ ਦੇਖੈ ਸੋ ਸਕਲ ਉਪਾਯਾ॥੩॥**
**ਕਹੈ ਰਵਿਦਾਸ ਦੇਖਾ ਹਮ ਮਾਹੀਂ। ਸਕਲ ਜੋਤਿ ਰੋਮ ਸਮ ਨਾਹੀਂ॥੪॥**

ਜਗਤ ਗੁਰੂ ਰਵਿਦਾਸ ਮਹਾਰਾਜ ਜੀ ਪ੍ਰਭੂ ਦੀ ਸੱਚੀ ਆਰਤੀ ਦਾ ਗੁਣ-ਗਾਣ ਕਰਦੇ ਹਨ ਕਿ ਉਸ ਪ੍ਰਭੂ ਦੀ ਜੋਤ ਦੇ ਪ੍ਰਕਾਸ਼ ਦੀ ਬਰਾਬਰੀ ਕਰੋੜਾਂ ਸੂਰਜਾਂ ਦਾ ਪ੍ਰਕਾਸ਼ ਵੀ ਨਹੀਂ ਕਰ ਸਕਦਾ।

**ਆਰਤੀ ਕਹਾਂ ਲੈਂ ਕਰ ਜੋਵੈ। ਸੇਵਕ ਦਾਸ ਅਚੰਭੋ ਹੋਵੈ॥ ਟੇਕ॥**

ਹੇ ਪ੍ਰਭੂ! ਆਪ ਦੇ ਨਾਮ ਜਪਣ ਰੂਪੀ ਆਰਤੀ ਤੋਂ ਬਿਨਾਂ ਮੈਂ ਸੰਸਾਰ ਵਿਚ ਹੋਰ ਕੋਈ ਸੱਚੀ ਆਰਤੀ ਨਹੀਂ ਵੇਖਦਾ। ਆਪ ਦੇ ਨਾਮ ਤੋਂ ਬਿਨਾਂ ਮੈਂ ਆਪ ਦੇ ਦਾਸ ਲਈ ਸਾਰੇ ਆਡੰਬਰ ਹੈਰਾਨੀਜਨਕ ਹਨ।

**ਬਾਵਨ ਕੰਚਨ ਦੀਪ ਧਰਾਵੈ। ਜੜ ਬੈਰਾਗ ਰੇ ਦ੍ਰਿਸਟਿ ਨ ਆਵੈ॥੧॥**

ਭਾਵੇਂ ਕੋਈ ਜੀਵ ਆਰਤੀ ਲਈ ਸੋਨੇ ਦੇ ਛੋਟੇ ਦੀਵੇ ਬਣਾ ਕੇ ਜਗਾਵੇ ਪਰ ਸੱਚੇ ਵੈਰਾਗ ਤੋਂ ਬਿਨਾਂ ਉਸ ਪ੍ਰਭੂ ਦੇ ਦਰਸ਼ਨ ਨਹੀਂ ਹੁੰਦੇ।

**ਕੋਟਿ ਭਾਨੁ ਜਾਕੀ ਸੋਭਾ ਰੋਮੈ। ਕਹਾ ਆਰਤੀ ਅਗਨੀ ਹੋਮੈ॥੨॥**

ਜਿਸ ਪ੍ਰਭੂ ਦੀ ਆਰਤੀ ਦੀ ਸ਼ੋਭਾ ਕਰੋੜਾਂ ਸੂਰਜਾਂ ਤੋਂ ਵੀ ਜ਼ਿਆਦਾ ਪ੍ਰਕਾਸ਼ ਵਧਾ ਰਹੀ ਹੈ, ਫਿਰ ਐਸੀ ਸੱਚੀ ਆਰਤੀ ਲਈ ਅਗਨੀ ਬਾਲ ਕੇ ਯੱਗ ਕਰਨ ਦੀ ਕੀ ਲੋੜ ਹੈ ਭਾਵ ਕੋਈ ਲੋੜ ਨਹੀਂ ਹੈ।

**ਪਾਂਚ ਤਤ ਯਹ ਤਿਰਗੁਨੀ ਮਾਯਾ। ਜੋ ਦੇਖੈ ਸੋ ਸਕਲ ਉਪਾਯਾ॥੩॥**

ਇਹ ਸੰਸਾਰ ਪੰਜ-ਤੱਤ ਪਾਣੀ, ਹਵਾ, ਅਗਨੀ, ਧਰਤੀ ਤੇ ਆਕਾਸ਼

ਅਤੇ ਤਿੰਨ ਗੁਣ, ਸਤ, ਰਜ ਅਤੇ ਤਮ ਤੋਂ ਬਣਿਆ ਹੈ। ਜੋ ਵੀ ਦਿਖਾਈ ਦੇ ਰਿਹਾ ਹੈ ਉਸ ਸਾਰੇ ਵਿਚ ਪ੍ਰਭੂ ਸਮਾਇਆ ਹੋਇਆ ਹੈ।

**ਕਹੈ ਰਵਿਦਾਸ ਦੇਖਾ ਹਮ ਮਾਹੀਂ। ਸਕਲ ਜੋਤਿ ਰੋਮ ਸਮ ਨਾਹੀਂ॥੪॥**

ਗੁਰੂ ਰਵਿਦਾਸ ਮਹਾਰਾਜ ਜੀ ਫਰਮਾਉਂਦੇ ਹਨ ਕਿ ਮੈਂ ਪ੍ਰਭੂ ਨੂੰ ਆਪਣੇ ਅੰਦਰੋਂ ਅਨੁਭਵ ਕੀਤਾ ਹੈ। ਉਸ ਪ੍ਰਭੂ ਦੀ ਜੋਤ ਦੇ ਇਕ ਰੋਮ ਦੇ ਪ੍ਰਕਾਸ਼ ਬਰਾਬਰ ਵੀ ਸੰਸਾਰ ਦਾ ਸਾਰਾ ਪ੍ਰਕਾਸ਼ ਨਹੀਂ ਹੋ ਸਕਦਾ।

*****

## ਸ਼ਬਦ 138

*ਆਰਤੀ*

**ਸੰਤ ਉਤਾਰੈ ਆਰਤੀ ਦੇਵ ਸਿਰੋਮਨੀਏ।**
**ਉਰ ਅੰਤਰ ਤਹਾਂ ਪੈਸਿ ਬਿਨ ਰਸਨਾ ਭਣਿਏ॥ ਟੇਕ॥**
**ਮਨਸਾ ਮੰਦਿਰ ਮਾਹਿੰ ਧੂਪ ਧੁਪਈਏ॥**
**ਪ੍ਰੇਮ ਪ੍ਰੀਤਿ ਕੀ ਮਾਲ ਰਾਮ ਚੜ੍ਹਈਏ॥੧॥**
**ਚਹੁੰ ਦਿਸਿ ਦਿਬਲਾ ਬਾਲਿ ਜਗਮਗ ਹ੍ਵੈ ਰਹਿਓ ਰੇ॥**
**ਜੋਤਿ ਜੋਤਿ ਸਮ ਜੋਤਿ ਜੋਤਿ ਮਿਲ ਰਹਿਓ ਰੇ॥੨॥**
**ਤਨ ਮਨ ਆਤਮ ਬਾਰਿ ਸਦਾ ਹਰਿ ਗਈਏ॥**
**ਭਨਤ ਜਨ ਰਵਿਦਾਸ ਤੁਮ ਸਰਨਾ ਆਈਏ॥੩॥**

ਜਗਤ ਗੁਰੂ ਰਵਿਦਾਸ ਮਹਾਰਾਜ ਜੀ ਜੀਵਾਂ ਨੂੰ ਪ੍ਰਭੂ ਦਾ ਸਿਮਰਨ ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ। ਪ੍ਰਭੂ ਦੀ ਨਾਮ ਜਪਣ ਰੂਪੀ ਆਰਤੀ ਸੰਤ-ਜਨ ਗਾਉਂਦੇ ਹਨ।

**ਸੰਤ ਉਤਾਰੈ ਆਰਤੀ ਦੇਵ ਸਿਰੋਮਨੀਏ।**
**ਉਰ ਅੰਤਰ ਤਹਾਂ ਪੈਸਿ ਬਿਨ ਰਸਨਾ ਭਣਿਏ॥ ਟੇਕ॥**

ਹੇ ਸਭ ਤੋਂ ਵੱਡੇ ਪ੍ਰਭੂ ਜੀ! ਸੰਤ ਆਪ ਦਾ ਨਾਮ ਜਪਣ ਰੂਪੀ ਸ੍ਰੇਸ਼ਟ ਆਰਤੀ ਗਾਉਂਦੇ ਹਨ। ਹਿਰਦੇ ਅੰਦਰ ਵਸ ਰਹੇ ਪ੍ਰਭੂ ਦਾ ਨਾਮ ਸੰਤ-ਜਨ ਰਸਨਾ ਤੋਂ ਉਚਾਰੇ ਬਿਨਾਂ ਹੀ ਆਪਣੇ ਹਿਰਦੇ ਅੰਦਰ ਉਚਾਰਨ ਕਰਦੇ ਹਨ।

**ਮਨਸਾ ਮੰਦਿਰ ਮਾਹਿੰ ਧੂਪ ਧੁਪਈਏ॥**
**ਪ੍ਰੇਮ ਪ੍ਰੀਤਿ ਕੀ ਮਾਲ ਰਾਮ ਚੜ੍ਹਈਏ॥੧॥**

ਆਪਣੇ ਸੁੰਦਰ ਮਨ ਰੂਪੀ ਮੰਦਿਰ ਵਿਚ ਪ੍ਰਭੂ ਨੂੰ ਮਿਲਣ ਦੀ ਆਸਾ ਦਾ ਹੀ ਧੂਫ ਲਗਾਉਂਦੇ ਹਨ ਅਤੇ ਸੱਚੀ ਪ੍ਰੀਤ ਰੂਪੀ ਮਾਲਾ ਪਰਮਾਤਮਾ ਅੱਗੇ ਚੜ੍ਹਾਉਂਦੇ ਹਨ।

**ਚਹੁੰ ਦਿਸਿ ਦਿਬਲਾ ਬਾਲਿ ਜਗਮਗ ਹ੍ਵੈ ਰਹਿਓ ਰੇ॥**
**ਜੋਤਿ ਜੋਤਿ ਸਮ ਜੋਤਿ ਜੋਤਿ ਮਿਲ ਰਹਿਓ ਰੇ॥੨॥**

ਚਾਰੇ ਦਿਸ਼ਾਵਾਂ ਭਾਵ ਸਾਰਾ ਸੰਸਾਰ ਪ੍ਰਭੂ ਦੇ ਨਾਮ ਰੂਪੀ ਦੀਪਕ ਨਾਲ



ਜਗ-ਮਗਾ ਰਿਹਾ ਹੈ। ਉਸ ਪ੍ਰਭੂ ਦੇ ਨਾਮ ਰੂਪੀ ਜੋਤ ਆਪਣੇ ਅੰਦਰ ਜਗਾ ਕੇ, ਉਸ ਪ੍ਰਭੂ ਦੀ ਜੋਤ ਨਾਲ ਮਿਲਕੇ, ਭਾਵ ਆਤਮਾ ਰੂਪੀ ਜੋਤ ਉਸ ਪ੍ਰਭੂ ਰੂਪੀ ਜੋਤ ਦੀ ਅੰਸ਼ ਜਿਹੜੀ ਉਸ ਨਾਲ ਮਿਲਕੇ ਉਸ ਦਾ ਹੀ ਰੂਪ ਹੋ ਰਹਿੰਦੀ ਹੈ।

**ਤਨ ਮਨ ਆਤਮ ਬਾਰਿ ਸਦਾ ਹਰਿ ਗਈਏ॥**
**ਭਨਤ ਜਨ ਰਵਿਦਾਸ ਤੁਮ ਸਰਨਾ ਆਈਏ॥੩॥**

ਹੇ ਜੀਵ! ਆਪਣਾ ਤਨ ਮਨ ਪ੍ਰਭੂ ਅੱਗੇ ਕੁਰਬਾਨ ਕਰਕੇ ਹਮੇਸ਼ਾ ਹੀ ਉਸ ਦੇ ਗੁਣ ਗਾਉਣੇ ਚਾਹੀਦੇ ਹਨ। ਗੁਰੂ ਰਵਿਦਾਸ ਜੀ ਕਥਨ ਕਰਦੇ ਹਨ ਕਿ ਹੇ ਪ੍ਰਭੂ! ਮੈਂ ਦਾਸ ਆਪ ਜੀ ਦੀ ਸ਼ਰਨ ਆਇਆ ਹਾਂ।

******

## ਸ਼ਬਦ 139

*ਆਰਤੀ*

**ਗਗਨ ਮੰਡਲ ਮੇਂ ਆਰਤੀ ਕੀਜੈ ਨਾਦ ਬਿੰਦ ਇਕੇ ਮੇਕ ਕਰੀਜੈ।**
**ਸੁਸਮਨ ਇੰਦੁ ਅਮ੍ਰਿਤ ਕੁੰਭ ਧਰਾਵੈ ਮਨਸਾ ਮਾਲਾ ਫੂਲ ਚੜ੍ਹਾਵੈ॥੧॥**
**ਘੀਵ ਅਖੰਡਾ ਸੋਹੈ ਬਾਤੀ ਤ੍ਰਿਕੁਟੀ ਜੋਤ ਜਲੈ ਦਿਨ ਰਾਤੀਂ।**
**ਪਵਨ ਸਾਧਨਾ ਥਾਲ ਸਜੀਜੈ ਤਾਮੇਂ ਚੌਮੁਖ ਮਨ ਧਰਿ ਲੀਜੈ॥੨॥**
**ਰਵਿ ਸਸਿ ਹਾਥ ਗਹੌਂ ਤਿੰਹ ਮਾਹੀਂ ਖਿਨ ਦਹਿਨੇ ਖਿਨ ਬਾਮੈਂ ਲਾਹੀਂ।**
**ਸਹਸ ਕੰਵਲ ਸਿਘਾਸਨ ਰਾਜੈ ਅਨਹਦ ਝਾਂਜਨ ਨਿਤ ਹੀ ਬਾਜੈ॥੩॥**
**ਇਹਿੰ ਬਿਧ ਆਰਤੀ ਸਾਂਚੀ ਸੇਵਾ ਪਰਮ ਪੁਰਿਖ ਅਲਖ ਅਭੇਵਾ।**
**ਕਹੈ ਰਵਿਦਾਸ ਗੁਰਦੇਵ ਬਤਾਵੈ ਐਸੀ ਆਰਤੀ ਪਾਰ ਲੰਘਾਵੈ॥੪॥**

ਇਸ ਪਾਵਨ ਸ਼ਬਦ ਰਾਹੀਂ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਜੀਵਾਂ ਨੂੰ ਗੁਰੂ ਦੇ ਉਪਦੇਸ਼ 'ਤੇ ਚੱਲ ਕੇ ਦਸਵੇਂ ਦੁਆਰ ਵਿਚ ਧਿਆਨ ਟਿਕਾ ਕੇ ਅਨਹਦ ਨਾਦ ਅਤੇ ਪ੍ਰਕਾਸ਼ ਦੇ ਦਰਸ਼ਨ ਕਰਨ ਰੂਪੀ ਸੱਚੀ ਆਰਤੀ ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ।

**ਗਗਨ ਮੰਡਲ ਮੇਂ ਆਰਤੀ ਕੀਜੈ ਨਾਦ ਬਿੰਦ ਇਕੇ ਮੇਕ ਕਰੀਜੈ।**
**ਸੁਸਮਨ ਇੰਦੁ ਅਮ੍ਰਿਤ ਕੁੰਭ ਧਰਾਵੈ ਮਨਸਾ ਮਾਲਾ ਫੂਲ ਚੜ੍ਹਾਵੈ॥੧॥**

ਹੇ ਭਾਈ! ਦਸਵੇਂ ਦੁਆਰ ਰੂਪੀ ਗਗਨ ਮੰਡਲ ਵਿਚ ਧਿਆਨ ਟਿਕਾ ਕੇ ਪ੍ਰਭੂ ਦੀ ਸੱਚੀ ਆਰਤੀ ਕਰੋ ਜਿੱਥੇ ਪ੍ਰਭੂ ਦੀ ਅਨਹਦ ਨਾਦ ਅਤੇ ਜੀਵ ਦੀ ਉਤਪੱਤੀ ਦੇ ਅੰਸ਼-ਬਿੰਦ ਇਕ-ਮਿਕ ਹੋ ਜਾਂਦੇ ਹਨ। ਦਸਵੇਂ ਦੁਆਰ ਰੂਪੀ ਸੁਖਮਨਾਂ ਨਾੜੀ ਵਿਖੇ ਪ੍ਰਭੂ ਦੇ ਅਮ੍ਰਿਤ ਦਾ ਕੁੰਭ ਭਰਿਆ ਹੋਇਆ ਹੈ। ਜਿੱਥੇ ਪ੍ਰਭੂ-ਮਿਲਾਪ ਰੂਪੀ ਫੁੱਲਾਂ ਦੀ ਮਾਲਾ ਚੜ੍ਹਾਈ ਜਾਂਦੀ ਹੈ।

**ਘੀਵ ਅਖੰਡਾ ਸੋਹੈ ਬਾਤੀ ਤ੍ਰਿਕੁਟੀ ਜੋਤ ਜਲੈ ਦਿਨ ਰਾਤੀਂ।**

**ਪਵਨ ਸਾਧਨਾ ਥਾਲ ਸਜੀਜੈ ਤਾਮੈਂ ਚੌਮੁਖ ਮਨ ਧਰਿ ਲੀਜੈ ॥੨॥**

ਜਿੱਥੇ ਪ੍ਰਭੂ ਦੇ ਨਾਮ ਦਾ ਦੀਵਾ ਬਣਾ ਕੇ, ਪ੍ਰਭੂ ਦੇ ਨਾਮ ਦਾ ਘਿਓ ਪਾ ਕੇ ਅਤੇ ਬੱਤੀ ਦੀਵੇ ਵਿੱਚ ਪਾਈ ਜਾਂਦੀ ਹੈ ਅਤੇ ਤ੍ਰਿਕੁਟੀ ਵਿਖੇ ਪ੍ਰਭੂ ਦੇ ਨਾਮ ਦੀ ਜੋਤ ਨਿਰੰਤਰ ਜਗਮਗਾ ਰਹੀ ਹੈ। ਦਸਵੇਂ ਦੁਆਰ ਤੇ ਸਵਾਸਾਂ ਨੂੰ ਟਿਕਾਉਣ ਰੂਪੀ ਸਾਧਨਾ ਲਈ ਥਾਲ ਸਜਾਇਆ ਜਾਂਦਾ ਹੈ। ਜਿੱਥੇ ਹਰ ਪਾਸਿਓਂ ਧਿਆਨ ਹਟਾ ਕੇ ਪ੍ਰਭੂ ਵਿੱਚ ਲਗਾਇਆ ਜਾਂਦਾ ਹੈ।

**ਰਵਿ ਸਸਿ ਹਾਥ ਗਹੌਂ ਤਿੰਹ ਮਾਹੀਂ ਖਿਨ ਦਹਿਨੇ ਖਿਨ ਬਾਮੈਂ ਲਾਹੀਂ।**
**ਸਹਸ ਕੰਵਲ ਸਿਘਾਸਨ ਰਾਜੈ ਅਨਹਦ ਝੰਜਨ ਨਿਤ ਹੀ ਬਾਜੈ ॥੩॥**

ਉਸ ਦਸਵੇਂ ਦੁਆਰ ਵਿਖੇ ਸੂਰਜ ਅਤੇ ਚੰਦਰਮਾ ਤੋਂ ਅਣਗਿਣਤ ਗੁਣਾ ਪ੍ਰਕਾਸ਼ ਹੋ ਰਿਹਾ ਹੈ। ਜਿੱਥੇ ਦਹਿਣੇ ਸ਼ੰਖ ਤੋਂ ਬਿਨਾਂ ਹੀ ਅਨਹਦ ਨਾਦ ਸੁਣਾਈ ਦਿੰਦਾ ਹੈ। ਸਹੰਸਦਲ ਕਮਲ ਵਿਖੇ ਪ੍ਰਭੂ ਪਾਤਸ਼ਾਹ ਦਾ ਸਿੰਘਾਸਨ ਹੈ। ਜਿੱਥੇ ਪ੍ਰਭੂ ਦੇ ਅਨਹਦ ਦੇ ਬਾਜੇ ਵਜ ਰਹੇ ਹਨ।

**ਇਹੰ ਬਿਧ ਆਰਤੀ ਸਾਂਚੀ ਸੇਵਾ ਪਰਮ ਪੁਰਿਖ ਅਲਖ ਅਭੇਵਾ।**
**ਕਹੈ ਰਵਿਦਾਸ ਗੁਰਦੇਵ ਬਤਾਵੈ ਐਸੀ ਆਰਤੀ ਪਾਰ ਲੰਘਾਵੈ ॥੪॥**

ਇਸ ਪ੍ਰਕਾਰ ਪ੍ਰਭੂ ਦੀ ਆਰਤੀ ਕਰਨੀ ਹੀ ਪ੍ਰਭੂ ਦੀ ਸੱਚੀ ਸੇਵਾ ਹੈ। ਆਰਤੀ ਕਰਨੀ ਹੀ ਪਰਮ ਪੁਰਖ ਅਲਖ ਅਤੇ ਭੇਦ ਰਹਿਤ ਪ੍ਰਭੂ ਦੀ ਸੱਚੀ ਸੇਵਾ ਹੈ। ਸਤਿਗੁਰੂ ਰਵਿਦਾਸ ਮਹਾਰਾਜ ਜੀ ਫਰਮਾਉਂਦੇ ਹਨ ਕਿ ਪ੍ਰਭੂ ਦੀ ਐਸੀ ਸੱਚੀ ਆਰਤੀ ਕਰਨ ਦਾ ਗੁਰੂ ਹੀ ਗਿਆਨ ਕਰਵਾਉਂਦਾ ਹੈ। ਐਸੀ ਆਰਤੀ ਕਰਨ ਨਾਲ ਜੀਵ ਸੰਸਾਰ ਦੇ ਭਵਸਾਗਰ ਤੋਂ ਪਾਰ ਹੋ ਜਾਂਦਾ ਹੈ।

******

## ਸ਼ਬਦ 140

*ਆਰਤੀ*

ਆਰਤੀ ਕਰਤ ਹਰਸ਼ੈ ਮਨ ਮੇਰੋ ਆਵਤ ਚਿਤ ਤੁਵ ਰੂਪ ਘਨੇਰੋ ॥ਟੇਕ॥
ਅਜਰ ਅਮਰ ਅਡੋਲ ਅਭੇਸ ਨਿਰਗੁਨ ਰਹਿਤ ਰੂਪ ਨਹਿੰ ਰੇਖਾ॥
ਚੇਤਨ ਸਤ ਚਿਤ ਘਨ ਆਨੰਦਾ ਨਿਰਵਿਕਾਰ ਤੇਜ ਅਮਿਤ ਅਭੇਦਾ ॥੧॥
ਅਨੁਭ ਅਜਨਮਾ ਸਰਬਗਯ ਅਨੰਤਾ ਅਭੇਦ ਅਦੈਸ਼ ਅਵਿਗਤ ਸੁਛੰਦਾ।
ਨਾਮ ਕੀ ਬਾਤੀ ਘੀਵ ਅਖੰਡਾ ਇਕ ਹੀ ਜੋਤ ਜਲੈ ਬ੍ਰਹਮੰਡਾ ॥੨॥
ਅਨਤ ਬਾਰ ਤੋਹਿ ਧਿਆਨ ਲਗਾਵਾ ਮੁਨਿ ਜਨਿ ਪੈ ਪਾਰ ਨਹਿੰ ਪਾਵਾ।
ਮਨ ਬਚ ਕ੍ਰਮ ਰਵਿਦਾਸ ਧਿਆਵਾ ਘੰਟਾ ਝਾਲਰ ਮਨਹਿ ਬਜਾਵਾ ॥੩॥

ਇਸ ਪਾਵਨ ਸ਼ਬਦ ਵਿਚ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਸੰਸਾਰੀ ਜੀਵਾਂ ਨੂੰ ਸੱਚੀ ਆਰਤੀ ਕਰਨ ਦਾ ਉਪਦੇਸ਼ ਦਿੰਦੇ ਹਨ।

**ਆਰਤੀ ਕਰਤ ਹਰਸ਼ੈ ਮਨ ਮੇਰੋ ਆਵਤ ਚਿਤ ਤੁਵ ਰੂਪ ਘਨੇਰੋ ॥ਟੇਕ॥**



ਹੇ ਪ੍ਰਭੂ ਜੀ ਆਪ ਜੀ ਦਾ ਨਾਮ ਜੱਪਣ ਰੂਪੀ ਸੱਚੀ ਆਰਤੀ ਕਰਕੇ ਮੇਰਾ ਮਨ ਆਨੰਦ ਭਰਪੂਰ ਹੋ ਰਿਹਾ ਹੈ। ਜਿਸ ਨਾਲ ਮੇਰੇ ਹਿਰਦੇ ਵਿਚ ਆਪ ਜੀ ਦੇ ਅਨੇਕਾਂ ਰੂਪ ਅਨੁਭਵ ਹੋ ਰਹੇ ਹਨ।

**ਅਜਰ ਅਮਰ ਅਡੋਲ ਅਭੇਸ ਨਿਰਗੁਨ ਰਹਿਤ ਰੂਪ ਨਹਿੰ ਰੇਖਾ॥**

ਪ੍ਰਭੂ ਕਦੇ ਬੁੱਢਾ ਨਹੀਂ ਹੁੰਦਾ, ਹਮੇਸ਼ਾ ਅਮਰ ਹੈ, ਕਦੇ ਡੋਲਦਾ ਨਹੀਂ। ਨਿਰਗੁਣ ਹੈ ਜਿਸਦਾ ਰੂਪ ਰੰਗ ਕੋਈ ਨਹੀਂ ਹੈ।

**ਚੇਤਨ ਸਤ ਚਿਤ ਘਨ ਆਨੰਦਾ ਨਿਰਵਿਕਾਰ ਤੇਜ ਅਮਿਤ ਅਭੇਦਾ ॥੧॥**

ਹੇ ਪ੍ਰਭੂ ਜੀ! ਆਪ ਚੇਤਨ, ਸਤਿਸਰੂਪ, ਅਨੰਦ ਭਰਪੂਰ ਵਿਕਾਰ ਰਹਿਤ, ਨਾ ਮਿਟਣ ਵਾਲੇ ਅਤੇ ਭੇਦ ਰਹਿਤ ਹੋ।

**ਅਨੁਭ ਅਜਨਮਾ ਸਰਬਗਯ ਅਨੰਤਾ ਅਭੇਦ ਅਦੈਸ਼ ਅਵਿਗਤ ਸੁਛੰਦਾ।**

ਹੇ ਪ੍ਰਭੂ ਜੀ! ਆਪ ਅਨੂਪ, ਜਨਮ ਰਹਿਤ, ਸਭ ਕੁਝ ਕਰਨ ਵਾਲੇ, ਬੇਅੰਤ, ਭੇਦ ਰਹਿਤ, ਅਦ੍ਰਿਸ਼ਟ, ਅਵਿਨਾਸ਼ੀ ਅਤੇ ਨਿਰਮਲ ਸਵਰੂਪ ਹੋ।

**ਨਾਮ ਕੀ ਬਾਤੀ ਘੀਵ ਅਖੰਡਾ ਇਕ ਹੀ ਜੋਤ ਜਲੈ ਬ੍ਰਹਮੰਡਾ ॥੨॥**

ਹੇ ਪ੍ਰਭੂ ਜੀ! ਆਪ ਦੀ ਸੱਚੀ ਆਰਤੀ ਲਈ ਆਪ ਦੇ ਨਾਮ ਦੀ ਬੱਤੀ ਅਤੇ ਆਪ ਦੇ ਨਾਮ ਦਾ ਘਿਓ ਦੀਵੇ ਵਿਚ ਪਾਇਆ ਹੈ ਅਤੇ ਆਪ ਦੇ ਨਾਮ ਦੀ ਜੋਤ ਲਗਾਈ ਹੈ। ਜੋ ਸਾਰੇ ਬ੍ਰਹਿਮੰਡ ਨੂੰ ਜਗ-ਮਗਾ ਰਹੀ ਹੈ।

**ਅਨਤ ਬਾਰ ਤੋਹਿ ਧਿਆਨ ਲਗਾਵਾ ਮੁਨਿ ਜਨਿ ਪੈ ਪਾਰ ਨਹਿੰ ਪਾਵਾ।**

ਮੁੰਨੀ ਜਨ ਅਨੇਕਾਂ ਬਾਰ ਧਿਆਨ ਲਗਾਉਣਾ ਕਰੇ ਪਰ ਆਪ ਦੇ ਆਦਿ ਅੰਤ ਨੂੰ ਨਹੀਂ ਪਾ ਸਕਦਾ।

**ਮਨ ਬਚ ਕ੍ਰਮ ਰਵਿਦਾਸ ਧਿਆਵਾ ਘੰਟਾ ਝਾਲਰ ਮਨਹਿ ਬਜਾਵਾ ॥੩॥**

ਸਤਿਗੁਰੂ ਰਵਿਦਾਸ ਜੀ ਉਚਾਰਣ ਕਰਦੇ ਹਨ ਕਿ ਹੇ ਪ੍ਰਭੂ ਜੀ ਮਨ, ਬਚਨ ਅਤੇ ਕਰਮ ਕਰਕੇ ਆਪ ਦਾ ਧਿਆਨ ਲਗਾਉਣ ਰੂਪੀ ਸੱਚੀ ਆਰਤੀ ਕਰਦਾ ਹਾਂ। ਜਿਸ ਨਾਲ ਮੈਨੂੰ ਆਪਣੇ ਅੰਦਰ ਹੀ ਅਨਹਦ ਨਾਦ ਸੁਣਾਈ ਦਿੰਦੀ ਹੈ।

******

# ਭਾਗ-ਦੂਜਾ



1.

ਸੋਹੰ ਓਅੰਕਾਰ ਨਿਰਵਿਕਾਰ ਆਨਾਦਿ, ਆਖੰਡ ਧਯਾਨ ਸਾਰੂਪ॥ ਅਜਰ ਅਮਰ ਆਦਿ ਕਰਨਾ, ਪੁਰਸ਼ ਅਟਲ ਅਨੂਪ॥ ਕ੍ਰਿਪਾ ਕਰਤੇ ਦਯਾਲ ਜੀ, ਕਾਟੇ ਬੰਧਨ ਕਰੂਪ॥ ਸਾਹਿਬ ਬਖਸ਼ੀਸ਼ ਸਤਿ ਸੁਣ, ਦਾਸ ਕਰ ਨਿੱਜ ਰੂਪ॥ ਸੱਚ ਨਾਮ ਕੋ ਸਿਮਰ ਕਰ, ਜੀਵ ਭਏ ਤੱਤ ਰੂਪ॥ ਰਵਿਦਾਸ ਕਹੇ ਭੱਜ ਨਾਮ ਕੋ, ਪਾਵੇ ਸ਼ੁੱਧ ਸਵਰੂਪ॥

2.

ਗੁਰ ਕੀ ਮੂਰਤਿ ਮਨ ਵਿਖੇ, ਧਰੋ ਸੋ ਹਰ ਦਮ ਧਯਾਨ॥ ਨਾਮ ਦਾਨ ਇਸ਼ਨਾਨ ਕਰ, ਦਵਾਰੇ ਪਾਵੇ ਮਾਨ॥ ਮੰਤਰ ਜਪ ਗੁਰ ਹਿਰਦਯ ਮੇਂ, ਮਿਲੇ ਸੋ ਨਿਸ਼ਚਲ ਗਯਾਨ॥ ਭੂਖ ਪਿਆਸ ਨਾ ਉਤਰੇ, ਨਾਮ ਬਿਨਾ ਭਗਵਾਨ॥ ਸਤਿਗੁਰ ਸੋ ਨਹੀਂ ਪਾਵਈ, ਜੋ ਦਿਲ ਮਾਂਹੇ ਸੁਆਨ॥ ਮਨ ਸੱਚਾ ਕਿਤ ਬਿਧ ਭਯੋ, ਕਰ ਹੈ ਕਿਆ ਬਿਆਨ॥ ਝੂਠਾ ਪਾਲਨ ਪਾਲਤੇ, ਕਹੋ ਕੈਸੇ ਕਲਿਆਨ॥ ਆਗਿਆ ਗੁਰ ਕੀ ਚਿੱਤ ਧਰ, ਕਹੇ ਰਵਿਦਾਸ ਬਿਖਾਨ॥

3.

ਕਰ ਏਕਾਗਰ ਬਰਿਤ ਕੋ, ਸਿਮਰੇ ਨਿਤ ਕਰਤਾਰ॥ ਸਾਹਿਬ ਕੀ ਸਬ ਗੀਤਿ ਕਾ, ਕੌਣ ਕਥੈ ਵਿਸਤਾਰ॥ ਤਿਸ ਕੀ ਕੁਦਰਤ ਅਤਿ ਬੜੀ, ਜਾਣੈ ਕੌਣ ਵਿਚਾਰ॥ ਸਦਗੁਣ ਨਿੱਤ ਹਿਰਦੇ ਬਸੇਂ, ਮਿਲਸੀ ਠੌਰ ਆਪਾਰ॥ ਗੁਰ ਕੀ ਲਖੋ ਦਿਆਲਤਾ, ਸਤਿਗੁਰ ਕੀਯੋ ਪਸਾਰ॥ ਕਹੇ ਰਵਿਦਾਸ ਭਗਵਾਨ ਨੇ, ਦਾਸ ਦੀਏ ਜਗ ਤਾਰ॥

4.

ਪ੍ਰਥਮੇਂ ਸਤਿ ਸਵਰੂਪ ਥਾ, ਵਹਿ ਅਬਿਨਾਸ਼ੀ ਆਪ॥ ਮਦਯ ਵਿਆਪਕ ਹੋ ਰਹਾ, ਤਿਸ ਕੋ ਤੂੰ ਮਨ ਜਾਪ॥ ਅੰਤ ਸਮਯ ਭੀ ਰਹੋਗੇ, ਨਿਰੰਕਾਰ ਪਰਤਾਪ॥ ਮਨ ਬਾਣੀ ਕਰ ਕੇ ਭਜੇ, ਮੁੰਚਿਤ ਕਿਲ ਵਿਸ਼ ਪਾਪ॥ ਦਾਤਾ ਕਰਤਾ ਆਪ ਹੈ, ਧਰਤਿ ਆਕਾਸ਼ ਵਿਆਪ॥ ਮਹਿਮਾ ਬਹੁਤ ਬੇਅੰਤ ਹੈ, ਸਤਿਗੁਰ ਤੇ ਹੋਇ ਥਾਪ॥ ਸੋਹੰ ਨਾਮ ਕੀ ਧੁੰਨ ਲੱਗੀ, ਦਿਲ ਕੇ ਅੰਦਰ ਆਪ॥ ਕਹੇ ਰਵਿਦਾਸ ਵਿਚਾਰ ਕੇ, ਜਾਨੋ ਗੁਰ ਪਰਤਾਪ॥

5.

ਜਾਪ ਜਪੋ ਤੁਮ ਨਾਮ ਕਾ, ਕਰ ਸਤਿਗੁਰ ਕੀ ਸੇਵ॥ ਗਾਵਤ ਹਿਰਦੇ ਨਾਮ ਕੇ, ਬੂਝਤ ਨਿਜ ਗੁਰਦੇਵ॥ ਨਾਮ ਸਤਯ ਸੰਸਾਰ ਮੇਂ, ਪਦਾਰਥ ਝੂਠ ਸ ਨੇਵ॥ ਦੁਬਧਾ ਅੰਤਰ ਕੀ ਤਜੇ, ਨਿਤ ਸਤਿਸੰਗ ਕਰੇਵ॥ ਆਚਾਰ ਧਰੋ ਗੁਰ ਰੀਤ ਕੇ, ਮੰਗਲ ਨਿਤਯ ਵਧੇਵ॥ ਕਹੇ ਰਵਿਦਾਸ ਵਿਚਾਰ ਕੇ, ਸਾਹਿਬ ਦੇਵਨ ਦੇਵ॥

6.

ਅੰਤਰ ਕਰ ਗਾਵੇ ਸਦਾ, ਹ੍ਰਿਦਯ ਕਰ ਭਰਪੂਰ॥ ਖੋਟੇ ਕਰਮ ਤਿਆਗਸੀ, ਪਾਪ ਭਯ ਸਬ ਦੂਰ॥ ਕਾਗ ਰੂਪ ਤਜ ਹੰਸ ਹੋ, ਵਿਕਾਰ ਨਾ

ਕਰਹੋ ਭੂਰ॥ ਦੇਵ ਦੇਹ ਤੁਝ ਕੋ ਦਈ, ਪ੍ਰਤੱਖਸ਼ ਜਾਨ ਜਰੂਰ॥ ਕਥਨਾ ਕਥੇ ਨਾ ਹਰਿ ਮਿਲੇ, ਪਾਵੇ ਖੋਜਨ ਨੂਰ॥ ਕਹੇ ਰਵਿਦਾਸ ਵਿਚਾਰ ਕੇ, ਰਹੋ ਭਗਵਾਨ ਹਜੂਰ॥

7.

ਦੇਵਨ ਵਾਲਾ ਦੇਤ ਹੈ, ਤਿਸ ਕੀ ਕਰ ਮਨ ਆਸ॥ ਸਰਵ ਯੁਗੀ ਪ੍ਰਤਿ ਪਾਲੀਯਾ, ਤੇਰੀ ਮਿਟੀ ਨਾ ਖ੍ਰਾਸ॥ ਅੰਤਰਯਾਮੀ ਜਾਨਤਾ, ਲੇਖੇ ਸਾਸ ਗਰਾਸ॥ ਆਗਯਾ ਗੁਰ ਕੀ ਚਿਤ ਧਰ, ਸਾਧਨ ਕੋ ਰੱਖ ਪਾਸ॥ ਬਖਸ਼ਣ ਹਾਰਾ ਬਖਸ਼ਸੀ, ਪ੍ਰਭੂ ਕਾ ਹੋਇ ਦਾਸ॥ ਭਾਸ਼ਣ ਕਰ ਗੁਰ ਨਾਮ ਕੋ, ਅੰਤਰ ਰੱਖ ਪਿਆਸ॥ ਅੰਮ੍ਰਿਤ ਵੇਲਾ ਨਾਮ ਸਤਿ, ਚਾਰ ਯੁੱਗੋਂ ਮੇਂ ਭਾਸ॥ ਸਤਿ ਸੰਤੋਸ਼ ਧਾਰਣ ਧਰੋ, ਕਹਤ ਭਏ ਰਵਿਦਾਸ॥

8.

ਤਨ, ਮਨ ਧਨ ਅਰਪਣ ਕਰੋ, ਬਾਣੀ ਜਪ ਹਰਿ ਮੀਤ॥ ਸਤਿ ਸੰਗਤਿ ਕਰ ਸੰਤ ਕੀ, ਦੁਸ਼ਟ ਤਿਆਗੋ ਰੀਤ॥ ਸਵਾਸ ਸਵਾਸ ਸਿਮਰਨ ਕਰੋ, ਜਨਮ ਆਮੋਲਕ ਜੀਤ॥ ਸੋਹੰ ਨਾਮ ਕੇ ਭਜਨ ਸੇ, ਦੂਰ ਹੋਇ ਭਰਮ ਭੀਤ॥ ਤੂੰਹੀ, ਤੂੰਹੀ ਰਟਤਾ ਰਹੇ, ਔਰ ਨਾ ਲਾਵੇ ਚੀਤ॥ ਮਾਨ ਪਾਇ ਜਿੰਨ ਸੇਵਿਆ, ਪ੍ਰਭ ਸੋ ਪਾਇ ਪ੍ਰੀਤ॥ ਨਾਮ ਨਿਸ਼ਾਨ ਪ੍ਰਾਪਤੇ, ਜੋ ਗਾਵਤ ਹਰਿ ਕੇ ਗੀਤ॥ ਰਵਿਦਾਸ ਕਹੇ ਸਤਿਸੰਗ ਮੇਂ, ਅਵਯ ਪਦ ਸਤਿਗੁਰ ਦੀਤ॥

9.

ਗੁਰਮੁਖ ਸੇਤੀ ਪ੍ਰੀਤ ਰੱਖ, ਕੁਕਰਮ ਸੇ ਮਨ ਬੰਦ॥ ਸਤਿ ਗੋਵਿੰਦ ਗੋਪਾਲ ਗੁਰ, ਔਰ ਆਵਨ ਜਾਨ ਸਨਬੰਧ॥ ਅੰਧੇਰ ਮਚਯੋ ਸਰਬ ਜਗਤ ਮੇਂ, ਪਰਕਾਸ਼ ਬਿੰਨ ਗੁਰ ਚੰਦ॥ ਨਿਤਯ ਪੜ੍ਹਨ ਗੁਰਮੁੱਖ ਸਤਿ, ਜਾਨਤ ਭਏ ਸਰਬ ਸੰਦ॥ ਗੁਰ ਹੀ ਧਾਰੇ ਰੂਪ ਸਬ, ਖੇਲੇ ਖੇਲ ਆਨੰਦ॥ ਜਨ ਰਵਿਦਾਸ ਪੁਕਾਰਤੇ, ਜਪੋ ਓਅੰ ਕਰ ਬੰਦ॥

10.

ਸਰਬ ਹੀ ਸਾਹਿਬ ਏਕ ਹੈ, ਦੂਸਰ ਕੌਨ ਕਹਾਇ॥ ਮੁਕਤਿ ਨਾ ਪਾਵੈ ਭਜਨ ਬਿਨ, ਜੋ ਉੱਤਮ ਆਪ ਸਦਾਏ॥ ਠਾਕਰ ਨਦਰ ਨਾ ਆਵਹੀ, ਕਬਹੂੰ ਨਾ ਲੇਖੈ ਲਾਇ॥ ਜੋ ਚਾਹੇ ਕਲਿਆਣ ਕੋ, ਸਤਿਗੁਰ ਲਏ ਮਨਾਏ॥ ਗੁਣਵੰਤਿਆਂ ਸੰਗ ਗੁਣ ਵਸੇ, ਜੋ ਤੂੰ ਧਯਾਨ ਲਗਾਏ॥ ਰਵਿਦਾਸ ਕਹੇ ਸੰਸਾਰ ਮੇਂ, ਬਹੁਰ ਨਾ ਜਨਮੇਂ ਧਾਏ॥

11.

ਨਾਮ ਧਿਆਵੇ ਦੇਵ ਮੁਨਿ, ਕਰਤਾ ਪੁਰਸ਼ ਆਗੰਮ॥ ਸੀਸ ਦਾਨ ਕਰ ਹਰਿ ਮਿਲੇ, ਤੂੰ ਨਾ ਜਾਨ ਸਹੰਮ॥ ਠਾਕਰ ਸਦਾ ਸਮੀਪ ਹੈ, ਤਿਸ ਬਿਨ ਨਿਹਫਲ ਔਰ॥ ਗੁਰ ਗੋਪਾਲ ਧਿਯਯ ਤੂੰ, ਮਨ ਆਪਣਾ ਕਰ ਭੌਰ॥ ਬੰਧਨ ਕੌਨ ਛੁੜਾਵਸੀ, ਕੀਏ ਬਿਨਾ ਮਨ ਧਰਮ॥ ਕਾਟੇ ਗੋਬਿੰਦ ਜਨਮ, ਮਰਨ, ਦੂਰ ਹੋਇ ਸਭ ਭਰਮ॥ ਸਾਹਿਬ ਦੀਨ ਦਿਆਲ ਸਦਾ, ਸੋਈ ਮਨੋ ਪੁਕਾਰ॥ ਕਹੇ



ਰਵਿਦਾਸ ਪ੍ਰੀਤਿ ਹਰਿ, ਮਨ ਮੇਂ ਰਾਖ ਵਿਚਾਰ॥

12.

ਤਿਸ ਜੇਵਡ ਦਾਤਾ ਨਾਂਹਿ ਕੋ, ਗੁਰ ਆਪਰੰਪਰ ਸੋਇ॥ ਗੁਰ ਬਿਨ ਸੁਰਤ ਨਾ ਸਤਯ ਹੈ, ਭਰਮ ਥੱਕੇ ਸਬ ਲੋਇ॥ ਦੇਵ ਨਾਥ ਔਰ ਸਿੱਧ, ਸਰਬ ਗੁਰ ਮਾਨੇ ਤੇ ਹੋਇ॥ ਧਰਤੀ ਵਯੋਮ ਵਿਚਾਰਿਆ, ਤਿਸ ਤੇ ਭਿੰਨ ਨਾ ਕੋਇ॥ ਪਾਤਾਲ ਪੁਰੀ ਜਯਕਾਰ ਧੁੰਨ, ਕੱਛ ਮੱਛ ਭੀ ਜੋਇ॥ ਦਾਨਾ, ਦਾਤਾ, ਸ਼ੀਲਵੰਤ, ਉਪਕਾਰੀ ਜਗ ਹੋਇ॥ ਇੰਦਰ, ਬ੍ਰਹਮਾਂ, ਮਹੇਸ਼ ਗਣ, ਪਵਨ ਬਸੰਤਰ ਤੋਇ॥ ਯਹ ਸਬ ਬਪੁਰੇ ਕੀਟ ਸਮ, ਲਖੇ ਨਾ ਸਾਹਿਬ ਜੋਇ॥ ਕਹੇ ਰਵਿਦਾਸ ਪੁਕਾਰ ਕਰ, ਭਰਮ ਭੀਤ ਮਨ ਖੋਇ॥

13.

ਅੱਠ ਸੱਠ ਤੀਰਥ ਪੁੰਨ, ਫਲ, ਹੋਵਤ ਜੋ ਸੱਚ ਜਾਗ॥ ਧਿਆਨ ਧਰੋ ਪ੍ਰਭੂ ਭਜਨ ਮੇਂ, ਤੋ ਹੋਵੇ ਬਡ ਭਾਗ॥ ਮਨ ਕਾ ਮਣਕਾ ਫੇਰ ਲਏ, ਵਿਰਤੀ ਕਾ ਕਰ ਤਾਗ॥ ਸ਼ਰਵਣ ਕਰ ਕੇ ਹੀ ਭਯੋ, ਏ ਜਗ ਸਗਰੋ ਬਾਗ॥ ਸਾਹਿਬ ਕੇ ਸਤਿਸੰਗ ਮੇਂ, ਰਹੋ ਮਨ ਸਦ ਹੀ ਲਾਗ॥ ਜਨ ਰਵਿਦਾਸ ਸੋਹੰ ਗੁਣ ਭਜ, ਮਨ ਮਤ ਅਪਨੀ ਤਿਆਗ॥

14.

ਗੁਣੋਂ ਕਾ ਹੋਵੇ ਸਾਗਰਾ, ਧਿਆਯ ਨਿਰੰਜਨ ਨਾਮ॥ ਨਾਮ ਗੁਰ ਕਾ ਵੋਹਿਥਾ, ਤੇਰੇ ਆਵੈ ਕਾਮ॥ ਕਰਤਾ ਚਿੱਤ ਨਾ ਆਵਹੀ, ਭੂਲ ਗਿਆ ਤੂੰ ਨਾਮ॥ ਪ੍ਰਭੂ ਕਾ ਸਿਮਰਣ ਛੋਡ ਕੇ, ਖੋਟੇ ਕਰਤਾ ਕਾਮ॥ ਔਗੁਣ ਤੇਰੇ ਦੂਰ ਹੋ, ਪਰ ਤੂੰ ਗੁਰ ਕੀ ਸ਼ਾਮ। ਆਠ ਪਹਿਰ ਭਗਵਾਨ ਭਜ, ਨਿਕਟ ਨਾ ਆਵੇ ਜਾਮ॥ ਸਵਾਸ ਸਵਾਸ ਮਨ ਭਜਨ ਕਰੋ, ਸਿਮਰੋ ਸ੍ਰੀ ਗੁਰ ਨਾਮ॥ ਰਵਿਦਾਸ ਕਹੇ ਗੁਰ ਸ਼ਰਣ ਮੇਂ, ਪਾਵੇ ਸੁੱਖ ਵਿਸ਼ਰਾਮ॥

15.

ਗੁਰਦੇਵ ਦੋਵਾਰੇ ਤੇਰਾ ਮਾਨ ਹੋ, ਨਿਧਯਾਸਨ ਕਰੇ ਨਿਹਾਲ॥ ਜਹਾਂ ਬੈਠੇ ਤਹਾਂ ਸੋਭ ਹੋ, ਕਬਹੂੰ ਨਾ ਹੋਇ ਬਿਹਾਲ॥ ਗੁਰਮੁਖ ਕੀ ਰੀਤਿ ਧਰੋ, ਗੁਰਮੁੱਖ ਕੀ ਚਲੋ ਚਾਲ॥ ਏਕ ਧਯਾਨਾ ਏਕ ਮੇਂ, ਕਰ ਤੂੰ ਯਹ ਸੰਭਾਲ॥ ਕਾਰਣ ਕਰਤੇ ਅੰਤ ਨਾ, ਤਿਸ ਕੀ ਪ੍ਰੀਤਿ ਨਿਹਾਲ॥ ਪੂਰਾ ਸਤਿਗੁਰ ਮਿਲਤ ਹੈ, ਪ੍ਰਾਪਤ ਹੋਵੇ ਘਾਲ॥ ਵਸਤੁ ਨਾਮ ਪ੍ਰਾਪਤੇ, ਹ੍ਰਿਦਯ ਕਰ ਲੈ ਥਾਲ॥ ਸ਼ੋਭਾ ਪਾਵੇ ਦੇਹ ਮੇਂ, ਕਹੇ ਰਵਿਦਾਸ ਵਿਸ਼ਾਲ॥

16.

ਕੁਦਰਤ ਕੌਨ ਵਿਚਾਰ ਹੈ, ਕੋਈ ਨਾ ਜਾਨੇ ਭੇਤ॥ ਸਰਵ ਹੀ ਸ਼ਕਤੀਮਾਨ ਗੁਰ, ਭੂਲੇ ਮਨ ਲਏ ਚੇਤ॥ ਗੁਰ ਬਿੰਨ ਆਦਿ ਵਿਯਾਦਿ ਮੇਂ, ਤੀਨੋਂ ਤਾਪ ਜਰੇਤ॥ ਗੁਰੂ ਗੋਬਿੰਦ ਪ੍ਰਤਾਪ ਸੇ, ਹੋਤ ਜਾਤ ਸਰਵ ਸੇਤ॥ ਨਾਮ ਲੀਏ ਅਘ ਜਾਏਂਗੇ, ਪਾਪਾਂ ਮੂਲ ਹਰੇਤ॥ ਜਨ ਰਵਿਦਾਸ ਅਧੀਨ ਹੋ, ਕਰੋ ਸਵਾਮੀ ਹੇਤ॥

17.

ਤਿਸ ਬਿਨ ਦੂਸਰ ਅਵਰ ਨਾ, ਨਿਰੰਕਾਰ ਕੋ ਦੇਖ॥ ਅਮਰ, ਅਜਰ ਭਰਪੂਰ ਗੁਰ, ਘਟਿ ਘਟਿ ਮਾਂਹਿ ਸੁਲੇਖ॥ ਨਿਰੰਕਾਰ ਸਦ ਸਦੀਵ ਸੋਇ, ਸਾਹਿਬ ਸਰਵ ਵਿਸ਼ੇਸ਼॥ ਸ਼ਰਧਾ ਸੇ ਪ੍ਰੀਤਮ ਮਿਲੇ, ਪਾਵਤ ਸਰਵ ਹੀ ਭੇਖ॥ ਤਾਪ ਤਪੇ ਮਨ ਮਾਰ ਕੇ, ਹੋਤ ਜਾਤ ਹੈ ਸ਼ੀਵ॥ ਉਦਾਸ ਰਹੇ ਸੰਸਾਰ ਮੇਂ, ਬਹੁ ਬਿਅੰਤ ਹੀ ਜੀਵ॥ ਆਤਮ ਦੇਰ ਬਸਾਯਾ, ਹ੍ਰਿਦਯ ਮੇਂ ਕਰ ਵਾਸ॥ ਜਗ ਮੇਂ ਆਯਾ ਸੁਫਲ ਹੈ, ਕਹਤ ਭਯੋ ਰਵਿਦਾਸ॥

18.

ਨਾਮ ਧਨੀ ਕਾ ਸਤਿ ਸਦਾ, ਗੁਰਦੇਵ ਰਾਖ ਮਨ ਟੇਕ॥ ਅੰਤਰ ਧਰੀਂ ਧਯਾਨ ਤੂੰ, ਬ੍ਰਿਤਿ ਕੋ ਕਰ ਏਕ॥ ਅੰਤ ਕਰਣ ਸੁਧਾਰ ਕੇ, ਸੋਹੰ ਮਨਿ ਕਰੋ ਪਾਠ॥ ਸਤਿਗੁਰ ਕੀ ਦਰਗਾਹ ਮੇਂ, ਸੁੰਦਰ ਹੋਵੇ ਠਾਠ॥ ਗੁਰ ਕੀ ਕਿਆ ਉਪਮਾ ਕਥੋ, ਅਦਭੁੱਤ ਲੀਲਾ ਗੀਤਿ॥ ਪ੍ਰੇਮ ਬਿਛੋਰਾ ਨਾ ਜਰੇ, ਮੀਨ ਸਮਾਨ ਹੈ ਪ੍ਰੀਤਿ॥ ਓਅੰ, ਓਅੰ ਧਿਆਨ ਧਰ, ਸੋਹੰ ਭੇਦ ਵਿਚਾਰ॥ ਤਤ ਰੂਪ ਹੋਇ ਜਨਮਨਾਂ, ਕਹੇ ਰਵਿਦਾਸ ਆਚਾਰ॥

19.

ਦੁਰਮਤਿ ਕਾ ਤਿਆਗਨ ਕਰੋ, ਲੇਹੋ ਗੁਰਮਤ ਖੋਜ॥ ਖੋਟਨ ਕੀ ਸੰਗਤ ਤਜੋ, ਕਿਉਂ ਸਿਰ ਪਰ ਉਠਾਉ ਬੋਜ॥ ਗੁਰ ਸ਼ਰਣ ਮੇਂ ਮਨ ਲਾਗੇ, ਛੂਟੇ ਮਾਇਆ ਬੰਧ॥ ਆਗੇ ਮੁਸ਼ਕਿਲ ਨਾ ਬਣੇ, ਹੋਏ ਨਾਮ ਸਨਬੰਧ॥ ਝੂਠ ਬੋਲ, ਝੂਠਾ ਬਣੇ, ਝੂਠ ਤਿਆਗੋ ਗੈਲ॥ ਜਨ ਰਵਿਦਾਸ ਵਿਚਾਰਿਆ, ਗਲੀ, ਗਲੀ ਕਰ ਸੈਲ॥

20.

ਭਗਵਾਨ ਆਤਮ ਦੇਵ ਕਾ, ਕਰੋ ਮਨ ਅਪਨੇ ਜਾਪ॥ ਨਾਮ ਬਡਾਈ ਮਨਨ ਕਰ, ਸਬ ਤਾਪਨ ਸਿਰ ਤਾਪ॥ ਗਤਿ ਗੀਤਿ ਨਾ ਕਹਿ ਸਕੋ, ਜੋ ਮਾਨੇ ਗੁਰ ਵਾਕ॥ ਕਾਗਜ਼ ਮਿਲੇ ਨਾ ਪ੍ਰੇਮ ਕੋ, ਕਲਮ ਲਿਖੇ ਨਹੀਂ ਸਾਖ॥ ਬੈਠ ਵਿਚਾਰੋ ਮਨ ਵਿਖੇ, ਸਤਿਗੁਰ ਧਿਆਨ ਲਗਾਏ॥ ਸੰਗਤ ਕਾ ਫਲ ਪਾਵ ਹੈ, ਪਾਪ ਨਰੰਚਕ ਲਾਇ॥ ਬਾਨੀ ਰੋਟ ਗੁਰ, ਗੁਰ ਸਦਾ, ਅੰਤਰ ਲਏ ਸੁੱਖ ਭਾਸ॥ ਮਾਰੰਗ ਪਾਵਤ ਲਾਭ ਹੋ, ਕਹਤ ਸਤਯ ਰਵਿਦਾਸ॥

21.

ਜੀਭਾ ਕਾਂਤੀ ਮਨ ਕਰੋ, ਸਾਨ ਚੜ੍ਹਾਵੋ ਤੇਜ॥ ਸਚ ਖੰਡ ਮੇਂ ਜਾ ਮਿਲੇ, ਸਤਿਗੁਰ ਦੇਵੇ ਭੇਜ॥ ਧਰਮ ਸਾਥ ਸੰਬੰਧ ਜੋ, ਕੁੱਲ ਤਾਰਨ ਕੀ ਚਾਲ॥ ਪ੍ਰਾਤ ਕਮਾਈ ਆਪਣੀ, ਪਾਏ ਮੁਸ਼ੱਕਤ ਘਾਲ॥ ਮੁਕਤਿ ਦਵਾਰਾ ਪਾਵ ਹੈ, ਚਿੰਤਨ ਨਾਮ ਹਮੇਸ਼॥ ਗੁਰ ਸੇਵਕ ਕੀ ਗੀਤਿ ਲਖ, ਸਤਿਗੁਰ ਜਾਨ ਨਰੇਸ਼॥ ਜੋਨ, ਜੋਨ ਭਰਮਤ ਨਹੀਂ, ਮੰਨਨ ਕੇ ਸੰਗ ਸਾਥ॥ ਜਨ ਰਵਿਦਾਸ ਪੁਕਾਰਤੇ, ਸਾਹਿਬ ਕੀਨੀ ਦਾਤ॥



22.

ਵੈਰਾਗ ਵਿਵੇਕ ਤਤੀਖਸ਼ਾ, ਸਮ ਦਮ ਆਦਿ ਲੇ ਖੋਜ॥ ਮੋਮੋਖਸ਼ ਬਨ ਸਤਿਸੰਗ ਮੇਂ, ਲੇਹ ਪ੍ਰਮਾਤਮ ਮੌਜ॥ ਤਤ ਤਵੰ ਸਾਧਨ ਭਨੇ, ਮੁਨਿਵਰ ਮਤਿ ਸੁਧੀਰ॥ ਕਥਨੇ ਮਾਤਰ ਨਾ ਮਿਲੇ, ਸੋਧਨ ਕਰੋ ਸਰੀਰ॥ ਮਨ ਇੰਦ੍ਰਿਯ ਮਲਕਰ ਭਰੇ, ਤਤਵ ਮਸੀ ਕਹੇ ਆਪ॥ ਅੰਤਸ਼ਕਰਣ ਭੀ ਸ਼ੁੱਧ ਨਹੀਂ, ਲਾਗਤ ਸਰਵ ਹੀ ਪਾਪ॥ ਪਾਪੀ ਕਰਮ ਕਮਾਵਨਾ, ਸੋ ਸਤਿਸੰਗ ਮੇਂ ਨਾਸ॥ ਕਲਿ ਕੇ ਦੋਸ਼ ਸਬ ਦੂਰ ਹੋ, ਕਥਨ ਕਰੇ ਰਵਿਦਾਸ॥

23.

ਆਪਣਾ ਬੀਜ ਤੂੰ ਆਪ ਹੀ, ਖਾਵਤ ਹੈ ਬਹੁ ਬਾਰ॥ ਤੇਰਾ ਹੀ ਤੁਝੇ ਸੌਂਪਤਾ, ਵਹ ਦਾਤਾ ਕਰਤਾਰ॥ ਜੋ ਗੁਰ ਸ਼ਰਣੀ ਪਰਤ ਹੈ, ਤਿਲ ਭਰ ਭੀ ਬੇਅੰਤ॥ ਸ਼ੋਭਾ ਪਾਵੇ ਲੋਕ ਮੇਂ, ਕਹਿਤ ਮੁਨੀ ਜਨ ਸੰਤ॥ ਨਰਕਨ ਕੇ ਅਧਿਕਾਰ ਕੋ, ਸ਼ੀਘਰ ਮਨ ਦੇ ਤਯਾਗ॥ ਭਜਨ ਕਰੋ ਭਗਵਾਨ ਕਾ, ਮਿਲੇ ਰਵਿਦਾਸ ਬੇਰਾਗ॥

24.

ਗੁਣ ਆਵੇ, ਗੁਣ ਉਚਾਰੇ, ਗੁਣ ਮੇਂ ਰਹੇ ਸਮਾਇ॥ ਗੋਵਿੰਦ ਗੁਰੂ, ਗੋਪਾਲ ਗੁਰੂ, ਕਰਤਾ ਪੁਰਸ਼ ਬਸਾਇ॥ ਭਗਵਾਨ ਭਜਨ ਮੇਂ ਸੁੱਖ ਸਦਾ, ਹੋਰ ਹੈ ਸੁੱਖ ਨਾ ਕਾਇ॥ ਕਰ ਵਿਸ਼ਵਾਸ ਮਨ ਆਪਣੇ, ਸਤਿਗੁਰ ਚਰਨੀ ਧਾਇ॥ ਸਤਿ ਸੁੰਦਰ ਅਤਿ, ਅਗੰਮ ਅਪਾਰਾ॥ ਖੇਲ ਸਾਹਿਬ ਕਾ, ਸਭ ਸੇ ਨਿਆਰਾ॥ ਨਿਰਮਲ ਆਤਮ ਸਵਰੂਪ, ਲਖਿ ਸਰੀਰ ਹੋਇ ਪਵੀਤ॥ ਸੱਚ ਖੰਡ ਮੇਂ ਜਾ ਬਸੇ, ਕਹੇ ਰਵਿਦਾਸ ਤੂੰ ਮੀਤ॥

25.

ਨਾਰਾਇਣ ਰੰਗ ਕਰੇ ਜਗ, ਧਾਰੇ ਰੂਪ ਅਜੈਬ॥ ਦੀਨ ਦਿਆਲ ਕ੍ਰਿਪਾਲ ਪ੍ਰਭੂ, ਧੰਨ ਸਿਰਜਨਹਾਰ ਸੁਸਾਹਿਬ॥ ਸੁਣ, ਸੁਣ ਕੇ ਉਪਮਾ ਭਨੇ, ਕਵੀ ਗ੍ਰੰਥ ਕੁਰਾਨ॥ ਕਾਜੀ, ਮੁੱਲਾ ਕਹਿਤ ਹੈ, ਅਪ ਅਪਣੀ ਸਭ ਮਾਨ॥ ਭੇਸ਼, ਪੰਥ, ਯੋਗੀ, ਯਤੀ, ਲਖੇ ਨਾ ਸੋ ਅਨਜਾਣ॥ ਆਪ ਹੋ ਉਤਪਤ ਪ੍ਰਪੰਚ ਕਰ, ਆਪ ਕਰਤ ਭਏ ਹਾਨਿ॥ ਘੜੀ ਮਹੂਰਤ ਜਾਣਤੇ, ਵਹ ਅਪਰੰਪਰ ਦੇਵ॥ ਦੇਵ, ਦਨੁਜ, ਮਾਨੁਸ਼ ਸਭੀ, ਲਾਗੇ ਤਿਸ ਕੀ ਸੇਵ॥ ਅਮਰ ਪਹਿਚਾਨੇ ਗੁਰੂ ਕਾ, ਸੋ ਦਾਸ ਜਾਨੇ ਨਿਜ ਭੇਵ॥ ਜਨ ਰਵਿਦਾਸ ਵਿਚਾਰਿਆ, ਸੁੱਖ ਪਾਵਤ ਨਿੱਤ ਸੇਵ॥

26.

ਨਾਮ ਧਿਆਵੇ ਸਿੱਧ ਭਏ, ਜਪਨ ਜਪੋ ਬਹੁ ਬਾਰ॥ ਸਤਿਗੁਰ ਕੇ ਸੰਗ ਲਾਗ ਕਰ, ਲੋਹਾ ਹੋਵੇ ਪਾਰ॥ ਗੁਰੂ ਗੋਪਾਲ ਜਹਾਜ ਜੁੱਗ, ਗੁਰ ਮਨਸਾ ਪੂਰਨ ਹਾਰ॥ ਸਾਹਿਬ ਕੀ ਉਪਮਾ ਭਨੋ, ਮੁੱਖ ਸੇ ਲੱਖ-ਲੱਖ ਵਾਰ॥ ਮਿੱਤਰ ਤੇਰਾ ਔਰ ਨਹੀਂ ਕੋ, ਤੂੰ ਦੇਖੀ ਨਦਰ ਪਸਾਰ॥ ਨਦਰੀ ਨਦਰ ਸੁਧਾਰ ਮਨ, ਕਹੇ ਰਵਿਦਾਸ ਵਿਚਾਰ॥

27.

ਵਰਨਣ ਕਰ ਕੇ ਕੋ ਕਹੇ, ਜਗ ਪਾਲਕ ਪਰਸ਼ੰਸ॥ ਅੰਤਰ ਕਰੋ ਮਿਲਾਪ ਗੁਰੂ,

ਸੁਭ ਗੁਣ ਕੀ ਬਸੇ ਬੰਸ॥ ਸਤਿਗੁਰ ਕੇ ਉਪਦੇਸ਼ ਕਰ, ਨਿਰਮਲ ਹੋਵੇ ਹੰਸ॥ ਸਤਿਗੁਰ ਦਾਤਾ ਅਤਿ ਬੜਾ, ਬ੍ਰਹਮ ਜਾਨੀਏਂ ਅੰਸ॥ ਐਸਾ ਨਾਮ ਨਿਰੰਜਨੀ, ਅੰਤਰ ਲਏ ਬਸਾਇ॥ ਹਾਥ ਜੋੜ ਉਸਤਤਿ ਕਰੋ, ਗੁਰ ਰਾਖੇ ਸਤਿ ਭਾਇ॥ ਬ੍ਰਹੰਮ ਵਕਤਾ, ਬ੍ਰਹਮ ਸੋਤ੍ਰੀ, ਬ੍ਰਹਮ ਨਿਸਠਾ ਗੁਰੂ ਅਸੰਸ॥ ਸਤਿਗੁਰ ਸੰਗ ਪਿਆਰ ਕਰ, ਕਹੇ ਰਵਿਦਾਸ ਬਡਹੰਸ॥

28.

ਦਾਤਾ ਸਭ ਗੁਣ ਬੜਾ ਹੈ, ਕਿਰਤ ਨਾ ਮੇਟੇ ਕੋਇ॥ ਸਮੁੰਦਰ ਸਾਗਰ ਸੇ ਜੀ ਤਰੇ, ਕਿਰਪਾ ਕਰਤਾ ਸੋਇ॥ ਵੇਦ ਕਥੇ, ਸ਼ਾਸਤਰ ਕਥੇ, ਤਿਸ ਬਿਨ ਅਵਰ ਨਾ ਕੋਇ॥ ਨਾ ਹੂਆ, ਨਾ ਹੋਇਗਾ, ਜਾਨਤ ਹੈ ਜਗ ਲੋਇ॥ ਨਾਮ ਜਪੋ ਤਿਸ ਧਨੀ ਕਾ, ਮਾਤ ਗਰਭ ਨਹਿ ਪੋਹਿ॥ ਸਤਿਗੁਰੂ ਕੀ ਕਰ ਬੰਦਗੀ, ਸੰਸ਼ਯ ਸ਼ਕਲ ਮਿਟੋਇ॥ ਗਿਰ, ਪ੍ਰਿਥਵੀ, ਚੰਦ, ਸੂਰ ਸਭ, ਧਾਰਤ ਹੈ ਭਗਵੰਤ॥ ਰਵਿਦਾਸ ਕਹੇ ਅਲਪਗ ਯਹ, ਜਾਨਤ ਹੈ ਕਿਆ ਜੰਤ॥

29.

ਗੁਰਮੁਖ ਦਵਾਰਾ ਨਾਦ ਸੁਣ, ਹ੍ਰਿਦਯ ਮਾਂਹ ਲੇ ਬੂਝ॥ ਸੁਰਤ ਧਰੋ ਮਤ ਉਪਜੈ, ਨੇਤਰੀਂ ਹੋਵੇ ਸੂਝ॥ ਮਿਲੇ ਨਾ ਸਤਿਗੁਰ ਸ਼ਬਦ ਤੋਹਿ, ਅੰਤਰ ਭਰੀ ਹੈ ਦੂਜ॥ ਅਮਰ ਹੋਵੇ ਸਤਿਸੰਗ ਮੇਂ, ਮਨ ਅਪਨੇ ਸੇ ਝੂਜ॥ ਸ੍ਰੇਸ਼ਟ ਪੁਰਸ਼ ਕਾ ਸੰਗ ਕਰ, ਮਾਨ ਕਰੋ ਸਭ ਚੂਰ॥ ਮਨ ਹਸਤੀ ਸਕਲ ਜਰੋ, ਪਾਪਨ ਕੋ ਜੋ ਮੂਰ॥ ਸਾਹਿਬ ਸੇਤੀ ਪ੍ਰੇਮ ਕਰ, ਰਸਾਤਲ ਸੇ ਜਾ ਬਚ॥ ਗੁਰ, ਗੁਰ ਮਨ ਮੇਂ ਰਟਨ ਕਰ, ਮੁਖ ਸੇ ਬੋਲ ਤੂੰ ਸੱਚ॥ ਸੰਤਨ ਕੇ ਦਵਾਰੇ ਪਰੋ, ਹੋਵੇ ਪਰਮ ਆਨੰਦ॥ ਕਹੇ ਰਵਿਦਾਸ ਭਗਵਾਨ ਕੇ, ਗਾਵੋ ਮਨ ਮੇਂ ਛੰਦ॥

30.

ਪਤਾਲ ਰਸਾਤਲ ਆਨੰਤ ਹੈ, ਖੋਜਨ ਹਾਰੇ ਲੋਕ॥ ਪ੍ਰਭੁ ਮਾਯਾ ਕੋ ਅੰਤ ਨਾ, ਢੂੰਡਤ ਕਰਤੇ ਸ਼ੋਕ॥ ਜੀਵ ਵਿਤਲ ਹੈ, ਜੀਵ ਮੇਂ, ਜੀਵ ਸੁਤਲ ਸੋ ਜੀਵ॥ ਜੀਵ ਤਲਾਤਲ, ਮਹਾਤਲ, ਸਾਹਿਬ ਲਖ ਲੈ ਸੀਵ॥ ਅਤਲ ਸਾਤ ਪਾਤਾਲ ਯਹ, ਜੀਵ ਈਸ਼ ਲਖਿ ਲੇਵ॥ ਇਸ ਬਿਧਿ ਅੰਤ ਨਾ ਆਵੇ ਹੈ, ਧੈ ਪਤਾਲਾ ਭੇਵ॥ ਬੁੱਧੀ ਕਿਤਨੇ ਬਲ ਧਾਰੇ, ਲਾਗਤ ਨਾ ਕੋਈ ਤਾਣ॥ ਗੁਰਮੁੱਖ ਮਨ ਬਸਾਈਏ, ਮਾਨਕ ਨਾਮ ਨਿਸ਼ਾਣ॥ ਚੀਂਟੀ ਕੇ ਸਮ ਬਲ ਨਹੀਂ, ਚਾਲੇ ਤੇਰਾ ਜੋਰ॥ ਨਾਮ ਬਿਨਾਂ ਭਗਵਾਨ ਕੇ, ਲਾਖ ਮਚਾਵੇ ਸ਼ੋਰ॥ ਉਤਰੇ ਆਵਰਣ ਦਿਲੇ ਕਾ, ਮਨ ਆਪਣਾ ਲੇ ਸਾਧ॥ ਕਹੇ ਰਵਿਦਾਸ ਪੁਕਾਰ ਕੇ, ਦੂਰ ਕਰੋ ਸਭ ਵਯਾਧ॥

31.

ਨਦੀਆਂ ਲਹਿਰੀਂ ਬਸ ਰਹਾ, ਸਾਗਰ ਅਤਿ ਗੰਭੀਰ॥ ਚੌਦਹ ਰਤਨ ਉਪਾਯਾ, ਸਤਿ ਗੁਰੂ ਗੁਣੀ ਗਹੀਰ॥ ਊਠਤ, ਬੈਠਤ ਨਾਮ ਭਜ, ਸੋ ਪਾਵਤ ਸਤਿ ਸੀਰ॥ ਮਨ ਅਪਣੇ ਗੁਰੂ, ਗੁਰੂ ਰਟੋ, ਕਭੀ ਨਾ ਹੋਵੇ ਭੀਰ॥ ਮੁੱਖ ਪਵਿੱਤਰ ਹੋਤ ਹੈ, ਗੁਣ ਗਾਵਤ ਦੀਨ ਦਿਆਲ॥ ਸਰਬ ਘਟਾ ਭਰਪੂਰ ਹੈ, ਅੰਤਰਯਾਮੀ



ਪਾਲ॥ ਤੁਝੇ ਭਰੋਸਾ ਨਾ ਪੜੇ, ਇਸ ਕਾਰਣ ਕੰਗਾਲ॥ ਰਵਿਦਾਸ ਕਹੇ ਸੰਸਾਰ ਮੇਂ, ਅਬ ਭੀ ਕਰ ਤੂੰ ਭਾਲ॥

32.

ਏਕ ਘੜੀ ਸਿਮਰਨ ਕਰੋ ਨਹੀਂ ਲਾਗੇ ਕਲੂ ਕਲੇਸ਼॥ ਪ੍ਰਭੂ ਕੇ ਦਰਬਾਰ ਮੇਂ, ਹੋਵੇ ਉੱਜਲ ਭੇਸ਼॥ ਪਤਿਤ ਉਧਾਰਣ ਪਾਰਬ੍ਰਹਮ, ਗੁਰੂ ਅਵਿਨਾਸ਼ੀ ਆਪ॥ ਸ੍ਰੇਸ਼ਟ ਪੁਰਸ਼ ਕਾ ਸੰਗ ਕਰੋ, ਸ਼ੁਭ ਗੁਣ ਮਨ ਮੇਂ ਥਾਪ॥ ਅਥਾਹ ਪ੍ਰਭੂ ਹਰ ਧਨੀ ਹੈ, ਗੁਰ ਕਾ ਨਾਮ ਅਤੋਲ॥ ਸਵਾਸ ਆਮੋਲਕ ਸੁਫਲ ਕਰ, ਜਿਸ ਕਾ ਨਾ ਕੋਈ ਮੋਲ॥ ਰਵਿਦਾਸ ਕਹੇ ਆਸ਼ਚਰਯ ਵਹ, ਹਰਿ ਮਿਲਨੇ ਕੀ ਰੀਤਿ॥ ਸਵਾਸਾ ਬਿਰਥਾ ਨਾ ਤਜੋ, ਮਨ ਕਰ ਕਰੋ ਪ੍ਰੀਤਿ॥

33.

ਨਿਹਾਲ, ਨਿਹਾਲ, ਨਿਹਾਲ ਹੈ, ਵਹ ਕਰਤਾਰ ਨਿਹਾਲ॥ ਕਲਯਾਣ ਤੇਰਾ ਕਲਯਾਣ ਹੋ, ਚਰਣੀ ਪਰੋ ਵਿਸਾਲ॥ ਐਸੀ ਮਨੋ ਪ੍ਰੀਤਿ ਕਰ, ਜੈਸੀ ਚਕਵੀ ਸੂਰ॥ ਜਨ ਰਵਿਦਾਸ ਬ੍ਰਹਮ ਰੰਗ ਰਾਤਾ, ਔਗੁਣ ਹੋ ਸਭ ਦੂਰ॥

34.

ਸਾਹਿਬ ਸੱਚਾ ਬੇਅੰਤ ਹੈ, ਅੰਤ ਨਾ ਪਰੇ ਆਕਾਰ॥ ਸਾਹਿਬ ਸੱਚਾ ਬੇਅੰਤ ਹੈ, ਅੰਤ ਨਾ ਸਿਫਤ ਸ਼ੁਮਾਰ॥ ਸਾਹਿਬ ਸੱਚਾ ਬੇਅੰਤ ਹੈ, ਅੰਤ ਨਾ ਕਹੇ ਉਚਾਰ॥ ਸਾਹਿਬ ਸੱਚਾ ਬੇਅੰਤ ਹੈ, ਅੰਤ ਨਾ ਕਰੇ ਵਿਚਾਰ॥ ਸਾਹਿਬ ਸੱਚਾ ਬੇਅੰਤ ਹੈ, ਅੰਤ ਨਹੀਂ ਕਛੁ ਲੇਸ॥ ਸਾਹਿਬ ਸੱਚਾ ਬੇਅੰਤ ਹੈ, ਅੰਤ ਨਹੀਂ ਕਛੁ ਭੇਸ॥ ਸਾਹਿਬ ਸੱਚਾ ਬੇਅੰਤ ਹੈ, ਅੰਤ ਨਹੀਂ ਕਰਤਾਰ॥ ਸਾਹਿਬ ਸੱਚਾ ਬੇਅੰਤ ਹੈ, ਅੰਤ ਨਾ ਪਾਰਾਵਾਰ॥ ਸਾਹਿਬ ਸੱਚਾ ਬੇਅੰਤ ਹੈ, ਅੰਤ ਨਾ ਸਤਿਗੁਰ ਧਾਮ॥ ਕਹੇ ਰਵਿਦਾਸ ਪੁਕਾਰ ਕੇ, ਸਿਧ ਭਏ ਸਭ ਕਾਮ॥

35.

ਸਤਿਗੁਰੂ ਊਂਚਾ ਅਤਿ ਬੜਾ, ਸਤਿ ਊਂਚਾ ਵਡ ਨਾਂਉ॥ ਨਾਮ ਨਿਰੰਜਨ ਗੁਰ ਸਦਾ, ਮਨ ਮਾਨਾ ਫਲ ਪਾਉ॥ ਕਿਤਨੇ ਹੀ ਯੋਧੇ ਭਏ, ਸ਼ੂਰ ਹੁਏ ਆਪਾਰ॥ ਸੋਹੰ ਨਾਮ ਕਾ ਮੇਲ ਹੋ, ਨੌਕਾ ਬਨੇ ਆਧਾਰ॥ ਕਾਮ, ਕਰੋਧ, ਠੱਗ ਠਗਤ ਹੈ, ਰਾਖੋ ਚਿਤ ਸੰਭਾਲ॥ ਸਤਿ ਪਰਮਾਤਮ ਵੇਧਿਯਾ, ਸਭੀ ਕਰੇ ਪ੍ਰਤਿਪਾਲ॥ ਕਿਤਨੇ ਪ੍ਰਭੂ ਕੇ ਭਗਤ ਭਏ, ਕਿਤਨੇ ਹੁਏ ਅਵਤਾਰ॥ ਕਿਤਨੇ ਪੰਡਿਤ, ਜਯੋਤਿਸ਼ੀ, ਵੇਦਾਂ ਕਰੇ ਵਿਚਾਰ॥ ਕਿਤਨੇ ਹੀ ਬ੍ਰਹਿਮੰਡ ਹੈਂ, ਕਰਤਾ ਗੁਰੂ ਸਮਰਥ॥ ਕਿਤਨੇ ਹੀ ਉਸਤਤਿ ਕਰੇਂ, ਦੀਨ ਦਯਾਲ ਅਕਥ॥ ਕਿਤਨੇ ਮੂਰਖ ਜਗਤ ਮੇਂ, ਰੂਪ ਭਏ ਵਿਕਰਾਲ॥ ਕਿਤਨੇ ਦੇਵੀ, ਦੇਵਤੇ, ਕਿਤਨੇ ਕਾਲ, ਕਰਾਲ॥ ਯਹ ਸਭ ਖੇਲ ਗੋਬਿੰਦ ਕੇ, ਅੰਤ ਨਾ ਆਵੇ ਕੋਇ॥ ਕਹੇ ਰਵਿਦਾਸ ਵਿਚਾਰ ਕੇ, ਪ੍ਰਭੂ ਮੇਂ ਰਹੋ ਸਮੋਇ॥

36.

ਸਤਿਗੁਰ ਕਾ ਧਰ ਧਯਾਨ ਤੂੰ, ਸਤਿਗੁਰ ਸੰਗ ਨਿਵਾਸ॥ ਸਤਿਗੁਰ ਕਾ ਧਰ ਧਯਾਨ ਤੂੰ, ਗੁਰ ਕਾ ਨਾਮ ਪਿਆਸ॥ ਸਤਿਗੁਰ ਕਾ ਧਰ ਧਯਾਨ ਤੂੰ,

ਗੁਰੂ ਨਿਰੰਜਨ ਲਾਲ॥ ਸਤਿਗੁਰ ਕਾ ਧਰ ਧਯਾਨ ਤੂੰ, ਲਿਖਤ ਲੇਖ ਸੋ ਭਾਲ॥ ਸਤਿਗੁਰ ਕਾ ਧਰ ਧਯਾਨ ਤੂੰ, ਸਾਧੂ ਮਤ ਵਿਚਾਰ॥ ਸਤਿਗੁਰ ਕਾ ਧਰ ਧਯਾਨ ਤੂੰ, ਅੰਤਰ ਕਰ ਲੈ ਸਾਰ॥ ਸਤਿਗੁਰ ਕਾ ਧਰ ਧਯਾਨ ਤੂੰ, ਲੋਭ, ਵਿਕਾਰ ਤਿਆਗ॥ ਸਤਿਗੁਰ ਕਾ ਧਰ ਧਯਾਨ ਤੂੰ, ਕਰਤਵਯ ਨੀਚ ਵਿਹਾਗ॥ ਸਤਿਗੁਰ ਕਾ ਧਰ ਧਯਾਨ ਤੂੰ, ਗਰਭ ਨਾ ਆਵੈ ਮੂਲ॥ ਸਤਿਗੁਰ ਕਾ ਧਰ ਧਯਾਨ ਤੂੰ, ਵਿਸ਼ਯ ਰਸ ਜਾ ਭੂਲ॥ ਸਤਿਗੁਰ ਕਾ ਧਰ ਧਯਾਨ ਤੂੰ, ਕੇਵਲ ਹੋਵੇ ਮੁਕਤਿ॥ ਕਹੇ ਰਵਿਦਾਸ ਵਿਚਾਰਿਆ, ਇਹੋ ਸਾਰ ਹੈ ਯੁਕਤ॥

37.

ਸੋਹੰ, ਸੋਹੰ ਉਚਾਰੀਏ, ਸ੍ਰੇਸ਼ਟ ਪੁਰਸ਼ ਸੰਗ ਪਿਆਰ॥ ਸੋਹੰ, ਸੋਹੰ ਉਚਾਰੀਏ, ਕਬਹੂ ਨਾ ਆਵੇ ਹਾਰ॥ ਸੋਹੰ, ਸੋਹੰ ਉਚਾਰੀਏ, ਗੁਰ ਕਾ ਨਾਮ ਗਹੀਰ॥ ਸੋਹੰ, ਸੋਹੰ ਉਚਾਰੀਏ, ਖੋਜੇ ਮਤ ਸੁਧੀਰ॥ ਸੋਹੰ, ਸੋਹੰ ਉਚਾਰੀਏ, ਭਜਨ ਕਰੋ ਗੁਰਦੇਵ॥ ਸੋਹੰ, ਸੋਹੰ ਉਚਾਰੀਏ, ਤਾ ਜਾਨੇ ਨਿਜ ਭੇਵ॥ ਸੋਹੰ, ਸੋਹੰ ਉਚਾਰੀਏ, ਸੰਧਯਾ ਸਮਯ ਧਿਆਨ॥ ਸੋਹੰ, ਸੋਹੰ ਉਚਾਰੀਏ, ਅੰਮ੍ਰਿਤ ਵੇਲਾ ਗਯਾਨ॥ ਸੋਹੰ, ਸੋਹੰ ਉਚਾਰੀਏ, ਸਾਕਤ ਸੰਗ ਨਾ ਹੋਇ॥ ਸੋਹੰ, ਸੋਹੰ ਉਚਾਰੀਏ, ਨਿਰਮਲ ਹੋਵੇ ਸੋਇ॥ ਸੋਹੰ, ਸੋਹੰ ਉਚਾਰੀਏ, ਕਰਨ ਕਾਰਨ ਅਲੇਖ॥ ਕਹੇ ਰਵਿਦਾਸ ਪੁਕਾਰ ਕੇ, ਮਨ ਨੀਵਾਂ ਕਰ ਦੇਖ॥

38.

ਸਤਿਗੁਰ ਸਾਹਿਬ ਅਤਿ ਬੜਾ, ਪਾਵਤ ਨਾ ਕੋਈ ਪਾਰ॥ ਸਤਿਗੁਰ ਸਾਹਿਬ ਅਤਿ ਬੜਾ, ਜਾਨਤ ਵਿਰਲਾ ਸਾਰ॥ ਸਤਿਗੁਰ ਸਾਹਿਬ ਅਤਿ ਬੜਾ, ਅੰਧਯਾਰੇ ਮੇਂ ਦੀਪ॥ ਸਤਿਗੁਰ ਸਾਹਿਬ ਅਤਿ ਬੜਾ, ਸੁੰਦਰ ਮੋਤੀ ਸੀਪ॥ ਸਤਿਗੁਰ ਸਾਹਿਬ ਅਤਿ ਬੜਾ, ਅਵਰ ਨਾ ਜਾਨੇ ਭੇਤ॥ ਸਤਿਗੁਰ ਸਾਹਿਬ ਅਤਿ ਬੜਾ, ਭੂਲੇ ਮਨ ਤੂੰ ਚੇਤ॥ ਸਤਿਗੁਰ ਸਾਹਿਬ ਅਤਿ ਬੜਾ, ਨਾਮ ਜਪੋ ਮਨ ਮਾਂਹੇ॥ ਸਤਿਗੁਰ ਸਾਹਿਬ ਅਤਿ ਬੜਾ, ਦਾਸ ਉਧਾਰੇ ਤਾਂਹੇ॥ ਸਤਿਗੁਰ ਸਾਹਿਬ ਅਤਿ ਬੜਾ, ਰੋਮ ਰੋਮ ਮੇਂ ਵਾਸ॥ ਸਤਿਗੁਰ ਸਾਹਿਬ ਅਤਿ ਬੜਾ, ਨਿਸਚੇ ਕਹੇ ਰਵਿਦਾਸ॥

39.

ਨਿਰੰਜਨ ਨਿਰੰਕਾਰ ਪ੍ਰਤਾਪ, ਮਨ ਕਰ ਜਪੇ ਗੁਰੂ, ਗੁਰੂ ਆਪ॥ ਨਿਰੰਜਨ ਨਿਰੰਕਾਰ ਸਭ ਦਾਤ, ਗੁਣੀ ਵਿਚਾਰੋ ਮਨ ਸਭ ਭਾਤ॥ ਨਿਰੰਜਨ ਨਿਰੰਕਾਰ ਭਗਵਾਨ, ਆਠ ਪਹਿਰ ਧਰ ਤਾਂਕਾ ਧਯਾਨ॥ ਨਿਰੰਜਨ ਨਿਰੰਕਾਰ ਅਵਿਨਾਸੀ, ਜਨਮ, ਮਰਣ ਕੀ ਕਾਟੇ ਫਾਂਸੀ॥ ਨਿਰੰਜਨ ਨਿਰੰਕਾਰ ਕਰਤਾਰ, ਸਰਵ ਦੁੱਖੋਂ ਕਾ ਉਤਰੇ ਭਾਰ॥ ਨਿਰੰਜਨ ਨਿਰੰਕਾਰ ਭਵਜਯੋਤੀ, ਦੁਰਮਤ ਦੁਬਿਧਾ ਅੰਤਰ ਨਾ ਹੋਤੀ॥ ਨਿਰੰਜਨ ਨਿਰੰਕਾਰ ਨਾਰਾਇਣ ਭਜ, ਸਰਵ ਸੁੱਖੋਂ ਕਾ ਹੋਇ ਆਇਣ॥ ਨਿਰੰਜਨ ਨਿਰੰਕਾਰ ਗੋਪਾਲ, ਜੀਵ ਜੰਤ ਕੀ ਕਰੇ ਪ੍ਰਤਿਪਾਲ॥ ਨਿਰੰਜਨ ਨਿਰੰਕਾਰ ਨਰ ਨਾਥ, ਸਰਵ ਪਦਾਰਥ ਤਿਸ ਕੇ ਹਾਥ॥ ਨਿਰੰਜਨ ਨਿਰੰਕਾਰ ਪ੍ਰਕਾਸ਼, ਭਜ ਹ੍ਰਿਦਯ ਕਹੋ ਰਵਿਦਾਸ॥



40.

ਓਅੰ, ਓਅੰ, ਓਅੰਨੀਤ, ਮਨ ਧਰ ਸੱਚ ਭਗਵਾਨ ਪ੍ਰੀਤ॥ ਓਅੰ, ਓਅੰ, ਓਅੰਧਯਾਨ, ਸੱਚ, ਸੱਚ ਸਭ ਸੱਚ ਹੀ ਮਾਨ॥ ਓਅੰ, ਓਅੰ, ਓਅੰ ਪੂਜਾ, ਦੇਵੀ ਦੇਵਾ, ਤਿਸ ਬਿਨ ਦੂਜਾ॥ ਓਅੰ, ਓਅੰ, ਓਅੰ ਸਤਿਸੰਗ, ਨਾਮ ਧਿਆਇ ਮਨ ਕਰ ਰੰਗ॥ ਓਅੰ, ਓਅੰ, ਓਅੰ ਜਪ ਲੀਜੇ, ਮੁਗਧ ਪੱਥਰ ਭਵ ਨਰਿ ਤਰੀਜੇ॥ ਓਅੰ, ਓਅੰ, ਅਮਰ ਕਲਯਾਨ, ਅੰਤਰ ਹ੍ਰਿਦਯ ਚੜੇ ਹਰ ਭਾਨ॥ ਓਅੰ, ਓਅੰ, ਗੁਣ ਵਿਖਯਾਨ, ਪਵਿੱਤਰ ਗੁਣੋਂ ਕੀ ਹੋਵੇ ਕਾਨ॥ ਓਅੰ, ਓਅੰ, ਤੇਰਾ ਅਧਿਕਾਰ, ਪਾਪ ਰੋਗ ਸਭ ਉੱਤਰੇ ਭਾਰ॥ ਓਅੰ, ਓਅੰ, ਓਅੰ ਦਿਨ ਰੈਨ, ਸੋਹੰ ਭਜ ਮਨ ਹੋਵੇ ਚੈਨ॥ ਕਹੇ ਰਵਿਦਾਸ ਲੱਖ ਗੁਰ ਕੀ ਕਰਨੀ, ਸਵਾਸ, ਸਵਾਸ ਪਰ ਹਰ ਕੀ ਚਰਨੀ॥

# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਉਚਾਰਨ ਕੀਤੀ ਹੋਈ ਪੈਂਤੀ ਅੱਖਰੀ

ੳ-ਉਸਤਤ ਕਰੋ ਇਕ ਓਂਕਾਰਾ। ਤੀਨ ਲੋਕ ਜਿਨ ਕੀਆ ਪਸਾਰਾ।
ਅ-ਅਲਖ ਕੋ ਲਖ ਜੋ ਭਾਈ। ਦੇਹੋਂ ਢੰਢੋਰਾ ਸੰਤ ਸਿਪਾਹੀ।
ੲ-ਈਸ਼ਵਰ ਕਾਇਆ ਘਟ ਮੇਂ। ਆਕਾਸ਼ ਰਮਇਓ ਜੈਸੇ ਸਬ ਮਟ ਮੇਂ।
ਸ-ਸੀਸ਼ ਮਹਲ ਮੇਂ ਸਵਾਮੀ ਦਰਸ਼ੇ। ਜਹਾਂ ਪ੍ਰੇਮ ਅਮੀ ਰਸ ਬਰਸੇ।
ਹ-ਹਰਿ ਕਾ ਸਿਮਰਣ ਕੀਜੈ। ਕਹੇ ਰਵਿਦਾਸ ਅਮੀ ਰਸ ਪੀਜੈ।
ਕ-ਕਾਇਆ ਕੋਟਿ ਮੇਂ ਰਮ ਰਹਿਓ ਪਿਆਰਾ। ਸੀਸ ਮਹਲ ਮੇਂ ਦੇ ਦੀਦਾਰਾ।
ਖ-ਖਿਆਲ ਸੇ ਕਰੋ ਵਿਚਾਰਾ। ਸਰਵਵਿਆਪੀ ਸਬ ਸੇ ਨਿਆਰਾ।
ਗ-ਗੋਬਿੰਦ ਏਸੇ ਗਿਆਨੀ। ਨ ਕੁਛ ਭੂਲੇ ਨ ਕੁਛ ਜਾਨੀ।
ਘ-ਘਨ ਨਹੀਂ ਅਹਰਣ ਸਹੇ ਚੋਟਾਂ। ਸਤਗੁਰੂ ਸ਼ਬਦ ਘੜਿਆ ਹੈ ਅਨੋਠਾ।
ਙ-ਙਆਨਤਾ ਸੋਈ ਸਾਰ। ਰਹੇ ਰਵਿਦਾਸ ਬਾਤ ਵਿਚਾਰ।
ਚ-ਚਾਮ ਕਾ ਚੋਲਾ ਭਾਈ। ਨਾਮ ਬਿਨਾ ਕੁਛ ਕਾਮ ਨ ਆਈ।
ਛ-ਛਿਨ ਮੇਂ ਭਇਆ ਮਮੋਲਾ। ਅਮੀ ਸਰੋਵਰ ਦਿਆ ਝਕੋਲਾ।
ਜ-ਜੀਵ ਹੈ, ਜਨੇਊ ਜਾਤਿ ਕਾ। ਦਇਆ ਕੀ ਧੋਤੀ ਤਿਲਕ ਸਤਿਯ ਕਾ।
ਝ-ਝਿਲਮਿਲ ਜੋਤ ਜਗਾਈ। ਅਲਖ ਪੁਰਸ਼ ਤਹਾਂ ਪਹੁੰਚੇ ਆਈ।
ਞ-ਞਯਾਨਤ ਸੋਈ ਧਿਆਨੀ। ਦਾਸ ਰਵਿਦਾਸ ਕਹੇ ਬ੍ਰਹਮ ਗਿਆਨੀ।
ਟ-ਟੈਕਾ ਟੇਰ ਕਾ ਏਕ ਰਾਖੋ। ਏਕ ਬਿਨਾ ਦੂਜਾ ਮਤ ਆਖੋ।
ਠ-ਠਾਕੁਰ ਸ਼ੀਲਾ ਤਰ ਗਏ ਭਾਈ। ਪੰਡਿਤ ਬੈਠੇ ਮਨ ਮੁਰਝਾਈ।
ਡ-ਡਰ ਨਹੀਂ ਹਰਿ ਸੰਗ ਪ੍ਰੀਤ। ਭਗਤ ਜਨ ਬੈਠੇ ਮਨ ਕੋ ਜੀਤ।
ਢ-ਢਾ ਦੀਨੀ ਬੁਰਜੀਪਾਪਨ। ਸਿਮਰਣ ਕੀਨਾ ਅਜਪਾ ਜਪਨ।
ਣ-ਣਮ ਕੀ ਲਾਈ ਡੋਰੀ। ਕਹੇ ਰਵਿਦਾਸ ਲਗੀ ਲਿਵ ਮੋਰੀ।
ਤ-ਤ੍ਰਿਗੁਣ ਮਾਇਆ ਰਚਦੀ ਭਾਈ। ਰਿਸ਼ੀ ਮੁਨਿ ਲੀਨੇ ਭਰਮਾਈ।
ਥ-ਸਥਿਰ ਨਹੀਂ ਯਹ ਸੰਸਾਰਾ। ਰਾਵ ਰੰਕ ਸਬ ਕਾਲ ਨਗਾਰਾ।
ਦ-ਦੋ ਇਕ ਦਿਨ ਯਹਾਂ ਮੰਦਿਰ ਸਾਰਾ, ਫਿਰ ਠਾਠ ਛੋੜ ਲਦ ਜਾਏ ਬੰਜਾਰਾ।
ਧ-ਧਨੀ ਜਿਨ ਧਿਆਨ ਲਗਾਇਓ। ਕਾਲ ਫਾਂਸ ਕੇ ਬੀਚ ਨ ਆਇਓ।
ਨ- ਨਾਮ ਕੀ ਨਾਵ ਬਨਾਈ। ਕਹੇ ਰਵਿਦਾਸ ਚੜੋ ਰੇ ਭਾਈ।
ਪ-ਪਾਰ ਬ੍ਰਹਮ ਪਰਮੇਸ਼ਵਰ ਸਵਾਮੀ। ਸਬ ਘਟ-ਘਟ ਕੇ ਅੰਤਰਯਾਮੀ।
ਫ-ਫਿਕਰ ਕਰ ਛੋੜ ਜਗਸੰਸਾ। ਜਾ ਮਿਲ ਬੈਠੇ ਅਵਿਨਾਸ਼ੀ ਪਾਸਾ।
ਬ-ਬ੍ਰਹਮ ਸੋ ਬ੍ਰਹਮ ਕਾ ਵੇਤਾ। ਗਗਨ ਮੰਡਲ ਮੇਂ ਰਾਖੋ ਚੇਤਾ।
ਭ-ਭ੍ਰਮ ਮਿਟੇ ਜੋ ਪੰਚਮ ਸੀਜੇ, ਜਾਏ ਤ੍ਰਿਵੈਣੀ ਮਜਨ ਕੀਜੇ।
ਮ-ਮਨ ਕੋ ਗਗਨ ਸਮਾਓ। ਕਹੇ ਰਵਿਦਾਸ ਪਰਮ ਪਦ ਪਾਓ।
ਯ-ਯਾਦ ਕਰੋ, ਵਾਹ ਕੇ ਗੁਣ ਗਾਓ। ਪਾਰ ਬ੍ਰਹਮ ਕੇ ਦਰਸ਼ਨ ਪਾਓ।
ਰ-ਰਾਮ ਰਮੇ ਸੋ ਰਾਮ ਪਿਆਰਾ। ਫਿਰ ਨ ਦੇਖਿਆ ਜਮ ਕਾ ਦਵਾਰਾ।



ਲ-ਲਿਵ ਲਗਾ ਲੇ ਭਾਈ। ਜਮ ਕਾ ਤ੍ਰਾਸ ਨਿਕਟ ਨਾ ਆਈ।
ਵ-ਵਿਧੀਬਧ ਸਿਮਰਣ ਕੀਜੈ। ਸੋਹੰ ਨਾਮ ਅਮੀ ਰਸ ਪੀਜੈ।
ੜ-ੜਾੜ ਮਿਟਿ ਜਬ ਹੁਆ ਨਬੇੜਾ, ਕਹੇ ਰਵਿਦਾਸ ਕਿਆ ਅਮਰ ਘਰ ਡੇਰਾ।
ਸੋਹੰ ਸ਼ਬਦ ਮਨ ਕੀਆ ਬਸੇਰਾ। ਮੇਟ ਦਿਯਾ ਚੌਰਾਸੀ ਕਾ ਫੇਰਾ।
ਓਂਕਾਰ ਬਾਵਨ ਕਾ ਪੈਂਤੀਸ ਮੇਂ ਜਪਿਓ ਹੈ ਸਾਰ।

ਸਰਵ ਦੇਵ ਸੰਤਨ ਕੋ ਕਰੇਂ ਹੈਂ ਨਮਸਕਾਰ।
ਪੈਂਤੀਸ ਮਾਤਰਾ ਪ੍ਰੇਮ ਸੇ ਸਿਮਰੇਂ ਹੈਂ ਨਿਜ ਦਾਸ।
ਜਿਨ ਸਿਮਰਿਓ ਸੋ ਮੁਕਤ ਹੈਂ ਕਹੇ ਸਦ ਰਵਿਦਾਸ।
ਓਂਕਾਰ ਪੈਂਤੀਸ ਮਾਤਰਾ ਪ੍ਰੇਮ ਸੇ ਨਿਸਵਾਸਰ ਕਰ ਜਾਪ।
ਰਵਿਦਾਸ ਕਹੇ ਜੋ ਸਿਮਰਤੇ, ਮਿਟ ਗਏ ਤੀਨੋਂ ਤਾਪ।
ਓਂਕਾਰ ਪੈਂਤੀ ਮਾਤਰਾ ਪ੍ਰੇਮ ਸੇ ਸਿਮਰਣ ਕੀਓ ਮਨ ਵੈਰਾਗ।
ਰਵਿਦਾਸ ਕਹੇ ਜੋ ਸਿਮਰਤੇ, ਤਿਨ ਕੇ ਪੂਰਣ ਭਾਗ।
ਪੈਂਤੀਸ ਮਾਤਰਾ ਪ੍ਰੇਮ ਸੇ ਸਿਮਰਤੇ ਰਵਿ ਪ੍ਰਕਾਸ਼।
ਰਵਿਦਾਸ ਕਹੇ ਜੋ ਸਿਮਰਤੇ, ਮਿਟ ਗਏ ਜਮ ਕੇ ਤ੍ਰਾਸ।
ਰਵਿਦਾਸ ਸਿਮਰਤ ਰਮਤੇ ਰਾਮ ਮੇਂ ਸਤਿ ਸ਼ਬਦ ਪ੍ਰਤੀਤ।
ਅਮਰ ਲੋਕ ਜਾਏ ਬਸਿਓ, ਕਾਲ ਕਸ਼ਟ ਕੋ ਜੀਤ।
ਓਂਕਾਰ ਸਪਤ ਸਲੋਕੀ ਮਾਤਰਾ, ਸਤਿ ਕੀਓ ਜਗਦੀਸ਼।
ਅਮਰ ਲੋਕ ਵਾਸਾ ਕੀਆ, ਕਾਲ ਨਮਾਵੇਂ ਸ਼ੀਸ਼।

## ॥ ਸ੍ਰੀ ਗੁਰੂ ਰਵਿਦਾਸ ਬਾਣੀ ਹਫ਼ਤਾਵਾਰ ॥

ਸੋਹੰ ਸਤਿਨਾਮ ਧਿਆਓ॥ ਐਤਵਾਰ ਅੰਮ੍ਰਿਤ ਦਾ ਭਰਿਆ ਬੋਲੈ ਅੰਮ੍ਰਿਤ ਬੈਨ॥ ਗੁਰੂ ਕਾ ਸ਼ਬਦ ਜਪੋ ਦਿਨ ਰਾਤੀ ਤਾ ਆਵੈ ਸੁਖ ਚੈਨ॥ ਐਤਵਾਰ ਵੀ ਸਫਲ ਹੈ ਹਰਿ ਕਾ ਸਿਮਰਨ ਸਾਰ॥ ਰਵਿਦਾਸ ਜੋ ਨਾਮ ਉਚਾਰਿਏ ਪਾਇਆ ਮੁਖ ਦੁਆਰ॥ ੧॥ ਟੇਕ॥ ਸੋਮਵਾਰ ਸਭ ਠੋਰ ਮੇਂ ਜਲੇ ਥਲੇ ਭਗਵਾਨ॥ ਮਹਿਮਾ ਪ੍ਰਭੂ ਗਾਈਏ ਤਬ ਹੋਵੇ ਕਲਿਆਣ॥ ਗੋਬਿੰਦ ਗੋਬਿੰਦ ਜਾਪ ਸੇ ਆਵੈ ਸਦਾ ਅਨੰਦ॥ ਸੋਮਵਾਰ ਸੁਖ ਦਾ ਜਪੋ ਜਪੋ ਰਵਿਦਾਸ ਮੁਕੰਦ॥੨॥ ਟੇਕ॥ ਮੰਗਲਵਾਰ ਆਵੈ ਸਦਾ ਹੋਵੇ ਮੰਗਲਚਾਰ॥ ਰਲਮਿਲ ਸਖੀਆਂ ਸਿਮਰਲੋ ਹਰਿ ਹਰਿ ਨਾਮ ਅਧਾਰ॥ ਪ੍ਰੀਤਮ ਚਰਨੀ ਲਾਗਿਆ ਕਭੀ ਨਾ ਆਵੈ ਹਾਰ॥ ਮੰਗਲਵਾਰ ਸੁਲਖਣਾ ਕਹਿ ਰਵਿਦਾਸ ਬਿਚਾਰ॥ ੩॥ ਟੇਕ॥ ਬੁਧਵਾਰ ਬੋਧ ਸਦਾ ਹੋਵੈ ਗਿਆਨ ਪ੍ਰਕਾਸ਼॥ ਗੁਰੂ ਪ੍ਰੇਮ ਪੂਰੇ ਜੋ ਮਿਲੈ ਟੂਟੇ ਜਮ ਕੀ ਫਾਸ॥ ਅੰਤ ਸਹਾਈ ਪ੍ਰਭੂ ਭਏ ਕਰਮ ਕਮਾਇ ਸੋਈ॥ ਬੁਧਵਾਰ ਬੁਧ ਸਫਲ ਹੈ ਰਵਿਦਾਸ ਜੋ ਭਗਤ ਹੋਇ॥ ੪॥ ਟੇਕ॥ ਵੀਰਵਾਰ ਵਿਦਿਆ ਬੜੈ ਪੁੰਨ ਪੁਨਾ ਅਭਿਆਸ॥ ਸਤਿਗੁਰ ਪੂਰੇ ਮਿਲਨ ਸੇ ਹੋਵੇ ਆਤਮ ਪ੍ਰਕਾਸ਼॥ ਗੁਰੂ ਗਿਆਨ ਕਾ ਮੂਲ ਹੈ ਧਰਮ ਮੂਲ ਕਾ ਹਿਤਕਾਰ॥ ਵੀਰਵਾਰ ਬਿਚਾਰੀਏ ਨਸੈ ਪਾਪ ਹਜਾਰ॥ ੫॥ ਟੇਕ॥ ਸ਼ੁਕਰਵਾਰ ਸੁਹਾਵਨਾ ਛਿਨ ਛਿਨ ਭਜੈ ਕਰਤਾਰ॥ ਵਿਛੈ ਬਾਸ਼ਨਾ ਝੂਠੀਆਂ ਦੇਵੈ ਨਰਕਾਂ ਡਾਰ॥ ਗਤਿ ਕਰਮਾਂ ਅਨੁਸਰਾ ਹੈ ਜੈਸਾ ਜੈਸਾ ਹੋਵੈ॥ ਸ਼ੁਕਰਵਾਰ ਸੁਹਾਵਣਾ ਰਵਿਦਾਸੀ ਨਾਮ ਜਪੇਵੈ॥੬॥ ਟੇਕ॥ ਸ਼ਨੀਵਾਰ ਭਜਨ ਸ਼੍ਰਿਸ਼ਟ ਸਤ ਸਤ ਸਭ ਵਾਰ॥ ਸ਼ੁਭ ਕਰਮਾਂ ਸੇ ਸਫਲ ਹੈ ਆਵਣ ਜਾਣ ਸੰਸਾਰ॥ ਬਿਨ ਭਜਨ ਬਿਰਥਾ ਸਭ ਜਾਨਤੇ ਜੋ ਜੋ ਆਵਤਵਾਰ॥ ਬਾਰਮ ਬਾਰ ਹਰਿ ਸਿਮਰੀਏ ਕਹਿ ਰਵਿਦਾਸ ਬਿਚਾਰ॥੭॥ ਟੇਕ॥

## ॥ ਸ੍ਰੀ ਗੁਰੂ ਰਵਿਦਾਸ ਬਾਣੀ ਪੰਦਰਾ ਤਿਥੀ॥

ਸੋਹੰ ਸਤਿਨਾਮ ਧਿਆਓ॥ ਅਮਾਵਸ ਜੋ ਹੈ ਭਾਖਿਆ ਜਾਨੋ ਮੀਤ॥ ਸ਼੍ਰਿਸਟ ਮੁਨੀ ਸਭ ਗਾਵਦੇ ਗੀਤ॥ ਅਮਾਵਸ ਹੈ ਛੂਤ ਸਦਾ ਬਸੈ ਹੈ ਜਗ ਜੀਤ॥ ਬਿਰਲੈ ਬਿਰਲੈ ਪੀਵਗੇ ਸੋਹੰ ਰਸ ਸੁਰਜੀਤ॥ ੧॥ ਭਗਤਾ ਸੇਤੀ ਗੋਸ਼ਟੀ ਜਾਇ ਸਭੀ ਬਿਹਾਇ॥ ਆਉਨਾ ਉਸਕਾ ਸਫਲ ਹੈ ਜੋ ਜਾਤੇ ਲਾਭ ਉਠਾਇ॥ ਅਮਾਵਸ ਹੈ ਜੋ ਆਉਂਦਿਆਂ ਆਵਨ ਜਾਵਨ ਗੀਤ। ਕਹਿ ਰਵਿਦਾਸ ਵਿਚਾਰਕੇ ਰਾਖੋ ਹਰਿ ਸੇ ਪ੍ਰੀਤ॥ ੨॥ ੧॥ ਟੇਕ॥ ਏਕਮ ਏਕ ਪਰਮਾਤਮਾ ਸੰਸਾਰੈ ਹੈ ਪ੍ਰਕਾਸ਼॥ ਸਵਾਸ ਸਵਾਸ ਤੂੰ ਸਿਮਰਲੈ ਤੋੜੇ ਜਮ ਕੀ ਫਾਸ॥ ੧॥ ਦੀਨ ਬੰਧੂ ਦਿਆਲ ਜੋ ਸੋਇ ਹੈ ਸਿਮਰਨ ਸਾਰ॥ ਜਗਤ ਸਦਾ ਜੋ ਸੁਖ ਦੇਵੇ ਅੰਤਰ ਹੋਇ ਆਧਾਰ॥ ੨॥ ਹਸਤੀ ਚੀਟੀ ਆਦਿ ਲੈ ਜੀਵਨ ਹੁਕਮ ਅਨੁਸਾਰ॥ ਭਜਨ ਕਰੋ ਜਨ ਪਾਲਕਾ ਹੋਨਾ ਜੇਕਰ ਪਾਰ॥ ੩॥ ਏਕਮ ਏਕ ਪਰਮਾਤਮਾ



ਰੱਖਣੀ ਉਸਕੀ ਆਸ॥ ਸਤਿ ਸਤਿ ਪ੍ਰਭੂ ਸਿਮਰਤੇ ਸਚ ਕਹੈ ਰਵਿਦਾਸ॥ ੪॥ ੨॥ ਟੇਕ॥ ਦੂਜੀ ਦੁਰਮਤਿ ਦੂਰ ਕਰ ਰੱਖਣਾ ਗੁਰੂ ਸੇ ਨੇਊ॥ ਸਫਲ ਕਰਮ ਤਬ ਹੋਣਗੇ ਗਤੀ ਪਾਵੈ ਇਹ ਦੇਹੂ॥ ੧॥ ਦੂਜੀ ਦੁਰਮਤਿ ਦੂਰ ਕਰ ਦਇਆ ਧਰਮ ਕਿਰਪਾਲ॥ ਸਤਿ ਸੇ ਕਰ ਗੋਸ਼ਠੀ ਹਿਰਦਿਆ ਬਸੈ ਗੋਪਾਲ॥ ੨॥ ਸੁਭ ਕਰਮਾ ਫਲ ਸੁਭ ਹੈ ਕਰਮਾਂ ਸੰਦਣਾ ਖੇਤ॥ ਪਾਪ ਕਰਮ ਦੇ ਕੀਤਿਕ ਸਦਾ ਹਾਰ ਨਹੀਂ ਜੀਤ॥ ੩॥ ਦੂਜੀ ਦੁਰਮਤਿ ਤਿਆਗ ਕਰ ਲੀਲਾ ਅਜਬ ਪਹਿਚਾਨ॥ ਕਹਿ ਰਵਿਦਾਸ ਬਿਚਾਰਕੇ ਭਗਤ ਭਜਨ ਕਲਿਆਣ॥ ੪॥ ੩॥ ਟੇਕ॥ ਸੰਸਾਰੀ ਤ੍ਰਿਸ਼ਨਾ ਤਿਆਗ ਕੇ ਤਨ ਮਨ ਧਨ ਗੁਰੂਦੇਵ॥ ਮਿਥਿਆ ਸਭ ਕੋ ਜਾਨਕੇ ਰੱਖ ਨਾਮ ਸਨੇਹ॥ ੧॥ ਕਰਮੀ ਭਗਤੀ ਕਰਨ ਸੇ ਹੋਵੈ ਜਗਤ ਅਧਾਰ॥ ਵਹਿ ਸੋਭਾ ਅਤਿ ਘਨੀ ਅਗੇ ਮਿਲੈ ਭੰਡਾਰ॥ ੨॥ ਤੀਰਥ ਫਲ ਨਾ ਬਰਤ ਫਲ ਨਹੀਂ ਜਗ ਕੋਈ ਪਾਇ।. ਮਨ ਮਹਿ ਹਊਮੈ ਅਹੰਕਾਰ ਜੋਇ ਬਿਰਥਾ ਸਭਹੀ ਜਾਇ॥ ੩॥ ਤ੍ਰਿਤਿਏ ਤਿਆਗੀਏ ਮਾਨ ਕੋ ਖੋਟੇ ਕਰਮ ਹੰਕਾਰ॥ ਹਰਿ ਹਰਿ ਨਾਮ ਉਚਾਰੀਏ ਕਹਿ ਰਵਿਦਾਸ ਪੁਕਾਰ॥ ੪॥ ੪॥ ਟੇਕ॥ ਚੌਥ ਚਾਰੋ ਤਰਫ ਮਹਿ ਦਸੋਂ ਦਿਸਾ ਚੋਗਿਰਦ॥ ਜਲੈ ਥਲੈ ਪ੍ਰਭੂ ਆਪ ਹੈ ਰਾਖੋ ਨਾਮ ਕੀ ਵਿਰਦ॥ ੧॥ ਚਮਨ ਜੋ ਤੁਝੈ ਦਿਖ ਰਹਾ ਰਹਿਨਾ ਨਹੀਂ ਹਮੇਸ਼॥ ਛਣ ਮੰਗੂਰ ਸ਼ਰੀਰ ਹੈ ਬਦਨ ਰਹਿਤ ਨਾ ਕੇਸ॥ ੨॥ ਸਹਾਇਤਾ ਕੋਈ ਨਾ ਕਰ ਸਕੇ ਜਿਨ ਸੋ ਲਾਇਆ ਹੇਤ॥ ਅੰਤ ਸਮੇਂ ਛਡ ਜਾਇਗੇ ਮੁੱਖ ਸੇਵਨ ਪ੍ਰੇਤ॥ ੩॥ ਚੌਥ ਚੋਰੀ ਨਾ ਕਰੋ ਤਿਆਗੋ ਵਿਸ਼ੈ ਬਿਕਾਰ॥ ਗੋਬਿੰਦ ਸਿਮਰਨਿ ਸਾਰ ਹੈ ਕਹਿ ਰਵਿਦਾਸ ਵਿਚਾਰ॥੪॥੫॥ ਟੇਕ॥ ਪੰਚਮੀ ਪ੍ਰੀਤਮ ਜਾਨ ਲਉ ਸਭਨਾ ਹੈ ਭਗਵੰਤ॥ ਬ੍ਰਾਹਮਣ ਆਦਿਕ ਸਿਮਰਤੇ ਕੋਈ ਨਾ ਪਾਇਆ ਅੰਤ॥ ੧॥ ਪੰਚ ਤਤਵ ਕੀ ਰਚਨਾ ਹੈ ਜੋ ਦਿਖੈ ਆਕਾਰ॥ ਤਿਸਮੇ ਹੋਵੈ ਲੀਨ ਸਭ ਲੀਲਾ ਪ੍ਰਭ ਅਪਾਰ॥ ੨॥ ਵਿਛੈ ਵਾਸ਼ਨਾ ਝੂਠ ਹੈ ਰਾਹ ਭਲਾ ਬੀਚ ਨੀਤ॥ ਬਿਨਾ ਭਜਨ ਸੰਗੀ ਨਹੀਂ ਸਰਬ ਸੁਖਾ ਕਾ ਮੀਤ॥ ੩॥ ਪੰਚਮੇ ਪਤੀ ਪਰਮਾਤਮਾ ਸਰਬ ਸ਼੍ਰਿਸਟੀ ਜਾਨ॥ ਗੁਰ ਕੀ ਸਰਨੀ ਧਿਆਵਤੇ ਹੋਵੈ ਰਵਿਦਾਸ ਗਿਆਨ॥ ੪॥ ੬॥ ਟੇਕ॥ ਸ਼ਿਸ਼ਟਮੀ ਬਿਤ ਵਿਖੀਆਨੀਏ ਸ਼ਟ ਰਸ ਭੋਜਨ ਆਦਿ॥ ਜਿਸਨੇ ਸਭ ਪੈਦਾ ਕੀਏ ਕਰ ਤੂੰ ਉਸਕੀ ਯਾਦ॥ ੧॥ ਜੋ ਦੇਖਤ ਸਭ ਬਿਨਸਤਾ ਬਾਪਰ ਸ਼ਾਹੀ ਆਦਿ॥ ਸਿਮਰਨ ਕਰ ਤੂੰ ਪ੍ਰਭੂ ਕਾ ਜੋ ਹੈ ਆਦਿ ਜੁਗਾਦਿ॥ ੨॥ ਉਲਟੇ ਨਿਜਮਾਂ ਕੀਤਿਆ ਆਵਤ ਤੁਝਕੋ ਹਾਰ॥ ਸੁਭ ਕਰਮ ਕੇ ਕਰਨ ਸੇ ਪਾਵੈ ਸਤਿ ਦਰਬਾਰ॥ ੩॥ ਸ਼ਿਸ਼ਟਮੀ ਸ਼ੁਦ ਕਰਮ ਕਰਾਵੈ ਜੋਵੈ॥ ਗੁਰੂ ਮਿਲ ਜੀਵਨ ਮੁਕਤ ਹੈ ਸਖਾ ਰਵਿਦਾਸੀ ਹੋਵੈ॥ ੮॥ ੧॥ ਟੇਕ॥ ਸਤਮੀ ਸਾਰੇ ਰਮ ਰਹਾ ਆਪ ਹਰੀ ਸਿਰਜਨਹਾਰ॥ ਤੂੰ ਨਾ ਭੂਲੈ ਪਰਾਣੀਆਂ ਸਿਮਰਨ ਬਾਰਮਬਾਰ॥ ੧॥ ਹਰਿ ਪੂਰਨ ਪਰਮਾਤਮਾ ਨਿਰਧਨ ਅਧਾਰ॥ ਸਰਬ ਵਿਆਪੀ ਪ੍ਰਭੂ ਹੈ ਤੂੰ ਨਾ ਕਭੀ ਬਿਸਾਰ॥ ੨॥ ਦੁਖੀਆਂ ਕੇ ਦੁਖ ਦੂਰ ਕਰ ਕਸ਼ਟ ਨਿਵਾਰੋ ਆਪ॥ ਸਦਾ ਸਹਾਈ ਪ੍ਰਭੂ ਹੈ ਕਰੈ ਜੋ ਉਸਕਾ ਜਾਪ॥ ੩॥ ਨਿੰਦ ਕਾ ਹੰਕਾਰੀ ਪਾਠ ਕਾ ਭਗਤ ਹੈ ਤਾਸ॥ ਹਰਿ ਭਜਨ ਸੰਗ ਮੁਕਤੀ ਪਾਵੈ ਜਨ ਰਵਿਦਾਸ॥ ੪॥ ੮॥ ਟੇਕ॥ ਅਠਮੀ ਆਠੋ ਆਮ ਜੋ ਸਿਮਰਨ ਕਰ

ਹਰਿਨਾਮ॥ ਸੁਧ ਤੇਰਾ ਪ੍ਰਲੋਕ ਜੋ ਹੋਵੈ ਅੰਤ ਕਲਿਆਣ॥੧॥ ਹੋਵੈ ਗਿਆਨ ਕੀ ਰੋਸ਼ਨੀ ਗੁਰੂ ਗਿਆਨ ਕਾ ਮੂਲ॥ ਗੁਰੂ ਸੇਵਾ ਬਹਿ ਸੰਤ ਕੀ ਕਰਮ ਕਮਾਇ ਅਸਲੂ॥ ਭੂਲਨ ਅੰਦਰ ਸਭ ਕੋ ਅਭੁੱਲ ਪ੍ਰਭੂ ਹੈ ਆਪ॥ ਭੁੱਲਾ ਰਹੇ ਜੋ ਪਾਪ ਸੇ ਮਿਟਤ ਸਕਲ ਸੰਤਾਪ॥ ੩॥ ਅਠਮੀ ਅਟਕ ਨਾ ਹੋਵਸੀ ਜਿਸ ਕਾ ਰਿਦਾ ਸੁਫਾਇ॥ ਰਵਿਦਾਸ ਅਟਕ ਹੈ ਉਸਕੋ ਪਾਪ ਪੋਟਰੀ ਉਠਾਇ॥ ੪॥ ੮॥ ਟੇਕ॥ ਨੌਮੀ ਨੌਧ ਭਗਤ ਜੋ ਹੈ ਭਗਤਾ ਮਨਜ਼ੂਰ॥ ਪੁਰਸ਼ ਭਲਾ ਜੋ ਕਰੇਗੇ ਸਭਨਾ ਪੂਰਨ ਪੂਰ॥ ੧॥ ਪਦ ਸੇਵਨ ਕੀਰਤਨ ਜਸ ਚੋਥੈ ਅਰਪਣ ਜਾਨ॥ ਦਾਸ ਸਖਾ ਨੇ ਅਰਪਨਾ ਆਠੋ ਬੰਦਨਾ ਮਾਨ॥ ੨॥ ਨੌਮੀ ਡੰਡਾਉਤ ਕਹੀ ਜੋ ਕਹੇ ਕਰਾਏ ਜਾਇ॥ ਰਵਿਦਾਸ ਭਜਨ ਅਮੋਲ ਹੈ ਬਿਰਲਾ ਪਾਏ ਕੋਇ॥ ੩॥ ੧੦॥ ਟੇਕ॥ ਦਸਮੀ ਦਰਦ ਨਿਵਾਰ ਲੈ ਸਚੇ ਸਤਿਗੁਰ ਸੰਗ॥ ਸਮਾਂ ਵਿਅਰਥ ਜਾਇਗਾ ਹੰਕਾਰੀ ਦੁਸ਼ਟ ਭੁਜੰਗ॥ ੧॥ ਮੈਂ ਮੇਰੀ ਨੂੰ ਮਾਰ ਲੈ ਮਨ ਮਹਿ ਸ਼ਾਂਤ ਹੋਵੈ॥ ਕ੍ਰੋਧ ਬੁਰਾ ਹੈ ਕਾਲ ਸੇ ਇਸਕੋ ਲੇਉ ਸਮਾਵੈ॥ ੨॥ ਸ਼੍ਰਿਸ਼ਟ ਮੁਨੀ ਸਭ ਸਮਝਤੇ ਕਰਦੇ ਨਾਮ ਅਧਾਰ॥ ਸਰਬ ਠੋਰ ਮੇਂ ਬਸ ਰਹਾ ਸੱਚਾ ਸਿਰਜਣਹਾਰ॥ ੩॥ ਦਸਮੀ ਦਿਸ਼ੋ ਦਿਸ਼ ਬਸ ਰਹਾ ਸਾਰੇ ਹੈ ਕਰਤਾਰ॥ ਹਰਿ ਹਰਿ ਤੁਲ ਨਾ ਪ੍ਰਾਨੀਆਂ ਕਹਿ ਰਵਿਦਾਸ ਬਿਚਾਰ॥ ੪॥ ੧੧॥ ਟੇਕ॥ ਏਕਾਦਸੀ ਏਕ ਦਾ ਦਾਸ ਰਹੁ ਫੁਰਨੇ ਤਜੋ ਅਨੇਕ॥ ਭਗਤ ਹੋਤ ਤਰ ਜਾਵਗੇ ਸਦਾ ਮਾਨੀਏ ਟੇਕ॥ ੧॥ ਅੰਬਾ ਗੁਵਾਹੀ ਨਿੰਦਾ ਬਾਸ ਇਹ ਜਾਨ॥ ਇਹ ਸਭ ਜੋਹਰ ਸੁਮਨ ਹੈ ਛਾਡੋ ਇਨਕਾ ਧਿਆਨ॥ ੨॥ ਜੂਆ ਮਾਸ ਮਧਰ ਬੇਸ਼ਿਆ ਹਿੰਸਾ ਚੋਰੀ ਕਾਰ॥ ਜਿਹ ਖੋਟੇ ਕਰਮ ਹੈ ਡੋਬਨ ਨਰਕ ਮਝਾਰ॥ ੩॥ ਮਨੁੱਖ ਜੂਨ ਸੁਲੱਖਣੀ ਗਤ ਕਰਮਾਂ ਅਨੁਸਾਰ॥ ਬਿਨਾ ਭਜਨ ਬਿਰਥਾ ਜਨਮ ਜਾਇ ਕਹਿ ਰਵਿਦਾਸ ਬਿਚਾਰ॥ ੪॥ ੧੨॥ ਟੇਕ॥ ਦੁਰਾਦਸੀ ਦੇ ਦਰਬਾਰ ਡਿਠਾ ਅਜਬ ਅੰਧ॥ ਬੜੇ ਕ੍ਰੋਧ ਸੇ ਪਾਪ ਹੈ ਬਾਸ ਖਿਮਾ ਮੁਕੰਦ॥ ੧॥ ਸਤਿ ਸੰਗਤਿ ਮਹਿ ਧਰਮ ਹੈ ਬੜੇ ਨਾਮ ਕਾ ਰੰਗ॥ ਬੈਕੁੰਠ ਭੀ ਉਸੇ ਆਖਦੇ ਜਹਾ ਹੋਤੇ ਸੰਤ ਸੰਗ॥ ੨॥ ਧਨ ਕੇ ਭਾਗੀ ਚਾਰ ਹੈ ਧਰਮ ਚੋਰ ਨਰਪ ਆਗ॥ ਧਰਮ ਹੇਤ ਜੋ ਲਾਏਗਾ ਤਿਨ ਕਹੇ ਬਡਭਾਗ॥ ੩॥ ਧਰਮ ਹੇਤ ਨਾ ਲਾਮਦੇ ਲੈਂਦੇ ਤੀਨੋ ਨਾਇ॥ ਚੋਰ ਨਰਪ ਓਰ ਆਗ ਜੋ ਕਹਿ ਰਵਿਦਾਸ ਬਤਾਇ॥ ੪॥ ੧੩॥ ਟੇਕ॥ ਤਰੈਦਸੀ ਤਾਰਨ ਹਾਰ ਹੈ ਸਦਾ ਸਦਾ ਤੂੰ ਧਿਆਇ॥ ਲੱਖ ਚੁਰਾਸੀ ਜੂਨ ਸੇ ਉਤਮ ਦੀਆਂ ਬਨਾਇ॥ ੧॥ ਬੰਦੇ ਬੁਰਜ ਬਨਾ ਦੀਆਂ ਐਸਾ ਅਜਬ ਬਨਾਇ॥ ਐਸਾ ਬਨੇ ਨਾ ਓਰ ਸੇ ਮਨ ਤਨ ਸੀਸ ਲਗਾਇ॥ ੨॥ ਉਸ ਕੋ ਨਾ ਤੂੰ ਭੂਲਣਾ ਪਿਆ ਪਟ ਕੇ ਭਾਇ॥ ਤੁਝੈ ਅਹਾਰ ਪਹੁੰਚਾਵਤਾ ਉਦਰ ਮਾਤ ਕੇ ਜਾਇ॥ ੩॥ ਤੇਰਸ ਤੇਰਾ ਕਲਪਨਾ ਝੂਠਾ ਦਿਖਤਾ ਭਾਸ॥ ਝੂਠਾ ਸੱਚੇ ਪੇਟ ਕਾ ਸਚ ਕਹੇ ਰਵਿਦਾਸ॥ ੪॥ ੧੪॥ ਟੇਕ॥ ਚਾਂਦ ਚੌਂਦਾ ਭਏ ਜਬ ਦਿਖਤਾ ਸਰਬ ਅਕਾਰ॥ ਸਰਬ ਬਿਆਪੀ ਪ੍ਰਭੂ ਹੈ ਸੂਰਜ ਚੰਦ ਅਤੇ ਤਾਰ॥ ੧॥ ਹਰਿ ਸੇ ਪ੍ਰੀਤ ਕਰੋ ਮਨ ਮੇਰੇ ਜੈਸੇ ਚੰਦ ਚਕੋਰ॥ ਬਾਲਕ ਪ੍ਰੀਤਿ ਖੀਰ ਸੇ ਬਾਦਲ ਘਟਾ ਸੇ ਮੋਰ॥ ੨॥ ਛਿਛ ਬਿਨ ਸੂਨੀ ਰੈਨ ਜੋ ਹਿਰਦੈ



ਗਿਆਨ ਬਿਨ ਮਾਨ॥ ਗੁਰੂ ਗਿਆਨ ਅਮੁਲ ਹੈ ਉਤਮ ਭਗਤ ਹਰਿ ਜਾਨ॥ ੩॥ ਚੌਦਾ ਚੌਦਾ ਰਤਨ ਸਮ ਇਛਾ ਪੂਰਨ ਹੋਵੈ॥ ਰਵਿਦਾਸ ਸੰਸੈ ਸਭ ਮਿਟੈ ਪ੍ਰਭੂ ਪ੍ਰੇਮ ਬਸ ਹੋਵੈ॥ ੪॥ ੧੪॥ ਟੇਕ॥ ਪੂੰਨਿਆ ਪੂਰਨ ਚੰਦਰਮਾ ਸਾਰੇ ਹਾ ਪਰਕਾਸ॥ ਲੋਚਨ ਗਿਆਨੀ ਤਰੈਗੇ ਹਿਰਦੈ ਨਾਮ ਪਰਕਾਸ਼॥ ੧॥ ਗੁਰੂ ਸੁਖ ਅੰਮ੍ਰਿਤ ਪੀਵਗੇ ਮਨਮੁੱਖ ਅੰਧ ਗਵਾਰ॥ ਪ੍ਰੇਮ ਲਾਈ ਲੜ ਫੜੈਗੇ ਮਿਲਤ ਪਦਾਰਥ ਚਾਰ॥ ੨॥ ਰਵਿਦਾਸ ਜਿਹ ਗ੍ਰੰਥ ਹੈ ਪੜੈ ਸੁਣੈ ਮਨ ਲਾਇ॥ ਸਭਹੀ ਪਦਾਰਥ ਮਿਲੇਗੇ ਇਸਸੇ ਸਭ ਬਰ ਪਾਇ॥ ੩॥ ਪੰਦਰਾਂ ਤਿਥੀ ਸੰਪੂਰਨ ਹੈ ਪੂਰਨ ਪਾਠ ਕਰਾਇ॥ ਸਰਬ ਇਛਿਆ ਸੰਪੂਰਨ ਹੈ ਸਭਨਾ ਰਵਿਦਾਸ ਸਹਾਇ॥ ੪॥ ੧੬॥ ਟੇਕ॥

## ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 'ਬਾਰਾਂ ਮਾਸ' ਉਪਦੇਸ਼

### ''ਚੇਤ''

ਚੜਿਆ ਚੇਤ ਸੁਲੱਖਣਾ, ਕਰ ਸੰਤਨ ਸੰਗ ਪ੍ਰੀਤ॥ ਗੁਰ ਚਰਨਨ ਚਿਤੁ ਲਾਇ ਕਰ, ਰਾਮ ਨਾਮ ਜੱਪ ਨੀਤ॥ ਗੁਰ ਗੋਬਿੰਦ ਜਹਿ ਗਾਈਏ, ਕਰ ਸਰਵਣ ਨਿੱਤ ਨੀਤ॥ ਗੁਰ ਕੇ ਚਰਨਨ ਪ੍ਰੇਮ ਕਰ, ਹਿਰਦੇ ਧਰੋ ਗੁਰ ਮੀਤ॥ ਬਚਨ ਗੁਰ ਕੇ ਸੁਨਤ ਹੀ, ਮਿਟਤ ਭਰਮ ਸਭ ਭੀਤ॥ ਮਨ ਮੁੱਖ ਸੰਗ ਨਾ ਕੀਜੀਏ, ਗੁਰਮੁੱਖ ਸੰਗਤ ਯ੍ਹਾਰ॥ ਮਨਮੁੱਖ ਸੰਗਤ ਬਿਘਨ ਹੈ, ਗੁਰਮੁੱਖ ਸੰਗਤ ਸਾਰ॥ ਮਨਮੁੱਖ ਸੰਗਤ ਡੂਬਣੋ, ਗੁਰਮੁੱਖ ਸੰਗਤ ਪਾਰ॥ ਗੁਰਮੁੱਖ ਰਿਦੈ ਪ੍ਰਗਾਸ ਹੈ, ਮਨਮੁੱਖ ਅੰਧ ਗੁਵਾਰ॥ ਗੁਰ ਕੇ ਅੰਮ੍ਰਿਤ ਵਚਨ ਸੁਣ, ਸ਼ਰਧਾ ਹਿਰਦੇ ਧਾਰ॥ ਰਵਿਦਾਸ ਭਗਤੀ ਇਹੀ ਹੈ, ਹਿਰਦੇ ਖੂਬ ਵਿਚਾਰ॥ ਚੇਤ ਸੁਹਾਣਾ ਤਿਨ੍ਹਾਂ ਨੂੰ, ਜਿਨ੍ਹਾਂ ਸੋਹੰ ਨਾਮ ਪਿਆਰ॥

### ''ਵੈਸਾਖਿ''

ਵੈਸਾਖਿ ਸੁਹਾਵਾ ਸਰਵ ਸੁੱਖ, ਗੁਰ ਕੇ ਵਚਨ ਵਿਚਾਰ॥ ਅੰਤਰ ਧਿਆਨ ਲਗਾਇ ਕਰ, ਸਮਝੋ ਸਾਰ ਆਸਾਰ॥ ਗੁਰਦੇਵ ਕੋ ਗ੍ਰਹਨ ਕਰ, ਤਜ ਸਭ ਝੂਠ ਬਿਕਾਰ॥ ਹਿਰਦੇ ਹਰਿ, ਹਰਿ ਹਰੀ ਕੋ, ਸਿਮਰੋ ਵਾਰੰ ਵਾਰ॥ ਦੁਸ਼ਟਾ ਸੰਗ ਤਿਆਗ ਕਰ, ਸੰਤਾਂ ਸੰਗ ਪਿਆਰ॥ ਦ੍ਰਿੜ ਕਰ ਰਾਮ ਧਿਆਏ ਤੂੰ, ਭਵ ਨਿਧਿ ਉੱਤਰੇ ਪਾਰ॥ ਹਰਿ, ਹਰਿ ਨਾਮ ਜਪੰਦਿਆਂ, ਕਦੀ ਨਾ ਆਵੇ ਹਾਰ॥ ਭਗਤ ਬਿਨ੍ਹਾਂ ਗੁਰਦੇਵ ਕੀ, ਹੋਵਤ ਨਹੀ ਕਲਿਆਨ॥ ਗੁਰ ਬਿਨਾਂ ਜਨਮ ਵਿਅਰਥ ਇਹ, ਜਾਵਤ ਸਾਚੀ ਮਾਨ॥ ਗੁਰ ਹਰਿ ਭਗਤ ਕਹੰਦਿਆਂ, ਨਿਹਚਲ ਮਿਲ ਹੈ ਗਿਆਨ॥ ਕਹੇ ਰਵਿਦਾਸ ਲਗ ਚਰਨ ਗੁਰ, ਮਨ ਕਾ ਹਰ ਅਭਿਮਾਨ॥ ਵੈਸਾਖਿ ਸੁਹਾਵਾ ਤਿਨ੍ਹਾਂ ਹੈ, ਹਰਿ, ਹਰਿ ਜਪੇ ਸੁਜਾਨ॥

### ''ਜੇਠ''

ਜੇਠ ਤਪਤ ਬਹੁ ਘਾਮ ਕਰ, ਸ਼ਾਂਤ ਨਾ ਹੋਵਤ ਮੀਤ॥ ਕਰੋਧ ਅਗਨਿ ਕਰ ਤਪਤ, ਮਨ ਲੋਭੀ ਲੋਭ ਪਰੀਤ॥ ਸੋਹੰ ਨਾਮ ਮੁੱਖ ਜਪਤ, ਜਨ ਕੀਰਤ ਕਰੈਹ ਨੀਤ॥ ਸੰਤਾਂ ਸੰਗ ਨਿਵਾਸ ਕਰ, ਸ਼ਾਂਤ ਭਯੋ ਤਿਨ ਚੀਤ॥ ਉਤਪਤ ਕਰੇ ਆਪ ਸਭਿ, ਕਰੇ ਪਾਲਣਾ ਨੀਤ॥ ਪ੍ਰਭੂ ਬਿਨ ਦੂਜਾ ਨਾਂਹਿ ਕੋ, ਕਰ ਨਿਹਚੇ ਪਰਤੀਤ॥ ਤਿਸ ਪ੍ਰਭੂ ਕੋ ਤੂੰ ਜਪ ਸਦਾ, ਹੋਕਰ ਮਨੋ ਨਾਚੀਤ॥ ਪ੍ਰਭੂ ਸਿਮਰਨ ਗੁਰ ਦਯਾ ਤੇ, ਨਸ਼ਟ ਹੋਤ ਜਮ ਭੀਤ॥ ਸਤਿਗੁਰ ਕੇ ਪ੍ਰਤਾਪ ਤੇ, ਗਾਵਹੁ ਪ੍ਰਭੂ ਗੁਣ ਵਾਦ॥ ਸੋ ਕਿਰਪਾ ਨੇਤਰ ਰਸਨਾ ਨਾਮ ਕਾ, ਕਰਣ ਦੀਏ ਸੁਣਿ ਨਾਦ॥ ਸੁੰਦਰ ਸਾਜਿਆ ਜਾਹਿ ਪ੍ਰਭ, ਰਾਖ ਸਦਾ ਤਿਸ ਯਾਦ॥
ਜੋ ਜਨ ਭਗਤ ਬਿਹੀਨ ਹੈ, ਜਨਮ ਜਾਏ ਤਿਸ ਬਾਦ॥ ਗੁਰ ਚਰਨੀ ਲਗ ਭਗਤ ਕਰ, ਮਿਟਹ ਪਾਪ ਅਗਾਦ॥ ਕੀਰਤਨ ਭਗਤੀ ਤੀਸਰੀ, ਰੱਖੋ ਇਨ ਕੋ ਯਾਦ॥ ਜਨ ਰਵਿਦਾਸ ਗੁਰੂ ਸਿਮਰਿਆ, ਜੋ ਜਨ ਸਦਾ ਆਨਾਦ॥ ਜੇਠ



ਤਾਪੰਦਾ ਨਾ ਲੱਗੇ, ਜਿਨ ਚਾਖਿਆ ਨਾਮ ਸੁਆਦ॥

### ''ਹਾੜ''

ਹਾੜ ਅਵਧ ਹੈ ਘਾਮ ਕੀ, ਸ਼ਾਂਤ ਅਵਧ ਸੁੱਖ ਜਾਨ॥ ਲੋਭ ਅਵਧ ਹੈ ਪਾਪ ਕੀ, ਕਰ ਭਗਤ ਮਿਲੈ ਹਰਿ ਧਾਮ॥ ਗੁਰ ਕੇ ਚਰਨ ਸੁ ਕੰਵਲ ਕੀ, ਕਰਹਿ ਸੇਵ ਸੁਜਾਨ॥ ਸਗਲ ਸ੍ਰਿਸ਼ਟ ਜੈਸੇ ਮਲਤ, ਚਰਨ ਕੰਵਲ ਭਗਵਾਨ॥ ਆਠ ਪਹਿਰ ਗੁਰ ਚਰਨ ਮਲ, ਦ੍ਰਿੜ ਕਰ ਨਿਹਚੇ ਧਿਆਨ॥ ਅੰਤਸ਼ ਕਰਣ ਕਰ ਸ਼ੁਧ, ਤਬ ਹੋਤ ਪਾਪ ਕੀ ਹਾਨ॥ ਪਾਪ ਨਸ਼ਟ ਗੁਰ ਭਗਤ ਤੇ, ਦਰਸ਼ਨ ਕਰਹੋ ਨੀਤ॥ ਕਾਰਣ ਭਗਤ ਹੈ ਮੁਕਤ ਕਾ, ਕਰ ਨਿਹਚੇ ਪ੍ਰਤੀਤ॥ ਚਰਨ ਭਗਤ ਕਰ ਲਛਮੀ, ਸ਼ਕਤੀ ਭਈ ਸੁ ਮੀਤ॥ ਜਗਤ ਚਰਨ ਕੀ ਸ਼ਕਤ ਤਿਸ, ਭਈ ਸੁ ਜਾਨੋ ਮੀਤ॥ ਭਗਤਿ ਸੁ ਗੁਰ ਕੇ ਚਰਨ ਕੀ, ਕਰ ਨਿਹਚੇ ਧਰ ਚੀਤ॥ ਗੁਰ ਬਿਨ ਔਰ ਨਾ ਧਿਆਨ ਧਰ, ਇਹ ਰਵਿਦਾਸ ਕੀ ਗੀਤ॥ ਹਾੜ ਸ਼ਾਂਤ ਸੁੱਖ ਤਿਨ ਜਨਾਂ, ਜਿਨ ਗੁਰ ਭਗਤ ਪਰੀਤ॥

### ''ਸਾਵਣ''

ਸਾਵਣ ਸ਼ਾਂਤ ਭਈ ਜਗਤ ਮੇਂ, ਬਾਰਛ ਹੋਇ ਬਸ਼ੇਸ॥ ਘਰ, ਘਰ ਮੰਗਲਾਚਾਰ ਹੈ, ਨਾਸੇ ਸਭੀ ਕਲੇਸ਼॥ ਅੰਨ, ਧੰਨ ਬਹੁਤਾ ਉਪਜਿਆ, ਗਊਆਂ ਘਾਸ ਹਮੇਸ਼॥ ਸੁਹਾਗਣਿ ਸਦਾ ਆਨੰਦ ਹੈ, ਦੁਹਾਗਣਿ ਮੈਲਾ ਭੇਸ॥ ਕਰ ਪੂਜਨ ਗੁਰ ਚਰਨ ਕੀ, ਸ਼ਰਧਾ ਸਾਥ ਹਮੇਸ਼॥ ਪਾਨ, ਸੁਪਾਰੀ, ਪੁਸ਼ਪਕਰ, ਪੂਜਨ ਕਰੋ ਹਮੇਸ਼॥ ਅਰਚਨਾ ਭਗਤੀ ਪੰਚਮੀ, ਗੁਰ ਪੂਜਾ ਮੇਂ ਧਿਆਨ॥ ਬਿਨਾ ਇਸ਼ਟ ਗੁਰਦੇਵ ਤੇ, ਪੂਜੋ ਦੇਵ ਨਾ ਆਨ॥ ਗੁਰੂ ਹਰਿ ਮੇਂ ਨਾ ਭੇਦ ਕੁਝ, ਕਹਯੋ ਆਪ ਸੁਜਾਨ॥ ਨਿਹਚੇ ਕਰ ਗੁਰ ਚਰਨ ਭਜ, ਹੋਵਤ ਹੈ ਕਲਿਆਨ॥ ਗੁਰ ਸਮਾਨ ਨਹੀਂ ਔਰ ਜੱਗ, ਜਾਨਤ ਸੰਤ ਸੁਜਾਨ॥ ਕਹਿ ਰਵਿਦਾਸ ਗੁਰ ਚਰਨ ਕੋ, ਕਰਤ ਸਦਾ ਹੀ ਧਿਆਨ॥

### ''ਭਾਦਰੋਂ''

ਭਾਦਰੋਂ ਭਰਮ ਭੁਲਾਇਆ, ਮਾਇਆ ਸੰਗ ਪਿਆਰ॥ ਗੁਰ ਬਿਨ ਸ਼ਾਂਤ ਨਾ ਪਾਇ ਹੈ, ਜਨਮ ਮਰਨ ਮੇਂ ਬਾਰੰਬਾਰ॥ ਜਿਨ੍ਹਾਂ ਵਿਸਾਰਿਆ ਰਾਮ ਨਾਮ, ਗੁਰ ਚਰਨੀ ਨਹੀਂ ਪਿਆਰ॥ ਧ੍ਰਿਗ ਤਿਨਾ ਕਾ ਜੀਵਣਾ, ਕਾਂਹੂ ਆਏ ਸੰਸਾਰ॥ ਭਵਿ ਜਲ ਮਾਂਹਿ ਭਵੰਦਿਆਂ, ਨਾ ਉਰਵਾਰ ਨਾ ਪਾਰ॥ ਗੁਰ ਚਰਨਨ ਕਾ ਆਸਰਾ, ਜਿਨ ਮਨ ਲੀਨਾ ਧਾਰ॥ ਕਰ ਡੰਡੋਤ ਗੁਰ ਚਰਨ ਮੇਂ, ਭਵਨਿਧ ਉਤਰੇ ਪਾਰ॥ ਗੁਰੂਦੇਵ ਗੁਰੂ ਸਮਝ ਕੇ, ਕਰੀਂ ਸ਼ੁਕਰ ਵਿਚਾਰ॥ ਬੰਦਨਾ ਭਗਤੀ ਛਠੀ ਏਹ, ਕਰੇ ਸ਼ਿਸ਼ ਵੱਡਭਾਗ॥ ਅਵਰ ਕਰਮ ਸਭ ਤਿਆਗ ਕਰ, ਗੁਰ ਕੀ ਚਰਨੀ ਲਾਗ॥ ਗੁਰ ਕੇ ਚਰਨ ਬਹੁ ਪ੍ਰੇਮ ਕਰ, ਮਾਇਆ ਮੋਹ ਤਿਆਗ॥ ਬਿਨ ਗੁਰ ਭਗਤ ਨ ਥਿਰ ਕਛੂ ਜਗਤ ਪਸਾਰਾ ਬਾਗ॥ ਪੂਰਨ ਪੁੰਨ ਪ੍ਰਤਾਪ ਤੇ,

ਜਾਗਿਯੋ ਇਸੋ ਬੈਰਾਗ॥ ਸੋਇਉ ਮੋਹ ਕੀ ਨੀਂਦ ਮੇਂ, ਗੁਰ ਕਿਰਪਾ ਭਯੋ ਸੁਜਾਗ॥ ਰਵਿਦਾਸ ਗੁਰੂ ਚਰਨ ਕੋਂ, ਤੂੰ ਕਭੀ ਨਹੀਂ ਤਿਆਗ॥

### "ਅੱਸੂ"

ਅੱਸੂ ਆਸਾਂ ਪੂਰੀਆਂ, ਜਬ ਗੁਰ ਭਏ ਦਿਆਲ॥ ਚਰਨੀ ਲਾਵੋ ਦਾਸ ਕੋ, ਕਰੋ ਪ੍ਰਭੂ ਪ੍ਰਿਤਪਾਲ॥ ਪ੍ਰੇਮ ਤਾਰ ਗੁਰਨਾਮ ਮਨ, ਗਲ ਪਾਵੋ ਮਾਲ॥ ਦਰਸ਼ਨ ਕਰ ਗੁਰ ਚਰਨ ਕੋ, ਤਬ ਹੀ ਭਏ ਨਿਹਾਲ॥ ਗੁਰ ਚਰਨੀ ਲਗ ਭਗਤ ਕਰ, ਤਿਆਗ ਮੋਹ ਕਾ ਜਾਲ॥ ਗੁਰ ਭਗਤੀ ਤਬ ਪਾਈਏ, ਜੇ ਹੋਵੇ ਲਿਖਿਆ ਭਾਗ॥ ਦਾਸਾ ਭਗਤੀ ਇਹੀ ਹੈ, ਸਪਤਮ ਜਾਨੋ ਲਾਲ॥ ਕਰੋ ਅਭੀ ਪਛਤਾਉਗੇ, ਫਿਰ ਹਾਥ ਨਾ ਆਵੈ ਕਾਲ॥ ਇਹ ਦਾਸਾ ਭਗਤੀ ਕੀਨੀ, ਵਿਰਲੇ ਵੀਰ॥ ਸਵਾਸ, ਸਵਾਸ ਆਗਿਆ ਰਾਖਿਓ ਧੀਰ॥ ਰਹੇ ਸਦਾ ਵਿਚ ਆਗਿਆ, ਇਹੋ ਭਗਤ ਮਹਾਨ॥ ਦਾਸਾ ਭਗਤੀ ਇਹੀ ਹੈ, ਦਾਸਨ ਦਾਸ ਬਿਖਾਨ॥ ਬੁੱਧ, ਸੁੱਧ ਤੱਬ ਹੋਇ ਹੈ, ਪਾਵੈ ਨਿਰਮਲ ਗਿਆਨ॥ ਅੱਸੂ ਪੂਰਨ ਆਸ ਸਭ, ਗੁਰੂਦੇਵ ਵਿਖਿਆਨ॥ ਰਵਿਦਾਸ ਗੁਰੂ ਚਰਨਨ ਕਾ, ਸਦਾ ਕਰਤ ਹੈ ਧਿਆਨ॥

### "ਕੱਤਕ"

ਕੱਤਕ ਕਰਮ ਤਿਆਗ ਕਰ, ਭਗਤ ਕਰੋ ਗੁਰਦੇਵ॥ ਸੋਹੰ, ਸੋਹੰ ਜਪੰਦਿਆਂ, ਕਰ ਸੰਤਨ ਕੀ ਸੇਵ॥ ਮਾਤ, ਤਾਤ ਔਰ ਭ੍ਰਾਤ ਤੇ, ਪ੍ਰਿਯ ਜਾਨ ਗੁਰਦੇਵ॥ ਔਰ ਸਖਾ ਨਹਿ ਜਗਤ ਮੇਂ, ਜੈਸੇ ਹੈ ਗੁਰਦੇਵ॥ ਸਖਾ ਭਗਤ ਇਹ ਅਸ਼ਟਮੀ, ਕੀਤੀ ਅਰਜਨ ਦੇਵ॥ ਸਖਾ ਜਾਨ ਗੁਰ ਭਗਤ ਕਰ, ਤਿਆਗ ਕਰੋ ਅਹੰਮੇਵ॥ ਕਾਮ ਕਰੋਧ ਹੰਕਾਰ ਤੱਜ, ਤੱਬ ਕਛੂ ਪਾਵੈ ਭੇਵ॥ ਸਖਾ ਭਗਤ ਸੁਭਾਵ ਯਹ, ਜਿਮ ਜੱਲ, ਦੁੱਧ ਮਲੇਵ॥ ਸਰਬ ਕਰਮ ਕੋ ਤਿਆਗ ਕਰ, ਹਰਿ ਗੁਰ ਜਪ ਦਿਨ ਰੈਨ॥ ਬਾਝੁ ਨੀਰ ਜਿਮ ਮੀਨ ਕੋ, ਆਵਤ ਨਾਂਹੀ ਚੈਨ॥ ਚੱਕਵੀ ਕਰੇ ਵਿਲਾਮ ਜਿਮ, ਕਬ ਇਹ ਜਾਵੇ ਰੈਨ॥ ਚੰਦ, ਚਕੋਰ ਕੀ ਪ੍ਰੀਤ ਜਿਮ, ਮੋਰ ਮੁਗਧ ਘਨ ਬੈਨ॥ ਸਵਾਸ, ਸਵਾਸ ਨਹੀਂ ਬਿਸਰੇ, ਜਿਉਂ ਬੱਛਰੇ ਕੋ ਥੈਨ॥ ਜਿਮ ਕਾਮਨਿ ਪ੍ਰਸੰਨ ਅਤਿ, ਪਤੀ ਕੋ ਦੇਖਤ ਨੈਨ॥ ਕੱਤਕ ਸਵੇਰ ਕਾਮ ਸਭ, ਜਬ ਗੁਰ ਕਰਨਾ ਐਨ॥ ਰਵਿਦਾਸ ਗੁਰੂਦੇਵ ਚਰਨ ਕੋ, ਧੋਇ, ਧੋਇ ਕਰ ਪੈਨ॥

### "ਮੱਘਰ"

ਚੜਿਆ ਮੱਘਰ ਹੇ ਸਖੀ, ਗਾਵੋ ਪ੍ਰਭ ਕੇ ਗੀਤ॥ ਸੰਤਾਂ ਸੰਗਤ ਪਾਇ ਕਰ, ਗੁਰੂਦੇਵ ਸਿਮਰੋ ਨੀਤ॥ ਤਨ, ਮਨ, ਧੰਨ ਸਭ ਅਰਪ ਕਰ,ਐਸੀ ਕਰੋ ਪਰੀਤ॥ ਤਿਆਗ ਲੋਭ, ਮੋਹ ਅਹੰਕਾਰ ਸਭ, ਗੁਰੂਦੇਵ ਕੀ ਕਰੋ ਪ੍ਰੀਤ॥ ਗੌਣ



ਵਾਕ ਸਭ ਤਿਆਗ ਕਰ, ਸੰਤ ਵਚਨ ਧਰ ਚੀਤ॥ ਤਨ, ਮਨ, ਧੰਨ ਇਹ ਹੰਕਾਰ, ਆਪਣੇ ਕਛਹੁ ਨਾ ਮਾਨ॥ ਗਰਭ ਕਰਤ ਜੋ ਇਨਸੇ , ਸੋ ਨਰ ਹੈ ਅਨਜਾਣ॥ ਆਪ ਕਛਹੁ ਨਾ ਹੋਤ ਹੈ, ਦੇਣਹਾਰ ਹਰਿ ਧਾਮ॥ ਮੈਂ ਕੀਆ ਮੈਂ ਕਰਤ ਹੂੰ, ਕੂੜਾ ਕਰਹਿ ਮਾਣ॥ ਹਰਿ ਕਾ ਦੀਆ ਸੋ ਗੁਰ ਦੀਆ, ਤੈਂ ਕੀ ਦੀਆ ਆਨ॥ ਤੇਰਾ ਇੱਕ ਹੰਕਾਰ ਹੈ, ਅਰਪਣ ਤਿਸ ਕੋ ਮਾਨ॥ ਨਵ ਪ੍ਰਕਾਰ ਦੀ ਭਗਤ ਇਹ, ਸਤਿ ਗੁਰਦੇਵ ਬਿਖਾਨ॥ ਜਨ ਰਵਿਦਾਸ ਕਰੇ ਭਗਤ ਜੋ, ਸ਼ੁੱਧ ਭਯੋ ਤਿਸ ਮਾਨ॥

### "ਪੋਹ"

ਮੱਘਰ ਪੂਰਾ ਭਇਆ ਜਬ, ਤੱਬ ਚੜ੍ਹਿਆ ਪੋਹ ਮਾਸ॥ ਸੋਹੰ ਨਾਮ ਤੂੰ ਸਿਮਰ ਨਿੱਤ, ਜੱਗ ਤੇ ਹੋਏ ਉਦਾਸ॥ ਅਵਰ ਕਾਮਨਾ ਸਰਬ ਤੱਜ, ਸਤਿਗੁਰੂ ਕੀ ਕਰ ਆਸ॥ ਸਤਿਗੁਰ ਸ਼ਰਨੀ ਲੱਗਿਆਂ, ਪਾਪ ਹੋਤ ਸਭ ਨਾਸ॥ ਸਰਵਣ ਕਰਤ ਗੁਰਾਂ ਤੇ, ਸਾਧਨ ਗਿਆਨ ਬਿਲਾਸ॥ ਵਚਨ ਧਾਰ ਗੁਰਦੇਵ ਉਰ, ਸਭ ਸੰਸੇ ਹੋਵਨ ਨਾਸ॥ ਸਤਿਨਾਮ ਉਪਦੇਸ਼ ਗੁਰ, ਕਰ ਤੂੰ ਦ੍ਰਿੜ ਅਭਿਆਸ॥ ਵਚਨ ਗੁਰੂ ਪਰਕਾਸ਼ ਕਰ, ਹੋਤ ਭਰਮ ਸਭ ਨਾਸ॥ ਸਰਵਣ ਇਸ ਕਾ ਨਾਮ ਹੈ, ਸੁਣ ਸਤਿਨਾਮ ਵਿਚਾਰ॥ ਸਤਿ ਸਰੂਪ ਪਰਮਾਤਮਾ, ਮਿਥਿਆ ਜਗਤ ਆਸਾਰ॥ ਤਿਸ ਪ੍ਰਭ ਕੋ ਤੂੰ ਸਿਮਰ ਮਨ, ਜੋ ਹੈ ਸਰਬ ਆਧਾਰ॥ ਸਤਿਗੁਰ ਸ਼ਰਨੀ ਲਗ ਕਰ, ਸਮਝੋ ਸਾਰ ਆਸਾਰ॥ ਪ੍ਰਭ ਬਿੰਨ ਅਵਰ ਨਾ ਜਾਣ ਕਛਹੂ, ਸਭ ਇੱਕ ਬ੍ਰਹਮ ਪਸਾਰ॥ ਅਸਥਾਵਰ ਜੰਗਮ ਆਦਿ ਸਭ, ਜੀਆ, ਜੰਤ ਨਿਰਧਾਰ॥ ਜੰਨ ਰਵਿਦਾਸ ਪੋਹ ਬੀਤਿਆ, ਅਬ ਸੁਣ ਮਾਘ ਵਿਚਾਰ॥ ਜੰਨ ਗੁਰਦੇਵ ਹਰਿ ਭੇਟਿਆ, ਭਵਜਲ ਉਤਰੇ ਪਾਰ॥

### "ਮਾਘ"

ਮਾਘ ਮਹੀਨਾ ਧਰਮ ਕਾ, ਦ੍ਰਿੜ ਕਰ ਤੂੰ ਸਤਿਸੰਗ॥ ਸੰਤਾਂ ਸੰਗ ਪ੍ਰੀਤ ਕਰ, ਕਦੀ ਨਾ ਹੋਵੇ ਭੰਗ॥ ਧੂੜ ਸੰਤ ਕੇ ਚਰਨ ਕੀ, ਸੋਈ ਸ਼੍ਰੇਸ਼ਟ ਹੈ ਗੰਗ॥ ਪਾਪਾਂ ਕੀ ਮੱਲ ਉਤਰੇ, ਚੜ੍ਹੇ ਨਾਮ ਕਾ ਰੰਗ॥ ਮਨਮੁੱਖ ਸੰਗ ਨਾ ਕੀਜੀਏ, ਪੜਤ ਭਜਨ ਮੇਂ ਭੰਗ। ਦੁੱਖ ਬਿਨਸੇ ਸੁੱਖ ਲਾਭ ਹੋਵੇ, ਗੁਰਮੁੱਖ ਜਿਨ ਕੇ ਸੰਗ॥ ਨਾਮ ਜਪੋ ਮਿਲ ਗੁਰਮੁੱਖਾਂ, ਜੋ ਹੈ ਸਦਾ ਆਸੰਗ॥ ਤੂੰ ਵੀ ਪ੍ਰਭ ਤੇ ਭਿੰਨ ਨਹੀਂ, ਜਿਉਂ ਜੱਲ ਮਾਂਹਿ ਤਾਰੰਗ॥ ਸੋਹੰ ਨਾਮ ਰਗ ਰਗ ਰਚੇ, ਨਾਮ ਕਾ ਚੜੇ ਜਬ ਰੰਗ॥ ਪੰਚੋ ਵੈਰੀ ਤਿਆਗ ਕਰ, ਤਬ ਹੋਏ ਨਿਸੰਗ॥ ਗੁਰੂ ਪ੍ਰੇਮੀ ਗੁਰ ਕੀ ਸ਼ਰਨ ਗਹਿ, ਕਰਤ ਖੂਬ ਵਿਚਾਰ॥ ਗੁਰੂਦੇਵ ਕੇ ਪ੍ਰਤਾਪ ਬਿਨ, ਸਮਝੇ ਨਾ ਸਾਰ ਅਸਾਰ॥ ਕਰਕੇ ਦ੍ਰਿੜ ਉਪਦੇਸ਼ ਗੁਰ, ਭਵਨਿਧਿ ਉਤਰੇ ਪਾਰ॥ ਮੰਦ ਭਾਗ ਬਿਨ ਸਤਿਗੁਰਾਂ, ਡੁੱਬਣ ਭਵ ਨਿਧ ਧਾਰ॥ ਸਤਿਗੁਰ ਕੇ ਪ੍ਰਸਾਦਿ ਹਮ, ਜਾਨਿਆ ਆਤਮ ਰਾਮ॥ ਜਾਨਣ ਜੋਗ ਸੁ ਜਾਨਿਆ, ਜੋ ਆਤਮ ਨਿਜ ਧਾਮ॥ ਮਿਟਿਆ ਗੁਮਾਨ ਗੁਰ ਦਯਾ ਤੇ, ਪਾਇਆ ਅਬ ਵਿਸਰਾਮ॥ ਪੁੰਨੇ

ਸਗਲ ਮਨੋਰਥਾਂ, ਰਹਿਓ ਨਾ ਬਾਕੀ ਕਾਮ॥ ਅਨੇਕ ਜਨਮ ਦੁੱਖ ਪਾਇ ਕਰ, ਆਏ ਗੁਰ ਕੀ ਸਾਮ॥ ਜਿਹੜੇ ਬਿਛੜੇ ਤਿਹ ਮਿਲੇ, ਭਏ ਅਭ ਆਤਮ ਰਾਮ॥ ਸਤਿਗੁਰ ਕੇ ਭਜਨ ਬਿਨ, ਨਹੀਂ ਅਵਰ ਕੁਛ ਕਾਮ॥ ਇਕੋ ਸੋਹੰ ਸਤਿਨਾਮ ਜੀਓ, ਸਿਮਰੋ ਆਠੋ ਜਾਮ॥ ਸਰਵਣ ਕਰ ਗੁਰ ਵਚਨ ਕੋ, ਨਿਸਚੇ ਕਰ ਉਪਦੇਸ਼॥ ਨਿਸਵਾਸਰ ਅਭਿਆਸ ਕਰ, ਤੱਜ ਕਰ ਸਗਲ ਕਲੇਸ਼॥ ਬੁੱਦਬੁਦਾ ਫੇਨ ਤਰੰਗ ਕਾ, ਜੱਲ ਤੇ ਭਿੰਨ ਨਾ ਲੇਸ॥ ਸਭ ਭੂਖਣ ਜਿੰਨ ਕਨਕ ਕੇ, ਕੰਚਨ ਬਿਨ ਨਾ ਸ਼ੇਸ਼॥ ਘਟਿ ਮਿਟ ਮਾਟੀ ਰੂਪ ਸਭ, ਔਰ ਨਾ ਕਛਹੂ ਵਿਸ਼ੇਸ਼॥ ਅਨਿਕ ਭਾਂਤਿ ਪਟ ਜੋ ਭਏ, ਸੂਤਰ ਤਿਸ ਕਾ ਵੇਸ॥ ਰਵਿਦਾਸ ਗੁਰੂ ਚਰਨ ਕੇ, ਕਰਹੂੰ ਸਦਾ ਆਦੇਸ਼॥

### ''ਫੱਗਣ''

ਚੜਿਆ ਫਾਗਣ ਮਾਸ ਜਬ, ਫੂਲੀ ਸਭ ਗੁਲਜਾਰ॥ ਧਰਤੀ ਸਭ ਹਰਿਆਵਲੀ, ਸੁੰਦਰ ਬਾਗ ਬਹਾਰ॥ ਬੁੱਲਬੁੱਲ ਮਸਤ ਬਹਾਰ ਪਰ, ਭੰਵਰਾ ਭਈ ਗੁਲਜਾਰ॥ ਨਿਵਣ ਫੱਲ ਬਹੁ ਬਾਗ ਮੇਂ, ਗਲਗਲ, ਆਮ, ਆਨਾਰ॥ ਗੁਰਮੁੱਖ ਗੁਰ ਕੀ ਸ਼ਰਨ ਗਹਿ, ਕਰਤੇ ਖੂਬ ਵਿਚਾਰ॥ ਸਤਿਗੁਰ ਕੇ ਪਰਤਾਪ ਕਰ, ਸਮਜੇ ਸਾਰ ਆਸਾਰ॥ ਕਰ ਕੇ ਦ੍ਰਿੜ ਉਪਦੇਸ਼ ਗੁਰ, ਭਵ ਨਿੱਧ ਉੱਤਰੇ ਪਾਰ॥ ਮੰਦ ਭਾਗ ਬਿਨ ਸਤਿਗੁਰਾਂ, ਡੁੱਬਣ ਭਵ ਨਿੱਧ ਧਾਰ॥ ਸਤਿਗੁਰ ਕੇ ਪ੍ਰਸਾਦਿ ਹਮ, ਜਾਨਿਆ ਆਤਮ ਰਾਮ॥ ਜਾਨਣ ਯੋਗ ਸੋ ਜਾਨਿਆ, ਜੋ ਆਤਮ ਨਿੱਜ ਧਾਮ॥ ਮਿਟਿਆ ਗਮਨ ਗੁਰ ਦਯਾ ਤੇ, ਪਾਇਆ ਅਬ ਬਿਸਰਾਮ॥ ਆਨੇਕ ਜਨਮ ਦੁੱਖ ਪਾਇ ਕਰ, ਆਏ ਗੁਰ ਕੀ ਸ਼ਾਮ॥ ਜਿਹੜੇ ਵਿੱਛੜੇ ਤਿਹ ਮਿਲੇ, ਭਏ ਸੋ ਆਤਮ ਰਾਮ॥ ਜਨ ਰਵਿਦਾਸ ਗੁਰ ਭਜਨ ਬਿੰਨ, ਨਹੀਂ ਅਵਰ ਕਛਹੁ ਕਾਮ॥ ਗੁਰੂ ਚਰਨੋਂ ਕਾ ਧਿਆਨ ਕਰ, ਸੁਣ ਬਾਰਾਂ ਮਾਸਕ ਉਪਦੇਸ਼॥ ਪੜੇ ਸੁਣੇ ਜੋ ਪ੍ਰੇਮ ਕਰ, ਹੋਵੇ ਕਲਿਆਣ ਹਮੇਸ਼॥



### ''ਦੋਹਰਾ''

ਧਰਤ ਅਕਾਸ਼ ਕੋ ਥਾਪਿਆ, ਰੈਨ ਦਿਵਸ ਨਿੱਤ ਪਾਲ॥ ਸਰਵ ਜੀਵ ਕੇ ਕਰਮ ਜੋ, ਸਾਹਿਬ ਕਰੇ ਖਿਆਲ॥ ਆਪ ਅਪਨਾ ਸਭ ਪਾਵਤੇ, ਕਿਰਤ ਧੁਰ ਪਰਵਾਨ॥ ਪਵਨ ਪਾਣੀ ਸਵੰਤਰ ਕੇ, ਰਖਸ਼ਕ ਭਯ ਭਗਵਾਨ॥ ਰਵਿਦਾਸ ਕਹੇ ਭਜ ਨਾਮ ਕੋ, ਨਿਰਭੈ ਪਾਵੈ ਵਾਸ॥ ਤੇਰਾ ਫਲ ਤੁਝ ਕੋ ਮਿਲੇ, ਹੋਵੇ ਬੰਦ ਖਲਾਸ॥

### ਸਾਹਿਬ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ
### ''ਸਾਂਦ ਬਾਣੀ''

ਸੋਹੰ ਸਾਂਦ ਸੋਲੌਖਿਆ, ਸਰਬ ਘਟਿ। ਮਿਲ ਗੁਰ ਨਾਮ ਲਗਾਇਉ ਰੱਟ॥ ਚੌਂਕ ਚਤਰ ਜੱਗ ਜਾਣ ਮਹਾਨ॥ ਪੂਰਨ ਹਾਰ ਜਗਤ ਸੋ ਪ੍ਰਾਣ॥ ਨਾਨਕੇ, ਮਾਪੇ, ਸਾਕ ਸੋਹੇਲੇ। ਕਰ ਕਿਰਪਾ ਸਤਿਗੁਰ ਪ੍ਰਭ ਮੇਲੇ॥ ਹੱਥ ਗਾਨਾ, ਗਨਿਉ ਸੋ ਮਾਲ। ਕਿਆ ਪੁੰਨ, ਦਾਨ ਰਚਨ ਆਕਾਲ॥ ਕੁੰਭ ਕਮਾਲ ਜਨਮ, ਜਨ ਪਾਇਉ। ਸੁਰਤ ਸ਼ਬਦ ਆਨਾਜ ਮਿਲਾਇਉ॥ ਭਰ ਜੱਲ, ਕੁੰਭ ਕਾਰਜ ਮੇਂ ਧਰਿਉ। ਤਿਵ ਕਾਰਜ ਸੋਪੂਰਨ ਕਰਿਉ॥ ਦੀਪਕ ਦਿੱਲ, ਹੰਗ ਤੇਲ ਬਿਠਾਈ। ਸੁਰਤ ਮਿਲਾ, ਉੱਤੇ ਜੋਤ ਜਗਾਈ॥ ਗੁਰ ਭਰਵਾਸੇ, ਸੋ ਸੰਧੂਰ। ਨੌ ਦਰ ਤੋਂ, ਨੌ ਗ੍ਰਹਿ ਸਭ ਦੂਰ॥ ਗੁਰਮੁੱਖ ਸਾਂਦ, ਸਮਝ ਸੱਚ ਸੋਈ। ਸਭ ਕਾਰਜ, ਪ੍ਰਭ ਓਟ ਲੈ ਹੋਈ॥ ਖੋਪਾ ਕਾਰਜ, ਸਮੱਗਰੀ ਘਿਉ। ਇਕ ਦਰ ਖਤਮ ਸੋਗੰਦੀ ਭਇਉ॥ ਅਬ ਅੰਬ, ਪੱਤ ਜਗਨ ਜੱਗ ਜਾਗ। ਸੁਰਤ ਸ਼ਬਦ ਮਿਲ ਮੰਗਲ ਰਾਗ॥ ਸਭ ਮਿਲ ਪ੍ਰਣ, ਪ੍ਰਾਣ ਬਿਠਾਉ। ਸੰਗ ਗੁਰ ਸਤਿ ਵਿਸ਼ਵਾਸ ਜਮਾਉ॥ ਕਹੇ ਰਵਿਦਾਸ ਭਜ ਹਰਿ ਨਾਮ। ਪ੍ਰਭ ਸੋ ਧਿਆਨ, ਸਫਲ ਸਭ ਕਾਮ॥

## ''ਅਨਮੋਲ ਵਚਨ''
## (ਮਿਲਣੀ ਦੇ ਸਮੇਂ)

ਮੇਲ ਮਿਲਾਇਆ ਦਾਤੇ, ਮਿਲਿਆ ਮਿਲਣੇ ਕੇ ਯੋਗ॥ ਦਿਲ ਜੇ ਮਿਲਾਵੇ ਦਾਤਾ, ਜਾਂਦੇ ਵਿਛੋੜੇ ਵਾਲੇ ਰੋਗ॥ ਖ਼ੁਸ਼ੀਆਂ ਸਤਿਗੁਰ ਬਖ਼ਸ਼ੇ, ਉਮਰਾਂ ਦੇ ਜਾਂਦੇ ਨੇ ਵਿਯੋਗ॥ ਤਨ, ਮਨ ਵਾਰਿਆ ਜਾਵੇ, ਮਿਲਣੀ ਆਦਰ ਸੰਗ ਹੋਗ॥ ਕਿਰਪਾ ਪੱਗ ਮਸਤਕ ਰਾਖੋ, ਸਤਿਗੁਰ ਸਬਰ ਸਿਰ ਯੋਗ॥ ਪ੍ਰਭ ਤੋਂ ਮਿਲ ਕੇ ਮਾਂਗੋ, ਪਵੇ ਨਾ ਵਿਛੋੜੇ ਵਾਲਾ ਭੋਗ॥ ਕਹਿ ਰਵਿਦਾਸ ਪੁਕਾਰੈ, ਜਨਮਾਂ ਦੇ ਜਾਂਦੇ ਸਾਰੇ ਸੋਗ॥

*ਸਾਹਿਬ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮੁਖਾਰਬਿੰਦ 'ਚੋਂ ਉਚਾਰਨ ਕੀਤੀ ਹੋਈ ਲਾਂਵਾਂ ਦੀ ਵਿਧੀ —*

## ''ਸ਼ਾਦੀ ਉਪਦੇਸ਼''

॥ ੧ੴ ਸੋਹੰ ਸਤਿਨਾਮ ਜੀਓ॥

॥ ਦਵੈਯਾ ਛੰਦ॥

## ''ਪਹਿਲੜੀ ਲਾਂਵ''

ਪਹਿਲੜੀ ਲਾਂਵ ਹਰਿ ਦਰਸ਼ਨ ਗੁਰਾਂ ਦਾ, ਜਾਵੇ ਦੂਰ ਬੁਲਾਈ॥ ਦੀਆ ਮੇਲ ਹਰਿ ਦਇਆ ਧਾਰ ਕੇ, ਗੁੱਝੀ ਰੰਮਜ ਚਲਾਈ॥ ਅਨਹਦ ਸ਼ਬਦ ਸੁਣੇ ਮਨ ਥਿਰ ਕਰ, ਮਿਟ ਗਏ ਸਰਬ ਅੰਧੇਸੇ॥ ਕਿਰਪਾ ਸਿੰਧ ਗੁਰ ਮਿਲਿਆ ਪੂਰਾ, ਲਿਵ ਲਾਗੀ ਹਰਿ ਭੇਸੇ॥ ਪੂਰੇ ਗੁਰ ਤੇ ਸ਼ਬਦ ਸੱਚ ਪਾਇਆ, ਰਤਨ ਅਮੋਲਕ ਮੀਤਾ॥ ਸੁਣਦਿਆਂ ਹੀ ਮਨ ਮਸਤ ਦੀਵਾਨਾ, ਸ਼ਬਦ ਗੁਰਾਂ ਨੇ ਕੀਤਾ॥ ਮਹਾਂਵਾਕ ਸੁਣ, ਸੁਣ ਕੇ ਗੁਰੂ ਦੇ, ਸ਼ਰਧਾ ਪ੍ਰੀਤ ਮਨ ਆਵੈ॥ ਕਹਿ ਰਵਿਦਾਸ ਇਹ ਹੈ ਲਾਂਵ ਪਹਿਲੜੀ, ਚੌਂਸੱਠ ਤੀਰਥ ਨ੍ਹਾਵੈ॥

## ''ਦੂਜੜੀ ਲਾਂਵ''

ਦੂਜੜੀ ਲਾਂਵ ਪ੍ਰੇਮ ਪਰੀਤੀ, ਸੁਰਤ ਸ਼ਬਦ ਮਿਲਾਈ॥ ਸਤਿਗੁਰ ਕੀਤੀ ਪਰਮ ਪਰੀਤੀ, ਦਰਗਾਹ ਮੇਂ ਸੁੱਖ ਪਾਈ॥ ਸਰਬ ਮਨੋਰਥ ਤਿਸ ਦਰ ਤੇ ਪਾਉ, ਸ਼ਰਨ ਪਰੈ ਕੋ ਤਾਰੈ॥ ਹੁਕਮ ਅੰਦਰ ਹੈ ਚਾਰ ਪਦਾਰਥ, ਤਨ, ਮਨ ਜੇਕਰ ਵਾਰੇ॥ ਸਤਿਗੁਰ ਸ਼ਰਨ ਰਹਿ ਵਡਭਾਗੀ, ਸਹਿੰਸੇ ਸਗਲ ਗੁਆਏ॥ ਸਤਿਗੁਰੂ ਦਾਤਾ ਪ੍ਰਭ ਸੰਗ ਰਾਤਾ, ਨਿਸ ਦਿਨ ਹਰਿ ਲਿਵ ਲਾਏ॥ ਭਰਮ ਭੁਲਾਵਾ, ਮਿਟਿਆ ਦਾਵਾ, ਚਾਲ ਗੁਰਾਂ ਦੀ ਚਾਲੀ॥ ਕਹਿ ਰਵਿਦਾਸ ਇਹ ਲਾਂਵ ਦੂਜੜੀ ਬਚਨ ਗੁਰਾਂ ਦੇ ਪਾਲੀ॥



## ''ਤੀਜੜੀ ਲਾਂਵ''

ਤੀਜੜੀ ਲਾਂਵ ਅਵਰਨ ਦੋਸ਼ ਤੇ, ਰਹਿਤ ਭਇਆ ਮਨ ਮੇਰਾ॥ ਹਰਿ ਘਟਿ ਦੇ ਵਿਚ ਏਕ ਸਮਾਨਾ, ਸੋ ਘਰਿ ਪਾਇਆ ਡੇਰਾ॥ ਪਰਮ ਪ੍ਰਭੂ ਪਰਮੇਸ਼ਵਰ ਜਾਨਾ, ਤਾਂ ਸੁੱਖ ਮਿਲੇ ਉਪਾਰੈ॥ ਮਨ ਮੇਂ ਸੱਚ ਮੰਗਲ ਸੁੱਖ ਹੋਇ, ਜੋ ਲੋਚਾ ਮਨ ਧਾਰੈ॥ ਮੰਗਲ ਦੇ ਮੰਗਲ ਨਿਤ ਗਾਵਾਂ, ਇਹੋ ਅੰਮ੍ਰਿਤ ਧਾਰਾ॥ ਹਰਿ, ਹਰਿ ਸੰਗ ਲਿਵ ਜੁੜੀ ਜੁੜੰਦੀ ਸਾਚਾ ਇਹ ਸਹਾਰਾ॥ ਸੁੰਦਰ ਸ਼ਬਦ ਅਮੋਲਕ ਦਰਸ਼ਨ, ਜੋ ਸਤਿਗੁਰ ਦਰ ਆਵੈ॥ ਕਹਿ ਰਵਿਦਾਸ ਸੋ ਲਾਂਵ ਤੀਸਰੀ, ਸੁਰਤ ਗਗਨ ਚੜ ਜਾਵੈ॥

## ''ਚੌਥੜੀ ਲਾਂਵ''

ਚੌਥੜੀ ਲਾਂਵ ਰਤਨ ਹਰਿ ਜਾਨਾ, ਸੁੱਖ ਸੰਪਤਿ ਘਰ ਆਏ॥ ਆਸਾ, ਮਨਸਾ ਸਤਿਗੁਰ ਪੂਰੇ, ਜੈ, ਜੈ ਸ਼ਬਦ ਅਲਾਇ॥ ਧੀਰੇ, ਧੀਰੇ ਗਈ ਪਹੁੰਚ ਹੁਣ, ਹੋ ਸਤਿਗੁਰ ਦੀ ਦਾਸੀ॥ ਨਾ ਆਵੇ, ਨਾ ਜਾਵੇ ਕਿਤ ਵੱਲ, ਮਿਲਿਆ ਪੁਰਖ ਅਵਿਨਾਸ਼ੀ॥ ਸਤਿ ਸੰਤੋਖ ਭਇਆ ਮਨ ਮੇਰੇ, ਸਤਿਗੁਰੂ ਬਚਨ ਸੁਨਾਵੈ॥ ਆਇਆ ਬੇਰਾਗ, ਮਿਲਿਆ ਅਵਿਨਾਸ਼ੀ, ਜੋੜੀ ਜੁੜੀ ਸੁਹਾਵੈ॥ ਮਨ ਮੰਦਰ ਮਾਂਹੈ ਚੋਂ ਉਪਜਿਆ, ਪ੍ਰੀਤ ਪ੍ਰਭੂ ਸੰਗ ਲਾਈ॥ ਕਹਿ ਰਵਿਦਾਸ ਸਤਿ ਲਾਂਵ ਚੌਥੜੀ, ਪੁਰਖੇ ਪੁਰਖ ਮਿਲਾਈ॥

## ''ਸੁਹਾਗ ਉਸਤਤ''

**॥ ੧ੴ ਸੋਹੰ ਸਤਿਨਾਮ ਜੀਓ॥**

ਸੁਰਤ ਸੁਹਾਗਣ ਗੁਰੂ ਦੇਵ ਪਿਆਰੀ, ਸੋਹੰ ਨਾਮ ਸੰਗ ਖੇਲੀ॥ ਬਹੁਤਿ ਜਨਮ ਦੇ ਵਿੱਛੜਿਆਂ ਨੂੰ, ਆਣ ਗੁਰਾਂ ਨੇ ਮੇਲੀ॥ ਝੂਠੀ ਖੇਡ ਬਿਸਰ ਗਈ ਤਨ ਤੇ, ਬਾਜੀਗਰ ਸਿਉਂ ਮੇਲੀ॥ ਸੱਚਾ ਪੁਰਖ ਮਿਲਾਇਆ ਪਰਮੇਸ਼ਵਰ, ਤਿਸ ਸੰਗ ਲਾਡ ਲਡੇਲੀ॥ ਆਪ ਸਮਾਨ ਆਪਣੇ ਕੀਤੀ, ਅਗਿਆਨ ਨੀਂਦ ਤੇ ਜਾਗੀ॥ ਭੁੱਲੀ ਚੁੱਕੀ ਰਸਤੇ ਪੈ ਗਈ, ਆਤਮ ਸਿਉਂ ਲਿਵ ਲਾਗੀ॥ ਸਰਬ ਵਿਆਪੀ ਸਤਿਗੁਰ ਮੇਰਾ, ਸਭ ਦਾ ਕਰੇ ਸੁਧਾਰ॥ ਕਹੇ ਰਵਿਦਾਸ ਮਨ ਭਇਆ ਦੀਵਾਨਾ, ਮਿਲਿਆ ਅੰਮ੍ਰਿਤ ਧਾਰ॥

**ਸਾਹਿਬ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਮੁਖਾਰਬਿੰਦ 'ਚੋਂ ਉਚਾਰਨ ਕੀਤੇ ਹੋਏ —**

## ''ਮੰਗਲਾਚਾਰ''

### ''ਮੰਗਲਾਚਾਰ ਪਹਿਲਾ''

ਹਰਿ, ਹਰਿ ਨਾਮ ਧਿਆਉ, ਸਦਾ ਮਨ ਪ੍ਰੇਮ ਕਰ॥ ਲੋਭ, ਮੋਹ, ਹੰਕਾਰ, ਦੂਤ, ਜੰਮ ਦੂਰ ਹਰਿ॥ ਸੱਚ, ਸ਼ੀਲ, ਸੰਤੋਖ, ਸਦਾ ਦ੍ਰਿੜ ਕੀਜੀਏ॥ ਅੰਮ੍ਰਿਤ ਹਰਿ ਕਾ ਨਾਮ, ਪ੍ਰੇਮ ਕਰ ਪੀਜੀਏ॥ ਸੰਤਾਂ ਸੰਗ ਨਿਵਾਸ, ਸਦਾ ਚਿੱਤ ਲੋੜੀਏ॥ ਮਨਮੁੱਖ ਦੁਸ਼ਟਾ ਸੰਗਤ, ਤੋਂ ਮਨ ਮੋੜੀਏ॥ ਮਨਮੁੱਖ ਚਿੱਤ ਕਠੋਰ, ਪੱਥਰ ਸਮ ਜਾਨੀਏ॥ ਭੀਜਤ ਨਾਹਨ ਕਬੀ, ਰਹੇ ਵਿਚ ਪਾਨੀਏ॥ ਤਜਿ ਕਠੋਰ ਕਾ ਸੰਗ, ਸਦਾ ਗੁਰ ਸ਼ਰਣ ਗਹੁ॥ ਗੁਰ ਚਰਨਨ ਮੇਂ ਧਿਆਨ, ਸਦਾ ਮੁੱਖ ਰਾਮ ਕਹੁ॥ ਨੱਤ ਪਤੀ ਸਾਥ ਪ੍ਰੀਤ, ਸਦਾ ਮਨ ਕੀਜੀਏ॥ ਤਨ, ਮਨ ਅਰਪੇ ਤਾਂਹ, ਸਦਾ ਸੁੱਖ ਲੀਜੀਏ॥ ਨਿੱਜ ਪਤੀ ਸਾਥ ਪ੍ਰੀਤ, ਸਾਈ ਸੋਹਾਗਣੀ॥ ਪਤੀ ਬਿਨ ਆਨ ਨਾ ਹੇਰੇ ਸਾ ਬਡਿਭਾਗਣੀ॥ ਜਿੰਨ ਧੰਨ ਪਤੀ ਪ੍ਰਮੇਸ਼ਵਰ, ਜਾਨਯੋ, ਹੈ ਸਹੀ॥ ਸਦਾ ਸੁਹਾਗਣ ਨਾਰ, ਪਾਇ ਦੁੱਖ ਨਾ ਕਹੀ॥ ਕਹਿ ਰਵਿਦਾਸ ਪੁਕਾਰੇ, ਜਪਯੋ ਨਾਮ ਦੋਏ॥ ਹਰਿ ਕਾਰਜ ਸੋ ਏਕ, ਸਦਾ ਸੁੱਖ ਮਾਣੋ ਦੋਏ॥

### ''ਮੰਗਲਾਚਾਰ ਦੂਜਾ''

ਦੂਜਾ ਭਾਓ ਮਿਟਾਓ, ਮੰਗਲਾ ਦੂਸਰਾ॥ ਬਣ, ਤ੍ਰਿਣ ਪਰਬਤ, ਪੂਰ ਰਹਯੋ, ਪ੍ਰਭ ਹੂੰਸਰਾ॥ ਘਟਿ, ਘਟਿ ਏਕੋ, ਅਲਖ, ਪਸਾਰਾ ਪਸਰਿਆ॥ ਗੁਰਮੁੱਖ ਜਾਨੇ ਗਯਾਨ, ਨਾ ਜਾਨੇ ਅਸਰਿਆ॥ ਸਭ ਘਟਿ ਪੂਰਨ ਬ੍ਰਹਮ, ਜਾਨ ਗੁਰ ਪਾਇਕੇ॥ ਰਹੇ ਸਦਾ ਆਨੰਦ, ਤਾਸ ਗੁਣ ਗਾਇਕੇ॥ ਜੋ ਹਰਿ ਤੇ ਬੇ-ਮੁੱਖ, ਸਦਾ ਦੁੱਖ ਪਾਇ ਹੈ॥ ਮਾਨਸ ਜਨਮ ਅਮੋਲ, ਬਿਅਰਥ ਗੁਆਇ ਹੈ॥ ਗੁਰ ਬਿਨ ਲਹੇ ਨਾ ਧੀਰ, ਪੀਰ ਬਹੁ ਪਾਇ ਹੈ॥ ਲਹੇ ਅਨਾਦਰ ਸਰਬ, ਠਉਰ ਜਹਾ ਜਾਇ ਹੈ॥ ਜਬ ਗੁਰ ਭਇ ਦਿਆਲ, ਸੋ ਚਰਨੀ ਲਾਇਆ॥ ਸਤਿਗੁਰ ਕਾਟੇ ਬੰਧਨ, ਨਾਮ ਜਪਾਇਆ॥ ਸਾਧ ਸੰਗ ਪ੍ਰਤਾਪ, ਸਦਾ ਸੁੱਖ ਪਾਈਏ॥ ਸੰਤਨ ਕੇ ਪ੍ਰਤਾਪ, ਨਾਮ ਹਰਿ ਧਿਆਈਏ॥ ਸੰਤਨ ਕੇ ਪ੍ਰਤਾਪ, ਪਤੀ ਪ੍ਰਭ ਪਾਈਐ॥ ਮਿਲਿਆ ਅਟੱਲ ਸੁਹਾਗ, ਵਿਯੋਗ ਗਵਾਈਏ॥ ਸੰਗਤ ਤੋਂ ਆਸ਼ੀਰਵਾਦ, ਇਸ ਜੋੜੀਏ॥ ਕਹਿ ਰਵਿਦਾਸ ਇਨ ਸੰਗ, ਸਦਾ ਸੁੱਖ ਲੋੜੀਏ॥

### ''ਮੰਗਲਾਚਾਰ ਤੀਸਰਾ''

ਰਲਿ ਮਿਲ ਸਖੀਆਂ, ਮੰਗਲ ਗਾਇਆ ਤੀਸਰਾ॥ ਸਦਾ ਜਪੋ ਹਰਿ ਨਾਮ, ਨਾ ਕਬਹੂ ਬੀਸਰਾ॥ ਸਤਿਗੁਰ ਕੇ ਲਗ ਚਰਨ, ਸਦਾ ਹਰਿ ਗਾਈਐ॥ ਰਿੱਧ, ਸਿੱਧ, ਨੌਂ ਨਿੱਧ, ਸਭੀ ਕਛਹੂ ਪਾਈਐ॥ ਸਤਿਗੁਰ ਕੇ ਪ੍ਰਸਾਦ, ਅਟੱਲ ਸੁਹਾਗ ਹੈ॥ ਸਤਿਗੁਰ ਭਏ ਦਿਆਲ, ਤਾਂ ਜਾਗਿਯੋ ਭਾਗ ਹੈ॥ ਸਤਿਗੁਰ



ਦਰਸ਼ਨ ਪਾਇ, ਮਿਟੇ ਅੱਘ ਸਰਬ ਹੀ॥ ਪਾਇਉ ਸ਼ੀਲ ਨਿਧਾਨ, ਮਿਟਾਇ ਗਰਬ ਹੀ॥ ਰਹਿਆ ਨਾ ਸੰਸਾ ਮੂਲ, ਜਿੰਨ੍ਹੀ ਗੁਰ ਪਾਇਆ॥ ਹਿਰਦੇ ਭਇਆ ਪ੍ਰਕਾਸ਼ ਅਗਯਾਨ ਮਿਟਾਇਆ॥ ਬਿਨ ਹਰਿ ਨਾਮ ਨਾ ਸਾਰ, ਕਛਹੂ ਸੰਸਾਰ ਹੈ॥ ਹਰਿ ਕਾ ਨਾਮ ਧਿਆਵੈ, ਭਵਿ ਨਿੱਧ ਪਾਰ ਹੈ॥ ਮੰਗਲ ਮਹਾਂ ਸੋ ਮੰਗਲ, ਹਰਿ, ਹਰਿ ਨਾਮ ਹੈ॥ ਆਠ ਪਹਿਰ ਮੁੱਖ ਜਪੋ, ਇਹੀ ਸ਼ੁੱਭ ਕਾਮ ਹੈ॥ ਸੱਚ ਰਵਿਦਾਸ ਬਤਾਵੇ, ਨਾਮ ਨਾ ਛੋਡੀਏ॥ ਗੁਰ ਚਰਨਨ ਮੇਂ ਧਿਆਨ, ਸਦਾ ਮਨ ਜੋੜੀਏ॥

### ''ਮੰਗਲਾਚਾਰ ਚੌਥਾ''

ਮੰਗਲ ਚਾਰ ਆਨੰਦ, ਸਖੀ ਮੁੱਖ ਗਾਇਆ॥ ਕਾਰਜ ਭਇਆ ਸੁਹੇਲਾ, ਹਰਿ ਹਰਿ ਧਿਆਇਆ॥ ਧੰਨ ਔਰ ਪਿਰ ਕੀ, ਪ੍ਰੀਤ ਬਣੀ ਇੱਕ ਸਾਰ ਹੈ॥ ਘਟਾ, ਛਟਾ ਸਮ ਮਿਲੀ, ਮੀਨ ਜਿਮ ਵਾਰ ਹੈ॥ ਪਿਰ ਸੰਗ ਪਾਇ ਆਨੰਦ, ਨਾ ਦੁੱਖ ਕੀ ਲੇਸ ਹੈ॥ ਪਤੀ ਕੀ ਆਗਯਾ ਮੇਂ, ਜੋ ਰਹੇ ਹਮੇਸ਼ ਹੈ॥ ਪਤੀ ਪਰਮੇਸ਼ਵਰ ਕਰਕੇ, ਜਿਨ ਧੰਨ ਜਾਨਿਆ॥ ਸਦਾ ਸੁਖੀ ਬਹੁ ਨਾਰ, ਸਰਬ ਸੁੱਖ ਮਾਨਿਆ॥ ਜਿਨ ਪਰ ਸਤਿਗੁਰ ਦਯਾਲ, ਸੁਖੀ ਬਹੁ ਗਾਈਏ॥ ਮਹਿਮਾ ਅਪਰ ਅਪਾਰ, ਨਾ ਕੀਮਤ ਪਾਈਏ॥ ਸਤਿਗੁਰ ਕੇ ਸੰਗ, ਤੇਰੇ ਅਵਰ ਵੀ ਕੇਤੜੇ॥ ਕਰ ਕੇ ਦ੍ਰਿੜ ਪ੍ਰੀਤ, ਪ੍ਰੇਮ ਕਰੋ ਜੇਤੜੇ॥ ਕਾਰਜ ਸਭ ਹੀ ਪੂਰੇ, ਸਤਿਗੁਰੂ ਕਰ ਦੀਏ॥ ਪੂਰਬ ਪੁੰਨ ਅਨੇਕ ਫੱਲ ਤਿਸ ਅਬ ਲੀਏ॥ ਜਨ ਰਵਿਦਾਸ ਪਿਆਸ, ਸਦਾ ਗੁਰ ਨਾਮ ਕੀ॥ ਹਰਿ ਸੰਗ ਰਹੇ ਪ੍ਰੀਤ, ਓਟ ਇੱਕ ਨਾਮ ਕੀ॥

### ''ਅਨਮੋਲ ਵਚਨ''

ਪ੍ਰਣਵੰਤੇ ਪ੍ਰਣ ਘੜੀ, ਸੋਹਾਈ ਜੀਓ॥ ਪ੍ਰਭ ਕਿਰਪਾ ਤੇ ਆਣ, ਮਿਲਾਈ ਜੀਓ॥ ਪ੍ਰਣ ਪ੍ਰਣਵੰਤੇ ਪ੍ਰਣ, ਧਾਰਨ ਕੀ ਜੀਓ॥ ਪ੍ਰਣ ਮੇਂ ਏਕ ਨਾਮ, ਸੋ ਲੀ ਜੀਓ॥ ਪਤੀ ਘਰ ਪਤਨੀ, ਏਕ ਰਸਾਇਣ ਜੀਓ॥ ਮਾਤ ਬੜੀ, ਛੋਟੀ ਸਮ, ਭੈਣ ਜੀਓ॥ ਪਤੀ, ਪਰਮੇਸ਼ਵਰ, ਸਮ ਨਹੀਂ ਦੇਵ ਜੀਓ॥ ਪੂਜਨ, ਸੇਵਨ ਸਮ, ਨਹੀਂ ਮੇਵ ਜੀਓ॥ ਪਵਨ, ਅਗਨ, ਜੱਲ, ਜੰਨ ਹਮਰਾਈ ਜੀਓ॥ ਸੂਰਜ, ਧਰਤ, ਸੰਗਤ, ਚੰਨ ਅਗਵਾਈ ਜੀਓ॥ ਬਹੁਤ ਜਨਮ ਵਿਛੜਤ, ਵਿਯੋਗ ਜੀਓ॥ ਸੁਰਤ ਸ਼ਬਦ ਵਿਯੋਗ, ਸੰਜੋਗ ਜੀਓ॥ ਪ੍ਰਣ ਕਰਤੇ, ਪ੍ਰਣ ਤੋੜ, ਨਿਭਾਉ ਜੀਓ॥ ਲੋਕ ਕੁਸੰਗ ਫਰਕ, ਨਹੀਂ ਪਾਉ ਜੀਓ॥ ਜਨ ਰਵਿਦਾਸ ਨਿਭਉ ਸੰਗਿ, ਸੋਈ ਜੀਓ॥ ਗੁਰ ਕਿਰਪਾ ਤੇ, ਪ੍ਰਾਪਤ ਹੋਇ ਜੀਓ॥

# ਭਾਗ-ਤੀਜਾ



## 1. ਸਰਵਵਿਆਪਕ ਰਾਮ

**ਰਵਿਦਾਸ ਹਮਾਰੇ ਰਾਮ ਜੀ ਦਸ਼ਰਥ ਕਰਿ ਸੁਤ ਨਾਂਹਿ॥**
**ਰਾਮ ਹੰਮਿ ਮਹਿ ਰਮਿ ਰਹਯੋ ਬਿਸਬ ਕੁਟੰਬਹ ਮਾਂਹਿ॥੧॥**

**ਅਰਥ**—ਗੁਰੂ ਰਵਿਦਾਸ ਜੀ ਉਚਾਰਨ ਕਰਦੇ ਹਨ ਕਿ ਜਿਸ ਰਾਮ ਦਾ ਮੈਂ ਨਾਮ ਜਪਦਾ ਹਾਂ ਉਹ ਦਸ਼ਰਥ ਦਾ ਪੁੱਤਰ ਰਾਮ ਨਹੀਂ ਹੈ। ਮੇਰਾ ਰਾਮ ਤਾਂ ਸਰਵਵਿਆਪਕ ਹੈ। ਐਸਾ ਰਾਮ ਮੇਰੇ ਹਿਰਦੇ ਅਤੇ ਸੰਸਾਰ ਰੂਪੀ ਪਰਿਵਾਰ ਵਿਚ ਸਮਾਇਆ ਹੋਇਆ ਹੈ।

**ਰਵਿਦਾਸ ਹਮਾਰੋ ਰਾਮ ਤੋ ਸਕਲ ਰਹਯੋ ਭਰਪੂਰਿ॥**
**ਰੋਮ ਰੋਮ ਮੇ ਰਮਿ ਰਹਿਓ ਰਾਮ ਮਸੂਕ ਨ ਦੂਰਿ॥੨॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਮੇਰਾ ਰਾਮ ਤਾਂ ਸਾਰੇ ਬ੍ਰਹਿਮੰਡ ਦੇ ਕਣ-ਕਣ ਵਿਚ ਸਮਾਇਆ ਹੋਇਆ ਹੈ। ਪਤੀ-ਪਰਮਾਤਮਾ ਆਪਣੀ ਸਾਧਕ-ਰੂਪੀ ਸੁਹਾਗਣ ਇਸਤਰੀ ਤੋਂ ਕਦੇ ਦੂਰ ਨਹੀਂ ਹੈ।

**ਸਰਵ ਵਿਆਪਕ ਰਾਮ ਹੈ ਨਾਂਹ ਕੋਊ ਇਕ ਠਾਂਮ॥**
**ਸਤਿਗੁਰੂ ਸਾਹਿਬ ਸਖਾ ਭਯੋ ਰਵਿਦਾਸ ਹਮਾਰੋ ਰਾਮ॥੩॥**

**ਅਰਥ**—ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਪ੍ਰਭੂ ਰਾਮ ਸਰਵਵਿਆਪਕ ਹੈ। ਉਸ ਦੇ ਰਹਿਣ ਦਾ ਕੋਈ ਇਕ ਟਿਕਾਣਾ ਨਹੀਂ ਹੈ। ਸਤਿਗੁਰਾਂ ਦੀ ਕਿਰਪਾ ਨਾਲ ਸਰਵਵਿਆਪੀ ਰਾਮ ਜੀਵ ਦਾ ਸਹਾਇਕ ਬਣ ਜਾਂਦਾ ਹੈ।

**ਸਰਵ ਨਿਵਾਸੀ ਰਾਮ ਜੂ ਸਬ ਘਟ ਰਹਿਓ ਸਮਾਇ॥**
**'ਰਵਿਦਾਸ' ਨਾਮ ਚਕਮਕ ਬਿਨਾ ਹਕ ਨੂਰ ਅਦ੍ਰਿਸਟਾਇ॥੪॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਰਾਮ ਤਾਂ ਸਰਵ-ਨਿਵਾਸੀ ਹੈ, ਅਤੇ ਸੰਸਾਰ ਦੇ ਘਟ-ਘਟ ਵਿਚ ਸਮਾਇਆ ਹੋਇਆ ਹੈ। ਪਰ ਉਸ ਦੀ ਸਤਿ ਜੋਤ ਦਾ ਪ੍ਰਕਾਸ਼ ਉਸ ਸਮੇਂ ਤੱਕ ਨਾ ਤਾਂ ਦੇਖਿਆ ਜਾ ਸਕਦਾ ਹੈ ਅਤੇ ਨਾ ਹੀ ਅਨੁਭਵ ਕੀਤਾ ਜਾ ਸਕਦਾ, ਜਦੋਂ ਤੱਕ ਪ੍ਰਭੂ ਨਾਮ ਰੂਪੀ ਚਕਮਕ (ਪੱਥਰ) ਦੇ ਨਾਲ ਆਪਣੇ ਹਿਰਦੇ ਨੂੰ ਰਗੜਿਆ ਨਹੀਂ ਜਾਂਦਾ ਭਾਵ ਪ੍ਰਭੂ ਦੇ ਸਿਮਰਨ ਤੋਂ ਬਿਨਾਂ ਜੀਵ ਉਸ ਦੇ ਨਾਮ ਰੂਪੀ ਸੱਚੇ ਪ੍ਰਕਾਸ਼ ਦੀ ਅਨੁਭੂਤੀ ਨਹੀਂ ਕਰ ਸਕਦਾ।

**ਸਬ ਘਟ ਮੇਰਾ ਸਾਂਈਆਂ ਜਲਵਾ ਰਹਿਓ ਦਿਖਾਇ॥**
**ਰਵਿਦਾਸ ਨਗਰ ਮੰਹਿ ਰਮ ਰਹਿਓ**

**ਕਬਹੁ ਨ ਇਤ ਉਤ ਜਾਇ ॥੫॥**

**ਅਰਥ—**ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਮੇਰਾ ਮਾਲਕ ਪ੍ਰਭੂ ਘਟ-ਘਟ ਵਿਚ ਵਿਆਪਕ ਹੋ ਕੇ ਆਪਣਾ ਕੌਤਕ ਦਿਖਾ ਰਿਹਾ ਹੈ। ਮੇਰਾ ਪ੍ਰਭੂ ਸੰਸਾਰ ਰੂਪੀ ਨਗਰ ਵਿਚ ਵਸਿਆ ਹੈ। ਉਹ ਕਦੇ ਵੀ ਵੱਖ ਹੋ ਕੇ ਇੱਧਰ-ਉੱਧਰ ਨਹੀਂ ਜਾ ਸਕਦਾ।

**ਸਭ ਘਟ ਮਾਹਿੰ ਰਮਿ ਰਹਿਓ ਰਵਿਦਾਸ ਹਮਾਰੋ ਰਾਮ ॥**
**ਸੋਈ ਬੂਝੈ ਰਾਮ ਕੂੰ ਜੋ ਹੋਇ ਰਾਮ ਗੁਲਾਮ ॥੬॥**

**ਅਰਥ—**ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਮੇਰਾ ਸਰਵ-ਵਿਆਪੀ ਰਾਮ ਸੰਸਾਰ ਦੇ ਸਾਰੇ ਜੀਵਾਂ ਵਿਚ ਵਸਿਆ ਹੋਇਆ ਹੈ। ਪਰ ਉਸ ਸਰਵਵਿਆਪਕ ਰਾਮ ਨੂੰ ਉਹੀ ਜਾਣ ਸਕਦਾ ਹੈ ਜੋ ਉਸ ਦਾ ਸੇਵਕ (ਗੁਲਾਮ) ਬਣ ਜਾਵੇ।

**ਘਟ ਘਟ ਵਿਆਪਕ ਰਾਮ ਹੈ ਰਾਮਹਿ ਬੁਝੈ ਕੋਇ ॥**
**ਰਵਿਦਾਸ ਬੁਝੈ ਸੋਈ ਰਾਮ ਕੂੰ ਜਉ ਰਾਮ ਸਨੇਹੀ ਹੋਇ ॥੭॥**

**ਅਰਥ—**ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਰਾਮ ਤਾਂ ਸਰਵਵਿਆਪਕ ਹੈ, ਪਰ ਉਸ ਦੀ ਪਹਿਚਾਣ ਤਾਂ ਕੋਈ ਵਿਰਲਾ ਜੀਵ ਹੀ ਕਰ ਸਕਦਾ ਹੈ। ਉਸ ਪ੍ਰਭੂ ਨੂੰ ਤਾਂ ਕੇਵਲ ਉਹੀ ਜਾਣਦੇ ਹਨ ਜੋ ਉਸ ਨਾਲ ਸੱਚਾ ਪ੍ਰੇਮ ਕਰਦੇ ਹਨ।

**ਰਵਿਦਾਸ ਹੌਂ ਖਾਲਿਕ ਦੇਖਿਆ ਸਕਲ ਰਹਯੋ ਭਰਪੂਰ ॥**
**ਸਭ ਦਿਸਿ ਦੇਖਉਂ ਵਿਆਪਿਆ ਖਾਲਿਕ ਕਾ ਹੀ ਨੂਰ ॥੮॥**

**ਅਰਥ—**ਗੁਰੂ ਰਵਿਦਾਸ ਜੀ ਕਥਨ ਕਰਦੇ ਹਨ ਕਿ ਮੈਂ ਪ੍ਰਭੂ ਨੂੰ ਸਾਰੇ ਸੰਸਾਰ ਵਿਚ ਰਮਿਆ ਹੋਇਆ ਅਨੁਭਵ ਕਰਦਾ ਹਾਂ ਤੇ ਮੈਂ ਸਭ ਦਿਸ਼ਾਵਾਂ ਵਿਚ ਉਸ ਪ੍ਰਭੂ ਦੇ ਨੂਰ ਨੂੰ ਵਿਆਪਿਆ ਹੋਇਆ ਦੇਖ ਰਿਹਾ ਹਾਂ।

**ਮੁਕੁਰ ਮਾਂਹ ਪਰਛਾਂਈ ਜਿਉਂ ਪੁਹੁਪ ਮਧੇ ਜਿਉਂ ਬਾਸ।**
**ਤੈਸਉ ਹੀ ਸ੍ਰੀਹਰਿ ਬਸੈ ਹਿਰਦੈ ਮਧੇ ਰਵਿਦਾਸ ॥੯॥**

**ਅਰਥ—**ਸਤਿਗੁਰੂ ਰਵਿਦਾਸ ਜੀ ਉਚਾਰਣ ਕਰਦੇ ਹਨ ਕਿ ਜਿਵੇਂ ਦਰਪਣ ਵਿਚ ਪਰਛਾਈਂ ਰਹਿੰਦੀ ਹੈ ਅਤੇ ਫੁੱਲਾਂ ਵਿਚ ਸੁਗੰਧੀ ਵਾਸ ਕਰਦੀ ਹੈ ਇਸੇ ਤਰ੍ਹਾਂ ਪ੍ਰਭੂ ਸਦਾ ਹੀ ਸਭ ਦੇ ਮਨ ਰੂਪੀ ਮੰਦਿਰ ਵਿਚ ਨਿਵਾਸ ਕਰਦਾ ਹੈ।

**ਰਵਿਦਾਸ ਪੀਵ ਇਕ ਸਕਲ ਘਟ ਬਾਹਰ ਭੀਤਰ ਸੋਇ ॥**
**ਸਭ ਦਿਸ ਦੇਖਉ ਪੀਵ ਪੀਵ ਦੂਸਰ ਨਾਂਹਿ ਕੋਇ ॥੧੦॥**

**ਅਰਥ—**ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਇਕ ਮੇਰਾ ਪ੍ਰੀਤਮ ਹੀ ਕਣ-ਕਣ ਵਿਚ ਸਮਾਇਆ ਹੋਇਆ ਹੈ। ਜੀਵ ਦੇ ਅੰਦਰ



ਅਤੇ ਬਾਹਰ ਉਹ ਪ੍ਰਭੂ ਵਸਿਆ ਹੋਇਆ ਹੈ। ਸਭ ਪਾਸੇ ਉਹ ਪਰਮਾਤਮਾ ਹੀ ਮੈਨੂੰ ਅਨੁਭਵ ਹੋ ਰਿਹਾ ਹੈ ਉਸ ਦੇ ਸਮਾਨ ਕੋਈ ਦੂਸਰਾ ਨਹੀਂ ਹੈ।

**ਏਕੈ ਬ੍ਰਹਮ ਹੈ ਸਕਲ ਮੰਹਿ ਅਰ ਸਕਲ ਬ੍ਰਹਮਹ ਮਾਂਹਿ।**
**'ਰਵਿਦਾਸ' ਬ੍ਰਹਮ ਸਬ ਭੇਸ਼ ਮੰਹਿ, ਬ੍ਰਹਮ ਬਿਨਾ ਕਛੂ ਨਾਂਹਿ ॥੧੧॥**

**ਅਰਥ—**ਸ਼੍ਰੀ ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਸਾਰੇ ਸੰਸਾਰ ਵਿਚ ਕੇਵਲ ਇਕ ਹੀ ਬ੍ਰਹਮ ਵਸਿਆ ਹੋਇਆ ਹੈ ਅਤੇ ਸਾਰਾ ਸੰਸਾਰ ਉਸ ਬ੍ਰਹਮ ਵਿਚ ਸਮਾਇਆ ਹੋਇਆ ਹੈ। ਜੋ ਕੁਝ ਇਸ ਸੰਸਾਰ ਵਿਚ ਹੈ ਉਹ ਸਭ ਕੁਝ ਬ੍ਰਹਮ ਦਾ ਹੀ ਰੂਪ ਹੈ, ਉਸ ਇਕ ਪ੍ਰਭੂ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਹੈ।

**ਗਗਨ ਮੰਡਲ ਪਿਅ ਰੂਪ ਸੋਂ ਕੋਟ ਭਾਨ ਉਜਿਆਰ।**
**ਰਵਿਦਾਸ ਮਗਨ ਮਨੁਆ ਭਯਾ ਪਿਆ ਨਿਹਾਰ ਨਿਹਾਰ ॥੧੨॥**

**ਅਰਥ—**ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਅਕਾਲ ਪੁਰਖ ਦੇ ਪ੍ਰਕਾਸ਼ ਨਾਲ ਸਾਰਾ ਗਗਨ ਮੰਡਲ ਜਗਮਗਾ ਰਿਹਾ ਹੈ। ਉਸ ਮਾਲਕ ਦਾ ਕਰੋੜਾਂ ਸੂਰਜਾਂ ਦੇ ਸਮਾਨ ਪ੍ਰਕਾਸ਼ ਹੈ। ਉਸ ਪ੍ਰੀਤਮ ਦੇ ਦਰਸ਼ਨ ਕਰਕੇ ਨਿਹਾਲ ਹੋ ਗਏ ਹਾਂ ਅਤੇ ਮਨ ਮਗਨ ਹੋ ਗਿਆ ਹੈ।

**'ਰਵਿਦਾਸ' ਪਿਅ ਬਿਨੁ ਜਗਤ ਮੰਹ ਸੂਨੀ ਸੇਜ ਨ ਕੋਇ।**
**ਜਿਤ ਦੇਖੂੰ ਤਿਤ ਪਿਅ ਕਰ ਪ੍ਰਗਟ ਮੋਜਰਾ ਹੋਇ ॥੧੩॥**

**ਅਰਥ—**ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਪ੍ਰਭੂ ਪ੍ਰੀਤਮ ਤੋਂ ਬਿਨਾਂ ਸੰਸਾਰ ਵਿਚ ਸੁੰਨੀ ਸੇਜ ਕੋਈ ਵੀ ਨਹੀਂ ਹੈ ਭਾਵ ਪ੍ਰਭੂ ਸਾਰੇ ਬ੍ਰਹਿਮੰਡ ਦੇ ਕਣ-ਕਣ ਵਿਚ ਬਿਰਾਜਮਾਨ ਹੈ। ਮੈਂ ਜਿੱਧਰ ਵੀ ਦੇਖਦਾ ਹਾਂ ਉਧਰ ਹੀ ਪਰਮਾਤਮਾ ਦੇ ਦਰਸ਼ਨ ਹੁੰਦੇ ਹਨ।

**ਸਭ ਨੂਰਨ ਕਰ ਨੂਰ ਜਉ ਸਭ ਤੇਜਨ ਮੰਹ ਤੇਜ।**
**'ਰਵਿਦਾਸ' ਹਮਾਰੇ ਪੀਵ ਕਰਿ ਸਭ ਸੋਂ ਅਦਭੁਦ ਸੇਜ ॥੧੪॥**

**ਅਰਥ—**ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਮੇਰਾ ਪ੍ਰਭੂ ਪਿਆਰਾ ਸਾਰੇ ਨੂਰਾਂ ਦਾ ਨੂਰ ਹੈ, ਸਾਰੀਆਂ ਜੋਤੀਆਂ ਨੂੰ ਜਗਾਉਣ ਵਾਲੀ ਜੋਤ ਹੈ ਅਤੇ ਮਹਾਨ ਤੇਜੱਸਵੀ ਹੈ। ਮੇਰੇ ਪ੍ਰੀਤਮ ਮਿਲਣ ਦਾ ਸਥਾਨ, ਭਾਵ ਅੰਤਹਕਰਣ ਰੂਪੀ ਸੇਜ ਸੰਸਾਰ ਦੀਆਂ ਸੇਜਾਂ ਨਾਲੋਂ ਅਨੋਖੀ ਅਤੇ ਆਨੰਦਮਈ ਹੈ।

**'ਰਵਿਦਾਸ' ਜਗਤ ਮੰਹ ਰਾਮ ਸਮ ਕੋਉ ਨਾਂਹਿ ਉਦਾਰ।**
**ਗਨੀ ਗਰੀਬ ਨਵਾਜ ਪ੍ਰਭ ਦੀਨਨ ਕੇ ਰਖਵਾਰ ॥੧੫॥**

**ਅਰਥ**—ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਮੇਰੇ ਪ੍ਰਭੂ ਦੇ ਸਮਾਨ ਸਭ ਦਾ ਭਲਾ ਮੰਗਣ ਵਾਲਾ ਸੰਸਾਰ ਵਿਚ ਉਦਾਰ, ਕੋਈ ਹੋਰ ਦੂਸਰਾ ਨਹੀਂ ਹੈ। ਉਹ ਬੜਾ ਕਿਰਪਾਲੂ ਅਤੇ ਧਨੀ ਹੈ, ਗਰੀਬਾਂ ਨੂੰ ਨਿਵਾਜਣ ਵਾਲਾ ਅਤੇ ਰੱਖਿਅਕ ਹੈ।

## 2. ਮਨ ਮੰਦਰ ਵਿਚ ਪ੍ਰਭੂ ਵਸਦਾ ਹੈ

**ਕਾਬੇ ਅਰੁ ਕੈਲਾਸ ਮੰਹਿ ਜਿਹ ਕੂੰ ਢੂੰਢਣ ਜਾਂਹ।**
**'ਰਵਿਦਾਸ' ਪਿਆਰਾ ਰਾਮ ਤਉ ਬੈਠ ਰਹਾ ਮਨ ਮਾਂਹ ॥੧੬॥**

**ਅਰਥ**—ਸਤਿਗੁਰੂ ਰਵਿਦਾਸ ਜੀ ਪਾਵਨ ਉਪਦੇਸ਼ ਦਿੰਦੇ ਹਨ ਕਿ ਹੇ ਜੀਵ! ਜਿਸ ਪਰਮਾਤਮਾ ਨੂੰ ਤੂੰ ਕਾਬੇ ਅਤੇ ਕੈਲਾਸ਼ ਪਰਬਤ ਵਿਖੇ ਲੱਭਣ ਲਈ ਜਾਂਦਾ ਹੈ, ਉਹ ਪ੍ਰਭੂ ਪਿਆਰਾ ਤੇਰੇ ਮਨ-ਰੂਪੀ ਮੰਦਿਰ ਵਿਚ ਮੌਜੂਦ ਹੈ, ਤੂੰ ਉਸ ਦੀ ਖੋਜ ਬਾਹਰ ਭਟਕਣ ਦੀ ਬਜਾਇ ਆਪਣੇ ਅੰਦਰ ਹੀ ਕਰ।

**ਬਾਹਰ ਖੋਜਤ ਕਾ ਫਿਰਏ ਘਟ ਭੀਤਰ ਹੀ ਖੋਜ**
**'ਰਵਿਦਾਸ' ਉਨਮਨਿ ਸਾਧਿਕਰ ਦੇਖਹੁ ਪਿਆ ਕੂੰ ਓਜ ॥੧੭॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਹੇ ਜੀਵ! ਤੂੰ ਪ੍ਰਭੂ ਨੂੰ ਬਾਹਰ ਕਿਉਂ ਖੋਜਦਾ ਫਿਰਦਾ ਹੈ? ਉਹ ਤਾਂ ਤੇਰੇ ਮਨ ਰੂਪੀ ਮੰਦਿਰ ਵਿਚ ਹੀ ਮੌਜੂਦ ਹੈ, ਇਸ ਲਈ ਉਸ ਪ੍ਰਭੂ ਦੀ ਤੂੰ ਆਪਣੇ ਅੰਦਰ ਹੀ ਖੋਜ ਕਰ। ਜਿਸ ਸਮੇਂ ਸਮਾਧੀ ਲਗਾ ਕੇ ਉਸ ਪ੍ਰਭੂ ਦੀ ਖੋਜ ਕਰੇਂਗਾ ਤਾਂ ਤੂੰ ਤੁਰੀਆ ਅਵਸਥਾ ਵਿਚ ਪਹੁੰਚ ਕੇ ਉਸ ਪ੍ਰਭੂ ਦੇ ਪ੍ਰਕਾਸ਼ ਦਾ ਦਰਸ਼ਨ ਕਰ ਲਵੇਂਗਾ।

**ਬਨ ਖੋਜਇ ਪਿਆ ਨ ਮਿਲਹਿੰ ਬਨ ਮੇਂ ਪ੍ਰੀਤਮ ਨਾਂਹ॥**
**'ਰਵਿਦਾਸ' ਪਿਅ ਹੈ ਬਸਿ ਰਹਿਓ ਮਾਨਵ ਪ੍ਰੇਮੰਹਿ ਮਾਂਹ ॥੧੮॥**

**ਅਰਥ**—ਸਤਿਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਜੰਗਲ ਵਿਚ ਲੱਭਣ ਨਾਲ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ ਕਿਉਂਕਿ ਉਹ ਪਰਮਾਤਮਾ ਜੰਗਲ ਵਿਚੋਂ ਨਹੀਂ ਮਿਲਦਾ, ਉਹ ਪ੍ਰਭੂ ਹਰ ਜੀਵ ਵਿਚ ਵਸ ਰਿਹਾ ਹੈ। ਇਸ ਲਈ ਜੀਵਾਂ ਨਾਲ ਪ੍ਰੇਮ ਕਰਨ ਨਾਲ ਹੀ ਉਸ ਦੀ ਪ੍ਰਾਪਤੀ ਹੁੰਦੀ ਹੈ।

**ਬਨ ਖੋਜਨ ਕਾ ਜਾਇ ਰੇ ਰਾਮ ਅਲੋਪਾ ਨਾਂਹ।**
**ਸਰਵ ਬਿਆਪੀ ਰਾਮ ਤੋ ਰਵਿਦਾਸ ਸਭਨ ਕੈ ਮਾਂਹ ॥੧੯॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਹੇ ਜੀਵ! ਜੰਗਲ ਵਿਚ ਪ੍ਰਭੂ ਨੂੰ ਲੱਭਣ ਲਈ ਕਿਉਂ ਜਾਂਦੇ ਹੋ। ਉਹ ਪ੍ਰਭੂ ਕੇਵਲ



ਜੰਗਲ ਵਿਚ ਅਲੋਪ ਨਹੀਂ ਹੋਇਆ ਹੈ। ਪ੍ਰਭੂ ਸਰਵਵਿਆਪਕ ਹੈ। ਉਹ ਤਾਂ ਘਟ-ਘਟ ਵਿਚ ਬਿਰਾਜਮਾਨ ਹੈ।

**ਰਾਘੋ ਕ੍ਰਿਸਨ ਕਰੀਮ ਹਰਿ ਰਾਮ ਰਹੀਮ ਖੁਦਾਯ।**
**ਰਵਿਦਾਸ ਮੋਰੇ ਮਨ ਬਸਹਿੰ ਕਾ ਖੋਜਹੂੰ ਬਨ ਜਾਯ ॥੨੦॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਪ੍ਰਭੂ ਨੂੰ ਰਾਘਵ, ਕਰੀਮ, ਰਹੀਮ, ਕ੍ਰਿਸਨ, ਰਾਮ, ਖੁਦਾ ਆਦਿ ਅਨੇਕ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ। ਪਰ ਸਰਵਵਿਆਪੀ ਪ੍ਰਭੂ ਮੇਰੇ ਅੰਦਰ ਮਨ ਵਿਚ ਹੀ ਵਸਦਾ ਹੈ। ਪ੍ਰਭੂ ਨੂੰ ਜੰਗਲਾਂ ਵਿਚ ਜਾ ਕੇ ਖੋਜਣ ਦੀ ਲੋੜ ਨਹੀਂ ਹੈ। ਉਸ ਪਰਮਾਤਮਾ ਦੀ ਖੋਜ ਆਪਣੇ ਅੰਦਰੋਂ ਹੀ ਕਰਨੀ ਚਾਹੀਦੀ ਹੈ।

## 3. ਓਂਕਾਰ ਸਤਿਨਾਮ

**ਓਂਕਾਰ ਹੈ ਸਤਿਨਾਮ ਆਦਿ ਜੁਗਾਦਿ ਸਭ ਸਤਿ।**
**'ਰਵਿਦਾਸ' ਸਤਿ ਕਹਿ ਸਾਮੁੰਹੇ ਟਿਕਵੈ ਨਾਂਹਿ ਅਸਤਿ ॥੨੧॥**

**ਅਰਥ**—ਸਤਿਗੁਰੂ ਰਵਿਦਾਸ ਜੀ ਪਾਵਨ ਫੁਰਮਾਨ ਕਰਦੇ ਹਨ ਇਕ ਪਰਮਾਤਮਾ ਦਾ ਨਾਮ ਹੀ ਸਤਿਨਾਮ ਹੈ ਜੋ ਕਿ ਆਦਿ ਤੋਂ ਅਤੇ ਯੁੱਗਾਂ-ਯੁਗਾਂਤਰਾਂ ਤੋਂ ਸਤਿ ਹੈ। ਉਸ ਸਤਿ ਪ੍ਰਭੂ ਦੇ ਸਾਹਮਣੇ ਅਸਤਿ ਟਿਕ ਨਹੀਂ ਸਕਦਾ ਭਾਵ ਉਸ ਸਤਿ ਪਰਮਾਤਮਾ ਦੇ ਨਾਮ ਅੱਗੇ ਅਸਤਿ ਮਾਇਆ ਦਾ ਨਾਸ਼ ਹੋ ਜਾਂਦਾ ਹੈ।

**ਜੌਂ ਲੌਂ ਘਟ ਮੰਹਿ ਪਰਾਨ ਹੈਂ ਤੌਂ ਲੌਂ ਜਪਓ ਸਤਿਨਾਮ।**
**ਰਵਿਦਾਸ ਪਰਮਪਦ ਪਾਇਹਿੰ ਜਿਨ ਘਟ ਬਸਿਯੋ ਰਾਮ ॥੨੨॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਹੇ ਜੀਵ! ਜਦ ਤੱਕ ਤੇਰੇ ਸਰੀਰ ਵਿਚ ਪ੍ਰਾਣ ਹਨ ਤਦ ਤੱਕ ਤੂੰ ਸਤਿਨਾਮ ਦਾ ਜਾਪ ਕਰ। ਸਤਿਨਾਮ ਦਾ ਜਾਪ ਕਰਨ ਨਾਲ ਤੇਰੇ ਅੰਦਰ ਜੋ ਪਰਮਾਤਮਾ ਨਿਵਾਸ ਕਰਦਾ ਹੈ ਉਸ ਦੀ ਪ੍ਰਾਪਤੀ ਕਰਕੇ ਤੂੰ ਪਰਮ-ਪਦਵੀ ਨੂੰ ਪ੍ਰਾਪਤ ਕਰ ਲਵੇਂਗਾ।

**ਸਤਿ ਈਸ਼ ਕਹੁੰ ਰੂਪ ਹੈ ਤਾ ਸਕਤਿ ਅਤ ਅਪਾਰ।**
**ਰਵਿਦਾਸ ਸਤਿ ਕੂੰ ਧਾਰਣਾ ਦੇਈਹਿੰ ਪਾਪ ਨਿਬਾਰ ॥੨੩॥**

**ਅਰਥ**—ਸਤਿ ਤਾਂ ਪ੍ਰਭੂ ਦਾ ਹੀ ਰੂਪ ਹੈ ਅਤੇ ਸਤਿ ਦੀ ਅਨੰਤ ਸ਼ਕਤੀ ਹੈ। ਸਤਿ ਨੂੰ ਧਾਰਨ ਕਰਨ ਨਾਲ ਹੀ ਸਭ ਪਾਪਾਂ ਦਾ ਨਾਸ਼ ਹੋ ਜਾਂਦਾ ਹੈ।

**ਸਤਿ ਸਕਤਿ ਸੌਂ ਹੋਤ ਹੈ ਸਭ ਪਾਪਨ ਕਾ ਨਾਸ।**

ਬਧਿਰਾ ਸਤਿ ਸੋਂ ਬੋਧ ਲੇਇ ਸਤਿ ਭਾਖੈ ਰਵਿਦਾਸ ॥੨੪ ॥

**ਅਰਥ**—ਸਤਿ ਇਕ ਮਹਾਨ ਸ਼ਕਤੀ ਹੈ ਜੋ ਸਭ ਪਾਪਾਂ ਨੂੰ ਨਾਸ਼ ਕਰ ਦਿੰਦੀ ਹੈ। ਹੇ ਪ੍ਰਭੂ ਨੂੰ ਭੁੱਲੇ ਹੋਏ ਬਹਿਰੇ ਜੀਵ, ਤੂੰ ਸਤਿ ਦੀ ਪਹਿਚਾਣ ਕਰਕੇ ਉਸ ਪ੍ਰਭੂ ਨਾਲ ਜੁੜ ਅਤੇ ਗਿਆਨ ਪ੍ਰਾਪਤ ਕਰ ਲੈ। ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਮੈਂ ਇਹ ਸਤਿ ਕਹਿੰਦਾ ਹਾਂ।

ਰਵਿਦਾਸ ਸਤਿ ਇਕ ਨਾਮ ਹੈ ਆਦਿ ਅੰਤ ਸਚੁ ਨਾਮ।
ਹਨਨ ਕਰੇਈ ਸਭ ਪਾਪ ਤਾਪ ਸਤਿ ਸੁਖਨ ਕਰਿ ਖਾਨ ॥੨੫ ॥

**ਅਰਥ**—ਗੁਰੂ ਰਵਿਦਾਸ ਜੀ ਉਚਾਰਨ ਕਰਦੇ ਹਨ ਸਤਿ ਪ੍ਰਭੂ ਦਾ ਇਕ ਨਾਮ ਹੈ। ਇਹ ਆਦਿ ਤੋਂ ਅੰਤ ਤੱਕ ਸਤਿਨਾਮ ਹੈ। ਇਹ ਜੀਵਾਂ ਦੇ ਸਾਰੇ ਪਾਪਾਂ ਨੂੰ ਅਤੇ ਤਿੰਨੇ ਤਾਪਾਂ ਨੂੰ ਨਸ਼ਟ ਕਰ ਦਿੰਦਾ ਹੈ ਅਤੇ ਸੁੱਖਾਂ ਦੀ ਖਾਨ ਹੈ।

ਜਿਨ੍ਹ ਨਰ ਸਤਿ ਤਿਆਗਿਆ ਤਿਨ੍ਹ ਜੀਵਨ ਮਿਰਤ ਸਮਾਨ।
ਰਵਿਦਾਸ ਸੋਈ ਜੀਵਨ ਭਲਾ ਜਹੰ ਸਭ ਸਤਿ ਪਰਧਾਨ ॥੨੬ ॥

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜਿਸ ਜੀਵ ਨੇ ਸੱਚ ਨੂੰ ਤਿਆਗਿਆ ਹੈ ਉਹ ਜਿਊਂਦੇ ਜੀਅ ਹੀ ਮਰੇ ਹੋਏ ਦੇ ਸਮਾਨ ਹੈ। ਉਸ ਜੀਵ ਦਾ ਹੀ ਜੀਵਨ ਸ੍ਰੇਸ਼ਟ ਹੈ ਜਿਹੜਾ ਸਭ ਪਾਸੇ ਸਤਿ ਨੂੰ ਪ੍ਰਮੁੱਖ ਮੰਨਦਾ ਹੋਇਆ ਪ੍ਰਭੂ ਦਾ ਸਿਮਰਨ ਕਰਦਾ ਹੈ।

ਰਵਿਦਾਸ ਸਤਿ ਮਤਿ ਤਿਆਗੀਏ ਜੌਂ ਲੌਂ ਘਟ ਮੰਹਿ ਪ੍ਰਾਨ।
ਸਤਿ ਭ੍ਰਿਸ਼ਟ ਕਰਿ ਜਗਤ ਮਹਿ ਸਦਾ ਹੋਤ ਅਪਮਾਨ ॥੨੭ ॥

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਹੇ ਜੀਵ! ਜਦ ਤਕ ਸਰੀਰ ਵਿਚ ਪ੍ਰਾਣ ਹਨ ਉਂਨਾ ਚਿਰ ਸਤ ਨੂੰ ਨਹੀਂ ਤਿਆਗਣਾ ਚਾਹੀਦਾ। ਸਤ ਨੂੰ ਤਿਆਗਣ ਵਾਲੇ ਜੀਵ ਦਾ ਹਮੇਸ਼ਾ ਹੀ ਸੰਸਾਰ ਵਿਚ ਅਪਮਾਨ ਹੁੰਦਾ ਹੈ।

ਕਾਇਮ ਦਾਇਮ ਰਾਮ ਇਕ ਦੋਇਮ ਸਤ ਇਮਾਨ।
ਰਵਿਦਾਸ ਰਾਮ ਅਰੁ ਸਤਿ ਬਿਨ ਬਿਰਥਾ ਸਭ ਕਛੁ ਜਾਨ ॥੨੮ ॥

**ਅਰਥ**—ਇਕ ਪ੍ਰਭੂ ਹੀ ਹਮੇਸ਼ਾਂ ਰਹਿਣ ਵਾਲਾ ਹੈ, ਦੂਸਰਾ ਸੱਚਾਈ ਅਤੇ ਈਮਾਨ। ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਪ੍ਰਭੂ ਅਤੇ ਸੱਚਾਈ ਤੋਂ ਬਿਨਾਂ ਸਭ ਕੁਝ ਬੇਅਰਥ ਸਮਝਣਾ ਚਾਹੀਦਾ ਹੈ।

ਰਵਿਦਾਸ ਸਤਿ ਕਰਿ ਆਸਰੇ ਸਦਾ ਸਤਿ ਸੁੱਖ ਪਾਏ।
ਸਤ ਇਮਾਨ ਕਹਿੰ ਛਾਂਡਿਏ ਜਗ ਜਾਏ ਤਉ ਜਾਏ ॥੨੯ ॥



**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਸੱਚੇ ਪ੍ਰਭੂ ਦੇ ਸਹਾਰੇ ਜੀਵ ਹਮੇਸ਼ਾਂ ਸੱਚਾ ਸੁੱਖ ਪਾਉਂਦਾ ਹੈ। ਜੀਵ ਨੂੰ ਸੱਚਾ ਈਮਾਨ ਨਹੀਂ ਛੱਡਣਾ ਚਾਹੀਦਾ ਭਾਵੇਂ ਸੰਸਾਰ ਦੇ ਜੀਵ ਨਾਰਾਜ਼ ਵੀ ਕਿਉਂ ਨਾ ਹੋ ਜਾਣ ਭਾਵ ਸੰਸਾਰ ਭਾਵੇਂ ਸਾਰਾ ਨਾਰਾਜ਼ ਹੋ ਜਾਵੇ, ਜੀਵ ਨੂੰ ਸੱਚਾਈ ਦਾ ਰਾਹ ਨਹੀਂ ਛੱਡਣਾ ਚਾਹੀਦਾ।

ਰਵਿਦਾਸ ਸਤਿ ਮਤਿ ਛਾਡੀਏ ਜੌ ਲੌਂ ਘਟ ਮੇਂ ਪ੍ਰਾਨ।
ਦੂਸਰ ਕੋਉ ਧਰਮ ਨਾਂਹਿ ਜਗ ਮੰਹਿ ਸਤਿ ਸਮਾਨ ॥੩੦ ॥

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜੀਵ ਨੂੰ ਸੱਚ ਦਾ ਕਦੇ ਵੀ ਤਿਆਗ ਨਹੀਂ ਕਰਨਾ ਚਾਹੀਦਾ ਜਿੰਨਾ ਚਿਰ ਜੀਵ ਦੇ ਅੰਦਰ ਪ੍ਰਾਣ ਹਨ। ਸੱਚ ਤੋਂ ਬਿਨਾਂ ਸੰਸਾਰ ਵਿਚ ਕੋਈ ਵੀ ਦੂਸਰਾ ਧਰਮ ਨਹੀਂ ਹੈ ਜੋ ਸੱਚ ਦੇ ਸਮਾਨ ਹੋਵੇ।

ਅੰਤਹਕਰਨ ਅਨਭਉ ਕਰਹਿ ਤਉ ਮਨਹੁ ਸਭ ਸਤਿ।
ਰਵਿਦਾਸ ਨਿਜ ਅਨਭਉ ਮੰਹਿ ਸਤਿ ਮੰਹਿ ਜਾਨਹਿੰ ਸਤਿ ॥੩੧ ॥

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜਦੋਂ ਜੀਵ ਆਪਣੇ ਅੰਤਹਿਕਰਨ ਵਿਚ ਪਰਮਾਤਮਾ ਦਾ ਅਨੁਭਵ ਕਰਦਾ ਹੈ ਤਾਂ ਮਨੁੱਖ ਨੂੰ ਪਰਮ-ਸਤਿ ਦਾ ਗਿਆਨ ਹੁੰਦਾ ਹੈ। ਫਿਰ ਜੀਵ ਉਸ ਨਿੱਜ-ਪ੍ਰਭੂ ਦੇ ਅਨੁਭਵ ਨਾਲ ਹੀ ਸਤ ਵਿਚ ਜੋ ਪਰਮ-ਸ਼ਕਤੀ ਹੈ ਉਸ ਨੂੰ ਜਾਣ ਲੈਂਦਾ ਹੈ।

ਜਹੰ ਅੰਧ ਵਿਸਵਾਸ ਹੈ ਸਤਿ ਪਰਖ ਤਹੰ ਨਾਂਹਿ।
ਰਵਿਦਾਸ ਸਤਿ ਸੋਈ ਜਾਨਿਹੈ ਜੌਂ ਅਨਭਉ ਹੋਇ ਮਨ ਮਾਂਹਿ ॥੩੨ ॥

**ਅਰਥ**—ਜਿਸ ਜੀਵ ਦੇ ਮਨ ਵਿਚ ਅੰਧ-ਵਿਸ਼ਵਾਸ ਹੋਵੇ ਉਹ ਸੱਚ ਦੀ ਪਰਖ ਨਹੀਂ ਕਰ ਸਕਦਾ, ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਸੱਚ ਦੀ ਪਰਖ ਤਾਂ ਮਨ ਵਿਚ ਸੱਚ ਦਾ ਅਨੁਭਵ ਕਰਨ ਨਾਲ ਹੁੰਦੀ ਹੈ।

ਜੋ ਨਰ ਸਤਿ ਨ ਭਾਖਹਿੰ ਅਰੁ ਕਰਹਿੰ ਵਿਸਵਾਸਘਾਤ।
ਤਿਨਹਹੂੰ ਸੋ ਕਬਹੁੰ ਭੁਲਿਹਿੰ ਰਵਿਦਾਸ ਨ ਕੀਜਹਿ ਬਾਤ ॥੩੩ ॥

**ਅਰਥ**—ਜੋ ਜੀਵ ਸੱਚ ਨਹੀਂ ਬੋਲਦੇ ਅਤੇ ਦੂਸਰਿਆਂ ਨਾਲ ਵਿਸ਼ਵਾਸਘਾਤ ਕਰਦੇ ਹਨ ਐਸੇ ਜੀਵਾਂ ਨਾਲ ਕਦੀ ਭੁੱਲਕੇ ਵੀ ਬੋਲਣਾ ਨਹੀਂ ਚਾਹੀਦਾ।

ਜਉ ਨਾਹੀਂ ਥਾ ਸਰਿਸਟ ਮਾਂਹਿ ਸੋਉ ਹੋਇਹਿ ਨਾਂਹ।
ਰਵਿਦਾਸ ਇਸਟ ਸਰਵੱਤ ਹੈ ਰਹਈ ਸਰਿਸਟਿਹਿੰ ਮਾਂਹ ।।੩੪ ।।

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜੇਕਰ ਪ੍ਰਭੂ ਸ੍ਰਿਸ਼ਟੀ ਦੇ ਆਰੰਭ ਵਿਚ ਨਹੀਂ ਸੀ ਤਾਂ ਉਸ ਦੀ ਹੋਂਦ ਹੁਣ ਵੀ ਨਹੀਂ ਹੈ। ਪਰ ਉਹ ਸਭ ਦਾ ਈਸ਼ਟ ਪ੍ਰਭੂ ਸ੍ਰਿਸ਼ਟੀ ਦੇ ਆਦਿ ਵਿਚ ਵੀ ਸੀ ਹੁਣ ਵੀ ਹੈ ਅਤੇ ਅੱਗੇ ਵੀ ਰਹੇਗਾ। ਭਾਵ ਉਹ ਸ੍ਰਿਸ਼ਟੀ ਵਿਚ ਹਮੇਸ਼ਾਂ ਬਿਰਾਜਮਾਨ ਹੈ।

**ਰਵਿਦਾਸ ਮਦੁਰਾ ਕਾ ਪੀਜਿਐ ਜੋ ਚੜ੍ਹੈ ਚੜ੍ਹੈ ਉਤਰਾਇ।**
**ਨਾਂਮ ਮਹਾਰਸ ਪੀਜਿਐ ਜੌ ਚੜੈ ਨਾਂਹਿ ਉਤਰਾਇ ॥੩੫॥**

**ਅਰਥ**—ਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਝੂਠੇ ਨਸ਼ਿਆਂ, ਸ਼ਰਾਬ ਆਦਿ ਦਾ ਤਿਆਗ ਕਰਨ ਦਾ ਉਪਦੇਸ਼ ਦਿੰਦੇ ਹਨ ਕਿ ਹੇ ਜੀਵੋ! ਸ਼ਰਾਬ ਦਾ ਕੀ ਪੀਣਾ ਹੈ? ਜਿਸ ਦੇ ਵਾਰ-ਵਾਰ ਪੀਣ ਨਾਲ ਨਸ਼ਾ ਚੜ੍ਹ ਕੇ ਉੱਤਰ ਜਾਂਦਾ ਹੈ। ਪ੍ਰਭੂ ਦੇ ਨਾਮ ਰੂਪੀ ਮਹਾਂ-ਰਸ ਭਾਵ ਸ੍ਰੇਸ਼ਟ ਰਸ ਨੂੰ ਪੀਣਾ ਚਾਹੀਦਾ ਹੈ ਜੋ ਇਕ ਵਾਰ ਚੜ੍ਹ ਜਾਂਦਾ ਹੈ ਮੁੜ ਕੇ ਨਹੀਂ ਉਤਰਦਾ।

**ਅੰਤਰਮੁਖੀ ਭਈ ਜਉ ਕਰਹਿੰ ਸਤਿਨਾਮ ਕਰ ਜਾਪ।**
**ਰਵਿਦਾਸ ਤਿਨਹ ਸੌਂ ਭਜਹੁਹਿੰ ਭਾਗਹਿ ਤੀਨਹਹੁ ਤਾਪ ॥੩੬॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜੋ ਜੀਵ ਅੰਤਰਮੁਖੀ ਹੋ ਕੇ ਆਪਣੇ ਮਨ ਅੰਦਰ ਸਤਿਨਾਮ ਦਾ ਜਾਪ ਕਰਦਾ ਹੈ ਉਸ ਕੋਲੋਂ ਸੰਸਾਰ ਦੇ ਤਿੰਨੋਂ ਤਾਪ ਆਧ ਬਿਆਧ ਤੇ ਉਪਾਧ ਚਲੇ ਜਾਂਦੇ ਹਨ।

**ਈੜਾ ਪਿੰਗਲਾ ਸੁਖਮਨਾ ਬਿਧ ਚਕ੍ਰ ਪ੍ਰਾਣਾਯਾਮ।**
**ਰਵਿਦਾਸ ਹੌਂ ਸਭਹਿ ਛਾਂਡਿਔਂ ਜਬਹਿ ਪਾਇਉਂ ਸਤਿਨਾਮ ॥੩੭॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜਿਹੜਾ ਜੀਵ ਈੜਾ ਪਿੰਗਲਾ ਸੁਖਮਨਾ ਨਾੜੀਆਂ ਅਤੇ ਪ੍ਰਾਣਾਯਾਮ ਦੁਆਰਾ ਵਿਧੀ ਚੱਕਰਾਂ ਦੇ ਫੇਰ ਨੂੰ ਛੱਡ ਕੇ ਸਤਿਨਾਮ ਦਾ ਸਿਮਰਨ ਕਰਦਾ ਹੈ ਉਸ ਜੀਵ ਨੂੰ ਪ੍ਰਭੂ ਦੀ ਪ੍ਰਾਪਤੀ ਹੋ ਜਾਂਦੀ ਹੈ।

**ਇਕ ਚਿੰਤਾ ਸਤਿਨਾਮ ਕੀ ਦਰਸਾਇਹੁ ਪਰਮ ਤੱਤ।**
**ਸਹਜ ਪਰਮ ਭਗਤਿ ਭਈ ਰਵਿਦਾਸ ਪਾਇਹਿ ਬ੍ਰਹਮ ਸਤ॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਮੈਨੂੰ ਚਿੰਤਾ ਕੇਵਲ ਸਤਿਨਾਮ ਦੇ ਸਿਮਰਨ ਕਰਨ ਦੀ ਹੈ ਜੋ ਪਰਮ-ਤੱਤ ਪ੍ਰਭੂ ਨਾਲ ਮਿਲਾਉਂਦੀ ਹੈ ਐਸੀ ਸਹਿਜ ਅਵਸਥਾ ਰੂਪੀ ਭਗਤੀ ਨੂੰ ਪ੍ਰਾਪਤ ਕਰਕੇ ਮੈਨੂੰ ਪਾਰਬ੍ਰਹਮ ਦੀ ਪ੍ਰਾਪਤੀ ਹੋ ਗਈ ਹੈ।

**ਰਵਿਦਾਸ ਅਰਾਧਹੁ ਦੇਵ ਕੂੰ ਇਕ ਮਨ ਹੋਇ ਧਰਿ ਧਿਆਨ।**
**ਆਜਪਾ ਜਾਪੁ ਜਪਤ ਰਹਹੁ ਸਤਿਨਾਮ ਸਤਿਨਾਮ ॥੩੯॥**



**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਹੇ ਜੀਵ! ਪਰਮਾਤਮਾ ਦੀ ਹੀ ਅਰਾਧਨਾ ਕਰੋ ਇਕਾਗਰਚਿਤ ਹੋ ਕੇ ਉਸ ਦਾ ਧਿਆਨ ਧਰੋ। ਉਸ ਪਰਮਾਤਮਾ ਦੇ ਸਤਿਨਾਮ ਦਾ ਸਿਮਰਨ (ਜਾਪ) ਕਰਨ ਨਾਲ ਤੇਰੇ ਅੰਦਰ ਅਜਪਾ ਜਾਪ ਭਾਵ ਸਤਿਨਾਮ ਦਾ ਜਾਪ ਕਰਨ ਦੀ ਧੁਨ ਹਰ ਸਮੇਂ ਚਲਦੀ ਰਹੇਗੀ।

**ਜਾ ਦੇਖਿਆ ਘਿਨ ਉਪਜੈ ਨਰਕ ਕੁੰਡ ਮੰਹਿ ਬਾਸ।**
**ਪ੍ਰਭੂ ਭਗਤਿ ਸੌਂ ਉਧਰੈ ਪ੍ਰਗਟਤ ਜਨ ਰਵਿਦਾਸ ॥੪੦॥**

**ਅਰਥ**—ਜਿਸ ਜੀਵ ਦੇ ਖੋਟੇ ਕਰਮਾਂ ਨੂੰ ਕੇਵਲ ਦੇਖਣ ਨਾਲ ਹੀ ਨਫ਼ਰਤ ਪੈਦਾ ਹੁੰਦੀ ਹੋਵੇ ਉਸ ਜੀਵ ਦਾ ਨਰਕ ਕੁੰਡ ਵਿਚ ਨਿਵਾਸ ਹੁੰਦਾ ਹੈ। ਪਰ ਪਰਮਾਤਮਾ ਦੀ ਪ੍ਰੇਮ-ਭਗਤੀ ਕਰਨ ਨਾਲ ਖੋਟੇ ਕਰਮਾਂ ਦਾ ਨਾਸ਼ ਹੋ ਕੇ ਜੀਵ ਦਾ ਕਲਿਆਣ ਹੁੰਦਾ ਹੈ। ਸ਼੍ਰੀ ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਉਹ ਪ੍ਰਭੂ ਪ੍ਰੇਮੀ ਸੰਸਾਰ ਵਿਚ ਉਜਾਗਰ ਹੋ ਜਾਂਦੇ ਹਨ।

**ਹਰਿ ਸੋ ਹੀਰਾ ਛਾਂਡਿ ਕੈ ਕਰੈ ਆਨ ਕੀ ਆਸ।**
**ਤੇ ਨਰ ਜਮਪੁਰੀ ਜਾਂਹਿਗੇ ਸਤ ਭਾਖੈ ਰਵਿਦਾਸ।॥੪੧॥**

**ਅਰਥ**—ਜੋ ਜੀਵ ਸੰਸਾਰ ਵਿਚ ਸਭ ਤੋਂ ਅਮੋਲਕ ਹੀਰੇ ਤੋਂ ਵੀ ਸ੍ਰੇਸ਼ਟ ਪਰਮਾਤਮਾ ਦੇ ਨਾਮ ਨੂੰ ਛੱਡ ਕੇ ਹੋਰ ਕੋਈ ਆਸ ਰੱਖਦਾ ਹੈ, ਉਹ ਜੀਵ ਨਰਕਾਂ ਨੂੰ ਜਾਵੇਗਾ। ਗੁਰੂ ਰਵਿਦਾਸ ਜੀ ਕਥਨ ਕਰਦੇ ਹਨ ਕਿ ਮੈਂ ਸੱਚ ਕਹਿੰਦਾ ਹਾਂ।

**ਰਵਿਦਾਸ ਮਨੁੱਖ ਜਨਮ ਮੰਹ ਹੌਂ ਚਿੰਤਉ ਗੁਰੂ ਏਕ।**
**ਆਦਿ ਅੰਤ ਜਾਂ ਸਤਿਗੁਰੁ ਰਾਖੈ ਸਭਨ ਕੀ ਟੇਕ।॥੪੨॥**

**ਅਰਥ**—ਸਤਿਗੁਰੂ ਰਵਿਦਾਸ ਮਹਾਰਾਜ ਜੀ ਕਥਨ ਕਰਦੇ ਹਨ ਕਿ ਮੈਂ ਮਨੁੱਖ ਜਨਮ ਵਿਚ ਇਕ ਪ੍ਰਭੂ ਗੁਰੂ ਦਾ ਹੀ ਸਿਮਰਨ ਕਰਦਾ ਹਾਂ। ਸ੍ਰਿਸ਼ਟੀ ਦੇ ਆਦਿ ਤੋਂ ਲੈ ਕੇ ਅੰਤ ਤੱਕ ਹਮੇਸ਼ਾ ਰਹਿਣ ਵਾਲਾ ਉਹ ਪ੍ਰਭੂ ਹੀ ਮੇਰਾ ਸਤਿਗੁਰੂ ਹੈ ਅਤੇ ਉਹ ਸਭ ਦੀ ਰੱਖਿਆ ਕਰਨ ਵਾਲਾ ਹੈ।

## 4. ਬ੍ਰਹਮ ਬੂੰਦ

**ਰਵਿਦਾਸ ਲੋਰੈ ਜਿਸ ਬੂੰਦ ਕੂ ਸੋ ਬੂੰਦ ਸਮੁੰਦ ਸਮਾਨ।**
**ਅੰਤਰ ਖੋਜੀ ਕੂੰ ਮਿਲਇ ਬ੍ਰਹਮ ਬੂੰਦ ਕੌ ਗਿਆਨ ॥੪੩॥**

**ਅਰਥ**—ਸਤਿਗੁਰੂ ਰਵਿਦਾਸ ਜੀ ਜੀਵਾਂ ਨੂੰ ਪਾਵਨ ਉਪਦੇਸ਼ ਦਿੰਦੇ ਹਨ ਕਿ ਹੇ ਜੀਵ! ਜਿਸ ਪਰਮਾਤਮਾ ਦੇ ਨਾਮ ਰੂਪੀ ਅਮ੍ਰਿਤ ਬੂੰਦ ਲਈ ਤੂੰ ਖੋਜ ਕਰ ਰਿਹਾ ਹੈ ਉਹ ਪਰਮਾਤਮਾ ਦੇ ਨਾਮ ਦੀ ਇਕ ਬੂੰਦ

ਸਮੁੰਦਰ ਦੇ ਬਰਾਬਰ ਹੈ। ਜਿਸ ਦਾ ਕੋਈ ਥਾਹ ਨਹੀਂ ਹੈ, ਆਪਣੇ ਅੰਦਰ ਪ੍ਰਭੂ ਦੀ ਖੋਜ ਕਰਨ ਨਾਲ ਬ੍ਰਹਮ-ਆਨੰਦ ਰੂਪੀ ਬੂੰਦ ਦਾ ਗਿਆਨ ਹੁੰਦਾ ਹੈ।

**ਇਕ ਬੂੰਦ ਸੌਂ ਬੁਝਿ ਗਈ ਜਨਮ ਜਨਮ ਕੀ ਪਿਆਸ।**
**ਜਨਮ ਮਰਨ ਬੰਧਨ ਟੂਟਈ ਭਯੇ ਰਵਿਦਾਸ ਖਲਾਸ।।੪੪।।**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਬ੍ਰਹਮ ਆਨੰਦ ਰੂਪੀ-ਅੰਮ੍ਰਿਤ ਦੀ ਇਕ ਬੂੰਦ ਨਾਲ ਹੀ ਜੀਵ ਦੇ ਜਨਮ ਜਨਮਾਂਤਰਾ ਦੀ ਪਿਆਸ ਬੁਝ ਜਾਂਦੀ ਹੈ ਜਿਸ ਨਾਲ ਜੀਵ ਦੇ ਜਨਮ-ਮਰਨ ਰੂਪੀ ਬੰਧਨ ਟੁੱਟ ਜਾਂਦੇ ਹਨ ਅਤੇ ਜੀਵ ਮੁਕਤ ਹੋ ਜਾਂਦਾ ਹੈ।

**ਅਮਰਿਤ ਰਸ ਇਕ ਬੂੰਦ ਕੂੰ ਤਲਫਤ ਹੌਂ ਦਿਨ ਰੈਨ।**
**'ਰਵਿਦਾਸ' ਅਮੀਰਸ ਬਿਨ ਪਿਐ ਜਿਅਰਾ ਨ ਪਾਵੈ ਚੈਨ।।੪੫।।**

**ਅਰਥ**—ਪ੍ਰਭੂ ਦੇ ਬ੍ਰਹਮ ਆਨੰਦ-ਰੂਪੀ ਅੰਮ੍ਰਿਤ ਦੇ ਰਸ ਦੀ ਇਕ ਬੂੰਦ ਲਈ ਮੇਰਾ ਮਨ ਦਿਨ ਰਾਤ ਵਿਆਕੁਲ ਰਹਿੰਦਾ ਹੈ। ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜਦੋਂ ਤੱਕ ਉਹ ਅੰਮ੍ਰਿਤ ਰਸ ਦੀ ਬੂੰਦ ਮੈਨੂੰ ਪ੍ਰਾਪਤ ਨਹੀਂ ਹੋ ਜਾਂਦੀ ਤਦ ਤੱਕ ਮੇਰੇ ਮਨ ਨੂੰ ਸੁੱਖ ਨਹੀਂ ਮਿਲਦਾ ਭਾਵ ਮੇਰਾ ਮਨ ਬੇਚੈਨ ਰਹਿੰਦਾ ਹੈ।

## 5. ਏਕੈ ਮਾਟੀ ਕੇ ਸਭ ਭਾਂਡੇ

**ਏਕੈ ਮਾਟੀ ਕੇ ਸਭ ਭਾਂਡੇ ਏਕੌ ਸਿਰਜਨਹਾਰਾ।**
**ਰਵਿਦਾਸ ਵਿਆਪੈ ਏਕੌ ਘਟ ਭੀਤਰ ਏਕੈ ਘੜੈ ਕੁਮਹਾਰਾ।।੪੬।।**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜਿਸ ਤਰ੍ਹਾਂ ਇਕ ਘੁਮਿਆਰ ਇਕ ਹੀ ਮਿੱਟੀ ਤੋਂ ਅਨੇਕਾਂ ਪ੍ਰਕਾਰ ਦੇ ਬਰਤਨ ਤਿਆਰ ਕਰਦਾ ਹੈ, ਇਸੇ ਤਰ੍ਹਾਂ ਸੰਸਾਰ ਦੇ ਸਭ ਜੀਵ ਵੀ ਇਕ ਹੀ ਮਿੱਟੀ ਭਾਵ ਪੰਜਾਂ ਤੱਤਾਂ ਹਵਾ, ਪਾਣੀ, ਧਰਤੀ, ਅੱਗ ਅਤੇ ਆਕਾਸ਼ ਤੋਂ ਇਕ ਪ੍ਰਭੂ ਨੇ ਪੈਦਾ ਕੀਤੇ ਹਨ। ਸਭ ਜੀਵਾਂ ਵਿਚ ਪ੍ਰਭੂ ਵਿਆਪਕ ਹੈ। ਸਭ ਜੀਵਾਂ ਨੂੰ ਬਣਾਉਣ ਵਾਲਾ ਇਕ ਹੀ ਪਰਮਾਤਮਾ ਹੈ। ਇਸ ਲਈ ਸੰਸਾਰ ਦੇ ਸਾਰੇ ਜੀਵ ਮਾਨਵ ਤੌਰ 'ਤੇ ਬਰਾਬਰ ਹਨ।

**ਰਵਿਦਾਸ ਉਪਜਈ ਏਕ ਬੂੰਦ ਤੇ ਕਾ ਬਾਹਮਨ ਕਾ ਸੂਦ।।**
**ਮੂਰਖ ਜਨ ਨ ਜਾਨਈ ਸਭ ਮੰਹਿ ਰਾਮ ਮਜੂਦ।।੪੭।।**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਸਾਰੇ ਸੰਸਾਰ ਦੇ ਜੀਵ ਪਰਮਾਤਮਾ ਦੀ ਇਕ ਬੂੰਦ ਤੋਂ ਪੈਦਾ ਹੋਏ ਹਨ ਭਾਵੇਂ ਉਹ ਬ੍ਰਾਹਮਣ ਹੈ ਭਾਵੇਂ ਉਹ ਸ਼ੂਦਰ, ਪਰ ਮੂਰਖ ਜੀਵ ਇਸ ਗੱਲ ਨੂੰ ਨਹੀਂ ਜਾਣਦੇ ਕਿ



ਸੰਸਾਰ ਦੇ ਸਾਰੇ ਜੀਵਾਂ ਵਿਚ ਪਰਮਾਤਮਾ ਦੀ ਅੰਸ਼-ਆਤਮਾ ਮੌਜੂਦ ਹੈ। ਇਸ ਲਈ ਸਭ ਜੀਵ ਬਰਾਬਰ ਹਨ।

**ਰਵਿਦਾਸ ਏਕਹੀ ਬੂੰਦ ਸੋਂ ਸਭ ਹੀ ਭਯੋ ਵਿਤਥਾਰ।**
**ਮੂਰਖ ਹੈਂ ਜੋ ਕਰਤ ਹੈਂ ਬਰਨ ਅਬਰਨ ਵਿਚਾਰ।।੪੮।।**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਇਕ ਹੀ ਬ੍ਰਹਮ ਬੂੰਦ ਤੋਂ ਸਾਰੇ ਸੰਸਾਰ ਦੀ ਰਚਨਾ ਹੋਈ ਹੈ। ਸਾਰਾ ਬ੍ਰਹਿਮੰਡ ਉਸ ਪਰਮਾਤਮਾ ਦਾ ਵਿਸਥਾਰ ਹੈ ਇਸ ਲਈ ਸੰਸਾਰ ਦੇ ਸਭ ਜੀਵ ਬਰਾਬਰ ਹਨ। ਪਰ ਉਹ ਜੀਵ ਮੂਰਖ ਹਨ ਜਿਹੜੇ ਵਰਣ-ਬ੍ਰਾਹਮਣ ਵੈਸ਼, ਸ਼ੂਦਰ, ਖੱਤਰੀ ਅਤੇ ਅਵਰਣ ਭਾਵ ਡੋਮ, ਚੰਡਾਰ, ਮਲੇਸ ਆਦਿ ਭੇਦ-ਭਾਵ, ਊਚ-ਨੀਚ ਦਾ ਵਿਚਾਰ ਕਰਦੇ ਹਨ।

**ਇਕ ਜੋਤ ਤੇ ਜਉ ਸਭ ਉਪਜੈਂ ਤਉ ਊਚ ਨੀਚ ਕਿਸ ਮਾਨ।**
**ਰਵਿਦਾਸ ਨਾਮ ਕਤ ਧਰੈਂ ਕਹੁੰ ਕੋ ਨਾਦ ਬਿੰਦ ਹੈ ਸਮਾਨ।।੪੯।।**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਪ੍ਰਭੂ ਦੀ ਇਕ ਜੋਤ ਤੋਂ ਸੰਸਾਰ ਦੇ ਸਭ ਜੀਵ ਪੈਦਾ ਹੋਏ ਹਨ ਤਾਂ ਜੀਵਾਂ ਨੂੰ ਉੱਚਾ ਨੀਵਾਂ ਕਿਉਂ ਮੰਨਿਆ ਜਾਵੇ? ਫਿਰ ਜੀਵਾਂ ਨੂੰ ਉੱਚਾ ਨੀਵਾਂ ਸਮਝ ਕੇ ਭੇਦ-ਭਾਵ ਕਿਉਂ ਕੀਤਾ ਜਾਂਦਾ ਹੈ? ਕਿਉਂਕਿ ਸਾਰੇ ਜੀਵ ਨਾਦ ਅਤੇ ਬਿੰਦ ਤੋਂ ਪੈਦਾ ਹੋਏ ਇਕ ਸਮਾਨ ਹਨ।

**ਰਵਿਦਾਸ ਏਕੈ ਬ੍ਰਹਮ ਕਾ ਹੋਇ ਰਹਯੋ ਸਗਲ ਪਸਾਰ।**
**ਏਕੈ ਮਾਟੀ ਸਬ ਘਟ ਸਿਰਜੈ ਏਕੈ ਸਭ ਨੂੰ ਸਰਜਨਹਾਰ।।੫੦।।**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਇਕ ਬ੍ਰਹਮ ਦਾ ਸਾਰੇ ਸੰਸਾਰ ਵਿਚ ਵਿਸਥਾਰ ਹੋ ਰਿਹਾ ਹੈ। ਇਕ ਮਿੱਟੀ ਤੋਂ ਸਭ ਭਾਂਡੇ ਬਣੇ ਹਨ ਭਾਵ ਸੰਸਾਰ ਦੇ ਸਾਰੇ ਜੀਵ ਪੰਜਾਂ ਤੱਤਾਂ ਤੋਂ ਬਣੇ ਹਨ। ਸਭ ਜੀਵਾਂ ਦੀ ਰਚਨਾ ਕਰਨ ਵਾਲਾ ਇਕ ਹੀ ਸਿਰਜਨਹਾਰ ਪ੍ਰਭੂ ਹੈ।

**ਰਵਿਦਾਸ ਏਕ ਹੀ ਨੂਰ ਤੇ ਜਿਮਿ ਉਪਜਯੋ ਸੰਸਾਰ।**
**ਊਚ-ਨੀਚ ਕਿਹ ਬਿਧ ਭਏ ਬਾਹਮਨ ਅਰੁ ਚਮਾਰ।।੫੧।।**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਪ੍ਰਭੂ ਦੇ ਇਕ ਹੀ ਨੂਰ ਤੋਂ ਸਾਰੇ ਸੰਸਾਰ ਦੀ ਉਤਪੱਤੀ ਹੋਈ ਹੈ ਅਤੇ ਸਾਰੇ ਜੀਵਾਂ ਵਿਚ ਉਸ ਪ੍ਰਭੂ ਦੀ ਜੋਤ ਹੈ ਫਿਰ ਕਿਸ ਤਰੀਕੇ ਨਾਲ ਬ੍ਰਾਹਮਣ ਅਤੇ ਚਮਾਰ ਵਿਚ ਭੇਦ ਹੋ ਸਕਦਾ ਹੈ ? ਭਾਵ ਬ੍ਰਾਹਮਣ, ਚਮਾਰ ਅਤੇ ਸੰਸਾਰ ਦੇ ਸਭ ਜੀਵ ਬਰਾਬਰ ਹਨ।

**ਰਵਿਦਾਸ ਏਕ ਬ੍ਰਹਮ ਬੂੰਦ ਸੋਂ ਸਗਲ ਪਸਾਰਾ ਜਾਨ।**
**ਸਭ ਉਪਜਯੋ ਇਕ ਬੂੰਦ ਸੋਂ ਸਭ ਹੀ ਏਕ ਸਮਾਨ।।੫੨।।**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਹੇ ਜੀਵ! ਇਕ ਪਰਮਾਤਮਾ ਦੀ ਬੂੰਦ ਤੋਂ ਸਾਰੇ ਸੰਸਾਰ ਦੇ ਪਸਾਰੇ ਨੂੰ ਜਾਣ ਕਿ ਸਭ ਜੀਵ ਪਰਮਾਤਮਾ ਦੀ ਇਕ ਜੋਤ ਤੋਂ ਪੈਦਾ ਹੋਏ ਹਨ ਅਤੇ ਸਭ ਜੀਵ ਇਕ ਸਮਾਨ ਹਨ।

**ਬਾਹਮਨ ਅਰੁ ਚੰਡਾਲ ਮੰਹਿ ਰਵਿਦਾਸ ਨਹਿੰ ਅੰਤਰ ਜਾਨ।**
**ਸਭ ਮੰਹਿ ਏਕ ਹੀ ਜੋਤ ਹੈ ਸਭ ਘਟ ਏਕ ਭਗਵਾਨ ॥੫੩॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਬ੍ਰਾਹਮਣ ਅਤੇ ਚੰਡਾਲ ਵਿਚ ਕੋਈ ਵੀ ਫਰਕ ਨਹੀਂ ਸਮਝਣਾ ਚਾਹੀਦਾ। ਸਭ ਜੀਵਾਂ ਵਿਚ ਇਕ ਪਰਮਾਤਮਾ ਦੀ ਜੋਤ ਸਮਾਈ ਹੋਈ ਹੈ ਅਤੇ ਸਾਰਿਆਂ ਵਿਚ ਉਸ ਦਾ ਵਾਸਾ ਹੈ।

**ਇਕ ਨਾਜਿਰ ਸੋਂ ਸਭ ਕੂੰ ਦੇਖੇ ਸਰਿਸਿਟ ਕਾ ਸਿਰਜਨਹਾਰਾ।**
**ਸਭ ਘਟ ਵਿਆਪਕ ਅਲਖ ਨਿਰੰਜਨ ਕਹਿ ਰਵਿਦਾਸ ਚਮਾਰਾ ॥੫੪॥**

**ਅਰਥ**—ਸ੍ਰਿਸ਼ਟੀ ਦਾ ਸਿਰਜਨਹਾਰ ਪ੍ਰਭੂ ਸਭ ਜੀਵਾਂ ਨੂੰ ਇਕ ਨਜ਼ਰ ਨਾਲ ਦੇਖਦਾ ਹੈ ਭਾਵ ਸਭ ਨੂੰ ਸਮਾਨ ਦੇਖਦਾ ਹੈ। ਉਹ ਪ੍ਰਭੂ ਅਲਖ ਜੋ ਲਿਖਿਆ ਨਹੀ ਜਾ ਸਕਦਾ, ਨਿਰੰਜਨ ਮਾਇਆ ਤੋਂ ਰਹਿਤ ਘਟ-ਘਟ ਵਿਚ ਵਿਆਪਕ ਹੈ। ਸਤਿਗੁਰੂ ਰਵਿਦਾਸ ਮਹਾਰਾਜ ਜੀ ਫਰਮਾਉਂਦੇ ਹਨ ਕਿ ਮੈਂ ਚਮਾਰ ਇਹ ਕਥਨ ਕਰਦਾ ਹਾਂ।

## 6. ਸਭ ਮੇਂ ਨੂਰ ਹੈ-ਏਕ ਪ੍ਰਭੂ ਦਾ

**ਸਭ ਮਹਿ ਰਾਮਹਿ ਜੋਤਿ ਏਕਹਿ ਸਰਜਨਹਾਰਾ।**
**'ਰਵਿਦਾਸ' ਰਾਮਹਿ ਸਭਨ ਮੇਂ ਬ੍ਰਾਹਮਣ ਹੁਈ ਕ ਚਮਾਰਾ ॥੫੫॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਸਭ ਜੀਵਾਂ ਵਿਚ ਇਕ ਪਰਮਾਤਮਾ ਦੀ ਜੋਤ ਹੈ ਅਤੇ ਸਭਨਾਂ ਦੀ ਸਿਰਜਨਾ ਕਰਨ ਵਾਲਾ ਵੀ ਇਕ ਪ੍ਰਭੂ ਹੈ। ਉਹ ਪ੍ਰਭੂ ਸਭ ਜੀਵਾਂ ਵਿਚ ਵਸਿਆ ਹੋਇਆ ਹੈ ਭਾਵੇਂ ਕੋਈ ਬ੍ਰਾਹਮਣ ਹੋਵੇ ਭਾਵੇਂ ਕੋਈ ਚਮਾਰ। ਭਾਵ ਮਾਨਵ ਸਭ ਬਰਾਬਰ ਹਨ।

**ਰਵਿਦਾਸ ਜੋ ਕਰਤਾ ਸਰਿਸਿਟ ਕਾ ਵਹ ਤੋ ਕਰਤਾ ਏਕ।**
**ਸਭ ਮੰਹਿ ਜੋਤਿ ਸਰੂਪ ਇਕ ਕਾਹੇ ਕਹੂੰ ਅਨੇਕ ॥੫੬॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਸਾਰੀ ਸ੍ਰਿਸ਼ਟੀ ਦਾ ਰਚਨਹਾਰਾ ਪ੍ਰਭੂ ਕੇਵਲ ਇਕ ਹੈ ਅਤੇ ਕੇਵਲ ਉਸ ਦੀ ਜੋਤ



ਦਾ ਸਰੂਪ ਹੀ ਸਾਰਿਆਂ ਵਿਚ ਮੌਜੂਦ ਹੈ। ਫਿਰ ਉਸ ਨੂੰ ਅਨੇਕ ਕਿਵੇਂ ਕਿਹਾ ਜਾ ਸਕਦਾ ਹੈ ? ਭਾਵ ਪ੍ਰਭੂ ਇਕ ਤੋਂ ਅਨੇਕ ਰੂਪ ਧਾਰਨ ਕਰਕੇ ਸਾਰੇ ਸੰਸਾਰ ਵਿਚ ਸਮਾਇਆ ਹੋਇਆ ਹੈ।

**ਰਵਿਦਾਸ ਹੌਂ ਦੇਖਯਾ ਸੋਧਿ ਕਰ ਸਾਹਿਬ ਭੇਖ ਅਨੰਤ।**
**ਇਕ ਆਤਮ ਘਟ-ਘਟ ਰਮੈ ਸਭ ਦਿਸਿ ਏਕਉ ਭਗਵੰਤ ॥੫੭॥**

**ਅਰਥ**—ਸਤਿਗੁਰੂ ਰਵਿਦਾਸ ਜੀ ਉਚਾਰਨ ਕਰਦੇ ਹਨ ਕਿ ਮੈਂ ਪੂਰੀ ਤਰ੍ਹਾਂ ਜਾਂਚ ਪਰਖ ਕੇ ਦੇਖਿਆ ਹੈ ਕਿ ਉਸ ਸਾਹਿਬ ਦੇ ਭੇਸ ਅਨੰਤ (ਬੇਅੰਤ) ਹਨ ਅਤੇ ਉਹ ਇਕ ਪ੍ਰਭੂ ਅਨੇਕ ਰੂਪ ਧਾਰਨ ਕਰਕੇ ਘਟ-ਘਟ ਵਿਚ ਰਮਿਆ ਹੋਇਆ ਹੈ। ਸਭ ਦਿਸ਼ਾਵਾਂ ਭਾਵ ਹਰ ਪਾਸੇ ਉਹ ਇਕ ਭਗਵੰਤ ਪ੍ਰਭੂ ਬਿਰਾਜਮਾਨ ਹੈ।

## 7. ਇਕ ਪ੍ਰਭੂ ਦੇ ਨਾਮ ਅਨੇਕ

**ਆਦਿ ਅੰਤ ਜਿਹ ਕਰ ਨਹੀਂ ਜਿਹ ਕਰ ਨਾਮ ਅਨੰਤ।**
**ਸਭ ਕਰਿ ਪਾਲਨ ਹਾਰ ਹੈ ਰਵਿਦਾਸ ਅਬਿਗਤ ਭਗਵੰਤ।।੫੮॥**

**ਅਰਥ**—ਸਤਿਗੁਰੂ ਰਵਿਦਾਸ ਮਹਾਰਾਜ ਜੀ ਫਰਮਾਉਂਦੇ ਹਨ ਕਿ ਉਸ ਪ੍ਰਭੂ ਦਾ ਆਦਿ ਅਤੇ ਅੰਤ ਨਹੀਂ ਪਾਇਆ ਜਾ ਸਕਦਾ ਅਤੇ ਉਸ ਦੇ ਬੇਅੰਤ ਨਾਮ ਹਨ। ਸਭ ਦੀ ਪਾਲਣਾ ਕਰਨ ਵਾਲਾ ਉਹ ਪ੍ਰਭੂ ਹੈ ਅਤੇ ਉਸ ਦਾ ਪਾਰਾਵਾਰ ਨਹੀਂ ਜਾਣਿਆ ਜਾ ਸਕਦਾ।

**ਰਵਿਦਾਸ ਏਕ ਜਗਦੀਸ ਕਰ ਧਰੈ ਅਨੰਤਹ ਨਾਮ।**
**ਮੋਰੇ ਮਨ ਮੰਹਿ ਬਸ ਰਹਯੋ ਅਧਿਮਨ ਪਾਵਨ ਰਾਮ ॥੫੯॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਇਕ ਜਗਦੀਸ਼ ਪ੍ਰਭੂ ਨੂੰ ਬੇਅੰਤ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ। ਮੇਰੇ ਮਨ ਵਿਚ ਪਾਪਾਂ ਨੂੰ ਪਵਿੱਤਰ ਕਰਨ ਵਾਲੇ ਐਸੇ ਪ੍ਰਭੂ ਦਾ ਨਾਮ ਵਸ ਰਿਹਾ ਹੈ।

**ਰਵਿਦਾਸ ਹਮਾਰੋ ਸਾਂਈਆਂ ਰਾਘਵ ਰਾਮ ਰਹੀਮ।**
**ਸਭ ਹੀ ਰਾਮ ਕੋ ਰੂਪ ਹੈ ਕੇਸੋ ਕ੍ਰਿਸਨ ਕਰੀਮ ॥੬੦॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਉਹ ਪ੍ਰਭੂ ਸਾਡਾ ਸੁਆਮੀ ਹੈ ਜਿਸ ਨੂੰ ਰਾਘਵ, ਰਾਮ, ਰਹੀਮ ਵੀ ਕਿਹਾ ਜਾਂਦਾ ਹੈ। ਸੰਸਾਰ ਦੇ ਸਾਰੇ ਜੀਵਾਂ ਵਿਚ ਪ੍ਰਭੂ ਦੇ ਰੂਪ ਮੌਜੂਦ ਹਨ। ਐਸੇ ਪ੍ਰਭੂ ਨੂੰ ਕੇਸੋ ਕ੍ਰਿਸਨ ਕਰੀਮ ਆਦਿ ਅਨੇਕ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ।

**ਰਵਿਦਾਸ ਕੋਉ ਅੱਲਾ ਕਹਈ ਕੋਉ ਪੁਕਾਰਇ ਰਾਮ।**
**ਕੇਸ਼ਵ ਕ੍ਰਿਸਨ ਕਰੀਮ ਸਭ ਮਾਧਉ ਮੁਕੰਦਹੁ ਨਾਮ ॥੬੧॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਉਸ ਪ੍ਰਭੂ

ਨੂੰ ਕੋਈ ਅੱਲਾ ਕਹਿ ਕੇ, ਕੋਈ ਰਾਮ ਕਹਿ ਕੇ ਪੁਕਾਰਦਾ ਹੈ ਅਤੇ ਉਸ ਨੂੰ ਕ੍ਰਿਸਨ, ਕਰੀਮ, ਮਾਧੋ ਮੁਕੰਦ ਆਦਿ ਸਭ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ।

**ਸਾਮੀ ਸਿਰਜਨਹਾਰ ਹੈ ਰਾਮ ਰਹੀਮ ਖੁਦਾਇ।**
**ਰਵਿਦਾਸ ਹਮਾਰੋ ਮੋਹਨਾ ਪਾਵਨ ਕੇਸੋ ਰਾਇ ॥੬੨ ॥**

**ਅਰਥ**—ਪ੍ਰਭੂ ਹੀ ਸਾਰੇ ਸੰਸਾਰ ਦਾ ਸਿਰਜਨਹਾਰ ਹੈ। ਉਸ ਨੂੰ ਰਾਮ, ਰਹੀਮ, ਖੁਦਾ ਆਦਿ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ। ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਸਾਡਾ ਸੋਹਣਾ ਪ੍ਰਭੂ ਪਾਪੀਆਂ ਨੂੰ ਪਵਿੱਤਰ ਕਰਨ ਵਾਲਾ ਪਾਵਨ ਹੈ।

**ਅਲਖ ਅਲਹ ਖਾਲਿਕ ਖੁਦਾ ਕ੍ਰਿਸਨ ਕਰੀਮ ਕਰਤਾਰ।**
**ਰਾਮਹ ਨਾਂਉ ਅਨੇਕ ਹੈਂ ਕਹੈ ਰਵਿਦਾਸ ਬਿਚਾਰ।**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਮੈਂ ਵਿਚਾਰ ਕਰਕੇ ਇਹ ਜਾਣਿਆ ਹੈ ਕਿ ਉਸ ਪ੍ਰਭੂ ਨੂੰ ਅਲਖ, ਅੱਲਾ, ਕ੍ਰਿਸਨ, ਕਰੀਮ, ਕਰਤਾਰ, ਰਾਮ ਆਦਿ ਅਨੇਕ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ। ਉਸ ਪ੍ਰਭੂ ਦੇ ਨਾਮ ਅਨੇਕ ਹਨ।

## 8. ਸੰਕਟ ਮੇਂ ਸਹਾਰਾ ਪ੍ਰਭੂ

**ਜਬ ਜਬ ਫੈਲੇਈ ਜਗਤ ਮੰਹਿ ਕੂੜ ਪਾਪ ਅੰਧਆਰ।**
**ਤਬ ਤਬ ਰਾਖੈ ਹੱਥ ਦੇਈ ਰਵਿਦਾਸ ਇਕ ਰਾਮ ਹਮਾਰ ॥੬੪ ॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜਦੋਂ ਵੀ ਸੰਸਾਰ ਵਿਚ ਝੂਠ, ਪਾਪ ਅਤੇ ਅੰਧਕਾਰ ਫੈਲ ਜਾਂਦਾ ਹੈ ਤਦ-ਤਦ ਹੀ ਝੂਠ, ਕਪਟ ਔਰ ਪਾਪ ਅਤੇ ਅੰਧਕਾਰ ਨੂੰ ਦੂਰ ਕਰਨ ਲਈ ਮੇਰਾ ਸਰਵਵਿਆਪੀ ਪ੍ਰਭੂ ਸੰਸਾਰ ਦੀ ਰੱਖਿਆ ਕਰਦਾ ਹੈ।

**ਰਵਿਦਾਸ ਆਸ ਇਕ ਰਾਮ ਕੀ ਅਰੁ ਨ ਕਰਹੁ ਕੋਉ ਆਸ।**
**ਰਾਮ ਛਾਡਿ ਔਰਨ ਰਮਿਹੰਇ ਰੰਹਇ ਸਦਾ ਨਿਰਾਸ ॥੬੫ ॥**

ਅਰਥ—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਮੇਰਾ ਭਰੋਸਾ ਤਾਂ ਕੇਵਲ ਇਕ ਪ੍ਰਭੂ, ਤੇ ਹੀ ਹੈ ਅਤੇ ਇਸ ਤੋਂ ਇਲਾਵਾ ਹੋਰ ਕਿਸੇ 'ਤੇ ਮੇਰਾ ਭਰੋਸਾ ਨਹੀਂ ਹੈ। ਜੋ ਜੀਵ ਪ੍ਰਭੂ ਨੂੰ ਛੱਡ ਕੇ ਕਿਸੇ ਦੂਸਰੇ ਦੇਵੀ-ਦੇਵਤਿਆਂ ਦੀ ਉਪਾਸਨਾ ਕਰਦੇ ਹਨ ਉਹ ਹਮੇਸ਼ਾ ਨਿਰਾਸ਼ ਰਹਿੰਦੇ ਹਨ।

## 9. ਪ੍ਰਭੂ ਮਿਲਨ ਦੀ ਜੁਗਤੀ

**ਮਾਥੈ ਤਿਲਕ ਹਾਥ ਜਪ ਮਾਲਾ**
**ਜਗ ਠਗਨੇ ਕੂੰ ਸਵਾਂਗ ਬਨਾਯਾ।**
**ਮਾਰਗ ਛਾਂਡਿ ਕੁਮਾਰਗ ਢਹਿਕੈ**



**ਸਾਂਚੀ ਪ੍ਰੀਤ ਬਿਨ ਰਾਮ ਨ ਪਾਯਾ ॥੬੬ ॥**

**ਅਰਥ**—ਸਤਿਗੁਰੂ ਰਵਿਦਾਸ ਜੀ ਮਹਾਰਾਜ ਆਡੰਬਰਾਂ ਦਾ ਵਿਰੋਧ ਕਰਦੇ ਹੋਏ ਪਾਵਨ ਉਪਦੇਸ਼ ਦਿੰਦੇ ਹਨ ਕਿ ਜੇਕਰ ਕੋਈ ਜੀਵ ਮੱਥੇ ਉੱਪਰ ਤਿਲਕ ਲਗਾ ਲਵੇ ਅਤੇ ਹੱਥ ਵਿਚ ਮਾਲਾ ਪਕੜ ਕੇ ਸੰਸਾਰ ਦੇ ਲੋਕਾਂ ਨੂੰ ਠਗਣ ਦਾ ਢੌਂਗ ਬਣਾ ਲਵੇ ਤਾਂ ਉਹ ਜੀਵ ਪ੍ਰਭੂ ਦੇ ਸੱਚੇ ਮਾਰਗ ਨੂੰ ਛੱਡ ਕੇ ਕੁਮਾਰਗ 'ਤੇ ਚਲ ਕੇ ਭਟਕਦਾ ਰਹਿੰਦਾ ਹੈ। ਉਸ ਨੂੰ ਪਰਮਾਤਮਾ ਨਾਲ ਸੱਚੀ ਪ੍ਰੀਤੀ ਤੋਂ ਬਿਨਾਂ ਆਡੰਬਰਾਂ ਨਾਲ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ।

**ਦੇਹਰਾ ਅਰੁ ਮਸੀਤ ਮੰਹਿ ਰਵਿਦਾਸ ਨ ਸੀਸ ਨਵਾਂਯ।**
**ਜਿਹ ਲੌਂ ਸੀਸ ਨਿਵਾਵਨਾ ਸੋ ਠਾਕੁਰ ਸਭ ਥਾਂਯ ॥੬੭ ॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਮੰਦਿਰ ਅਤੇ ਮਸੀਤ ਵਿਚ ਜਾ ਕੇ ਪ੍ਰਭੂ ਭਗਤੀ ਲਈ ਸੀਸ ਝੁਕਾਉਣਾ ਜ਼ਰੂਰੀ ਨਹੀਂ ਹੈ ਜਿਸ ਪ੍ਰਭੂ ਜਾਂ ਅੱਲਾ ਨੂੰ ਮੰਦਿਰ ਜਾਂ ਮਸਜਿਦ ਵਿਚ ਮੌਜੂਦ ਸਮਝ ਕੇ ਸਿਰ ਝੁਕਾਇਆ ਜਾਂਦਾ ਹੈ, ਉਹ ਪਰਮਾਤਮਾ ਜਾਂ ਖੁਦਾ ਤਾਂ ਸਰਵਵਿਆਪਕ ਹੈ ਭਾਵ ਘਟ-ਘਟ ਵਿਚ ਬਿਰਾਜਮਾਨ ਹੈ।

**ਰਵਿਦਾਸ ਨ ਪੂਜਇ ਦੇਹਰਾ ਔਰ ਮਸਜਿਦ ਜਾਯ।**
**ਜੰਹ ਤੰਹ ਈਸ ਕਾ ਬਾਸ ਹੈ ਤੰਹ ਤੰਹ ਸੀਸ ਨਿਵਾਯਿ ॥੬੮**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਮੈਂ ਨਾ ਤਾਂ ਮੰਦਿਰ ਵਿਚ ਬੈਠ ਕੇ ਪੂਜਾ ਕਰਦਾ ਹਾਂ ਅਤੇ ਨਾ ਹੀ ਮਸਜਿਦ ਵਿਚ ਜਾ ਕੇ ਸੀਸ ਝੁਕਾਉਂਦਾ ਹਾਂ। ਜਿੱਥੇ ਜਿੱਥੇ ਪ੍ਰਭੂ ਜਾਂ ਅੱਲਾ ਦਾ ਵਾਸ ਹੈ ਉੱਥੇ ਉੱਥੇ ਮੈਂ ਉਸ ਨੂੰ ਸੀਸ ਝੁਕਾਉਂਦਾ ਹਾਂ, ਭਾਵ ਉਸ ਪ੍ਰਭੂ ਦਾ ਵਾਸਾ ਹਰ ਪਾਸੇ ਹੈ ਮੈਂ ਉਸ ਦੇ ਹਰ ਪਾਸੇ ਦਰਸ਼ਨ ਕਰਦਾ ਹਾਂ।

**ਹਿੰਦੂ ਪੂਜਈ ਦੇਹਰਾ ਮੁਸਲਮਾਨ ਮਸੀਤ।**
**ਰਵਿਦਾਸ ਪੂਜਈ ਰਾਮ ਕੂੰ ਜਿਹ ਨਿਰੰਤਰ ਪ੍ਰਤਿ ॥੬੯ ॥**

**ਅਰਥ**—ਹਿੰਦੂ ਮੰਦਿਰ ਵਿਚ ਜਾ ਕੇ ਪੂਜਾ ਕਰਦੇ ਹਨ ਅਤੇ ਮੁਸਲਮਾਨ ਮਸੀਤ ਵਿਚ ਜਾ ਕੇ ਨਮਾਜ਼ ਪੜ੍ਹਦੇ ਹਨ ਲੇਕਿਨ ਗੁਰੂ ਰਵਿਦਾਸ ਜੀ ਕਹਿੰਦੇ ਹਨ ਕਿ ਮੈਂ ਉਸ ਪ੍ਰਭੂ ਦੀ ਪੂਜਾ ਕਰਦਾ ਹਾਂ ਜੋ ਸਭ ਜਗ੍ਹਾ ਵਿਆਪਕ ਹੈ। ਉਸ ਦੇ ਨਾਲ ਮੇਰਾ ਨਿਰੰਤਰ ਪ੍ਰੇਮ ਹੈ ਉਸ ਪ੍ਰਭੂ ਨੂੰ ਕੇਵਲ ਮੰਦਿਰ ਅਤੇ ਮਸਜਿਦ ਤੱਕ ਸੀਮਿਤ ਨਹੀਂ ਕੀਤਾ ਜਾ ਸਕਦਾ।

**ਪ੍ਰੇਮ ਪੰਥ ਕੀ ਪਾਲਕੀ ਰਵਿਦਾਸ ਬੈਠਿਯੋ ਆਏ ॥**
**ਸਾਚੇ ਸਾਮੀ ਮਿਲਨ ਕੰ ਆਨੰਦ ਕਹਯੋ ਨ ਜਾਏ ॥੭੦ ॥**

ਅਰਥ—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਮੈਂ ਪ੍ਰਭੂ

ਦੀ ਪ੍ਰੇਮ ਰੂਪੀ ਪਾਲਕੀ ਵਿਚ ਆ ਕੇ ਬੈਠ ਗਿਆ ਹਾਂ ਅਤੇ ਉਸ ਪ੍ਰਭੂ ਦੇ ਮਿਲਾਪ ਰੂਪੀ ਪਰਮ-ਅਨੰਦ ਦਾ ਬਿਆਨ ਨਹੀਂ ਕੀਤਾ ਜਾਂਦਾ।

**ਰਵਿਦਾਸ ਮੋਰੇ ਮਨ ਲਾਗਿਓ ਰਾਮ ਪ੍ਰੇਮ ਕੋ ਤੀਰ।**
**ਰਾਮ ਰਸਾਇਨ ਜਉ ਮਿਲਹਿੰ ਤਉ ਹਰੈ ਹਮਾਰੀ ਪੀਰ॥੭੧॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਮੇਰੇ ਮਨ ਵਿਚ ਪ੍ਰਭੂ ਦਾ ਪ੍ਰੇਮ ਰੂਪੀ ਤਿੱਖਾ ਤੀਰ ਲੱਗਿਆ ਹੋਇਆ ਹੈ ਭਾਵ ਮੇਰੇ ਮਨ ਵਿਚ ਪ੍ਰਭੂ ਨੂੰ ਮਿਲਣ ਦੀ ਤੀਯਰ ਇੱਛਾ ਲੱਗੀ ਹੈ। ਜਦੋਂ ਮੈਨੂੰ ਰਾਮ-ਰਸਾਇਨ ਭਾਵ ਪ੍ਰਭੂ ਦੇ ਨਾਮ ਰੂਪੀ ਦਵਾਈ ਮਿਲ ਗਈ ਤਾਂ ਉਸ ਨਾਲ ਮੇਰੀ ਵਿਯੋਗ ਰੂਪੀ ਪੀੜਾ ਖਤਮ ਹੋ ਗਈ।

**ਕਾ ਮਥੁਰਾ ਕਾ ਦਵਾਰਿਕਾ ਕਾ ਕਾਸੀ ਹਰਿਦਵਾਰ।**
**ਰਵਿਦਾਸ ਖੋਜਾ ਦਿਲ ਅਪਨਾ ਤਉ ਮਿਲਿਆ ਦਿਲਦਾਰ॥੭੨॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਸੱਚੇ ਪ੍ਰੇਮ ਤੋਂ ਬਿਨਾ ਭਾਵੇਂ ਜੀਵ ਕੀ ਮਥੁਰਾ, ਕੀ ਦਵਾਰਕਾ, ਕੀ ਕਾਂਸ਼ੀ, ਕੀ ਹਰਿਦੁਆਰ ਭਾਵੇਂ ਸਭ ਤੀਰਥਾਂ ਦਾ ਭ੍ਰਮਣ ਕਰ ਲਵੇ ਪਰ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ। ਜਦੋਂ ਜੀਵ ਸੁਆਸ-ਸੁਆਸ ਪ੍ਰਭੂ ਦਾ ਸਿਮਰਨ ਕਰਦਾ ਹੋਇਆ ਆਪਣੇ ਅੰਦਰ ਪ੍ਰਭੂ ਦੀ ਖੋਜ ਕਰਦਾ ਹੈ ਤਦ ਇਸ ਨੂੰ ਦਿਲਦਾਰ ਪ੍ਰਭੂ ਦੀ ਪ੍ਰਾਪਤੀ ਹੋ ਜਾਂਦੀ ਹੈ।

**ਤੁਰਕ ਮਸੀਤਿ ਅੱਲਾ ਢੂੰਢਈ ਹਿੰਦੂ ਦੇਹਰੇ ਰਾਮ ਗਸਾਂਈ।**
**ਰਵਿਦਾਸ ਢੂੰਢਿਆ ਰਾਮ ਰਹੀਮ ਕੂੰ ਜੰਹ ਮਸੀਤ ਦੇਹਰਾ ਨਾਂਹੀ॥੭੩॥**

**ਅਰਥ**—ਮੁਸਲਮਾਨ ਆਪਣੇ ਅੱਲਾ ਦੀ ਤਲਾਸ਼ ਮਸਜਿਦ ਵਿਚ ਕਰਦੇ ਹਨ ਤੇ ਹਿੰਦੂ ਆਪਣੇ ਰਾਮ ਦੀ ਤਲਾਸ਼ ਮੰਦਿਰ ਵਿਚ ਕਰਦੇ ਹਨ। ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਮੈਂ ਉਸ ਰਾਮ ਰਹੀਮ ਪ੍ਰਭੂ ਨੂੰ ਆਪਣੇ ਅੰਦਰ ਹੀ ਖੋਜਿਆ ਹੈ ਜੋ ਜਿੱਥੇ ਦੇਹੁਰਾ ਅਤੇ ਮਸੀਤ ਨਹੀਂ ਹੈ।

**ਦੇਤਾ ਰਹੇ ਹਜ਼ਾਰ ਬਰਸ ਮੁੱਲਾ ਚਾਹੇ ਅਜਾਨ।**
**ਰਵਿਦਾਸ ਖੁਦਾ ਨਹ ਮਿਲ ਸਕਈ ਜੌ ਲੌਂ ਮਨ ਸੈਤਾਨ॥੭੪॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਖੁਦਾ ਨਾਲ ਸੱਚੀ ਪ੍ਰੀਤੀ ਤੋਂ ਬਿਨਾਂ ਭਾਵੇਂ ਮੁੱਲਾਂ ਹਜ਼ਾਰਾਂ ਸਾਲ ਬਾਂਗ ਦਿੰਦਾ ਰਹੇ ਉਹ ਅਗਿਆਨੀ ਹੀ ਹੈ, ਜਦ ਤੱਕ ਉਸ ਦੇ ਮਨ ਵਿਚ ਸ਼ੈਤਾਨ ਹੈ ਉਦੋਂ ਤੱਕ ਉਸਨੂੰ ਖੁਦਾ ਦੀ ਪ੍ਰਾਪਤੀ ਨਹੀਂ ਹੋ ਸਕਦੀ।

**ਜਉ ਅੱਲਾ ਬਸਹਿੰ ਮਸੀਤ ਮੰਹ ਮੰਦਰ ਮੰਹ ਭਗਵਾਨ।**



**ਰਵਿਦਾਸ ਖੋਜਿਓ ਦਿਲ ਆਪਨੋ ਤਿਨਹ ਪਾਯੋ ਰਹਮਾਨ॥੭੫॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜੇਕਰ ਖੁਦਾ ਮਸਜਿਦ ਵਿਚ ਵਸਦਾ ਹੈ ਤਾਂ ਫਿਰ ਮੰਦਿਰ ਵਿਚ ਭਗਵਾਨ ਕਿਉਂ ਨਹੀਂ ? ਭਾਵ ਅੱਲਾ ਇਕ ਹੈ ਅਤੇ ਸਰਵਵਿਆਪੀ ਹੈ। ਉਹ ਹਰ ਜੀਵ ਦੇ ਅੰਦਰ ਹੈ ਜਦੋਂ ਜੀਵ ਉਸਦੀ ਖੋਜ ਆਪਣੇ ਅੰਦਰੋਂ ਕਰਦਾ ਹੈ ਤਦ ਉਸਨੂੰ ਪ੍ਰਭੂ ਪ੍ਰਾਪਤੀ ਹੋ ਜਾਂਦੀ ਹੈ।

**ਜੋ ਖੁਦਾ ਪੱਛਮ ਬਸੈ ਤੌ ਪੂਰਬ ਬਸਤ ਹੈ ਰਾਮ।**
**ਰਵਿਦਾਸ ਸੇਵੌਂ ਜਿਹ ਠਾਕਰੋ ਤਿਹ ਕਾ ਠਾਂਵ ਨ ਨਾਮ॥੭੬॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜੇ ਮੁਸਲਮਾਨ ਦਾ ਖੁਦਾ ਪੱਛਮ ਦਿਸ਼ਾ ਭਾਵ ਕਾਬਾ ਵਿਚ ਵਸਦਾ ਹੈ ਤਾਂ ਹਿੰਦੂਆਂ ਦਾ ਰਾਮ ਪੂਰਬ ਵਿਚ ਵਸਦਾ ਹੈ ? ਪ੍ਰੰਤੂ ਗੁਰੂ ਰਵਿਦਾਸ ਜੀ ਜਿਸ ਠਾਕਰ ਦੀ ਪੂਜਾ ਕਰਦੇ ਹਨ ਉਸ ਦਾ ਕੋਈ ਖਾਸ ਥਾਂ (ਭਾਵ ਪੂਰਬ ਔਰ ਪੱਛਮ) ਅਤੇ ਨਾ ਹੀ ਕੋਈ ਵਿਸ਼ੇਸ਼ ਨਾਂਵ ਭਾਵ (ਰਾਮ ਅਤੇ ਅੱਲਾ) ਨਹੀਂ ਹੈ। ਉਹ ਪ੍ਰਭੂ ਹਰ ਥਾਂ ਮੌਜੂਦ ਹੈ ਅਤੇ ਸਰਵਵਿਆਪਕ ਹੈ ਅਤੇ ਉਸ ਦੇ ਬੇਅੰਤ ਨਾਮ ਹਨ।

## 10. ਸੁਰਤ-ਸ਼ਬਦ ਜਬ ਮਿਲ ਗਏ

**ਸੁਰਤ ਸ਼ਬਦ ਜਉ ਏਕ ਹੋਂ ਤਉ ਪਾਇਹਿੰ ਪਰਮ ਅਨੰਦ।**
**ਰਵਿਦਾਸ ਅੰਤਰ ਦੀਪਕ ਜਰਈ ਘਟ ਉਪਜਦੀ ਬ੍ਰਹਮ ਅਨੰਦ॥੭੭॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜਦੋਂ ਦਸਵੇਂ ਦੁਆਰ 'ਤੇ ਧਿਆਨ ਟਿਕਾ ਕੇ ਪ੍ਰਭੂ ਦੇ ਨਾਮ ਭਾਵ ਸ਼ਬਦ ਦਾ ਸਿਮਰਨ ਕੀਤਾ ਜਾਂਦਾ ਹੈ ਫਿਰ ਜਦੋਂ ਸ਼ਬਦ ਅਤੇ ਸੁਰਤ ਦਾ ਮਿਲਾਪ ਹੋ ਜਾਂਦਾ ਹੈ ਤਦ ਜੀਵ ਨੂੰ ਪ੍ਰਭੂ ਦੇ ਬ੍ਰਹਮਨੰਦ ਦੀ ਪ੍ਰਾਪਤੀ ਹੁੰਦੀ ਹੈ ਅਤੇ ਇਸ ਦੇ ਅੰਦਰ ਬ੍ਰਹਮ-ਗਿਆਨ ਦਾ ਦੀਪਕ ਜਗ ਉਠਦਾ ਹੈ ਅਤੇ ਇਸ ਨੂੰ ਅੰਦਰੋਂ ਹੀ ਬ੍ਰਹਮ ਆਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ।

**ਰਵਿਦਾਸ ਸਬਦਹ ਸਹ ਜਬਹਿ ਸੁਖਹਿ ਇਕਮਿਕ ਹੋਈ।**
**ਅਨੁਭੂਤਿ ਸਤਿਨਾਮ ਸਵਯੰ ਦੇਤਹਿੰ ਲੋਈ।।੭੮॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜਦੋਂ ਪ੍ਰਭੂ ਦੇ ਨਾਮ ਦਾ ਜਾਪ ਅਤੇ ਧਿਆਨ ਦੋਨੋਂ ਇਕ ਹੋ ਜਾਂਦੇ ਹਨ, ਤਦ ਉਸ ਧਿਆਨ ਮਗਨ ਅਵਸਥਾ ਵਿਚ ਸਤਿਨਾਮ ਦਾ ਅਨੁਭਵ ਹੋਣ ਲਗਦਾ ਹੈ।

ਫਿਰ ਜੀਵ ਦੇ ਅੰਦਰ ਪ੍ਰਭੂ ਦੀ ਜੋਤ ਆਪਣੇ-ਆਪ ਜਗਣ ਲੱਗਦੀ ਹੈ

**ਓਂਕਾਰ ਕੋ ਧਿਆਨ ਮੰਹਿ ਜੌ ਲੌਂ ਸੁਰਤ ਨ ਹੋਇ।**
**ਤੌ ਲੌਂ ਸਾਂਚੇ ਬ੍ਰਹਮ ਕੂੰ ਰਵਿਦਾਸ ਨ ਬੂਝਈ ਕੋਇ ॥੭੯॥**

**ਅਰਥ**—ਸ਼੍ਰੀ ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜਦੋਂ ਤੱਕ ਪ੍ਰਭੂ ਦੇ ਧਿਆਨ ਵਿਚ ਜੀਵ ਦੀ ਸੁਰਤ ਨਹੀਂ ਲੱਗਦੀ ਤਦ ਤੱਕ ਉਸ ਸੱਚੇ ਬ੍ਰਹਮ ਨੂੰ ਕੋਈ ਜਾਣ ਨਹੀਂ ਸਕਦਾ ਭਾਵ ਉਸ ਪ੍ਰਭੂ ਦੀ ਪ੍ਰਾਪਤੀ ਸੁਰਤ-ਸ਼ਬਦ ਦੇ ਮੇਲ ਨਾਲ ਹੁੰਦੀ ਹੈ ਜਦੋਂ ਜੀਵ ਦੀ ਸੁਰਤੀ ਪ੍ਰਭੂ ਨਾਲ ਜੁੜ ਜਾਂਦੀ ਹੈ ਤਦ ਜੀਵ ਨੂੰ ਉਸ ਦੀ ਪ੍ਰਾਪਤੀ ਹੋ ਜਾਂਦੀ ਹੈ।

**ਰਵਿਦਾਸ ਦਿਆ ਜਗਮਗ ਜਰਈ ਬਿਨ ਬਾਤੀ ਬਿਨ ਤੇਲ।**
**ਸੁਰਤ ਸਾਧਿਕਰ ਹਿਯ ਮੰਹਿ ਦੇਖ ਪਿਯਾ ਕੇ ਖੇਲ ॥੮੦॥**

**ਅਰਥ**—ਸ਼੍ਰੀ ਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਪ੍ਰਭੂ ਦਾ ਨਾਮ ਰੂਪੀ ਦੀਵਾ, ਬੱਤੀ ਅਤੇ ਤੇਲ ਤੋਂ ਬਿਨਾਂ ਸਾਰੀ ਸ੍ਰਿਸ਼ਟੀ ਵਿਚ ਜਗ-ਮਗਾ ਰਿਹਾ ਹੈ। ਸੁਰਤ ਨੂੰ ਸਾਧ ਕੇ ਪ੍ਰਭੂ ਦੇ ਨਾਮ ਨਾਲ ਜੋੜ ਕੇ ਆਪਣੇ ਅੰਦਰ ਹੀ ਉਸ ਪ੍ਰਭੂ ਦੇ ਅਨੋਖੇ ਖੇਲ ਨੂੰ ਦੇਖ। ਭਾਵ ਉਸ ਪ੍ਰਭੂ ਦੀ ਜੋਤ ਦੇ ਦਰਸ਼ਨ ਕਰ।

**ਰਵਿਦਾਸ ਸੁਰਤ ਕੂੰ ਸਾਧਿ ਕਰ ਮੋਹਨ ਸੌਂ ਕਰ ਪਿਆਰ।**
**ਭੌਜਲ ਕਰ ਸੰਕਟ ਕਟੰਹਿ ਛੁਟਹਿ ਬਿਘਨ ਬਿਕਾਰ ॥੮੧॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਹੇ ਜੀਵ! ਤੂੰ ਆਪਣੀ ਸੁਰਤ ਨੂੰ ਸਾਧ ਕੇ ਉਸ ਪਰਮਾਤਮਾ ਵਲ ਜੋੜ ਕੇ ਉਸ ਪਿਆਰੇ ਪ੍ਰਭੂ ਨਾਲ ਸੱਚਾ ਪਿਆਰ ਕਰ। ਸੰਸਾਰ ਰੂਪੀ ਭਾਵ-ਸਾਗਰ ਵਿਚ ਤੇਰਾ ਜਨਮ ਮਰਨ ਰੂਪੀ ਸੰਕਟ ਕੱਟਿਆ ਜਾਵੇਗਾ ਅਤੇ ਰਸਤੇ ਵਿਚ ਆਉਣ ਵਾਲੇ ਵਿਘਨਾਂ ਅਤੇ ਵਿਕਾਰਾਂ ਦਾ ਨਾਸ਼ ਹੋ ਜਾਂਦਾ ਹੈ।

## 11. ਜੀਵਨ-ਮਰਨ

**ਰਵਿਦਾਸ ਜੋਤ ਕੈਸੇ ਜਗਿ ਕੈਸੇ ਹੋਇ ਅੰਤ।**
**ਰਵਿਦਾਸ ਮਨੁਖ ਨ ਜਾਨੰਹਿ ਜਾਨਤ ਹੈਂ ਭਗਵੰਤ ॥੮੨॥**

**ਅਰਥ**—ਜੀਵਨ ਰੂਪੀ ਜੋਤ ਕਿਸ ਪ੍ਰਕਾਰ ਜਗੀ ਹੈ ਅਤੇ ਕਿਸ ਪ੍ਰਕਾਰ ਇਸ ਨੇ ਬੁਝਣਾ ਹੈ ਭਾਵ ਕਿਸ ਪ੍ਰਕਾਰ ਜੀਵ ਨੂੰ ਜੀਵਨ ਮਿਲਿਆ ਹੈ ਅਤੇ ਕਿਸ ਤਰ੍ਹਾਂ ਅੰਤ ਹੋਵੇਗਾ ? ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਪ੍ਰਭੂ ਦੇ ਭਜਨ ਤੋਂ ਬਿਨਾਂ ਕੋਈ ਵੀ ਮਨੁੱਖ ਨਹੀਂ ਜਾਣਦਾ ਕੇਵਲ ਉਹ ਪ੍ਰਭੂ ਹੀ ਇਸ ਰਹੱਸ ਨੂੰ ਜਾਣਦਾ ਹੈ।



**ਰਵਿਦਾਸ ਜਨਮੇ ਕਉ ਹਰਸ ਕਾ ਮਰਨੇ ਕਉ ਕਾ ਸੋਕ।**
**ਬਾਜੀਗਰ ਕੇ ਖੇਲ ਕੂੰ ਸਮਝਤ ਨਾਂਹੀ ਲੋਕ ॥੮੩॥**

**ਅਰਥ**—ਸ਼੍ਰੀ ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਕਿਸੇ ਦੇ ਜਨਮ ਦੀ ਖੁਸ਼ੀ ਕੀ ਅਤੇ ਕਿਸੇ ਦੇ ਮਰਨ ਦਾ ਸ਼ੋਕ ਕੀ? ਜਨਮ ਅਤੇ ਮਰਨ ਤਾਂ ਉਸ ਬਾਜ਼ੀਗਰ ਪ੍ਰਭੂ ਦਾ ਇਕ ਖੇਲ ਹੈ। ਪਰ ਇਸ ਨੂੰ ਅਗਿਆਨੀ ਲੋਕ ਨਹੀਂ ਜਾਣਦੇ।

## 12. ਸੋਇ ਸਾਧੁ ਭਲੋ

**ਰਵਿਦਾਸ ਸੋਇ ਸਾਧੁ ਭਲੋ ਜਉ ਜਗ ਮਹਿੰ ਲਿਪਤ ਨ ਹੋਯ।**
**ਗੋਬਿੰਦ ਸੌਂ ਰਾਂਚਾ ਰਹਇ ਅਰੁ ਜਾਨਹਿੰ ਨਹਿੰ ਕੋਯ ॥੮੪॥**

**ਅਰਥ**—ਸਤਿਗੁਰੂ ਰਵਿਦਾਸ ਜੀ ਉਚਾਰਨ ਕਰਦੇ ਹਨ ਕਿ ਉਹ ਸਾਧੂ ਉੱਤਮ ਹੈ ਜੋ ਸੰਸਾਰ ਵਿਚ ਰਹਿੰਦਾ ਹੋਇਆ ਵੀ ਸੰਸਾਰ ਵਿਚ ਲਿਪਤ ਨਹੀਂ ਹੁੰਦਾ। ਪ੍ਰਭੂ ਦੇ ਨਾਮ ਵਿਚ ਮਗਨ ਰਹਿੰਦਾ ਅਤੇ ਉਸ ਪ੍ਰਭੂ ਤੋਂ ਬਿਨਾਂ ਹੋਰ ਕਿਸੇ ਨੂੰ ਵੀ ਸੰਸਾਰ ਵਿਚ ਨਹੀਂ ਜਾਣਦਾ ਭਾਵ ਸਭ ਜੀਵਾਂ ਵਿਚ ਪ੍ਰਭੂ ਨੂੰ ਹੀ ਅਨੁਭਵ ਕਰਦਾ ਹੈ।

**ਰਵਿਦਾਸ ਸੋਇ ਸਾਧੁ ਭਲੋ ਜਿਉ ਮਨ ਅਭਿਮਾਨ ਨ ਲਾਯ।**
**ਔਗੁਨ ਛਾਂਡਹਿ ਗੁਨ ਗਹਇ ਸਿਮਰਇ ਗੋਵਿੰਦ ਰਾਯ ॥੮੫॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਉਹੀ ਸਾਧੂ ਉੱਤਮ ਹੈ ਜੋ ਮਨ ਵਿਚ ਹੰਕਾਰ ਨਹੀਂ ਕਰਦਾ। ਜੋ ਔਗੁਣਾਂ ਨੂੰ ਛੱਡ ਦਿੰਦਾ ਹੈ ਅਤੇ ਗੁਣਾਂ ਨੂੰ ਗ੍ਰਹਿਣ ਕਰਦਾ ਹੋਇਆ ਕੇਵਲ ਪ੍ਰਭੂ ਦਾ ਸਿਮਰਨ ਕਰਦਾ ਹੈ।

**ਰਵਿਦਾਸ ਸੋਇ ਸਾਧੁ ਭਲੋ ਜਉ ਰਹਇ ਸਦਾ ਨਿਰਵੈਰ।**
**ਸੁਖਦਾਈ ਸਮਤਾ ਗਹੇਇ ਸਭਨਹ ਮਾਂਗਹਿ ਖੈਰ ॥੮੬॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਸਾਧੂ ਤਾਂ ਉਹ ਹੀ ਉੱਤਮ ਹੈ ਜੋ ਹਮੇਸ਼ਾ ਵੈਰ-ਰਹਿਤ ਰਹਿੰਦਾ ਹੈ। ਸਭ ਲਈ ਸੁੱਖ ਅਤੇ ਸਮਾਨਤਾ ਚਾਹੁੰਦਾ ਹੈ ਅਤੇ ਪਰਮਾਤਮਾ ਪਾਸੋਂ ਸਭਨਾਂ ਦਾ ਸੁੱਖ ਮੰਗਦਾ ਹੈ।

**ਰਵਿਦਾਸ ਸੋਇ ਸਾਧੁ ਭਲੋ ਜਉ ਅਪਨ ਨ ਜਤਾਯ ।**
**ਸਤਿਵਾਦੀ ਸਾਂਚਾ ਰਹਈ ਮਨ ਹਰਿ ਚਰਨਨ ਮੰਹ ਲਾਯ ॥੮੭॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਸਾਧੂ ਉਹ ਉੱਤਮ ਅਤੇ ਸਤਿਵਾਦੀ ਹੈ ਜੋ ਆਪਣੀ ਵਡਿਆਈ ਨਾ ਕਰਕੇ ਪਰਮਾਤਮਾ ਦੀ ਵਡਿਆਈ ਕਰਦਾ ਹੈ। ਆਪਣੇ ਮਨ ਨੂੰ ਪਰਮਾਤਮਾ ਦੇ ਚਰਨਾਂ ਨਾਲ

ਜੋੜ ਕੇ ਰੱਖਦਾ ਹੈ।

**ਰਵਿਦਾਸ ਸੋਇ ਸਾਧੁ ਭਲ ਜਿਹ ਮਨ ਨਿਰਮਲ ਹੋਯ।**
**ਰਾਮ ਭਜਹਿ ਵਿਸ਼ਯਾ ਤਜਹਿ ਮਿਥ ਭਾਸ਼ੀ ਨ ਹੋਯ॥੮੮॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਉਹ ਹੀ ਸਾਧੂ ਸ੍ਰੇਸ਼ਟ ਹੈ ਜਿਸ ਦਾ ਮਨ ਮਾਯਾ ਤੋਂ ਰਹਿਤ ਹੈ। ਉਹ ਸਾਧੂ ਵਿਕਾਰਾਂ ਨੂੰ ਤਿਆਗ ਕੇ ਹਰ ਸਮੇਂ ਪਰਮਾਤਮਾ ਦੇ ਭਜਨ ਵਿਚ ਲੀਨ ਰਹਿੰਦਾ ਹੋਇਆ ਮਿਥਿਆ ਸੰਸਾਰ ਵਿਚ ਲਿਪਤ ਨਹੀਂ ਹੁੰਦਾ ਅਤੇ ਝੂਠ ਨਹੀਂ ਬੋਲਦਾ।

**ਰਵਿਦਾਸ ਸੋਇ ਸਾਧੁ ਭਲੋ ਜਉ ਜਾਨਹਿ ਪਰ ਪੀਰ।**
**ਪਰ ਪੀਰਾ ਕਹੁੰ ਪੇਖਿ ਕੇ ਰਹਵੇ ਸਦਹਿ ਅਧੀਰ॥੮੯॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਉਹ ਸਾਧੂ ਉੱਤਮ ਹੈ ਜੋ ਦੂਸਰੇ ਦੀ ਪੀੜਾ ਨੂੰ ਅਨੁਭਵ ਕਰਦਾ ਹੈ, ਦੂਸਰੇ ਦੀ ਪੀੜਾ ਨੂੰ ਦੇਖ ਕੇ ਬੇਚੈਨ ਹੋ ਉੱਠਦਾ ਹੈ ਅਤੇ ਉਸਨੂੰ ਦੂਰ ਕਰਨ ਲਈ ਵਿਆਕੁਲ ਰਹਿੰਦਾ ਹੈ।

**ਰਵਿਦਾਸ ਸੋਇ ਸਾਧੁ ਭਲੋ ਜੋ ਪਰ ਉਪਕਾਰ ਕਮਾਯ।**
**ਜੋਇ ਜੋਇ ਕਹਹਿ ਵਹਿਸੋਈ ਕਰਹਿ ਆਪਾ ਨਾਂਹੀ ਜਤਾਯ॥੯੦॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਉਹ ਸਾਧੂ ਉੱਤਮ ਹੈ ਜੋ ਹਮੇਸ਼ਾ ਦੂਸਰਿਆਂ 'ਤੇ ਪਰਉਪਕਾਰ ਕਰਦਾ ਹੈ, ਜਿਸ ਦੀ ਕਥਨੀ ਅਤੇ ਕਰਨੀ ਵਿਚ ਕੋਈ ਫ਼ਰਕ ਨਾ ਹੋਵੇ ਅਤੇ ਜੋ ਆਪਣੇ ਆਪ ਨੂੰ ਜ਼ਾਹਿਰ ਨਾ ਕਰੇ ਉਹ ਹੀ ਸਾਧੂ ਹੈ।

**ਰਵਿਦਾਸ ਸੋਇ ਸਾਧੂ ਭਲੋ ਜੋ ਨਿਹਕਪਟ ਨਿਰਪੱਛ।**
**ਛਮਾਸੀਲ ਅਰੁ ਸਰਲ ਮਨਹ ਬਾਹਰ ਭੀਤਰ ਸਵੱਛ॥੯੧॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਉਹ ਸਾਧੂ ਉੱਤਮ ਹੈ ਜੋ ਮਨ ਵਿਚ ਕਪਟ ਨਾ ਰੱਖਦਾ ਹੋਵੇ ਅਤੇ ਪੱਖਪਾਤ ਦੀ ਭਾਵਨਾ ਨਾ ਰੱਖਦਾ ਹੋਵੇ। ਜੋ ਖਿਮਾਵਾਨ ਅਤੇ ਸਰਲ ਸੁਭਾਅ ਵਾਲਾ ਹੋਵੇ ਅਤੇ ਜੋ ਬਾਹਰੋਂ ਅਤੇ ਅੰਦਰੋਂ ਨਿਰਮਲ ਹੋਵੇ।

**ਰਵਿਦਾਸ ਸੋਇ ਸਾਧੁ ਭਲੋ ਨਿਰਮਲ ਜਾਕੇ ਬੈਨ।**
**ਜਿਹ ਕਰਿ ਦਰਸ ਔ ਪਰਸ ਸੌਂ ਮਨ ਉਪਜਹਿ ਸੁਖ ਚੈਨ॥੯੨॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਉਹ ਸਾਧੂ ਉੱਤਮ ਹੈ ਜਿਸ ਦੇ ਬਚਨ ਨਿਰਮਲ ਹਨ। ਜਿਸ ਦੇ ਦਰਸ਼ਨ ਅਤੇ ਚਰਨ ਸਪਰਸ਼ ਕਰਨ ਨਾਲ ਹੀ ਜੀਵ ਦੇ ਮਨ ਵਿਚ ਸੱਚਾ ਸੁੱਖ ਪ੍ਰਾਪਤ ਹੁੰਦਾ ਹੋਵੇ।



**ਰਵਿਦਾਸ ਸੋਇ ਸਾਧੁ ਭਲੋ ਜਉ ਹੰਸਾ ਗਤਿ ਹੋਯ।**
**ਕਾਮ ਕਰਮ ਸਭ ਛਾਂਡਿ ਕਰਿ ਰਾਮ ਭਜਨ ਮਹਿ ਖੋਯ॥੯੩॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਉਹ ਸਾਧੂ ਉੱਤਮ ਹੈ ਜਿਸ ਦਾ ਵਿਵਹਾਰ ਹੰਸ ਵਾਂਗ ਹੋਵੇ ਜਿਸ ਤਰ੍ਹਾਂ ਹੰਸ ਮਾਨਸਰੋਵਰ ਵਿਖੇ ਹੀਰੇ ਮੋਤੀ ਚੁਗ ਕੇ ਖਾਂਦਾ ਹੈ ਅਤੇ ਦੁੱਧ ਅਤੇ ਪਾਣੀ ਨੂੰ ਅਲੱਗ-ਅਲੱਗ ਕਰਨਾ ਜਾਣਦਾ ਹੈ। ਇਸੇ ਤਰ੍ਹਾਂ ਸੰਤ ਪਰਮਾਤਮਾ ਦੇ ਅਨੰਦ-ਰੂਪੀ ਸੱਚੇ ਮੋਤੀ ਨੂੰ ਗ੍ਰਹਿਣ ਕਰਦਾ ਹੈ ਅਤੇ ਅਸਤਿ ਨੂੰ ਛੱਡ ਕੇ ਹਮੇਸ਼ਾ ਪਰਮਾਤਮਾ ਵਿਚ ਲੀਨ ਰਹਿੰਦਾ ਹੈ।

**ਰਵਿਦਾਸ ਸੋਇ ਸਾਧੁ ਭਲੋ ਜਿਹ ਮਨ ਬਸਇ ਜਗਦੀਸ।**
**ਰਹਇ ਓਟ ਓਂਕਾਰ ਕੀ ਬੁਰੋ ਭਲੋ ਸਹਇ ਸੀਸ।॥੯੪॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਉਹ ਹੀ ਸਾਧੂ ਉੱਤਮ ਹੈ ਜੋ ਕੇਵਲ ਇਕ ਪ੍ਰਭੂ ਨੂੰ ਹੀ ਆਪਣਾ ਆਸਰਾ ਮੰਨਦਾ ਹੈ ਭਾਵੇਂ ਉਸ ਨੂੰ ਕੋਈ ਬੁਰਾ ਭਲਾ ਕਹੇ, ਉਹ ਉਸ ਦੀ ਪ੍ਰਵਾਹ ਕੀਤੇ ਬਿਨਾਂ ਪ੍ਰਭੂ ਦੇ ਨਾਮ ਵਿਚ ਲੀਨ ਰਹਿੰਦਾ ਹੈ।

**ਰਵਿਦਾਸ ਸੋਇ ਸਾਧੁ ਭਲੋ ਜੋ ਮਨਹ ਦੋਖ਼ ਮਿਟਾਯ।**
**ਉਰ ਮੰਹ ਆਪ ਨ ਥਾਪਇ ਤ੍ਰਿਸ਼ਨਾ ਆਸ ਜਲਾਯ॥੯੫॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਉਹ ਹੀ ਸਾਧੂ ਉੱਤਮ ਹੈ ਜੋ ਆਪਣੇ ਮਨ 'ਚੋਂ ਵਿਕਾਰਾਂ ਰੂਪੀ ਦੋਸ਼ ਨੂੰ ਮਿਟਾ ਦਿੰਦਾ ਹੈ, ਆਪਣੇ ਮਨ ਵਿਚੋਂ ਮੈਂ ਭਾਵ ਨੂੰ ਖਤਮ ਕਰ ਦਿੰਦਾ ਹੈ ਅਤੇ ਤ੍ਰਿਸ਼ਨਾਵਾਂ ਨੂੰ ਖਤਮ ਕਰਕੇ ਪ੍ਰਭੂ ਵਿਚ ਲੀਨ ਰਹਿੰਦਾ ਹੈ।

**ਰਵਿਦਾਸ ਸੋਇ ਸਾਧੁ ਭਲੋ ਜੋ ਸਾਹਿਬ ਹਾਥ ਬਿਕਾਯ।**
**ਸਾਹਿਬ ਭੇਂਟ ਚੜ੍ਹਾਨ ਕਉ ਅਪਨਹ ਸੀਸ ਕਟਾਯ।॥੯੬॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਉਹ ਹੀ ਸਾਧੂ ਉੱਤਮ ਹੈ ਜਿਸ ਨੇ ਪ੍ਰਭੂ ਨੂੰ ਸਭ ਕੁਝ ਸੌਂਪ ਦਿੱਤਾ ਹੈ। ਜਿਸ ਨੇ ਪ੍ਰਭੂ ਅੱਗੇ ਆਪਣਾ ਆਪ ਭੇਟ ਚੜ੍ਹਾ ਕੇ ਆਪਣਾ ਸੀਸ ਪ੍ਰਭੂ ਦੇ ਚਰਨਾਂ ਵਿਚ ਰੱਖ ਦਿੱਤਾ ਹੈ।

**ਰਵਿਦਾਸ ਸੋਇ ਸਾਧੁ ਭਲੋ ਜਿਹ ਮਨ ਨਾਂਹਿ ਅਭਿਮਾਨ।**
**ਹਰਸ ਸੋਕ ਜਾਨਇ ਨਾਹਿੰ ਸੁਖ ਦੁਖ ਏਕ ਸਮਾਨ॥੯੭॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਉਹ ਹੀ ਸਾਧੂ ਉੱਤਮ ਹੈ ਜਿਸ ਦੇ ਮਨ ਵਿਚ ਹੰਕਾਰ ਨਹੀਂ ਹੈ। ਖੁਸ਼ੀ ਅਤੇ ਗਮੀ ਨੂੰ ਅਨੁਭਵ ਹੀ ਨਹੀਂ ਕਰਦਾ। ਸੁੱਖ-ਦੁੱਖ ਇਕ ਸਮਾਨ ਸਮਝਦਾ ਹੋਇਆ ਹਰ

ਸਮੇਂ ਪ੍ਰਭੂ ਵਿਚ ਲੀਨ ਰਹਿੰਦਾ ਹੈ।

**ਰਵਿਦਾਸ ਕਹੈ ਜਾਕੇ ਰਿਦੈ ਰਹੈ ਰੈਨ ਦਿਨ ਰਾਮ।**
**ਸੋ ਭਗਤਾ ਭਗਵੰਤ ਸਮ ਕ੍ਰੋਧ ਨ ਬਿਆਪੈ ਕਾਮ॥੯੮॥**

**ਅਰਥ**—ਜਿਸ ਜੀਵ ਦੇ ਹਿਰਦੇ ਵਿਚ ਰਾਤ ਦਿਨ ਭਾਵ ਹਰ ਪਲ ਪ੍ਰਭੂ ਵਸਦਾ ਹੈ ਉਹ ਪ੍ਰਭੂ ਦਾ ਭਗਤ ਪ੍ਰਭੂ ਦੇ ਬਰਾਬਰ ਹੈ ਅਤੇ ਉਸ ਨੂੰ ਕ੍ਰੋਧ ਅਤੇ ਸੰਸਾਰ ਦੀਆਂ ਝੂਠੀਆਂ ਇੱਛਾਵਾਂ ਨਹੀਂ ਵਿਆਪਦੀਆਂ।

## 13. ਕਿਰਤ ਕਮਾਈ ਕਰਦੇ ਹੋਏ ਪਰਮਾਤਮਾ ਦਾ ਸਿਮਰਨ ਕਰਨਾ

**ਜਿਹਵਾ ਸੋਂ ਓਂਕਾਰ ਜਪ ਹੱਥਨ ਸੋਂ ਕਰ ਕਾਰ।**
**ਰਾਮ ਮਿਲੈਂਹਿ ਘਰ ਆਇ ਕਰ ਕਹਿ ਰਵਿਦਾਸ ਬਿਚਾਰ।॥੯੯॥**

**ਅਰਥ**—ਸਤਿਗੁਰੂ ਰਵਿਦਾਸ ਜੀ ਮਹਾਰਾਜ ਕਿਰਤ ਕਮਾਈ ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ ਕਿ ਹੇ ਜੀਵ ਤੂੰ ਰਸਨਾ ਨਾਲ ਪ੍ਰਭੂ ਦਾ ਜਾਪ ਕਰਦੇ ਹੋਏ ਹੱਥਾਂ ਨਾਲ ਕਿਰਤ ਕਮਾਈ ਕਰ ਤਾਂ ਤੈਨੂੰ ਇਸ ਸਰੀਰ ਰੂਪੀ ਘਰ ਵਿਚ ਹੀ ਪ੍ਰਭੂ ਆ ਕੇ ਮਿਲੇਗਾ। ਇਹ ਗੱਲ ਮੈਂ ਵਿਚਾਰ ਕੇ ਕਹਿੰਦਾ ਹਾਂ।

**ਨੇਕ ਕਮਾਈ ਜਉ ਕਰਹਿ ਗ੍ਰਹ ਤਜਿ ਬਨ ਨਹਿ ਜਾਯ।**
**ਰਵਿਦਾਸ ਹਮਾਰੋ ਰਾਮ ਰਾਯ ਗ੍ਰਹ ਮੰਹਿ ਮਿਲਿਹਿ ਆਯ॥੧੦੦॥**

**ਅਰਥ**—ਜੋ ਜੀਵ ਘਰ ਨੂੰ ਛੱਡਕੇ ਪ੍ਰਭੂ ਦੀ ਖੋਜ ਕਰਨ ਲਈ ਜੰਗਲ ਵਿਚ ਨਹੀਂ ਜਾਂਦਾ ਸਗੋਂ ਸੱਚੀ ਕਿਰਤ ਕਮਾਈ ਕਰਦਾ ਹੋਇਆ ਆਪਣੇ ਅੰਦਰ ਹੀ ਪ੍ਰਭੂ ਦੀ ਖੋਜ ਕਰਦਾ ਹੈ, ਗੁਰੂ ਰਵਿਦਾਸ ਜੀ ਉਚਾਰਨ ਕਰਦੇ ਹਨ ਕਿ ਉਸ ਨੂੰ ਮੇਰਾ ਪ੍ਰਭੂ ਘਰ ਵਿਚ ਹੀ ਆ ਕੇ ਮਿਲ ਜਾਂਦਾ ਹੈ।

**ਗ੍ਰਹਿੰ ਰਹਹੁ ਸਤਿ ਕਰਮ ਕਰਹੁ ਹਰਦਮ ਚਿੰਤਹੁ ਓਂਕਾਰ।**
**ਰਵਿਦਾਸ ਹਮਾਰੋ ਬਾਂਧਲਾ ਹਇ ਕੇਵਲ ਨਾਮ ਅਧਾਰ॥੧੦੧॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜੋ ਜੀਵ ਘਰ ਵਿਚ ਰਹਿੰਦੇ ਹੋਏ ਨੇਕ ਕਰਮ ਕਰਦਾ ਹੈ ਅਤੇ ਹਰ ਸਮੇਂ ਪ੍ਰਭੂ ਨੂੰ ਚੇਤੇ ਕਰਦਾ ਹੈ। ਉਸਨੂੰ ਸੰਸਾਰ ਰੂਪੀ ਸਮੁੰਦਰ ਤੋਂ ਪਾਰ ਕਰਨ ਵਾਲਾ ਕੇਵਲ ਇਕ ਨਾਮ ਰੂਪੀ ਸਹਾਰਾ ਪ੍ਰਾਪਤ ਹੋ ਜਾਂਦਾ ਹੈ।

**ਏਕ ਭਰੋਸੋ ਰਾਮ ਕੋ ਅਰੁ ਭਰੋਸੇ ਸਤਿ ਕਾਰ।**
**ਸਫਲ ਹੋਇਹੁ ਜੀਵਨਾ ਕਹਿ ਰਵਿਦਾਸ ਬਿਚਾਰ॥੧੦੨॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਮੈਨੂੰ ਇਕ ਭਰੋਸਾ ਪ੍ਰਭੂ 'ਤੇ ਹੈ ਅਤੇ ਦੂਸਰਾ ਭਰੋਸਾ ਸੱਚੀ ਕਾਰ ਕਰਨ ਦਾ ਹੈ। ਇਸ



ਨਾਲ ਮੇਰਾ ਜੀਵਨ ਸਫਲ ਹੋ ਗਿਆ ਹੈ। ਇਹ ਗੱਲ ਮੈਂ ਵਿਚਾਰ ਕੇ ਕਹਿੰਦਾ ਹਾਂ।

## 14. ਨਿਸ਼ਕਾਮ ਕਰਮ

**ਕਰਮ ਬੰਧਨ ਮੰਹ ਰਮ ਰਹਯ ਫਲ ਕੀ ਤਜਯੋ ਆਸ।**
**ਕਰਮ ਮਨੁੱਖ ਕੋ ਧਰਮ ਹੈ ਸਤਿ ਭਾਖੈ ਰਵਿਦਾਸ॥੧੦੩॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜੀਵ ਕਰਮਾਂ ਦੇ ਬੰਧਨ ਵਿਚ ਫਸਿਆ ਰਹਿੰਦਾ ਹੈ। ਫਲ ਦੀ ਆਸ ਨਹੀਂ ਤਿਆਗਦਾ, ਭਾਵ ਨਿਸ਼ਕਾਮ ਕਰਮ ਨਹੀਂ ਕਰਦਾ। ਪਰ ਸ੍ਰੇਸ਼ਟ ਕਰਮ ਕਰਨੇ ਹੀ ਮਨੁੱਖ ਦਾ ਧਰਮ ਹੈ। ਮੈਂ ਇਹ ਸੱਚ ਉਚਾਰਨ ਕਰਦਾ ਹਾਂ।

**ਸੌ ਬਰਸ ਲੌਂ ਜਗਤ ਮੰਹਿ ਜੀਵਤ ਰਹਿ ਕਰੁ ਕਾਮ।**
**ਰਵਿਦਾਸ ਕਰਮ ਹੀ ਧਰਮ ਹੈ ਕਰਮ ਕਰਹੁ ਨਿਹਕਾਮ॥੧੦੪॥**

**ਅਰਥ**—ਜੇਕਰ ਸੌ ਸਾਲ ਦੀ ਉਮਰ ਵੀ ਜੀਵ ਨੂੰ ਸੰਸਾਰ ਵਿਚ ਰਹਿਣ ਲਈ ਮਿਲੇ ਤਾਂ ਜੀਵ ਨੂੰ ਸੰਸਾਰ ਵਿਚ ਰਹਿ ਕੇ ਸ੍ਰੇਸ਼ਟ ਕਰਮ ਕਰਨੇ ਚਾਹੀਦੇ ਹਨ। ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਕਰਮ ਹੀ ਜੀਵ ਦਾ ਧਰਮ ਹੈ। ਇਸ ਲਈ ਜੀਵ ਨੂੰ ਨਿਸ਼ਕਾਮ ਕਰਮ ਕਰਨੇ ਚਾਹੀਦੇ ਹਨ।

**ਧਰਮ ਹੇਤਹਿੰ ਕੀਜੀਯੇ ਸੌ ਬਰਸ ਲੌਂ ਕਾਰ।**
**ਰਵਿਦਾਸ ਕਰਮਹਿ ਧਰਮ ਹੈ ਫਲ ਮੰਹਿ ਨੰਹਿ ਅਧਿਕਾਰ॥੧੦੫॥**

**ਅਰਥ**—ਸੌ ਸਾਲ ਦੇ ਜੀਵਨ ਵਿਚ ਵੀ ਜੀਵ ਨੂੰ ਧਰਮ ਅਨੁਸਾਰ ਸ੍ਰੇਸ਼ਟ ਕਰਮ ਕਰਨੇ ਚਾਹੀਦੇ ਹਨ। ਸ਼੍ਰੀ ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਕਰਮ ਹੀ ਸ੍ਰੇਸ਼ਟ ਧਰਮ ਹੈ ਅਤੇ ਅਜਿਹੇ ਕਰਮ ਕਰਦੇ ਹੋਏ ਜੀਵ ਨੂੰ ਫਲ ਦੀ ਇੱਛਾ ਨਹੀਂ ਰੱਖਣੀ ਚਾਹੀਦੀ।

**ਧਰਮ ਸਮੁਝਿ ਜੋ ਕਾਰ ਹੋਇ ਉਹ ਕਰ ਫਲ ਹੋਈ ਇਸਟ।**
**ਰਵਿਦਾਸ ਕੋਊ ਵੀ ਕਰਮ ਫਲ ਹੋਹਿ ਨਾਂਹਿ ਅਨਿਸਟ॥੧੦੬॥**

**ਅਰਥ**—ਜੋ ਜੀਵ ਆਪਣਾ ਧਰਮ ਸਮਝ ਕੇ ਨਿਸ਼ਕਾਮ ਕਰਮ ਕਰਦਾ ਹੈ ਉਸ ਨੂੰ ਮਨ ਇੱਛਤ ਫਲ ਦੀ ਪ੍ਰਾਪਤੀ ਹੁੰਦੀ ਹੈ। ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਨਿਸ਼ਕਾਮ ਭਾਵਨਾ ਨਾਲ ਕੀਤਾ ਹੋਇਆ ਕਰਮ ਨਿਸਫਲ ਨਹੀਂ ਜਾਂਦਾ।

**ਰਵਿਦਾਸ ਮਨੁੱਖ ਕਰ ਧਰਮ ਹੈ ਕਰਮ ਕਰਹਿ ਦਿਨ ਰਾਤ।**
**ਕਰਮ ਨਹਿ ਫਲ ਪਾਵਨਾ ਨਹੀਂ ਕਾਹੂ ਕੇ ਹਾਥ॥੧੦੭॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਦਿਨ ਰਾਤ

ਜੀਵ ਸ਼ੁਭ ਕਰਮ ਕਰਦਾ ਰਹੇ ਇਹ ਹੀ ਉਸ ਦਾ ਧਰਮ ਹੈ। ਕਰਮ ਕਰਨ ਵਾਲੇ ਨੂੰ ਇਹ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਕਿ ਕਰਮ ਫਲ ਦੀ ਪ੍ਰਾਪਤੀ ਕਿਸੇ ਵੀ ਜੀਵ ਦੇ ਆਪਣੇ ਹੱਥ ਵਿਚ ਨਹੀਂ ਹੈ ਸਗੋਂ ਪ੍ਰਭੂ ਦੇ ਹੱਥ ਹੈ।

**ਪਰਕਿਰਤੀ ਪਰਭਾਓ ਬਸ ਮਨੁੱਖ ਕਰਤ ਹੈ ਕਾਰ।**
**ਮਨੁੱਖ ਤਉ ਹੈ ਨਿਮਿਤ ਰੂਪ ਕਹਿ ਰਵਿਦਾਸ ਬਿਚਾਰ ॥੧੦੮॥**

**ਅਰਥ**—ਕੁਦਰਤੀ ਸੁਭਾਅ ਦੇ ਅਨੁਸਾਰ ਹੀ ਜੀਵ ਕਰਮ ਕਰਦਾ ਹੈ। ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜੀਵ ਦਾ ਆਉਣਾ ਹੀ ਸੰਸਾਰ ਵਿਚ ਕਰਮ ਦੇ ਨਮਿਤ ਹੈ।

**ਕਰਮਨ ਹੀ ਪਰਭਾਉ ਤਜਿ ਨਿਹਕਰਮੀ ਹੋਇ ਕਰ ਕਾਮ।**
**ਰਵਿਦਾਸ ਨਿਹਕਰਮੀ ਕਰਮ ਹੀ ਮੇਲ ਕਰਾਏ ਰਾਮ ॥੧੦੯॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜੀਵ ਨੂੰ ਖੋਟੇ ਕਰਮਾਂ ਦੇ ਪ੍ਰਭਾਵ ਨੂੰ ਛੱਡ ਕੇ ਨਿਸ਼ਕਾਮੀ ਹੋ ਕੇ ਕੰਮ ਕਰਨੇ ਚਾਹੀਦੇ ਹਨ। ਨਿਸ਼ਕਾਮੀ ਭਾਵ ਨਾਲ ਕੀਤੇ ਹੋਏ ਕੰਮ ਹੀ ਜੀਵ ਨੂੰ ਪ੍ਰਭੂ ਨਾਲ ਮਿਲਾ ਦਿੰਦੇ ਹਨ।

**ਸੁਖ-ਦੁਖ ਹਾਨਿ ਲਾਭ ਕਉ ਜਉ ਸਮਝਹਿ ਇਕ ਸਮਾਨ।**
**ਰਵਿਦਾਸ ਤਿਨਹਹਿੰ ਜਾਨੀਏ ਜੋਗੀ ਪੁਰਖ ਸੁਜਾਨ ॥੧੧੦॥**

**ਅਰਥ**—ਜੋ ਜੀਵ ਸੁੱਖ-ਦੁੱਖ, ਹਾਨੀ-ਲਾਭ ਸਭ ਨੂੰ ਇਕ ਸਮਾਨ ਸਮਝਦਾ ਹੋਇਆ ਪ੍ਰਭੂ ਦਾ ਸਿਮਰਨ ਕਰਦਾ ਹੈ, ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਉਸ ਜੀਵ ਨੂੰ ਹੀ ਗਿਆਨਵਾਨ ਜੋਗੀ ਜਾਨਣਾ ਚਾਹੀਦਾ ਹੈ।

**ਕਰਮ ਜੋਗ ਕੀ ਸਾਧ ਸੌਂ ਆਤਮਰਾਮ ਸੁਧ ਹੋਯ।**
**ਰਵਿਦਾਸ ਬਿਜੇਤਾ ਸੋ ਭਯਾ ਕਰਮ ਕਰੇ ਜਉ ਕੋਯ ॥੧੧੧॥**

**ਅਰਥ**—ਜੋ ਜੀਵ ਸ਼ੁਭ ਕਰਮ ਦੀ ਯੋਗ ਸਾਧਨਾ ਕਰਦਾ ਹੋਇਆ ਪ੍ਰਭੂ ਦਾ ਸਿਮਰਨ ਕਰਦਾ ਹੈ ਉਸ ਨੂੰ ਸਰੀਰ ਅੰਦਰ ਬੈਠੇ ਪ੍ਰਭੂ ਦੀ ਸੋਝੀ ਹੋ ਜਾਂਦੀ ਹੈ। ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਅਜਿਹਾ ਜੀਵ ਹੀ ਸੰਸਾਰ ਵਿਚ ਜੇਤੂ ਹੈ। ਜੋ ਸ਼ੁੱਧ ਕਰਮ ਕਰਦਾ ਹੋਇਆ ਪ੍ਰਭੂ ਦੀ ਪ੍ਰਾਪਤੀ ਕਰ ਲੈਂਦਾ ਹੈ।

**ਸਾਧਕ ਭਾਂਤਿ ਜੋਗ ਜੁਕਤ ਕਰਮ ਕਰਹੁ ਰਵਿਦਾਸ।**
**ਧਰਮ ਬੋਧਿ ਕੀਜਹੁ ਕਰਮ ਫਲ ਕੀ ਤਿਆਗੁਹੁ ਆਸ ॥੧੧੨॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜੀਵ ਨੂੰ



ਸੱਚੇ ਸਾਧਕ ਵਾਂਗ ਸ੍ਰੇਸ਼ਠ ਕਰਮਾਂ ਨੂੰ ਆਪਣਾ ਧਰਮ ਸਮਝ ਕੇ ਕਰਨਾ ਚਾਹੀਦਾ ਹੈ ਅਤੇ ਧਰਮ ਦੇ ਗਿਆਨ ਨਾਲ ਸ੍ਰੇਸ਼ਟ ਕਰਮ ਕਰਦਿਆਂ ਫ਼ਲ ਦੀ ਆਸ ਤਿਆਗ ਦੇਣੀ ਚਾਹੀਦੀ ਹੈ।

**ਰਾਗ ਦ੍ਵੈਸ਼ ਕੂੰ ਛਾਂਡਿ ਕਰ ਨਿਹਕਰਮ ਕਰਹੁ ਰੇ ਮੀਤ।**
**ਸੁਖ-ਦੁਖ ਸਭ ਮੰਹਿ ਥਿਰ ਰਹਿੰ**
**ਰਵਿਦਾਸ ਸਦਾ ਮਨ ਮੀਤ ॥੧੧੩॥**

**ਅਰਥ**—ਹੇ ਮਿੱਤਰ ਜੀਵ! ਜੇ ਤੂੰ ਦਵੈਤ ਭਾਵਨਾ ਨੂੰ ਛੱਡਕੇ ਨਿਸ਼ਕਾਮ ਕਰਮ ਕਰੇ। ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਨਿਸ਼ਕਾਮ ਕਰਮ ਕਰਦਾ ਹੋਇਆ ਸੁੱਖ ਅਤੇ ਦੁੱਖ ਦੋਵਾਂ ਅਵਸਥਾਵਾਂ ਵਿਚ ਆਪਣੇ ਮਨ ਨੂੰ ਸਥਿਰ ਰੱਖਦਾ ਹੋਇਆ ਪ੍ਰਭੂ ਦਾ ਸਿਮਰਨ ਕਰੇਗਾ ਤਾਂ ਤੇਰਾ ਮਨ ਹਮੇਸ਼ਾ ਤੇਰਾ ਮਿੱਤਰ ਬਣ ਕੇ ਰਹੇਗਾ।

**ਜਿਹਵਾ ਭਜੈ ਹਰਿਨਾਮ ਹਿਤ ਹੱਥ ਕਰੰਹਿ ਨਿਤ ਕਾਮ।**
**ਰਵਿਦਾਸ ਭਏ ਨਿਹਚਿਤ ਹਮ ਮਮ ਚਿੰਤ ਕਰੈਂਗੇ ਰਾਮ।॥੧੧੪॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜੋ ਜੀਵ ਨਿੱਤ-ਪ੍ਰਤੀ ਜਿਹਵਾ ਨਾਲ ਪਰਮਾਤਮਾ ਦਾ ਹਰਿ ਨਾਮ ਜਪਦਾ ਹੋਇਆ ਹੱਥਾਂ ਨਾਲ ਸਦਾ ਹੀ ਕਿਰਤ ਕਮਾਈ ਕਰਦਾ ਹੈ ਉਹ ਜੀਵ ਨਿਸ਼ਚਿੰਤ ਹੋ ਜਾਂਦਾ ਹੈ ਅਤੇ ਉਸਦੀ ਚਿੰਤਾ ਪ੍ਰਭੂ ਕਰਦਾ ਹੈ।

## 15. ਨੇਕ ਕਮਾਈ

**ਰਵਿਦਾਸ ਸ੍ਰਮ ਕਰਿ ਖਾਇਹਿ ਜੌਂ ਲੌਂ ਪਾਰ ਬਸਾਯ।**
**ਨੇਕ ਕਮਾਈ ਜਉ ਕਰਇ ਕਬਹੂੰ ਨ ਨਿਹਫਲ ਜਾਯ ॥੧੧੫॥**

**ਅਰਥ**—ਸਤਿਗੁਰੂ ਰਵਿਦਾਸ ਜੀ ਫ਼ੁਰਮਾਨ ਕਰਦੇ ਹਨ ਕਿ ਜੀਵ ਨੂੰ ਮਿਹਨਤ ਕਰਕੇ ਜੀਵਨ ਨਿਰਵਾਹ ਕਰਨਾ ਚਾਹੀਦਾ ਹੈ ਜੋ ਸਫ਼ਲ ਹੁੰਦਾ ਹੈ। ਜੋ ਜੀਵ ਨੇਕ ਕਮਾਈ ਕਰਦਾ ਹੈ ਉਸਦੀ ਨੇਕ ਕਮਾਈ ਕਦੇ ਵੀ ਨਿਸਫ਼ਲ ਨਹੀਂ ਜਾਂਦੀ।

**ਸ੍ਰਮ ਕਉ ਈਸਰ ਜਾਨਿ ਕੈ ਜਉ ਪੂਜਹਿ ਦਿਨ ਰੈਨ।**
**ਰਵਿਦਾਸ ਤਿਨਹਹਿ ਸੰਸਾਰ ਮੰਹ ਸਦਾ ਮਿਲਹਿ ਸੁਖ ਚੈਨ ॥੧੧੬॥**

**ਅਰਥ**—ਜੋ ਜੀਵ ਸੱਚੀ ਕਿਰਤ ਕਮਾਈ ਨੂੰ ਪ੍ਰਭੂ ਦੀ ਪੂਜਾ ਜਾਣਕੇ ਦਿਨ ਰਾਤ ਕਰਦਾ ਹੈ ਅਤੇ ਪ੍ਰਭੂ ਦਾ ਸਿਮਰਨ ਕਰਦਾ ਹੈ ਸਤਿਗੁਰੂ ਰਵਿਦਾਸ ਜੀ ਫਮਾਉਂਦੇ ਹਨ ਕਿ ਉਸ ਜੀਵ ਨੂੰ ਹੀ ਸੰਸਾਰ ਵਿਚ ਹਮੇਸ਼ਾ ਸੁੱਖ ਅਤੇ ਸ਼ਾਂਤੀ ਪ੍ਰਾਪਤ ਹੁੰਦੀ ਹੈ।

**ਰਵਿਦਾਸ ਹੌਂ ਨਿਜ ਹੱਥਹਿੰ ਰਾਖੌਂ ਰਾਂਬੀ ਆਰ।**
**ਸੁਕਿਰਤ ਹੀ ਮਮ ਧਰਮ ਹੈ ਤਾਰੈਗਾ ਭਵ ਪਾਰ॥੧੧੭॥**

**ਅਰਥ**—ਸਤਿਗੁਰੂ ਰਵਿਦਾਸ ਜੀ ਉਚਾਰਨ ਕਰਦੇ ਹਨ ਕਿ ਮੈਂ ਸੱਚੀ ਕਿਰਤ ਕਮਾਈ ਕਰਨ ਲਈ ਹਰ ਸਮੇਂ ਆਪਣੇ ਹੱਥਾਂ ਵਿਚ ਰੰਬੀ ਅਤੇ ਆਰ ਰੱਖਦਾ ਹਾਂ ਅਤੇ ਹਰ ਸਮੇਂ ਉਸ ਪ੍ਰਭੂ ਦਾ ਸਿਮਰਨ ਕਰਦਾ ਹਾਂ ਕਿਉਂਕਿ ਨੇਕ ਕਮਾਈ ਕਰਨਾ ਹੀ ਮੇਰਾ ਧਰਮ ਹੈ, ਇਸ ਨਾਲ ਹੀ ਮੈਂ ਭਵ-ਸਾਗਰ ਤੋਂ ਪਾਰ ਹੋ ਗਿਆ ਹਾਂ।

**ਪ੍ਰਭੂ ਭਗਤਿ ਸ੍ਰਮ ਸਾਧਨਾ ਜਗ ਮੰਹ ਜਿਨਹਹਿੰ ਪਾਸ।**
**ਤਿਨਹਹਿੰ ਜੀਵਨ ਸਫ਼ਲ ਭਯੋ ਸਤਿ ਭਾਖੈ ਰਵਿਦਾਸ॥੧੧੮॥**

**ਅਰਥ**—ਸੰਸਾਰ ਵਿਚ ਜਿਸ ਜੀਵ ਪਾਸ ਪ੍ਰਭੂ ਭਗਤੀ ਅਤੇ ਮਿਹਨਤ ਰੂਪੀ ਸਾਧਨਾ ਹੈ ਉਸ ਦਾ ਜੀਵਨ ਸਫ਼ਲ ਹੋ ਜਾਂਦਾ ਹੈ, ਸਤਿਗੁਰੂ ਰਵਿਦਾਸ ਜੀ ਉਚਾਰਨ ਕਰਦੇ ਹਨ ਕਿ ਮੈਂ ਇਹ ਸੱਚ ਕਹਿੰਦਾ ਹਾਂ।

**ਧਰਮ ਕਰਮ ਦੁਇ ਏਕ ਹੈਂ ਸਮਝਿ ਲੇਹੁ ਮਨ ਮਾਂਹਿ।**
**ਧਰਮ ਬਿਨਾ ਜੌਂ ਕਰਮ ਹੈ ਰਵਿਦਾਸ ਨ ਸੁਖ ਤਿਸ ਮਾਂਹਿ॥੧੧੯॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਹੇ ਜੀਵ! ਤੂੰ ਆਪਣੇ ਮਨ ਵਿਚ ਸਮਝ ਲੈ ਕਿ ਧਰਮ ਅਤੇ ਧਰਮ ਅਨੁਸਾਰ ਕੀਤੇ ਕਰਮ ਦੋਨੋਂ ਇਕ ਸਮਾਨ ਹਨ, ਪ੍ਰੰਤੂ ਜੋ ਧਰਮ ਤੋਂ ਬਿਨਾਂ ਕਰਮ ਹਨ ਉਨ੍ਹਾਂ ਵਿਚ ਕਦੇ ਵੀ ਸੁੱਖ ਦੀ ਪ੍ਰਾਪਤੀ ਨਹੀਂ ਹੁੰਦੀ। ਇਸ ਲਈ ਜੀਵ ਨੂੰ ਸ਼ੁੱਭ ਕਰਮ ਕਰਦੇ ਹੋਏ ਪਰਮਾਤਮਾ ਦਾ ਸਿਮਰਨ ਕਰਕੇ ਆਪਣਾ ਜੀਵਨ ਸਫ਼ਲ ਕਰਨਾ ਚਾਹੀਦਾ ਹੈ।

## 16. ਜਾਤ-ਪਾਤ ਦਾ ਖੰਡਨ

**ਜਨਮ ਜਾਤ ਮਤ ਪੂਛੀਏ ਕਾ ਜਾਤ ਅਰੁ ਪਾਤ।**
**ਰਵਿਦਾਸ ਪੂਤ ਸਭ ਪ੍ਰਭ ਕੇ ਕੋਊ ਨਹਿੰ ਜਾਤ-ਕੁਜਾਤ॥੧੨੦॥**

**ਅਰਥ**—ਸੰਸਾਰ ਦੇ ਸਭ ਜੀਵ ਬਰਾਬਰ ਹਨ ਇਸ ਲਈ ਕਿਸੇ ਵੀ ਜੀਵ ਦੀ ਜਾਤ-ਪਾਤ ਨਹੀਂ ਪੁੱਛਣੀ ਚਾਹੀਦੀ ਕਿਉਂਕਿ ਜੀਵ ਦਾ ਜਾਤ-ਪਾਤ ਨਾਲ ਕੋਈ ਸੰਬੰਧ ਨਹੀਂ ਹੈ। ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਸੰਸਾਰ ਵਿਚ ਸਾਰੇ ਜੀਵ ਪ੍ਰਭੂ ਦੇ ਪੁੱਤਰ ਹਨ ਇਸ ਲਈ ਕੋਈ ਵੀ ਜੀਵ ਉੱਚੀ ਅਤੇ ਨੀਵੀਂ ਜਾਤ ਦਾ ਨਹੀਂ ਹੈ।

**ਜਾਤ ਪਾਤ ਕੇ ਫੇਰ ਮੰਹਿ ਉਰਝਿ ਰਹਇ ਸਭ ਲੋਗ।**
**ਮਨੁੱਖਤਾ ਕੂੰ ਖਾਤ ਹਇ ਰਵਿਦਾਸ ਜਾਤ ਕਰ ਰੋਗ॥੧੨੧॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਲੋਕ ਭਰਮ ਕਾਰਨ ਜਾਤ-ਪਾਤ ਦੇ ਚੱਕਰ ਵਿਚ ਫਸੇ ਹੋਏ ਭਟਕ ਰਹੇ ਹਨ। ਜਾਤ ਪਾਤ



ਦਾ ਰੋਗ ਮਾਨਵਤਾ ਨੂੰ ਖਾ ਰਿਹਾ ਹੈ। ਭਾਵ ਜਾਤ ਪਾਤ ਦੇ ਭੇਦ ਕਾਰਨ ਹੀ ਸੰਸਾਰ ਦੇ ਲੋਕਾਂ ਵਿਚ ਵੰਡੀਆਂ ਪਈਆਂ ਹੋਈਆਂ ਹਨ।

**ਜਨਮ ਜਾਤ ਕੂੰ ਛਾਂਡਿ ਕਰਿ ਕਰਨੀ ਜਾਤ ਪਰਧਾਨ।**
**ਇਹਯੌਂ ਸਾਚਾ ਧਰਮ ਹੈ ਕਹੈ ਰਵਿਦਾਸ ਬਖਾਨ॥੧੨੨॥**

**ਅਰਥ**—ਜਨਮ ਦੇ ਅਧਾਰ ’ਤੇ ਕਿਸੇ ਦੀ ਜਾਤ ਨੂੰ ਨਿਸ਼ਚਿਤ ਕਰਨ ਦੇ ਸਿਧਾਂਤ ਨੂੰ ਛੱਡ ਦੇਣਾ ਚਾਹੀਦਾ ਹੈ ਕਿਉਂਕਿ ਜੀਵ ਦੀ ਕਰਨੀ ਹੀ ਪਰਧਾਨ ਹੈ ਭਾਵ ਜੀਵ ਚੰਗੇ ਕਰਮਾਂ ਨਾਲ ਹੀ ਸ੍ਰੇਸ਼ਟ ਬਣਦਾ ਹੈ। ਸਤਿਗੁਰੂ ਰਵਿਦਾਸ ਜੀ ਵਿਖਿਆਨ ਕਰਦੇ ਹਨ ਕਿ ਇਹ ਹੀ ਸੱਚਾ ਧਰਮ ਹੈ ਕਿ ਜੀਵ ਜਨਮ-ਜਾਤ ਕਾਰਨ ਨਹੀਂ ਸਗੋਂ ਕਰਮ ਨਾਲ ਉੱਚਾ ਹੁੰਦਾ ਹੈ।

**ਬਾਹਮਨ ਖੱਤਰੀ ਬੈਸ ਸੂਦ ਰਵਿਦਾਸ ਜਨਮ ਤੇ ਨਾਂਹਿ।**
**ਜੋ ਚਹਇ ਸੁਬਰਨ ਕਉ ਪਾਵਈ ਕਰਮਨ ਮਾਂਹਿ॥੧੨੩॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਕੋਈ ਵੀ ਜੀਵ ਜਨਮ ਦੇ ਅਨੁਸਾਰ ਬ੍ਰਾਹਮਣ, ਖੱਤਰੀ, ਵੈਸ ਅਤੇ ਸ਼ੂਦਰ ਨਹੀਂ ਹੁੰਦਾ ਭਾਵ ਸਭ ਜੀਵ ਬਰਾਬਰ ਹਨ। ਪਰ ਜੋ ਜੀਵ ਸ਼ੁੱਭ ਕਰਮ ਕਰਦਾ ਹੈ ਉਹ ਸ੍ਰੇਸ਼ਟ ਗਿਣਿਆ ਜਾਂਦਾ ਹੈ।

**ਬੇਦ ਪੜ੍ਹਈ ਪੰਡਿਤ ਬਨਯੋ ਗਾਂਠਿ ਪਨਹੀਂ ਤਓ ਚਮਾਰ।**
**ਰਵਿਦਾਸ ਮਨੁੱਖ ਏਕ ਹਇ ਨਾਮ ਧਰੇ ਹਇੰ ਚਾਰ॥੧੨੪॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਸੰਸਾਰ ਵਿਚ ਜੋ ਜੀਵ ਵੇਦ ਪੜ੍ਹਦਾ ਹੈ ਉਸਨੂੰ ਪੰਡਤ ਕਿਹਾ ਜਾਂਦਾ ਹੈ ਅਤੇ ਜੋ ਜੁੱਤੀਆਂ ਗੰਢਦਾ ਹੈ ਉਸ ਨੂੰ ਚਮਾਰ ਕਿਹਾ ਜਾਂਦਾ ਹੈ। ਵਾਸਤਵ ਵਿਚ ਸਾਰੇ ਮਨੁੱਖ ਸਮਾਨ ਹਨ ਪਰ ਮਾਨਵ-ਵਿਰੋਧੀਆਂ ਨੇ ਜੀਵਾਂ ਨੂੰ ਚਾਰ ਹਿੱਸਿਆਂ ਵਿਚ ਵੰਡ ਦਿੱਤਾ ਹੈ।

**ਨੀਚ ਨੀਚ ਕਰ ਮਾਰਹਿੰ ਜਾਨਤ ਨਾਂਹਿ ਨਦਾਨ।**
**ਸਭ ਕਾ ਸਿਰਜਨਹਾਰ ਹੈ ਰਵਿਦਾਸ ਏਕੈ ਭਗਵਾਨ॥੧੨੫॥**

**ਅਰਥ**—ਅਗਿਆਨੀ ਨਿਮਨ ਜੀਵਨ ਸਤਰ ਦੇ ਜੀਵਾਂ ਨੂੰ ਨੀਚ-ਨੀਚ ਕਹਿ ਕੇ ਮਾਰਦੇ ਹਨ ਅਤੇ ਉਹਨਾਂ ਦਾ ਅਪਮਾਨ ਕਰਦੇ ਹਨ। ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਐਸੇ ਇਨਸਾਨ ਅਗਿਆਨੀ ਅਤੇ ਨਾ ਸਮਝ ਹਨ ਜੋ ਇਹ ਨਹੀਂ ਜਾਣਦੇ ਕਿ ਸਭ ਜੀਵਾਂ ਦਾ ਸਿਰਜਣਹਾਰ ਇਕ ਪ੍ਰਭੂ ਹੈ।

**ਰਵਿਦਾਸ ਜਨਮ ਕੇ ਕਾਰਨੈ ਹੋਤ ਨ ਕੋਊ ਨੀਚ।**
**ਨਰ ਕੂੰ ਨੀਚ ਕਰਿ ਡਾਰਿ ਹੈ ਓਛੇ ਕਰਮ ਕੀ ਕੀਚ॥੧੨੬॥**

**ਅਰਥ**—ਸਤਿਗੁਰੂ ਰਵਿਦਾਸ ਮਹਾਰਾਜ ਜੀ ਫਰਮਾਉਂਦੇ ਹਨ ਕਿ ਕੋਈ ਜੀਵ ਨੀਚ ਸਮਝੀ ਜਾਂਦੀ ਕੁਲ ਵਿਚ ਜਨਮ ਲੈਣ ਕਰਕੇ ਨੀਚ ਨਹੀਂ ਹੁੰਦਾ, ਸਗੋਂ ਨੀਚ ਕਰਮਾਂ ਦੇ ਕਾਰਨ ਹੀ ਨੀਚ ਹੁੰਦਾ ਹੈ। ਨੀਚ ਜੀਵ ਤਦ ਹੀ ਬਣਦਾ ਹੈ ਜਦੋਂ ਉਸ 'ਤੇ ਮਾੜੇ ਕਰਮਾਂ ਦਾ ਚਿੱਕੜ ਪੈਂਦਾ ਹੈ।

**ਰਵਿਦਾਸ ਜਾਤਿ ਮਤ ਪੂਛਇ ਕਾ ਜਾਤ ਕਾ ਪਾਤ।**
**ਬ੍ਰਾਹਮਨ ਖੱਤਰੀ ਬੈਸ ਸੂਦ ਸਭਨ ਕੀ ਇਕ ਜਾਤ॥੧੨੭॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਹੇ ਸੰਸਾਰ ਦੇ ਜੀਵੋ! ਤੁਸੀਂ ਜੀਵ ਦੀ ਜਾਤ-ਪਾਤ ਕਿਉਂ ਪੁੱਛਦੇ ਹੋ ? ਕਿਉਂਕਿ ਜਾਤ-ਪਾਤ ਕੁਝ ਵੀ ਨਹੀਂ ਹੈ। ਬ੍ਰਾਹਮਣ, ਖੱਤਰੀ ਵੈਸ਼ ਅਤੇ ਸ਼ੂਦਰ ਸਭਨਾਂ ਦੀ ਇਕੋ ਹੀ ਮਾਨਵ ਜਾਤ ਹੈ।

**ਜਾਤ ਜਾਤ ਮੇਂ ਜਾਤ ਹੈ ਜਯੋਂ ਕੇਲਨ ਮੇ ਪਾਤ।**
**ਰਵਿਦਾਸ ਨ ਮਾਨੁਖ ਜੁੜ ਸਕੈਂ ਜੌਂ ਲੌਂ ਜਾਤ ਨ ਜਾਤ॥੧੨੮॥**

**ਅਰਥ**—ਇਕ ਮਨੁੱਖ ਜਾਤੀ ਵਿਚ ਅਨੇਕ ਜਾਤੀਆਂ ਇਸ ਤਰ੍ਹਾਂ ਪਾਈਆਂ ਜਾਂਦੀਆਂ ਹਨ ਜਿਸ ਤਰ੍ਹਾਂ ਕੇਲੇ ਦੇ ਪੱਤੇ ਅੰਦਰ ਹੋਰ ਪੱਤੇ ਹੁੰਦੇ ਹਨ। ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜਦ ਤੱਕ ਜਾਤ-ਪਾਤ ਖਤਮ ਨਹੀਂ ਹੁੰਦੀ ਅਤੇ ਭੇਦ-ਭਾਵ ਦੂਰ ਨਹੀਂ ਹੁੰਦਾ ਤਦ ਤੱਕ ਮਾਨਵ-ਮਾਨਵ ਇਕ ਸਮਾਨ ਨਹੀਂ ਹੋ ਸਕਦੇ। ਇਸ ਲਈ ਜਾਤ-ਪਾਤ ਨੂੰ ਖਤਮ ਕਰਨਾ ਚਾਹੀਦਾ ਹੈ।

**ਰਵਿਦਾਸ ਬਾਹਮਨ ਮਤਿ ਪੂਜਿਯੇ ਜੋ ਹੋਵੈ ਗੁਨਹੀਨ।**
**ਪੂਜਿਹਿੰ ਚਰਨ ਚੰਡਾਲ ਕੇ ਜਉ ਹੋਵੈ ਗੁਨ ਪਰਬੀਨ॥੧੨੯॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜੇਕਰ ਬ੍ਰਾਹਮਣ ਗੁਣਹੀਨ ਹੈ ਤਾਂ ਉਸ ਦੀ ਕਦੇ ਵੀ ਪੂਜਾ ਨਹੀਂ ਕਰਨੀ ਚਾਹੀਦੀ। ਇਸ ਦੇ ਉਲਟ ਚੰਡਾਲ ਸਮਝੇ ਜਾਂਦੇ ਜੀਵ ਵਿਚ ਚੰਗੇ ਗੁਣ ਹਨ ਤਾਂ ਉਸ ਦੇ ਚਰਨ ਪੂਜਣੇ ਚਾਹੀਦੇ ਹਨ। ਭਾਵ ਜੋ ਜੀਵ ਸੰਸਾਰ ਵਿਚ ਸ੍ਰੇਸ਼ਟ ਕਰਮ ਕਰਦਾ ਹੈ ਉਹ ਪੂਜਣਯੋਗ ਬਣ ਜਾਂਦਾ ਹੈ।

## 17. ਉੱਚਾ ਕੌਣ ਅਤੇ ਨੀਵਾਂ ਕੌਣ ?

**ਰਵਿਦਾਸ ਸੁਕਰਮਨ ਕਰਨ ਸੌਂ ਨੀਚ ਊਂਚ ਹੋ ਜਾਯ।**
**ਕਰਇ ਕੁਕਰਮ ਜੌਂ ਊਂਚ ਵੀ ਤੌ ਮਹਾ ਨੀਚ ਕਹਿਲਾਯ॥੧੩੦॥**

**ਅਰਥ**—ਸਤਿਗੁਰੂ ਰਵਿਦਾਸ ਜੀ ਪਾਵਨ ਉਪਦੇਸ਼ ਦਿੰਦੇ ਹਨ ਕਿ ਸੰਸਾਰ ਵਿਚ ਜਾਤ ਕਰਕੇ ਕੋਈ ਜੀਵ ਉੱਚਾ ਜਾਂ ਨੀਵਾਂ ਨਹੀਂ ਹੈ ਸਗੋਂ ਕਰਮਾਂ ਕਰਕੇ ਹੈ। ਜਿਸ ਜੀਵ ਨੂੰ ਸੰਸਾਰੀ ਲੋਕ ਭਰਮ ਕਾਰਨ ਨੀਚ ਜਾਤ 'ਚ ਪੈਦਾ ਹੋਇਆ ਸਮਝਦੇ ਹਨ ਜਦੋਂ ਉਹ ਪਵਿੱਤਰ ਕਰਮ ਕਰਦਾ ਹੈ ਤਾਂ



ਉਹ ਉੱਚਾ ਹੋ ਜਾਂਦਾ ਹੈ। ਜੇਕਰ ਕੋਈ ਉੱਚੀ ਸਮਝੀ ਜਾਂਦੀ ਜਾਤ ਵਿਚ ਜਨਮ ਲੈ ਕੇ ਬੁਰੇ ਕਰਮ ਕਰਦਾ ਹੈ ਤਾਂ ਉਹ ਮਹਾਂ ਨੀਚ ਕਹਿਲਾਉਂਦਾ ਹੈ।

**ਦਯਾ ਧਰਮ ਜਿਨ ਮੇਂ ਨਹਿੰ ਹਿਰਦੈ ਪਾਪ ਕੋ ਕੀਚ।**
**ਰਵਿਦਾਸ ਤਿਨਹਹਿੰ ਜਾਨਿ ਹੋ ਮਹਾ ਪਤਾਕੀ ਨੀਚ॥੧੩੧॥**

**ਅਰਥ**—ਜਿਨ੍ਹਾਂ ਲੋਕਾਂ ਦੇ ਮਨ ਵਿਚ ਦਯਾ ਅਤੇ ਧਰਮ ਨਹੀਂ ਹੈ ਉਨ੍ਹਾਂ ਦੇ ਮਨ ਵਿਚ ਪਾਪ ਦਾ ਚਿੱਕੜ ਭਰਿਆ ਹੋਇਆ ਹੈ। ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਉਹ ਮਹਾ ਪਾਪੀ ਅਤੇ ਨੀਚ ਜਾਣੇ ਜਾਂਦੇ ਹਨ।

**ਜਿਨਹ ਕਰਿ ਹਿਰਦੈ ਸਤ ਬਸਈ ਪੰਚ ਦੋਖ ਤਿਨ ਨਾਂਹਿ।**
**ਰਵਿਦਾਸ ਤੌਂ ਨਰ ਊਚ ਭਯੇ ਸਮਝਿ ਲੇਹੁ ਮਨ ਮਾਂਹਿ॥੧੩੨॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜਿਨ੍ਹਾਂ ਜੀਵਾਂ ਦੇ ਮਨ ਵਿਚ ਸਤਿ ਨਿਵਾਸ ਕਰਦਾ ਹੈ ਅਤੇ ਪੰਜ ਵਿਕਾਰ ਨਹੀਂ ਹਨ, ਹੇ ਭਾਈ! ਤੂੰ ਆਪਣੇ ਮਨ ਵਿਚ ਇਸ ਗੱਲ ਨੂੰ ਸਮਝ ਲੈ ਕਿ ਉਹ ਹੀ ਜੀਵ ਇਸ ਸੰਸਾਰ ਵਿਚ ਸ੍ਰੇਸ਼ਟ ਹਨ।

**ਪੰਚ ਦੋਖ ਤਜਿ ਜੋ ਰਹਈ ਸੰਤ ਚਰਨ ਲਵ ਲੀਨ।**
**ਰਵਿਦਾਸ ਤੇ ਹੀ ਨਰ ਜਾਨਈ ਊਂਚਹ ਅਰੁ ਕੁਲੀਨ॥੧੩੩॥**

**ਅਰਥ**—ਉਹ ਹੀ ਜੀਵ ਇਸ ਸੰਸਾਰ ਵਿਚ ਉੱਚਾ ਅਤੇ ਸ੍ਰੇਸ਼ਠ ਕੁਲ ਵਿਚ ਪੈਦਾ ਹੋਇਆ ਸਮਝਿਆ ਜਾਂਦਾ ਹੈ ਜੋ ਪੰਜਾਂ ਵਿਕਾਰਾਂ ਨੂੰ ਤਿਆਗ ਕੇ ਸੰਤਾਂ ਦੇ ਚਰਨਾਂ ਕਮਲਾਂ ਨਾਲ ਲਿਵ ਲਾ ਕੇ ਰੱਖਦਾ ਹੈ ਭਾਵ ਜੋ ਸੰਤਾਂ ਨਾਲ ਸੱਚੀ ਪ੍ਰੀਤੀ ਕਰਦਾ ਹੈ।

## 18. ਬ੍ਰਾਹਮਣ ਕੌਣ ?

**ਊਂਚੇ ਕੁਲ ਕੇ ਕਾਰਣੈ ਬ੍ਰਾਹਮਣ ਕੋਯ ਨ ਹੋਯ।**
**ਜਉ ਜਾਨਹਿ ਬ੍ਰਹਮ ਆਤਮਾ ਰਵਿਦਾਸ ਬ੍ਰਾਹਮਨ ਸੋਯ॥੧੩੪॥**

**ਅਰਥ**—ਸਤਿਗੁਰੂ ਰਵਿਦਾਸ ਜੀ ਮਹਾਰਾਜ ਪਾਵਨ ਉਪਦੇਸ਼ ਦਿੰਦੇ ਹਨ ਕਿ ਇਸ ਸੰਸਾਰ ਵਿਚ ਕੋਈ ਵੀ ਜੀਵ ਜਾਤ ਜਾਂ ਜਨਮ ਕਰਕੇ ਬ੍ਰਾਹਮਣ ਨਹੀਂ ਹੈ ਕੇਵਲ ਕੋਈ ਜੀਵ ਉੱਚੀ ਕੁਲ ਵਿਚ ਜਨਮ ਲੈਣ ਦੇ ਕਾਰਨ ਬ੍ਰਾਹਮਣ ਨਹੀਂ ਕਹਿਲਾ ਸਕਦਾ। ਅਸਲ ਵਿਚ ਬ੍ਰਾਹਮਣ ਤਾਂ ਉਹ ਹੈ ਜੋ ਸਾਰਿਆਂ ਜੀਵਾਂ ਵਿਚ ਬ੍ਰਹਮ ਦੀ ਆਤਮਾ ਨੂੰ ਸਮਾਈ ਹੋਈ ਜਾਣਦਾ ਹੈ।

**ਕਾਮ ਕ੍ਰੋਧ ਮਦ ਲੋਭ ਤਜਿ ਜਉ ਕਰਇ ਧਰਮ ਕਰ ਕਾਰ।**

**ਸੋਈ ਬਾਹਮਨ ਜਾਨਿਹਿ ਕਹਿ ਰਵਿਦਾਸ ਵਿਚਾਰ ॥੧੩੫॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜੋ ਜੀਵ ਕਾਮ, ਕ੍ਰੋਧ, ਲੋਭ ਅਤੇ ਹੰਕਾਰ ਨੂੰ ਤਿਆਗ ਦਿੰਦਾ ਹੈ ਤੇ ਧਰਮ ਅਨੁਸਾਰ ਕਰਮ ਕਰਦਾ ਹੈ ਉਹ ਹੀ ਇਸ ਸੰਸਾਰ ਵਿਚ ਬ੍ਰਾਹਮਣ ਜਾਣਿਆ ਜਾਂਦਾ ਹੈ।

**ਰਵਿਦਾਸ ਜੋ ਵੇਤਾ ਬ੍ਰਹਮ ਕਾ ਸੋਇ ਬ੍ਰਾਹਮਨ ਜਾਨ।**
**ਬ੍ਰਹਮ ਨ ਜਉ ਜਾਨਿਹਿ ਤਉ ਨ ਬ੍ਰਹਮਨ ਮਾਨ ॥੧੩੬॥**

**ਅਰਥ**—ਉਹ ਜੀਵ ਇਸ ਸੰਸਾਰ ਵਿਚ ਬ੍ਰਾਹਮਣ ਹੈ ਜੋ ਬ੍ਰਹਮ ਨੂੰ ਜਾਣ ਲੈਂਦਾ ਹੈ। ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜੋ ਜੀਵ ਬ੍ਰਹਮ ਨੂੰ ਨਹੀਂ ਜਾਣਦਾ, ਉਹ ਬ੍ਰਾਹਮਣ ਨਹੀਂ ਹੈ। ਇਸ ਲਈ ਇਸ ਸੰਸਾਰ ਵਿਚ ਕੋਈ ਵੀ ਜੀਵ ਜਾਤ ਜਾਂ ਜਨਮ ਕਰਕੇ ਬ੍ਰਾਹਮਣ ਨਹੀਂ ਹੈ।

**ਧਰਮ ਕਰਮ ਜਾਨੈ ਨਹੀਂ ਮਨ ਮੰਹ ਜਾਤਿ ਅਭਿਮਾਨ।**
**ਐਸਉ ਬ੍ਰਾਹਮਨ ਸੋਂ ਭਲੋਂ ਰਵਿਦਾਸ ਸ੍ਰਮਕੁ ਹੁੰ ਜਾਨ ॥੧੩੭॥**

**ਅਰਥ**—ਜੋ ਜੀਵ ਧਰਮ ਅਨੁਸਾਰ ਸ੍ਰੇਸ਼ਟ ਕਰਮ ਕਰਨੇ ਨਹੀਂ ਜਾਣਦਾ ਅਤੇ ਆਪਣੀ ਜਾਤੀ ਦਾ ਹੰਕਾਰ ਕਰਦਾ ਹੈ। ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਐਸੇ ਬ੍ਰਾਹਮਣ ਨਾਲੋਂ ਤਾਂ ਕਿਰਤ ਕਮਾਈ ਕਰਕੇ ਖਾਣ ਵਾਲੇ ਜੀਵ ਨੂੰ ਸ੍ਰੇਸ਼ਟ ਜਾਨਣਾ ਚਾਹੀਦਾ ਹੈ।

## 19. ਕਸ਼ੱਤਰੀ ਕੌਣ

**ਦੀਨ ਦੁਖੀ ਕੇ ਹੇਤ ਜਉ ਵਾਰੇ ਆਪਣੇ ਪ੍ਰਾਣ।**
**ਰਵਿਦਾਸ ਉਹ ਨਰ ਸੂਰ ਕੌਂ ਸਾਂਚਾ ਸ਼ਤਰੀ ਜਾਨ ॥੧੩੮॥**

**ਅਰਥ**—ਸਤਿਗੁਰੂ ਰਵਿਦਾਸ ਜੀ ਮਹਾਰਾਜ ਫਰਮਾਉਂਦੇ ਹਨ ਕਿ ਕੋਈ ਵੀ ਜੀਵ ਜਨਮ ਅਤੇ ਜਾਤ ਦੇ ਆਧਾਰ 'ਤੇ ਕਸ਼ੱਤਰੀ ਨਹੀਂ ਹੈ ਸਗੋਂ ਕਰਮ ਕਰਕੇ ਕਸ਼ੱਤਰੀ ਹੈ। ਜੋ ਜੀਵ ਦੀਨ ਅਤੇ ਦੁਖੀਆਂ ਦੀ ਰੱਖਿਆ ਲਈ ਆਪਣੇ ਪ੍ਰਾਣ ਨਿਛਾਵਰ ਕਰ ਦਿੰਦਾ ਹੈ ਉਸ ਸੂਰਬੀਰ ਨੂੰ ਹੀ ਸੱਚਾ ਕਸ਼ੱਤਰੀ ਜਾਣਨਾ ਚਾਹੀਦਾ ਹੈ।

**ਅੰਗ ਅੰਗ ਕਟਵਾਇਹਿ ਜਉ ਦੀਨਨ ਕਰਿ ਹੇਤ।**
**ਰਵਿਦਾਸ ਸ਼ਤਰੀ ਸੋਇ ਜਾਨੀਏ ਜੋ ਛਾਡੈ ਨਾਂਹਿ ਖੇਤ ॥੧੩੯॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜੋ ਜੀਵ ਦੁਖੀਆਂ ਅਤੇ ਗਰੀਬਾਂ ਦੀ ਖਾਤਰ ਆਪਣਾ ਅੰਗ ਅੰਗ ਕਟਵਾ ਦਿੰਦਾ ਹੈ ਅਤੇ ਮੈਦਾਨ ਨੂੰ ਕਦੇ ਵੀ ਛੱਡਦਾ ਨਹੀਂ, ਐਸੇ ਜੀਵ ਨੂੰ ਸੱਚਾ ਕਸ਼ੱਤਰੀ ਜਾਣਨਾ ਚਾਹੀਦਾ ਹੈ।



## 20. ਵੈਸ਼ ਕੌਣ ?

**ਰਵਿਦਾਸ ਵੈਸ ਸੋਇ ਜਾਨਿਯੇ ਜੋ ਸਤਿ ਕਾਰ ਕਮਾਯ।**
**ਪੁੰਨ ਕਮਾਈ ਸਦਾ ਲਹੈ ਲਰੈ ਸਰਬੱਤ ਸੁਖਾਯ ॥੧੪੦॥**

**ਅਰਥ**—ਸਤਿਗੁਰੂ ਰਵਿਦਾਸ ਜੀ ਪਾਵਨ ਉਪਦੇਸ਼ ਦਿੰਦੇ ਹਨ ਕਿ ਕੋਈ ਵੀ ਜੀਵ ਜਨਮ ਅਤੇ ਜਾਤ ਕਾਰਨ ਵੈਸ਼ ਨਹੀਂ ਹੈ, ਸਗੋਂ ਉਸ ਜੀਵ ਨੂੰ ਵੈਸ਼ ਜਾਨਣਾ ਚਾਹੀਦਾ ਹੈ ਜੋ ਸੱਚਾਈ ਦੇ ਨਾਲ ਆਪਣਾ ਵਪਾਰ ਕਰਦਾ ਹੈ, ਸਦਾ ਨੇਕ ਕਿਰਤ ਕਮਾਈ ਕਰਦਾ ਹੈ ਅਤੇ ਸਰਬੱਤ ਦਾ ਭਲਾ ਮੰਗਦਾ ਹੈ।

**ਸਾਂਚੀ ਹਾਟੀ ਬੈਠਿ ਕਰ ਸੌਦਾ ਸਾਚਾ ਦੇਇ।**
**ਤਕੜੀ ਤੋਲੈ ਸਾਚ ਕੀ ਰਵਿਦਾਸ ਵੈਸ ਹੈ ਸੋਇ ॥੧੪੧॥**

**ਅਰਥ**—ਜੋ ਜੀਵ ਸੱਚਾਈ ਰੂਪੀ ਦੁਕਾਨ 'ਤੇ ਬੈਠ ਕੇ ਸੱਚ ਦਾ ਸੌਦਾ ਵੇਚਦਾ ਹੈ, ਸੱਚ ਦੀ ਤੱਕੜੀ ਨਾਲ ਤੋਲਦਾ ਹੈ। ਉਹੀ ਸੱਚਾ ਵੈਸ਼ ਹੈ।

## 21. ਸ਼ੂਦਰ ਕੌਣ ?

**ਰਵਿਦਾਸ ਜਉ ਅਤਿ ਪਵਿੱਤ ਹੈ ਸੋਈ ਸੂਦਰ ਜਾਨ।**
**ਜਉ ਕੁਕਰਮੀ ਅਸੁਧ ਜਨ ਤਿਨਹੇਂ ਨ ਸ਼ੂਦਰ ਮਾਨ ॥੧੪੨॥**

**ਅਰਥ**—ਸਤਿਗੁਰੂ ਰਵਿਦਾਸ ਮਹਾਰਾਜ ਜੀ ਪਾਵਨ ਉਪਦੇਸ਼ ਦਿੰਦੇ ਹਨ ਕਿ ਜੋ ਜੀਵ ਬਹੁਤ ਹੀ ਪਵਿੱਤਰ ਜੀਵਨ ਬਤੀਤ ਕਰਦਾ ਹੈ ਉਸ ਨੂੰ ਸ਼ੂਦਰ ਭਾਵ ਸ਼ੁੱਧ ਜਾਨਣਾ ਚਾਹੀਦਾ ਹੈ। ਜਿਸਦੇ ਕਰਮ ਵੀ ਬੁਰੇ ਹਨ ਅਤੇ ਜੀਵਨ ਵੀ ਅਪਵਿੱਤਰ ਹੈ ਉਸ ਨੂੰ ਸ਼ੂਦਰ ਭਾਵ ਸ਼ੁੱਧ ਨਹੀਂ ਜਾਨਣਾ ਚਾਹੀਦਾ।

**ਹਰਿਜਨ ਕਰਿ ਸੇਵਾ ਲਾਗੈ ਮਨ ਅਹੰਕਾਰ ਨਾ ਰਾਖੈ।**
**ਰਵਿਦਾਸ ਸੂਦ ਸੋਇ ਧੰਨ ਹੈ ਜੋ ਅਸਤਿ ਬਚਨ ਨਾ ਭਾਖੈ ॥੧੪੩॥**

**ਅਰਥ**—ਪ੍ਰਭੂ ਨੂੰ ਜਾਨਣ ਵਾਲਾ ਜੀਵ ਮਨੁੱਖਤਾ ਦੀ ਸੇਵਾ ਕਰਦਾ ਹੈ, ਮਨ ਵਿਚ ਹੰਕਾਰ ਨਹੀਂ ਰੱਖਦਾ ਅਤੇ ਝੂਠੇ ਬਚਨ ਨਹੀਂ ਬੋਲਦਾ। ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਐਸਾ ਸ਼ੂਦਰ ਸਮਝਿਆ ਜਾਂਦਾ ਜੀਵ ਧੰਨਤਾ ਯੋਗ ਹੈ।

## 22. ਮੰਦਰ ਮਸਜਿਦ ਦੋਨੋਂ ਇਕ ਹੈ

**ਮੰਦਰ ਮਸਜਿਦ ਦੋਉ ਏਕ ਹੈ ਇਨ ਮੰਹ ਅੰਤਰ ਨਾਂਹੀ।**
**ਰਵਿਦਾਸ ਰਾਮ ਰਹਮਾਨ ਕਾ ਝਗੜਾ ਕੋਉਂ ਨਾਂਹਿ। ॥੧੪੪॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਮੰਦਰ

ਅਤੇ ਮਸਜਿਦ ਦੋਨੋਂ ਇਕ ਹੀ ਹੈ। ਇਨ੍ਹਾਂ ਵਿਚ ਕੋਈ ਵੀ ਅੰਤਰ ਨਹੀਂ ਹੈ ਇਨ੍ਹਾਂ ਵਿਚ ਕੇਵਲ ਨਾਵਾਂ ਦਾ ਹੀ ਭੇਦ ਹੈ। ਇਸ ਲਈ ਰਾਮ ਅਤੇ ਰਹਿਮਾਨ ਦਾ ਕੋਈ ਵੀ ਝਗੜਾ ਨਹੀਂ ਹੈ। ਇਸ ਲਈ ਮੰਦਰ ਅਤੇ ਮਸਜਿਦ ਦੋਨੋਂ ਹੀ ਪ੍ਰਭੂ ਦੀ ਪੂਜਾ ਦੇ ਸਥਾਨ ਹਨ। ਰਾਮ ਅਤੇ ਰਹਿਮਾਨ ਦੋਨੋਂ ਨਾਮ ਇਕ ਪ੍ਰਭੂ ਦੇ ਹਨ।

**ਰਵਿਦਾਸ ਹਮਾਰੋ ਰਾਮ ਜੋਈ ਸੋਈ ਹੈ ਰਹਮਾਨ।**
**ਕਾਬਾ ਕਾਸ਼ੀ ਜਾਨੀਯਹਿ ਦੋਉ ਏਕ ਸਮਾਨ ॥੧੪੫॥**

**ਅਰਥ—**ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜੋ ਮੇਰਾ ਸਰਵ-ਵਿਆਪਕ ਰਾਮ ਹੈ ਉਹੀ ਰਹਿਮਾਨ ਹੈ। ਮੁਸਲਮਾਨਾਂ ਲਈ ਕਾਬਾ ਪਵਿੱਤਰ ਸਥਾਨ ਹੈ ਅਤੇ ਹਿੰਦੂਆਂ ਲਈ ਕਾਂਸ਼ੀ ਪਵਿੱਤਰ ਸਥਲ ਹੈ ਦੋਨੋਂ ਹੀ ਇਕ ਸਮਾਨ ਹਨ। ਇਸ ਲਈ ਕੋਈ ਭੇਦ ਨਹੀਂ ਹੋਣਾ ਚਾਹੀਦਾ।

**ਮਸਜਿਦ ਸੋਂ ਕਛੁ ਘਿਨ ਨਹੀਂ ਮੰਦਰ ਸੋ ਨਹੀਂ ਪਿਆਰ।**
**ਦੋਉ ਮੰਹ ਅੱਲਹ ਰਾਮ ਨਹੀਂ ਕਹਿ ਰਵਿਦਾਸ ਚਮਾਰ ॥੧੪੬॥**

**ਅਰਥ—**ਮੈਨੂੰ ਨਾ ਤਾਂ ਕੋਈ ਮਸਜਿਦ ਤੋਂ ਨਫ਼ਰਤ ਹੈ ਅਤੇ ਨਾ ਹੀ ਮੰਦਿਰ ਨਾਲ ਪਿਆਰ ਹੈ ਭਾਵ ਮੇਰੇ ਲਈ ਦੋਵੇਂ ਹੀ ਬਰਾਬਰ ਹਨ। ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਮੰਦਿਰ ਅਤੇ ਮਸਜਿਦ ਵਿਚ ਰਾਮ ਅੱਲਾ ਨਹੀਂ ਹੈ। ਭਾਵ ਉਹ ਸਰਬ-ਵਿਆਪਕ ਹੈ।

## 23. ਹਿੰਦੂ-ਮੁਸਲਮਾਨ ਇਕ

**ਮੁਸਲਮਾਨ ਸੋਂ ਦੋਸਤੀ ਹਿੰਦੂਅਨ ਸੋਂ ਕਰ ਪ੍ਰੀਤ।**
**ਰਵਿਦਾਸ ਜੋਤਿ ਸਭ ਰਾਮ ਕੀ ਸਬ ਹੈਂ ਅਪਨੇ ਮੀਤ ॥੧੪੭॥**

**ਅਰਥ—**ਸਤਿਗੁਰੂ ਰਵਿਦਾਸ ਜੀ ਮਹਾਰਾਜ ਪਾਵਨ ਉਪਦੇਸ਼ ਦਿੰਦੇ ਹਨ ਕਿ ਸਭ ਜੀਵ ਬਰਾਬਰ ਹਨ ਇਸ ਲਈ ਸਭ ਨੂੰ ਆਪਸ ਵਿਚ ਰਲ-ਮਿਲ ਕੇ ਰਹਿਣਾ ਚਾਹੀਦਾ ਹੈ। ਮੁਸਲਮਾਨਾਂ ਨਾਲ ਦੋਸਤੀ ਅਤੇ ਹਿੰਦੂਆਂ ਨਾਲ ਪ੍ਰੇਮ ਕਰਨਾ ਚਾਹੀਦਾ ਹੈ। ਭਾਵ ਸਭ ਨੂੰ ਆਪਸ ਵਿਚ ਪ੍ਰੇਮ-ਪਿਆਰ ਨਾਲ ਰਹਿਣਾ ਚਾਹੀਦਾ ਹੈ, ਕਿਉਂਕਿ ਸਾਰੇ ਜੀਵਾਂ ਵਿਚ ਇਕ ਪ੍ਰਭੂ ਦੀ ਜੋਤ ਹੈ ਸਾਰੇ ਜੀਵ ਆਪਣੇ ਮਿੱਤਰ ਹਨ।

**ਜਬ ਸਭ ਕਰਿ ਦੋਉ ਹਾਥ ਪਗ ਦੋਉ ਨੈਨ ਦੋਉ ਕਾਨ।**
**ਰਵਿਦਾਸ ਪ੍ਰਥਕ ਕੈਸੇ ਭਯੇ ਹਿੰਦੂ-ਮੁਸਲਮਾਨ ॥੧੪੮॥**

**ਅਰਥ—**ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਹੇ ਭਾਈ! ਸਭ ਜੀਵਾਂ ਦੇ ਸਮਾਨ ਅੰਗ ਹਨ ਸਭਨਾਂ ਦੇ ਦੋ ਹੱਥ, ਦੋ ਪੈਰ, ਦੋ ਅੱਖਾਂ ਅਤੇ ਦੋ ਕੰਨ ਹਨ। ਫਿਰ ਇਹ ਸਮਾਨ ਅੰਗਾਂ ਵਾਲੇ ਜੀਵ ਭਿੰਨ-ਭਿੰਨ



ਕਿਵੇਂ ਹੋ ਸਕਦੇ ਹਨ ? ਭਾਵੇਂ ਕੋਈ ਹਿੰਦੂ ਹੋਵੇ ਭਾਵੇਂ ਕੋਈ ਮੁਸਲਮਾਨ ਸਭ ਇਕ ਸਮਾਨ ਹਨ।

**ਰਵਿਦਾਸ ਪੇਖਿਯ ਸੋਧ ਕਰਿ ਆਦਮ ਸਭੀ ਸਮਾਨ।**
**ਹਿੰਦੂ ਮੁਸਲਮਾਨ ਕਉ ਸ੍ਰਿਸ਼ਟਾ ਇਕ ਭਗਵਾਨ ॥੧੪੯॥**

**ਅਰਥ—**ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਇਹ ਚੰਗੀ ਤਰ੍ਹਾਂ ਸੋਧ ਕੇ ਪਰਖ ਲਿਆ ਹੈ ਕਿ ਸਭ ਜੀਵ ਸਮਾਨ ਹਨ ਕਿਉਂਕਿ ਸਭਨਾਂ ਦਾ ਰਚਨਹਾਰਾ ਇਕ ਪ੍ਰਭੂ ਹੈ ਭਾਵੇਂ ਕੋਈ ਹਿੰਦੂ ਹੈ ਭਾਵੇਂ ਕੋਈ ਮਸੁਲਮਾਨ।

**ਕਹਨ ਸੁਨਨ ਕੂੰ ਦੁਇ ਕਰਿ ਖਾਲਿਕ ਕੀਯੋਂ ਤਮਾਸਾ।**
**ਹਿੰਦੁ ਤੁਰਕ ਦੋਉ ਏਕ ਹੈ ਸਤਿ ਭਾਖੈ ਰਵਿਦਾਸ ॥੧੫੦॥**

**ਅਰਥ—**ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਕਹਿਣ ਸੁਨਣ ਨੂੰ ਭਾਵੇਂ ਹਿੰਦੂ ਅਤੇ ਮੁਸਲਮਾਨ ਦੋਨੋਂ ਅਲੱਗ-ਅਲੱਗ ਹਨ ਪਰ ਅਸਲੀਅਤ ਤਾਂ ਇਹ ਹੈ ਕਿ ਸੰਸਾਰ ਦੀ ਰਚਨਾ ਪ੍ਰਭੂ ਦਾ ਅਜੀਬ ਤਮਾਸ਼ਾ ਹੈ। ਇਸ ਲਈ ਸਭ ਜੀਵ ਬਰਾਬਰ ਹਨ, ਭਾਵੇਂ ਹਿੰਦੂ ਹੋਵੇ ਭਾਵੇਂ ਮੁਸਲਮਾਨ।

**ਰਵਿਦਾਸ ਕੰਗਨ ਕਨਕ ਮੰਹਿ ਜਿਮਿ ਅੰਤਰ ਕਿਛੁ ਨਾਂਹਿ।**
**ਤੈਸਉ ਹੀ ਅੰਤਰ ਨਹੀਂ ਹਿੰਦੂਅਨ ਤੁਰਕਨ ਮਾਂਹਿ ॥੧੫੧॥**

**ਅਰਥ—**ਜਿਸ ਪ੍ਰਕਾਰ ਸੋਨਾ ਅਤੇ ਸੋਨੇ ਦੇ ਬਣੇ ਹੋਏ ਗਹਿਣਿਆਂ ਵਿਚ ਅੰਤਰ ਨਹੀਂ ਹੈ, ਇਸੇ ਪ੍ਰਕਾਰ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਕੋਈ ਅੰਤਰ ਨਹੀਂ ਹੈ।

**ਹਿੰਦੂ ਤੁਰਕ ਮੰਹਿ ਭੇਦ ਨਾਹੀ ਸਭ ਮੈਂ ਏਕ ਰੱਤ ਅਰੁ ਮਾਸਾ।**
**ਦੋਉ ਏਕਹ ਦੂਜਾ ਕੋ ਨਾਂਹੀ ਪੇਖਯੋ ਸੋਧ ਰਵਿਦਾਸਾ ॥੧੫੨॥**

**ਅਰਥ—**ਹਿੰਦੂ ਅਤੇ ਮੁਸਲਮਾਨ ਦੋਵਾਂ ਵਿਚ ਕੋਈ ਅੰਤਰ ਨਹੀਂ ਹੈ ਦੋਨਾਂ ਵਿਚ ਹੀ ਇਕੋ ਜਿਹਾ ਖ਼ੂਨ ਅਤੇ ਮਾਸ ਹੈ। ਦੋਵੇਂ ਇਕ ਸਮਾਨ ਹਨ ਤੇ ਕੋਈ ਵੀ ਭਿੰਨਤਾ ਨਹੀਂ ਹੈ। ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਮੈਂ ਇਹ ਸੋਚ ਵਿਚਾਰ ਕੇ ਉਚਾਰਨ ਕਰਦਾ ਹਾਂ।

**ਹਿੰਦੂ ਤੁਰਕ ਮੇਂ ਨਹੀਂ ਭੇਦ ਦੁਇ ਆਯਹੁ ਇਕ ਦਵਾਰ।**
**ਪ੍ਰਾਨ ਪਿੰਡ ਲੋਹੁ ਇਕਇ ਕਹਿ ਰਵਿਦਾਸ ਵਿਚਾਰ ॥੧੫੩॥**

**ਅਰਥ—**ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਹਿੰਦੂ ਅਤੇ ਮੁਸਲਮਾਨ ਵਿਚ ਕੋਈ ਫ਼ਰਕ ਨਹੀਂ ਹੈ, ਦੋਨਾਂ ਦਾ ਜਨਮ ਇਕ ਹੀ ਤਰ੍ਹਾਂ ਹੋਇਆ ਹੈ ਦੋਨਾਂ ਦੀ ਆਤਮਾ, ਦੋਨਾਂ ਦਾ ਸਰੀਰ ਅਤੇ ਸਰੀਰ ਦਾ ਖ਼ੂਨ, ਮਾਸ ਇਕ ਸਮਾਨ ਹਨ।

**ਰਵਿਦਾਸ ਉਪਜਇ ਇਕ ਨੂਰ ਤੇ ਬਾਹਮਨ ਮੁੱਲਾ ਸੇਖ।**
**ਸਭ ਕੋ ਕਰਤਾ ਏਕ ਹੈ ਸਭ ਕੂੰ ਏਕ ਹੀ ਪੇਖ ॥੧੫੪॥**

ਅਰਥ—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਸਾਰੇ ਜੀਵ ਇਕ ਪ੍ਰਭੂ ਦੇ ਨੂਰ ਤੋਂ ਪੈਦਾ ਹੋਏ ਹਨ ਭਾਵੇਂ ਕੋਈ ਬ੍ਰਾਹਮਣ ਅਤੇ ਭਾਵੇਂ ਮੁੱਲਾਂ ਤੇ ਸ਼ੇਖ ਹੋਵੇ। ਸਭਨਾਂ ਦਾ ਸਿਰਜਨਹਾਰ ਇਕ ਪ੍ਰਭੂ ਹੈ। ਇਸ ਲਈ ਸਭਨਾਂ ਵਿਚ ਇਕ ਪ੍ਰਭੂ ਨੂੰ ਹੀ ਸਮਾਇਆ ਹੋਇਆ ਦੇਖਣਾ ਚਾਹੀਦਾ ਹੈ।

## 24. ਸੱਚਾ ਸੂਰਬੀਰ

**ਰਵਿਦਾਸ ਸੋਇ ਸੂਰਾ ਭਲਾ ਜਉ ਲਰੈ ਧਰਮ ਕੇ ਹੇਤ।**
**ਅੰਗ ਅੰਗ ਕਟ ਭੁਇਂ ਗਿਰੈ ਤਉ ਨ ਛਾਂਡੈ ਖੇਤ॥੧੫੫॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਸੱਚਾ ਸੂਰਬੀਰ ਤਾਂ ਉਹ ਹੈ ਜੋ ਧਰਮ ਦੀ ਰੱਖਿਆ ਲਈ ਰਣਭੂਮੀ ਵਿਚ ਲੜਦਾ ਹੈ ਭਾਵੇਂ ਉਸ ਦਾ ਅੰਗ-ਅੰਗ ਕਟ ਹੋ ਜਾਵੇ ਅਤੇ ਡਿਗ ਪਵੇ ਪਰ ਫਿਰ ਵੀ ਉਹ ਸੱਚਾ ਸੂਰਬੀਰ ਮੈਦਾਨ ਨਹੀਂ ਛੱਡਦਾ ਅਤੇ ਆਖਰੀ ਸਵਾਸ ਤੱਕ ਲੜਦਾ ਹੈ।

**ਧਰਮ ਹੇਤ ਸੰਗ੍ਰਾਮ ਮਹਂ ਜੌਂ ਕਊ ਕਟਾਏ ਸੀਸ।**
**ਸੋ ਜੀਵਨ ਸਫਲਾ ਭਯਾ ਰਵਿਦਾਸ ਮਿਲਹਿ ਜਗਦੀਸ॥੧੫੬॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜੋ ਜੀਵ ਧਰਮ ਦੀ ਰੱਖਿਆ ਲਈ ਸੰਗਰਾਮ ਵਿਚ ਲੜਦਾ ਹੋਇਆ ਆਪਣਾ ਸੀਸ ਕਟਵਾ ਦਿੰਦਾ ਹੈ ਉਸ ਦਾ ਜੀਵਨ ਸਫ਼ਲ ਹੋ ਜਾਂਦਾ ਹੈ। ਉਸ ਨੂੰ ਪ੍ਰਭੂ ਦੀ ਪ੍ਰਾਪਤੀ ਹੋ ਜਾਂਦੀ ਹੈ।

## 25. ਸਤਿ-ਬਚਨ

**ਬਚਨ ਗਯੋ ਨਹ ਆਤ ਹੈ ਸੀਸ ਕਟਾ ਫਿਰ ਆਯ।**
**'ਰਵਿਦਾਸ' ਬਚਨ ਕੂੰ ਰਾਖਿਏ ਸਿਰ ਜਾਇਹਿ ਤਉ ਜਾਯ॥੧੫੭॥**

**ਅਰਥ**—ਸਤਿਗੁਰੂ ਰਵਿਦਾਸ ਜੀ ਪਾਵਨ ਉਪਦੇਸ਼ ਦਿੰਦੇ ਹਨ ਕਿ ਜੀਵ ਨੂੰ ਸਤਿ ਬਚਨ ਬੋਲਣੇ ਚਾਹੀਦੇ ਹਨ। ਜੇਕਰ ਇਕ ਵਾਰ ਸਿਰ ਕੱਟ ਜਾਵੇ ਉਹ ਸਿਰ ਦੁਬਾਰਾ ਨਹੀਂ ਜੁੜਦਾ। ਇਸੇ ਪ੍ਰਕਾਰ ਮੂੰਹ ਤੋਂ ਨਿਕਲਿਆ ਹੋਇਆ ਬਚਨ ਫਿਰ ਕਦੀ ਵੀ ਵਾਪਸ ਨਹੀਂ ਆਉਂਦਾ। ਇਸ ਲਈ ਜੀਵ ਨੂੰ ਆਪਣੇ ਵਚਨ ਦਾ ਪਾਲਣ ਕਰਨਾ ਚਾਹੀਦਾ ਹੈ ਭਾਵੇਂ ਸਿਰ ਕੱਟ ਜਾਵੇ।

**ਰਵਿਦਾਸ ਬਚਨ ਜੌਂ ਦੇ ਦਿਯੌਂ ਵਹ ਨ ਜਾਨੇ ਪਾਯ।**
**ਬਚਨ ਹਰੈ ਕੋ ਜਗਤ ਮਂਹਿ ਕਛੁ ਨ ਸੇਸ ਰਹਾਯ॥੧੫੮॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜੇਕਰ



ਇਕ ਵਾਰ ਜੀਵ ਨੇ ਕਿਸੇ ਨੂੰ ਬਚਨ ਦੇ ਦਿੱਤਾ ਤਾਂ ਦਿੱਤੇ ਹੋਏ ਵਚਨ ਦਾ ਪਾਲਣ ਕਰਨਾ ਚਾਹੀਦਾ ਹੈ। ਪਰੰਤੂ ਜਿਹੜਾ ਮਨੁੱਖ ਦਿੱਤੇ ਹੋਏ ਵਚਨ ਦਾ ਪਾਲਣ ਨਹੀਂ ਕਰਦਾ ਉਹ ਆਪਣਾ ਮਾਨ ਸਨਮਾਨ ਸਭ ਕੁਝ ਗੁਆ ਦਿੰਦਾ ਹੈ ਅਤੇ ਉਸ ਪਾਸ ਕੁਝ ਵੀ ਬਾਕੀ ਨਹੀਂ ਬਚਦਾ।

## 26. ਵਾਸ਼ਨਾਵਾਂ ਦਾ ਤਿਆਗ

**ਸਤਿ ਸੰਤੋਖ ਅਰੁ ਸਦਾਚਾਰ ਜੀਵਨ ਕੋ ਅਧਾਰ।**
**ਰਵਿਦਾਸ ਭਏ ਨਰ ਦੇਵਤੇ ਜਿਨ ਤਿਆਗੇ ਪੰਚ ਬਿਕਾਰ॥੧੫੯॥**

**ਅਰਥ**—ਸਤਿਗੁਰੂ ਰਵਿਦਾਸ ਜੀ ਫੁਰਮਾਨ ਕਰਦੇ ਹਨ ਕਿ ਜੀਵ ਨੂੰ ਹਮੇਸ਼ਾ ਸੱਚ ਬੋਲਣਾ, ਸੰਤੋਖ ਧਾਰਨ ਕਰਨਾ ਅਤੇ ਸਦਾਚਾਰ ਨੂੰ ਆਪਣੇ ਜੀਵਨ ਦਾ ਆਧਾਰ ਬਣਾਉਣਾ ਚਾਹੀਦਾ ਹੈ। ਜਿਹੜੇ ਜੀਵ ਇਹਨਾਂ ਨੂੰ ਧਾਰਨ ਕਰਕੇ ਪੰਚ ਵਿਕਾਰਾਂ ਦਾ ਤਿਆਗ ਕਰ ਦਿੰਦੇ ਹਨ ਉਹ ਜੀਵ ਸ੍ਰੇਸ਼ਟ ਬਣ ਜਾਂਦੇ ਹਨ।

**ਜੋ ਬਸ ਰਾਖੇ ਇੰਦ੍ਰੀਯਾਂ ਸੁਖ ਦੁੱਖ ਸਮਝਿ ਸਮਾਨ।**
**ਸੋਉ ਅਮਰਿਤ ਪਦ ਪਾਈਗੋ ਕਹਿ ਰਵਿਦਾਸ ਬਖਾਨ॥੧੬੦॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜਿਹੜੇ ਜੀਵ ਆਪਣੀਆਂ ਇੰਦਰੀਆਂ ਨੂੰ ਕਾਬੂ ਕਰਕੇ ਸੰਜਮ ਦਾ ਜੀਵਨ ਬਤੀਤ ਕਰਦੇ ਹਨ ਅਤੇ ਸੁੱਖ-ਦੁੱਖ ਨੂੰ ਇਕ ਸਮਾਨ ਸਮਝਦੇ ਹਨ ਐਸੇ ਜੀਵ ਪ੍ਰਭੂ ਦਾ ਨਾਮ ਜਪ ਕੇ ਪਰਮ-ਪਦ ਨੂੰ ਪ੍ਰਾਪਤ ਕਰ ਲੈਂਦੇ ਹਨ।

**ਬੁਧਿ ਅਰੁ ਬਿਬੇਕਹਿਂ ਜਉ ਰਾਖਨ ਚਾਹੌਂ ਪਾਸ।**
**ਇੰਦਰੀਆ ਸੰਗ ਨਿਰਤ ਕੌਂ ਤਜਿ ਦੇਹੁ ਰਵਿਦਾਸ॥੧੬੧॥**

**ਅਰਥ**—ਜੇਕਰ ਜੀਵ ਬੁੱਧੀਮਾਨ ਅਤੇ ਵਿਵੇਕਸ਼ੀਲ ਬਣਨਾ ਚਾਹੁੰਦਾ ਹੈ ਤਾਂ ਉਸ ਨੂੰ ਆਪਣੀਆਂ ਇੰਦਰੀਆਂ 'ਤੇ ਕਾਬੂ ਰੱਖਣਾ ਚਾਹੀਦਾ ਹੈ। ਜਿਹੜਾ ਮਨੁੱਖ ਇੰਦਰੀਆਂ ਦੇ ਇਸ਼ਾਰੇ 'ਤੇ ਨੱਚਦਾ ਹੈ ਭਾਵ ਇੰਦਰੀਆਂ ਦੇ ਅਧੀਨ ਹੋ ਜਾਂਦਾ ਹੈ ਉਹ ਆਪਣਾ ਸਭ ਕੁਝ ਗੁਆ ਲੈਂਦਾ ਹੈ।

**ਰਵਿਦਾਸ ਇਛਾਏਂ ਆਪੁਨੀ ਭੋਗ ਸੇ ਰਖ ਦੂਰ।**
**ਮਨ ਬੁਧ ਰਹੰਹਿ ਸ਼ਾਂਤ ਨਿਤ ਘਟ ਮੰਹਿ ਰਹਿਵੈ ਨੂਰ॥੧੬੨॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜੋ ਜੀਵ ਆਪਣੀਆਂ ਇੱਛਾਵਾਂ ਤੇ ਵਾਸ਼ਨਾਵਾਂ 'ਤੇ ਕਾਬੂ ਰੱਖਦਾ ਹੋਇਆ ਆਪਣੀਆਂ ਇੰਦਰੀਆਂ ਨੂੰ ਵਿਕਾਰਾਂ ਰੂਪੀ ਭੋਗਾਂ ਵਿਚ ਨਹੀਂ ਫਸਣ ਦਿੰਦਾ ਉਸ ਜੀਵ ਦਾ ਮਨ ਅਤੇ ਬੁੱਧੀ ਹਮੇਸ਼ਾ ਹੀ ਸ਼ਾਂਤ ਰਹਿੰਦੇ ਹਨ ਅਤੇ ਸਰੀਰਕ ਤੇਜ

ਬਣਿਆ ਰਹਿੰਦਾ ਹੈ।

**ਕੁਰਮੇ ਭਾਂਤਿ ਜਉ ਰਹਹਿੰ ਮਨ ਇੰਦਰੀਆਂ ਰਵਿਦਾਸ।**
**ਸ਼ਾਂਤ ਰਹਈ ਨਿਤ ਆਤਮਾ ਬੜਹਿ ਆਤਮ ਵਿਸਾਸ॥੧੬੩॥**

**ਅਰਥ**—ਜੋ ਜੀਵ ਆਪਣੇ ਮਨ ਅਤੇ ਇੰਦਰੀਆਂ ਨੂੰ ਬਾਹਰ ਮੁਖੀ ਨਾ ਕਰਕੇ ਕਛੂਏ ਦੀ ਤਰ੍ਹਾਂ ਸਮੇਟ ਕੇ ਅੰਤਰਮੁਖੀ ਕਰਦਾ ਹੈ ਅਤੇ ਅੰਤਰਮੁਖੀ ਹੋ ਕੇ ਪ੍ਰਭੂ ਦੀ ਖੋਜ ਕਰਦਾ ਹੈ। ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਉਸ ਦੀ ਆਤਮਾ ਹਮੇਸ਼ਾ ਸ਼ਾਂਤ-ਰਹਿੰਦੀ ਹੈ ਅਤੇ ਉਸ ਦਾ ਆਤਮ ਵਿਸ਼ਵਾਸ ਹਮੇਸ਼ਾ ਵਧਦਾ ਰਹਿੰਦਾ ਹੈ।

## 27. ਸੰਤੋਖ ਅਤੇ ਤਿਆਗ

**ਜੋ ਕੋਉ ਲੋਰੈ ਪਰਮ ਸੁਖ ਤਓ ਰਾਖੈ ਮਨ ਸੰਤੋਖ।**
**ਰਵਿਦਾਸ ਜਹਾਂ ਸੰਤੋਖ ਹੈ ਤਹਾਂ ਨ ਲਾਗੈ ਦੋਸ਼॥੧੬੪॥**

**ਅਰਥ**—ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਸੰਤੋਖ ਧਾਰਨ ਕਰਕੇ ਪਰਮ ਸੁੱਖ ਪ੍ਰਾਪਤ ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ ਕਿ ਜੋ ਜੀਵ ਪਰਮ ਸੁੱਖ ਦੀ ਪ੍ਰਾਪਤੀ ਚਾਹੁੰਦਾ ਹੈ ਤਾਂ ਉਸ ਨੂੰ ਆਪਣੇ ਮਨ ਵਿਚ ਸੰਤੋਖ ਧਾਰਨ ਕਰਨਾ ਚਾਹੀਦਾ ਹੈ। ਜਿਸ ਜੀਵ ਦੇ ਮਨ ਵਿਚ ਸੰਤੋਖ ਹੈ ਉਸ ਦੇ ਮਨ ਵਿਚ ਕੋਈ ਦੋਸ਼ ਟਿਕ ਨਹੀਂ ਸਕਦਾ।

**ਧਨ ਸੰਚਯ ਦੁਖ ਦੇਤ ਹੈ ਧਨ ਤਿਆਗੇ ਸੁਖ ਹੋਯ।**
**ਰਵਿਦਾਸ ਸੀਖ ਗੁਰਦੇਵ ਕੀ ਧਨ ਮਤਿ ਜੋਰੇ ਕੋਯ॥੧੬੫॥**

**ਅਰਥ**—ਜੋ ਜੀਵ ਪਰਮਾਤਮਾ ਨੂੰ ਭੁੱਲ ਕੇ ਕੇਵਲ ਧਨ ਇਕੱਠਾ ਕਰਦਾ ਹੈ ਉਸ ਨੂੰ ਦੁੱਖ ਦੀ ਪ੍ਰਾਪਤੀ ਹੁੰਦੀ ਹੈ। ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਗੁਰਦੇਵ ਪਰਮਾਤਮਾ ਦੀ ਇਹੀ ਸਿੱਖਿਆ ਹੈ ਕਿ ਜੀਵ ਨੂੰ ਕੇਵਲ ਧਨ ਹੀ ਜਮ੍ਹਾ ਨਹੀਂ ਕਰਨਾ ਚਾਹੀਦਾ।

**ਸੱਚਾ ਸੁਖ ਸਤ ਧਰਮ ਮੰਹਿ ਧਨ ਸੰਚਯ ਸੁਖ ਨਾਂਹਿ।**
**ਧਨ ਸੰਚਯ ਦੁਖ ਖਾਨ ਹੈ ਰਵਿਦਾਸ ਸਮਝਿ ਮਨ ਮਾਂਹਿ॥੧੬੬॥**

**ਅਰਥ**—ਜੀਵ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਸੱਚਾ ਸੁੱਖ ਸੱਚੇ ਧਰਮ ਦਾ ਪਾਲਨ ਕਰਨ ਵਿਚ ਹੈ ਪਰ ਕੇਵਲ ਧਨ ਇਕੱਤਰ ਕਰਨ ਵਿਚ ਸੁੱਖ ਨਹੀਂ ਹੈ। ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਹੇ ਜੀਵ! ਤੂੰ ਆਪਣੇ ਮਨ ਵਿਚ ਇਹ ਸਮਝ ਲੈ ਕਿ ਕੇਵਲ ਧਨ ਇਕੱਠਾ ਕਰਦੇ ਰਹਿਣਾ ਦੁੱਖਾਂ ਦੀ ਖਾਨ ਹੈ।



## 28. ਸੁਖ-ਦੁਖ

**ਸੁਖ ਸਰਿਤਾ ਮਹੰ ਬੂੜਿ ਕਰਿ ਸੂਝ ਬੂਝ ਮਤਿ ਖੋਯ।**
**ਦੁਖ ਕੀ ਬਦਰੀ ਪੇਖਿ ਕੈ ਰਵਿਦਾਸ ਨ ਦੀਜਿਯੇ ਰੋਯ॥੧੬੭॥**

**ਅਰਥ**—ਸਤਿਗੁਰੂ ਰਵਿਦਾਸ ਜੀ ਮਹਾਰਾਜ ਪਾਵਨ ਉਪਦੇਸ਼ ਦਿੰਦੇ ਹਨ ਕਿ ਸੰਸਾਰਿਕ ਸੁਖ ਵਿਚ ਵੀ ਜੀਵ ਨੂੰ ਪਰਮੇਸ਼ਰ ਨੂੰ ਨਹੀਂ ਭੁੱਲਣਾ ਚਾਹੀਦਾ। ਸੰਸਾਰਕ ਸੁੱਖ ਰੂਪੀ ਨਦੀ ਵਿਚ ਡੁੱਬ ਕੇ ਜੀਵ ਨੂੰ ਆਪਣੀ ਸੋਚ ਸਮਝ ਨਹੀਂ ਗੁਆਉਣੀ ਚਾਹੀਦੀ ਅਤੇ ਦੁੱਖਾਂ ਦੇ ਬੱਦਲ ਸਿਰ 'ਤੇ ਮੰਡਰਾਉਣ ਨਾਲ ਜੀਵ ਨੂੰ ਰੋਣਾ ਨਹੀਂ ਚਾਹੀਦਾ ਕਿਉਂਕਿ ਸੁੱਖ ਦੁੱਖ ਜੀਵਨ ਦੇ ਅੰਗ ਹਨ।

**ਸੁਖ ਦੁਖ ਸਮ ਕਰਿ ਜਾਨਹੁ ਤਉ ਦੁਖਹ ਸੁਖ ਹੋਯ।**
**ਰਵਿਦਾਸ ਜੋ ਸੁਖੰਹਿ ਦੁਖ ਕਹੈ ਤਉ ਸੁਖ ਭੀ ਦੁਖ ਹੋਯ॥੧੬੮॥**

**ਅਰਥ**—ਜਦੋਂ ਜੀਵ ਸੁੱਖ ਅਤੇ ਦੁੱਖ ਨੂੰ ਇਕ ਸਮਾਨ ਕਰਕੇ ਜਾਣਦਾ ਹੈ ਤਾਂ ਉਸ ਨੂੰ ਦੁੱਖ ਵਿਚ ਵੀ ਸੁੱਖ ਅਨੁਭਵ ਹੁੰਦਾ ਹੈ। ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜੋ ਜੀਵ ਮੰਗਲਮਈ ਜੀਵਨ ਸਮੇਂ ਕਹਿੰਦਾ ਹੈ ਕਿ ਮੈਂ ਬਹੁਤ ਦੁਖੀ ਹਾਂ ਉਸ ਦੇ ਸੁੱਖ ਵੀ ਦੁੱਖ ਵਿਚ ਬਦਲ ਜਾਂਦੇ ਹਨ। ਸੁੱਖ ਨੂੰ ਵੀ ਦੁੱਖ ਹੀ ਅਨੁਭਵ ਕਰਦਾ ਹੈ।

## 29. ਸੱਚਾ-ਪ੍ਰੇਮ

**'ਰਵਿਦਾਸ' ਪ੍ਰੇਮ ਨਹਿ ਛਿਪ ਸਕਈ,ਲਾਖ ਛਿਪਾਏ ਕੋਯ।**
**ਪ੍ਰੇਮ ਨ ਮੁਖ ਖੋਲੈ ਕਭਓਂ ਨੈਨ ਦੇਤ ਹੈ ਰੋਯ॥੧੬੯॥**

**ਅਰਥ**—ਸਤਿਗੁਰੂ ਰਵਿਦਾਸ ਜੀ ਮਹਾਰਾਜ ਫਰਮਾਉਂਦੇ ਹਨ ਕਿ ਸੱਚਾ ਪ੍ਰੇਮ ਕਦੀ ਛੁਪਦਾ ਨਹੀਂ ਹੈ। ਜੀਵ ਭਾਵੇਂ ਲੱਖ ਉਪਾਅ ਕਰ ਲਵੇ। ਸੱਚੇ ਪ੍ਰੇਮ ਦਾ ਸੁੱਖ ਕਦੇ ਵੀ ਬੋਲ ਕੇ ਬਿਆਨ ਨਹੀਂ ਕੀਤਾ ਜਾ ਸਕਦਾ। ਸੱਚਾ ਪ੍ਰੇਮ ਅੱਖਾਂ 'ਚੋਂ ਹੰਝੂ ਬਣ ਕੇ ਪ੍ਰਗਟ ਹੋ ਜਾਂਦਾ ਹੈ।

## 30. ਸ੍ਰੇਸ਼ਟ ਮਾਰਗ

**ਰਵਿਦਾਸ ਸਦਾ ਹੀ ਰਾਖੀਏ ਮਨ ਮੰਹਿ ਸਹਜ ਸੁਭਾਓ।**
**ਰਾਖੇ ਨਹੀਂ ਕੁਪੰਥ ਪਗ ਜੌਂ ਲੋਰੌਂ ਸੁਖ ਚਾਓ॥੧੭੦॥**

**ਅਰਥ**—ਸਤਿਗੁਰੂ ਰਵਿਦਾਸ ਜੀ ਮਹਾਰਾਜ ਪਰਮਾਤਮਾ ਦੇ ਨਾਮ ਜਪਣ ਰੂਪੀ ਸ੍ਰੇਸ਼ਟ ਮਾਰਗ 'ਤੇ ਚੱਲਣ ਦਾ ਉਪਦੇਸ਼ ਦਿੰਦੇ ਹਨ ਕਿ ਜੀਵ ਨੂੰ ਹਮੇਸ਼ਾ ਹੀ ਸਹਿਜ ਸੁਭਾਅ ਆਪਣੇ ਹਿਰਦੇ ਵਿਚ ਪ੍ਰਭੂ ਦਾ ਨਾਮ ਵਸਾਉਣਾ ਚਾਹੀਦਾ ਹੈ। ਜਿਸ ਜੀਵ ਨੂੰ ਪਰਮ-ਆਨੰਦ ਦੀ ਚਾਹਤ ਹੈ ਉਸ ਨੂੰ ਕਦੇ ਵੀ ਖੋਟੇ ਮਾਰਗ 'ਤੇ ਪੈਰ ਨਹੀਂ ਰੱਖਣਾ ਚਾਹੀਦਾ।

**ਜੋ ਜਨ ਦੁਸ਼ਟ ਕੁਮਾਰਗੀ ਬਇਠਹਿ ਨਹੀਂ ਤਿੰਹ ਪਾਸ।**
**ਜੋ ਜਨ ਸੰਤ ਸੁਮਾਰਗੀ ਤਿਨ ਪਾਯ ਲਾਗੋ ਰਵਿਦਾਸ॥੧੭੧॥**

**ਅਰਥ—**ਜੋ ਜੀਵ ਬੁਰੇ ਸੁਭਾਅ ਅਤੇ ਖੋਟੇ ਮਾਰਗ 'ਤੇ ਚੱਲਣ ਵਾਲੇ ਹਨ ਕਦੀ ਵੀ ਉਨ੍ਹਾਂ ਦੇ ਪਾਸ ਨਹੀਂ ਬੈਠਣਾ ਚਾਹੀਦਾ। ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜੋ ਪਰਮਾਤਮਾ ਦਾ ਨਾਮ ਜਪਦੇ ਹਨ ਅਤੇ ਜੀਵਾਂ ਨੂੰ ਜਪਾਉਂਦੇ ਹਨ ਐਸੇ ਸ਼੍ਰੇਸ਼ਟ ਮਾਰਗ ਤੇ ਚੱਲਣ ਵਾਲੇ ਸੰਤਾਂ ਦੇ ਚਰਨਾਂ ਵਿਚ ਜੀਵ ਨੂੰ ਹਮੇਸ਼ਾ ਹੀ ਰਹਿਣਾ ਚਾਹੀਦਾ ਹੈ।

## 31. ਬੇਗਮਪੁਰਾ ਵਤਨ

**ਰਵਿਦਾਸ ਜੁ ਹੈ ਬੇਗਮਪੁਰਾ ਉਹ ਪੂਰਨ ਸੁਖ ਧਾਮ।**
**ਦੁਖ ਅੰਦੋਹ ਅਰੁ ਦ੍ਵੇਸ਼ਭਾਵ ਨਾਂਹਿ ਬਸਹਿੰ ਤਿਹਿੰ ਠਾਮ॥੧੭੨॥**

**ਅਰਥ—**ਸਤਿਗੁਰੂ ਰਵਿਦਾਸ ਜੀ ਮਹਾਰਾਜ ਫਰਮਾਉਂਦੇ ਹਨ ਕਿ ਜਦੋਂ ਜੀਵ ਪ੍ਰਭੂ ਦਾ ਸਿਮਰਨ ਕਰਕੇ ਪ੍ਰਭੂ ਨਾਲ ਮਿਲ ਜਾਂਦਾ ਹੈ ਉਹ 'ਬੇਗਮਪੁਰਾ' ਹੈ। ਜਿਥੇ ਪਹੁੰਚਣ ਨਾਲ ਹਰ ਜੀਵ ਗਮ ਤੋਂ ਰਹਿਤ ਹੋ ਜਾਂਦਾ ਹੈ। ਜਿੱਥੇ ਪ੍ਰਭੂ ਦੇ ਪਰਮ-ਆਨੰਦ ਰੂਪੀ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਜਿੱਥੇ ਕੋਈ ਦੁੱਖ, ਸ਼ੋਕ ਅਤੇ ਦਵੈਤ ਭਾਵ ਨਹੀਂ ਹੈ।

**ਦੂਸਰਾ ਅਰਥ—**ਸਤਿਗੁਰੂ ਰਵਿਦਾਸ ਜੀ ਮਹਾਰਾਜ ਨੇ ਸਮੁੱਚੇ ਵਿਸ਼ਵ ਵਿਚ 'ਬੇਗਮਪੁਰਾ ਵਤਨ' ਨੂੰ ਸਥਾਪਤ ਕਰਨ ਦਾ ਪਾਵਨ ਸੰਕਲਪ ਦਿੱਤਾ ਹੈ ਜਿਸ ਵਿਚ ਰਹਿਣ ਵਾਲਾ ਹਰ ਜੀਵ ਭੇਦ-ਭਾਵ ਰੂਪੀ ਗ਼ਮ ਤੋਂ ਰਹਿਤ ਹੋਵੇ ਅਤੇ ਸਭ ਜੀਵਾਂ ਲਈ ਪੂਰਨ ਸੁੱਖ ਦਾ ਸਥਾਨ ਹੋਵੇ। ਜਿੱਥੇ ਕਿਸੇ ਨੂੰ ਭੇਦ-ਭਾਵ ਦਾ ਦੁੱਖ, ਸ਼ੋਕ ਅਤੇ ਦੂਸਰੇ ਦਰਜੇ ਦਾ ਨਾਗਰਿਕ ਨਾ ਸਮਝਿਆ ਜਾਂਦਾ ਹੋਵੇ।

**ਰਵਿਦਾਸ ਮਨੁਖ ਕਰਿ ਬਸਨ ਕੂੰ ਸੁਖ ਕਰ ਹੈ ਦੁਇ ਠਾਂਵ।**
**ਇਕ ਸੁਖ ਹੈ ਸਵ-ਰਾਜ ਮਂਹਿ ਦੂਸਰ ਮਰਘਟ ਗਾਂਵ॥੧੭੩॥**

**ਅਰਥ—**ਸਤਿਗੁਰੂ ਰਵਿਦਾਸ ਜੀ ਮਹਾਰਾਜ ਐਸੇ ਸਵਰਾਜ ਦੀ ਸਥਾਪਨਾ 'ਤੇ ਜ਼ੋਰ ਦਿੰਦੇ ਹਨ ਜਿੱਥੇ ਜੀਵ ਨੂੰ ਸਭ ਮਾਨਵੀ ਅਧਿਕਾਰ ਪ੍ਰਾਪਤ ਹੋਣ। ਇਸ ਸੰਸਾਰ ਵਿਚ ਮਨੁੱਖ ਦੇ ਸੁੱਖ ਪ੍ਰਾਪਤ ਕਰਨ ਦੇ ਦੋ ਹੀ ਸਥਾਨ ਹਨ ਪਹਿਲਾਂ ਸੁੱਖ ਸਵਰਾਜ ਵਿਚ ਜਿੱਥੇ ਹਰ ਜੀਵ ਨੂੰ ਸਮਾਨ ਅਧਿਕਾਰ ਪ੍ਰਾਪਤ ਹੋਣ। ਇਸ ਨਾਲ ਜੀਵ ਇਸ ਸੰਸਾਰ ਵਿਚ ਰਹਿ ਕੇ ਪ੍ਰਭੂ ਦਾ ਸਿਮਰਨ ਕਰਕੇ ਆਪਣਾ ਜੀਵ ਸਫ਼ਲ ਕਰ ਸਕਦਾ ਹੈ ਅਤੇ ਦੂਸਰਾ ਸੁੱਖ ਜੀਵ ਨੂੰ ਪ੍ਰਭੂ ਦਾ ਸਿਮਰਨ ਕਰਕੇ ਆਪਣਾ ਜੀਵਨ ਸਫ਼ਲ ਕਰਕੇ ਇਸ ਸੰਸਾਰ ਅਤੇ ਮਰਨ ਤੋਂ ਬਾਅਦ ਵੀ ਪ੍ਰਾਪਤ ਹੁੰਦਾ ਹੈ।



**ਐਸਾ ਚਾਹੂੰ ਰਾਜ ਮੈਂ ਜਹਾਂ ਮਿਲੈ ਸਭਨ ਕੋ ਅੰਨ।**
**ਛੋਟ-ਬੜੇ ਸਭ ਸਮ ਬਸੈ ਰਵਿਦਾਸ ਰਹੇ ਪ੍ਰਸੰਨ॥੧੭੪॥**

**ਅਰਥ—**ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਮੈਂ ਇਸ ਤਰ੍ਹਾਂ ਦਾ ਰਾਜ ਚਾਹੁੰਦਾ ਹਾਂ ਜਿੱਥੇ ਸਭ ਜੀਵਾਂ ਨੂੰ ਬਰਾਬਰ ਅਧਿਕਾਰ ਪ੍ਰਾਪਤ ਹੋਣ ਅਤੇ ਜੀਵਨ ਦੀਆਂ ਮੁੱਢਲੀਆਂ ਜ਼ਰੂਰਤਾਂ ਪ੍ਰਾਪਤ ਹੋਣ। ਸਭਨਾਂ ਨੂੰ ਖਾਣ ਲਈ ਅੰਨ ਪ੍ਰਾਪਤ ਹੋਵੇ। ਕੋਈ ਵੀ ਜੀਵ ਭੁੱਖਾ ਨਾ ਰਹੇ। ਛੋਟੇ ਅਤੇ ਵੱਡੇ ਦਾ ਕੋਈ ਭੇਦ-ਭਾਵ ਨਾ ਹੋਵੇ, ਸਭ ਜੀਵ ਮਾਨਵ ਦੇ ਤੌਰ 'ਤੇ ਬਰਾਬਰ ਹੋਣ। ਮੈਂ ਐਸੇ ਰਾਜ ਨੂੰ ਦੇਖ ਕੇ ਪ੍ਰਸੰਨ ਰਹਾਂਗਾ।

## 32. ਸੱਚੀ ਸੇਵਾ

**ਮਨ ਮਂਹਿ ਸਤਿ ਸੰਤੋਖ ਰਖਹੁ ਸਭ ਕਰਿ ਸੇਵਾ ਲਾਗ।**
**ਸੇਵਾ ਸਭ ਕਛੁ ਦੇਤ ਹੈ ਰਵਿਦਾਸ ਸੇਵੰਹਿ ਮਤਿ ਤਿਆਗ॥੧੭੫॥**

**ਅਰਥ—**ਸਤਿਗੁਰੂ ਰਵਿਦਾਸ ਜੀ ਮਹਾਰਾਜ ਮਾਨਵਤਾ ਦੀ ਸੱਚੀ ਸੇਵਾ ਕਰਨ ਦਾ ਉਪਦੇਸ਼ ਦਿੰਦੇ ਹਨ ਕਿ ਜੀਵ ਨੂੰ ਮਨ ਵਿਚ ਸੱਤ ਸੰਤੋਖ ਰਖ ਕੇ ਸਭ ਦੀ ਸੇਵਾ ਕਰਨੀ ਚਾਹੀਦੀ ਹੈ। ਸੇਵਾ ਨਾਲ ਹੀ ਜੀਵ ਨੂੰ ਸਭ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ। ਇਸ ਲਈ ਜੀਵ ਨੂੰ ਕਦੀ ਵੀ ਸੇਵਾ ਦਾ ਤਿਆਗ ਨਹੀਂ ਕਰਨਾ ਚਾਹੀਦਾ।

**ਦੀਨ ਦੁਖੀ ਕਰਿ ਸੇਵ ਮਂਹਿ ਲਾਗ ਰਹਿਯੋ ਰਵਿਦਾਸ।**
**ਨਿਸ ਬਾਸਰ ਕੀ ਸੇਵਾ ਸੌਂ ਪ੍ਰਭੁ ਮਿਲਨ ਕੀ ਆਸ॥੧੭੬॥**

**ਅਰਥ—**ਜੀਵ ਨੂੰ ਦੀਨ ਦੁਖੀਆਂ ਦੀ ਸੇਵਾ ਵਿਚ ਲੱਗੇ ਰਹਿਣਾ ਚਾਹੀਦਾ ਹੈ। ਰਾਤ ਦਿਨ ਇਸ ਸੱਚੀ ਸੇਵਾ ਸਦਕਾ ਜੀਵ ਦੇ ਮਨ ਵਿਚ ਪ੍ਰਭੂ ਮਿਲਨ ਦੀ ਆਸ ਹੁੰਦੀ ਹੈ।

**ਧੁਆਂ ਤਪਨ ਮਂਹਿ ਕਾ ਧਰਾ ਧੂਮ ਤਪਨ ਹੀ ਤਿਆਗ।**
**ਰਵਿਦਾਸ ਮਿਲਿਹੈ ਮੋਖ ਧਾਮ ਸੇਵਾ ਹੀ ਤਪ ਆਗ॥੧੭੭॥**

**ਅਰਥ—**ਜੇਕਰ ਜੀਵ ਅੰਦਰ ਪ੍ਰਭੂ ਅਤੇ ਮਾਨਵਤਾ ਲਈ ਪ੍ਰੇਮ ਨਹੀਂ ਹੈ ਤਾਂ ਧੂਣੀ ਤਪਾ ਕੇ ਤਪ ਕਰਨ ਦਾ ਉਸਨੂੰ ਕੋਈ ਲਾਭ ਨਹੀਂ ਹੈ। ਇਸ ਲਈ ਐਸੇ ਤਪ ਕਰਨ ਦਾ ਤਿਆਗ ਕਰ ਦੇਣਾ ਚਾਹੀਦਾ ਹੈ। ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜੀਵ ਨੂੰ ਮਾਨਵਤਾ ਦੀ ਸੇਵਾ ਕਰਨ ਰੂਪੀ ਸ੍ਰੇਸ਼ਟ ਤਪ ਕਰਨ ਨਾਲ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ।

## 33. ਸੱਚਾ ਉਪਦੇਸ਼

**ਰਵਿਦਾਸ ਰਾਤ ਨ ਸੋਇਯੇ ਦਿਵਸ ਨ ਕਰਿਯੇ ਸਵਾਦ।**
**ਅਹ-ਨਿਸਿ ਹਰਿ ਜੀ ਸੁਮਿਰਿਯੇ**
**ਛਾਂਡਿ ਸਕਲ ਪ੍ਰਤਿਵਾਦ ॥੧੭੮॥**

**ਅਰਥ**—ਸਤਿਗੁਰੂ ਰਵਿਦਾਸ ਜੀ ਮਹਾਰਾਜ ਪਾਵਨ ਉਪਦੇਸ਼ ਦਿੰਦੇ ਹਨ ਜੀਵ ਨੂੰ ਰਾਤ ਸੌਂ ਕੇ ਹੀ ਨਹੀਂ ਗੁਜ਼ਾਰਨੀ ਚਾਹੀਦੀ ਅਤੇ ਦਿਨ ਸੰਸਾਰ ਦੇ ਸਵਾਦਾਂ ਵਿਚ ਨਹੀਂ ਗੁਜ਼ਾਰਨਾ ਚਾਹੀਦਾ। ਸਗੋਂ ਰਾਤ ਦਿਨ ਪ੍ਰਭੂ ਦਾ ਸਿਮਰਨ ਕਰਦੇ ਹੋਏ ਵਾਦ-ਵਿਵਾਦ ਅਤੇ ਸਾਰੇ ਝਮੇਲਿਆਂ ਨੂੰ ਖਤਮ ਕਰਕੇ ਆਪਣਾ ਮਨੁੱਖਾ ਜਨਮ ਸਫਲ ਕਰਨਾ ਚਾਹੀਦਾ ਹੈ।

**ਰਵਿਦਾਸ ਤੂੰ ਕਾਂਵਚ ਫਲੀ ਤੁਝੇ ਨ ਛੀਵੈ ਕੋਯ।**
**ਤੈਂ ਨਿਜ ਨਾਂਮ ਨ ਜਾਨਿਯਾਂ ਭਲਾ ਕਹਾ ਤੇ ਹੋਯ ॥੧੭੯॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਹੇ ਜੀਵ! ਜੇਕਰ ਤੂੰ ਪ੍ਰਭੂ ਦਾ ਸਿਮਰਨ ਨਹੀਂ ਕਰਦਾ ਤਾਂ ਤੇਰਾ ਜੀਵਨ ਕੌਂਚ ਫਲੀ ਦੇ ਸਮਾਨ ਹੈ। ਜਿਵੇਂ ਕੌਂਚ ਫਲੀ ਨੂੰ ਛੂਹਣ ਨਾਲ ਸਰੀਰ ਵਿਚ ਜਲਨ ਪੈਦਾ ਹੋ ਜਾਂਦੀ ਹੈ। ਇਸੇ ਤਰ੍ਹਾਂ ਪਰਮਾਤਮਾ ਨੂੰ ਭੁੱਲ ਕੇ ਜੀਵ ਵਿਚ ਦੂਸ਼ਣ ਪੈਦਾ ਹੋ ਜਾਂਦੇ ਹਨ ਅਤੇ ਕੌਂਚ ਦੀ ਫਲੀ ਦੀ ਤਰ੍ਹਾਂ ਜੀਵ ਨੂੰ ਕੋਈ ਛੂਹਣਾ ਵੀ ਪਸੰਦ ਨਹੀਂ ਕਰਦਾ। ਹੇ ਜੀਵ ਤੂੰ ਨਿਜ ਨਾਮ ਨੂੰ ਨਹੀਂ ਜਾਣਿਆ ਫਿਰ ਤੇਰਾ ਭਲਾ ਕਿਵੇਂ ਹੋ ਸਕਦਾ ਹੈ ? ਭਾਵ ਪ੍ਰਭੂ ਦੇ ਨਾਮ ਤੋਂ ਬਿਨਾਂ ਜੀਵ ਦਾ ਜੀਵਨ ਬੇਅਰਥ ਹੈ।

**ਅੰਤਰ ਗਤਿ ਰਾਂਚੈ ਨਹੀਂ ਬਾਹਰ ਕਰੈ ਉਜਾਸ।**
**ਤੇ ਨਰ ਜਮਪੁਰ ਜਾਹਿਗੇ ਸਤਿ ਭਾਖੈ ਰਵਿਦਾਸ ॥੧੮੦॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਮੈਂ ਇਹ ਸਤਿ ਉਚਾਰਨ ਕਰਦਾ ਹਾਂ ਕਿ ਜੋ ਜੀਵ ਆਪਣੇ ਮਨ ਅੰਦਰ ਪ੍ਰਭੂ ਦਾ ਸਿਮਰਨ ਨਹੀਂ ਕਰਦਾ ਅਤੇ ਬਾਹਰ ਪ੍ਰਭੂ ਪ੍ਰੇਮ ਦਾ ਦਿਖਾਵਾ ਕਰਦਾ ਹੈ ਉਹ ਜੀਵ ਜ਼ਰੂਰ ਹੀ ਜਮਲੋਕ ਨੂੰ ਜਾਵੇਗਾ।

**ਸਬ ਸੁਖ ਪਾਵੈਂ ਜਾਸੁ ਤੇਂ ਸੋ ਹਰਿ ਜੂ ਕੋ ਦਾਸ।**
**ਕੋਉ ਦੁਖ ਪਾਵੈ ਜਾਸੁ ਤੇ ਸੋ ਨ ਦਾਸ ਰਵਿਦਾਸ ॥੧੮੧॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਪ੍ਰਭੂ ਦਾ ਦਾਸ ਉਹ ਜੀਵ ਹੈ ਜਿਸ ਦੇ ਮਿਲਣ ਨਾਲ ਸਭ ਨੂੰ ਸੁੱਖ ਪ੍ਰਾਪਤ ਹੁੰਦਾ ਹੈ ਅਤੇ ਜਿਸ ਦੇ ਮਿਲਣ ਨਾਲ ਕਿਸੇ ਜੀਵ ਨੂੰ ਦੁੱਖ ਪ੍ਰਾਪਤ ਹੁੰਦਾ ਹੈ ਉਹ ਪ੍ਰਭੂ ਦਾ ਦਾਸ ਨਹੀਂ ਹੈ।



**ਹਰਿ ਗੁਰ ਸਾਧ ਸਮਾਨ ਚਿਤ ਨਿਤ ਆਗਮ ਤੱਤ ਮੂਲ।**
**ਇਨ ਬਿਚ ਅੰਤਰ ਜਿਨ ਪਰੌਂ ਕਰਵਤ ਸਹਨ ਕਬੂਲ ॥੧੮੨॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਪ੍ਰਭੂ, ਗੁਰੂ ਅਤੇ ਸੰਤ ਇਨ੍ਹਾਂ ਵਿਚ ਕੋਈ ਅੰਤਰ ਨਹੀਂ ਹੈ, ਇਨ੍ਹਾਂ ਸਭਨਾਂ ਨੂੰ ਇਕ ਸਮਾਨ ਜਾਨਣਾ ਚਾਹੀਦਾ ਹੈ। ਇਹ ਹੀ ਧਾਰਮਿਕ ਗ੍ਰੰਥਾਂ ਦਾ ਮੂਲ ਤੱਤ ਹੈ। ਇਸ ਮੂਲ-ਤੱਤ ਵਿਚ ਜੋ ਅੰਤਰ ਕਰੇਗਾ ਉਸਨੂੰ ਕਰਵੱਤ ਆਰੇ ਦੇ ਸਮਾਨ ਦੁੱਖ ਸਹਿਣਾ ਪਵੇਗਾ।

## 34. ਜੀਵ ਹੱਤਿਆ ਦਾ ਖੰਡਨ

**ਰਵਿਦਾਸ ਜੀਵ ਕੂੰ ਮਾਰਿ ਕਰ ਕੈਸੋ ਮਿਲੰਹਿ ਖੁਦਾਯ।**
**ਪੀਰ ਪੈਗੰਬਰ ਔਲੀਯਾ ਕੋਉ ਨ ਕਹਇ ਸਮੁਝਾਯ ॥੧੮੩॥**

**ਅਰਥ**—ਸਤਿਗੁਰੂ ਰਵਿਦਾਸ ਜੀ ਜੀਵ ਹੱਤਿਆ ਦਾ ਖੰਡਨ ਕਰਦੇ ਹੋਏ ਪਾਵਨ ਉਪਦੇਸ਼ ਦਿੰਦੇ ਹਨ ਕਿ ਮਾਨਵ ਨੂੰ ਕਦੇ ਵੀ ਜੀਵ ਹੱਤਿਆ ਨਹੀਂ ਕਰਨੀ ਚਾਹੀਦੀ। ਜੀਵ ਨੂੰ ਮਾਰ ਕੇ ਖੁਦਾ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ ? ਕਿਸੇ ਵੀ ਪੀਰ ਪੈਗੰਬਰ ਅਤੇ ਔਲੀਆ ਨੇ ਇਹ ਨਹੀਂ ਸਮਝਾਇਆ ਕਿ ਜੀਵ ਹੱਤਿਆ ਕਰਨ ਨਾਲ ਖੁਦਾ ਦੀ ਪ੍ਰਾਪਤੀ ਹੁੰਦੀ ਹੈ।

**ਰਵਿਦਾਸ ਜੋ ਪੋਸ਼ਣ ਹੇਤ ਗਉ ਬਕਰੀ ਨਿਤ ਖਾਯ।**
**ਪੜਈ ਨਮਾਜੈਂ ਰਾਤ ਦਿਨ ਤਬਹੁੰ ਭਿਸਤ ਨ ਪਾਯ ॥੧੮੪॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜੋ ਜੀਵ ਆਪਣੇ ਸਰੀਰ ਦਾ ਪਾਲਣ ਪੋਸ਼ਣ ਕਰਨ ਲਈ ਗਾਂ, ਬੱਕਰੀ ਆਦਿ ਖਾਂਦੇ ਹਨ ਉਹ ਭਾਵੇਂ ਅੱਲਾ ਦੀ ਪ੍ਰਾਪਤੀ ਲਈ ਦਿਨ ਰਾਤ ਨਮਾਜਾਂ ਪੜ੍ਹਦੇ ਰਹਿਣ ਉਨ੍ਹਾਂ ਨੂੰ ਕਦੇ ਵੀ ਬੈਕੁੰਠ ਧਾਮ ਦੀ ਪ੍ਰਾਪਤੀ ਨਹੀਂ ਹੁੰਦੀ।

**ਰਵਿਦਾਸ ਮੂੰਡਹ ਕਾਟਿ ਕਰਿ ਮੂਰਖ ਕਹਤ ਹਲਾਲ।**
**ਗਲਾ ਕਟਾਵਹੁ ਅਪਨਾ ਤਉ ਕਾ ਹੋਇਹਿ ਹਾਲ ॥੧੮੫॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਮੂਰਖ ਜੀਵ ਹੌਲੀ-ਹੌਲੀ ਜਾਨਵਰ ਦਾ ਗਲਾ ਕੱਟਣ ਨੂੰ ਹਲਾਲ ਕਹਿੰਦਾ ਹੈ ਉਹ ਇਸੇ ਤਰ੍ਹਾਂ ਆਪਣਾ ਗਲਾ ਤਾਂ ਕੱਟ ਕੇ ਦੇਖੇ ਤਾਂ ਫਿਰ ਲੱਗੇਗਾ ਕੀ ਹਾਲ ਹੁੰਦਾ ਹੈ?

**ਰਵਿਦਾਸ ਜੋ ਆਪਨ ਹੇਤ ਹੀ ਪਰ ਕੂੰ ਮਾਰਨ ਜਾਈ।**
**ਮਾਲਕ ਕੇ ਦਰ ਜਾਇ ਕਰਿ ਭੋਗਹਿਂ ਕੜੀ ਸਜਾਈ ॥੧੮੬॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜੋ ਜੀਵ ਆਪਣੇ ਲਈ ਦੂਸਰੇ ਨੂੰ ਮਾਰਦਾ ਹੈ ਉਸ ਨੂੰ ਈਸ਼ਵਰ ਦੇ ਦਰਬਾਰ ਵਿਚ ਜਾ ਕੇ ਬੜੀ ਕਠਿਨ ਸਜ਼ਾ ਭੋਗਣੀ ਪੈਂਦੀ ਹੈ।

**ਪ੍ਰਾਨੀ ਬਧ ਨਹਿੰ ਕੀਜਿਯਹਿ ਜੀਵਹ ਬ੍ਰਹਮ ਸਮਾਨ।**
**ਰਵਿਦਾਸ ਪਾਪ ਨਹੰ ਛੂਟਈ ਕਰੋਰ ਗਉਨ ਕਰਿ ਦਾਨ ॥੧੮੭॥**

**ਅਰਥ**—ਸਤਿਗੁਰੂ ਰਵਿਦਾਸ ਜੀ ਫ਼ੁਰਮਾਉਂਦੇ ਹਨ ਕਿ ਮਾਨਵ ਨੂੰ ਕਦੇ ਵੀ ਜੀਵ ਹੱਤਿਆ ਨਹੀਂ ਕਰਨੀ ਚਾਹੀਦੀ ਕਿਉਂਕਿ ਸਭ ਜੀਵਾਂ ਵਿਚ ਪ੍ਰਭੂ ਦੀ ਅੰਸ਼ ਆਤਮਾ ਸਮਾਨ ਰੂਪ ਵਿਚ ਸਮਾਈ ਹੋਈ ਹੈ। ਜੀਵ ਹੱਤਿਆ ਕਰਨ ਵਾਲੇ ਜੀਵ ਦੇ ਪਾਪ ਦੀ ਕਦੇ ਵੀ ਨਵਿਰਤੀ ਨਹੀਂ ਹੁੰਦੀ ਭਾਵੇਂ ਉਹ ਕਰੋੜਾਂ ਗਊਆਂ ਦਾਨ ਕਰ ਦੇਵੇ।

**ਰਵਿਦਾਸ ਜਿਭਯਾ ਸਵਾਦ ਬਸ ਜਉ ਮਾਂਸ ਮਛਰੀਆਂ ਖਾਯ।**
**ਨਾਹਕ ਜੀਵ ਮਾਰਨ ਬਦਲ ਆਪਨ ਸੀਸ ਕਟਾਯ॥੧੮੮॥**

**ਅਰਥ**—ਸ਼੍ਰੀ ਗੁਰੂ ਰਵਿਦਾਸ ਜੀ ਸਤ ਉਪਦੇਸ਼ ਸੁਣਾਉਂਦੇ ਹਨ ਕਿ ਜੋ ਲੋਕ ਆਪਣੀ ਜੀਭ ਦੇ ਸਵਾਦ ਲਈ ਮਾਸ, ਮੱਛਲੀ ਆਦਿਕ ਖਾਂਦੇ ਹਨ, ਉਨ੍ਹਾਂ ਨੂੰ ਨਿਰਦੋਸ਼ ਜੀਵ ਮਾਰਨ ਬਦਲੇ ਸਜ਼ਾ ਭੁਗਤਣੀ ਪਵੇਗੀ ਅਤੇ ਉਨ੍ਹਾਂ ਦਾ ਆਪਣਾ ਸੀਸ ਵੀ ਇਕ ਦਿਨ ਕੱਟਿਆ ਜਾਵੇਗਾ।

**ਰਵਿਦਾਸ ਜੀਵ ਮਤ ਮਾਰਹਿੰ ਇਕ ਸਾਹਿਬ ਸਭ ਮਾਂਹਿ।**
**ਸਭ ਮਾਂਹਿ ਏਕਓ ਆਤਮਾ ਦੂਸਰਹ ਕੋਓ ਨਾਂਹਿ॥੧੮੯॥**

**ਅਰਥ**—ਸਤਿਗੁਰੂ ਰਵਿਦਾਸ ਜੀ ਸਮਝਾਉਂਦੇ ਹਨ ਕਿ ਮਾਨਵ ਨੂੰ ਕਦੇ ਵੀ ਜੀਵਾਂ ਨੂੰ ਮਾਰਨਾ ਨਹੀਂ ਚਾਹੀਦਾ। ਕਿਉਂਕਿ ਸਾਰਿਆਂ ਜੀਵਾਂ ਵਿਚ ਪ੍ਰਭੂ ਹੀ ਸਮਾਇਆ ਹੋਇਆ ਹੈ। ਇਸ ਲਈ ਸਾਰੇ ਜੀਵਾਂ ਵਿਚ ਇਕ ਹੀ ਆਤਮਾ ਹੈ ਹੋਰ ਦੂਸਰੀ ਕੋਈ ਆਤਮਾ ਨਹੀਂ ਹੈ।

## 35. ਮਾਂਸਾਹਾਰੀ–ਨਰਕ ਅਧਿਕਾਰੀ

**ਅਪਨਹ ਗੀਵ ਕਟਾਇਹੰ ਜੋ ਮਾਂਸ ਪਰਾਯਾ ਖਾਂਯ।**
**ਰਵਿਦਾਸ ਮਾਂਸ ਜੌ ਖਾਤ ਹੈਂ ਤੇ ਨਰ ਨਰਕਹਿੰ ਜਾਂਯ॥੧੯੦॥**

**ਅਰਥ**—ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀਵਾਂ ਨੂੰ ਸ਼ਾਕਾਹਾਰੀ ਜੀਵਨ ਬਤੀਤ ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ ਜੋ ਜੀਵ ਮਾਸ ਖਾਂਦੇ ਹਨ ਉਹ ਆਪਣਾ ਹੀ ਗਲਾ ਕਟਵਾਉਂਦੇ ਹਨ ਅਤੇ ਨਰਕਾਂ ਨੂੰ ਜਾਂਦੇ ਹਨ।

**ਦਯਾ ਭਾਵ ਹਿਰਦੈ ਨਹੀਂ ਭਖਹਿੰ ਪਰਾਯਾ ਮਾਂਸ।**
**ਤੇ ਨਰ ਨਰਕ ਮੰਹ ਜਾਇਹਿ ਸਤਿ ਭਾਖੈ ਰਵਿਦਾਸ॥੧੯੧॥**

**ਅਰਥ**—ਜਿਸ ਜੀਵ ਦੇ ਹਿਰਦੇ ਵਿਚ ਦਯਾ ਨਹੀਂ ਹੈ ਉਹ ਜੀਵ ਹੀ ਮਾਸ ਖਾਂਦੇ ਹਨ। ਐਸੇ ਜੀਵ ਨਰਕਾਂ ਨੂੰ ਜਾਂਦੇ ਹਨ। ਸਤਿਗੁਰੂ ਰਵਿਦਾਸ ਜੀ ਕਥਨ ਕਰਦੇ ਹਨ ਕਿ ਇਹ ਮੈਂ ਸਤਿ ਉਚਾਰਨ ਕਰਦਾ ਹਾਂ।

**ਜੀਵਤ ਕੂੰ ਮੁਰਦਾ ਕਰਿਹੰ ਅਰੁ ਖਾਇਹੰ ਮੁਰਦਾਰ।**
**ਮੁਰਦਾ ਸਮ ਸਭ ਹੋਇਹਿੰ ਕਹਿ ਰਵਿਦਾਸ ਬਿਚਾਰ॥੧੯੨॥**

**ਅਰਥ**—ਸਤਿਗੁਰੂ ਰਵਿਦਾਸ ਜੀ ਮਹਾਰਾਜ ਕਥਨ ਕਰਦੇ ਹਨ ਕਿ ਇਹ ਮੈਂ ਵਿਚਾਰ ਕੇ ਕਹਿੰਦਾ ਹਾਂ ਕਿ ਜੋ ਲੋਕ ਜਿਉਂਦੇ ਜੀਵਾਂ ਨੂੰ ਮਾਰ ਕੇ ਉਨ੍ਹਾਂ ਦਾ ਮਾਸ ਖਾਂਦੇ ਹਨ, ਉਹ ਜੀਵ ਮਰੇ ਹੋਏ ਜੀਵਾਂ ਦੇ ਸਮਾਨ ਹਨ।



## 36. ਪਰਾਧੀਨਤਾ ਪਾਪ ਹੈ

**ਪਰਾਧੀਨਤਾ ਪਾਪ ਹੈ ਜਾਨ ਲੇਹੁ ਰੇ ਮੀਤ।**
**ਰਵਿਦਾਸ ਦਾਸ ਪਰਾਧੀਨ ਸੋਂ ਕੌਨ ਕਰੈ ਹੈ ਪ੍ਰੀਤ॥੧੯੩॥**

**ਅਰਥ**—ਸਤਿਗੁਰੂ ਰਵਿਦਾਸ ਜੀ ਮਹਾਰਾਜ ਮਾਨਵਤਾ ਨੂੰ ਪਾਵਨ ਉਪਦੇਸ਼ ਦਿੰਦੇ ਹਨ ਕਿ ਪਰਾਧੀਨਤਾ ਦਾ ਜੀਵਨ ਪਾਪ ਦੇ ਸਮਾਨ ਹੈ ਇਸ ਲਈ ਪਰਾਧੀਨਤਾ ਤੋਂ ਮੁਕਤ ਹੋ ਕੇ ਜੀਵ ਨੂੰ ਅਣਖ ਵਾਲਾ ਜੀਵਨ ਜਿਉਣਾ ਚਾਹੀਦਾ ਹੈ। ਮੇਰੇ ਮਿਤਰੋ! ਪਰਾਏ ਦੇ ਅਧੀਨ ਰਹਿ ਕੇ ਜ਼ੁਲਮ ਸਹਿਨ ਕਰਨਾ ਪਾਪ ਹੈ। ਤੁਸੀਂ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣ ਲਉ। ਭਾਵ ਗੁਲਾਮੀ ਵਾਲਾ ਜੀਵਨ ਪਾਪ ਹੈ। ਜੋ ਜੀਵ ਗੁਲਾਮ ਹੈ ਉਸਨੂੰ ਸਭ ਦੁਰਕਾਰਦੇ ਹਨ ਅਤੇ ਉਸ ਨਾਲ ਕੋਈ ਵੀ ਪ੍ਰੀਤੀ ਨਹੀਂ ਕਰਦਾ।

**ਪਰਾਧੀਨ ਕੌ ਦੀਨ ਕਯਾ ਪਰਾਧੀਨ ਬੇਦੀਨ।**
**ਰਵਿਦਾਸ ਦਾਸ ਪ੍ਰਾਧੀਨ ਕੌ ਸਭਹੀ ਸਮਝੈ ਹੀਨ॥੧੯੪॥**

**ਅਰਥ**—ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜੋ ਜੀਵ ਪਰਾਏ ਅਧੀਨ ਹੈ, ਉਸ ਦਾ ਆਪਣਾ ਧਰਮ ਕੀ ਹੈ ? ਪਰਾਏ ਅਧੀਨ ਜੀਵ ਦਾ ਜੀਵਨ ਤਾਂ ਦੀਨ ਧਰਮ ਤੋਂ ਰਹਿਤ ਹੈ। ਐਸੇ ਗੁਲਾਮ ਜੀਵ ਨੂੰ ਸਾਰੇ ਹੀ ਨੀਚ ਸਮਝ ਕੇ ਉਸਦਾ ਨਿਰਾਦਰ ਕਰਦੇ ਹਨ।

*****

**ਰਵਿਦਾਸ ਸੰਸਾ ਜੀਵ ਮਹਿੰ, ਸਾਖੀ ਸੌਂ ਬਿਲਗਾਏ।**
**ਜੀਵਨ ਮਰਨ ਰਹਿਸ ਕੂੰ, ਸਾਖੀ ਕਹੈ ਸਮੁਝਾਏ॥੧੯੫॥**

**ਅਰਥ**—ਸਤਿਗੁਰੂ ਰਵਿਦਾਸ ਮਹਾਰਾਜ ਜੀ ਫਰਮਾਉਂਦੇ ਹਨ ਕਿ ਜੋ ਜੀਵ ਦੇ ਮਨ ਵਿਚ ਭਰਮ ਹੈ ਉਹ ਸਾਖ਼ਸ਼ੀ ਗੁਰੂ ਹੀ ਦੂਰ ਕਰ ਸਕਦਾ ਹੈ ਅਤੇ ਜਨਮ ਮਰਨ ਦੇ ਰਹੱਸ ਨੂੰ ਸਾਖੀ ਗੁਰੂ ਹੀ ਸਮਝਾਉਂਦਾ ਹੈ।

**ਰਵਿਦਾਸ ਰਾਤਿ ਨ ਸੋਵਿਏ, ਦਿਵਸ ਨ ਕਰਿਏ ਸੁਆਦ।**
**ਅਹਿ ਨਿਸਿ ਹਰਿ ਜੀ ਸਿਮਰਿਏ, ਛਾਡਿ ਸਗਲ ਪ੍ਰਤਿਵਾਦ॥੧੯੬॥**

**ਅਰਥ**—ਸਤਿਗੁਰੂ ਰਵਿਦਾਸ ਮਹਾਰਾਜ ਜੀ ਉਪਦੇਸ਼ ਦਿੰਦੇ ਹਨ ਕਿ ਜੀਵ ਨੂੰ ਰਾਤ ਕੇਵਲ ਸੌਂ ਕੇ ਨਹੀਂ ਗੁਜ਼ਾਰਨੀ ਚਾਹੀਦੀ ਅਤੇ ਦਿਨ ਕੇਵਲ ਖਾ ਕੇ ਨਹੀਂ ਗੁਜ਼ਾਰਨਾ ਚਾਹੀਦਾ। ਹਰ ਸਮੇਂ ਪ੍ਰਭੂ ਦਾ ਸਿਮਰਨ ਕਰਨਾ ਚਾਹੀਦਾ ਹੈ ਅਤੇ ਬਾਕੀ ਵਿਵਾਦਾਂ ਨੂੰ ਛੱਡ ਦੇਣਾ ਚਾਹੀਦਾ ਹੈ।

**ਸਾਧ ਸੰਗਤਿ ਪੂੰਜੀ ਭਇ, ਹੌਂ ਵਸਤ ਲਈ ਨਿਰਮੋਲ।**
**ਸਹਿਜ ਬਲਦਿਆ ਲਾਦਿ ਕਰਿ, ਚਲਿਓ ਲਹਨ ਪਿਵ ਮੋਲ॥੧੯੭॥**

**ਅਰਥ**—ਸਤਿਗੁਰੂ ਰਵਿਦਾਸ ਮਹਾਰਾਜ ਜੀ ਉਪਦੇਸ਼ ਦਿੰਦੇ ਹਨ ਕਿ ਸੰਤਾਂ ਦੀ ਸੰਗਤ ਵਿਚ ਪ੍ਰਭੂ ਦੇ ਨਾਮ ਰੂਪੀ ਨਿਰਮੋਲ ਵਸਤੂ ਪੂੰਜੀ ਪਈ ਹੈ। ਸਹਿਜ ਅਵਸਥਾ ਵਿਚ ਪਹੁੰਚ ਕੇ ਇਸ ਪੂੰਜੀ ਨੂੰ ਆਪਣੇ ਮਨ ਰੂਪੀ ਬੈਲ 'ਤੇ ਲੱਦ ਕੇ ਪ੍ਰਭੂ ਨੂੰ ਪ੍ਰਾਪਤ ਕਰਨਾ ਚਾਹੀਦਾ ਹੈ।

**ਜੈਸਾ ਰੰਗ ਸੈਂਬਲ ਕਰਿ, ਹੈ ਤੈਸਾ ਯਹਿ ਸੰਸਾਰ।**
**ਹੌਂ ਰੰਗ ਰੰਗੋ ਰਾਮ ਮਹਿੰ, ਭਣੈ ਰਵਿਦਾਸ ਬਿਚਾਰ॥੧੯੮॥**

**ਅਰਥ**—ਸਤਿਗੁਰੂ ਰਵਿਦਾਸ ਮਹਾਰਾਜ ਜੀ ਉਚਾਰਣ ਕਰਦੇ ਹਨ ਕਿ ਜਿਸ ਪ੍ਰਕਾਰ ਸੈਂਬਲ ਦਾ ਰੰਗ ਕੱਚਾ ਹੈ ਇਸੇ ਤਰ੍ਹਾਂ ਇਸ ਸੰਸਾਰ ਦਾ ਰੰਗ ਹੈ। ਪਰ ਮੈਂ ਪ੍ਰਭੂ ਦੇ ਰੰਗ ਵਿਚ ਰੰਗਿਆ ਗਿਆ ਹਾਂ।

**ਭੌ ਸਾਗਰ ਰਾ ਤਰਨ ਕੂੰ, ਏਕੋ ਨਾਮ ਅਧਾਰ।**
**ਰਵਿਦਾਸ ਕਭਊਂ ਨਹਿੰ ਛਾਡਿਏ ਰਾਮ ਨਾਮ ਪਤਵਾਰ॥੧੯੯॥**

**ਅਰਥ**—ਸਤਿਗੁਰੂ ਰਵਿਦਾਸ ਮਹਾਰਾਜ ਜੀ ਉਪਦੇਸ਼ ਦਿੰਦੇ ਹਨ ਕਿ ਸੰਸਾਰ ਰੂਪੀ ਭਵ-ਸਾਗਰ ਤੋਂ ਤਰਨ ਲਈ ਕੇਵਲ ਪ੍ਰਭੂ ਦਾ ਨਾਮ ਹੀ ਆਧਾਰ ਹੈ। ਇਸ ਲਈ ਜੀਵ ਨੂੰ ਕਦੀ ਵੀ ਪ੍ਰਭੂ ਦਾ ਨਾਮ ਨਹੀਂ ਛੱਡਣਾ ਚਾਹੀਦਾ।

**ਸੁਮਿਰਨ ਕੋਟਿ ਅਘਨ ਕੀ, ਹੋਵੈ ਸਮਨ ਰਵਿਦਾਸ।**
**ਜਿਊਂ ਕਿ ਅਘ ਨਿਰਮੂਲਿਏ, ਪਰਮ ਜੋਤ ਪਰਗਾਸ॥੨੦੦॥**

**ਅਰਥ**—ਸਤਿਗੁਰੂ ਰਵਿਦਾਸ ਮਹਾਰਾਜ ਜੀ ਉਪਦੇਸ਼ ਦਿੰਦੇ ਹਨ ਕਿ ਪ੍ਰਭੂ ਦਾ ਸਿਮਰਨ ਕਰੋੜਾਂ ਪਾਪਾਂ ਦੇ ਨਾਸ਼ ਕਰਨ ਵਾਲਾ ਹੈ। ਪ੍ਰਭੂ ਦੀ ਪਰਮ ਜੋਤ ਦੇ ਪ੍ਰਕਾਸ਼ ਸਾਹਮਣੇ ਸਾਰੇ ਔਗੁਣ ਅਤੇ ਦੁੱਖ ਨਾਸ਼ ਹੋ ਜਾਂਦੇ ਹਨ।

**ਰਾਮ ਨਾਮ ਜਿਹ ਰਮਿਓ, ਸੋਇ ਤਨੁ ਆਪੁ ਉਜਾਸ।**
**ਅੰਤ ਛਾਰ ਹ੍ਵੈ ਜਾਇਏ, ਵੇਗਿ ਚੇਤੁ ਰਵਿਦਾਸ॥੨੦੧॥**

ਅਰਥ—ਸਤਿਗੁਰੂ ਰਵਿਦਾਸ ਮਹਾਰਾਜ ਜੀ ਉਪਦੇਸ਼ ਦਿੰਦੇ ਹਨ ਕਿ ਜੋ ਜੀਵ ਪ੍ਰਭੂ ਦੇ ਨਾਮ ਵਿਚ ਰੰਗਿਆ ਗਿਆ ਓਹੀ ਸੰਸਾਰ ਵਿਚ ਸ੍ਰੇਸ਼ਟ ਹੈ, ਅੰਤ ਸਮੇਂ ਪ੍ਰਭੂ ਦੇ ਨਾਮ ਤੋਂ ਬਿਨਾਂ ਸਭ ਕੁਝ ਛੱਡ ਕੇ ਚਲੇ ਜਾਣਾ ਹੈ। ਇਸ ਲਈ ਤੂੰ ਛੇਤੀ ਤੋਂ ਛੇਤੀ ਪ੍ਰਭੂ ਨੂੰ ਯਾਦ ਕਰ।

**ਗੁਰੂ ਗਿਆਨ ਦੀਪਕ ਦਿਆ, ਬਾਤੀ ਦਇ ਜਲਾਇ।**
**ਰਵਿਦਾਸ ਹਰਿ ਭਗਤਿ ਕਾਰਨੈ, ਜਨਮ ਮਰਨ ਬਿਲਮਾਏ॥੨੦੨॥**

**ਅਰਥ**—ਸਤਿਗੁਰੂ ਰਵਿਦਾਸ ਮਹਾਰਾਜ ਜੀ ਉਪਦੇਸ਼ ਦਿੰਦੇ ਹਨ ਕਿ ਜਦੋਂ ਗੁਰੂ ਨੇ ਗਿਆਨ ਰੂਪੀ ਦੀਪਕ ਦਿੱਤਾ ਅਤੇ ਗਿਆਨ ਦੀ ਬੱਤੀ ਜਲਾ ਦਿੱਤੀ ਫਿਰ ਉਸ ਪ੍ਰਭੂ ਦੀ ਭਗਤੀ ਕਰਕੇ ਜਨਮ-ਮਰਨ ਰੂਪੀ ਦੁੱਖ ਦੂਰ ਹੋ ਜਾਂਦਾ ਹੈ।

**ਅੰਧਲਾ ਜੋ ਗੁਰੂ ਪਾਇਹਿ ਤੌ ਸ਼ਿਸ਼ ਭਇਓ ਨਿਰੰਖ।**
**ਰਵਿਦਾਸ ਗਿਆਨ ਚਾਸ਼ੁ ਬਿਨਾ, ਕਿਮਿ ਮਿਟਇ ਭ੍ਰਮ ਫੰਦ॥੨੦੩॥**

ਅਰਥ—ਸਤਿਗੁਰੂ ਰਵਿਦਾਸ ਮਹਾਰਾਜ ਜੀ ਉਪਦੇਸ਼ ਦਿੰਦੇ ਹਨ ਕਿ ਅਗਿਆਨੀ ਗੁਰੂ ਨੂੰ ਪ੍ਰਾਪਤ ਕਰਕੇ ਚੇਲਾ ਵੀ ਅਗਿਆਨੀ ਬਣ ਜਾਂਦਾ ਹੈ। ਪ੍ਰਭੂ ਦੇ ਗਿਆਨ ਦੇ ਦੀਪਕ ਤੋਂ ਬਿਨਾਂ ਜੀਵ ਦਾ ਭਰਮ ਦੂਰ ਨਹੀਂ ਹੋ ਸਕਦਾ।

**ਮਾਇਆ ਦੀਪਕੁ ਪੇਖਿ ਕਰਿ, ਨਰ ਪਤੰਗ ਅੰਧਿਆਏ।**
**ਰਵਿਦਾਸ ਗੁਰੂ ਰਾ ਗਿਆਨ ਜਿਨੁ, ਬਿਰਲਾ ਕੋ ਬਚਿ ਜਾਏ॥੨੦੪॥**

**ਅਰਥ**—ਸਤਿਗੁਰੂ ਰਵਿਦਾਸ ਮਹਾਰਾਜ ਜੀ ਉਪਦੇਸ਼ ਦਿੰਦੇ ਹਨ ਕਿ



ਮਾਇਆ ਰੂਪੀ ਦੀਪਕ ਨੂੰ ਦੇਖ ਕੇ ਜੀਵ ਰੂਪੀ ਪਤੰਗਾ ਉਸ ਵੱਲ ਖਚਿੱਤ ਹੋ ਕੇ ਮਰ ਜਾਂਦਾ ਹੈ। ਕੋਈ ਵਿਰਲਾ ਜੀਵ ਹੀ ਗੁਰੂ ਦੇ ਗਿਆਨ ਦੇ ਨਾਲ ਮਾਇਆ ਦੇ ਪ੍ਰਭਾਵ ਤੋਂ ਬਚ ਜਾਂਦਾ ਹੈ।

**ਨਿਹਚਲ ਆਨੰਦ ਨਿਧਿ ਮਿਲਿ, ਬਿਲਗੌ ਆਧਿ ਅਪਾਰ।**
**ਰਵਿਦਾਸ ਸੁਮਿਰਣ ਸਾਰ ਸੌਂ ਪਾਇਓ ਦਰਸ ਮੁਰਾਰ॥੨੦੫॥**

**ਅਰਥ**—ਸਤਿਗੁਰੂ ਰਵਿਦਾਸ ਮਹਾਰਾਜ ਜੀ ਉਪਦੇਸ਼ ਦਿੰਦੇ ਹਨ ਕਿ ਜੋ ਪ੍ਰਭੂ ਨਿਹਚਲ, ਆਨੰਦ ਭਰਪੂਰ ਅਤੇ ਸਾਰੇ ਖ਼ਜਾਨਿਆਂ ਦਾ ਮਾਲਕ ਹੈ। ਉਸਦਾ ਸਿਮਰਨ ਕਰਕੇ ਜੀਵ ਉਪਾਧੀਆਂ ਤੋਂ ਰਹਿਤ ਹੋ ਜਾਂਦਾ ਹੈ ਅਤੇ ਪ੍ਰਭੂ ਨੂੰ ਪ੍ਰਾਪਤ ਕਰ ਲੈਂਦਾ ਹੈ।

**ਪਲੁ ਪਲੁ ਛਿਨੁ ਛਿਨੁ ਸਿਮਰੀਏ, ਜੌ ਲੌਰ੍ਹੇ ਹਰਿ ਦੁਆਰ।**
**ਹਰਿ ਮਜਨੁ ਵਿਨ ਸਿਵ ਨਹੀਂ, ਭਣੈ ਰਵਿਦਾਸ ਚਮਾਰ॥੨੦੬॥**

**ਅਰਥ**—ਸਤਿਗੁਰੂ ਰਵਿਦਾਸ ਮਹਾਰਾਜ ਜੀ ਉਪਦੇਸ਼ ਦਿੰਦੇ ਹਨ ਕਿ ਜੇ ਕੋਈ ਜੀਵ ਹਰਿ ਦਾ ਨਿੱਜ ਘਰ ਪ੍ਰਾਪਤ ਕਰਨਾ ਚਾਹੁੰਦਾ ਹੈ ਤਾਂ ਉਹ ਹਰ ਪਲ ਹਰ ਛਿਨ ਹਰਿ ਦਾ ਸਿਮਰਨ ਕਰੇ। ਹਰਿ ਦੇ ਨਾਮ ਰੂਪੀ ਇਸ਼ਨਾਨ ਤੋਂ ਬਿਨਾਂ ਕਿਸੇ ਵੀ ਜੀਵ ਦਾ ਕਲਿਆਣ ਨਹੀਂ ਹੁੰਦਾ।

**ਭੌ ਸਾਗਰ ਦੁਤਰ ਅਤਿ, ਕਿਧੁੰ ਮੁਰਿਖ ਯਹੁ ਜਾਨ।**
**ਰਵਿਦਾਸ ਗੁਰੂ ਪਤਵਾਰ ਹੈ, ਨਾਮ ਨਾਵ ਕਰਿ ਜਾਨ॥੨੦੭॥**

**ਅਰਥ**—ਸਤਿਗੁਰੂ ਰਵਿਦਾਸ ਮਹਾਰਾਜ ਜੀ ਉਪਦੇਸ਼ ਦਿੰਦੇ ਹਨ ਕਿ ਹੇ ਮੂਰਖ ਜੀਵ! ਪ੍ਰਭੂ ਦੇ ਨਾਮ ਤੋਂ ਬਿਨਾਂ ਸੰਸਾਰ ਰੂਪੀ ਭਵਸਾਗਰ ਬਹੁਤ ਕਠਿਨ ਹੈ, ਕੇਵਲ ਗੁਰੂ ਹੀ ਹੈ ਜੋ ਜੀਵ ਨੂੰ ਪ੍ਰਭੂ ਦੇ ਨਾਮ ਰੂਪੀ ਬੇੜੀ ਵਿਚ ਬਿਠਾ ਕੇ ਪਾਰ ਕਰਦਾ ਹੈ।

**ਰਵਿਦਾਸ ਤਨੁ ਪਿਯਰੌ ਪਾਤਰਾ, ਝਰਤ ਨ ਲਾਗਇ ਬਾਰ।**
**ਜਰਾ ਮੀਚੁ ਜਿਊਂ ਆਵਇ, ਜਾਤ ਨ ਲਾਗਹਿੰ ਵਾਰ॥੨੦੮॥**

**ਅਰਥ**—ਸਤਿਗੁਰੂ ਰਵਿਦਾਸ ਮਹਾਰਾਜ ਜੀ ਉਪਦੇਸ਼ ਦਿੰਦੇ ਹਨ ਕਿ ਪ੍ਰਭੂ ਦੇ ਨਾਮ ਤੋਂ ਬਿਨਾਂ ਇਹ ਸਰੀਰ ਪੱਤਝੜ ਦੇ ਸਮਾਨ ਹੈ ਅਤੇ ਇਸ ਨੂੰ ਝੜਨ ਲੱਗਿਆਂ ਦੇਰੀ ਨਹੀਂ ਲੱਗਦੀ। ਬੁਢਾਪਾ ਆਉਣ 'ਤੇ ਸੰਸਾਰ ਛੱਡਣ ਵਿਚ ਦੇਰੀ ਨਹੀਂ ਲੱਗਦੀ।

**ਸੋਇ ਤਨ ਕੰਚਨ ਜਾਨਇ, ਜਿਹ ਤਨ ਨਾਮ ਪਰਗਾਸ।**
**ਰਵਿਦਾਸ ਰਾਮ ਚਿੰਤਾਮਣੀ, ਚਹੁੰ ਦਿਸ ਔਜ ਉਜਾਸ॥੨੦੯॥**

**ਅਰਥ**—ਸਤਿਗੁਰੂ ਰਵਿਦਾਸ ਮਹਾਰਾਜ ਜੀ ਉਪਦੇਸ਼ ਦਿੰਦੇ ਹਨ ਕਿ ਉਹੀ ਸਰੀਰ ਸੋਨੇ ਵਾਂਗ ਸ਼ੁੱਧ ਹੈ ਜਿਸ ਵਿਚ ਪ੍ਰਭੂ ਦੇ ਨਾਮ ਦਾ ਪ੍ਰਕਾਸ਼ ਹੈ। ਪ੍ਰਭੂ ਦਾ ਨਾਮ ਮਨਇੱਛਤ ਫ਼ਲ ਦੇਣ ਵਾਲੀ ਮਣੀ ਹੈ, ਜਿਸਦਾ ਸਿਮਰਨ ਕਰਨ ਨਾਲ ਜੀਵ ਦੀ ਹਰ ਪਾਸੇ ਸੋਭਾ ਹੁੰਦੀ ਹੈ।

**ਨਿਸ ਦਿਨ ਹਰਿ ਜੁ ਸਿਮਰਿਏ, ਤਿਆਗਿ ਜਗਤ ਕਰਿ ਧੰਦ।**
**ਰਵਿਦਾਸ ਸੰਤ ਸਹੇਲੜਾ, ਵਿਚਰਤ ਹੋਵੈ ਨਿਰਦੰਦ॥੨੧੦॥**

**ਅਰਥ**—ਸਤਿਗੁਰੂ ਰਵਿਦਾਸ ਮਹਾਰਾਜ ਜੀ ਉਪਦੇਸ਼ ਦਿੰਦੇ ਹਨ ਕਿ ਹਰ ਸਮੇਂ ਪ੍ਰਭੂ ਦਾ ਸਿਮਰਨ ਕਰਨਾ ਚਾਹੀਦਾ ਹੈ ਅਤੇ ਸੰਸਾਰ ਦੇ ਝੂਠੇ ਧੰਦਿਆਂ ਦਾ ਤਿਆਗ ਕਰਨਾ ਚਾਹੀਦਾ ਹੈ। ਸੰਤ ਇਸ ਸੰਸਾਰ ਵਿਚ ਜੀਵ ਦੇ ਸਹਾਇਕ ਹਨ ਜੋ ਪ੍ਰਭੂ ਨਾਲ ਮਿਲਾਉਂਦੇ ਹਨ।

**ਜੋ ਲੋਹਾ ਪਾਰਸ ਮਣਿ, ਹਿਨਰ ਕਿਰਨ ਦਮਕਾਏ।**
**ਰਵਿਦਾਸ ਰਾਮ ਪਾਰਸ ਮਣਿ, ਉਹ ਦਰਸ ਮਹਿਂ ਬੌਰਾਏ॥੨੧੧॥**

**ਅਰਥ**—ਸਤਿਗੁਰੂ ਰਵਿਦਾਸ ਮਹਾਰਾਜ ਜੀ ਉਪਦੇਸ਼ ਦਿੰਦੇ ਹਨ ਕਿ ਜਿਵੇਂ ਲੋਹਾ ਪਾਰਸ ਨਾਲ ਲੱਗ ਕੇ ਸ਼ੁੱਧ ਸੋਨਾ ਬਣ ਕੇ ਚਮਕਦਾ ਹੈ ਇਸ ਪ੍ਰਕਾਰ ਇਹ ਜੀਵ ਰੂਪੀ ਲੋਹਾ ਪ੍ਰਭੂ ਦੇ ਨਾਮ ਰੂਪੀ ਪਾਰਸ ਨਾਲ ਲੱਗ ਕੇ ਪਵਿੱਤਰ ਹੋ ਜਾਂਦਾ ਹੈ।

**ਸਮਾਧਿ ਥਿਤਿ ਹਵੈ ਸੰਤ ਜਨ, ਅਪਨਹੁ ਆਪ ਮਿਟਾਹਿਂ।**
**ਜਿਮਿ ਗੰਗ ਸਮੁੰਦ ਮਿਲਿ, ਰਵਿਦਾਸ ਸਮੁੰਦਹਿ ਬਿਲਾਂਹਿ॥੨੧੨॥**

**ਅਰਥ**—ਸਤਿਗੁਰੂ ਰਵਿਦਾਸ ਮਹਾਰਾਜ ਜੀ ਉਪਦੇਸ਼ ਦਿੰਦੇ ਹਨ ਕਿ ਜੋ ਸੰਤ ਆਪਣਾ ਆਪ ਮਿਟਾ ਦਿੰਦੇ ਹਨ ਉਹ ਸਮਾਧੀ ਵਿਚ ਬਹਿ ਕੇ ਪ੍ਰਭੂ ਨਾਲ ਜੁੜ ਜਾਂਦੇ ਹਨ, ਜਿਵੇਂ ਗੰਗਾ ਸਮੁੰਦਰ ਵਿਚ ਪੈ ਕੇ ਸਮੁੰਦਰ ਦਾ ਰੂਪ ਹੋ ਜਾਂਦੀ ਹੈ ਇਸ ਪ੍ਰਕਾਰ ਉਹ ਸੰਤ ਵੀ ਪ੍ਰਭੂ ਦਾ ਰੂਪ ਹੋ ਜਾਂਦਾ ਹੈ।

**ਅਨ ਭਾਵਤ ਨਿਯਰਾ ਬਸੈ, ਮਨ ਭਾਵਤਾਂ ਪਰਦੇਸ।**
**ਅਨ ਦੇਖੇ ਉਨ ਦਰਸ ਬਿਨ, ਹੋਵੈ ਦੁਖ ਬੜਤ ਘਨੇਸ॥੨੧੩॥**

**ਅਰਥ**—ਸਤਿਗੁਰੂ ਰਵਿਦਾਸ ਮਹਾਰਾਜ ਜੀ ਉਪਦੇਸ਼ ਦਿੰਦੇ ਹਨ ਕਿ ਅਨਹੋਣੀ ਹਮੇਸ਼ਾ ਹੀ ਜੀਵ ਦੇ ਨੇੜੇ ਵੱਸਦੀ ਹੈ ਅਤੇ ਜੋ ਮਨ-ਭਾਵਨਾ ਹੈ ਉਹ ਦੂਰ ਵੱਸਦੀ ਹੈ। ਪ੍ਰਭੂ ਦੇ ਦਰਸ਼ਨਾਂ ਤੋਂ ਬਿਨਾਂ ਜੀਵ ਨੂੰ ਸਾਰੇ ਦੁੱਖ-ਕਲੇਸ਼ ਵਿਆਪਦੇ ਹਨ।

**ਜਿਉਂ ਸੁਧਿ ਆਬਤ ਪੀਵ ਕੀ, ਬਿਰਹ ਉਠਤ ਤਨ ਆਗਿ।**
**ਜਿਉਂ ਚੂਨੇ ਕੀ ਕਾਂਕਰੀ, ਜਿਉਂ ਛਿਰਕੇ ਤਿਉਂ ਆਗਿ॥੨੧੪॥**

**ਅਰਥ**—ਸਤਿਗੁਰੂ ਰਵਿਦਾਸ ਮਹਾਰਾਜ ਜੀ ਉਪਦੇਸ਼ ਦਿੰਦੇ ਹਨ ਕਿ ਜਦੋਂ ਜੀਵ ਨੂੰ ਪ੍ਰਭੂ ਦੀ ਪ੍ਰਾਪਤੀ ਦੀ ਸੁੱਧ ਆਉਂਦੀ ਹੈ ਤਾਂ ਇਸਦੇ ਤਨ ਨੂੰ ਵਿਯੋਗ ਰੂਪੀ ਅੱਗ ਲੱਗ ਜਾਂਦੀ ਹੈ ਜਿਵੇਂ ਚੂਨੇ ਦੇ ਕਾਕੜੀ ਨੂੰ ਛੇਤੀ ਅੱਗ ਲੱਗ ਜਾਂਦੀ ਹੈ ਇਸੇ ਪ੍ਰਕਾਰ ਪ੍ਰਭੂ ਪ੍ਰੇਮੀ ਜੀਵ ਨੂੰ ਹਮੇਸ਼ਾਂ ਵਿਯੋਗ ਦੀ ਪੀੜਾ ਰਹਿੰਦੀ ਹੈ।

**ਜਿਹ ਨਿਤ ਦੇਖਨ ਚਾਹਿ ਹੌਂ, ਤੇਂ ਨੈਨਨ ਤੇ ਦੂਰਿ।**
**ਰਵਿਦਾਸ ਕਹਿ ਅਨਭਾਵਤੇ, ਰਹਹਿਂ ਨਿਕਟ ਭਰਪੂਰਿ॥੨੧੫॥**

**ਅਰਥ**—ਸਤਿਗੁਰੂ ਰਵਿਦਾਸ ਮਹਾਰਾਜ ਜੀ ਉਪਦੇਸ਼ ਦਿੰਦੇ ਹਨ ਕਿ ਜੋ ਪ੍ਰਭੂ ਨੈਣਾਂ ਤੋਂ ਦੂਰ ਹੈ ਜੇਕਰ ਤੂੰ ਉਸਨੂੰ ਨਿੱਤਾ-ਪ੍ਰਤੀ ਆਪਣੇ ਅੰਦਰ ਦੇਖਣਾ ਚਾਹੁੰਦਾ ਹੈ ਤਾਂ ਉਸਦਾ ਸਿਮਰਨ ਕਰ, ਫਿਰ ਉਹ ਭਰਪੂਰ ਪਰਮਾਤਮਾ ਤੈਨੂੰ ਆਪਣੇ ਅੰਦਰ ਅਨੁਭਵ ਹੋਵੇਗਾ।



**ਕਾਮਧੇਨਿ ਪਾਰਸ ਪੋਲਿ, ਕਲਪ ਰੂਪ ਰਾ ਬਾੜਿ।**
**ਰਵਿਦਾਸ ਹਰਿ ਰਾ ਭਗਤਿ ਬਿਨ, ਗ੍ਰਿਹ ਤੈਂ ਭਲਿ ਉਜਾੜਿ॥੨੧੬॥**

**ਅਰਥ**—ਸਤਿਗੁਰੂ ਰਵਿਦਾਸ ਮਹਾਰਾਜ ਜੀ ਉਪਦੇਸ਼ ਦਿੰਦੇ ਹਨ ਕਿ ਕਾਮਧੇਨ ਗਊ ਅਤੇ ਪਾਰਸ ਦੀ ਪ੍ਰਾਪਤੀ ਪ੍ਰਭੂ ਦੇ ਨਾਮ ਤੋਂ ਬਿਨਾਂ ਫ਼ਜ਼ੂਲ ਹਨ ਅਤੇ ਜੀਵ ਦੀਆਂ ਕਲਪਨਾਵਾਂ ਪ੍ਰਭੂ ਦੇ ਰਸਤੇ ਵਿਚ ਰੁਕਾਵਟਾਂ ਹਨ। ਪ੍ਰਭੂ ਦੀ ਭਗਤੀ ਤੋਂ ਬਿਨਾਂ ਸਰੀਰ ਰੂਪੀ ਘਰ ਉਜਾੜ ਦੇ ਸਮਾਨ ਹੈ।

**ਤੁਹਿ ਮੁਹਿ ਹਮੁ ਏਕ ਹੈਂ, ਤੁਝ ਲੌਂ ਮੋਰਿ ਦੌਰ॥**
**ਰਵਿਦਾਸ ਪੰਖੀ ਜਿਹਾਜ ਕੌਂ, ਨਹਿਂ ਆਨਤ ਕੋਊ ਠੌਰ॥੨੧੭॥**

**ਅਰਥ**—ਸਤਿਗੁਰੂ ਰਵਿਦਾਸ ਮਹਾਰਾਜ ਜੀ ਉਚਾਰਣ ਕਰਦੇ ਹਨ ਕਿ ਪ੍ਰਭੂ ਜੀ ਆਪ ਤੇ ਮੈਂ ਦੋਨੋਂ ਇਕ ਹਾਂ। ਮੈਂ ਆਪ ਤੋਂ ਬਿਨਾਂ ਜਿੱਥੇ ਮਰਜ਼ੀ ਦੌੜ ਲਵਾਂ, ਆਪ ਜੀ ਦੇ ਚਰਨਾਂ ਵਿਚ ਹੀ ਆਉਣਾ ਹੈ। ਜਿਵੇਂ ਸਮੁੰਦਰੀ ਜਹਾਜ ਦਾ ਪੰਛੀ ਜਹਾਜ ਤੋਂ ਉੱਡ ਜਾਂਦਾ ਹੈ ਉਸਨੂੰ ਹੋਰ ਕੋਈ ਸਹਾਰਾ ਨਹੀਂ ਮਿਲਦਾ, ਉਹ ਮੁੜ ਜਹਾਜ਼ 'ਤੇ ਆਉਂਦਾ ਹੈ।

**ਰਵਿਦਾਸ ਪੀਤਮ ਇਕ ਤੁਹਿ, ਤੁਮਰੇ ਮਿਤ ਅਨੇਕ।**
**ਸਸਿ ਕੌਂ ਕਮੋਦ ਹੈਂ ਬਹੁ, ਕੁਮੋਦ ਕੌਂ ਸਸਿ ਏਕ॥੨੧੮॥**

**ਅਰਥ**—ਸਤਿਗੁਰੂ ਰਵਿਦਾਸ ਮਹਾਰਾਜ ਜੀ ਉਚਾਰਣ ਕਰਦੇ ਹਨ ਕਿ ਆਪ ਮੇਰੇ ਕੇਵਲ ਇਕ ਮਿੱਤਰ ਪਿਆਰੇ ਹੋ ਪਰ ਆਪ ਦੇ ਪਿਆਰੇ ਅਨੇਕ ਹਨ। ਜਿਵੇਂ ਚੰਦਰਮਾਂ ਨਾਲ ਪਿਆਰ ਕਰਨ ਵਾਲੇ ਚਕੋਰ ਅਨੇਕ ਹਨ ਪਰ ਚਕੋਰਾਂ ਲਈ ਚੰਦਰਮਾਂ ਇਕ ਹੈ। ਇਸੇ ਤਰ੍ਹਾਂ ਪ੍ਰਭੂ ਜੀ ਆਪ ਮੇਰੇ ਇਕ ਪਿਆਰੇ ਹੋ।

**ਕੋਟਿ ਕਲਪ ਜੀਵਨ ਅਲਪ, ਬਿਚ ਹਰਿ ਭਗਤਿ ਬਿਲਾਸ।**
**ਹਰਿ ਸਿਮਰਣ ਸਫਲ ਜਨਮ, ਦੁਹ ਫਲ ਲਹਿ ਰਵਿਦਾਸ॥੨੧੯॥**

**ਅਰਥ**—ਸਤਿਗੁਰੂ ਰਵਿਦਾਸ ਮਹਾਰਾਜ ਜੀ ਉਚਾਰਣ ਕਰਦੇ ਹਨ ਕਿ ਕਰੋੜਾਂ ਕਲਪਾਂ ਵਿਚ ਇਕ ਅਨਮੋਲ ਜੀਵ ਦਾ ਜੀਵਨ ਹੈ ਜੋ ਪ੍ਰਭੂ ਦੀ ਭਗਤੀ ਆਉਣ ਨਾਲ ਇਹ ਜੀਵਨ ਸਫ਼ਲ ਹੋ ਜਾਂਦਾ ਹੈ ਅਤੇ ਲੋਕ-ਪ੍ਰਲੋਕ ਸੁਖੀ ਹੋ ਜਾਂਦਾ ਹੈ।

**ਅਨੰਦ ਮੂਰਤਿ ਮਿਤ੍ਰ ਕੀ, ਰਹਇ ਸਦਾ ਸਦਾ ਚਿਤ ਪੂਰਿ।**
**ਨੈਨਨ ਹੀ ਸਮੁਹੇ ਰਹਤ, ਰਵਿਦਾਸ ਨਿਯਰੇ ਕਾ ਦੂਰਿ॥੨੨੦॥**

**ਅਰਥ**—ਸਤਿਗੁਰੂ ਰਵਿਦਾਸ ਮਹਾਰਾਜ ਜੀ ਉਚਾਰਣ ਕਰਦੇ ਹਨ ਕਿ ਪ੍ਰਭੂ ਰੂਪੀ ਸੱਚੇ ਮਿੱਤਰ ਦੀ ਹਮੇਸ਼ਾਂ ਹਿਰਦੇ ਵਿਚ ਆਨੰਦਮੂਰਤ ਰਹਿਣੀ ਚਾਹੀਦੀ ਹੈ। ਉਹ ਪ੍ਰਭੂ ਹਮੇਸ਼ਾਂ ਅੱਖਾਂ ਦੇ ਸਾਹਮਣੇ ਰਹਿਣਾ ਚਾਹੀਦਾ ਹੈ ਫਿਰ ਉਹ ਕਦੀ ਦੂਰ ਨਹੀਂ ਜਾਂਦਾ।

**ਕੋਇਲ ਤਰਸੈ ਅੰਬ ਕੋ ਚਾਤ੍ਰਿਕ ਤਰਸਤ ਨੀਰ।**
**ਰਵਿਦਾਸ ਲੌਚੇ ਦਰਸ ਕੋ, ਪ੍ਰਾਨ ਪਰਤ ਨਹੀਂ ਧੀਰ॥੨੨੧॥**

**ਅਰਥ**—ਸਤਿਗੁਰੂ ਰਵਿਦਾਸ ਮਹਾਰਾਜ ਜੀ ਉਚਾਰਣ ਕਰਦੇ ਹਨ

ਕਿ ਜਿਵੇਂ ਕੋਇਲ ਅੰਬ ਲਈ ਤਰਸਦੀ ਹੈ, ਪਪੀਹਾ ਸਵਾਤੀ ਬੂੰਦ ਲਈ ਤਰਸਦਾ ਹੈ ਇਸੇ ਪ੍ਰਕਾਰ ਪ੍ਰਭੂ ਜੀ ਮੇਰਾ ਮਨ ਆਪ ਜੀ ਦੇ ਦਰਸ਼ਨਾਂ ਲਈ ਤਰਸਦਾ ਹੈ, ਆਪ ਜੀ ਤੋਂ ਬਿਨਾਂ ਮੇਰੇ ਮਨ ਨੂੰ ਧੀਰਜ ਨਹੀਂ ਆਉਂਦਾ।

**ਸਸਿ ਚਕੋਰ ਸੂਰਜ ਕੰਵਲ, ਚਾਤ੍ਰਿਕ ਘਨ ਕੀ ਰੀਤਿ।**
**ਰਵਿਦਾਸ ਇਵਿ ਮੁਹਿ ਰਾਖਿਓ, ਹਿਤ ਚਿਤ ਪੂਰਣ ਪਰੀਤਿ॥੨੨੨॥**

**ਅਰਥ—**ਸਤਿਗੁਰੂ ਰਵਿਦਾਸ ਮਹਾਰਾਜ ਜੀ ਉਚਾਰਣ ਕਰਦੇ ਹਨ ਕਿ ਜਿਵੇਂ ਚਕੋਰ ਦੀ ਚੰਦਰਮਾਂ ਨਾਲ, ਕੰਵਲ ਫੁੱਲ ਦੀ ਸੂਰਜ ਨਾਲ ਅਤੇ ਪਪੀਹੇ ਦੀ ਸਵਾਤੀ ਬੂੰਦ ਨਾਲ ਸੱਚੀ ਪ੍ਰੀਤੀ ਹੈ, ਇਸੇ ਪ੍ਰਕਾਰ ਪ੍ਰਭੂ ਜੀ ਮੇਰੇ ਚਿੱਤ ਵਿਚ ਆਪ ਜੀ ਨਾਲ ਸੱਚੀ ਪ੍ਰੀਤੀ ਹੈ।

**ਚਲਤ ਹਲਤ ਬੈਠਤ ਉਠਤ, ਧਰਿ ਹੂੰ ਤੁਮਰੋ ਧਿਆਨ।**
**ਰਵਿਦਾਸ ਤੂੰ ਮੁਹਿ ਮਨ ਬਸਇ, ਚਰਣ ਕੰਵਲ ਕੀ ਆਨ॥੨੨੩॥**

**ਅਰਥ—**ਸਤਿਗੁਰੂ ਰਵਿਦਾਸ ਮਹਾਰਾਜ ਜੀ ਉਚਾਰਣ ਕਰਦੇ ਹਨ ਕਿ ਹੇ ਪ੍ਰਭੂ ਜੀ ਮੈਂ ਚਲਦਾ, ਫਿਰਦਾ, ਬੈਠਦਾ, ਉੱਠਦਾ ਕੇਵਲ ਆਪ ਜੀ ਦਾ ਧਿਆਨ ਧਰਦਾ ਹਾਂ। ਇਸ ਪ੍ਰਕਾਰ ਪ੍ਰਭੂ ਜੀ ਮੇਰੇ ਹਿਰਦੇ ਵਿਚ ਆਪ ਜੀ ਦੇ ਚਰਨ-ਕੰਵਲ ਵਸਦੇ ਹਨ।

**ਮੂਰਖਿ ਮੁਖ ਕਮਾਨ ਹੈ, ਕਟੁਕ ਵਚਨ ਭਇਓ ਤੀਰ।**
**ਸਾਂਚਰੀ ਮਾਰੇ ਕਾਂਨ ਮਹਿੰ, ਸਾਲੇ ਸਗਲ ਸਰੀਰ॥੨੨੪॥**

**ਅਰਥ—**ਸਤਿਗੁਰੂ ਰਵਿਦਾਸ ਮਹਾਰਾਜ ਜੀ ਉਪਦੇਸ਼ ਦਿੰਦੇ ਹਨ ਕਿ ਮੂਰਖ ਦਾ ਮੁੱਖ ਕਮਾਨ ਦੀ ਤਰ੍ਹਾਂ ਹੈ ਅਤੇ ਉਸਦੇ ਵਚਨ ਤੀਰ ਵਾਂਗ ਚੁੱਭਵੇਂ ਹਨ। ਜਦੋਂ ਉਹ ਕੰਨਾਂ ਵਿਚ ਆ ਕੇ ਲਗਦੇ ਹਨ ਤਾਂ ਸੁਨਣ ਵਾਲੇ ਦਾ ਸਾਰਾ ਸਰੀਰ ਸੜਨ ਲੱਗ ਪੈਂਦਾ ਹੈ।

**ਰਵਿਦਾਸ ਮੂਰਿਖ ਸਮੁਝਇ ਨਹਿੰ ਬਿਨਾ ਬਿਚਾਰ।**
**ਹਨੇ ਪਰਾਇ ਆਤਮਾ, ਜੀਭ ਲਿਯਾਂ ਤਰਵਾਰ॥੨੨੫॥**

**ਅਰਥ—**ਸਤਿਗੁਰੂ ਰਵਿਦਾਸ ਮਹਾਰਾਜ ਜੀ ਉਪਦੇਸ਼ ਦਿੰਦੇ ਹਨ ਕਿ ਮੂਰਖ ਦਾ ਜੀਵਨ ਬਿਨਾਂ ਵਿਚਾਰ ਦੇ ਹੈ ਅਤੇ ਉਹ ਕਦੀ ਨਹੀਂ ਸਮਝਦਾ, ਜਿਵੇਂ ਮੁੱਖ ਜੀਭ ਤੋਂ ਬਿਨਾਂ ਹੈ ਉਸੇ ਤਰ੍ਹਾਂ ਜੀਵ ਦੀ ਆਤਮਾ ਪਰਮਾਤਮਾ ਤੋਂ ਬਿਨਾਂ ਹੈ।

**ਰਾਮ ਪ੍ਰੇਮ ਹੌਂ ਬਰਜਿ ਕਿਮਿ, ਅਬ ਬਰਜਤ ਨਹਿੰ ਕਾਜ।**
**ਰੋਮ ਰਾਮ ਅਮੀ ਰਮਿ ਗਇਓ, ਤਾਹਿ ਮ ਹੋਤ ਇਲਾਜ॥੨੨੬॥**

**ਅਰਥ—**ਸਤਿਗੁਰੂ ਰਵਿਦਾਸ ਮਹਾਰਾਜ ਜੀ ਉਪਦੇਸ਼ ਦਿੰਦੇ ਹਨ ਕਿ ਮੈਂ ਪ੍ਰਭੂ ਦੇ ਪ੍ਰੇਮ ਤੋਂ ਬਿਨਾਂ ਕਿਵੇਂ ਰਹਿ ਸਕਦਾ ਹਾਂ ਕਿਉਂਕਿ ਉਸ ਤੋਂ ਬਿਨਾਂ ਮੇਰਾ ਕੋਈ ਕਾਰਜ ਨਹੀਂ ਹੁੰਦਾ। ਜੋ ਪ੍ਰਭੂ ਹੈ ਉਹ ਸੰਸਾਰ ਦੇ ਕਣ-ਕਣ ਵਿਚ ਰਮਿਆ ਹੋਇਆ ਹੈ। ਪ੍ਰਭੂ ਦਾ ਨਾਮ ਸਾਰੇ ਰੋਗਾਂ ਦਾ ਇਲਾਜ ਹੈ।



**ਨਾਮ ਮੂਲ ਹੈ ਗਿਆਨ ਕੋ, ਨਾਮ ਮੁਕਿਤ ਕੋ ਦਬਾਰ।**
**ਜਾ ਹਿਰਦੈ ਹਰਿ ਬਸੈ, ਪਰਹਿੰ ਨ ਜਗ ਵਿਓਪਾਰ॥੨੨੭॥**

**ਅਰਥ—**ਸਤਿਗੁਰੂ ਰਵਿਦਾਸ ਮਹਾਰਾਜ ਜੀ ਉਪਦੇਸ਼ ਦਿੰਦੇ ਹਨ ਕਿ ਪ੍ਰਭੂ ਦਾ ਨਾਮ ਗਿਆਨ ਦਾ ਮੂਲ ਹੈ ਅਤੇ ਉਸਦਾ ਨਾਮ ਮੁਕਤੀ ਦਾ ਦੁਆਰ ਹੈ। ਜਿਸਦੇ ਹਿਰਦੇ ਵਿਚ ਪ੍ਰਭੂ ਦਾ ਨਾਮ ਵੱਸਦਾ ਹੈ ਉਹ ਸੰਸਾਰ ਦੇ ਝੂਠੇ ਵਪਾਰ ਵਿਚ ਨਹੀਂ ਲੱਗਦਾ।

**ਇਹੁ ਜਗ ਦੁਖ ਕੀ ਖੇਤਰੀ, ਇਹੁ ਜਾਨਤ ਸਬ ਕੋਇ।**
**ਗਿਆਨੀ ਕਾਟਹਿ ਹਰਿ ਨਾਮ ਸੋਂ, ਮੂਰਖਿ ਕਾਟਹਿੰ ਰੋਇ॥੨੨੮॥**

**ਅਰਥ—**ਸਤਿਗੁਰੂ ਰਵਿਦਾਸ ਮਹਾਰਾਜ ਜੀ ਉਪਦੇਸ਼ ਦਿੰਦੇ ਹਨ ਕਿ ਇਹ ਜੋ ਸੰਸਾਰ ਹੈ ਦੁੱਖ ਦੀ ਖੇਤੀ ਹੈ, ਜਿਸਨੂੰ ਹਰ ਕੋਈ ਜਾਣਦਾ ਹੈ। ਜੋ ਗਿਆਨੀ ਹੈ, ਪ੍ਰਭੂ ਦਾ ਨਾਮ ਜੱਪਕੇ ਇਸ ਖੇਤੀ ਨੂੰ ਕੱਟਦਾ ਹੈ ਅਤੇ ਮੂਰਖ ਰੋ ਕੇ ਕੱਟਦਾ ਹੈ।

**ਕਟੁਕ ਬਚਨ ਨਹਿੰ ਬੋਲਿਏ, ਸਬ ਘਟ ਹਰਿ ਕੋ ਬਾਸ।**
**ਇਹੁ ਗਿਆਨ ਕੌ ਦਵਾਰ ਹੈ, ਕਹੈ ਰਵਿਦਾਸ ਵਿਚਾਰ॥੨੨੯॥**

**ਅਰਥ—**ਸਤਿਗੁਰੂ ਰਵਿਦਾਸ ਮਹਾਰਾਜ ਜੀ ਉਪਦੇਸ਼ ਦਿੰਦੇ ਹਨ ਕਿ ਜੀਵ ਨੂੰ ਕਦੀ ਵੀ ਕੌੜੇ ਵਚਨ ਨਹੀਂ ਬੋਲਣੇ ਚਾਹੀਦੇ ਕਿਉਂਕਿ ਸਾਰਿਆਂ ਵਿਚ ਪ੍ਰਭੂ ਦਾ ਵਾਸ ਹੈ, ਇਹੀ ਗਿਆਨ ਦਾ ਦੁਆਰ ਹੈ।

**ਸਤਿ ਵਿਦਿਆ ਕੋ ਪੜੇ ਪ੍ਰਾਪਤ ਕਰੇ ਸਦਾ ਗਿਆਨ।**
**ਰਵਿਦਾਸ ਕਹੇ ਬਿਨ ਵਿਦਿਆ ਨਰ ਕੋ ਜਾਨ ਅਜਾਨ॥੨੩੦॥**

**ਅਰਥ—**ਸਤਿਗੁਰੂ ਰਵਿਦਾਸ ਮਹਾਰਾਜ ਜੀ ਉਪਦੇਸ਼ ਦਿੰਦੇ ਹਨ ਕਿ ਜੀਵ ਨੂੰ ਹਮੇਸ਼ਾਂ ਸਤਿ ਵਿੱਦਿਆ ਪੜ੍ਹਨੀ ਚਾਹੀਦੀ ਹੈ ਅਤੇ ਗਿਆਨ ਦੀ ਪ੍ਰਾਪਤੀ ਕਰਨੀ ਚਾਹੀਦੀ ਹੈ। ਗੁਰੂ ਜੀ ਫ਼ਰਮਾਉਂਦੇ ਹਨ ਕਿ ਵਿੱਦਿਆ ਤੋਂ ਬਿਨਾਂ ਜੀਵ ਨੂੰ ਅਗਿਆਨੀ ਸਮਝਣਾ ਚਾਹੀਦਾ ਹੈ।

# ਭਾਗ-ਚੌਥਾ



## ਸ਼੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੀ ਜੈ

ਜਗਤ ਗੁਰੂ ਰਵਿਦਾਸ ਜੀ ਬਾਰੇ ਸੂਰਿਆਕਾਂਤ ਤ੍ਰਿਪਾਠੀ ਜੀ 'ਅਣਿਮਾ' ਨਾਮਕ ਗ੍ਰੰਥ ਵਿਚ ਲਿਖਦੇ ਹਨ—

## ਸੰਤ ਕਵੀ ਰਵਿਦਾਸ ਜੀ ਬਾਰੇ

ਗਿਆਨੁ ਕੇ ਆਕਰ ਮੁਨੀਸਰ ਥੇ ਪਰਮ
ਧਰਮ ਕੇ ਧਵਜ, ਉਨਮੇਂ ਅਨਿਅਤਮ,
ਪੂਜਯ ਅਗ੍ਰਜ ਭਗਤ ਕਵੀਓ ਕੇ ਪ੍ਰਖਰ
ਕਲਪਨਾ ਕੀ ਕਿਰਨ ਨੀਰਜ ਪਰ ਸੁਧਰ
ਪੜੀ ਜਿਉ ਅੰਗੜਾਈਆਂ ਲੇ ਕਰ ਖੜੀ
ਜਾਤਿ ਕੀ ਦੇਖਾ ਸਭੀ ਨੇ ਮੀਚ ਕਰ
ਦ੍ਰਿਗ ਤੁਮ੍ਹੇਂ ਸ਼ਰਧਾ ਸੁਲਿਲ ਸੇ ਸੀਂਚ ਕਰ॥
ਰਾਣੀਆਂ ਅਵਰੋਧ ਕੀ ਘੇਰੀ ਹੁਈ
ਬਾਣੀਆਂ ਜਿਉ ਬਣੀ ਜਬ ਚੇਰੀ ਹੁਈ।
ਛੂਆ ਪਾਰਸ ਵੀ ਨਹੀਂ ਤੁਮਨੇਂ ਰਹੇ
ਕਰਮ ਕੇ ਅਭਿਆਸੁ ਮੇਂ ਅਵਿਰਤ ਰਹੇ।
ਗਿਆਨ ਗੰਗਾ ਮੇ, ਸਮੁਜਵਲ ਚਰਮਕਾਰ
ਚਰਣ ਛੂ ਕਰ ਰਹਾ ਮੈ ਨਮਸਕਾਰ। (1942 ਈਸਵੀ)

ਸੰਤ ਪਲਟੂਦਾਸ ਜੀ ਸ਼੍ਰੀ ਗੁਰੂ ਰਵਿਦਾਸ ਜੀ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਹਿੰਦੇ ਹਨ ਕਿ ਸੰਤ ਸ੍ਰੀ ਗੁਰੂ ਰਵਿਦਾਸ ਜੀ ਨੇ ਜਿੱਥੇ ਵੀ ਪਰਮਾਤਮਾ ਨੂੰ ਬੁਲਾਇਆ, ਉਹਨਾਂ ਦੇ ਪ੍ਰੇਮ ਭਾਵ ਨੂੰ ਦੇਖਦੇ ਹੋਏ, ਪਰਮਾਤਮਾ ਨੂੰ ਉਸ ਸਥਾਨ ਉੱਤੇ ਹੀ ਪ੍ਰਗਟ ਹੋਣਾ ਪਿਆ। ਇਸ ਪਦ ਵਿਚ ਸੰਤ ਪਲਟੂ ਦਾਸ ਜੀ ਸ਼੍ਰੀ ਗੁਰੂ ਰਵਿਦਾਸ ਜੀ ਦੇ ਅਨੋਖੇ ਚਰਿੱਤ੍ਰ ਦਾ ਵਰਨਣ ਕਰਦੇ ਹੋਏ ਲਿਖਦੇ ਹਨ।

ਨਹਾਤੇ ਤ੍ਰਿਕਾਲ ਰੋਜ਼ ਪੰਡਿਤ ਆਚਾਰੀ ਬੜੇ
ਸਦਾ ਪਟ ਬਸਤਰ ਸੁਤ ਅੰਗ ਨ ਲਗਾਈ ਹੈ।
ਪੂਜਾ ਨੈਵੈਦ ਆਰਤੀ ਕਰਤੇ ਹਮ ਬਿਧਿ ਵਿਧਾਨੁ
ਚੰਦਨ ਔ ਤੁਲਸੀ ਭਲੀ ਭਾਂਤਿ ਸੇ ਚੜ੍ਹਾਈ ਹੈ।
ਹਾਰੇ ਹਮ ਕੁਲੀਨ ਸਭ ਕੋਟਿ ਕੋਟਿ ਕੈ ਉਪਾਇ
ਕੈਸੇ ਤੁਮ ਠਾਕੁਰ ਹਮ ਸਪਨੇ ਹੂੰ ਨ ਪਾਈ ਹੈ।
ਪਲਟੂ ਦਾਸ ਦੇਖੋ ਰੀਝ ਮੇਰੇ ਸਾਹਿਬ ਕੀ
ਗਏ ਹੈ ਵਹਾਂ ਜਬ ਰਵਿਦਾਸ ਜੀ ਬੁਲਾਈ ਹੈ।

# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਆਗਮਨ

ਜਦੋਂ-ਜਦੋਂ ਸੰਸਾਰ ਵਿਚ ਮਨੁੱਖਤਾ ਦਾ ਘਾਣ ਹੁੰਦਾ ਹੈ ਉਦੋਂ ਉਦੋਂ ਪ੍ਰਭੂ ਆਪ ਆਪਣੇ ਰੂਪ ਵਿਚ ਭੁੱਲੀ ਭਟਕੀ ਹੋਈ ਮਾਨਵਤਾ ਨੂੰ ਸਤਿ ਮਾਰਗ 'ਤੇ ਪਾਉਣ ਲਈ ਆਉਂਦੇ ਹਨ। ਇਤਿਹਾਸ ਗਵਾਹ ਹੈ ਕਿ ਸਮੇਂ ਸਮੇਂ ਪਰਮਾਤਮਾ ਨੇ ਅਵਤਾਰ ਧਾਰਨ ਕਰਕੇ ਮਾਨਵਤਾ ਦਾ ਕਲਿਆਣ ਕੀਤਾ। ਭਾਰਤ ਦੇ ਮੱਧ ਯੁੱਗ ਦੇ ਇਤਿਹਾਸ ਵਿਚ ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਕਬੀਰ ਜੀ, ਸਤਿਗੁਰੂ ਸੈਣ ਜੀ, ਸਤਿਗੁਰੂ ਰਵਿਦਾਸ ਜੀ, ਸਤਿਗੁਰੂ ਨਾਨਕ ਦੇਵ ਜੀ ਅਤੇ ਹੋਰ ਅਨੇਕਾਂ ਰਹਿਬਰਾਂ ਨੇ ਸੰਸਾਰ ਵਿਚ ਆ ਕੇ ਮਾਨਵਤਾ ਨੂੰ ਭੇਦ-ਭਾਵ ਤੋਂ ਮੁਕਤ ਕਰਕੇ ਪ੍ਰਭੂ ਨਾਲ ਜੁੜਨ ਦਾ ਪਾਵਨ ਉਪਦੇਸ਼ ਦਿੱਤਾ।

ਭਾਰਤ ਦੇ ਇਤਿਹਾਸ ਵਿਚ ਤੇਰ੍ਹਵੀਂ-ਚੌਦ੍ਹਵੀਂ ਸਦੀ ਦਾ ਅਜਿਹਾ ਭਿਆਨਕ ਸਮਾਂ ਸੀ ਜਿੱਥੇ ਭਾਰਤ ਦੇ ਲੋਕ ਵਿਦੇਸ਼ੀ ਰਾਜਿਆਂ ਦੇ ਅੱਤਿਆਚਾਰ ਤੋਂ ਦੁਖੀ ਸਨ ਉੱਥੇ ਭਾਰਤੀ ਸਮਾਜ ਵੀ ਜਾਤਾਂ ਦੇ ਅਧਾਰ ਤੇ ਵੰਡਿਆ ਹੋਇਆ ਸੀ। ਉਸ ਸਮੇਂ ਭਾਰਤ ਵਿਚ ਮੁੱਖ ਤੌਰ ਤੇ ਦੋ ਧਰਮ ਸਨ-ਇਸਲਾਮ ਅਤੇ ਹਿੰਦੂ ਧਰਮ। ਉਸ ਸਮੇਂ ਭਾਰਤ ਦੇ ਮੂਲ-ਨਿਵਾਸੀ ਸਮਾਜ ਨੂੰ ਮਾਨਵੀ ਅਧਿਕਾਰਾਂ ਤੋਂ ਵੰਚਿਤ ਰੱਖਿਆ ਗਿਆ ਸੀ, ਉਸ ਨੂੰ ਵਿੱਦਿਆ ਪੜ੍ਹਨ ਦਾ, ਚੰਗਾ ਪਹਿਨਣ ਦਾ ਅਤੇ ਰਹਿਣ-ਸਹਿਣ ਦਾ ਕੋਈ ਅਧਿਕਾਰ ਨਹੀਂ ਸੀ, ਇਥੋਂ ਤੱਕ ਉਸ ਦੇ ਪਰਛਾਵੇਂ ਨੂੰ ਵੀ ਮਾੜਾ ਸਮਝਿਆ ਜਾਂਦਾ ਸੀ। ਧਰਤੀ ਮਾਤਾ ਅਤੇ ਦੁਖੀ ਲੋਕਾਈ ਦੀ ਪੁਕਾਰ ਸੁਣ ਕੇ ਸਤਿਗੁਰੂ ਰਵਿਦਾਸ ਮਹਾਰਾਜ ਦੇ ਰੂਪ ਵਿਚ ਮਾਨਵਤਾ ਨੂੰ ਸੱਚ ਦਾ ਉਪਦੇਸ਼ ਦੇਣ ਲਈ ਪਰਮ-ਪਿਤਾ ਪਰਮਾਤਮਾ ਨੇ ਇਸ ਧਰਤੀ ਤੇ ਅਵਤਾਰ ਧਾਰਨ ਕੀਤਾ। ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ ਆਗਮਨ ਸੰਬੰਧੀ ਇਹ ਦੋਹਰਾ ਪ੍ਰਸਿੱਧ ਹੈ—

**ਚੌਦਹ ਸੌ ਤੈਂਤੀਸ ਕੀ ਮਾਘ ਸੁਦੀ ਪੰਦਰਾਸ।**
**ਦੁਖਿਓਂ ਕੇ ਕਲਿਆਣ ਹਿੱਤ ਪ੍ਰਗਟੈ ਸ਼੍ਰੀ ਰਵਿਦਾਸ॥**

(ਸੰਤ ਕਰਮ ਦਾਸ)

ਆਪ ਜੀ ਨੇ ਭਾਰਤ ਦੇ ਪ੍ਰਸਿੱਧ ਸ਼ਹਿਰ ਬਨਾਰਸ ਦੇ ਨੇੜੇ ਮਾਘ ਸੁਦੀ 15 ਪੁੰਨਿਆ ਸੰਮਤ 1433 (1377ਈ.) ਨੂੰ ਪਿਤਾ ਸੰਤੋਖ ਦਾਸ ਜੀ ਅਤੇ ਮਾਤਾ ਕਲਸੀ ਦੇਵੀ ਜੀ ਦੀ ਪਾਵਨ ਕੁੱਖੋਂ ਪਿੰਡ ਸੀਰ ਗੋਵਰਧਨਪੁਰ ਵਿਖੇ ਦੁਖੀਆਂ ਦੇ ਕਲਿਆਣ ਲਈ ਅਵਤਾਰ ਧਾਰਨ ਕੀਤਾ। ਆਪ ਜੀ ਦੇ ਦਾਦਾ ਜੀ ਦਾ ਨਾਂ ਸ੍ਰੀਮਾਨ ਕਾਲੂ ਰਾਮ ਜੱਸਲ ਅਤੇ ਆਪ ਜੀ ਦੀ ਦਾਦੀ ਜੀ ਦਾ ਨਾਂ ਸ੍ਰੀਮਤੀ ਲਖਪਤੀ ਸਰੋਏ ਸੀ। ਆਪ ਜੀ ਦਾ ਅਵਤਾਰ ਧਾਰਨ ਕਰਨਾ ਦੁਨੀਆਂ ਦੇ ਇਤਿਹਾਸ ਵਿਚ ਇਕ ਅਲੌਕਿਕ ਕੌਤਕ ਸੀ ਜਿਸ ਦੇ ਨਾਲ ਜਿੱਥੇ ਸਦੀਆਂ ਤੋਂ ਜਾਤ ਪਾਤ ਦੀ ਸ਼ਿਕਾਰ ਹੋਈ ਮਨੁੱਖਤਾ ਨੂੰ ਮੁਕਤੀ ਪ੍ਰਦਾਨ ਕਰਨਾ ਸੀ। ਉੱਥੇ ਨਾਲ ਹੀ ਮਾਨਵ-ਵਿਰੋਧੀਆਂ ਨੂੰ ਮਾਨਵਤਾ ਦਾ ਪਾਠ ਪੜ੍ਹਾ ਕੇ ਕੁੱਲ



ਲੋਕਾਈ ਨੂੰ ਏਕਤਾ, ਸਮਾਨਤਾ, ਆਪਸੀ ਮਿਲਵਰਤਣ ਅਤੇ ਪ੍ਰਭੂ ਦੇ ਨਾਮ ਦਾ ਪਾਵਨ ਉਪਦੇਸ਼ ਦੇਣਾ ਸੀ। ਆਪ ਜੀ ਦੇ ਪ੍ਰਗਟ ਹੋਣ ਸਮੇਂ ਐਸਾ ਅਲੌਕਿਕ ਕੌਤਕ ਹੋਇਆ ਜੋ ਕਿ ਪੀੜਤ ਸਮਾਜ ਲਈ ਅਜ਼ਾਦੀ ਦੀ ਕਿਰਨ ਸੀ। ਆਪ ਜੀ ਦੇ ਅਵਤਾਰ ਧਾਰਨ ਕਰਨ ਸਮੇਂ ਅਨੋਖਾ ਪ੍ਰਕਾਸ਼ ਹੋਇਆ ਜਿਸ ਦੇ ਨਾਲ ਸਾਰੇ ਬ੍ਰਹਿਮੰਡ ਤੇ ਚਾਨਣ ਹੀ ਚਾਨਣ ਹੋ ਗਿਆ। ਵੱਡੇ-ਵੱਡੇ ਰਿਸ਼ੀਆਂ, ਮੁਨੀਆਂ, ਜਪੀਆਂ, ਤਪੀਆਂ ਆਦਿਕਾਂ ਨੇ ਇਸ ਪ੍ਰਕਾਸ਼ ਨੂੰ ਦੇਖ ਕੇ ਸੀਸ ਝੁਕਾਇਆ ਤੇ ਦਿਲ ਨੂੰ ਢਾਰਸ ਆਈ ਕਿ ਇਹ ਪਰਉਪਕਾਰੀ ਦੀਨ ਦਿਆਲੂ ਪ੍ਰਭੂ ਦੇ ਜੀਵਾਂ ਨੂੰ ਜ਼ੁਲਮ ਦੀ ਅੱਗ ਵਿਚ ਸੜਦੇ ਵੇਖ ਕੇ ਪ੍ਰਗਟ ਹੋਣ ਦੀਆਂ ਨਿਸ਼ਾਨੀਆਂ ਜਾਪਦੀਆਂ ਸਨ।

ਆਪ ਦੇ ਜਨਮ ਸਮੇਂ ਐਸਾ ਪ੍ਰਕਾਸ਼ ਹੋਣ ਨਾਲ ਦਾਈ ਜਿਸ ਦੀਆਂ ਅੱਖਾਂ ਦੀ ਰੋਸ਼ਨੀ ਘੱਟ ਸੀ ਉਹ ਵੱਧ ਗਈ। ਉਸ ਦਾਈ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਾਤਾ ਪਿਤਾ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਮੇਰੇ ਹੱਥਾਂ ਵਿਚ ਅਨੇਕਾਂ ਬਾਲਕਾਂ ਨੇ ਜਨਮ ਲਿਆ ਹੈ। ਪਰ ਅੱਜ ਤੱਕ ਅਜਿਹਾ ਬਾਲਕ ਜਨਮਦਾ ਮੈਂ ਨਹੀਂ ਦੇਖਿਆ। ਇਸ ਦੇ ਸਾਰੇ ਅੰਗ ਅਵਤਾਰਾਂ ਵਾਂਗ ਨੂਰ ਨਾਲ ਭਰਪੂਰ ਹੋ ਰਹੇ ਹਨ। ਇਹ ਤੁਹਾਡੇ ਨਾਮ ਨੂੰ ਦੁਨੀਆਂ ਵਿਚ ਰੌਸ਼ਨ ਕਰੇਗਾ, ਆਪ ਜੀ ਦਾ ਨਾਮ ਰਵਿਦਾਸ ਰੱਖਿਆ ਗਿਆ ਜਿਵੇਂ ਸੂਰਜ ਹਨੇਰੇ ਨੂੰ ਦੂਰ ਕਰਕੇ ਸਾਰੇ ਸੰਸਾਰ ਨੂੰ ਰੌਸ਼ਨੀ ਪ੍ਰਦਾਨ ਕਰਦਾ ਹੈ। ਇਸੇ ਪ੍ਰਕਾਰ ਆਪ ਜੀ ਨੇ ਅੰਧਕਾਰ ਵਿਚ ਫਸੀ ਹੋਈ ਲੋਕਾਈ ਨੂੰ ਸੱਚ ਦੀ ਰੌਸ਼ਨੀ ਦਿਖਾਈ।

ਲਗਭਗ 6 ਸਦੀਆਂ ਬੀਤਣ ਤੋਂ ਬਾਅਦ ਡੇਰਾ ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ ਦੇ ਮਹਾਂਪੁਰਸ਼-ਬ੍ਰਹਮਲੀਨ ਧੰਨ-ਧੰਨ ਸੁਆਮੀ ਸਰਵਣ ਦਾਸ ਜੀ ਮਹਾਰਾਜ, ਧੰਨ-ਧੰਨ ਸੁਆਮੀ ਹਰੀ ਦਾਸ ਜੀ ਮਹਾਰਾਜ, ਧੰਨ-ਧੰਨ ਸੁਆਮੀ ਗਰੀਬ ਦਾਸ ਜੀ ਮਹਾਰਾਜ ਨੇ ਮਹਾਨ ਘਾਲਣਾ ਘਾਲ ਕੇ ਆਪ ਜੀ ਦੇ ਜਨਮ ਸਥਾਨ ਦੀ ਖੋਜ ਕਰਕੇ ਸ੍ਰੀ ਗੁਰੂ ਰਵਿਦਾਸ ਜਨਮ ਸਥਾਨ ਮੰਦਿਰ ਦੀ ਉਸਾਰੀ ਕੀਤੀ ਜੋ ਕਿ ਕੁੱਲ ਲੋਕਾਈ ਲਈ ਮਹਾਨ ਤੀਰਥ ਅਸਥਾਨ ਹੈ ਇਸ ਮਹਾਨ ਅਸਥਾਨ ਦੇ ਪਾਸ ਅੱਜ ਉਹ ਇਮਲੀ ਦਾ ਪਾਵਨ ਦਰਖ਼ੱਤ ਵੀ ਸੁਸ਼ੋਭਿਤ ਹੈ ਜਿਸ ਦੇ ਹੇਠਾਂ ਬੈਠ ਕੇ ਸਤਿਗੁਰੂ ਰਵਿਦਾਸ ਜੀ ਕੁੱਲ ਲੋਕਾਈ ਨੂੰ ਸਤਿ ਉਪਦੇਸ਼ ਦਿੰਦੇ ਸਨ। ਜਦੋਂ ਸਤਿਗੁਰੂ ਹਰੀ ਦਾਸ ਜੀ ਮਹਾਰਾਜ ਨੇ ਸ੍ਰੀ ਗੁਰੂ ਰਵਿਦਾਸ ਜਨਮ ਸਥਾਨ ਦਾ ਨੀਂਹ ਪੱਥਰ ਰੱਖਿਆ ਉਸ ਸਮੇਂ ਉਹ ਇਮਲੀ ਦਾ ਪਾਵਨ ਦਰਖੱਤ ਸੁੱਕਿਆ ਹੋਇਆ ਸੀ। ਪਰ ਜਦੋਂ ਸੰਤ ਹਰੀ ਦਾਸ ਜੀ ਮਹਾਰਾਜ ਨੇ ਉਸ ਨੂੰ ਆਪਣੇ ਹੱਥਾਂ ਨਾਲ ਹਰ ਰੋਜ਼ ਪਾਣੀ ਪਾਉਣਾ ਸ਼ੁਰੂ ਕੀਤਾ ਉਸ ਤੋਂ ਬਾਅਦ ਉਹ ਪਾਵਨ ਇਮਲੀ ਦਾ ਦਰਖੱਤ ਹਰਾ ਹੋਣਾ ਸ਼ੁਰੂ ਹੋ ਗਿਆ। ਜੋ ਕਿ ਅੱਜ ਵੀ ਉਸ ਮਹਾਨ ਅਸਥਾਨ ਦੇ ਪਾਸ ਸੁਸ਼ੋਭਿਤ ਹੈ। ਜਿੱਥੇ ਸੰਗਤਾਂ ਸਤਿਕਾਰ ਸਹਿਤ ਨਤਮਸਤਕ ਹੁੰਦੀਆਂ ਹਨ। ਸੰਸਾਰ ਦੇ ਕੋਨੇ-ਕੋਨੇ ਵਿਚੋਂ ਜੀਵ ਆ ਕੇ ਆਪਣੇ ਸ਼ਰਧਾ ਦੇ ਫੁੱਲ ਭੇਟ ਕਰਦੇ ਹਨ ਅਤੇ ਜੀਵਨ ਸਫਲ ਕਰਦੇ ਹਨ।

# ਬਾਲਪਨ

ਇਕ ਵਾਰ ਗੁਰੂ ਜੀ ਦੀ ਭੂਆ ਜਦੋਂ ਮਿਲਣ ਆਈ ਤਾਂ ਉਹ ਆਪ ਜੀ ਲਈ ਇਕ ਸੁੰਦਰ ਚਮੜੇ ਦਾ ਸੈਹਾ ਲੈ ਆਈ। ਗੁਰੂ ਜੀ ਮੰਜੇ ਉੱਪਰ ਉਸ ਖਿਡੌਣੇ ਨੂੰ ਫੜ ਕੇ ਖੇਡ ਰਹੇ ਸਨ। ਫਿਰ ਉਹ ਆਪਣੇ ਚਰਨਕੰਵਲਾਂ ਨਾਲ ਉਸ ਸੈਹੇ ਨੂੰ ਪਰੇ ਨੂੰ ਧੱਕਣ ਲੱਗੇ ਜਿਵੇਂ ਉਸਨੂੰ ਦੌੜਨ ਦਾ ਇਸ਼ਾਰਾ ਕਰ ਰਹੇ ਹੋਣ। ਇਸ ਦ੍ਰਿਸ਼ ਨੂੰ ਆਪ ਜੀ ਨੂੰ ਮਿਲਣ ਆਏ ਰਿਸ਼ਤੇਦਾਰ ਅਤੇ ਘਰ ਵਾਲੇ ਵੇਖ ਕੇ ਬਹੁਤ ਖ਼ੁਸ਼ ਹੋ ਰਹੇ ਸਨ। ਆਪ ਜੀ ਨੇ ਜਦੋਂ ਤੀਸਰੀ ਵਾਰ ਫਿਰ ਉਸ ਚਮੜੇ ਦੇ ਬੇਜਾਨ ਸੈਹੇ ਨੂੰ ਆਪਣੇ ਚਰਨਾਂ ਨਾਲ ਪਰੇ ਨੂੰ ਧੱਕਿਆ ਤਾਂ ਉਸ ਵਿਚ ਜਾਨ ਪੈ ਗਈ ਅਤੇ ਉਹ ਸਚਮੁੱਚ ਦਾ ਸੈਹਾ ਬਣ ਕੇ ਅੱਗੇ ਨੂੰ ਨੱਠਿਆ। ਗੁਰੂ ਜੀ ਇਹ ਦੇਖ ਕੇ ਬਹੁਤ ਪ੍ਰਸੰਨ ਹੋਏ ਪਰ ਘਰ ਵਾਲੇ ਇਸ ਦ੍ਰਿਸ਼ ਨੂੰ ਦੇਖ ਕੇ ਬਹੁਤ ਜ਼ਿਆਦਾ ਹੈਰਾਨ ਹੋਏ। ਫਿਰ ਉਹ ਸੈਹਾ ਟਪੂਸੀਆਂ ਮਾਰ ਕੇ ਗੁਰੂ ਜੀ ਦੇ ਕੋਲ ਹੀ ਬੈਠ ਗਿਆ। ਗੁਰੂ ਜੀ ਉਸ ਸੈਹੇ ਨੂੰ ਵੇਖ ਕੇ ਬਹੁਤ ਖ਼ੁਸ਼ ਹੁੰਦੇ, ਗੁਰੂ ਜੀ ਨੇ ਫਿਰ ਉਸ ਨੂੰ ਆਪਣੇ ਚਰਨਕੰਵਲਾਂ ਨਾਲ ਧੱਕਾ ਮਾਰਿਆ ਫਿਰ ਉਹ ਸੈਹਾ ਘਰ ਵਾਲਿਆਂ ਕੋਲ ਦੀ ਟਪੂਸੀਆਂ ਮਾਰਦਾ ਬਾਹਰ ਵੱਲ ਭੱਜ ਗਿਆ। ਇੰਨੇ ਨੂੰ ਜਦੋਂ ਆਪ ਜੀ ਦਾ ਫੁੱਫੜ ਬਾਹਰੋਂ ਆਇਆ ਤਾਂ ਉਹ ਸਾਰਾ ਬ੍ਰਿਤਾਂਤ ਸੁਣ ਕੇ ਹੱਕਾ-ਬੱਕਾ ਰਹਿ ਗਿਆ। ਉਸਨੂੰ ਯਕੀਨ ਨਹੀਂ ਸੀ ਹੋ ਰਿਹਾ ਕਿਉਂਕਿ ਉਸਨੇ ਖ਼ੁਦ ਆਪਣੇ ਹੱਥਾਂ ਨਾਲ ਗੁਰੂ ਜੀ ਵਾਸਤੇ ਚਮੜੇ ਦਾ ਖਿਡੌਣਾ ਬਣਾਇਆ ਸੀ। ਫਿਰ ਸਾਰੇ ਪਰਿਵਾਰ ਨੇ ਗੁਰੂ ਜੀ ਦੇ ਕੋਮਲ ਚਰਨਕੰਵਲਾਂ ਨੂੰ ਚੁੰਮਿਆ ਅਤੇ ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਇਹ ਸਾਡੇ ਗ਼ਰੀਬਾਂ ਵਿਚ ਵੀ ਇੰਞ ਹੀ ਜਾਨ ਪਾਉਣਗੇ। ਇਸ ਘਟਨਾ ਨੂੰ ਕਵੀ ਮੰਗੂ ਰਾਮ ਸਰੋਆ ਬਾਹੜਵਾਲ ਨੇ ਇਸ ਪ੍ਰਕਾਰ ਦਰਜ ਕੀਤਾ ਹੈ :—

ਉਮਰ ਗੁਰਾਂ ਦੀ ਹੋਈ ਇਕ ਸਾਲ ਦੀ,
ਸ਼ਕਤੀ ਬੇਅੰਤ ਜੋਤ ਹੈ ਅਲਾਹੀ।
ਭੂਆ ਆਪ ਜੀ ਦੀ ਜੋ ਮਿਲਣ ਹੈ ਆਈ,
ਚਮੜੇ ਦਾ ਖਲੋਣਾ ਸੈਹਾਂ ਲਿਆਈ ਹੈ।
ਹਥ ਵਿਚ ਗੁਰੂ ਜੀ ਖਡੌਣਾ ਫੜਕੇ,
ਖੇਲਦੇ ਹੈ ਬੈਠੇ ਮੰਜੇ ਉਤੇ ਚੜਕੇ।
ਚਰਨਾਂ ਤੇ ਫੇਰਕੇ ਸੀ ਪਰੇ ਸੁਟਿਆ,
ਚੰਮ ਦਾ ਖਡੌਣਾ ਬਣ ਸੈਹਾ ਨਠਿਆ। (ਜਨਮ ਸਾਖੀ, ਪੰਨਾ 16)

ਸ੍ਰੀ ਗੁਰੂ ਰਵਿਦਾਸ ਜੀ ਅਜੇ ਸਿਰਫ਼ 5 ਸਾਲ ਦੇ ਹੀ ਸਨ ਕਿ ਉਨ੍ਹਾਂ ਦੀ ਮਾਤਾ ਕਲਸੀਦੇਵੀ ਜੀ ਪ੍ਰਭੂ ਚਰਨਾਂ ਵਿਚ ਜਾ ਬਿਰਾਜੇ! ਇਸ ਦੁੱਖ ਕਾਰਨ ਉਨ੍ਹਾਂ ਦੇ ਪਿਤਾ ਸੰਤੋਖਦਾਸ ਜੀ ਦੇ ਮਨ ਨੂੰ ਬਹੁਤ ਠੇਸ ਲੱਗੀ।

ਸਮੇਂ ਦਾ ਚੱਕਰ ਘੁੰਮਦਾ ਗਿਆ। ਗੁਰੂ ਰਵਿਦਾਸ ਜੀ ਜਿਉਂ-ਜਿਉਂ



ਵੱਡੇ ਹੁੰਦੇ ਗਏ, ਉਨ੍ਹਾਂ ਦੇ ਕੋਮਲ ਸੁਭਾਅ ਅਤੇ ਸੁੰਦਰ ਸ਼ਖ਼ਸੀਅਤ ਤੋਂ ਸਭ ਪ੍ਰਭਾਵਿਤ ਹੁੰਦੇ ਸਨ।

ਕਰਮਾਵਤੀ ਨਾਂ ਦੀ ਇਕ ਔਰਤ ਜਿਸਦੀ ਉਮਰ 60-65 ਸਾਲ ਦੀ ਸੀ ਸੀਰਗੋਵਰਧਨ ਵਿਚ ਹੀ ਰਹਿੰਦੀ ਸੀ। ਉਸਦਾ ਗੁਰੂ ਜੀ ਦੀ ਦਾਦੀ ਲਖਪਤੀ ਨਾਲ ਬਹੁਤ ਪ੍ਰੇਮ ਸੀ। ਦਾਦੀ ਲਖਪਤੀ ਅਕਸਰ ਆਪਣੇ ਪਿਆਰੇ ਪੋਤਰੇ ਨੂੰ ਨਾਲ ਲੈ ਕੇ ਉਸਨੂੰ ਮਿਲਣ ਵਾਸਤੇ ਜਾਇਆ ਕਰਦੀ ਸੀ। ਕਰਮਾਵਤੀ ਖ਼ੁਦ ਲਖਪਤੀ ਨੂੰ ਮਿਲਣ ਨਹੀਂ ਸੀ ਆਉਂਦੀ ਕਿਉਂਕਿ ਉਸਦੀ ਅੱਖਾਂ ਦੀ ਰੌਸ਼ਨੀ ਗਈ ਨੂੰ 30 ਸਾਲ ਲੰਘ ਚੁੱਕੇ ਸਨ ਪਰ ਫਿਰ ਵੀ ਉਹ ਸਾਰਾ ਦਿਨ ਚਰਖਾ ਕੱਤਦੀ ਸੀ। ਜਦੋਂ ਦਾਦੀ ਲਖਪਤੀ ਕਰਮਾਵਤੀ ਨਾਲ ਗੁਜ਼ਰੇ ਜ਼ਮਾਨੇ ਦੀਆਂ ਗੱਲਾਂ ਕਰਦੀ ਤਾਂ ਗੁਰੂ ਜੀ ਕੋਲ ਬੈਠ ਕੇ ਸੁਣਦੇ ਅਤੇ ਕਰਮਾਵਤੀ ਨਾਲ ਲਾਡ ਲਡਾਉਂਦੇ ਸਨ। ਲਖਪਤੀ ਉਸ ਕੋਲੋਂ ਅੰਨ੍ਹੇਪਨ ਵਿਚ ਚਰਖ਼ਾ ਕੱਤਣ ਦਾ ਜਦੋਂ ਕਾਰਨ ਪੁੱਛਦੀ ਤਾਂ ਅੱਗੋਂ ਕਰਮਾਵਤੀ ਰੋਣ ਲੱਗ ਪੈਂਦੀ ਅਤੇ ਆਪਣੀ ਗਰੀਬੀ ਦਾ ਬ੍ਰਿਤਾਂਤ ਅਤੇ ਘਰ ਦੀਆਂ ਮਜਬੂਰੀਆਂ ਖੋਲ੍ਹ ਕੇ ਸੁਣਾਉਂਦੀ। ਗੁਰੂ ਰਵਿਦਾਸ ਜੀ ਇਹ ਸਭ ਸੁਣਦੇ ਤਾਂ ਉਨ੍ਹਾਂ ਦਾ ਕੋਮਲ ਹਿਰਦਾ ਪਿਘਲ ਜਾਂਦਾ।

ਇਕ ਦਿਨ ਸਵੇਰ ਦਾ ਵਕਤ ਸੀ, ਕਰਮਾਵਤੀ ਚਰਖਾ ਡਾਹ ਕੇ ਕੱਤ ਰਹੀ ਸੀ। ਗੁਰੂ ਰਵਿਦਾਸ ਜੀ ਇਕੱਲੇ ਹੀ ਉਸਦੇ ਘਰ ਆ ਗਏ। ਉਨ੍ਹਾਂ ਨੇ ਚੁੱਪ-ਚਾਪ ਆ ਕੇ ਪੂਣੀਆਂ ਵਾਲਾ ਬੋਹੀਆ ਚੁੱਕ ਲਿਆ ਅਤੇ ਕੋਲ ਖੜ੍ਹੇ ਹੋ ਗਏ। ਬੀਬੀ ਕਰਮਾਵਤੀ ਪੂਣੀਆਂ ਵਾਲਾ ਬੋਹੀਆ ਹੱਥ ਨਾਲ ਟੋਹ ਕੇ ਦੇਖਦੀ ਹੈ ਪਰ ਉਸਨੂੰ ਉਹ ਨਹੀਂ ਮਿਲਦਾ। ਥੋੜ੍ਹੀ ਦੇਰ ਬਾਅਦ ਗੁਰੂ ਰਵਿਦਾਸ ਜੀ ਨੇ ਜਦੋਂ ਪੂਣੀਆਂ ਵਾਲਾ ਬੋਹੀਆ ਉਸੇ ਥਾਂ ਰੱਖ ਦਿੱਤਾ ਜਿੱਥੋਂ ਚੁੱਕਿਆ ਸੀ ਤਦੋਂ ਮਾਤਾ ਦਾ ਹੱਥ ਸਹਿਜ-ਸੁਭਾਅ ਬੋਹੀਏ ਨੂੰ ਲੱਗ ਗਿਆ। ਉਹ ਬਹੁਤ ਹੈਰਾਨ ਹੋਈ ਕਿਉਂਕਿ ਉਸਨੇ ਪਹਿਲਾਂ ਵੀ ਓਥੇ ਹੀ ਹੱਥ ਮਾਰਿਆ ਸੀ। ਕਰਮਾਵਤੀ ਨੂੰ ਓਥੇ ਕਿਸੇ ਦੀ ਮੌਜੂਦਗੀ ਦਾ ਅਹਿਸਾਸ ਹੋਇਆ ਪਰ ਉਹ ਘਬਰਾਈ ਨਹੀਂ ਕਿਉਕਿ ਅਕਸਰ ਬਾਲਕ ਉਸਨੂੰ ਤੰਗ ਕਰਿਆ ਕਰਦੇ ਸਨ। ਫੇਰ ਬੋਹੀਏ ਵਿਚੋਂ ਪੂਣੀ ਚੁੱਕ ਕੇ ਜਦੋਂ ਉਹ ਕੱਤਣ ਲੱਗੀ ਇੰਨੇ ਨੂੰ ਗੁਰੂ ਜੀ ਨੇ ਤੱਕਲੇ 'ਚੋਂ ਗਲੋਟਾ ਖਿਚ ਲਿਆ, ਕਰਮਾਵਤੀ ਨੂੰ ਇਕਦੱਮ ਪਤਾ ਚੱਲ ਗਿਆ। ਜਦੋਂ ਗੁਰੂ ਜੀ ਨੇ ਚਰਖ਼ਾ ਖਿੱਚਿਆ ਤਾਂ ਕਰਮਾਵਤੀ ਨੂੰ ਗੁੱਸਾ ਆਇਆ ਅਤੇ ਉਸਨੇ ਆਪਣੀਆਂ ਦੋਹਾਂ ਬਾਹਾਂ ਖਿਲਾਰ ਕੇ ਗੁਰੂ ਜੀ ਨੂੰ ਫੜ ਲਿਆ ਅਤੇ ਕਿਹਾ, "ਤੂੰ ਕੌਣ ਹੈਂ?" ਗੁਰੂ ਜੀ ਨੇ ਦੋਨੋਂ ਹੱਥ ਉਸਦੀ ਬੁੱਕਲ ਵਿਚੋਂ ਕੱਢ ਕੇ ਕਰਮਾਵਤੀ ਦੀਆਂ ਦੋਨੋਂ ਅੱਖਾਂ 'ਤੇ ਰੱਖੇ ਅਤੇ ਫ਼ਰਮਾਇਆ "ਲੈ ਮਾਈਂ ਤੂੰ ਖ਼ੁਦ ਦੇਖ ਲੈ ਮੈਂ ਕੌਣ ਹਾਂ।" ਕਰਮਾਵਤੀ ਸ਼ਾਂਤ ਹੋ ਗਈ। ਜਦੋਂ ਕਰਮਾਵਤੀ ਨੇ ਅੱਖਾਂ ਖੋਲ੍ਹੀਆਂ ਤਾਂ ਉਸਨੂੰ ਦਿਖਾਈ ਦੇਣ ਲੱਗ ਪਿਆ। ਉਸਨੇ ਗੁਰੂ ਰਵਿਦਾਸ ਜੀ ਦੇ ਸੁੰਦਰ ਅਲੌਕਿਕ ਮੁਖੜੇ ਦੇ ਦਰਸ਼ਨ ਕੀਤੇ। ਫਿਰ ਮਾਤਾ ਕਰਮਾਵਤੀ ਨੇ

ਦੋਵੇਂ ਹੱਥ ਜੋੜ ਕੇ ਗੁਰੂ ਜੀ ਨੂੰ ਨਮਸਕਾਰ ਕੀਤੀ ਅਤੇ ਆਖਣ ਲੱਗੀ, "ਹੇ ਮਹਾਰਾਜ! ਤੁਸੀਂ ਮੇਰੇ 'ਤੇ ਬਹੁਤ ਮਿਹਰ ਕੀਤੀ ਹੈ। ਧੰਨ ਹੈ ਉਹ ਮਾਤਾ ਜਿਸ ਨੇ ਤੈਨੂੰ ਜਨਮ ਦਿੱਤਾ ਹੈ, ਧੰਨ ਹੈ ਉਹ ਕੁਟੰਬ ਜਿਸ ਵਿਚ ਤੂੰ ਜਨਮ ਲਿਆ ਹੈ।" ਇਸ ਤੋਂ ਉਪਰੰਤ ਬੀਬੀ ਕਰਮਾਵਤੀ ਨੇ ਘਰ ਦੀ ਹਰੇਕ ਵਸਤੂ 'ਤੇ ਨਜ਼ਰ ਮਾਰੀ ਅਤੇ ਦਿਲ ਹੀ ਦਿਲ ਬਹੁਤ ਖ਼ੁਸ਼ ਹੋਈ। ਇੰਨੇ ਨੂੰ ਗੁਰੂ ਜੀ ਓਥੋਂ ਰਵਾਨਾ ਹੋ ਗਏ।

ਬੀਬੀ ਕਰਮਾਵਤੀ ਨੂੰ ਅਜੇ ਗੁਰੂ ਰਵਿਦਾਸ ਜੀ ਦੇ ਦਰਸ਼ਨ ਕਰਕੇ ਰੱਜ ਨਹੀਂ ਸੀ ਆਇਆ ਉਹ ਝਟਪਟ ਗੁਰੂ ਜੀ ਦੇ ਪਿੱਛੇ ਗੁਰੂ ਜੀ ਦੇ ਘਰ ਪਹੁੰਚ ਗਈ। ਉਸ ਨੇ ਸਾਰੇ ਪਰਿਵਾਰ ਨੂੰ ਸਾਰੀ ਕਹਾਣੀ ਦੱਸੀ ਤਾਂ ਸਾਰਾ ਪਰਿਵਾਰ ਇਹ ਕੌਤਕ ਸੁਣ ਕੇ ਬਹੁਤ ਹੈਰਾਨ ਹੋਇਆ। ਉਸਨੇ ਸਭ ਨੂੰ ਦੱਸਿਆ ਕਿ ਇਹ ਸਭ ਤੁਹਾਡੇ ਪੁੱਤਰ ਦੀ ਕਿਰਪਾ ਨਾਲ ਹੋਇਆ ਹੈ। ਤੁਸੀਂ ਸਭ ਧੰਨਤਾ ਦੇ ਯੋਗ ਹੋ ਕਿਉਂਕਿ ਤੁਹਾਡੇ ਘਰ ਪਰਮਾਤਮਾ ਨੇ ਆਪ ਜਨਮ ਲਿਆ ਹੈ। ਉਹ ਗੁਰੂ ਜੀ ਦੀ ਉਪਮਾ ਸਾਰੇ ਨਗਰ ਵਿਚ ਕਰਨ ਲੱਗੀ।

## ਪਰਿਵਾਰਕ ਜੀਵਨ

ਸ੍ਰੀ ਗੁਰੂ ਰਵਿਦਾਸ ਜੀ ਦੁਆਰਾ ਦਿੱਤੇ ਜਾਂਦੇ ਸੱਚੇ-ਸੁੱਚੇ ਉਪਦੇਸ਼ਾਂ ਕਰਕੇ ਮਾਨਵ ਵਿਰੋਧੀ ਆਪ ਜੀ ਨਾਲ ਈਰਖਾ ਕਰਨ ਲੱਗ ਪਏ। ਆਪ ਜੀ ਦੇ ਸਕੇ-ਸੰਬੰਧੀ ਇਨ੍ਹਾਂ ਗੱਲਾਂ ਕਰਕੇ ਕਾਫ਼ੀ ਪ੍ਰੇਸ਼ਾਨ ਸਨ ਪਰ ਗੁਰੂ ਰਵਿਦਾਸ ਜੀ ਨੂੰ ਇਨ੍ਹਾਂ ਗੱਲਾਂ ਦੀ ਕੋਈ ਪਰਵਾਹ ਨਹੀਂ ਸੀ। ਗੁਰੂ ਜੀ ਹਮੇਸ਼ਾ ਸਾਧੂ-ਸੰਤਾਂ ਦੀ ਸੰਗਤ ਕਰਕੇ ਪ੍ਰਸੰਨ ਰਹਿੰਦੇ ਸਨ ਅਤੇ ਆਪਣੇ ਪਿਤਾ ਸੰਤੋਖ ਦਾਸ ਜੀ ਨਾਲ ਕੰਮ-ਕਾਜ ਵਿਚ ਹੱਥ ਵਟਾਇਆ ਕਰਦੇ ਸਨ। ਆਪ ਜੀ ਦੇ ਪਿਤਾ ਸੰਤੋਖ ਦਾਸ ਜੀ ਜੋੜੇ ਬਣਾਉਣ ਦੇ ਕੰਮ ਵਿਚ ਬਹੁਤ ਰੁੱਝੇ ਰਹਿੰਦੇ ਸਨ। ਪਿਤਾ ਸੰਤੋਖ ਦਾਸ ਜੀ ਗੁਰੂ ਜੀ ਦੇ ਕੰਮ ਬਾਰੇ ਵੀ ਬਹੁਤ ਚਿੰਤਾ ਕਰਦੇ ਸਨ। ਉਨ੍ਹਾਂ ਦੀ ਦਿਲੀ ਇੱਛਾ ਸੀ ਕਿ ਉਨ੍ਹਾਂ ਦਾ ਪੁੱਤਰ ਉਨ੍ਹਾਂ ਵਾਂਗੂ ਕੰਮਕਾਜ ਕਰੇ ਪ੍ਰੰਤੂ ਗੁਰੂ ਜੀ ਅਕਸਰ ਸਾਧੂ-ਸੰਤਾਂ ਦੀ ਜੁੰਡਲੀ ਵਿਚ ਗਿਆਨ-ਧਿਆਨ ਦੀਆਂ ਗੱਲਾਂ ਕਰਦੇ ਰਹਿੰਦੇ ਅਤੇ ਪਰਮਾਤਮਾ ਦੀ ਮਹਿਮਾ ਕਰਦੇ। ਗੁਰੂ ਜੀ ਦੇ ਗਿਆਨ ਦੀ ਖ਼ੁਸ਼ਬੂ ਦੇ ਨਾਲ ਸੀਰਗੋਵਰਧਨਪੁਰ ਦੀ ਸਾਰੀ ਬਸਤੀ ਮਹਿਕਣ ਲੱਗੀ। ਗੁਰੂ ਜੀ ਪਾਸ ਹਰੇਕ ਧਰਮ ਦੇ ਲੋਕ ਆ ਕੇ ਗਿਆਨ ਹਾਸਲ ਕਰਨ ਲੱਗੇ।

ਕਿਸ਼ੋਰ ਅਵਸਥਾ ਵਿਚ ਪਹਿਲਾਂ-ਪਹਿਲ ਗੁਰੂ ਜੀ ਨੇ ਪਿਤਾ-ਪੁਰਖੀ ਕਿੱਤਾ ਕੀਤਾ। ਸ੍ਰੀ ਗੁਰੂ ਰਵਿਦਾਸ ਜੀ ਬਨਾਰਸ ਵਰਗੇ ਕਰਮ-ਕਾਂਡੀ ਸ਼ਹਿਰ ਵਿਚ ਜਦੋਂ ਵਿਸ਼ਵ ਧਰਮ ਦਾ ਸੰਦੇਸ਼ ਦੇ ਰਹੇ ਸਨ ਤਾਂ ਮਾਨਵ ਵਿਰੋਧੀਆਂ ਵਲੋਂ ਭਰਮ ਵੱਸ ਉਨ੍ਹਾਂ ਦੀ ਜ਼ਾਤ ਨੂੰ ਨੀਵਾਂ ਸਮਝਣ ਕਾਰਨ ਮਖੌਲ ਕੀਤਾ ਜਾਂਦਾ ਸੀ। ਮਾਨਵ ਵਿਰੋਧੀ ਗੁਰੂ ਜੀ ਨੂੰ ਕਹਿੰਦੇ ਸਨ ਕਿ ਉਹ ਉਪਦੇਸ਼ਕ ਨਾ ਬਣਨ



ਕੇਵਲ ਆਪਣੇ ਜ਼ਾਤ-ਕਰਮ (ਜੁੱਤੀਆਂ ਬਨਾਉਣ) ਵੱਲ ਧਿਆਨ ਦੇਣ, ਪਰ ਗੁਰੂ ਜੀ ਦ੍ਰਿੜ ਨਿਸ਼ਚੇ ਵਾਲੇ ਸਨ ਅਤੇ ਉਨ੍ਹਾਂ ਨੇ ਕੁੱਲ ਆਲਮ ਨੂੰ ਸਿੱਧੇ ਰਾਹੇ ਪਾਉਣ ਦਾ ਬੀੜਾ ਚੁੱਕਿਆ ਹੋਇਆ ਸੀ। ਗੁਰੂ ਜੀ ਦੀ ਅਡੋਲ ਅਵਸਥਾ ਦੇਖ ਕੇ ਜ਼ਾਤ ਅਭਿਮਾਨੀਆਂ ਵਲੋਂ ਗੁਰੂ ਜੀ ਨੂੰ ਵੇਦਾਂ-ਸ਼ਾਸ਼ਤਰਾਂ ਅਤੇ ਮਨੂੰਸਮ੍ਰਿਤੀ ਦੀਆਂ ਉਦਾਹਰਣਾਂ ਦੇ ਕੇ ਜਮਦੂਤਾਂ ਦਾ ਡਰਾਵਾ ਦਿੱਤਾ ਗਿਆ। ਗੁਰੂ ਜੀ ਨੇ ਮਾਨਵ-ਵਿਰੋਧੀਆਂ ਨੂੰ ਫ਼ਰਮਾਇਆ ਮੈਂ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦਾ ਹਾਂ ਮੈਨੂੰ ਜਮਾਂ ਨਾਲ ਕੋਈ ਵਾਸਤਾ ਨਹੀਂ :-

ਚਮਰਟਾ ਗਾਂਠਿ ਨ ਜਨਈ॥
ਲੋਗੁ ਗਠਾਵੈ ਪਨਹੀ॥੧॥ ਰਹਾਉ॥
ਆਰ ਨਹੀ ਜਿਹ ਤੋਪਉ॥
ਨਹੀ ਰਾਂਬੀ ਠਾਉ ਰੋਪਉ॥੧॥
ਲੋਗੁ ਗੰਠਿ ਗੰਠਿ ਖਰਾ ਬਿਗੂਚਾ॥
ਹਉ ਬਿਨੁ ਗਾਂਠੇ ਜਾਇ ਪਹੂਚਾ॥੨॥
ਰਵਿਦਾਸੁ ਜਪੈ ਰਾਮ ਨਾਮਾ॥
ਮੋਹਿ ਜਮ ਸਿਉ ਨਾਹੀ ਕਾਮਾ॥੩॥੭॥ (ਪੰਨਾ 659)

ਗੁਰੂ ਜੀ ਚਾਹੁੰਦੇ ਸਨ ਕਿ ਉਹ ਧਰਮ ਦੇ ਪ੍ਰਸਾਰ ਅਤੇ ਪ੍ਰਚਾਰ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਉਣ ਤਾਂ ਕਿ ਮਨੁੱਖਾਂ ਦਾ ਜੀਵਨ ਪੱਧਰ ਉੱਚਾ ਹੋ ਜਾਵੇ। ਵਾਸਤਵ ਵਿਚ ਗੁਰੂ ਜੀ ਉਹ ਕੁਝ ਕਰ ਰਹੇ ਸਨ ਜਿਹੜਾ ਦੁਨੀਆਂ ਦੇ ਇਤਿਹਾਸ ਵਿਚ ਕੋਈ ਵੀ ਕਰਨ ਤੋਂ ਅਸਮਰੱਥ ਸੀ।

ਗੁਰੂ ਜੀ ਦਾ ਜੱਸ ਵਧਦਾ ਵੇਖ ਕੇ ਮਾਨਵ-ਵਿਰੋਧੀ ਲੋਹੇ-ਲਾਖੇ ਹੋਣ ਲੱਗ ਪਏ ਕਿਉਂਕਿ ਇਕ ਸ਼ੂਦਰ ਦੁਆਰਾ ਉਪਦੇਸ਼ ਦੇਣਾ ਅਤੇ ਪ੍ਰਭੂ-ਪ੍ਰੇਮ ਦਾ ਮਾਰਗ ਲੋਕਾਂ ਨੂੰ ਸਮਝਾਉਣਾ ਉਨ੍ਹਾਂ ਨੂੰ ਚੰਗਾ ਨਹੀਂ ਲੱਗਾ।* ਮਾਨਵ ਵਿਰੋਧੀ ਗੁਰੂ ਜੀ ਨੂੰ ਸਰਕਾਰੇ-ਦਰਬਾਰੇ ਬੁਲਾ ਕੇ ਰਾਜੇ ਕੋਲੋਂ ਸਜ਼ਾ ਦਿਵਾਉਣ ਦੀਆਂ ਚਾਲਾਂ ਚੱਲਣ ਲੱਗੇ। ਇਨ੍ਹਾਂ ਗੱਲਾਂ ਦੀ ਭਿਣਕ ਜਦੋਂ ਪਿਤਾ ਸੰਤੋਖ ਦਾਸ ਜੀ ਨੂੰ ਲੱਗੀ ਤਾਂ ਉਨ੍ਹਾਂ ਨੇ ਗੁਰੂ ਜੀ ਨੂੰ ਵਿਆਹ ਦੇ ਬੰਧਨ ਵਿਚ ਬੰਨ੍ਹਣ ਦੀ ਸੋਚ ਲਈ। ਉਨ੍ਹਾਂ ਨੇ ਸੋਚਿਆ ਕਿ ਜੇਕਰ ਗੁਰੂ ਜੀ ਦਾ ਵਿਆਹ ਕਰ ਦਿੱਤਾ ਜਾਵੇਗਾ ਤਾਂ ਸ਼ਾਇਦ ਉਹ ਪ੍ਰਭੂ-ਭਗਤੀ ਵਾਲਾ ਮਾਰਗ ਤਿਆਗ ਕੇ ਗ੍ਰਿਹਿਸਥ ਜੀਵਨ ਵੱਲ ਰੁਚਿਤ ਹੋ ਜਾਣਗੇ।

ਸੋਚ ਵਿਚਾਰ ਤੋਂ ਬਾਅਦ ਪਿਤਾ ਸੰਤੋਖ ਦਾਸ ਜੀ ਨੇ ਇਹ ਫ਼ੈਸਲਾ ਕਰ ਲਿਆ ਕਿ ਗੁਰੂ ਰਵਿਦਾਸ ਜੀ ਦਾ ਵਿਆਹ ਕਰ ਦਿੱਤਾ ਜਾਵੇ ਤਾਂ ਕਿ ਉਨ੍ਹਾਂ ਦਾ ਮਨ ਅਤੇ ਧਿਆਨ ਘਰ-ਗ੍ਰਿਹਿਸਥ ਵੱਲ ਲੱਗ ਜਾਵੇ। ਕੁਝ ਸਮਾਂ ਪਾ ਕੇ ਗੁਰੂ ਰਵਿਦਾਸ ਜੀ ਦੀ ਕੁੜਮਾਈ ਮਿਰਜ਼ਾਪੁਰ 'ਚ ਚੰਗੇ ਪਰਿਵਾਰ ਦੀ ਲੜਕੀ ਲੋਨਾਦੇਵੀ ਨਾਲ ਕਰ ਦਿੱਤੀ ਗਈ ਅਤੇ ਛੇਤੀ ਹੀ ਵਿਆਹ ਦੀਆਂ ਤਿਆਰੀਆਂ ਹੋਣ ਲੱਗ ਪਈਆਂ।

ਲੋਨਾਦੇਵੀ ਜੀ ਵੀ ਬਹੁਤ ਹੀ ਧਾਰਮਕ ਵਿਚਾਰਾਂ ਵਾਲੀ ਔਰਤ ਸੀ। ਵਿਆਹ ਪਿਛੋਂ ਉਸਨੇ ਸਹੁਰੇ ਜਾ ਕੇ ਘਰ ਦਾ ਸਾਰਾ ਕੰਮ-ਕਾਜ ਸੰਭਾਲ ਲਿਆ। ਉਸਦਾ ਚਿਹਰਾ ਹਮੇਸ਼ਾਂ ਫੁੱਲ ਵਾਂਗੂ ਖਿੜਿਆ ਰਹਿੰਦਾ ਸੀ। ਪੁੱਤਰੀ ਸਮਾਨ ਬਹੂ ਪਾ ਕੇ ਸੰਤੋਖ ਦਾਸ ਮਨ ਹੀ ਮਨ ਬਹੁਤ ਖ਼ੁਸ਼ ਰਹਿੰਦਾ ਸੀ ਅਤੇ ਪਰਮਾਤਮਾ ਦਾ ਲੱਖ-ਲੱਖ ਸ਼ੁਕਰ ਕਰਦਾ ਰਹਿੰਦਾ। ਉਸਨੂੰ ਆਪਣਾ ਘਰ ਹੋਰ ਵੀ ਚੰਗਾ ਲੱਗਣ ਲੱਗ ਪਿਆ ਸੀ।

ਲੋਨਾਦੇਵੀ ਜੀ ਨੂੰ ਛੇਤੀ ਹੀ ਅੰਦਾਜ਼ਾ ਹੋ ਗਿਆ ਸੀ ਕਿ ਮੇਰੇ ਪਤੀ ਸਾਰੀਆਂ ਸੰਸਾਰੀ ਰੂਹਾਂ ਦੇ ਪਤੀ-ਪ੍ਰਮੇਸ਼ਵਰ ਪ੍ਰਭੂ ਰੂਪ ਹਨ। ਇਸ ਲਈ ਉਹ ਗੁਰੂ ਰਵਿਦਾਸ ਜੀ ਦੇ ਸੇਵਾ ਵਿਚ ਹਰ ਸਮੇਂ ਤੱਤਪਰ ਰਹਿੰਦੀ ਸੀ। ਉਹ ਸਮਝ ਚੁੱਕੀ ਸੀ ਕਿ ਉਸਦੇ ਪਤੀ ਗੁਰੂ ਰੂਪ ਧਾਰਣ ਕਰਕੇ ਕੇਵਲ ਆਪਣੇ ਕੁਟੰਬ ਦਾ ਹੀ ਨਹੀਂ ਬਲਕਿ ਸਾਰੇ ਬ੍ਰਹਿਮੰਡ ਦੇ ਪਾਪ ਤੇ ਅਗਿਆਨਤਾ ਨੂੰ ਦੂਰ ਕਰਕੇ ਸਾਰੇ ਜੀਵ-ਜੰਤੂਆਂ ਦਾ ਉਧਾਰ ਕਰਨਗੇ।

ਸ਼੍ਰੀਮਤੀ ਲੋਨਾ ਦੇਵੀ ਜੀ ਦੀ ਕੁੱਖੋਂ ਇਕ ਬਾਲਕ ਨੇ ਜਨਮ ਲਿਆ ਜਿਸ ਦਾ ਨਾਮ ਵਿਜੈ ਦਾਸ ਰੱਖਿਆ ਗਿਆ। ਦਸਤਾਵੇਜ਼ ਪੁਸਤਕ 'ਦੀ ਚਮਾਰਜ਼' ਦੇ ਲੇਖਕ ਮਿ. ਜੀ. ਡਬਲਯੂ ਬ੍ਰਿਗੇਸ ਵੀ ਲਿਖਦੇ ਹਨ: "ਆਪ (ਗੁਰੂ ਰਵਿਦਾਸ ਜੀ) ਦੀ ਸੁਪਤਨੀ ਦਾ ਨਾਂ ਲੋਨਾ ਅਤੇ ਸਪੁੱਤਰ ਦਾ ਨਾਂ ਵਿਜੈ ਦਾਸ ਸੀ।"

## ਗੁਰਮੁਖੀ ਅੱਖਰਾਂ ਦੀ ਰਚਨਾ ਕਰਨੀ

ਜਿਸ ਸਮਾਜ ਵਿਚ ਗੁਰੂ ਰਵਿਦਾਸ ਜੀ ਦਾ ਆਗਮਨ ਹੋਇਆ ਉਹ ਸਖ਼ਤ ਪਾਬੰਦੀਆਂ ਵਿਚ ਬੱਝਾ ਹੋਇਆ ਸੀ। ਅਗਿਆਨਤਾ ਅਤੇ ਗ਼ਰੀਬੀ ਇਸ ਸਮਾਜ ਦੀ ਪਹਿਚਾਣ ਬਣ ਚੁੱਕੀ ਸੀ। ਗੁਰੂ ਰਵਿਦਾਸ ਜੀ ਆਪਣੇ ਗਰੀਬ ਸਮਾਜ ਦੀ ਨੁਹਾਰ ਬਦਲਣ ਦੇ ਇਛੁੱਕ ਸਨ, ਉਹ ਹਰ ਪੱਖੋਂ ਸਮਾਜ ਵਿਚ ਤਬਦੀਲੀ ਚਾਹੁੰਦੇ ਸਨ। ਗੁਰੂ ਜੀ ਨੇ ਸਭ ਨੂੰ ਗਿਆਨਵਾਨ ਹੋਣ ਲਈ ਪ੍ਰੇਰਿਆ:-

ਮਾਧੋ ਅਬਿਦਿਆ ਹਿਤ ਕੀਨ॥ ਬਿਬੇਕ ਦੀਪ ਮਲੀਨ॥ (ਪੰਨਾ 486)

ਵਿਵੇਕ ਦੇ ਦੀਪਕ ਨੂੰ ਜਗਾਉਣ ਲਈ ਆਪ ਨੇ ਗੁਰਮੁਖੀ ਦੇ ਚੌਂਤੀ ਅੱਖਰਾਂ ਦੀ ਰਚਨਾ ਕੀਤੀ। ਜਿਸ ਨਾਲ ਸਮਾਜ ਵਿਚ ਜਾਗਰੂਕਤਾ ਆਈ ਅਤੇ ਗਿਆਨਵਾਨ ਬਣਨ ਦੀ ਨਵੀਂ ਕਿਰਨ ਬੱਝੀ। ਜਿਸ ਸਮਾਜ ਨੂੰ ਪੜ੍ਹਨ-ਲਿਖਣ ਨਹੀਂ ਦਿੱਤਾ ਜਾਂਦਾ ਸੀ, ਉਹੀ ਸਮਾਜ ਹੁਣ ਗੁਰੂ ਜੀ ਪਾਸ ਆ ਕੇ ਆਪਣਾ ਦੀਪਕ ਆਪ ਬਣਨ ਲੱਗ ਪਿਆ। ਇੱਥੋਂ ਤੱਕ ਕਿ (ਦੇਵ) ਨਾਗਰੀ ਲਿਖੇ ਹੋਏ ਕਾਗਜ਼ 'ਤੇ ਜੇਕਰ ਕਿਸੇ ਸ਼ੂਦਰ ਦੀ ਨਜ਼ਰ ਪੈ ਜਾਵੇ ਤਾਂ ਉਸ ਦੀਆਂ ਅੱਖੀਆਂ ਕੱਢ ਕੇ ਅੰਨ੍ਹਾ ਕਰ ਦਿੱਤਾ ਜਾਂਦਾ ਸੀ। ਇਨ੍ਹਾਂ ਅਕਹਿ ਕਸ਼ਟਾਂ ਤੋਂ ਬਚਾਉਣ ਲਈ ਦੀਨ ਦਇਆਲ ਪ੍ਰਭੂ ਗੁਰੂ ਰਵਿਦਾਸ ਜੀ ਨੇ ਸਮਾਜ ਨੂੰ



ਗੁਰਮੁਖੀ ਅੱਖਰ ਪ੍ਰਦਾਨ ਕੀਤੇ। ਸਤਿਗੁਰੂ ਕਬੀਰ ਸਾਹਿਬ ਜੀ ਅਨੁਸਾਰ "ਪੰਡਿਤ ਮੁਲਾਂ ਜੋ ਲਿਖਿ ਦੀਆ। ਛਾਡਿ ਚਲੇ ਹਮ ਕਛੂ ਨ ਲੀਆ॥" ਹੁਣ ਸਭ ਕੁਝ ਓਹੀ ਭਾਣਾ ਵਰਤ ਰਿਹਾ ਸੀ ਜਿਸ ਤਰ੍ਹਾਂ ਗੁਰੂ ਰਵਿਦਾਸ ਜੀ ਮਹਾਰਾਜ ਚਾਹੁੰਦੇ ਸਨ। ਪ੍ਰਸਿੱਧ ਇਤਿਹਾਸਕਾਰ ਮੈਕਾਲਿਫ਼ ਲਿਖਦਾ ਹੈ, "ਸ੍ਰੀ ਰਵਿਦਾਸ ਜੀ ਸਾਹਿਬ ਦਾ ਤੇਜ ਪ੍ਰਤਾਪ ਤੇ ਜਸ ਸੂਰਜ ਦੀ ਨਿਆਈਂ ਫੈਲ ਗਿਆ"। ਗੁਰੂ ਜੀ ਦੀ ਨੇਕ ਤੇ ਸੁਹਿਰਦ ਸੋਚ ਸਾਮ੍ਹਣੇ ਕਪਟੀ, ਲਾਲਚੀ ਤੇ ਮਾਨਵ-ਵਿਰੋਧੀਆਂ ਦੀ ਇਕ ਨਾ ਚੱਲੀ।

ਪੁਸਤਕ "ਗੁਰਮੁਖੀ ਅੱਖਰ ਭਗਤ ਰਵਿਦਾਸ ਨੇ ਬਣਾਏ" ਦੇ ਲੇਖਕ ਗਿਆਨੀ ਗੁਰਚਰਨ ਸਿੰਘ ਵੈਦ ਲਿਖਦੇ ਹਨ :

*(1) "ਗੁਰਬਾਣੀ ਦੁਆਰਾ ਭਗਤ ਰਵਿਦਾਸ ਜੀ ਦੇ ਗੁਰਮੁਖੀ ਅੱਖਰ ਬਣਾਏ ਸਿੱਧ ਹੋਣਾ ਉਨ੍ਹਾਂ ਦੀ ਬਾਣੀ ਰਾਹੀਂ ਪੂਰੀ ਤਰ੍ਹਾਂ ਜਾਣਿਆ ਜਾ ਸਕਦਾ ਹੈ। ਆਪ ਜੀ ਲਿਖਦੇ ਹਨ— 'ਨਾਨਾ ਖਿਆਨ ਪੁਰਾਨ ਬੇਦ ਬਿਧ ਚੌਂਤੀਸ ਅਖਰ ਮਾਹੀ॥' ਇਸਦਾ ਭਾਵ ਹੈ ਅਸਲ ਵਿਚ ਅਖਰ ਚੌਂਤੀ ਹੀ ਹਨ, ਪੰਡਤਾਂ ਨੇ ਗਿਆਨ ਨੂੰ ਕਠਨ ਬਣਾਉਣ ਵਾਸਤੇ ਦੇਵ ਨਾਗਰੀ ਦੇ ਅਖਰ ਕਚੀ ਲੱਸੀ ਵਾਂਗ ਵਧਾ ਕੇ 52 ਕਰ ਛੱਡੇ ਹਨ। ਇਸ ਤੋਂ ਸਿੱਧ ਹੋ ਗਿਆ ਹੈ ਕਿ ਪਹਿਲਾਂ ਚੌਂਤੀ ਅੱਖਰ ਗੁਰਮੁਖੀ ਦੇ ਲੋੜ ਅਨੁਸਾਰ ਜੋ ਦੱਸੇ ਅਤੇ ਸੰਕੇਤ ਕੀਤੇ ਹਨ ਉਹ ਭਗਤ ਰਵਿਦਾਸ ਜੀ ਦੀ ਹੀ ਦੇਣ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਨਹੀਂ ਬਣਾਏ।*

*(2) ਅਛੂਤ ਵਰਗ ਨੂੰ ਸੰਸਕ੍ਰਿਤ ਬੋਲੀ ਪੜ੍ਹਨ/ਪੜ੍ਹਾਉਣ ਦੀ ਪੂਰੀ ਤਰ੍ਹਾਂ ਮਨਾਹੀ ਸੀ। ਅਛੂਤ ਵਰਗ ਦੀ ਲੋੜ ਨੂੰ ਪੂਰਾ ਕਰਨ ਵਾਸਤੇ ਗੁਰੂ ਰਵਿਦਾਸ ਜੀ ਨੇ ਗੁਰਮੁਖੀ ਅੱਖਰ ਬਣਾਏ ਤਾਂ ਜੋ ਇਹ ਪੱਛੜਿਆਂ ਸ਼ੂਦਰਾਂ ਅਤੇ ਇਸਤਰੀਆਂ ਦਾ ਵਰਗ ਵਿੱਦਿਆ ਪ੍ਰਾਪਤ ਕਰਕੇ ਬ੍ਰਾਹਮਣ ਦੀ ਪਈ ਗੁਲਾਮੀ ਦੀ ਛਟ ਨੂੰ ਉਤਾਰਕੇ ਸਨਮਾਨਤ ਜੀਵਨ ਜੀਅ ਸਕੇ ਅਤੇ ਉਨਤ ਹੋ ਸਕੇ। (ਸੰਦਰਭ ਓਹੀ)*

ਭਾਰਤ-ਪਾਕਿਸਤਾਨ ਦੀ ਵੰਡ ਤੋਂ ਪਹਿਲਾਂ ਲਾਹੌਰ ਦੀ ਅਦਾਲਤ ਨੇ ਵੀ ਇਹ ਫੈਸਲਾ ਕੀਤਾ ਸੀ ਕਿ 'ਗੁਰਮੁਖੀ ਦੀ ਰਚਨਾ ਸ੍ਰੀ ਗੁਰੂ ਰਵਿਦਾਸ ਜੀ ਨੇ ਕੀਤੀ ਹੈ'। ਇਸ ਪ੍ਰਕਾਰ ਗੁਰੂ ਰਵਿਦਾਸ ਜੀ ਕੇਵਲ ਇਕ ਧਾਰਮਕ ਆਗੂ ਹੀ ਨਹੀਂ ਬਲਕਿ ਭਾਰਤੀ ਸਾਹਿਤ ਦੇ ਨਿਰਮਾਤਾ ਵੀ ਹਨ। ਗੁਰੂ ਜੀ ਨੇ ਗੁਰਮੁੱਖੀ ਦੇ 34 ਅੱਖਰਾਂ ਦੀ ਰੂਪ-ਰੇਖਾ ਬਣਾ ਕੇ ਸਮਾਜ ਨੂੰ ਇਨ੍ਹਾਂ ਅੱਖਰਾਂ ਤੋਂ ਜਾਣੂ ਕਰਵਾਉਂਦੇ ਹੋਏ ਫ਼ਰਮਾਇਆ :

ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਖਰ ਮਾਂਹੀ॥
(ਪੰਨਾ 658)

ਗੁਰੂ ਰਵਿਦਾਸ ਜੀ ਨੇ ਜਿਹੜੇ 34 ਅੱਖਰਾਂ ਦੀ ਰਚਨਾ ਕੀਤੀ ਉਹ ਹੇਠ ਲਿਖੇ ਅਨੁਸਾਰ ਹਨ :

"ੳ ਅ ੲ ਸ ਹ ਕ ਖ ਗ ਘ ਙ ਚ ਛ ਜ ਝ ਞ ਟ ਠ ਡ ਢ ਣ ਤ ਥ ਦ ਧ ਨ ਪ ਫ ਬ ਭ ਮ ਯ ਰ ਲ ਵ"

ਬਹੁਤ ਸਾਰੇ ਵਿਦਵਾਨ ਉਨ੍ਹਾਂ ਨੂੰ ਗੁਰਮੁੱਖੀ ਦੇ 34 ਅੱਖਰਾਂ ਦੇ ਰਚੇਤਾ ਮੰਨਦੇ ਹਨ ਅਤੇ 'ੜ' ਅੱਖ਼ਰ ਬਾਰੇ ਉਨ੍ਹਾਂ ਦਾ ਮੱਤ ਹੈ ਕਿ ਇਹ ਅੱਖ਼ਰ ਬਾਅਦ ਵਿਚ ਜੋੜਿਆ ਗਿਆ ਹੈ। ਪਰ ਗੁਰੂ ਜੀ ਦੀ ਬਾਣੀ "ਹਾਡ ਮਾਸ ਨਾੜੀ ਕੋ ਪਿੰਜਰ..." ਰਾਹੀਂ ਸਿੱਧ ਹੁੰਦਾ ਹੈ ਕਿ 'ੜ' ਅੱਖ਼ਰ ਦਾ ਪ੍ਰਯੋਗ ਆਪ ਨੇ ਆਪਣੀ ਬਾਣੀ ਵਿਚ ਕੀਤਾ ਹੈ। ਇਸ ਲਈ ਗੁਰਮੁੱਖੀ ਦੇ ਵਿਸਥਾਰ ਵਾਸਤੇ ਆਪ ਜੀ ਨੇ ਬਾਅਦ ਵਿਚ 'ੜ' ਅੱਖਰ ਦੀ ਰਚਨਾ ਵੀ ਕਰ ਦਿੱਤੀ ਹੋ ਸਕਦੀ ਹੈ। ਇਹ ਕੰਮ ਚੌਂਤੀ ਅੱਖਰਾਂ ਦੇ ਰਚੇਤਾ ਲਈ ਮਾਮੂਲੀ ਸੀ ਪਰ ਇਸਦੀ ਪੰਜਾਬੀ ਜਗਤ ਨੂੰ ਅਦੁੱਤੀ ਦੇਣ ਹੈ।

ਪੁਸਤਕ "ਗੁਰੂ ਰਵਿਦਾਸ ਕਾਵਿ-ਕਲਾ" ਵਿਚ ਡਾ. ਕ੍ਰਿਸ਼ਨਾ ਕਲਸੀਆ ਨੇ 'ਗੁਰੂ ਰਵਿਦਾਸ ਵਾਣੀ ਵਿਚ ਪੰਜਾਬੀ ਪ੍ਰਧਾਨਤਾ' ਸਿਰਲੇਖ ਹੇਠ ਆਪਣੇ ਵਿਚਾਰ ਇੰਞ ਲਿਖੇ ਹਨ :

*"ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਗੁਰੂ ਰਵਿਦਾਸ ਬਾਣੀ ਵਿਚ ਪੰਜਾਬੀ ਪ੍ਰਭਾਵ ਵਧੇਰੇ ਉਜਾਗਰ ਹੋਇਆ ਹੈ। ਬਾਹਰਲੀ ਬਾਣੀ ਵਿਚ ਵੀ ਪੰਜਾਬੀ ਪ੍ਰਭਾਵ ਦੀ ਝਲਕ ਮਿਲਦੀ ਹੈ। ਜਿਵੇਂ :-*

*ਪਹਿਲੇ ਪਹਰੇ ਰੈਣਿ ਦੇ ਬਣਿਜਾਰਿਆ ਤੈਂ ਜਨਮ ਲਿਯਾ ਸੰਸਾਰ ਵੇ।*
*ਸੇਵਾ ਚੂਕੀ ਰਾਮ ਕੀ ਤੇਰੀ ਬਾਲਕ ਬੁਧਿ ਗੰਵਾਰ ਵੇ॥੧॥*
*ਬਾਲਕ ਬੁਧਿ ਗੰਬਾਰ ਨ ਚੇਤਿਆਂ ਤੂੰ ਭੂਲਾ ਮਾਯਾ ਜਾਲ ਵੇ।*
*ਕਹਾ ਹੋਇ ਪਾਛੇ ਪਛਿਤਾਏ ਜਲ ਪਹਿਲੇ ਨ ਬਾਂਧੀ ਪਾਲ ਵੇ॥੨॥*
*ਬੀਸ ਬਰਸ ਕਾ ਭਯਾ ਅਯਾਨਾ ਥਾਂਮਿ ਨ ਸਕਾ ਭਾਵ ਵੇ।*
*ਜਨ ਰਵਿਦਾਸ ਕਹੈ ਬਣਿਜਰਿਆ ਜਨਮ ਲਿਯਾ ਸੰਸਾਰ ਵੇ॥੩॥*
*ਦੂਜੇ ਪਹਰੈ ਰੈਣ ਦੇ ਬਣਿਜਰਿਆ ਤੂੰ ਨਿਰਖਤ ਚਾਲਿਓ ਛਾਂਹ ਵੇ।*
*ਹਰਿ ਨ ਦਮੋਦਰ ਧਿਆਇਆ ਬਨਿਜਰਿਆ*
*ਤੂੰ ਲੇਈ ਨ ਸਕਾ ਨਾਂਵ ਵੇ॥੪॥*
*ਨਾਂਵ ਨ ਲੀਆ ਔਗੁਨ ਕੀਆ ਇਸ ਜੋਬਨ ਦੈ ਤਾਨ ਵੇ।*
*ਅਪਨੀ ਪਰਾਈ ਗਿਨੀ ਨ ਕਾਈ ਮੰਦ ਕਰਮ ਕਮਾਨ ਵੇ।।੫॥*
*ਸਾਹਿਬ ਲੇਖਾ ਲੇਸੀ ਤੂੰ ਭਰਿ ਦੇਸੀ ਭੀਰ ਪਰੈ ਤੁਝ ਤਾਂਹ ਵੇ।*
*ਜਨ ਰਵਿਦਾਸ ਕਹੈ ਬਣਿਜਰਿਆ ਤੂੰ ਨਿਰਖਤ ਚਾਲਾ ਛਾਂਹ ਵੇ॥੬॥*
*ਤੀਜੈ ਪਹਰੇ ਰੈਣ ਦੇ ਬਣਿਜਰਿਆ*
*ਤੇਰੇ ਢਿਲੜੇ ਪੜੇ ਪਿਯ ਪ੍ਰਾਨ ਵੇ।*
*ਕਾਯਾ ਰਵਨੀ ਨਾ ਕਰੈ ਬਣਿਜਰਿਆ ਘਟ ਭੀਤਰ ਬਸੇ ਕੁਜਾਨ ਵੇ॥੭॥*
*ਏਕ ਬਸੈ ਕਾਯਾਗੜ ਭੀਤਰ ਆਹਿਲਾ ਜਨਮ ਗੰਵਾਇ ਵੇ।*



*ਅਬ ਕੀ ਬੇਰ ਨ ਸੁਕਿਰਿਤ ਕੀਆ ਬਹੁਰਿ ਨ ਯਹਿ ਗੜਿ ਪਾਇ ਵੇ॥੮॥*
*ਕੰਪੀ ਦੇਹ ਕਾਯਾਗੜ ਖੀਣਾ ਫਿਰ ਲਾਗਾ ਪਛਿਤਾਨ ਵੇ।*
*ਜਨ ਰਵਿਦਾਸ ਕਹੈ ਬਣਿਜਰਿਆ ਤੇਰੇ ਢਿਲੜੇ ਪੜੇ ਪਰਾਨ ਵੇ॥੯॥*
*ਚੌਥੇ ਪਹਰੇ ਰੈਨ ਦੇ ਬਣਿਜਾਰਿਆ ਤੇਰੀ ਕੰਪਨ ਲਾਗੀ ਦੇਹ ਵੇ।*
*ਸਾਹਿਬ ਲੇਖਾ ਮਾਂਗਿਆ ਬਣਿਜਾਰਿਆ ਤੂ ਛਾਡਿ ਪੁਰਾਨੀ ਦੇਹ ਵੇ॥੧੦॥*
*ਛਾਡਿ ਪੁਰਾਨੀ ਜਿਦ ਅਜਾਨਾ ਬਾਲਦਿ ਹਾਂਕਿ ਸਬੇਰਿਆ ਵੇ।*
*ਜਮ ਕੇ ਆਏ ਬਾਂਧਿ ਚਲਾਏ ਬਾਰੀ ਪੂਗੀ ਤੇਰਿਆ ਵੇ॥੧੧॥*
*ਪੰਥ ਚੱਲੇ ਅਕੇਲਾ ਹੋਏ ਦੁਹੇਲਾ ਕਿਸ ਕੋ ਦੇਹ ਸਨੇਹ ਵੇ।*
*ਜਨ ਰਵਿਦਾਸ ਕਹੈ ਬਣਿਜਰਿਆ ਤੇਰੀ ਕੰਪਨ ਲਾਗੀ ਦੇਹ ਵੇ॥੧੨॥**

*ਉਪਰੋਕਤ ਸ਼ਬਦ ਵਿਚ ਬਣਿਜਾਰਿਯਾ, ਬਾਲਕ ਬੁੱਧੀ, ਜੋਬਨ, ਗੰਵਰਾ, ਮੰਦੇ ਕਰਮ, ਥੰਭਿ, ਬਰਸ, ਨਿਖਰੇ, ਪਿਰਾਨ, ਪਾਲ ਆਦਿ ਪੰਜਾਬੀ-ਪ੍ਰਧਾਨ ਕਾਵਿ ਭਾਸ਼ਾ ਨਾਲ ਸੰਬੰਧਿਤ ਹਨ। ਇਸ ਤੋਂ ਇਲਾਵਾ ਬਰਨ ਪਲਟਿ ਭਯੋ, ਧੰਨਿ ਸੋ ਪੰਥੀ, ਘਟਿ ਘਟਿ ਬਯਾਪਿ ਰਹਯੋ, ਸੰਤ ਓਤਾਰੇ ਆਰਤੀ ਦੇਵ ਸਿਰੋਮਨੀਏਂ, ਧੂਪ ਧੂਪਾਈਏ, ਤਨਮਨ ਆਤਮ ਬਾਰਿ, ਸਦਾ ਹਰਿ ਗਾਈਏ, ਸਘਨ ਬਨ ਵਿਕੁ, ਕਾਮ ਕਲੇਸ਼, ਜਬ ਲਗਿ ਤਨ ਮਨ ਸੁਧ ਨ ਹੋਇ, ਭਗਤਿ ਨ ਹੋਇ ਬਹੁ ਗੁਣ ਕੀਨੈ, ਸੰਤੋਂ ਕੁਲ ਪਖੀ ਭਗਤਿ ਹਵੈਸੀ ਕਲਿਯੁਗ ਮੈਂ, ਬਿਨ ਵਿਸਵਾਸ, ਨਿਸਿ ਬਾਸਰ ਦੁਸਕਰਮ ਕਮਾਈ, ਰਾਮ ਕਹਤ ਬੈਕੁੰਠੇ ਜਾਈ। ਮੇਰੀ ਕੁਚੀਲ ਜਾਂ ਕੁਚੀਲਾ ਮੇ ਬਾਸ, ਬਰਸ ਸਹਸ ਦਸ ਜੁਧ ਕਰਾਯੋ ਜੁਗਲ ਉਧਾਰਣ ਰਾਜ, ਨਿਰੰਜਨ ਧਯਾਊਂ, ਜਿਸ ਘਰਿ ਜਾਊ ਹੌਂ ਬਹੁਰਿ ਨਾ ਆਊਂ, ਪ੍ਰੇਮ ਕੀ ਪਾਟਿ ਸੁਰਤਿ ਲੇਖਨਿ, ਰਰਾ ਮਮਾ ਲਿਖਿ ਅੰਕ ਦਿਖਾਊਂ॥ ਆਦਿ ਪੰਜਾਬੀ ਪ੍ਰਧਾਨ ਲੋਕ-ਭਾਸ਼ਾ ਨਾਲ ਸੰਬੰਧਿਤ ਵਾਕ-ਵੰਸ਼ ਹਨ।*

*ਪੰਜਾਬੀ ਉਚਾਰਨ ਵਿਚ ਜਦੋਂ ਦੋ ਤੋਂ ਵੱਧ ਅੱਖਰ ਹੋਣ ਅਤੇ ਪਹਿਲੇ ਦੋ ਦੀਰਘ ਸਵਰ ਵਾਲੇ ਹੋਣ ਤਾਂ ਆਰੰਭਿਕ ਸਵਰ ਆਪਣੇ ਆਪ ਲਘੂ ਹੋ ਜਾਂਦਾ ਹੈ। ਜਿਵੇਂ ਆਧਾਰ, ਅਧਾਰ ਵਿਚ ਬਦਲ ਜਾਂਦਾ ਹੈ:-*

*- ਕਲਿ ਕੇਵਲ ਨਾਮ ਅਧਾਰ॥*
*- ਜੀਵਤ ਮੁਕੰਦੇ ਮਰਤ ਮੁਕੰਦੇ। ਤਾ ਕੇ ਸੇਵਕ ਕੋ ਸਦਾ ਅਨੰਦੇ॥*

*ਚੰਦਾ ਜਾਂ ਚਾਂਦ ਦੀ ਤੁਲਨਾ ਤੇ ਚੰਦ ਸ਼ਬਦ, ਨਾਉਂ ਸ਼ਬਦ ਦਾ ਪ੍ਰਯੋਗ, ਸੈਰ ਦੀ ਥਾਂ ਸੈਲ, ਘਨਾ ਦੀ ਥਾਂ ਘਣਾ (ਨ ਦੀ ਥਾਂ ਣ ਦਾ ਪ੍ਰਯੋਗ) ਯੂੰ ਦੀ ਥਾਂ ਇਉਂ, ਪਰਚਣਾ ਸ਼ਬਦ ਦੀ ਵਰਤੋਂ ਪੰਜਾਬੀ ਉਚਾਰਣ ਅਨੁਸਾਰ ਹੋਈ ਹੈ :-*

*- ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ॥*

*– ਤਿਉਂ ਤਿਉਂ ਸੈਲ ਕਰਹਿ, ਜਿਉਂ ਭਾਵੇ*
*ਮਰਹਮ ਮਹਲ ਨ ਕੋ ਅਟਕਾਵੈ॥*
*– ਘਟ ਅਵਘਟ ਡੂਗਰ ਘਣਾ।*
*– ਇਉਂ ਗੁਰ ਪ੍ਰਸਾਦਿ ਨਰਕ ਨਹੀਂ ਜਾਤਾ।*
*– ਬੇਗਮਪੁਰਾ ਸਹਰ ਕੋ ਨਾਉਂ।*
*– ਫੇੜੇ ਕਾ ਦੁਖ ਸਹੇ ਜੀਉ।*
*– ਪਰਚੈ ਰਾਮੁ ਰਵੈ ਜੋ ਕੋਇ।*

*ਗੁਰੂ ਰਵਿਦਾਸ ਬਾਣੀ ਵਿਚ ਪੰਜਾਬੀ ਕਿਰਿਆਵਾਂ ਦਾ ਖਾਸਾ ਪ੍ਰਯੋਗ ਮਿਲਦਾ ਹੈ ਜਿਸ ਨਾਲ ਉਨ੍ਹਾਂ ਦੀ ਕਾਵਿ ਭਾਸ਼ਾ ਪੰਜਾਬੀ–ਪ੍ਰਧਾਨ ਨਜ਼ਰ ਆਉਂਦੀ ਹੈ ਜਿਵੇਂ :–*

*– ਟਾਂਡਾ ਲਾਦਿਆ ਜਾਇ ਰੇ॥*
*– ਮੇਰਾ ਮਨ ਬਿਖਿਆ ਬਿਮੋਹਿਆ॥ (ਗਾਊੜੀ ਪੂਰਬੀ)*
*– ਨਿਮਤ, ਨਾਮਦੇਉ ਦੂਧੁ ਪੀਆਇਆ॥*
*ਤਉ ਜਗ ਜਨਮ ਸੰਕਟ ਨਹੀਂ ਆਇਆ॥ (ਰਾਗੁ ਆਸਾ))*
*– ਨਿੰਦਕੁ ਸੋਧਿ ਸਾਧਿ ਬੀਚਾਰਿਆ॥*
*ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ॥ (ਰਾਗੁ ਗੋਂਡ)*
*– ਹੋਇ ਪੁਨੀਤ ਭਗਵੰਤ ਭਜਨ ਤੇ*
*ਆਪੁ ਤਾਰਿ ਤਾਰੇ ਕੁਲ ਦੋਇ॥ (ਰਾਗੁ ਬਿਲਾਵਲ)*

*ਪੰਜਾਬੀ ਵਿਚ ਪਰਸਰਗ, ਲੱਗਣ ਨਾਲ ਸ਼ਬਦ ਦਾ ਅੰਤਲਾ 'ਅ' ਬਲ ਕੇ 'ਏ' ਹੋ ਜਾਂਦਾ ਹੈ ਰਮਈਏ ਸਿਓ ਇਕ ਬੇਨਤੀ (ਰਾਗ ਗਾਉੜੀ) ਰਮਈਏ ਰੰਗ ਮਜੀਠ ਕਾ (ਰਾਗ ਗਉੜੀ)*

*ਉਪਰੋਕਤ ਅਧਿਐਨ ਉਪਰੰਤ ਅਸੀਂ ਬਿਨਾਂ ਝਿਜਕ ਕਹਿ ਸਕਦੇ ਹਾਂ ਕਿ ਗੁਰੂ ਰਵਿਦਾਸ ਬਾਣੀ ਦੀ ਭਾਸ਼ਾ ਪੰਜਾਬੀ ਪ੍ਰਧਾਨ ਸਹਿਜ ਲੋਕ ਭਾਸ਼ਾ ਹੈ।*

ਗੁਰੂ ਰਵਿਦਾਸ ਬਾਣੀ ਦੀ ਕਾਵਿ–ਕਲਾ 'ਤੇ ਆਪਣੀ ਤੀਖਣ ਬੁੱਧੀਮਤਾ ਨਾਲ ਡਾ. ਕਲਸੀਆ ਨੇ ਜੋ ਬਿਆਨ ਕੀਤਾ ਹੈ ਉਹ ਸੱਚਮੁੱਚ ਹੀ ਪ੍ਰਸ਼ੰਸਾਯੋਗ ਹੈ। ਇਸ ਪ੍ਰਕਾਰ ਗੁਰੂ ਰਵਿਦਾਸ ਬਾਣੀ ਦੀ ਕਾਵਿ–ਕਲਾ ਤੋਂ ਵੀ ਇਹੋ ਸਿੱਧ ਹੁੰਦਾ ਹੈ ਕਿ ਗੁਰੂ ਰਵਿਦਾਸ ਜੀ ਪੰਜਾਬੀ ਦੇ ਗਿਆਤਾ ਹੀ ਨਹੀਂ ਸਗੋਂ ਬਹੁਤ ਬਰੀਕੀ ਨਾਲ ਪੰਜਾਬੀ ਭਾਸ਼ਾ 'ਤੇ ਪਕੜ ਰੱਖਣ ਵਾਲੇ ਸਨ। ਇਸ ਲਈ ਨਿਰਸੰਦੇਹ ਪੰਜਾਬੀ ਦੀ ਰਚਨਾ ਉਨ੍ਹਾਂ ਨੇ ਹੀ ਕੀਤੀ ਹੈ।

ਗੁਰਮੁਖੀ ਅੱਖਰਾਂ ਦੀ ਰਚਨਾਂ ਤੋਂ ਬਾਅਦ ਗੁਰੂ ਜੀ ਨੇ ਗਿਆਨ ਦੇ ਦੀਪਕ ਜਗਾਉਣ ਵਿਚ ਕੋਈ ਕਸਰ ਨਹੀਂ ਛੱਡੀ। ਗੁਰੂ ਜੀ ਫ਼ਰਮਾਉਂਦੇ :–

ਸਤਿ ਵਿਦਿਆ ਕੋ ਪੜੇ ਸਦਾ ਪ੍ਰਾਪਤ ਕਰੇਂ ਗਿਆਨ।
ਰਵਿਦਾਸ ਕਹੇ ਬਿਨ ਵਿਦਿਆ ਨਰ ਕੋ ਜਾਨ ਅਜਾਨ॥

ਗੁਰੂ ਜੀ ਦੇ ਪ੍ਰਚਾਰ ਦਾ ਢੰਗ ਬਹੁਤ ਮਿਠਾਸ ਭਰਿਆ ਸੀ। ਉਹ



ਆਪਣੇ ਤੇਜੱਸਵੀ ਚਿਹਰੇ ਅਤੇ ਮਿੱਠੇ ਵਚਨਾਂ ਨਾਲ ਸਭ ਦਾ ਮਨ ਮੋਹ ਲੈਂਦੇ ਸਨ। ਮਨੁੱਖਤਾ ਨੂੰ ਉਹ ਪ੍ਰੇਮ–ਪਿਆਰ ਅਤੇ ਨੇਕ ਕਮਾਈ ਦਾ ਸਬਕ ਪੜ੍ਹਾਉਣਾ ਚਾਹੁੰਦੇ ਸਨ। ਚਮਾਰਾਂ ਦੇ ਬੱਚਿਆਂ ਨੂੰ ਇਸ ਤਰ੍ਹਾਂ ਪੜ੍ਹਦਾ ਦੇਖ ਕੇ ਮਾਨਵ–ਵਿਰੋਧੀ ਕੰਬ ਉੱਠੇ ਕਿਉਂਕਿ ਗੁਰੂ ਰਵਿਦਾਸ ਜੀ ਦੁਆਰਾ ਇੰਞ ਕਰਨਾ ਭਾਰਤ ਦੇ ਇਤਿਹਾਸ ਵਿਚ ਸਭ ਤੋਂ ਵੱਡਾ ਕ੍ਰਾਂਤੀਕਾਰੀ ਕਦਮ ਸੀ। ਇਸ ਕਦਮ ਨਾਲ ਹੀ ਸਦੀਆਂ ਤੋਂ ਪੀੜਤ ਦਲਿਤ ਸਮਾਜ ਵਿਚ ਸੋਚਣ–ਸਮਝਣ ਦੀ ਸ਼ਕਤੀ ਪੈਦਾ ਹੋਈ।

ਗੁਰੂ ਜੀ ਦੀ ਪਾਵਨ ਬਾਣੀ ਤੋਂ ਵੀ ਪ੍ਰਤੀਤ ਹੁੰਦਾ ਹੈ ਕਿ ਆਪ ਨੂੰ ਬਹੁਤ ਸਾਰੀਆਂ ਭਾਸ਼ਾਵਾਂ ਦਾ ਗਿਆਨ ਸੀ। ਗੁਰੂ ਜੀ ਨੇ ਆਪਣੀ ਬਾਣੀ ਵਿਚ ਸਿੱਖਿਅਤ ਹੋਣ ਅਤੇ ਵਿਚਾਰਵਾਨ ਬਣਨ ਦੀ ਸਿੱਖਿਆ ਹੀ ਨਹੀਂ ਦਿੱਤੀ ਸਗੋਂ ਨਿਯਮਤ ਢੰਗ ਨਾਲ ਆਪ ਆਪਣੇ ਸ਼ਿਸ਼ਾਂ ਨੂੰ ਪੜ੍ਹਾਉਂਦੇ ਵੀ ਸਨ। ਬਹੁਤ ਸਾਰੇ ਵਿਦਵਾਨ ਇਸ ਮੱਤ ਨਾਲ ਸਹਿਮਤ ਹਨ ਕਿ ਗੁਰੂ ਜੀ ਨੇ ਆਪਣੇ ਘਰ ਵਿਚ ਪਾਠਸ਼ਾਲਾ ਖੋਲ੍ਹ ਰੱਖੀ ਸੀ ਜਿਸ ਵਿਚ ਬਹੁਤ ਸਾਰੇ ਲੋਕ ਪੜ੍ਹਨ ਆਉਂਦੇ ਸਨ। ਆਪ ਜੀ ਦੇ ਗਿਆਨ ਦਾ ਵੱਡੇ ਵੱਡੇ ਵਿਦਵਾਨ ਲੋਹਾ ਮੰਨਦੇ ਸਨ ਜੋ ਆਪ ਜੀ ਨੇ ਆਪਣੀ ਬਾਣੀ ਵਿਚ ਅਨੇਕ ਵਾਰ ਸਪੱਸ਼ਟ ਕੀਤਾ ਹੈ :

ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥੩॥੧॥ (ਪੰਨਾ ੨੯੩)
ਅਤੇ
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥੩॥੧॥ (ਪੰਨਾ ੨੯੩)

ਗੁਰੂ ਰਵਿਦਾਸ ਜੀ ਦੀ ਪਵਿੱਤਰ ਬਾਣੀ ਦੇ ਸਿਰਫ਼ 40 ਸ਼ਬਦ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਗੁਰੂ ਜੀ ਦੁਆਰਾ ਇਨ੍ਹਾਂ 40 ਸ਼ਬਦਾਂ ਵਿਚ ਵਰਤੋਂ ਵਿਚ ਲਿਆਂਦੇ ਕਈ ਸ਼ਬਦ ਅਜਿਹੇ ਹਨ ਜਿਹੜੇ ਪੂਰੇ ਗੁਰੂ ਗ੍ਰੰਥ ਸਾਹਿਬ ਵਿਚ ਹੋਰ ਕਿਸੇ ਵੀ ਗੁਰੂ ਨੇ ਨਹੀਂ ਪ੍ਰਯੋਗ ਕੀਤੇ ਜਿਵੇਂ:– ਸੁਭਾਈ, ਸਾਭਾ, ਬਿਲਾਂਬਾ, ਅੰਦੋਹ, ਤਸਵੀਸ, ਆਬਾਦਾਨ, ਮਾਮੂਰ, ਮਹਰਮ, ਦਾਦਿਰਾ, ਬਿਮੋਹਿਆ, ਉਨਮਨ, ਅਸੋਚ, ਓਲ੍ਹਗ, ਓਲ੍ਹਗਣੀ, ਬਿਗੂਚਾ, ਪਤੀਆਰੁ, ਅਵਿਲੋਕਨੋ, ਮਧੁਕਰੁ , ਭਾਖਉ, ਉਰਸਾ, ਅੰਭੁਲਾ, ABWK ਆਦਿ ਜਿਸ ਤੋਂ ਆਪ ਜੀ ਦੇ ਵਿਸ਼ਾਲ ਸ਼ਾਬਦਿਕ ਗਿਆਨ/ਭੰਡਾਰ ਦਾ ਪਤਾ ਚਲਦਾ ਹੈ। ਇੱਥੇ ਹੀ ਬੱਸ ਨਹੀਂ ਆਪ ਜੀ ਦੇ ਵਿਸ਼ਾਲ ਗਿਆਨ ਕਰਕੇ ਹੀ ਉਸ ਸਮੇਂ ਅਧਿਆਤਮਕਵਾਦੀ ਸੰਗੀਤ ਪੱਧਤੀ ਦੇ ਨਿਰਮਾਣ ਨੇ ਜ਼ੋਰ ਫੜਿਆ ਸੀ।

ਪ੍ਰਸਿੱਧ ਲੇਖਕ ਰਤਨ ਗੀਹਲ ਆਪਣੀ ਪੁਸਤਕ "ਗੁਰੂਆਂ ਦੇ ਗੁਰੂ ਸ੍ਰੀ ਗੁਰੂ ਰਵਿਦਾਸ ਜੀ" ਵਿਚ ਲਿਖਦੇ ਹਨ: *"ਆਪ ਜੀ ਨੇ ਆਪਣੀ ਬਾਣੀ ਕਈ ਰਾਗਾਂ ਵਿਚ ਉਚਾਰਣ ਕੀਤੀ ਜਿਸ ਤੋਂ ਮਾਲੂਮ ਹੁੰਦਾ ਹੈ ਕਿ ਗੁਰੂ*

*ਰਵਿਦਾਸ ਜੀ ਸੰਗੀਤ ਵਿੱਦਿਆ ਦੇ ਮਹਾਨ ਵਿਦਵਾਨ ਸਨ। ਗੁਰੂ ਰਵਿਦਾਸ ਜੀ ਨੇ ਧੁਰੋਂ ਆਈ ਬਾਣੀ ਨੂੰ ਰਾਗਾਂ ਵਿਚ ਉਚਾਰਿਆ।"* ਲੇਖਕ ਅੱਗੇ ਲਿਖਦਾ ਹੈ, *"ਹਰ ਮੱਤ ਵਿਚ ਰਾਗ-ਰਾਗਨੀਆਂ ਦੇ ਨਾਮਾਂ, ਨੇਮਾਂ ਅਤੇ ਸਰੂਪਾਂ ਵਿਚ ਢੇਰ ਅੰਤਰ ਪਾਇਆ ਜਾਂਦਾ ਸੀ। ਇਸ ਮੱਤ-ਭੇਦ ਅਤੇ ਅੰਤਰ-ਦੇਸ਼ ਭੇਦ ਕਾਰਨ ਸ੍ਰੀ ਗੁਰੂ ਰਵਿਦਾਸ ਜੀ ਨੇ ਰਾਗ-ਰਾਗਨੀ ਪੱਧਤੀ ਨੂੰ ਅਵਿਗਿਆਨਕ ਹੀ ਨਹੀਂ ਸਮਝਿਆ ਸਗੋਂ ਰਾਗਾਂ ਨੂੰ ਉਨ੍ਹਾਂ ਦੀਆਂ ਸਹੀ ਅੱਠ ਸੁਰਾਂ ਵਿਚ ਬਿਠਾ ਕੇ ਉਨ੍ਹਾਂ ਦੇ ਨਾਵਾਂ ਅਨੁਸਾਰ ਹੀ ਉਨ੍ਹਾਂ ਨੂੰ ਰਾਗ ਬਣਾ ਕੇ ਆਪਣੀ ਵਰਤੋਂ ਵਿਚ ਲਿਆਂਦਾ। ਜਿਸਰਾਗ ਵਰਗੀਕਰਣ ਬਾਰੇ ਆਧੁਨਿਕ ਸੰਗੀਤਕਾਰ ਕੁਝ ਵਿਚਾਰ ਕਰਨ ਦੀਆਂ ਹੁਣ ਸੋਚਾਂ ਸੋਚਦੇ ਰਹਿੰਦੇ ਹਨ। ਉਨ੍ਹਾਂ ਰਾਗਾਂ ਦੀ ਨੀਂਹ ਸ੍ਰੀ ਗੁਰੂ ਰਵਿਦਾਸ ਜੀ ਪੰਜ ਸੌ ਸਾਲ ਪਹਿਲਾਂ ਹੀ ਰੱਖ ਚੁੱਕੇ ਹਨ। ਉਨ੍ਹਾਂ ਨੇ ਆਪਣੀ ਬਾਣੀ ਸੋਲਾਂ ਰਾਗਾਂ ਵਿਚ ਉਚਾਰੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਗੁਰੂ ਰਵਿਦਾਸ ਜੀ ਵਾਲੇ ਸਾਰੇ ਰਾਗਾਂ ਨੂੰ ਆਪਣੀ ਬਾਣੀ ਦਾ ਆਧਾਰ ਬਣਾਇਆ ਹੈ।*

ਇਸਦੇ ਨਾਲ ਨਾਲ ਗੁਰੂ ਜੀ ਨੇ ਪ੍ਰਚਲਿਤ ਧਰਮ 'ਚ ਦਾਖ਼ਲ ਹੋ ਚੁੱਕੇ ਝੂਠੇ ਕਰਮ-ਕਾਂਡ ਤੋਂ ਜਾਣੂ ਹੀ ਨਹੀਂ ਕਰਵਾਇਆ ਸਗੋਂ ਪ੍ਰਭੂ-ਭਗਤੀ ਦਾ ਸੱਚਾ-ਸੁੱਚਾ ਮਾਰਗ ਵੀ ਦਿਖਾਇਆ।

ਗੁਰੂ ਜੀ ਨੇ ਸਮਾਜ ਦੇ ਦੁੱਖਾਂ-ਕਲੇਸ਼ਾਂ ਦੇ ਕਾਰਨਾਂ ਨੂੰ ਹੱਲ ਕਰਨ ਲਈ ਭਗਤੀ ਤੇ ਸ਼ਕਤੀ ਦਾ ਰਾਹ ਅਖ਼ਤਿਆਰ ਕੀਤਾ। ਉਨ੍ਹਾਂ ਨੇ ਸਪੱਸ਼ਟ ਕਰ ਦਿੱਤਾ ਕਿ ਸਾਨੂੰ ਆਪਸ ਵਿਚ ਮਧੂ ਮੱਖੀਆਂ ਵਾਂਗ ਰਲ-ਮਿਲ ਕੇ ਰਹਿਣਾ ਚਾਹੀਦਾ ਹੈ, ਤਾਂ ਹੀ ਭਗਤੀ 'ਤੇ ਸ਼ਕਤੀ ਦਾ ਰੰਗ ਚੜ੍ਹੇਗਾ, ਇਹ ਸੱਚ ਦੀ ਸੰਗਤ ਨਾਲ ਹੀ ਸੰਭਵ ਹੈ :-

ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ॥(ਪੰਨਾ 486)

## ਪੀਰਾਂ ਦਿੱਤਾ ਮਰਾਸੀ ਦੀ ਈਰਖਾ

ਗੁਰੂ ਰਵਿਦਾਸ ਜੀ ਮਹਾਰਾਜ ਸਰਬੱਤ ਦਾ ਭਲਾ ਚਾਹੁੰਣ ਵਾਲੇ ਮਹਾਂਪੁਰਸ਼ ਸਨ। ਉਹਨਾਂ ਦੇ ਹਿਰਦੇ ਵਿਚ ਸਾਰਿਆਂ ਲਈ ਪਿਆਰ ਸੀ, ਭਾਵੇਂ ਉਹ ਪੁਰਸ਼ ਕਿਸੇ ਵੀ ਜਾਤ ਦਾ ਕਿਉਂ ਨਾ ਹੋਵੇ। ਉਹ ਸਾਰਿਆਂ ਨੂੰ ਸੱਚੇ ਧਰਮ ਦਾ ਉਪਦੇਸ਼ ਦਿੰਦੇ ਸਨ। ਜੀਵਾਂ ਨੂੰ ਬੁਰਾਈਆਂ ਤੋਂ ਹਟਾ ਕੇ ਸੱਚੇ ਮਾਰਗ ਤੇ ਲਾਉਣਾ ਹੀ ਗੁਰੂ ਜੀ ਦਾ ਮਨਰੋਥ ਸੀ। ਸ਼੍ਰੀ ਗੁਰੂ ਰਵਿਦਾਸ ਜੀ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਸਾਰੇ ਵਰਣਾਂ ਦੇ ਲੋਕ ਉਹਨਾਂ ਪਾਸ ਆਉਣ ਲੱਗੇ।

ਪੀਰਾਂ ਦਿੱਤਾ ਮਰਾਸੀ ਨੂੰ ਇਹ ਗੱਲ ਬਿਲਕੁਲ ਚੰਗੀ ਨਾ ਲੱਗੀ। ਉਹ ਸ੍ਰੀ ਗੁਰੂ ਰਵਿਦਾਸ ਜੀ ਨਾਲ ਈਰਖਾ ਕਰਨ ਲੱਗਾ। ਉਸਨੇ ਇਕ ਦਿਨ ਨਗਰ ਤੋਂ ਬਾਹਰ ਇਕ ਸਭਾ ਬੁਲਾਈ ਜਿਸ ਵਿਚ ਸਮਾਜ ਦੇ ਪਤਵੰਤੇ ਸੱਜਣ ਇਕੱਠੇ ਹੋਏ। ਸਾਰਿਆਂ ਨੇ ਪੀਰਾਂ ਦਿੱਤਾ ਦੀ ਗੱਲ ਸੁਣਕੇ ਸ੍ਰੀ ਗੁਰੂ ਰਵਿਦਾਸ



ਜੀ ਨੂੰ ਮਾਰਨ ਦਾ ਵਿਚਾਰ ਬਣਾ ਲਿਆ। ਸ੍ਰੀ ਗੁਰੂ ਰਵਿਦਾਸ ਜੀ ਜਿਵੇਂ ਹੀ ਉਸ ਸਭਾ ਵਿਚ ਪਹੁੰਚੇ ਤਾਂ ਕੁਝ ਲੋਕ ਉਹਨਾਂ ਪ੍ਰਤੀ ਕਠੋਰ ਸ਼ਬਦ ਬੋਲਣ ਲੱਗੇ। ਗੁਰੂ ਜੀ ਨੇ ਉਹਨਾਂ ਲੋਕਾਂ ਨੂੰ ਅਜਿਹਾ ਬੋਲਦਿਆਂ ਸੁਣ ਕੇ ਪੁੱਛਿਆ ਕਿ ਤੁਸੀਂ ਕਠੋਰ ਸ਼ਬਦ ਕਿਉਂ ਬੋਲ ਰਹੇ ਹੋ? ਜੀਭਾ ਨਾਲ ਪਵਿੱਤਰ ਬਚਨ ਬੋਲਣੇ ਚਾਹੀਦੇ ਹਨ, ਜਿਹਨਾਂ ਨੂੰ ਸੁਣ ਕੇ ਦੂਜੇ ਲੋਕਾਂ ਦਾ ਮਨ ਸ਼ਾਂਤ ਹੋਵੇ। ਕਠੋਰ ਸ਼ਬਦ ਬੋਲਣ ਦਾ ਕੀ ਲਾਭ ਹੈ? ਮੇਰਾ ਤੁਹਾਡੇ ਨਾਲ ਕੋਈ ਵਿਰੋਧ ਨਹੀਂ ਹੈ। ਮੇਰੇ ਲਈ ਕੋਈ ਵੀ ਆਦਮੀ ਚੰਗਾ ਜਾਂ ਮਾੜਾ ਨਹੀਂ ਹੈ ਸਗੋਂ ਕਰਮ ਕਰਕੇ ਮਨੁੱਖ ਚੰਗਾ-ਮਾੜਾ ਬਣ ਸਕਦਾ ਹੈ। ਚੰਗੇ ਆਦਮੀ ਤਾਂ ਗੁਰੂ ਜੀ ਦੇ ਮੁਖਾਰਬਿੰਦ ਤੋਂ ਅੰਮ੍ਰਿਤਮਈ ਬਚਨ ਸੁਣ ਕੇ ਉਹਨਾਂ ਦੀ ਸ਼ੋਭਾ ਕਰਨ ਲੱਗੇ ਪਰ ਜਿਹੜੇ ਖੋਟੀ ਮਤ ਵਾਲੇ ਸਨ ਉਹ ਗੁਰੂ ਜੀ ਉੱਤੇ ਹਮਲਾ ਕਰਨ ਲੱਗੇ। ਉਹਨਾਂ ਨੂੰ ਅਜਿਹਾ ਕਰਦੇ ਦੇਖ ਕੇ ਗੁਰੂ ਜੀ ਨੇ ਪਰਮਾਤਮਾ ਦੀ ਸ਼ਰਨ ਲਈ ਤੇ ਉਚਾਰਨ ਕੀਤਾ—

**ਰਾਮ ਗੁਸਈਆ ਜੀਅ ਕੇ ਜੀਵਨਾ॥**
**ਮੋਹਿ ਨਾ ਬਿਸਾਰਹੁ ਮੈ ਜਨੁ ਤੇਰਾ॥੧॥ ਰਹਾਉ॥**
**ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ॥**
**ਚਰਣ ਨ ਛਾਡਉ ਸਰੀਰ ਕਲ ਜਾਈ॥੨॥**
**ਕਹੁ ਰਵਿਦਾਸ ਪਰਉ ਤੇਰੀ ਸਾਭਾ॥**
**ਬੇਗਿ ਮਿਲਹੁ ਜਨ ਕਰਿ ਨਾ ਬਿਲਾਂਬਾ॥੩॥੧॥**

(ਪੰਨਾ ੩੪੫)

ਜਦੋਂ ਸ੍ਰੀ ਗੁਰੂ ਰਵਿਦਾਸ ਜੀ ਨੇ ਇਹ ਬਾਣੀ ਉਚਾਰਨ ਕੀਤੀ ਤਾਂ ਇਕ ਦਮ ਤੇਜ਼ ਪ੍ਰਕਾਸ਼ ਪ੍ਰਗਟ ਹੋ ਗਿਆ। ਸਾਰਿਆਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਦਾ ਸਰੂਪ ਸਾਰੇ ਪਾਸੇ ਦਿਖਾਈ ਦੇਣ ਲੱਗਾ। ਸਾਰੇ ਲੋਕ ਉੱਥੇ ਹੀ ਦੇਖਦੇ ਰਹਿ ਗਏ ਅਤੇ ਇੱਧਰ ਘਰ ਆ ਕੇ ਗੁਰੂ ਜੀ ਨੇ ਫਿਰ ਸੰਖ ਵਜਾਇਆ। ਸਮਰੱਥ ਪੁਰਸ਼ ਅੱਗੇ ਕਿਸੇ ਦੀ ਕੋਈ ਚਾਲ ਨਹੀਂ ਚਲਦੀ।

ਬਨਾਰਸ ਵਿਚ ਜਦੋਂ ਸੰਗਤ ਸ਼੍ਰੀ ਗੁਰੂ ਰਵਿਦਾਸ ਜੀ ਦੇ ਦਰਸ਼ਨ ਲਈ ਸ੍ਰੀ ਗੁਰੂ ਰਵਿਦਾਸ ਜਨਮ ਸਥਾਨ ਮੰਦਿਰ ਜਾਂਦੀ ਹੈ ਤਾਂ ਉਥੋਂ ਆ ਕੇ ਲੋਕ ਇਸ ਸਥਾਨ ਬਾਰੇ ਦੱਸਦੇ ਹਨ। ਇਹ ਸਥਾਨ ਲੋਟਾ ਪੀਰ ਦੇ ਨੇੜੇ ਹੀ ਹੈ ਅਤੇ ਗੁਰੂ ਰਵਿਦਾਸ ਮੰਦਿਰ ਅੱਗਿਓਂ ਜਿਹੜੀ ਸੜਕ ਗੰਗਾ ਜੀ ਵੱਲ ਜਾਂਦੀ ਹੈ, ਉੱਥੇ ਸਥਿਤ ਹੈ।

## ਠਾਕੁਰ ਤਾਰਨ ਦੀ ਕਥਾ

ਸ਼੍ਰੀ ਗੁਰੂ ਰਵਿਦਾਸ ਜੀ ਆਪਣੇ ਪਵਿੱਤਰ ਕਰਮਾਂ ਦੇ ਪ੍ਰਭਾਵ ਨਾਲ ਉਸ ਸਮੇਂ ਵਿਚ ਬਹੁਤ ਪ੍ਰਸਿੱਧੀ ਪ੍ਰਾਪਤ ਕਰ ਚੁੱਕੇ ਸਨ। ਇਕ ਛੋਟੀ ਸਮਝੀ ਜਾਂਦੀ ਜਾਤੀ ਦੇ ਮਹਾਂਪੁਰਸ਼ ਦਾ ਸਮਾਜ ਵਿਚ ਅਜਿਹਾ ਪ੍ਰਭਾਵ ਦੇਖ ਕੇ ਕੁਝ

ਲੋਕ ਉਹਨਾਂ ਨਾਲ ਈਰਖਾ ਕਰਨ ਲੱਗੇ। ਇਹ ਗੱਲ ਉਸ ਸਮੇਂ ਅਨੁਸਾਰ ਬਿਲਕੁਲ ਅਸਹਿਣ ਯੋਗ ਸੀ।

ਗੁਰੂ ਜੀ ਨੂੰ ਬ੍ਰਹਮ ਗਿਆਨੀ ਅਤੇ ਸੱਚਾ ਉਪਦੇਸ਼ ਦੇਣ ਵਾਲੇ ਸੱਚੇ ਮਹਾਂਪੁਰਸ਼ ਦੇ ਰੂਪ ਵਿਚ ਉਹ ਲੋਕ ਕਿਵੇਂ ਸਹਿਣ ਕਰ ਸਕਦੇ ਸਨ।

ਇਹ ਸਭ ਕੁਝ ਦੇਖ ਕੇ ਕੁਝ ਲੋਕਾਂ ਨੇ ਗੁਰੂ ਜੀ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਇਸ ਵਿਰੋਧ ਬਾਰੇ ਕਈ ਕਥਾਵਾਂ ਪ੍ਰਚਲਿਤ ਹਨ, ਜਿਹਨਾਂ ਦਾ ਸੰਕੇਤ ਗੁਰੂ ਜੀ ਦੀ ਆਪਣੀ ਬਾਣੀ ਵਿਚ ਮਿਲਦਾ ਹੈ। ਜਦੋਂ ਸ੍ਰੀ ਗੁਰੂ ਰਵਿਦਾਸ ਜੀ ਹਰ ਰੋਜ਼ ਆਪਣੀ ਕੁਟੀਆ ਵਿਚ ਸਤਿਸੰਗ ਕਰਨ ਲੱਗੇ ਤਾਂ ਬਹੁਤ ਸਾਰੇ ਲੋਕ ਆਪ ਜੀ ਦੇ ਸਤਿਸੰਗ ਤੋਂ ਪ੍ਰਭਾਵਿਤ ਹੋ ਕੇ ਸਤਿਸੰਗ ਵਿਚ ਆਉਣ ਲੱਗੇ। ਆਪ ਜੀ ਦੀ ਅੰਮ੍ਰਿਤ ਭਰਪੂਰ ਬਾਣੀ ਸੁਣ ਕੇ ਉਹ ਆਪਣਾ ਜੀਵਨ ਸਫ਼ਲ ਬਣਾਉਣ ਲੱਗੇ। ਆਪ ਜੀ ਦੇ ਮੁਖਾਰਬਿੰਦ ਤੋਂ ਪਵਿੱਤਰ ਪ੍ਰਵਚਨਾਂ ਨੂੰ ਸੁਣ ਕੇ ਲੋਕਾਂ ਨੂੰ ਇਕ ਨਵਾਂ ਜੀਵਨ ਮਾਰਗ ਪ੍ਰਾਪਤ ਹੋਇਆ। ਗੁਰੂ ਜੀ ਨੇ ਕਿਹਾ—

**ਜਨਮੁ ਜਾਤਿ ਕੂੰ ਛਾਂਡਿ ਕਰ ਕਰਨੀ ਜਾਤ ਪ੍ਰਧਾਨ।**
**ਇਹਯੋਂ ਸਾਚਾ ਧਰਮ ਹੈ ਕਹੈ ਰਵਿਦਾਸ ਬਖਾਨ॥**
**ਬ੍ਰਹਮਨ ਖੱਤ੍ਰੀ ਸੂਦ ਬੈਸ ਰਵਿਦਾਸ ਜਨਮੁ ਤੇ ਨਾਂਹਿ।**
**ਜਉ ਚਾਹਇ ਸ਼ਬਰਨ ਕਉ ਪਾਵਈ ਕਰਮਨ ਮਾਹਿ॥**
**ਰਵਿਦਾਸ ਜਨਮੁ ਕੇ ਕਾਰਨੈ ਹੋਤ ਨ ਕੋਊ ਨੀਚੁ।**
**ਨਰ ਕਉ ਨੀਚੁ ਕਰਿ ਡਾਰਿ ਹੈ ਓਛੇ ਕਰਮ ਕੀ ਕੀਚੁ॥**

ਗੁਰੂ ਜੀ ਨੇ ਸਮਾਜ ਵਿਚ ਤਬਦੀਲੀ ਲਿਆਉਣ ਲਈ ਸੱਚ ਦਾ ਮਾਰਗ ਦਿਖਾਇਆ। ਆਪ ਜੀ ਨੇ ਕਿਹਾ ਕਿ ਕੋਈ ਵੀ ਪ੍ਰਾਣੀ ਜਨਮ ਤੋਂ ਸ਼ੂਦਰ ਜਾਂ ਛੋਟਾ ਨਹੀਂ ਹੁੰਦਾ। ਕਿਸੇ ਵੀ ਪ੍ਰਾਣੀ ਦੇ ਜੀਵਨ ਨੂੰ ਦੇਖਣ ਤੋਂ ਪਹਿਲਾਂ ਉਸਦੇ ਗੁਣਾਂ ਨੂੰ ਦੇਖਣਾ ਚਾਹੀਦਾ ਹੈ।

**ਰਵਿਦਾਸ ਬ੍ਰਾਹਮਣ ਮਤਿ ਪੂਜੀਏ, ਜੋ ਹੋਵੇ ਗੁਣਹੀਨ।**
**ਪੂਜਹਿੰ ਚਰਨ ਚੰਡਾਲ ਕੇ, ਜਉ ਹੋਵੇ ਗੁਣ ਪਰਬੀਨ।**

ਗੁਰੂ ਰਵਿਦਾਸ ਜੀ ਦੀ ਤਰ੍ਹਾਂ ਹੋਰ ਸੰਤ ਮਹਾਂਪੁਰਸ਼ਾਂ ਨੇ ਵੀ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਜੋ ਬ੍ਰਹਮ ਨੂੰ ਜਾਨਣ ਵਾਲਾ ਹੈ ਉਹ ਹੀ ਬ੍ਰਾਹਮਣ ਕਹਾਉਣ ਦੇ ਯੋਗ ਹੈ।

ਸ਼੍ਰੀ ਗੁਰੂ ਰਵਿਦਾਸ ਜੀ ਦੇ ਸੱਚੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਰਾਜੇ ਅਤੇ ਰਾਣੀਆਂ ਨੇ ਆਪ ਜੀ ਨੂੰ ਆਪਣਾ ਗੁਰੂ ਧਾਰਨ ਕਰ ਲਿਆ। ਇਹੀ ਕਾਰਨ ਸੀ ਕਿ ਆਪ ਜੀ ਨੂੰ ਵਿਰੋਧੀਆਂ ਦੇ ਕਰੜੇ ਵਿਰੋਧ ਦਾ ਸਾਹਮਣਾ ਕਰਨਾ ਪਿਆ।

ਇਕ ਵਾਰ ਕਾਂਸ਼ੀ ਨਰੇਸ਼ ਵੀਰ ਬਘੇਲ ਸਿੰਘ ਨੂੰ ਕੁਝ ਲੋਕਾਂ ਨੇ ਸ਼ਿਕਾਇਤ ਕੀਤੀ ਕਿ ਉਹਨਾਂ ਦੇ ਰਾਜ ਵਿਚ ਇਕ ਸ਼ੂਦਰ ਰਵਿਦਾਸ ਜੀ



ਧਰਮ ਗੁਰੂ ਬਣ ਕੇ ਲੋਕਾਂ ਨੂੰ ਉਪਦੇਸ਼ ਦਿੰਦਾ ਹੈ, ਇਹ ਗੱਲ ਠੀਕ ਨਹੀਂ। ਇਹ ਕੰਮ ਤਾਂ ਬ੍ਰਾਹਮਣਾਂ ਦਾ ਹੈ।

ਇਹ ਸ਼ਿਕਾਇਤ ਸੁਣ ਕੇ ਵੀਰ ਬਘੇਲ ਸਿੰਘ ਨੇ ਸ਼੍ਰੀ ਗੁਰੂ ਰਵਿਦਾਸ ਜੀ ਅਤੇ ਵਿਰੋਧੀ ਧਿਰ ਨੂੰ ਆਪਣੀ ਸਭਾ ਵਿਚ ਬੁਲਾਇਆ। ਦੋਹਾਂ ਪੱਖਾਂ ਵਿਚ ਸ਼ਾਸ਼ਤ੍ਰਾਰਥ ਕਰਵਾਇਆ ਗਿਆ। ਇਸ ਗੋਸ਼ਟੀ ਨੂੰ ਸੁਨਣ ਲਈ ਬਹੁਤ ਵੱਡੀ ਸੰਖਿਆ ਵਿਚ ਲੋਕ ਹਾਜ਼ਰ ਹੋਏ। ਕਾਫੀ ਲੰਬੇ ਸਮੇਂ ਤੱਕ ਇਹ ਚਰਚਾ ਚਲਦੀ ਰਹੀ। ਗੁਰੂ ਰਵਿਦਾਸ ਜੀ ਦੇ ਸਾਹਮਣੇ ਪੰਡਿਤਾਂ ਦਾ ਪੱਖ ਨਿਰਬਲ ਸਿੱਧ ਹੋਇਆ। ਵਿਰੋਧੀ ਧਿਰ ਨੇ ਜਦੋਂ ਦੇਖਿਆ ਕਿ ਉਹਨਾਂ ਦਾ ਪੱਖ ਨਿਰਬਲ ਹੋ ਰਿਹਾ ਹੈ ਤਾਂ ਉਹਨਾਂ ਨੇ ਯਤਨ ਕੀਤਾ ਕਿ ਕੋਈ ਵੀ ਫੈਸਲਾ ਨਾ ਹੋ ਸਕੇ। ਇਸ ਸਥਿਤੀ ਦੌਰਾਨ ਲੋਕਾਂ ਦੀ ਇੱਛਾ ਅਤੇ ਰਾਜੇ ਦੀ ਆਗਿਆ ਅਨੁਸਾਰ ਫੈਸਲਾ ਹੋਇਆ ਕਿ ਦੋਹਾਂ ਧਿਰਾਂ ਦੁਆਰਾ ਆਪਣੇ-ਆਪਣੇ ਠਾਕੁਰ ਸਭਾ ਵਿਚ ਲਿਆਂਦੇ ਜਾਣ। ਉਹਨਾਂ ਠਾਕੁਰਾਂ ਨੂੰ ਗੰਗਾ ਵਿਚ ਪਾ ਕੇ ਵਾਪਿਸ ਬੁਲਾਉਣ ਦਾ ਆਦੇਸ਼ ਦਿੱਤਾ ਗਿਆ ਅਤੇ ਸ਼ਰਤ ਇਹ ਰੱਖੀ ਗਈ ਕਿ ਜਿਸਦੇ ਠਾਕੁਰ ਬੁਲਾਉਣ 'ਤੇ ਗੰਗਾ ਜੀ ਉੱਪਰ ਆ ਜਾਣਗੇ ਉਸ ਨੂੰ ਪੂਜਾ ਕਰਨ ਤੇ ਉਪਦੇਸ਼ ਦੇਣ ਦਾ ਅਧਿਕਾਰ ਹੋਵੇਗਾ। ਜਿੱਤਣ ਵਾਲੇ ਨੂੰ ਸੋਨੇ ਦੀ ਪਾਲਕੀ ਵਿਚ ਬਿਠਾ ਕੇ ਨਗਰ ਵਿਚ ਘੁਮਾਇਆ ਜਾਵੇਗਾ। ਮਿੱਥੇ ਸਮੇਂ ਤੇ ਬਹੁਤ ਸਾਰੇ ਲੋਕ ਰਾਜ ਘਾਟ ਦੇ ਸਥਾਨ ਤੇ ਗੰਗਾ ਜੀ ਦੇ ਕਿਨਾਰੇ ਵਿਚ ਲੀਲਾ ਦੇਖਣ ਪਹੁੰਚ ਗਏ। ਪੰਡਿਤ ਆਪਣੇ ਠਾਕੁਰ ਲੈ ਕੇ ਪਹੁੰਚ ਗਏ ਅਤੇ ਸ਼੍ਰੀ ਗੁਰੂ ਰਵਿਦਾਸ ਜੀ ਪੱਥਰ ਦੀ ਉਹ ਸਿਲਾ ਲੈ ਕੇ ਆਏ ਜਿਸ ਉੱਪਰ ਉਹ ਆਪਣਾ ਰੋਜ਼ਾਨਾ ਦਾ ਕੰਮ ਕਰਿਆ ਕਰਦੇ ਸਨ। ਬ੍ਰਾਹਮਣ ਇਹ ਦੇਖ ਕੇ ਮਨ ਵਿਚ ਖੁਸ਼ ਹੋ ਰਹੇ ਸਨ ਕਿ ਉਹ ਇਹ ਮੁਕਾਬਲਾ ਜਿੱਤ ਜਾਣਗੇ ਅਤੇ ਰਵਿਦਾਸ ਜੀ ਹਾਰ ਜਾਣਗੇ। ਕਿਉਂਕਿ ਪੱਥਰ ਪਾਣੀ ਵਿਚ ਡੁੱਬ ਜਾਣਗੇ। ਬਹੁਤ ਭੀੜ ਇਕੱਠੀ ਹੋ ਚੁੱਕੀ ਸੀ। ਸਾਰੇ ਲੋਕ ਇਸ ਉਡੀਕ ਵਿਚ ਸਨ ਕਿ ਕੌਣ ਮੁਕਾਬਲਾ ਜਿੱਤੇਗਾ? ਲੋਕਾਂ ਵਿਚ ਉਤਸੁਕਤਾ ਵੱਧ ਰਹੀ ਸੀ ਕਿ ਕਦੋਂ ਕਾਂਸ਼ੀ ਨਰੇਸ਼ ਵੀਰ ਬਘੇਲ ਸਿੰਘ ਦਾ ਹੁਕਮ ਹੋਵੇਗਾ ਤੇ ਇਹ ਮੁਕਾਬਲਾ ਸ਼ੁਰੂ ਹੋਵੇਗਾ। ਰਾਜੇ ਦਾ ਹੁਕਮ ਪਾ ਕੇ ਪੰਡਿਤਾਂ ਨੇ ਆਪਣੇ ਠਾਕੁਰਾਂ ਨੂੰ ਗੰਗਾ ਜੀ ਦੀ ਵਹਿ ਰਹੀ ਧਾਰਾ ਵਿਚ ਪਾ ਦਿੱਤਾ। ਇਸ ਉਪਰੰਤ ਮੰਤਰ ਉਚਾਰਨ ਕਰਕੇ ਪੰਡਿਤ ਆਪਣੇ ਠਾਕੁਰਾਂ ਨੂੰ ਵਾਪਿਸ ਬੁਲਾਉਣ ਲੱਗੇ। ਦੂਰ-ਦੂਰ ਤੋਂ ਆਏ ਲੋਕ ਇਹ ਸਭ ਕੁਝ ਦੇਖ ਰਹੇ ਸਨ। ਬਹੁਤ ਦੇਰ ਤੱਕ ਬੁਲਾਉਣ ਤੇ ਵੀ ਜਦੋਂ ਪੰਡਿਤਾਂ ਦੇ ਠਾਕੁਰ ਪਾਣੀ ਉੱਪਰ ਨਹੀਂ ਆਏ ਤਾਂ ਕਾਂਸ਼ੀ ਨਰੇਸ਼ ਨੇ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਹੁਕਮ ਦਿੱਤਾ ਕਿ ਹੇ ਰਵਿਦਾਸ ਜੀ! ਤੁਸੀਂ ਵੀ ਆਪਣੇ ਠਾਕੁਰ ਜੀ ਨੂੰ ਗੰਗਾ ਵਿਚ ਪਾ ਦਿਉ ਅਤੇ ਉਹਨਾਂ ਨੂੰ ਵਾਪਿਸ ਬੁਲਾਉ।

ਸ਼੍ਰੀ ਗੁਰੂ ਰਵਿਦਾਸ ਜੀ ਨੇ ਰਾਜੇ ਦਾ ਹੁਕਮ ਸੁਣ ਕੇ ਪਰਮਾਤਮਾ ਨੂੰ ਯਾਦ ਕੀਤਾ ਅਤੇ ਆਪਣੇ ਠਾਕੁਰ ਨੂੰ ਪਾਣੀ ਵਿਚ ਪਾ ਦਿੱਤਾ। ਉਹ ਪਰਮਾਤਮਾ

ਨੂੰ ਯਾਦ ਕਰਦੇ ਹੋਏ ਕਹਿਣ ਲੱਗੇ ਕਿ ਹੇ ਪ੍ਰਭੂ ਜੀ! ਮੈਨੂੰ ਸਿਰਫ ਤੁਹਾਡਾ ਹੀ ਆਸਰਾ ਹੈ। ਮੈਂ ਇਸ ਮੁਸ਼ਕਿਲ ਦੀ ਘੜੀ ਵਿਚ ਤੁਹਾਨੂੰ ਯਾਦ ਕੀਤਾ ਹੈ। ਤੁਸੀਂ ਆ ਕੇ ਦਰਸ਼ਨ ਦਿਉ ਤੇ ਮੇਰੀ ਲਾਜ ਰੱਖੋ। ਸ਼੍ਰੀ ਗੁਰੂ ਰਵਿਦਾਸ ਜੀ ਗੰਗਾ ਦੇ ਕਿਨਾਰੇ ਉੱਤੇ ਪ੍ਰਭੂ ਭਗਤੀ ਵਿਚ ਲੀਨ ਹੋ ਗਏ। ਗੁਰੂ ਰਵਿਦਾਸ ਜੀ ਪਰਮਾਤਮਾ ਨੂੰ ਕਹਿਣ ਲੱਗੇ ਕਿ ਮੈਂ ਤੁਹਾਡੇ ਨਾਲ ਸੱਚੀ ਪ੍ਰੀਤ ਲਗਾਈ ਹੈ।

**ਜਉ ਤੁਮ ਗਿਰਿਵਰ ਤਉ ਹਮ ਮੋਰਾ ॥**
**ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ ॥੧॥**
**ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥**
**ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥੧॥ ਰਹਾਉ ॥**
**ਜਉ ਤੁਮ ਦੀਵਰਾ ਤਉ ਹਮ ਬਾਤੀ ॥**
**ਜਉ ਤੁਮ ਤੀਰਥ ਤਉ ਹਮ ਜਾਤੀ ॥੨॥**
**ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥**
**ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥੩॥**
**ਜਹ ਜਹ ਜਾਉ ਤਹਾ ਤੇਰੀ ਸੇਵਾ ॥**
**ਤੁਮ ਸੋ ਠਾਕੁਰ ਅਉਰੁ ਨ ਦੇਵਾ ॥੪॥**
**ਤੁਮਰੇ ਭਜਨ ਕਟਹਿ ਜਮ ਫਾਂਸਾ ॥**
**ਭਗਤਿ ਹੇਤ ਗਾਵੈ ਰਵਿਦਾਸਾ ॥੫॥** (ਪੰਨਾ ੬੫੮)

ਜਿਸ ਤਰ੍ਹਾਂ ਪਰਬਤ ਅਤੇ ਮੋਰ, ਚੰਦਰਮਾ ਅਤੇ ਚਕੋਰ, ਤੀਰਥ ਅਤੇ ਯਾਤਰੀ ਦੀ ਪ੍ਰੀਤ ਹੈ ਅਜਿਹੀ ਪ੍ਰੀਤ ਮੇਰੀ ਤੁਹਾਡੇ ਨਾਲ ਹੈ। ਇਸਦੇ ਨਾਲ ਹੀ ਗੁਰੂ ਜੀ ਫਿਰ ਪ੍ਰੇਮ ਭਾਵ ਨਾਲ ਪਰਮਾਤਮਾ ਅੱਗੇ ਦਰਸ਼ਨ ਦੇਣ ਲਈ ਬੇਨਤੀ ਕਰਨ ਲੱਗੇ ਅਤੇ ਹੇਠ ਲਿਖਿਆ ਸ਼ਬਦ ਉਚਾਰਨ ਲੱਗੇ—

**ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ ॥**
**ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾਪਾਰੁ ਨ ਸੂਝ ॥੧॥**
**ਸਗਲ ਭਵਨ ਕੇ ਨਾਇਕਾ**
**ਇਕੁ ਛਿਨੁ ਦਰਸੁ ਦਿਖਾਇ ਜੀ ॥੧॥ ਰਹਾਉ ॥**
**ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ ॥**
**ਕਰਹੁ ਕ੍ਰਿਪਾ ਭ੍ਰਮੁ ਚੂਕਈ ਮੈ ਸੁਮਤਿ ਦੇਹੁ ਸਮਝਾਇ ॥੨॥**
**ਜੋਗੀਸਰ ਪਾਵਹਿ ਨਹੀ ਤੁਅ ਗੁਣ ਕਥਨੁ ਅਪਾਰ ॥**
**ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ ॥੩॥੧॥**
(ਪੰਨਾ ੩੪੬)

ਗੁਰੂ ਜੀ ਨੇ ਵਿਆਕੁਲ ਹੋ ਕੇ ਇਹ ਸ਼ਬਦ ਵੀ ਉਚਾਰਿਆ—

**ਆਇਓ ਆਇਓ ਹਉ ਦੇਵਾਧਿਦੇਵ ਤੁਮ ਸਰਮ ਆਉ ।**
**ਸਕਲ ਸੁਖ ਕਾ ਮੂਲ ਜਾ ਕਉ ਨਾਹੀ ਸਮਤੂਲ ।**



**ਸੋ ਚਰਣ ਮੂਲ ਪਾਉ ।**
**ਲੀਉ ਬਿਬਿਧ ਜੋਨਿ ਵਾਸੁ ਜਸ ਕਉ ਅਗਮ ਤ੍ਰਾਸ**
**ਤੁਮਰੇ ਭਜਨ ਬਿਨੁ ਭਰਮਤ ਫਿਰਿਉ ॥**
**ਮਾਇਆ ਮੋਹੁ ਵਿਸ਼ੈ ਲੰਪਟੁ ਨਿਕਾਮੁ ਜਹ**
**ਅਤਿ ਦਸਤੂਰ ਦੂਰ ਤਰਿਉ ।**
**ਤੁਮਰੇ ਨਾਮ ਬਿਸਾਸ ਛਾਡੀਐ ਆਨ ਆਸ**
**ਸੰਸਾਰੀ ਧਰਮ ਮੇਰੋ ਮਨ ਧੀਜੈ ।**
**ਰਵਿਦਾਸ ਕੀ ਸੇਵਾ ਮਾਨਹੁ ਦੇਵ**
**ਪਤਿਤ ਪਾਵਨ ਨਾਮ ਆਜ ਪਰਗਟੁ ਕੀਜੈ ।**

ਇਹ ਸ਼ਬਦ ਪੂਰਾ ਕਹਿਣ ਤੋਂ ਬਾਅਦ ਜਦੋਂ ਸ਼੍ਰੀ ਗੁਰੂ ਰਵਿਦਾਸ ਜੀ ਨੇ ਆਪਣੀਆਂ ਅੱਖਾਂ ਖੋਲ੍ਹੀਆਂ ਤਾਂ ਕੀ ਦੇਖਦੇ ਹਨ ਕਿ ਗੰਗਾ ਜੀ ਦੇ ਪਵਿੱਤਰ ਜਲ ਉੱਪਰ ਸਿਲਾ ਰੂਪ ਠਾਕੁਰ ਜੀ ਤੈਰ ਰਹੇ ਹਨ। ਸਤਿਗੁਰੂ ਰਵਿਦਾਸ ਜੀ ਪਿਆਰ ਭਾਵ ਨਾਲ ਠਾਕੁਰ ਜੀ ਨੂੰ ਜਿਸ ਪਾਸੇ ਬੁਲਾਉਂਦੇ ਉਸ ਪਾਸੇ ਹੀ ਠਾਕੁਰ ਜੀ ਦਰਸ਼ਨ ਦਿੰਦੇ ਸਨ। ਸਾਰੀ ਦੁਨੀਆਂ ਇਹ ਅਦਭੁੱਤ ਕੌਤਕ ਦੇਖ ਕੇ ਜੈ-ਜੈ ਕਾਰ ਕਰਨ ਲੱਗੀ। ਸਾਰੇ ਲੋਕ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਪਰਮਾਤਮਾ ਦੇ ਰੂਪ ਵਿਚ ਦੇਖਣ ਲੱਗੇ। ਸਾਰਿਆਂ ਨੇ ਗੁਰੂ ਰਵਿਦਾਸ ਜੀ ਦੇ ਚਰਨ ਕੰਵਲਾਂ ਵਿਚ ਝੁੱਕ ਕੇ ਪ੍ਰਣਾਮ ਕੀਤਾ। ਰਾਜਾ ਵੀਰ ਸਿੰਘ ਬਘੇਲ ਨੇ ਵੀ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਪ੍ਰਣਾਮ ਕੀਤਾ ਅਤੇ ਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਉਹ ਉਸਨੂੰ ਆਪਣਾ ਸ਼ਰਧਾਲੂ ਬਣਾ ਲੈਣ। ਰਾਜੇ ਨੇ ਸਾਰੇ ਲੋਕਾਂ ਨੂੰ ਕਿਹਾ ਕਿ ਮੇਰੇ ਗੁਰੂ ਸ਼੍ਰੀ ਗੁਰੂ ਰਵਿਦਾਸ ਜੀ ਪਰਮਾਤਮਾ ਦੇ ਸੱਚੇ ਭਗਤ ਹਨ। ਉਹਨਾਂ ਨੇ ਪੰਡਿਤਾਂ ਨੂੰ ਕਿਹਾ ਕਿ ਤੁਹਾਨੂੰ ਗੁਰੂ ਜੀ ਨਾਲ ਈਰਖਾ ਨਹੀਂ ਕਰਨੀ ਚਾਹੀਦੀ। ਅੱਜ ਸਾਨੂੰ ਠਾਕੁਰ ਜੀ ਦੇ ਪ੍ਰਤੱਖ ਦਰਸ਼ਨ ਹੋਏ ਹਨ। ਸਾਡੇ ਸਾਰਿਆਂ ਦੇ ਬਹੁਤ ਚੰਗੇ ਭਾਗ ਹਨ।

ਜਦੋਂ ਸਾਰੇ ਲੋਕ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਨਮਸਕਾਰ ਕਰ ਚੁੱਕੇ ਸਨ ਤਾਂ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਸੋਨੇ ਦੀ ਪਾਲਕੀ ਵਿਚ ਬਿਠਾਇਆ ਗਿਆ। ਸ਼ਾਹੀ ਛੱਤਰ ਸਜਾ ਕੇ ਉਹਨਾਂ ਨੂੰ ਸਾਰੇ ਸ਼ਹਿਰ ਦੀ ਪਰਕਰਮਾ ਕਰਵਾਈ ਗਈ। ਸਾਰੇ ਲੋਕ ਸ਼੍ਰੀ ਗੁਰੂ ਰਵਿਦਾਸ ਜੀ ਦੇ ਦਰਸ਼ਨ ਕਰਕੇ ਨਿਹਾਲ ਹੋ ਰਹੇ ਸਨ। ਪਾਲਕੀ ਜਿੱਥੋਂ-ਜਿੱਥੋਂ ਲੰਘ ਰਹੀ ਸੀ ਉਸੇ ਰਾਹੇ ਨਗਰ ਨਿਵਾਸੀ ਪ੍ਰੇਮ ਭਾਵ ਨਾਲ ਗੁਰੂ ਜੀ ਦੀ ਪਾਲਕੀ ਉੱਪਰ ਫੁੱਲਾਂ ਦੀ ਵਰਖਾ ਕਰ ਰਹੇ ਸਨ। ਸ਼ਾਮ ਨੂੰ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਉਹਨਾਂ ਦੇ ਗ੍ਰਹਿ ਵਿਖੇ ਠਾਕੁਰ ਜੀ ਸਮੇਤ ਪਹੁੰਚਾਇਆ ਗਿਆ। ਸਾਰੇ ਗਰੀਬ ਲੋਕਾਂ ਨੂੰ ਅੱਜ ਬਹੁਤ ਖੁਸ਼ੀ ਹੋ ਰਹੀ ਸੀ। ਸਾਰੇ ਲੋਕ ਸ਼੍ਰੀ ਗੁਰੂ ਰਵਿਦਾਸ ਜੀ ਦੇ ਆਦੇਸ਼ ਅਨੁਸਾਰ ਕਰਮ ਕਰਨ ਵਿਚ ਲੱਗ ਗਏ। ਸਾਰੇ ਲੋਕ ਹਰ ਰੋਜ਼ ਸ਼੍ਰੀ ਗੁਰੂ ਰਵਿਦਾਸ ਜੀ ਦਾ ਉਪਦੇਸ਼ ਸੁਣ ਕੇ ਅਤੇ ਆਪਣੇ ਜੀਵਨ ਵਿਚ ਗ੍ਰਹਿਣ ਕਰਕੇ ਮਨੁੱਖੀ ਜਨਮ ਨੂੰ ਸਫ਼ਲ ਬਣਾਉਣ

ਲੱਗੇ। ਆਉ ਅੱਜ ਅਸੀਂ ਸਾਰੇ ਮਿਲਕੇ ਸ਼੍ਰੀ ਗੁਰੂ ਰਵਿਦਾਸ ਜੀ ਦੇ ਉਪਦੇਸ਼ਾਂ ਨੂੰ ਆਪਣੇ ਜੀਵਨ ਵਿਚ ਗ੍ਰਹਿਣ ਕਰਕੇ ਆਪਣੇ ਜੀਵਨ ਨੂੰ ਸਜਾ ਲਈਏ ਅਤੇ ਗੁਰੂ ਜੀ ਦੇ ਪਵਿੱਤਰ ਤੇ ਕਲਿਆਣਕਾਰੀ ਉਪਦੇਸ਼ਾਂ ਨੂੰ ਪੜ੍ਹ ਕੇ ਸੁਣ ਕੇ ਤੇ ਉਹਨਾਂ ਉੱਤੇ ਵਿਚਾਰ ਕਰਕੇ ਆਪਣਾ ਵਡਮੁੱਲਾ ਜੀਵਨ ਸਫ਼ਲ ਕਰੀਏ।

## ਪਰਮਾਤਮਾ ਦਾ ਸਾਧੂ ਦੇ ਰੂਪ ਵਿਚ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਪਾਰਸ ਭੇਟ ਕਰਨਾ

**ਵਰਸ ਸਾਤ ਕੀ ਮਯੌ ਜਬਹੀ, ਨੌਧਾ ਭਗਤਿ ਚਲਾਈ ਤਬ ਹੀ।**
**ਅਰੁ ਭਗਤਨ ਕੀ ਸੇਵਾ ਕਰਈ, ਸਤਿਗੁਰ ਕਹੋ ਸੋ ਸੀਖ ਨ ਤਰਈ॥**

ਸ਼੍ਰੀ ਗੁਰੂ ਰਵਿਦਾਸ ਜੀ ਜਦੋਂ ਸੱਤ ਸਾਲ ਦੇ ਹੋਏ ਤਾਂ ਪ੍ਰੇਮੀ ਜਨ ਗੁਰੂ ਜੀ ਪਾਸ ਆ ਕੇ ਭਗਤੀ ਦਾ ਆਨੰਦ ਮਾਨਣ ਲੱਗੇ। ਜਿਹੜੀ ਜਨ ਕਲਿਆਣ ਦੀ ਸੇਵਾ ਅਕਾਲ ਪੁਰਖ ਜੀ ਵਲੋਂ ਲਗਾਈ ਗਈ ਸੀ ਸ੍ਰੀ ਗੁਰੂ ਰਵਿਦਾਸ ਜੀ ਉਸ ਸੇਵਾ ਨੂੰ ਨਿਭਾਉਣ ਲੱਗੇ। ਪ੍ਰਤੀ ਦਿਨ ਵੱਡੀ ਤੋਂ ਵੱਡੀ ਸੰਖਿਆ ਵਿਚ ਸੰਗਤ ਦਰਬਾਰ ਵਿਚ ਆਉਣ ਲੱਗੀ।

**ਬਰਸ ਸਾਤ ਅਉਰੇ ਚਲਿ ਗਇਆ,**
**ਬਹੁਤ ਪ੍ਰੀਤਿ ਕੇਸੋ ਸੂ ਭਇਆ।**

ਇਸ ਤਰ੍ਹਾਂ ਹੀ ਪ੍ਰਭੂ ਭਗਤੀ ਵਿਚ ਸੱਤ ਸਾਲ ਹੋਰ ਬਤੀਤ ਹੋ ਗਏ। ਪਰਮਾਤਮਾ ਨਾਲ ਗੁਰੂ ਜੀ ਦਾ ਬਹੁਤ ਡੂੰਘਾ ਪਿਆਰ ਪੈ ਗਿਆ। ਗੁਰੂ ਜੀ ਹਰ ਰੋਜ਼ ਆਪਣੇ ਸੱਚੇ ਕਰਮ ਪ੍ਰਤੀ ਤਿਆਰ ਰਹਿੰਦੇ। ਆਪਣੇ ਹੱਥਾਂ ਨਾਲ ਮਿਹਨਤ ਕਰਕੇ ਸੰਗਤ ਅਤੇ ਆਏ ਹੋਏ ਸੰਤਾਂ ਦੀ ਸੇਵਾ ਕਰਦੇ ਸਨ।

**ਸੀਧੋ ਚਾਮ ਮੋਲਿ ਲੇ ਆਵੇ।**
**ਤਾਕੀ ਪਨਹੀ ਅਧਿਕ ਬਨਾਵੇ।**
**ਟੂਟੇ ਫਾਟੇ ਜਹਵਾ ਜੇਰੇ।**
**ਸਮਕਤਿ ਕਰਿ ਕਾਹੂ ਨ ਨਿਹੌਰੇ।**

ਗੁਰੂ ਜੀ ਆਪ ਚਮੜੇ ਦੇ ਸੋਹਣੇ-ਸੋਹਣੇ ਜੋੜੇ ਤਿਆਰ ਕਰਦੇ ਸਨ। ਕਈ ਵਾਰ ਸੰਤਾਂ ਨੂੰ ਗੁਰੂ ਜੀ ਬਿਨਾ ਪੈਸੇ ਦੇ ਹੀ ਇਹ ਜੋੜੇ ਭੇਂਟ ਕਰ ਦਿੰਦੇ ਸਨ। ਇਸ ਢੰਗ ਰਾਹੀਂ ਸ੍ਰੀ ਗੁਰੂ ਰਵਿਦਾਸ ਜੀ ਨੇ ਸਾਰਿਆਂ ਨੂੰ ਸਮਝਾਇਆ ਕਿ ਆਪਣੀ ਰੋਜ਼ੀ-ਰੋਟੀ ਲਈ ਸਾਨੂੰ ਪੂਰੀ ਮਿਹਨਤ ਕਰਨੀ ਚਾਹੀਦੀ ਹੈ। ਸੰਤਾਂ ਦੀ ਸੰਗਤ ਤੇ ਸੇਵਾ ਕਰਕੇ ਪਰਮਾਤਮਾ ਦੇ ਨਾਮ ਭਜਨ ਦਾ ਲਾਭ ਲੈਣਾ ਚਾਹੀਦਾ ਹੈ।

**ਬਰਸ ਸਾਤ ਐਸੀ ਵਿਧਿ ਗਈਆ, ਕੇਸੋ ਕੇ ਮਨ ਉਪਜੀ ਦਈਆ॥**
**ਤਬ ਹਰਿ ਭਗਤ ਰੂਪ ਧਾਰ ਆਯੌ।**
**ਜਨ ਰਵਿਦਾਸ ਬਹੁਤ ਮਨ ਭਾਇਯੋਂ॥**



ਜਦੋਂ ਸ਼੍ਰੀ ਗੁਰੂ ਰਵਿਦਾਸ ਜੀ ਇੱਕੀ ਸਾਲਾਂ ਦੇ ਹੋਏ ਤਾਂ ਇਕ ਦਿਨ ਪਰਮਾਤਮਾ ਸਾਧੂ ਦਾ ਰੂਪ ਧਾਰਨ ਕਰਕੇ ਗੁਰੂ ਜੀ ਕੋਲ ਆਏ। ਸ਼੍ਰੀ ਗੁਰੂ ਰਵਿਦਾਸ ਜੀ ਉਹਨਾਂ ਦੇ ਦਰਸ਼ਨ ਕਰਕੇ ਬਹੁਤ ਖੁਸ਼ ਹੋਏ। ਗੁਰੂ ਜੀ ਨੇ ਭਗਵਾਨ ਦਾ ਬਹੁਤ ਪ੍ਰੇਮ ਨਾਲ ਆਦਰ ਕੀਤਾ ਅਤੇ ਚੰਗੇ ਸਥਾਨ ਤੇ ਬਿਠਾਇਆ। ਪਰਮਾਤਮਾ ਦਾ ਮਿੱਠੇ ਸ਼ਬਦਾਂ ਨਾਲ ਸਵਾਗਤ ਕੀਤਾ ਅਤੇ ਕਿਹਾ ਤੁਸੀਂ ਮੈਨੂੰ ਦਰਸ਼ਨ ਦੇ ਕੇ ਮੇਰੇ ਉੱਤੇ ਬਹੁਤ ਕਿਰਪਾ ਕੀਤੀ ਹੈ। ਅੱਜ ਮੈਂ ਧੰਨ ਹੋ ਗਿਆ ਹਾਂ। ਇਸ ਤਰ੍ਹਾਂ ਪਿਆਰ ਭਰਪੂਰ ਬਾਣੀ ਦਾ ਉਚਾਰਨ ਕਰਕੇ ਭਗਵਾਨ ਦੇ ਚਰਨਾਂ ਨੂੰ ਜਲ ਨਾਲ ਧੋਤਾ। ਇਸ ਨਾਲ ਹੀ ਇਕ ਘੜੀ ਲਈ ਸਤਿਸੰਗ ਹੋਇਆ। ਫਿਰ ਭਗਵਾਨ ਨੂੰ ਭੋਜਨ ਛਕਾਇਆ ਗਿਆ। ਜਦੋਂ ਭਗਵਾਨ ਭੋਜਨ ਕਰ ਚੁੱਕੇ ਤਾਂ ਆਪਸੀ ਚਰਚਾ ਸ਼ੁਰੂ ਹੋਈ। ਹਰਿ ਜੀ ਕਹਿਣ ਲੱਗੇ ਕਿ ਤੁਹਾਡੇ ਕੋਲ ਕੋਈ ਆਪਣੀ ਸੰਪੱਤੀ ਤਾਂ ਦਿਖਾਈ ਨਹੀਂ ਦਿੰਦੀ, ਤੁਸੀਂ ਆਪਣਾ ਗੁਜ਼ਾਰਾ ਕਿਸ ਤਰ੍ਹਾਂ ਕਰਦੇ ਹੋ? ਗੁਰੂ ਰਵਿਦਾਸ ਜੀ ਨੇ ਉੱਤਰ ਦਿੱਤਾ ਕਿ ਮੇਰੀ ਸੰਪੱਤੀ ਤਾਂ ਪਰਮਾਤਮਾ ਦਾ ਨਾਮ ਹੈ। ਇਸ ਤੋਂ ਵੱਡੀ ਸੰਪੱਤੀ ਮੇਰੇ ਅਨੁਸਾਰ ਕੋਈ ਨਹੀਂ ਹੈ।

**ਕੋਟਿ ਲਛਮੀ ਜਾਕੈ ਚਰਨਾ।**
**ਦੂਖ ਦਾਰਿਦਰ ਨਾਹੀ ਤਿਹਿ ਸਰਨਾ॥**

ਕਰੋੜਾਂ ਦੀ ਗਿਣਤੀ ਵਿਚ ਲਛਮੀ ਜੀ ਉਸ ਪਰਮਾਤਮਾ ਦੇ ਚਰਨਾਂ ਵਿਚ ਨਿਵਾਸ ਕਰਦੀ ਹੈ, ਉਸਦੀ ਸ਼ਰਨ ਵਿਚ ਦੁੱਖ ਅਤੇ ਗਰੀਬੀ ਕਿਵੇਂ ਹੋ ਸਕਦੀ ਹੈ। ਸ੍ਰੀ ਗੁਰੂ ਰਵਿਦਾਸ ਜੀ ਦੁਆਰਾ ਅਜਿਹਾ ਉੱਤਰ ਪਾ ਕੇ ਹਰਿ ਜੀ ਬਹੁਤ ਪ੍ਰਸੰਨ ਹੋਏ। ਭਗਵਾਨ ਜੀ ਕਹਿਣ ਲੱਗੇ ਕਿ ਹੇ ਰਵਿਦਾਸ ਜੀ, ਜੇਕਰ ਤੁਸੀਂ ਮੇਰਾ ਇਕ ਬਚਨ ਮੰਨੋ ਤਾਂ ਸਾਰੀ ਗਰੀਬੀ ਅੱਜ ਹੀ ਦੂਰ ਹੋ ਜਾਵੇਗੀ। ਮੈਂ ਬਚਪਨ ਤੋਂ ਹੀ ਵੈਰਾਗੀ ਹਾਂ। ਜਦੋਂ ਮੈਂ ਆਪ ਦੇ ਘਰ ਆ ਰਿਹਾ ਸੀ ਤਾਂ ਰਸਤੇ ਵਿਚੋਂ ਮੈਨੂੰ ਇਕ ਪਾਰਸ ਪੱਥਰ ਲੱਭਿਆ। ਇਹ ਮੇਰੇ ਕਿਸੇ ਕੰਮ ਦਾ ਨਹੀਂ ਹੈ। ਯੋਗ ਅਧਿਕਾਰੀ ਸਮਝਦੇ ਹੋਏ ਮੈਂ ਤੁਹਾਨੂੰ ਇਹ ਪੱਥਰ ਦੇਣਾ ਚਾਹੁੰਦਾ ਹਾਂ। ਇਸ ਪਾਰਸ ਪੱਥਰ ਨਾਲ ਜਦੋਂ ਲੋਹੇ ਦਾ ਸਪਰਸ਼ ਹੁੰਦਾ ਹੈ ਤਾਂ ਉਹ ਸੋਨਾ ਬਣ ਜਾਂਦਾ ਹੈ। ਇਸ ਪਾਰਸ ਨਾਲ ਸੋਨਾ ਬਣਾ ਕੇ ਤੁਸੀਂ ਸੰਗਤ ਦੀ ਖੂਬ ਸੇਵਾ ਕਰੋ ਅਤੇ ਸੰਗਤ ਲਈ ਵਧੀਆ ਵਿਵਸਥਾ ਦਾ ਪ੍ਰਬੰਧ ਕਰੋ।

ਸ਼੍ਰੀ ਗੁਰੂ ਰਵਿਦਾਸ ਜੀ ਭਗਵਾਨ ਦੇ ਅਜਿਹੇ ਵਚਨ ਸੁਣ ਕੇ ਚੁੱਪ ਹੋ ਗਏ ਅਤੇ ਸੋਚਣ ਲੱਗੇ ਕਿ ਇਹ ਮੇਰੀ ਬੁੱਧੀ ਨੂੰ ਵਿਗਾੜਨ ਜਾਂ ਭਗਤੀ ਨੂੰ ਖਤਮ ਕਰਨ ਆਏ ਹਨ। ਸ਼੍ਰੀ ਗੁਰੂ ਰਵਿਦਾਸ ਜੀ ਇਕ ਘੜੀ ਲਈ ਚੁੱਪ ਹੋ ਗਏ।

**ਘਰੀ ਏਕ ਰਵਿਦਾਸ ਨ ਬੋਲਿਆ,**
**ਹਰਿ ਕੀ ਗਾਂਠਿ ਤੇ ਪਾਰਸ ਖੋਲਿਆ।**
**ਤੂ ਜਿਨਿ ਮੈਨੈ ਡਹਕੈ ਹਮਕੋ, ਨਿਹਚੈ ਕੀਆ ਦੇਤ ਹੋਂ ਤੁਮਕੋ॥**

ਤਦ ਭਗਵਾਨ ਨੇ ਪਾਰਸ ਆਪਣੀ ਗਠੜੀ ਵਿਚੋਂ ਕੱਢਿਆ ਅਤੇ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਕਿਹਾ ਕਿ ਤੁਸੀਂ ਜੋ ਮਰਜ਼ੀ ਸਮਝੋ ਪਰ ਇਹ ਜ਼ਰੂਰੀ ਹੈ ਕਿ ਪਾਰਸ ਮੈਂ ਤੁਹਾਨੂੰ ਹੀ ਦੇਵਾਂਗਾ। ਫਿਰ ਭਗਵਾਨ ਨੇ ਪਾਰਸ ਨੂੰ ਸੂਈ ਨਾਲ ਲਗਾਇਆ ਤਾਂ ਉਹ ਸੋਨੇ ਦੀ ਬਣ ਗਈ। ਇਹ ਦੇਖ ਕੇ ਸ਼੍ਰੀ ਗੁਰੂ ਰਵਿਦਾਸ ਜੀ ਨੇ ਭਗਵਾਨ ਨੂੰ ਕਿਹਾ ਕਿ ਇਸ ਪਾਰਸ ਨੂੰ ਲੈਣਾ ਤਾਂ ਇਕ ਪਾਸੇ ਰਿਹਾ, ਮੈਂ ਇਸ ਵੱਲ ਦੇਖਾਂਗਾ ਵੀ ਨਹੀਂ। ਗੁਰੂ ਰਵਿਦਾਸ ਜੀ ਨੇ ਕਿਹਾ ਕਿ ਜੇਕਰ ਸੋਨੇ ਨਾਲ ਹੀ ਸਾਰੇ ਕਾਰਜ ਸਿੱਧ ਹੋ ਜਾਣ ਤਾਂ ਰਾਜਿਆਂ ਨੇ ਰਾਜ ਕਿਉਂ ਛੱਡ ਦਿੱਤੇ। ਉਹਨਾਂ ਨੇ ਭਿੱਖਿਆ ਮੰਗ ਕੇ ਆਪਣਾ ਜੀਵਨ ਗੁਜ਼ਾਰਿਆ ਅਤੇ ਕਾਮਨੀ ਨੂੰ ਦੋਸ਼ੀ ਕਿਹਾ ਹੈ। ਤਦ ਭਗਵਾਨ ਨੇ ਕਿਹਾ ਕਿ ਸੋਨੇ ਨੂੰ ਦੋਸ਼ ਨਾ ਦਿਉ। ਸੋਨੇ ਨਾਲ ਸੁੰਦਰ-ਸੁੰਦਰ ਮੰਦਿਰ ਬਣਾਏ ਜਾਂਦੇ ਹਨ। ਇਹ ਦੇਵਤਿਆਂ ਦੇ ਗਲ ਦੀ ਸ਼ੋਭਾ ਬਣਦਾ ਹੈ। ਸੋਨੇ ਨਾਲ ਭਗਵਾਨ ਦੀ ਸੇਵਾ ਕੀਤੀ ਜਾਂਦੀ ਹੈ। ਸੋਨੇ ਨਾਲ ਬੈਕੁੰਠ ਪੁਰੀ ਬਣਾਈ ਜਾ ਸਕਦੀ ਹੈ। ਸੋਨੇ ਨਾਲ ਭੰਡਾਰਾ ਕੀਤਾ ਜਾਂਦਾ ਹੈ। ਤਦ ਗੁਰੂ ਜੀ ਨੇ ਕਿਹਾ ਕਿ ਸੋਨੇ ਨਾਲ ਬਹੁਤ ਪਾਪ ਹੁੰਦੇ ਹਨ ਅਤੇ ਜੀਵ ਨਰਕ ਵਿਚ ਜਾਂਦਾ ਹੈ। ਸੋਨੇ ਨਾਲ ਮਨੁੱਖ ਜੂਆ ਖੇਡਣ ਵਾਲਾ, ਸ਼ਰਾਬ ਪੀਣ ਵਾਲਾ, ਕਾਮੀ ਅਤੇ ਮਾਸ ਖਾਣ ਵਾਲਾ ਬਣ ਜਾਂਦਾ ਹੈ। ਤਾਂ ਤੁਸੀਂ ਹੀ ਦੱਸੋ ਸੋਨਾ ਕਿਸ ਤਰ੍ਹਾਂ ਭਲਾ ਕਰ ਸਕਦਾ ਹੈ। ਜੇਕਰ ਭੰਡਾਰੇ ਦੀ ਗੱਲ ਹੈ ਤਾਂ ਤੁਸੀਂ ਆਪ ਭੰਡਾਰਾ ਕਿਉਂ ਨਹੀਂ ਕਰਦੇ? ਮੈਨੂੰ ਕਿਉਂ ਇਹ ਪੱਥਰ ਦੇ ਰਹੇ ਹੋ? ਭਗਵਾਨ ਨੇ ਸ੍ਰੀ ਗੁਰੂ ਰਵਿਦਾਸ ਜੀ ਨੂੰ ਕਿਹਾ ਕਿ ਮੈਨੂੰ ਤੁਹਾਡੇ ਉੱਪਰ ਪੂਰਾ ਭਰੋਸਾ ਹੈ, ਪਰ ਗੁਰੂ ਜੀ ਨੇ ਇਸ ਗੱਲ ਨੂੰ ਬਿਲਕੁਲ ਨਹੀਂ ਮੰਨਿਆ। ਇਹ ਦੇਖ ਕੇ ਭਗਵਾਨ ਨੇ ਪਾਰਸ ਆਪਣੀ ਗਠੜੀ ਵਿਚੋਂ ਕੱਢ ਕੇ ਉੱਥੇ ਰੱਖ ਦਿੱਤਾ। ਸ੍ਰੀ ਗੁਰੂ ਰਵਿਦਾਸ ਜੀ ਪਿੱਛੇ ਹਟ ਗਏ। ਭਗਵਾਨ ਨੇ ਸ੍ਰੀ ਗੁਰੂ ਰਵਿਦਾਸ ਜੀ ਨੂੰ ਕਿਹਾ ਕਿ ਇਹ ਮੇਰੀ ਅਮਾਨਤ ਤੁਸੀਂ ਆਪਣੇ ਕੋਲ ਰੱਖ ਲਉ। ਮੈਂ ਕੁਝ ਦਿਨਾਂ ਲਈ ਅੱਗੇ ਜਾ ਰਿਹਾ ਹਾਂ ਅਤੇ ਵਾਪਿਸ ਆਉਂਦੇ ਹੋਏ ਮੈਂ ਇਹ ਲੈ ਜਾਵਾਂਗਾ। ਗੁਰੂ ਰਵਿਦਾਸ ਜੀ ਨੇ ਭਗਵਾਨ ਨੂੰ ਕਿਹਾ ਕਿ ਇਸ ਕੁਟੀਆ ਵਿਚ ਜਿੱਥੇ ਤੁਸੀਂ ਚਾਹੁੰਦੇ ਹੋ ਇਹ ਪਾਰਸ ਰੱਖ ਦਿਉ ਅਤੇ ਵਾਪਿਸ ਆ ਕੇ ਉਥੋਂ ਹੀ ਲੈ ਲੈਣਾ। ਭਗਵਾਨ ਸੋਚ ਰਹੇ ਸਨ ਕਿ ਗੁਰੂ ਰਵਿਦਾਸ ਜੀ ਮੇਰੇ ਜਾਣ ਤੋਂ ਬਾਅਦ ਇਸ ਪਾਰਸ ਨੂੰ ਕੱਢ ਕੇ ਇਸ ਦੀ ਵਰਤੋਂ ਕਰ ਲੈਣਗੇ। ਤੇਰਾਂ ਮਹੀਨੇ ਬੀਤ ਗਏ ਅਤੇ ਸ੍ਰੀ ਗੁਰੂ ਰਵਿਦਾਸ ਜੀ ਨੇ ਉਸ ਪੱਥਰ ਵੱਲ ਅੱਖ ਚੁੱਕ ਕੇ ਵੀ ਨਹੀਂ ਦੇਖਿਆ।

**ਜਨ ਰਵਿਦਾਸ ਨ ਦੇਖੈ ਕਾਈ।**
**ਮਾਸ ਤੇਰੁਵੇਂ ਬਹੁਟਯੋ ਆਈ।**

ਜਦੋਂ ਭਗਵਾਨ ਜੀ ਵਾਪਿਸ ਆਏ ਤਾਂ ਉਹਨਾਂ ਨੇ ਗੁਰੂ ਜੀ ਤੋਂ ਪੁੱਛਿਆ ਕਿ ਪਾਰਸ ਕਿੱਥੇ ਹੈ? ਤਾਂ ਸ਼੍ਰੀ ਗੁਰੂ ਰਵਿਦਾਸ ਜੀ ਨੇ ਉੱਤਰ ਦਿੱਤਾ ਕਿ ਜਿੱਥੇ ਤੁਸੀਂ ਰੱਖ ਗਏ ਸੀ ਉੱਥੇ ਹੀ ਹੋਵੇਗਾ। ਤਦ ਭਗਵਾਨ ਨੇ ਕਿਹਾ



ਕਿ ਤੁਸੀਂ ਇਸ ਪਾਰਸ ਨੂੰ ਕਿਉਂ ਨਹੀਂ ਕੱਢਿਆ, ਇਸ ਵਿਚ ਕੀ ਔਗੁਣ ਹੈ?

**ਕਾਹੇ ਸਵਾਮੀ ਕਾਢਿ ਨ ਲੀਨਾ,**
**ਕੌਨ ਦੋਸ਼ ਪਾਰਸ ਕੋ ਦੀਨਾ॥**
**ਜਨ ਰਵਿਦਾਸ ਕਹੇ ਕਰਿ ਜੋਰੇ,**
**ਮੈਂ ਛਾਡਿਯੋ ਪਾਥਰ ਕੈ ਮੋਰੇ॥**

ਸ਼੍ਰੀ ਗੁਰੂ ਰਵਿਦਾਸ ਜੀ ਨੇ ਕਿਹਾ ਕਿ ਇਹ ਪੱਥਰ ਮੇਰੇ ਕਿਸੇ ਕੰਮ ਦਾ ਨਹੀਂ ਹੈ। ਮੇਰੇ ਕੋਲ ਪਰਮਤਮਾ ਦੇ ਨਾਮ ਦਾ ਪਾਰਸ ਹੈ ਜੋ ਸਰਵ-ਸ਼੍ਰੇਸਟ ਹੈ।

**ਪਾਰਸ ਮੋਰਿ ਹਰਿ ਕਉ ਨਾਮੂ। ਪਥਰ ਸੋ ਮੋਹਿ ਨਾਹੀ ਕਾਮੂ॥**
**ਹਰਿ ਪਾਰਸ ਕੰਚਨ ਕੀ ਰਾਸੀ।**
**ਅਵਉਰ ਸਕਲ ਮਾਇਆ ਕੀ ਫਾਸੀ॥**

ਹਰਿ ਪਾਰਸ ਹੀ ਸਭ ਤੋਂ ਵੱਡੀ ਸੋਨੇ ਦੀ ਰਾਸ਼ੀ ਹੈ ਅਤੇ ਬਾਕੀ ਸਭ ਕੁਝ ਮਾਇਆ ਦੇ ਫੰਦੇ ਦੇ ਬਰਾਬਰ ਹੈ।

**ਅੰਗੀਕਾਰ ਰਵਿਦਾਸ ਨ ਕੀਨੌਂ॥**
**ਤਬ ਹਰਿ ਅਪਨੌਂ ਪਾਰਸ ਲੀਨੌਂ॥**
**ਲੇ ਪਾਰਸ ਰਮਿ ਚਲੇ ਮੁਰਾਰੀ॥**

ਜਦੋਂ ਸ਼੍ਰੀ ਗੁਰੂ ਰਵਿਦਾਸ ਜੀ ਨੇ ਪਾਰਸ ਨੂੰ ਸਵੀਕਾਰ ਨਹੀਂ ਕੀਤਾ ਤਾਂ ਹਰਿ (ਭਗਵਾਨ) ਪਾਰਸ ਲੈ ਕੇ ਉਥੋਂ ਅੰਤਰ ਧਿਆਨ ਹੋ ਗਏ। ਇਸ ਕਥਾ ਤੋਂ ਜਿਹੜਾ ਉਪਦੇਸ਼ ਸਾਨੂੰ ਪ੍ਰਾਪਤ ਹੁੰਦਾ ਹੈ ਉਸਨੂੰ ਹਮੇਸ਼ਾਂ ਯਾਦ ਰੱਖਣਾ ਚਾਹੀਦਾ ਹੈ। ਸ਼੍ਰੀ ਗੁਰੂ ਰਵਿਦਾਸ ਜੀ ਨੇ ਸਾਨੂੰ ਸਮਝਾਇਆ ਕਿ ਸਾਨੂੰ ਹਮੇਸ਼ਾਂ ਸੱਚੇ ਧਰਮ ਦੀ ਪਾਲਣਾ ਕਰਨੀ ਚਾਹੀਦੀ ਹੈ। ਕਿਸੇ ਵੀ ਲਾਲਚ ਵਿਚ ਆ ਕੇ ਪ੍ਰਭੂ ਭਗਤੀ ਦਾ ਤਿਆਗ ਨਹੀਂ ਕਰਨਾ ਚਾਹੀਦਾ। ਪਰਮਾਤਮਾ ਦਾ ਨਾਮ ਸਭ ਤੋਂ ਉੱਤਮ ਪਾਰਸ ਪੱਥਰ ਹੈ। ਇਸ ਨਾਮ ਰੂਪੀ ਪਾਰਸ ਨੂੰ ਗੁਰੂ ਜੀ ਪਾਸੋਂ ਪ੍ਰਾਪਤ ਕਰਕੇ ਆਪਣੇ ਜੀਵਨ ਨੂੰ ਸੋਨੇ ਵਾਂਗ ਬਣਾਉਣਾ ਚਾਹੀਦਾ ਹੈ। ਪੱਕੇ ਵਿਸ਼ਵਾਸ ਨਾਲ ਸਤਿਸੰਗਤ ਸਿਮਰਨ ਅਤੇ ਸੇਵਾ ਵਿੱਚ ਲੱਗੇ ਰਹਿਣਾ ਚਾਹੀਦਾ ਹੈ।

## 'ਹਰਿ' ਦੁਆਰਾ ਸੰਗਤ ਦੀ ਸੇਵਾ ਲਈ ਮੋਹਰਾਂ ਦਾ ਵਰਦਾਨ

**ਸੁਪਨਾਂਤਰ ਨੇ ਬਿਨਤੀ ਕਰਈ।**
**ਮੋਹਰ ਪਾਂਚ ਸੰਪਟੁ ਮੇਂ ਧਰਈ।**
**ਲੇਹੁ ਕਨਕ ਜਿਨ ਕਰੋ ਕੁਭਾਉ।**
**ਪੂਜੋ ਭਗਤ ਰਿਦੈ ਧਰ ਭਾਉ॥**

ਪਿਛਲੇ ਪ੍ਰਸੰਗ ਵਿਚ ਅਸੀਂ ਪੜ੍ਹਿਆ ਹੈ ਕਿ ਸਾਧੂ ਰੂਪ ਵਿਚ ਭਗਵਾਨ ਆਪ ਸ੍ਰੀ ਗੁਰੂ ਰਵਿਦਾਸ ਜੀ ਦੇ ਪਾਸ ਪਾਰਸ ਪੱਥਰ ਲੈ ਕੇ ਉਹਨਾਂ ਦੀ

ਪ੍ਰੀਖਿਆ ਲੈਣ ਆਏ। ਭਗਵਾਨ ਨੇ ਸ੍ਰੀ ਗੁਰੂ ਰਵਿਦਾਸ ਜੀ ਨੂੰ ਕਿਹਾ ਕਿ ਇਹ ਪਾਰਸ ਪੱਥਰ ਮੈਂ ਤੁਹਾਨੂੰ ਯੋਗ ਅਧਿਕਾਰੀ ਸਮਝ ਕੇ ਦਿੰਦਾ ਹਾਂ। ਇਸ ਨਾਲ ਤੁਸੀਂ ਸੋਨਾ ਬਣਾ ਕੇ ਸੁੰਦਰ-ਸੁੰਦਰ ਮੰਦਿਰ ਬਣਾਉ ਅਤੇ ਸੰਗਤ ਦੀ ਸੇਵਾ ਕਰੋ। ਗੁਰੂ ਜੀ ਨੇ ਅਜਿਹਾ ਕਰਨ ਤੋਂ ਬਿਲਕੁਲ ਇਨਕਾਰ ਕਰ ਦਿੱਤਾ।

ਇਸ ਤੋਂ ਬਾਅਦ ਭਗਵਾਨ ਨੇ ਫਿਰ ਦਰਸ਼ਨ ਦਿੱਤੇ ਤੇ ਕਿਹਾ ਕਿ ਹੇ ਰਵਿਦਾਸ ਜੀ! ਹੁਣ ਤੁਹਾਨੂੰ ਮੇਰੀ ਇਕ ਗੱਲ ਜ਼ਰੂਰ ਮੰਨਣੀ ਪਵੇਗੀ। ਤੁਹਾਡੇ ਕੋਲ ਸੰਗਤ ਅਤੇ ਸੰਤ ਸਮਾਜ ਆਉਂਦਾ ਹੈ। ਉਹਨਾਂ ਦੀ ਸੇਵਾ ਲਈ ਤੁਹਾਨੂੰ ਚੰਗਾ ਪ੍ਰਬੰਧ ਕਰਨਾ ਚਾਹੀਦਾ ਹੈ। ਹਰ ਰੋਜ਼ ਤੁਹਾਨੂੰ ਦਰਬਾਰ ਵਿਚੋਂ ਪੰਜ ਸੋਨੇ ਦੀਆਂ ਮੋਹਰਾਂ ਮਿਲਿਆ ਕਰਨਗੀਆਂ। ਤੁਸੀਂ ਉਹਨਾਂ ਮੋਹਰਾਂ ਨੂੰ ਸੰਗਤ ਦੀ ਸੇਵਾ ਲਈ ਖਰਚ ਕਰਨਾ ਹੈ। ਕਹਿੰਦੇ ਹਨ ਕਿ ਸ੍ਰੀ ਗੁਰੂ ਰਵਿਦਾਸ ਜੀ ਦੇ ਦਰਬਾਰ ਵਿਚ ਹਰ ਰੋਜ਼ ਦੇਸ਼ਾਂ ਵਿਦੇਸ਼ਾਂ ਦੇ ਬਾਦਸ਼ਾਹ ਅਤੇ ਸੰਗਤ ਸਤਿਸੰਗ ਲਈ ਆਉਂਦੇ ਸਨ। ਗੁਰੂ ਜੀ ਨੇ ਸੇਵਾਦਾਰਾਂ ਦੀ ਸੇਵਾ ਲਗਾ ਕੇ ਬਹੁਤ ਸੁੰਦਰ ਸਤਿਸੰਗ ਭਵਨ ਨਿਵਾਸ ਸਥਾਨ ਅਤੇ ਧਰਮਸ਼ਾਲਾ ਦਾ ਨਿਰਮਾਣ ਕਰਵਾਇਆ।

**ਮੰਦਰ ਮਹਲ ਕਿਯਾ ਬਹੁਤੇਰਾ,**
**ਜਹਾਂ ਤਹਾਂ ਭਗਤਨ ਕਾ ਡੇਰਾ।**

ਸ੍ਰੀ ਗੁਰੂ ਰਵਿਦਾਸ ਜੀ ਦੇ ਉਪਦੇਸ਼ਾਂ ਅਨੁਸਾਰ ਅੱਜ ਵੀ ਜੀਵਨ ਵਿਚ ਸਤਿਸੰਗ ਦੀ ਉੱਨੀ ਹੀ ਜ਼ਰੂਰਤ ਹੈ ਜਿੰਨੀ ਪ੍ਰਾਚੀਨ ਸਮੇਂ ਵਿਚ ਹੁੰਦੀ ਸੀ। ਸਾਨੂੰ ਸਾਰਿਆਂ ਨੂੰ ਸਤਿਸੰਗ ਨਾਲ ਜੁੜਨਾ ਚਾਹੀਦਾ ਹੈ। ਸਤਿਗੁਰਾਂ ਦੇ ਅੰਮ੍ਰਿਤਮਈ ਉਪਦੇਸ਼ਾਂ ਨੂੰ ਸੁਣ ਕੇ ਅਮੋਲਕ ਜਨਮ ਦਾ ਲਾਭ ਉਠਾਉਣਾ ਚਾਹੀਦਾ ਹੈ।

## ਇਕ ਸੇਠ ਨੂੰ ਅੰਮ੍ਰਿਤ ਦਾ ਨਿਰਾਦਰ ਕਰਕੇ ਕੁਸ਼ਟ ਰੋਗ ਹੋਣਾ

ਸੰਤ ਮਹਾਂਪੁਰਸ਼ ਸਾਰੇ ਸਮਾਜ ਦੇ ਹੁੰਦੇ ਹਨ। ਉਹਨਾਂ ਦਾ ਸੰਬੰਧ ਕੇਵਲ ਇਕ ਜਾਤੀ ਜਾਂ ਵਰਣ ਨਾਲ ਨਹੀਂ ਹੁੰਦਾ। ਉਹ ਸਰਵਹਿਤਕਾਰੀ ਹੁੰਦੇ ਹਨ। ਸ਼੍ਰੀ ਗੁਰੂ ਰਵਿਦਾਸ ਜੀ ਦੇ ਪਵਿੱਤਰ ਜੀਵਨ ਅਤੇ ਭਗਤੀ ਨੂੰ ਦੇਖਦੇ ਹੋਏ ਚਾਰੇ ਵਰਣਾਂ ਦੇ ਲੋਕ ਸਤਿਸੰਗ ਵਿਚ ਆਉਣ ਲੱਗੇ। ਸ੍ਰੀ ਗੁਰੂ ਰਵਿਦਾਸ ਜੀ ਪਵਿੱਤਰ ਆਹਾਰ, ਪਵਿੱਤਰ ਕਰਮ ਅਤੇ ਪਵਿੱਤਰ ਵਿਚਾਰਾਂ ਬਾਰੇ ਵਾਰ-ਵਾਰ ਚਰਚਾ ਕਰਦੇ।

ਇਕ ਦਿਨ ਇਕ ਅਮੀਰ ਸੇਠ ਸ੍ਰੀ ਗੁਰੂ ਰਵਿਦਾਸ ਜੀ ਦੇ ਸਤਿਸੰਗ ਵਿਚ ਆਇਆ। ਉਸਨੇ ਦੇਖਿਆ ਕਿ ਬਹੁਤ ਸਾਰੀ ਸੰਗਤ ਸਤਿਸੰਗ ਸੁਣਨ ਲਈ ਆਈ ਹੋਈ ਹੈ। ਉਸਨੇ ਦੇਖਿਆ ਕਿ ਉੱਥੇ ਅਮੀਰ, ਗਰੀਬ ਅਤੇ ਚਾਰੇ



ਵਰਣਾਂ ਦੇ ਲੋਕ ਗੁਰੂ ਰਵਿਦਾਸ ਜੀ ਦਾ ਸਤਿਸੰਗ ਸੁਣਨ ਲਈ ਬੈਠੇ ਸਨ। ਸੇਠ ਦੇ ਮਨ ਤੇ ਇਹ ਸਾਰਾ ਕੁਝ ਦੇਖ ਕੇ ਬਹੁਤ ਪ੍ਰਭਾਵ ਪਿਆ ਤੇ ਉਹ ਵੀ ਸਤਿਸੰਗ ਸੁਣਨ ਲਈ ਬੈਠ ਗਿਆ। ਗੁਰੂ ਜੀ ਨੇ ਕਿਹਾ ਕਿ ਮਨੁੱਖੀ ਸਰੀਰ ਬਹੁਤ ਅਨਮੋਲ ਅਤੇ ਇਹ ਬਹੁਤ ਦੁਰਲਭਤਾ ਨਾਲ ਮਿਲਦਾ ਹੈ।

**ਦੁਲਭ ਜਨਮ ਪੁੰਨ ਫਲ ਪਾਇਓ ਬਿਰਥਾ ਜਾਤਿ ਅਬਿਬੇਕੈ॥**

ਇਸ ਅਨਮੋਲ ਜੀਵਨ ਨੂੰ ਪ੍ਰਭੂ ਬੰਦਗੀ ਵਿਚ ਲਗਾ ਕੇ ਸਫਲ ਬਣਾਉਣਾ ਚਾਹੀਦਾ ਹੈ। ਪ੍ਰਭੂ ਦੇ ਨਾਮ ਸਿਮਰਨ ਤੋਂ ਬਿਨਾਂ ਸੰਸਾਰ ਦੇ ਸਾਰੇ ਪਸਾਰੇ ਝੂਠੇ ਹਨ।

**ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ॥੧॥**

ਗੁਰੂ ਜੀ ਨੇ ਕਿਹਾ ਕਿ ਪ੍ਰਭੂ ਭਗਤੀ ਕਰਨ ਦਾ ਸਾਰੀਆਂ ਜਾਤਾਂ ਤੇ ਵਰਣਾਂ ਦੇ ਲੋਕਾਂ ਨੂੰ ਅਧਿਕਾਰ ਹੈ। ਕੋਈ ਚਾਹੇ ਕਿਸੇ ਵੀ ਜਾਤ ਜਾਂ ਵਰਣ ਦਾ ਵਿਅਕਤੀ ਹੋਵੇ ਪ੍ਰਭੂ ਭਗਤੀ ਦੁਆਰਾ ਉੱਤਮ ਹੋ ਜਾਂਦਾ ਹੈ।

**ਬ੍ਰਹਮਨ ਬੈਸ ਸੂਦ ਅਰੁ ਖੵਤ੍ਰੀ**
**ਡੋਮ ਚੰਡਾਰ ਮਲੇਛ ਮਨ ਸੋਇ॥**
**ਹੋਇ ਪੁਨੀਤ ਭਗਵੰਤ ਭਜਨ ਤੇ**
**ਆਪੁ ਤਾਰਿ ਤਾਰੇ ਕੁਲ ਦੋਇ॥੧॥** (ਪੰਨਾ ੮੫੮)

ਪਰਮਾਤਮਾ ਦਾ ਸਿਮਰਨ ਕਰਨ ਵਲਾ ਬ੍ਰਾਹਮਣ, ਵੈਸ਼, ਸ਼ੂਦਰ, ਖੱਤਰੀ, ਡੋਮ, ਚੰਡਾਲ, ਮਲੇਛ ਭਾਵ ਕੋਈ ਵੀ ਪ੍ਰਾਣੀ ਹੋਵੇ ਪਰਮਾਤਮਾ ਦੇ ਸਿਮਰਨ ਦੁਆਰਾ ਭਵ ਸਾਗਰ ਤੋਂ ਪਾਰ ਹੋ ਸਕਦਾ ਹੈ ਅਤੇ ਆਪਣੇ ਸਕੇ ਸੰਬੰਧੀਆਂ ਨੂੰ ਤਾਰ ਦਿੰਦਾ ਹੈ। ਗੁਰੂ ਜੀ ਨੇ ਕਿਹਾ ਕਿ ਪਰਮਾਤਮਾ ਦਾ ਸਿਮਰਨ ਸਾਰਿਆਂ ਲਈ ਜ਼ਰੂਰੀ ਹੈ।

ਸਤਿਸੰਗ ਸਮਾਪਤ ਹੋਣ ਤੋਂ ਬਾਅਦ ਸਾਰੇ ਸ਼ਰਧਾਲੂਆਂ ਨੂੰ ਉਸ ਕੌਂਰੀ ਵਿਚੋਂ ਅੰਮ੍ਰਿਤ ਵੰਡਿਆ ਗਿਆ ਜਿਸ ਵਿਚ ਸ੍ਰੀ ਗੁਰੂ ਰਵਿਦਾਸ ਜੀ ਚਮੜਾ ਭਿਉਂਦੇ ਸਨ। ਸੇਠ ਨੇ ਚਰਨਾਮ੍ਰਿਤ ਲੈ ਤਾਂ ਲਿਆ ਪਰ ਅੰਮ੍ਰਿਤ ਨੂੰ ਪੀਣ ਦੀ ਬਜਾਇ ਸਿਰ ਦੇ ਪਿੱਛੇ ਸੁੱਟ ਦਿੱਤਾ। ਚਰਨ ਅੰਮ੍ਰਿਤ ਦੇ ਕੁਝ ਛਿੱਟੇ ਉਸਦੇ ਕੱਪੜਿਆਂ ਉੱਪਰ ਪੈ ਗਏ। ਸੇਠ ਨੇ ਘਰ ਜਾ ਕੇ ਕੱਪੜਿਆਂ ਨੂੰ ਅਪਵਿੱਤਰ ਮੰਨ ਕੇ ਇਕ ਭੰਗੀ ਨੂੰ ਦਾਨ ਕਰ ਦਿੱਤੇ। ਭੰਗੀ ਨੇ ਜਿਉਂ ਹੀ ਉਹ ਕੱਪੜੇ ਪਹਿਨੇ ਉਸਦਾ ਸਰੀਰ ਰੂਹਾਨੀ ਸ਼ਕਤੀ ਨਾਲ ਚਮਕਣ ਲੱਗਾ ਅਤੇ ਸੇਠ ਨੂੰ ਕੁਸ਼ਟ ਰੋਗ ਹੋ ਗਿਆ। ਸੇਠ ਨੇ ਹਕੀਮਾਂ ਤੇ ਵੈਦਾਂ ਤੋਂ ਬਹੁਤ ਇਲਾਜ ਕਰਵਾਇਆ ਪਰ ਕੁਸ਼ਟ ਰੋਗ ਠੀਕ ਨਹੀਂ ਹੋਇਆ। ਸੇਠ ਨੂੰ ਧਿਆਨ ਆਇਆ ਕਿ ਉਸਨੇ ਸੱਚੇ ਗੁਰੂ ਦਾ ਨਿਰਾਦਰ ਕੀਤਾ ਹੈ, ਜਿਸ ਕਾਰਨ ਉਸਨੂੰ ਇਹ ਕੁਸ਼ਟ ਝੱਲਣਾ ਪਿਆ ਹੈ ਤਾਂ ਉਹ ਦੁਖੀ ਹੋ ਕੇ ਗੁਰੂ ਜੀ ਦੀ ਸ਼ਰਨ ਵਿਚ ਚਲਾ ਗਿਆ। ਦਿਆਲੂ ਹਿਰਦੇ ਵਾਲੇ ਗੁਰੂ ਜੀ ਨੇ ਸੇਠ ਨੂੰ ਮੁਆਫ਼ ਕਰ ਦਿੱਤਾ ਤੇ ਉਹ ਫਿਰ ਤੋਂ ਠੀਕ ਹੋ ਗਿਆ।

# ਇਕ ਹਿਰਨੀ ਦੀ ਰੱਖਿਆ

ਸ਼੍ਰੀ ਗੁਰੂ ਰਵਿਦਾਸ ਜੀ ਬਹੁਤ ਕੋਮਲ ਹਿਰਦੇ ਵਾਲੇ ਮਹਾਂਪੁਰਸ਼ ਸਨ। ਇਹ ਗੱਲ ਲਹਿਰਤਾਰਾ ਤਲਾਬ ਦੀ ਹੈ ਜੋ ਸ੍ਰੀ ਗੁਰੂ ਕਬੀਰ ਸਾਹਿਬ ਦਾ ਪ੍ਰਗਟ ਸਥਾਨ ਹੈ। ਉਹਨਾਂ ਦਿਨਾਂ ਵਿਚ ਇੱਥੇ ਬਹੁਤ ਸੰਘਣਾ ਜੰਗਲ ਸੀ। ਇਸ ਇਕਾਂਤ ਸਥਾਨ ਤੇ ਸ੍ਰੀ ਗੁਰੂ ਰਵਿਦਾਸ ਜੀ ਸਮਾਧੀ ਅਵਸਥਾ ਵਿਚ ਬੈਠੇ ਪਰਮਾਤਮਾ ਦਾ ਸਿਮਰਨ ਕਰ ਰਹੇ ਸਨ। ਆਸ-ਪਾਸ ਵਿਚ ਕੁਦਰਤ ਦਾ ਬਹੁਤ ਪਿਆਰਾ ਦ੍ਰਿਸ਼ ਮਨ ਨੂੰ ਮੋਹਿਤ ਕਰ ਰਿਹਾ ਸੀ।

ਇਸ ਸਮੇਂ ਇਕ ਹਿਰਨੀ ਦੌੜਦੀ ਹੋਈ ਇੱਧਰ ਆਈ, ਜਿਸਦੇ ਪਿੱਛੇ ਸ਼ਿਕਾਰੀ ਲੱਗਾ ਹੋਇਆ ਸੀ। ਸ਼ਿਕਾਰੀ ਨੇ ਹਿਰਨੀ ਨੂੰ ਕਾਬੂ ਕਰ ਲਿਆ ਅਤੇ ਉਸਨੂੰ ਮਾਰਨ ਲਈ ਤਿਆਰ ਸੀ। ਹਿਰਨੀ ਨੇ ਦੇਖਿਆ ਕਿ ਹੁਣ ਉਸਦਾ ਜੀਵਨ ਮੁਸ਼ਕਿਲ ਵਿਚ ਫਸ ਗਿਆ ਹੈ ਤੇ ਸ਼ਿਕਾਰੀ ਉਸਨੂੰ ਮਾਰ ਦੇਵੇਗਾ। ਹਿਰਨੀ ਸੋਚਣ ਲੱਗੀ ਕਿ ਹੁਣ ਤਾਂ ਉਹ ਆਪਣੇ ਬੱਚਿਆਂ ਨੂੰ ਵੀ ਨਹੀਂ ਮਿਲ ਸਕਦੀ, ਦੁੱਧ ਪਿਲਾਉਣਾ ਤਾਂ ਬਹੁਤ ਦੂਰ ਦੀ ਗੱਲ ਸੀ। ਹਿਰਨੀ ਮਨ ਵਿਚ ਬਹੁਤ ਦੁਖੀ ਹੋ ਰਹੀ ਸੀ। ਬੱਚਿਆਂ ਦੇ ਪਿਆਰ ਨੂੰ ਯਾਦ ਕਰਕੇ ਉਸਦੀਆਂ ਅੱਖਾਂ ਵਿਚੋਂ ਹੰਝੂ ਡਿਗਣ ਲੱਗੇ। ਇਹ ਦੇਖ ਕੇ ਸ਼ਿਕਾਰੀ ਨੇ ਹਿਰਨੀ ਨੂੰ ਪੁੱਛਿਆ ਕਿ ਤੇਰੀਆਂ ਅੱਖਾਂ ਵਿਚ ਹੰਝੂ ਆਉਣ ਦਾ ਕੀ ਕਾਰਨ ਹੈ? ਤਾਂ ਹਿਰਨੀ ਨੇ ਦੱਸਿਆ ਕਿ ਉਸਦਾ ਆਪਣੇ ਬੱਚਿਆਂ ਦੀ ਯਾਦ ਆਉਣ ਕਰਕੇ ਇਹ ਹਾਲ ਹੈ। ਹਿਰਨੀ ਨੇ ਸ਼ਿਕਾਰੀ ਨੂੰ ਕਿਹਾ ਕਿ ਉਹ ਉਸਨੂੰ ਦੋ ਘੜੀਆਂ ਲਈ ਛੱਡ ਦੇਵੇ, ਮੈਂ ਆਪਣੇ ਬੱਚਿਆਂ ਨੂੰ ਦੁੱਧ ਪਿਲਾ ਕੇ ਥੋੜ੍ਹੀ ਦੇਰ ਬਾਅਦ ਵਾਪਿਸ ਆ ਜਾਵਾਂਗੀ। ਸ਼ਿਕਾਰੀ ਨੇ ਕਿਹਾ ਕਿ ਜੇਕਰ ਕੋਈ ਤੇਰੀ ਜਮਾਨਤ ਦੇ ਸਕਦਾ ਹੈ ਤਾਂ ਮੈਂ ਤੈਨੂੰ ਛੱਡ ਸਕਦਾ ਹਾਂ। ਨੇੜੇ ਹੀ ਸ੍ਰੀ ਗੁਰੂ ਰਵਿਦਾਸ ਜੀ ਭਗਤੀ ਕਰ ਰਹੇ ਸਨ। ਉਹਨਾਂ ਨੇ ਜਦੋਂ ਹਿਰਨੀ ਦੀ ਕਥਾ ਸੁਣੀ ਤਾਂ ਸ਼ਿਕਾਰੀ ਨੂੰ ਕਿਹਾ ਕਿ ਮੈਂ ਇਸਦੀ ਜਮਾਨਤ ਦਿੰਦਾ ਹਾਂ। ਮੈਂ ਉਦੋਂ ਤੱਕ ਤੇਰੇ ਕੋਲ ਰਹਾਂਗਾ। ਜਦੋਂ ਤੱਕ ਹਿਰਨੀ ਵਾਪਿਸ ਨਹੀਂ ਆ ਜਾਂਦੀ। ਹਿਰਨੀ ਤੇਜ਼ੀ ਨਾਲ ਦੌੜਦੀ ਹੋਈ ਆਪਣੇ ਬੱਚਿਆਂ ਕੋਲ ਪਹੁੰਚੀ। ਬੱਚਿਆਂ ਨੇ ਜਦੋਂ ਦੇਖਿਆ ਕਿ ਉਹਨਾਂ ਦੀ ਮਾਂ ਆ ਗਈ ਹੈ ਤਾਂ ਉਹ ਇਕ ਦਮ ਆਪਣੀ ਮਾਂ ਨਾਲ ਚਿੰਬੜ ਗਏ। ਉਹ ਦੁੱਧ ਪੀਣ ਲੱਗੇ ਸਨ ਕਿ ਉਹਨਾਂ ਦੇਖਿਆ ਉਹਨਾਂ ਦੀ ਮਾਂ ਉਦਾਸ ਹੈ। ਬੱਚਿਆਂ ਨੇ ਜਦੋਂ ਆਪਣੀ ਮਾਂ ਨੂੰ ਉਦਾਸੀ ਦਾ ਕਾਰਨ ਪੁੱਛਿਆ ਤਾਂ ਹਿਰਨੀ ਨੇ ਸਾਰੀ ਗੱਲ ਆਪਣੇ ਬੱਚਿਆਂ ਨੂੰ ਦੱਸ ਦਿੱਤੀ। ਬੱਚਿਆਂ ਨੇ ਆਪਣੀ ਮਾਂ ਨੂੰ ਕਿਹਾ ਕਿ ਉਹ ਦੁੱਧ ਨਹੀਂ ਪੀਣਗੇ ਸਗੋਂ ਉਸਦੇ ਨਾਲ ਹੀ ਉਸ ਸ਼ਿਕਾਰੀ ਕੋਲ ਜਾਣਗੇ। ਤੁਹਾਡੇ ਤੋਂ ਪਹਿਲਾਂ ਅਸੀਂ ਆਪਣਾ ਜੀਵਨ ਕੁਰਬਾਨ ਕਰਾਂਗੇ, ਇਸ ਤੋਂ ਬਾਅਦ ਤੁਹਾਡੀ ਵਾਰੀ ਆਵੇਗੀ। ਹਿਰਨੀ ਕੁਝ ਸਮੇਂ ਬਾਅਦ ਆਪਣੇ ਬੱਚਿਆਂ ਸਮੇਤ ਉਸ ਸਥਾਨ ਤੇ ਪਹੁੰਚ ਗਈ ਜਿੱਥੇ



ਸ਼ਿਕਾਰੀ ਤੇ ਸ੍ਰੀ ਗੁਰੂ ਰਵਿਦਾਸ ਜੀ ਬੈਠੇ ਸਨ। ਹਿਰਨੀ ਨੇ ਸ਼ਿਕਾਰੀ ਨੂੰ ਕਿਹਾ ਕਿ ਹੁਣ ਇਹਨਾਂ ਮਹਾਂਪੁਰਸ਼ਾਂ ਨੂੰ ਛੁੱਟੀ ਦਿੱਤੀ ਜਾਵੇ ਕਿਉਂਕਿ ਅਸੀਂ ਦੋ ਘੜੀਆਂ ਤੋਂ ਪਹਿਲਾਂ ਹੀ ਤੁਹਾਡੇ ਕੋਲ ਪਹੁੰਚ ਗਏ ਹਾਂ। ਜਦੋਂ ਸ਼ਿਕਾਰੀ ਹਿਰਨੀ ਨੂੰ ਮਾਰਨ ਲਈ ਕਟਾਰ ਨਾਲ ਵਾਰ ਕਰਨ ਲੱਗਾ ਤਾਂ ਉਸਦਾ ਕਟਾਰ ਵਾਲਾ ਹੱਥ ਉੱਪਰ ਦਾ ਉੱਪਰ ਹੀ ਰਹਿ ਗਿਆ। ਉਸਦਾ ਹੱਥ ਜੜ੍ਹ ਪੱਥਰ ਦੇ ਸਮਾਨ ਹੋ ਗਿਆ। ਉਸਨੂੰ ਆਪਣੀਆਂ ਅੱਖਾਂ ਸਾਹਮਣੇ ਮੌਤ ਨੱਚਦੀ ਦਿਖਾਈ ਦੇਣ ਲੱਗੀ। ਉਹ ਮਨ ਹੀ ਮਨ ਪਛਤਾਉਣ ਲੱਗਾ ਅਤੇ ਵਾਰ-ਵਾਰ ਗੁਰੂ ਜੀ ਨੂੰ ਨਮਸਕਾਰ ਕਰਨ ਲੱਗਾ। ਸ਼ਿਕਾਰੀ ਗੁਰੂ ਜੀ ਤੋਂ ਮੁਆਫੀ ਮੰਗਣ ਲੱਗ ਪਿਆ। ਗੁਰੂ ਜੀ ਨੇ ਸ਼ਿਕਾਰੀ ਨੂੰ ਅੱਗੇ ਤੋਂ ਅਜਿਹਾ ਕਰਨ ਤੋਂ ਮਨਾ ਕੀਤਾ ਅਤੇ ਉਸਨੂੰ ਧਰਮ ਦਾ ਉਪਦੇਸ਼ ਦੇ ਕੇ ਆਪਣਾ ਸ਼ਿਸ ਬਣਾ ਲਿਆ। ਇਸ ਸ਼ਿਕਾਰੀ ਨੂੰ ਹੀਰੂ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਉਹ ਸ਼ਿਕਾਰੀ ਗੁਰੂ ਜੀ ਦਾ ਸੱਚਾ ਭਗਤ ਬਣ ਗਿਆ। ਬਾਅਦ ਵਿਚ ਉਹ ਇਕ ਚੰਗੇ ਆਦਮੀ ਦੇ ਰੂਪ ਵਿਚ ਸਮਾਜ ਵਿਚ ਵਿਚਰਿਆ।

ਹਿਰਨੀ ਅਤੇ ਉਸਦੇ ਬੱਚੇ ਸ੍ਰੀ ਗੁਰੂ ਰਵਿਦਾਸ ਜੀ ਦਾ ਧੰਨਵਾਦ ਕਰਦੇ ਹੋਏ ਸਿਰ ਝੁਕਾ ਕੇ ਜੈ-ਜੈ ਕਾਰ ਕਰਦੇ ਹੋਏ ਜੰਗਲ ਵੱਲ ਚਲੇ ਗਏ।

# ਇਕ ਸ਼ੇਖ ਦੁਆਰਾ ਸ਼੍ਰੀ ਗੁਰੂ ਰਵਿਦਾਸ ਜੀ ਪਾਸੋਂ ਪ੍ਰੇਮ ਦੀ ਜਾਚਨਾ ਕਰਨੀ

ਸ਼੍ਰੀ ਗੁਰੂ ਰਵਿਦਾਸ ਜੀ ਹਰ ਰੋਜ਼ ਸੰਗਤ ਨੂੰ ਸਤਿਸੰਗ ਸੁਣਾਇਆ ਕਰਦੇ ਸਨ। ਆਪ ਦੇ ਭੇਦ-ਭਾਵ ਰਹਿਤ ਵਿਚਾਰਾਂ ਦਾ ਸੰਗਤ ਉੱਤੇ ਬਹੁਤ ਪ੍ਰਭਾਵ ਸੀ। ਹਿੰਦੂ ਅਤੇ ਮੁਸਲਮਾਨ ਆਪ ਜੀ ਪਾਸੋਂ ਪਰਮਾਰਥ ਲਾਭ ਬਾਰੇ ਉਪਦੇਸ਼ ਸੁਣਨ ਆਉਂਦੇ ਸਨ।

ਇਕ ਵਾਰ ਇਕ ਸ਼ੇਖ ਨੇ ਗੁਰੂ ਜੀ ਪਾਸ ਆ ਕੇ ਬੇਨਤੀ ਕੀਤੀ ਕਿ ਸੁਆਮੀ ਜੀ! ਮੈਨੂੰ ਵੀ ਪ੍ਰੇਮ ਦਾ ਰੰਗ ਪ੍ਰਦਾਨ ਕਰੋ। ਸ੍ਰੀ ਗੁਰੂ ਰਵਿਦਾਸ ਜੀ ਜਿਸ ਦੌਰੀ ਵਿਚ ਚਮੜਾ ਧੋ ਰਹੇ ਸਨ ਉਸ ਵਿਚੋਂ ਪਾਣੀ ਸ਼ੇਖ ਨੂੰ ਪੀਣ ਲਈ ਦੇ ਦਿੱਤਾ। ਸ਼ੇਖ ਨੇ ਉਸ ਪਾਣੀ ਤੋਂ ਘ੍ਰਿਣਾ ਕੀਤੀ ਅਤੇ ਲੁਕੋ ਕੇ ਉਸ ਪਾਣੀ ਨੂੰ ਸੁੱਟ ਦਿੱਤਾ। ਸ਼ੇਖ ਦੀ ਕਮੀਜ਼ ਉੱਪਰ ਉਸ ਪਾਣੀ ਦਾ ਦਾਗ ਪੈ ਗਿਆ। ਘਰ ਜਾ ਕੇ ਸ਼ੇਖ ਨੇ ਉਹ ਕਮੀਜ਼ ਨੌਕਰਾਣੀ ਨੂੰ ਧੋਣ ਲਈ ਦੇ ਦਿੱਤੀ ਅਤੇ ਕਿਹਾ ਕਿ ਇਸ ਦਾਗ਼ ਨੂੰ ਚੰਗੀ ਤਰ੍ਹਾਂ ਧੋ ਕੇ ਲਿਆਉ।

ਜਦੋਂ ਨੌਕਰਾਣੀ ਉਸ ਕਮੀਜ਼ ਨੂੰ ਧੋਣ ਲੱਗੀ ਤਾਂ ਉਹ ਦਾਗ਼ ਨਹੀਂ ਸੀ ਉਤਰ ਰਿਹਾ। ਬਹੁਤ ਯਤਨ ਕਰਨ ਤੇ ਵੀ ਜਦੋਂ ਉਹ ਦਾਗ਼ ਨਹੀਂ ਉਤਰਿਆ ਤਾਂ ਨੌਕਰਾਣੀ ਦਾਗ਼ ਉਤਾਰਨ ਲਈ ਉਸ ਥਾਂ ਤੋਂ ਕੱਪੜੇ ਨੂੰ ਮੂੰਹ ਵਿਚ ਪਾ ਕੇ ਚੂਸਣ ਲੱਗੀ। ਜਿਵੇਂ ਹੀ ਨੌਕਰਾਣੀ ਨੇ ਉਸ ਦਾਗ਼ ਨੂੰ ਚੂਸਿਆ ਤਾਂ ਉਸ ਵਿਚ ਅਨੇਕਾਂ ਪ੍ਰਕਾਰ ਦੀਆਂ ਰੂਹਾਨੀ ਸ਼ਕਤੀਆਂ ਆ ਗਈਆਂ ਤੇ ਉਹ ਧਰਤੀ ਤੋਂ

ਉੱਪਰ-ਉੱਪਰ ਤੁਰਨ ਲੱਗੀ। ਨੌਕਰਾਣੀ ਨੂੰ ਇਸ ਰੰਗ ਵਿਚ ਦੇਖ ਕੇ ਸ਼ੇਖ ਨੇ ਪੁੱਛਿਆ? ਕਿ ਇਹ ਸਿੱਧੀ ਉਸਨੂੰ ਕਿੱਥੋਂ ਪ੍ਰਾਪਤ ਹੋਈ ਹੈ? ਤਾਂ ਨੌਕਰਾਣੀ ਨੇ ਦੱਸਿਆ ਕਿ ਕਮੀਜ਼ ਉੱਪਰ ਲੱਗੇ ਉਸ ਦਾਗ ਨੂੰ ਚੂਸਣ ਨਾਲ ਹੀ ਉਸਨੂੰ ਇਹ ਸਿੱਧੀ ਪ੍ਰਾਪਤ ਹੋਈ ਹੈ। ਉਸ ਸ਼ੇਖ ਨੂੰ ਇਹ ਸਭ ਕੁਝ ਦੇਖ ਕੇ ਬਹੁਤ ਹੈਰਾਨੀ ਹੋਈ ਤੇ ਉਹ ਆਪਣੀ ਗਲਤੀ ਤੇ ਪਛਤਾਉਣ ਲੱਗਾ। ਇਸ ਤੋਂ ਬਾਅਦ ਉਹ ਸ਼ੇਖ ਦੂਜੀ ਵਾਰ ਸ਼੍ਰੀ ਗੁਰੂ ਰਵਿਦਾਸ ਜੀ ਪਾਸ ਆਇਆ। ਨਿਮਰਤਾ ਸਹਿਤ ਗੁਰੂ ਜੀ ਤੋਂ ਅੰਮ੍ਰਿਤ ਦੀ ਮੰਗ ਕੀਤੀ। ਗੁਰੂ ਜੀ ਨੇ ਸ਼ੇਖ ਨੂੰ ਕਿਹਾ ਕਿ ਉਹ ਸਮਾਂ ਹੁਣ ਬੀਤ ਗਿਆ ਹੈ। ਸ਼ੇਖ ਨੇ ਵਾਰ-ਵਾਰ ਸ੍ਰੀ ਗੁਰੂ ਰਵਿਦਾਸ ਜੀ ਅੱਗੇ ਬੇਨਤੀ ਕੀਤੀ ਤਾਂ ਦਿਆਲੂ ਹਿਰਦੇ ਵਾਲੇ ਗੁਰੂ ਜੀ ਨੇ ਉਸਨੂੰ ਆਪਣਾ ਸ਼ਿਸ਼ ਬਣਾ ਲਿਆ। ਗੁਰੂ ਜੀ ਨੇ ਉਸਨੂੰ ਪ੍ਰਭੂ ਬੰਦਗੀ ਦੁਆਰਾ ਆਪਣਾ ਜੀਵਨ ਸਫ਼ਲ ਬਣਾਉਣ ਦਾ ਸੰਦੇਸ਼ ਦਿੱਤਾ। ਗੁਰੂ ਜੀ ਦਾ ਕਥਨ ਹੈ—

**ਕਰਿ ਬੰਦਿਗੀ ਛਾਡਿ ਮੈ ਮੇਰਾ। ਹਿਰਦੈ ਨਾਮ ਸਮ੍ਹਾਰਿ ਸਵੇਰਾ॥੨॥**
**ਜਨਮ ਸਿਰਾਨੋ ਪੰਥੁ ਨ ਸਵਾਰਾ॥ ਸਾਂਝ ਪਰੀ ਦਹ ਦਿਸ ਅੰਧਿਆਰਾ॥**
**ਕਹਿ ਰਵਿਦਾਸ ਨਿਦਾਨਿ ਦਿਵਾਨੇ।**
**ਚੇਤਸਿ ਨਾਹੀ ਦੁਨੀਆ ਫਨ ਖਾਨੇ॥੩॥੨॥** (ਪੰਨਾ ੭੯੩)

ਅੱਜ ਵੀ ਜੇਕਰ ਕੋਈ ਆਪਣੇ ਜੀਵਨ ਨੂੰ ਸਾਰਥਕ ਬਣਾਉਣਾ ਚਾਹੁੰਦਾ ਹੈ ਅਤੇ ਪ੍ਰਭੂ ਪਿਆਰ ਦੇ ਰੰਗ ਦੀ ਰੰਗਣ ਵਿਚ ਜੀਵਨ ਰੰਗਣਾ ਚਾਹੁੰਦਾ ਹੈ ਤਾਂ ਇਹ ਜ਼ਰੂਰੀ ਹੈ ਕਿ ਉਹ ਸ੍ਰੀ ਗੁਰੂ ਰਵਿਦਾਸ ਜੀ ਦੁਆਰਾ ਦਿੱਤੇ ਉਪਦੇਸ਼ਾਂ ਨੂੰ ਆਪਣੇ ਜੀਵਨ ਵਿਚ ਅਪਣਾਏ।

## ਮ੍ਰਿਤਕ ਬਾਲਕ ਨੂੰ ਜੀਵਨ ਦਾਨ ਦੇਣਾ

ਕਾਂਸ਼ੀ ਵਿਚ ਇਕ ਵਿਧਵਾ ਸੇਠਾਣੀ ਰਹਿੰਦੀ ਸੀ। ਸੇਠਾਣੀ ਦਾ ਬਹੁਤ ਵੱਡਾ ਪਰਿਵਾਰ ਸੀ। ਇਕ ਵਾਰ ਉਹ ਪੂਰੇ ਪਰਿਵਾਰ ਸਮੇਤ ਤੀਰਥ ਯਾਤਰਾ ਲਈ ਗਈ। ਸੰਯੋਗਵਸ ਨਾਵ (ਕਿਸ਼ਤੀ) ਦੁਰਘਟਨਾ ਹੋ ਗਈ, ਜਿਸ ਦੌਰਾਨ ਸੇਠਾਣੀ ਅਤੇ ਉਸਦਾ ਸਾਰਾ ਪਰਿਵਾਰ ਮਰ ਗਿਆ। ਪੂਰੇ ਪਰਿਵਾਰ ਵਿਚੋਂ ਸਿਰਫ਼ ਉਸਦੀ ਨੂੰਹ ਹੀ ਬਚ ਸਕੀ ਜਿਹੜੀ ਗਰਭਵਤੀ ਸੀ। ਰੋਂਦੀ ਕਰਲਾਉਂਦੀ ਤੇ ਅਨੇਕ ਕਸ਼ਟਾਂ ਨੂੰ ਸਹਿੰਦੀ ਹੋਈ ਉਹ ਆਪਣੇ ਘਰ ਵਾਪਿਸ ਆ ਗਈ। ਸਮਾਂ ਪਾ ਕੇ ਉਸਦੇ ਇਕ ਲੜਕਾ ਪੈਦਾ ਹੋਇਆ। ਬੱਚੇ ਦਾ ਮੂੰਹ ਦੇਖ ਕੇ ਉਹ ਬਹੁਤ ਖੁਸ਼ ਹੋਈ ਕਿਉਂਕਿ ਬੱਚਾ ਹੀ ਹੁਣ ਉਸਦੇ ਜੀਵਨ ਦਾ ਇਕੋ ਇਕ ਸਹਾਰਾ ਸੀ। ਬੱਚਾ ਜਦੋਂ ਵੱਡਾ ਹੋ ਕੇ ਖੇਡਣ ਕੁੱਦਣ ਲੱਗਾ ਤਾਂ ਸੰਯੋਗਵਸ ਉਹ ਬਿਮਾਰ ਰਹਿਣ ਲੱਗਾ ਪਿਆ। ਉਸਦੀ ਮਾਂ ਨੇ ਉਸਦਾ ਇਲਾਜ ਕਰਵਾਉਣ ਅਤੇ ਪਾਠ ਪੂਜਾ ਕਰਨ ਉੱਤੇ ਬਹੁਤ ਧਨ ਖ਼ਰਚ ਕੀਤਾ। ਪਰ ਉਸਨੂੰ ਕੋਈ ਲਾਭ ਨਾ ਹੋਇਆ। ਬੱਚੇ ਦੀ ਬਿਮਾਰੀ ਦਿਨ-ਬ-ਦਿਨ ਭਿਅੰਕਰ ਰੂਪ ਧਾਰਨ ਕਰਦੀ ਗਈ। ਉਹ ਹਰ ਇਕ ਅੱਗੇ ਰੋ-ਰੋ ਕੇ ਆਪਣੇ ਬੱਚੇ ਨੂੰ ਬਚਾਉਣ ਲਈ ਫਰਿਆਦ ਕਰਦੀ। ਕਿਸੇ ਨੇ ਉਸਨੂੰ ਸ੍ਰੀ ਗੁਰੂ ਰਵਿਦਾਸ ਜੀ



ਦੀ ਮਹਿਮਾ ਬਾਰੇ ਦੱਸਿਆ। ਉਹ ਆਪਣੇ ਬਿਮਾਰ ਬੱਚੇ ਨੂੰ ਲੈ ਕੇ ਸ੍ਰੀ ਗੁਰੂ ਰਵਿਦਾਸ ਜੀ ਪਾਸ ਚਲੀ ਗਈ। ਅਚਾਨਕ ਉੱਥੇ ਪਹੁੰਚਦੇ ਹੀ ਉਸਦੇ ਬੱਚੇ ਦੀ ਮੌਤ ਹੋ ਗਈ। ਅਜਿਹਾ ਦੇਖਦੇ ਹੀ ਸੇਠਾਣੀ ਚੀਖ-ਚੀਖ ਕੇ ਰੋਣ ਲੱਗੀ। ਉਸਦਾ ਕਰੁਣਾ ਭਰਪੂਰ ਵਿਰਲਾਪ ਦੇਖ ਕੇ ਸ੍ਰੀ ਗੁਰੂ ਰਵਿਦਾਸ ਜੀ ਪਰਮਾਤਮਾ ਅੱਗੇ ਉਸਦੇ ਬੱਚੇ ਲਈ ਅਰਦਾਸ ਕਰਨ ਲੱਗੇ। ਉਹਨਾਂ ਦੀ ਦਿਆਲੂ ਸੇਵਕ ਲੋਨਾ ਬਾਈ ਉਸ ਬੱਚੇ ਨੂੰ ਆਪਣੀ ਗੋਦ ਵਿਚ ਲੈ ਕੇ ਬੈਠ ਗਈ। ਉਹ ਉਸ ਮਰੇ ਹੋਏ ਬੱਚੇ ਦੇ ਸਿਰ ਉੱਪਰ ਹੱਥ ਫੇਰਨ ਲੱਗੀ। ਗੁਰੂ ਜੀ ਨੇ ਉਸ ਬੱਚੇ ਦੇ ਮੂੰਹ ਵਿਚ ਜਲ ਪਾਇਆ। ਜਿਵੇਂ ਹੀ ਜਲ ਉਸ ਬੱਚੇ ਦੇ ਅੰਦਰ ਗਿਆ ਉਸਦੇ ਸੁਆਸ ਚੱਲਣ ਲੱਗੇ ਅਤੇ ਥੋੜ੍ਹੀ ਦੇਰ ਬਾਅਦ ਹੀ ਉਸ ਬੱਚੇ ਨੇ ਅੱਖਾਂ ਖੋਲ੍ਹ ਲਈਆਂ। ਸੇਠਾਣੀ ਖੁਸ਼ੀ ਅਤੇ ਪ੍ਰੇਮ ਨਾਲ ਭਰਪੂਰ ਹੋ ਗਈ ਅਤੇ ਬੱਚੇ ਨੂੰ ਲੈ ਕੇ ਆਪਣੇ ਘਰ ਵਾਪਿਸ ਆ ਗਈ। ਬੱਚਾ ਉਸ ਦਿਨ ਤੋਂ ਹੌਲੀ-ਹੌਲੀ ਠੀਕ ਹੋਣ ਲੱਗ ਪਿਆ ਤੇ ਜਲਦੀ ਹੀ ਬਿਲਕੁਲ ਤੰਦਰੁਸਤ ਹੋ ਗਿਆ। ਸੇਠਾਣੀ ਗੁਰੂ ਜੀ ਦੀ ਪਰਮ ਭਗਤ ਬਣ ਗਈ। ਉਸਨੇ ਬਹੁਤ ਸਾਰਾ ਧਨ ਸ੍ਰੀ ਗੁਰੂ ਰਵਿਦਾਸ ਜੀ ਨੂੰ ਭੇਂਟ ਕਰਨਾ ਚਾਹਿਆ, ਪਰ ਸ੍ਰੀ ਗੁਰੂ ਰਵਿਦਾਸ ਜੀ ਨੇ ਇਹ ਧਨ ਸਵੀਕਾਰ ਨਾ ਕੀਤਾ। ਗੁਰੂ ਜੀ ਨੇ ਉਹ ਧਨ ਸੇਠਾਣੀ ਨੂੰ ਦੀਨ-ਦੁਖੀਆਂ ਦੀ ਸੇਵਾ ਲਈ ਖ਼ਰਚ ਕਰਨ ਦਾ ਆਦੇਸ਼ ਦਿੱਤਾ। ਉਸ ਤੋਂ ਬਾਅਦ ਸੇਠਾਣੀ ਨੇ ਗੁਰੂ ਜੀ ਅੱਗੇ ਬੇਨਤੀ ਕਰਕੇ ਗੁਰੂ ਜੀ ਦੇ ਸਤਿਸੰਗ ਭਵਨ ਵਿਚ ਇਕ ਲੰਗਰ ਹਾਲ ਬਣਵਾਇਆ, ਜਿਥੇ ਸਾਧੂ-ਸੰਤਾਂ ਅਤੇ ਸੰਗਤ ਲਈ ਲੰਗਰ ਦਾ ਪ੍ਰਬੰਧ ਕੀਤਾ ਗਿਆ।

## ਸਤਿਗੁਰੂ ਰਵਿਦਾਸ ਜੀ ਦੁਆਰਾ ਕੁੰਭ ਦੇ ਸ਼ੁਭ ਅਵਸਰ ਉਤੇ ਭੇਂਟ ਭੇਜਣਾ

**ਦੋਹਰਾ**

**ਅਵੁਰ ਕਹੋ ਇਤਿਹਾਸ ਕੋ, ਭਗਵਾਨ ਜਸ ਸੁਖੁ ਦਾਨਿ॥**
**ਹਰਿਦੁਆਰ ਯਾਤਰੀ ਮਿਲ ਆਏ,**
**ਤਿਨ ਦਰਸ਼ਨ ਜਨ ਕੇਰੇ ਪਾਏ।**
**ਤਿਨ ਕੋ ਪੂਛਾ ਲਖਿ ਰਵਿਦਾਸਾ,**
**ਜਾਹੁ ਕਹਾਂ ਤੁਮਹੀਂ ਸੁਖ ਰਾਸਾ।**
**ਬ੍ਰਹਮਕੁੰਡ ਗੰਗਾ ਇਸਨਾਨਾ।**
**ਨਹਾਵਨ ਚਲ ਤਹਾਂ ਹਮ ਜਾਨਾ।**
**ਤਬ ਰਵਿਦਾਸ ਬਚਨ ਅਸ ਭਾਖੈ।**
**ਕੀਜੈ ਕਾਜ ਹਠੀ ਮਨ ਰਾਖੈ।**
**ਏਕ ਛਿਕਸ਼ਾਮੁ ਹਮਾਰਾ ਲੀਜੈ। ਭੇਟਾ ਗੰਗਾ ਕੀ ਵਹੁ ਦੀਜੈ।**

**ਹਮਰੇ ਨਾਮੁ ਨ ਲੇਹਿ ਪਸਾਰੀ।**
**ਨਾਹਿ ਦੀਜੈ ਤੁਮ ਐਸੇ ਡਾਰੀ।**

ਸ਼੍ਰੀ ਗੁਰੂ ਰਵਿਦਾਸ ਜੀ ਦਾ ਨਾਮ ਬਨਾਰਸ ਸ਼ਹਿਰ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਬਹੁਤ ਪ੍ਰਸਿੱਧ ਹੋ ਚੁੱਕਾ ਸੀ। ਇਕ ਵਾਰ ਕੁਝ ਯਾਤਰੀ ਪੰਡਿਤ ਗੰਗਾ ਰਾਮ ਜੀ ਨਾਲ ਹਰਿਦੁਆਰ ਕੁੰਭ ਦੇ ਮੌਕੇ ਉੱਤੇ ਬ੍ਰਹਮਕੁੰਭ ਵਿਚ ਇਸ਼ਨਾਨ ਕਰਨ ਜਾ ਰਹੇ ਸਨ। ਜਦੋਂ ਉਹ ਬਨਾਰਸ ਪਹੁੰਚੇ ਤਾਂ ਉਹਨਾਂ ਦੇ ਦਿਲ ਵਿਚ ਸ਼੍ਰੀ ਗੁਰੂ ਰਵਿਦਾਸ ਜੀ ਪ੍ਰਤੀ ਪ੍ਰੇਮ ਉਤਪੰਨ ਹੋਇਆ। ਉਹਨਾਂ ਨੇ ਨਿਰਣਾ ਕੀਤਾ ਕਿ ਉਹ ਸ਼੍ਰੀ ਗੁਰੂ ਰਵਿਦਾਸ ਜੀ ਨਾਲ ਭੇਂਟ ਕਰਕੇ ਹੀ ਅੱਗੇ ਜਾਣਗੇ। ਸ਼੍ਰੀ ਗੁਰੂ ਰਵਿਦਾਸ ਜੀ ਦੇ ਨਿਵਾਸ ਸਥਾਨ ਬਾਰੇ ਪੁੱਛ ਕੇ ਉਹ ਸੀਰ ਗੋਵਰਧਨਪੁਰ ਪਹੁੰਚ ਗਏ। ਸਾਹਮਣੇ ਹੀ ਸ੍ਰੀ ਗੁਰੂ ਰਵਿਦਾਸ ਜੀ ਬੈਠੇ ਹੋਏ ਸਨ। ਸਾਰੇ ਯਾਤਰੀ ਗੁਰੂ ਜੀ ਦੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਏ। ਜਦੋਂ ਸ੍ਰੀ ਗੁਰੂ ਰਵਿਦਾਸ ਜੀ ਨੇ ਪੁੱਛਿਆ ਕਿ ਪੰਡਿਤ ਜੀ ਤੁਸੀਂ ਕਿੱਥੇ ਜਾ ਰਹੇ ਹੋ? ਤਾਂ ਪੰਡਿਤ ਗੰਗਾ ਰਾਮ ਨੇ ਦੱਸਿਆ ਕਿ ਉਹ ਸਾਰੇ ਹਰਿਦੁਆਰ ਕੁੰਭ ਇਸ਼ਨਾਨ ਕਰਨ ਲਈ ਜਾ ਰਹੇ ਹਨ।

ਸ਼੍ਰੀ ਗੁਰੂ ਰਵਿਦਾਸ ਜੀ ਨੇ ਪੰਡਿਤ ਗੰਗਾ ਰਾਮ ਨੂੰ ਇਕ ਕਸੀਰਾ ਗੰਗਾ ਜੀ ਲਈ ਭੇਂਟ ਵਜੋਂ ਦਿੱਤਾ। ਗੁਰੂ ਜੀ ਨੇ ਗੰਗਾ ਰਾਮ ਨੂੰ ਕਿਹਾ ਕਿ ਇਹ ਭੇਂਟ ਤੁਸੀਂ ਉਦੋਂ ਗੰਗਾ ਜੀ ਨੂੰ ਦੇਣੀ ਹੈ ਜਦੋਂ ਉਹ ਖੁਦ ਆਪਣਾ ਹੱਥ ਕੱਢ ਕੇ ਸਵੀਕਾਰ ਕਰਨਗੇ। ਗੁਰੂ ਜੀ ਪਾਸੋਂ ਉਹ ਭੇਂਟ ਲੈ ਕੇ ਹਰਿਦੁਆਰ ਨੂੰ ਚਲੇ ਗਏ।

ਕੁਝ ਦਿਨਾਂ ਬਾਅਦ ਯਾਤਰੀ ਹਰਿਦੁਆਰ ਪਹੁੰਚ ਗਏ। ਹਰਿਦੁਆਰ ਪਹੁੰਚ ਕੇ ਉਹ ਦੇਖਦੇ ਹਨ ਕਿ ਗੰਗਾ ਜੀ ਦੇ ਕਿਨਾਰੇ ਤੇ ਯਾਤਰੀਆਂ ਦੀ ਬਹੁਤ ਭਾਰੀ ਭੀੜ ਲੱਗੀ ਹੋਈ ਹੈ। ਉਹ ਯਾਤਰੀ ਵੀ ਗੰਗਾ ਜੀ ਦੇ ਕਿਨਾਰੇ ਤੇ ਜਾ ਕੇ ਇਸ਼ਨਾਨ ਕਰਨ ਲੱਗੇ। ਇਸ਼ਨਾਨ ਕਰਨ ਤੋਂ ਬਾਅਦ ਪੰਡਿਤ ਗੰਗਾ ਰਾਮ ਜੀ ਨੇ ਗੰਗਾ ਮਾਤਾ ਅੱਗੇ ਬੇਨਤੀ ਕੀਤੀ ਕਿ ਹੇ ਮਾਤਾ ਗੰਗਾ ਜੀ! ਤੁਹਾਡੇ ਲਈ ਸ਼੍ਰੀ ਗੁਰੂ ਰਵਿਦਾਸ ਜੀ ਨੇ ਇਕ ਕਸੀਰਾ ਪ੍ਰੇਮ ਭੇਂਟ ਭੇਜੀ ਹੈ। ਹੇ ਗੰਗਾ ਮਾਤਾ ਜੀ! ਆਪਣਾ ਹੱਥ ਬਾਹਰ ਕੱਢੋ ਤੇ ਇਸ ਪ੍ਰੇਮ ਭੇਟਾ ਨੂੰ ਸਵੀਕਾਰ ਕਰੋ। ਪੰਡਤ ਗੰਗਾ ਰਾਮ ਦੇ ਮੂੰਹੋਂ ਜਿਵੇਂ ਹੀ ਇਹ ਆਵਾਜ਼ ਨਿਕਲੀ, ਗੰਗਾ ਜੀ ਨੇ ਪ੍ਰਗਟ ਹੋ ਕੇ ਦਰਸ਼ਨ ਦਿੱਤੇ। ਗੰਗਾ ਜੀ ਨੇ ਆਪਣਾ ਹੱਥ ਕੱਢਿਆ ਤੇ ਪੰਡਿਤ ਗੰਗਾ ਰਾਮ ਜੀ ਨੇ ਕਸੀਰਾ ਗੰਗਾ ਮਾਤਾ ਜੀ ਦੇ ਹੱਥ ਉੱਪਰ ਰੱਖ ਦਿੱਤਾ। ਸਾਰੇ ਲੋਕ ਇਸ ਅਦਭੁਤ ਕੌਤਕ ਨੂੰ ਦੇਖ ਕੇ ਹੈਰਾਨ ਹੋਏ ਅਤੇ ਆਪਣੇ ਆਪ ਨੂੰ ਧੰਨ ਸਮਝਣ ਲੱਗੇ ਕਿ ਉਹਨਾਂ ਨੂੰ ਗੰਗਾ ਮਾਤਾ ਜੀ ਦੇ ਦਰਸ਼ਨ ਹੋ ਗਏ। ਉਹ ਸਾਰੇ ਲੋਕ ਮਨ ਹੀ ਮਨ ਵਿਚ ਸ਼੍ਰੀ ਗੁਰੂ ਰਵਿਦਾਸ ਜੀ ਦੀ ਜੈ-ਜੈ ਕਾਰ ਕਰਨ ਲੱਗੇ, ਕਿ ਉਹਨਾਂ ਦੀ ਕਿਰਪਾ ਨਾਲ ਹੀ ਸਾਰਿਆਂ ਨੂੰ ਗੰਗਾ ਜੀ ਦੇ ਦਰਸ਼ਨ ਹੋਏ ਹਨ।



ਮਾਤਾ ਗੰਗਾ ਜੀ ਨੇ ਆਪਣੇ ਹੱਥ ਦਾ ਇਕ ਕੰਗਣ ਜੋ ਹੀਰਿਆਂ ਨਾਲ ਜੜਿਆ ਹੋਇਆ ਸੀ ਸ੍ਰੀ ਗੁਰੂ ਰਵਿਦਾਸ ਜੀ ਲਈ ਭੇਟਾ ਵਜੋਂ ਦਿੱਤਾ ਅਤੇ ਪੰਡਿਤ ਗੰਗਾ ਰਾਮ ਨੂੰ ਕਿਹਾ ਕਿ ਮੇਰੀ ਭੇਟਾ ਸ਼੍ਰੀ ਗੁਰੂ ਰਵਿਦਾਸ ਜੀ ਤੱਕ ਪਹੁੰਚਾ ਦੇਣਾ। ਗੰਗਾ ਜੀ ਨੇ ਭੇਂਟ ਭੇਜਣ ਲਈ ਧੰਨਵਾਦ ਕਿਹਾ ਅਤੇ ਗੰਗਾ ਰਾਮ ਨੂੰ ਕਿਹਾ ਕਿ ਗੁਰੂ ਜੀ ਨੂੰ ਕਹਿਣਾ ਕਿ ਮੈਂ ਧੰਨ ਹੋ ਗਈ ਹਾਂ ਜੋ ਤੁਸੀਂ ਮੈਨੂੰ ਯਾਦ ਕੀਤਾ ਹੈ।

### ਦੋਹਰਾ

**ਲੇ ਕੰਗਨ ਅਤਿ ਹੁਸ ਯੁਤ ਦੇਖਤੁ ਸਭ ਵਿਸਮਾਦਿ॥**
**ਐਸੇ ਨ ਕਬਹੁ ਭਯੋ, ਗੰਗਾ ਕੋ ਪ੍ਰਸਾਦਿ॥**

ਪੰਡਿਤ ਗੰਗਾ ਰਾਮ ਬਹੁਤ ਹੈਰਾਨ ਹੋਇਆ ਕਿ ਇਸ ਤਰ੍ਹਾਂ ਅੱਜ ਤੱਕ ਕਿਸੇ ਨੂੰ ਗੰਗਾ ਜੀ ਦਾ ਪ੍ਰਸਾਦ ਪ੍ਰਾਪਤ ਨਹੀਂ ਹੋਇਆ। ਗੰਗਾ ਜੀ ਦੇ ਦਰਸ਼ਨ ਕਰਕੇ ਅਤੇ ਇਸ਼ਨਾਨ ਕਰਕੇ ਪੰਡਿਤ ਗੰਗਾ ਰਾਮ ਖੁਸ਼ੀ-ਖੁਸ਼ੀ ਕੁਝ ਦਿਨਾਂ ਵਿਚ ਹੀ ਆਪਣੇ ਘਰ ਪਹੁੰਚ ਗਿਆ। ਪੰਡਿਤ ਗੰਗਾ ਰਾਮ ਨੇ ਘਰ ਜਾ ਕੇ ਆਪਣੀ ਪਤਨੀ ਨੂੰ ਗੰਗਾ ਜੀ ਦੇ ਪ੍ਰਤੱਖ ਦਰਸ਼ਨ ਦੀ ਕਥਾ ਸੁਣਾਈ ਅਤੇ ਜਿਹੜਾ ਕੰਗਣ ਗੰਗਾ ਜੀ ਨੇ ਸ਼੍ਰੀ ਗੁਰੂ ਰਵਿਦਾਸ ਜੀ ਲਈ ਭੇਟਾ ਵਜੋਂ ਭੇਜਿਆ ਸੀ, ਉਹ ਕੰਗਣ ਪੰਡਿਤ ਗੰਗਾ ਰਾਮ ਨੇ ਆਪਣੀ ਪਤਨੀ ਦੇ ਹੱਥ ਵਿਚ ਦੇ ਦਿੱਤਾ। ਕੰਗਣ ਘਰ ਵਿਚ ਛੁਪਾ ਕੇ ਰੱਖ ਲਿਆ ਗਿਆ।

ਕੁਝ ਦਿਨਾਂ ਬਾਅਦ ਪੰਡਤ ਗੰਗਾ ਰਾਮ ਦੀ ਪਤਨੀ ਨੇ ਆਪਣੇ ਪਤੀ ਨੂੰ ਕਿਹਾ ਕਿ ਇਸ ਕੰਗਣ ਨੂੰ ਤੁਸੀਂ ਬਾਜ਼ਾਰ ਵਿਚ ਵੇਚ ਦਿਉ। ਇਹ ਮਹਿੰਗੀ ਕੀਮਤ ਤੇ ਵਿਕ ਜਾਵੇਗਾ। ਪੈਸੇ ਲੈ ਕੇ ਆਪਣਾ ਜੀਵਨ ਮੌਜ ਨਾਲ ਬਤੀਤ ਕਰਾਂਗੇ। ਸਾਨੂੰ ਕਿਸੇ ਪ੍ਰਕਾਰ ਦੀ ਕੋਈ ਕਮੀ ਨਹੀਂ ਰਹੇਗੀ। ਜਦੋਂ ਪੰਡਿਤ ਗੰਗਾ ਰਾਮ ਉਸ ਕੰਗਣ ਨੂੰ ਬਾਜ਼ਾਰ ਵਿਚ ਵੇਚਣ ਲਈ ਗਿਆ ਤਾਂ ਜਿੰਨੀ ਉਸ ਕੰਗਣ ਦੀ ਕੀਮਤ ਸੀ, ਉਸ ਕੀਮਤ ਦੇ ਬਰਾਬਰ ਕਿਸੇ ਕੋਲ ਵੀ ਪੈਸੇ ਨਹੀਂ ਸਨ। ਜਿਹੜਾ ਵੀ ਸੁਨਿਆਰਾ ਉਸ ਕੰਗਣ ਨੂੰ ਦੇਖਦਾ ਸੀ ਉਹ ਹੈਰਾਨ ਰਹਿ ਜਾਂਦਾ ਸੀ ਅਤੇ ਕਹਿੰਦਾ ਸੀ ਕਿ ਅਜਿਹਾ ਕੰਗਣ ਉਸਨੇ ਪਹਿਲਾਂ ਕਦੇ ਨਹੀਂ ਦੇਖਿਆ। ਇਸ ਕੰਗਣ ਵਿਚ ਅਨੋਖੇ ਹੀਰੇ ਜਵਾਹਰਾਤ ਜੜੇ ਹੋਏ ਹਨ।

### ਦੋਹਰਾ

**ਤਬ ਕੁਟਵਾਰੈ ਸੁਧ ਦਈ ਵਾਕੈ ਹਾਟ ਵਿਕਾਇ॥**
**ਭੂਖਨ ਕੰਗਣ ਹਾਥ ਕੋ ਬੇਚਤ ਜਨ ਇਕ ਆਇ॥**

ਇਸ ਗੱਲ ਦੀ ਖ਼ਬਰ ਪੁਲਿਸ ਤੱਕ ਪਹੁੰਚ ਗਈ ਕਿ ਇਕ ਆਦਮੀ ਅਜਿਹਾ ਕੰਗਣ ਵੇਚ ਰਿਹਾ ਹੈ ਜਿਸ ਵਿਚ ਬਹੁਤ ਕੀਮਤੀ ਹੀਰੇ ਜਵਾਹਰਾਤ ਜੜੇ ਹੋਏ ਹਨ। ਪੁਲਿਸ ਤੇ ਸਿਪਾਹੀ ਪੰਡਿਤ ਨੂੰ ਫੜ ਕੇ ਰਾਜੇ ਕੋਲ ਲੈ ਗਏ। ਬਾਦਸ਼ਾਹ ਦੇ ਪੁੱਛਣ ਤੇ ਪੰਡਿਤ ਨੇ ਸਾਰੀ ਕਹਾਣੀ ਸੁਣਾ ਦਿੱਤੀ ਕਿ ਇਹ

ਕੰਗਣ ਗੰਗਾ ਮਾਤਾ ਜੀ ਦੇ ਹੱਥ ਦਾ ਹੈ ਅਤੇ ਗੰਗਾ ਜੀ ਨੇ ਇਹ ਪ੍ਰੇਮ ਭੇਂਟਾ ਸ਼੍ਰੀ ਗੁਰੂ ਰਵਿਦਾਸ ਜੀ ਲਈ ਭੇਜੀ ਸੀ। ਸਾਰੀ ਕਹਾਣੀ ਸੁਣ ਕੇ ਰਾਜਾ ਬਹੁਤ ਹੈਰਾਨ ਹੋਇਆ। ਬਾਦਸ਼ਾਹ ਨੇ ਕਿਹਾ ਕਿ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਮਹਿਲ ਵਿਚ ਬੁਲਾਇਆ ਜਾਵੇ ਅਤੇ ਉਹਨਾਂ ਤੋਂ ਇਸ ਗੱਲ ਬਾਰੇ ਪੂਰਨ ਨਿਰਣਾ ਲਿਆ ਜਾਵੇ। ਤਦ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਸਭਾ ਵਿਚ ਬੁਲਾਇਆ ਗਿਆ ਤੇ ਇਸ ਕੰਗਣ ਬਾਰੇ ਪੁੱਛਿਆ ਗਿਆ।

ਸ਼੍ਰੀ ਗੁਰੂ ਰਵਿਦਾਸ ਜੀ ਨੇ ਕਿਹਾ ਕਿ ਇਹ ਗੱਲ ਕੋਈ ਬਹੁਤ ਵੱਡੀ ਗੱਲ ਨਹੀਂ ਹੈ। ਹੁਣੇ ਹੀ ਇਕ ਬਰਤਨ ਵਿਚ ਗੰਗਾ ਜਲ ਪਾ ਦਿਉ ਅਤੇ ਇਹ ਕੰਗਣ ਵੀ ਉਸ ਬਰਤਨ ਵਿਚ ਪਾ ਦਿੱਤਾ ਜਾਵੇ ਅਤੇ ਬਰਤਨ ਨੂੰ ਕੱਪੜੇ ਨਾਲ ਢੱਕ ਦਿੱਤਾ ਜਾਵੇ। 'ਮਨ ਚੰਗਾ ਤਾਂ ਕਠੌਤੀ ਵਿਚ ਗੰਗਾ' ਗੰਗਾ ਜੀ ਇਸ ਸਾਰੀ ਗੱਲ ਦਾ ਫੈਸਲਾ ਕਰ ਦੇਣਗੇ। ਜਿਸ ਤਰ੍ਹਾਂ ਸ਼੍ਰੀ ਗੁਰੂ ਰਵਿਦਾਸ ਜੀ ਨੇ ਕਿਹਾ ਸਾਰਾ ਸਮਾਨ ਉਸੇ ਤਰ੍ਹਾਂ ਤਿਆਰ ਕਰ ਦਿੱਤਾ ਗਿਆ। ਤਦ ਸ਼੍ਰੀ ਗੁਰੂ ਰਵਿਦਾਸ ਜੀ ਨੇ ਗੰਗਾ ਜੀ ਨੂੰ ਨਿਰਣਾ ਕਰਨ ਲਈ ਬੇਨਤੀ ਕੀਤੀ। ਜਦੋਂ ਪਰਦਾ ਬਰਤਨ ਉਤੋਂ ਉਠਾਇਆ ਗਿਆ ਤਾਂ ਕੰਗਣ ਦੋ ਹੋ ਗਏ। ਰਾਜਾ ਅਤੇ ਬਾਕੀ ਸਾਰੇ ਲੋਕ ਇਹ ਸਭ ਕੁਝ ਦੇਖ ਕੇ ਬਹੁਤ ਪ੍ਰਸੰਨ ਹੋਏ। ਸ਼੍ਰੀ ਗੁਰੂ ਰਵਿਦਾਸ ਜੀ ਨੇ ਇਹ ਦੋਵੇਂ ਕੰਗਣ ਪੰਡਿਤ ਗੰਗਾ ਰਾਮ ਨੂੰ ਦੇ ਦਿੱਤੇ। ਜਿੰਨੇ ਵੀ ਲੋਕ ਸ਼੍ਰੀ ਗੁਰੂ ਰਵਿਦਾਸ ਜੀ ਦਾ ਵਿਰੋਧ ਕਰਦੇ ਸਨ ਇਸ ਸਮੇਂ ਸਾਰੇ ਉਹਨਾਂ ਦੇ ਭਗਤ ਬਣ ਗਏ। ਇਸ ਘਟਨਾ ਨਾਲ ਸ਼੍ਰੀ ਗੁਰੂ ਰਵਿਦਾਸ ਜੀ ਦਾ ਜਸ ਸਾਰੀ ਲੋਕਾਈ ਵਿਚ ਫੈਲ ਗਿਆ। ਸਾਰੇ ਲੋਕ ਸ਼੍ਰੀ ਗੁਰੂ ਰਵਿਦਾਸ ਜੀ ਦੀ ਜੈ-ਜੈ ਕਾਰ ਕਰਨ ਲੱਗੇ।

ਕਈ ਜਗ੍ਹਾ ਇਸ ਕਥਾ ਦਾ ਵਰਨਣ ਇਸ ਤਰ੍ਹਾਂ ਹੈ ਕਿ ਇਕ ਵਾਰ ਰਾਜਾ ਆਪਣੀ ਰਾਣੀ ਅਤੇ ਵਜੀਰਾਂ ਸਮੇਤ ਸ਼੍ਰੀ ਗੁਰੂ ਰਵਿਦਾਸ ਜੀ ਦੇ ਦਰਸ਼ਨ ਕਰਨ ਲਈ ਗੁਰੂ ਜੀ ਪਾਸ ਗਏ। ਰਾਣੀ ਕੋਲ ਉਹ ਕੰਗਣ ਸੀ ਜਿਹੜਾ ਗੰਗਾ ਜੀ ਨੇ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਭੇਜਿਆ ਸੀ। ਰਾਣੀ ਨੇ ਸ਼੍ਰੀ ਗੁਰੂ ਰਵਿਦਾਸ ਜੀ ਪਾਸੋਂ ਉਸ ਕੰਗਣ ਦੇ ਨਾਲ ਦੇ ਦੂਜੇ ਕੰਗਣ ਦੀ ਮੰਗ ਕੀਤੀ। ਸ਼੍ਰੀ ਗੁਰੂ ਰਵਿਦਾਸ ਜੀ ਨੇ ਉਹ ਪੱਥਰ ਜਿਸ ਉੱਪਰ ਉਹ ਜੋੜੇ ਬਣਾਉਣ ਦਾ ਕੰਮ ਕਰਦੇ ਸਨ ਉਸਨੂੰ ਪਿੱਛੇ ਹਟਾ ਕੇ ਕਿਹਾ 'ਮਨ ਚੰਗਾ ਤੋ ਕਠੋਤੀ ਮੇਂ ਗੰਗਾ।' ਉਸ ਸਿਲਾ ਦੇ ਥੱਲੇ ਗੰਗਾ ਜੀ ਦਾ ਪ੍ਰਵਾਹ ਵਹਿ ਰਿਹਾ ਸੀ। ਉਸ ਕੰਗਣ ਨਾਲ ਦੇ ਅਨੇਕਾਂ ਕੰਗਣ ਗੰਗਾ ਜੀ ਦੀ ਧਾਰਾ ਨਾਲ ਵਹਿ ਰਹੇ ਸਨ। ਇਹ ਦੇਖ ਕੇ ਰਾਜਾ ਬਹੁਤ ਹੈਰਾਨ ਹੋਇਆ। ਉਸ ਤੋਂ ਬਾਅਦ ਰਾਜਾ ਤੇ ਰਾਣੀ ਸ਼੍ਰੀ ਗੁਰੂ ਰਵਿਦਾਸ ਜੀ ਦੇ ਸ਼ਰਧਾਲੂ ਸ਼ਿਸ ਬਣ ਗਏ।

ਪਿਛਲੇ ਪ੍ਰਸੰਗ ਦੀ ਕਥਾ ਕੁਝ ਅੰਤਰ ਨਾਲ ਇਸ ਤਰ੍ਹਾਂ ਲਿਖੀ ਵੀ ਮਿਲਦੀ ਹੈ ਕਿ ਜਦੋਂ ਰਾਣੀ ਨੇ ਕਿਹਾ ਕਿ ਮੈਨੂੰ ਇਸ ਕੰਗਣ ਦੇ ਨਾਲ ਦਾ ਦੂਜਾ ਕੰਗਣ ਮੰਗਵਾ ਕੇ ਦਿਉ ਤਾਂ ਰਾਜਾ ਉਸ ਕੰਗਣ ਦੀ ਪ੍ਰਾਪਤੀ ਲਈ



ਗੰਗਾ ਦੇ ਕਿਨਾਰੇ ਤੇ ਗਿਆ। ਉਸਨੇ ਅਨੇਕਾਂ ਤਰੀਕਿਆਂ ਨਾਲ ਪੂਜਾ ਕਰਕੇ ਗੰਗਾ ਜੀ ਪਾਸੋਂ ਉਸ ਕੰਗਣ ਦੇ ਨਾਲ ਦੇ ਕੰਗਣ ਦੀ ਮੰਗ ਕੀਤੀ, ਪਰ ਗੰਗਾ ਜੀ ਪਾਸੋਂ ਉਸਨੂੰ ਕੋਈ ਉੱਤਰ ਨਾ ਮਿਲਿਆ। ਫਿਰ ਰਾਜਾ ਪੰਡਿਤ ਨੂੰ ਨਾਲ ਲੈ ਕੇ ਸ਼੍ਰੀ ਗੁਰੂ ਰਵਿਦਾਸ ਜੀ ਦੀ ਕੁਟੀਆ ਵਿਚ ਗਿਆ। ਉਸਨੇ ਸ਼੍ਰੀ ਗੁਰੂ ਰਵਿਦਾਸ ਜੀ ਅੱਗੇ ਨਿਮਰਤਾ ਸਹਿਤ ਬੇਨਤੀ ਕਰਦੇ ਹੋਏ ਕਿਹਾ ਕਿ ਉਸਨੂੰ ਇਸ ਕੰਗਣ ਦੇ ਨਾਲ ਦਾ ਦੂਜਾ ਕੰਗਣ ਚਾਹੀਦਾ ਹੈ। ਸ਼੍ਰੀ ਗੁਰੂ ਰਵਿਦਾਸ ਜੀ ਨੇ ਕਿਹਾ ਹੇ ਰਾਜਨ! ਜਿੰਨੇ ਚਾਹੋ ਕੰਗਣ ਲੈ ਲਉ। ਗੁਰੂ ਜੀ ਜਿਸ ਸਿਲਾ ਉੱਪਰ ਜੋੜੇ ਬਣਾਉਣ ਦਾ ਕੰਮ ਕਰਦੇ ਸਨ ਉਸਨੂੰ ਹਟਾਇਆ ਅਤੇ ਕਿਹਾ ਗੰਗਾ ਜੀ ਰਾਜੇ ਨੂੰ ਕੰਗਣ ਦੇ ਦਿਉ।

ਸਿਲਾ (ਪੱਥਰ) ਦੇ ਥੱਲੇ ਗੰਗਾ ਜੀ ਦਾ ਵਹਾਉ ਦੇਖ ਕੇ ਸਾਰੇ ਬਹੁਤ ਹੈਰਾਨ ਹੋਏ। ਗੰਗਾ ਜੀ ਇਕ ਇਕ ਉਛਾਲ ਨਾਲ ਉਸ ਕੰਗਣ ਦੇ ਸਮਾਨ ਕਈ ਕੰਗਣ ਬਾਹਰ ਸੁੱਟ ਰਹੀ ਸੀ। ਇਹ ਸਾਰਾ ਕੌਤਕ ਦੇਖ ਕੇ ਰਾਜਾ ਬਹੁਤ ਹੈਰਾਨ ਹੋਇਆ ਅਤੇ ਸ਼੍ਰੀ ਗੁਰੂ ਰਵਿਦਾਸ ਜੀ ਦੇ ਚਰਨਾਂ ਵਿਚ ਡਿੱਗ ਕੇ ਨਮਸਕਾਰ ਕਰਨ ਲੱਗਾ। ਉਹ ਸ਼੍ਰੀ ਗੁਰੂ ਰਵਿਦਾਸ ਜੀ ਦਾ ਭਗਤ ਬਣ ਗਿਆ। ਰਾਜੇ ਨੇ ਗੁਰੂ ਜੀ ਦੀ ਅਜਿਹੀ ਮਹਿਮਾ ਦੇਖ ਕੇ ਕਿਹਾ ਕਿ ਭਗਤ ਅਤੇ ਸੰਤ ਤਾਂ ਰਾਜਿਆਂ ਦੇ ਵੀ ਰਾਜੇ ਹਨ।

## ਰਾਣੀ ਝਾਲੀ ਦੀ ਕਥਾ

ਸ਼੍ਰੀ ਗੁਰੂ ਰਵਿਦਾਸ ਜੀ ਦੀ ਮਹਿਮਾ ਸੁਣ ਕੇ ਅਤੇ ਆਪ ਜੀ ਦੇ ਪਵਿੱਤਰ ਜੀਵਨ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਰਾਜੇ ਅਤੇ ਰਾਣੀਆਂ ਆਪ ਜੀ ਦੇ ਸ਼ਰਧਾਲੂ ਸ਼ਿਸ ਬਣ ਗਏ। ਇਕ ਵਾਰ ਝਾਲੀ ਨਾਮਕ ਰਾਣੀ ਚਿਤੌੜ ਤੋਂ ਕਾਂਸ਼ੀ ਗੰਗਾ ਇਸ਼ਨਾਨ ਕਰਨ ਲਈ ਆਈ। ਉਸਨੇ ਜਦੋਂ ਸ਼੍ਰੀ ਗੁਰੂ ਰਵਿਦਾਸ ਜੀ ਦੇ ਨਾਮ ਦੀ ਮਹਿਮਾ ਸੁਣੀ ਤਾਂ ਉਹ ਗੁਰੂ ਜੀ ਦੇ ਦਰਸ਼ਨ ਕਰਨ ਲਈ ਗੁਰੂ ਜੀ ਦੇ ਨਿਵਾਸ ਸਥਾਨ ਵਿਖੇ ਗਈ। ਸ਼੍ਰੀ ਗੁਰੂ ਰਵਿਦਾਸ ਜੀ ਦੇ ਮੁਖਾਰਬਿੰਦ ਤੋਂ ਪਵਿੱਤਰ ਸਤਿਸੰਗ ਸੁਣਕੇ ਉਸਦਾ ਮਨ ਬੜਾ ਖੁਸ਼ ਹੋਇਆ। ਉਸਦੇ ਮਨ ਵਿਚ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਆਪਣਾ ਗੁਰੂ ਬਣਾਉਣ ਦੀ ਅਪਾਰ ਸ਼ਰਧਾ ਉਤਪੰਨ ਹੋਈ।

ਰਾਣੀ ਝਾਲੀ ਨੇ ਸ਼੍ਰੀ ਗੁਰੂ ਰਵਿਦਾਸ ਜੀ ਅੱਗੇ ਪ੍ਰਾਰਥਨਾ ਕੀਤੀ ਕਿ ਮੈਨੂੰ ਆਪਣੀ ਸ਼ਿਸ ਬਣਾ ਲਉ। ਸ਼੍ਰੀ ਗੁਰੂ ਰਵਿਦਾਸ ਜੀ ਨੇ ਰਾਣੀ ਨੂੰ ਸਮਝਾਇਆ ਕਿ ਮੈਂ ਚਮਾਰ ਹਾਂ ਤੇ ਤੁਸੀਂ ਖੱਤਰੀ ਵੰਸ਼ੀ ਹੋ। ਇਸ ਲਈ ਤੁਸੀਂ ਕਿਸੇ ਬ੍ਰਾਹਮਣ ਨੂੰ ਆਪਣਾ ਗੁਰੂ ਬਣਾ ਲਉ। ਰਾਣੀ ਝਾਲੀ ਨੇ ਬਹੁਤ ਹਠ ਕੀਤਾ ਅਤੇ ਪ੍ਰਤਿਗਿਆ ਕੀਤੀ ਕਿ ਜਿੰਨਾ ਚਿਰ ਉਹ ਗੁਰੂ ਰਵਿਦਾਸ ਜੀ ਨੂੰ ਆਪਣਾ ਗੁਰੂ ਨਹੀਂ ਬਣਾ ਲੈਂਦੀ ਉਹ ਅੰਨ ਜਲ ਗ੍ਰਹਿਣ ਨਹੀਂ ਕਰੇਗੀ। ਗੁਰੂ ਜੀ ਨੇ ਉਸਨੂੰ ਕਿਹਾ ਕਿ ਆਪਣੇ ਤੋਂ ਉੱਚੀ ਜਾਤ ਵਾਲੇ ਨੂੰ ਗੁਰੂ ਧਾਰਨ

ਕਰਨਾ ਚਾਹੀਦਾ ਹੈ। ਰਾਣੀ ਝਾਲੀ ਨੇ ਫਿਰ ਗੁਰੂ ਜੀ ਅੱਗੇ ਬੇਨਤੀ ਕੀਤੀ ਗੁਰੂ ਬਣਾਉਣ ਲਈ ਜਾਤੀ ਦਾ ਕੋਈ ਨਿਯਮ ਨਹੀਂ ਹੈ। ਕੇਵਲ ਬ੍ਰਹਮ ਗਿਆਨੀ ਗੁਰੂ ਦਾ ਹੋਣਾ ਹੀ ਇਕੋ ਇਕ ਨਿਯਮ ਹੈ। ਜਿਵੇਂ ਸੁਕਦੇਵ ਸੁਵਾਮੀ ਨੇ ਬ੍ਰਾਹਮਣ ਅਤੇ ਸੰਨਿਆਸੀ ਹੋਣ ਤੇ ਵੀ ਖੱਤਰੀ ਅਤੇ ਗ੍ਰਹਿਸਥੀ ਰਾਜਾ ਜਨਕ ਨੂੰ ਆਪਣਾ ਗੁਰੂ ਬਣਾਇਆ। ਸੁਕਦੇਵ ਜੀ ਨੇ ਬ੍ਰਹਮ ਗਿਆਨੀ ਜਨਕ ਜੀ ਨਾਲ ਦੋ ਵਾਰ ਘ੍ਰਿਣਾ ਕੀਤੀ, ਜਿਸ ਕਾਰਨ ਉਹ ਵੈਰਾਗ ਦੀਆਂ ਅੱਠ ਕਲਾਵਾਂ ਖੋਹ ਬੈਠੇ। ਜਦੋਂ ਵੈਰਾਗ ਦੀਆਂ ਅੱਠ ਕਲਾਵਾਂ ਸੁਕਦੇਵ ਖੋਹ ਬੈਠਾ ਤਾਂ ਉਸ ਵਿਚ ਸੁਰਤੀ ਦੀ ਕੋਈ ਚਮਕ ਨਾ ਰਹੀ। ਉਸਦੇ ਪਿਤਾ ਸ੍ਰੀ ਵਿਆਸ ਜੀ ਨੇ ਜਦੋਂ ਆਪਣੇ ਪੁੱਤਰ ਦੀ ਅਜਿਹੀ ਹਾਲਤ ਦੇਖੀ ਤਾਂ ਉਹਨਾਂ ਨੂੰ ਬਹੁਤ ਦੁੱਖ ਹੋਇਆ। ਉਹਨਾਂ ਨੇ ਆਪਣੇ ਪੁੱਤਰ ਨੂੰ ਬਹੁਤ ਸਮਝਾਇਆ ਪਰ ਸੁਕਦੇਵ ਜੀ ਨਹੀਂ ਸਮਝੇ। ਆਖਿਰ ਨਾਰਦ ਜੀ ਨੂੰ ਆਉਣਾ ਪਿਆ। ਉਹ ਸੁਆਮੀ ਸੁਕਦੇਵ ਜੀ ਦੇ ਸਾਹਮਣੇ ਨਦੀ ਵਿਚ ਰੇਤ ਪਾਉਣ ਲੱਗੇ। ਸੁਕਦੇਵ ਜੀ ਨੇ ਨਾਰਦ ਜੀ ਨੂੰ ਪਛਾਨਣ ਤੋਂ ਬਿਨਾ ਹੀ ਕਿਹਾ ਹੇ ਮੂਰਖ! ਕੀ ਕਰ ਰਿਹਾ ਹੈ? ਨਾਰਦ ਜੀ ਕਹਿਣ ਲੱਗੇ ਮੈਂ ਪੁੱਲ ਬੰਨ੍ਹ ਰਿਹਾ ਹਾਂ। ਤਦ ਸੁਕਦੇਵ ਜੀ ਨੇ ਕਿਹਾ ਕਿ ਹੇ ਮੂਰਖ! ਕੀ ਕਦੇ ਰੇਤ ਨਾਲ ਵੀ ਪੁੱਲ ਬੰਨਿਆ ਜਾ ਸਕਦਾ ਹੈ? ਨਾਰਦ ਜੀ ਨੇ ਉੱਤਰ ਦਿੰਦੇ ਹੋਏ ਕਿਹਾ ਕਿ ਹੇ ਮੂਰਖ! ਬ੍ਰਹਮ ਗਿਆਨੀ ਗੁਰੂ ਨਾਲ ਘ੍ਰਿਣਾ ਕਰਨਾ ਵਾਲੇ ਮਨੁੱਖ ਨੂੰ ਵੀ ਕਦੇ ਸ਼ਾਂਤੀ ਪ੍ਰਾਪਤ ਹੁੰਦੀ ਹੈ। ਮੇਰੀਆਂ ਤਾਂ ਕੇਵਲ ਰੇਤ ਦੀਆਂ ਟੋਕਰੀਆਂ ਹੀ ਵਿਅਰਥ ਗਈਆਂ ਹਨ ਤੇ ਨਦੀ ਦੀ ਰੇਤ ਨਾਲ ਮਿਲ ਗਈਆਂ ਹਨ ਪ੍ਰੰਤੂ ਬ੍ਰਹਮ ਗਿਆਨੀ ਰਾਜਾ ਸ੍ਰੀ ਜਨਕ ਜੀ ਨਾਲ ਘ੍ਰਿਣਾ ਕਰਕੇ ਤੁਸੀਂ ਵੈਰਾਗ ਦੀਆਂ ਅੱਠ ਕਲਾਵਾਂ ਨਸ਼ਟ ਕਰ ਚੁੱਕੇ ਹੋ, ਜਦ ਕਿ ਵੈਰਾਗ ਦੀ ਇਕ ਕਲਾ ਵੀ ਬੜੀ ਮੁਸ਼ਕਿਲ ਨਾਲ ਪ੍ਰਾਪਤ ਹੁੰਦੀ ਹੈ। ਨਾਰਦ ਜੀ ਦੇ ਬਚਨ ਸੁਣ ਕੇ ਸੁਕਦੇਵ ਜੀ ਉਹਨਾਂ ਦੇ ਚਰਨਾਂ ਵਿਚ ਡਿੱਗ ਪਏ। ਤਦ ਨਾਰਦ ਜੀ ਨੇ ਸੁਕਦੇਵ ਜੀ ਨੂੰ ਆਪਣਾ ਰੂਪ ਦਿਖਾ ਕੇ ਉਪਦੇਸ਼ ਦਿੱਤਾ ਕਿ ਬ੍ਰਹਮ ਗਿਆਨੀ ਦੀ ਜਾਤ ਭਾਵੇਂ ਆਪਣੀ ਜਾਤ ਤੋਂ ਨੀਵੀਂ ਹੋਵੇ, ਉਸ ਨਾਲ ਘ੍ਰਿਣਾ ਨਹੀਂ ਕਰਨੀ ਚਾਹੀਦੀ। ਉਹਨਾਂ ਤੋਂ ਉਪਦੇਸ਼ ਲੈ ਕੇ ਆਪਣਾ ਮੋਕਸ਼ ਰੂਪ ਕਾਰਜ ਸਿੱਧ ਕਰਨਾ ਚਾਹੀਦਾ ਹੈ।

ਸੁਕਦੇਵ ਜੀ ਅਤੇ ਰਾਜਾ ਜਨਕ ਦਾ ਉਲੇਖ ਕਰਨ ਤੋਂ ਬਾਅਦ ਬ੍ਰਹਮਾ ਅਤੇ ਵਿਆਸ ਜੀ ਦਾ ਉਲੇਖ ਵੀ ਕਰਦੇ ਹਨ। ਬ੍ਰਹਮਾ ਜੀ ਕਮਲ ਦੇ ਫੁੱਲ ਵਿਚੋਂ ਪੈਦਾ ਹੋਏ ਅਤੇ ਵਿਆਸ ਜੀ (ਮਛੇਰੇ ਮੱਛ) ਦੀ ਪੁੱਤਰੀ ਮਛੋਦਰੀ (ਸਤਵਤੀ) ਤੋਂ ਪੈਦਾ ਹੋਏ ਤਾਂ ਵੀ ਉਹ ਬ੍ਰਹਮ ਗਿਆਨੀ ਹੋਣ ਕਰਕੇ ਸਾਰਿਆਂ ਦੇ ਪੂਜਨੀਕ ਗੁਰੂ ਬਣੇ। ਜਿਸ ਤਰ੍ਹਾਂ ਚੰਦਨ ਦਾ ਦਰੱਖਤ ਛੋਟਾ ਹੋਣ ਤੇ ਵੀ ਆਪਣੀ ਸੁਗੰਧੀ ਨਾਲ ਸਾਰਿਆਂ ਨੂੰ ਚੰਦਨ ਬਣਾ ਦਿੰਦਾ ਹੈ, ਇਸ ਤਰ੍ਹਾਂ ਹੀ ਭਗਤ ਅਤੇ ਮਹਾਤਮਾ ਲੋਕ ਆਪਣੇ ਉਪਦੇਸ਼ ਦੁਆਰਾ ਸਾਰਿਆਂ ਦੀ ਮੁਕਤੀ ਕਰ ਦਿੰਦੇ ਹਨ। ਬਾਂਸ ਆਪਣੇ ਵੱਡੇ ਹੋਣ ਦੇ ਹੰਕਾਰ ਵਿਚ ਚੰਦਨ ਦੀ ਸੁਗੰਧੀ



ਤੋਂ ਵਾਂਝਾ ਰਹਿ ਜਾਂਦਾ ਹੈ ਅਤੇ ਚੰਦਨ ਨਹੀਂ ਬਣ ਪਾਉਂਦਾ, ਇਸ ਲਈ ਸਾਨੂੰ ਵੀ ਆਪਣੀ ਜਾਤੀ ਦਾ ਹੰਕਾਰ ਨਹੀਂ ਕਰਨਾ ਚਾਹੀਦਾ ਤੇ ਨਾ ਹੀ ਬ੍ਰਹਮ ਗਿਆਨੀ ਦੀ ਜਾਤੀ ਬਾਰੇ ਵਿਚਾਰ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਰਾਣੀ ਝਾਲੀ ਨੇ ਗੁਰੂ ਜੀ ਨੂੰ ਪ੍ਰੇਮ ਭਰਪੂਰ ਬਚਨ ਸੁਣਾ ਕੇ ਪ੍ਰਸੰਨ ਕੀਤਾ। ਸ਼੍ਰੀ ਗੁਰੂ ਰਵਿਦਾਸ ਜੀ ਨੇ ਝਾਲੀ ਰਾਣੀ ਨੂੰ ਯੋਗ ਅਧਿਕਾਰੀ ਸਮਝਦੇ ਹੋਏ ਆਪਣੀ ਸ਼ਿਸ ਬਣਾ ਲਿਆ।

ਕੁਝ ਦਿਨਾਂ ਬਾਅਦ ਰਾਣੀ ਝਾਲੀ ਗੁਰੂ ਜੀ ਤੋਂ ਆਗਿਆ ਲੈ ਕੇ ਵਾਪਿਸ ਚਿਤੌੜ ਚਲੀ ਗਈ। ਉਸਨੇ ਚਿਤੌੜ ਜਾ ਕੇ ਆਪਣੇ ਪਤੀ ਨੂੰ ਸਾਰਾ ਹਾਲ ਸੁਣਾਇਆ ਅਤੇ ਆਪਣੇ ਪਤੀ ਵਿਚ ਵੀ ਸ਼੍ਰੀ ਗੁਰੂ ਰਵਿਦਾਸ ਜੀ ਪ੍ਰਤੀ ਸ਼ਰਧਾ ਪੈਦਾ ਕੀਤੀ। ਰਾਣੀ ਝਾਲੀ ਨੇ ਆਪਣੇ ਪਤੀ ਅੱਗੇ ਬੇਨਤੀ ਕੀਤੀ ਕਿ ਗੁਰੂ ਜੀ ਨੂੰ ਚਿਤੌੜ ਬੁਲਾਇਆ ਜਾਵੇ ਤੇ ਉਹਨਾਂ ਦਾ ਸਤਿਸੰਗ ਕਰਵਾਇਆ ਜਾਵੇ।

ਰਾਣੀ ਦੇ ਪਤੀ ਰਾਜਾ ਰਾਣਾ ਕੁੰਭਾ ਜੀ ਨੇ ਰਾਣੀ ਦੀ ਗੱਲ ਮੰਨ ਕੇ ਆਪਣੇ ਵਜੀਰਾਂ ਨੂੰ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਬਲਾਉਣ ਲਈ ਬਨਾਰਸ ਭੇਜਿਆ। ਗੁਰੂ ਜੀ ਨੂੰ ਸਤਿਕਾਰ ਸਹਿਤ ਚਿਤੌੜ ਬੁਲਾਇਆ ਗਿਆ। ਚਿਤੌੜ ਵਿਚ ਬਹੁਤ ਉੱਚ ਕੋਟੀ ਦਾ ਸਤਿਸੰਗ ਹੋਇਆ ਤੇ ਸਾਰੇ ਲੋਕਾਂ ਨੂੰ ਗੁਰੂ ਜੀ ਦਾ ਸਤਿਸੰਗ ਸੁਣ ਕੇ ਬਹੁਤ ਪ੍ਰਸੰਨਤਾ ਹੋਈ। ਇਸ ਤੋਂ ਬਾਅਦ ਰਾਣੀ ਨੇ ਬਹੁਤ ਸਾਰਾ ਧੰਨ ਖ਼ਰਚ ਕਰਕੇ ਆਪਣੇ ਗੁਰੂ ਜੀ ਦੇ ਨਾਮ ਤੇ ਭੰਡਾਰਾ ਕਰਾਇਆ। ਦੂਰ-ਦੂਰ ਤੋਂ ਸੰਤਾਂ, ਮਹਾਤਮਾ ਅਤੇ ਬ੍ਰਾਹਮਣਾਂ ਨੂੰ ਬੁਲਾਇਆ ਗਿਆ ਅਤੇ ਸਾਰਿਆਂ ਨੂੰ ਇਕ-ਇਕ ਸੋਨੇ ਦੀ ਮੋਹਰ ਦੇਣ ਦਾ ਫੈਸਲਾ ਵੀ ਕੀਤਾ ਗਿਆ। ਅਣਗਿਣਤ ਬ੍ਰਾਹਮਣ ਭੰਡਾਰੇ ਵਿਚ ਪਹੁੰਚ ਗਏ। ਜਦੋਂ ਭੰਡਾਰਾ ਤਿਆਰ ਹੋ ਗਿਆ ਤਾਂ ਸਾਰੇ ਲੋਕ ਕਤਾਰਾਂ ਵਿਚ ਬੈਠ ਗਏ। ਇਹ ਪਤਾ ਲੱਗਣ ਤੇ ਕਿ ਰਾਜਾ ਤੇ ਰਾਣੀ ਇਕ ਚਮਾਰ ਦੇ ਸ਼ਰਧਾਲੂ ਹਨ ਤੇ ਇਹ ਭੰਡਾਰਾ ਉਹਨਾਂ ਉਸ ਦੇ ਨਾਮ ਤੇ ਕੀਤਾ ਹੈ ਤਾਂ ਕੁਝ ਜਾਤ ਦੇ ਅਭਿਮਾਨੀ ਬ੍ਰਾਹਮਣਾਂ ਨੇ ਭੰਡਾਰੇ ਵਿਚ ਭੋਜਨ ਛਕਣ ਤੋਂ ਇਨਕਾਰ ਕਰ ਦਿੱਤਾ। ਸਾਰਿਆਂ ਨੇ ਕਿਹਾ ਕਿ ਉਹ ਇਕ ਚਮਾਰ ਨਾਲ ਬੈਠ ਕੇ ਭੋਜਨ ਨਹੀਂ ਛਕਣਗੇ :

**ਰਾਣਾ ਕਹੈ ਸੁਨੋ ਰੇ ਭਾਈ, ਮੋਰੇ ਤੋ ਮਨ ਇਹੀ ਸੁਹਾਈ।**
**ਕਰਨੀ ਹੀਨ ਸੁ ਮਧਿਮ ਸੋਈ, ਕਰਨੀ ਕਰੇ ਸੋ ਉਤਮ ਹੋਇ।**
**ਉਤਮ ਮਧਿਮ ਕਰਨੀ ਮਾਹਿ, ਮਾਨਸ ਦੇਹ ਕਹੋ ਉਤਮ ਨਾਹਿ।**
**ਕਾਮ ਕਰੋਧ ਲਾਲਚ ਨਉ ਦੁਆਰਾ, ਏਠੀ ਤਨ ਮੈਂ ਸਭੈ ਚਮਾਰਾ।**
**ਉਤਮ ਵਹੀ ਜਿਨੂੰ ਜੋ ਜੀਤਾ।**
**ਬ੍ਰਾਹਮਣ ਕਿਨੈ ਬਾਲਮੀਕ ਕੀਤਾ।**
**ਜਾਤ ਪਾਤ ਕਾ ਨਹੀ ਅਧਿਕਾਰਾ।**
**ਰਾਮ ਭਜੈ ਸੋ ਉਤਰੇ ਪਾਰਾ।**

**ਨਾਹਿ ਕਛੁ ਤੁਮਹਾਰੇ ਸਾਰੇ ਉਠੀ**
**ਵਿਪਰ ਜਾਹੁ ਅਪਨੇ ਦਵਾਰੈ।**
**ਵਿਪਰ ਬਹੁਰਿ ਮਨ ਮਹ ਦੁਖ ਪਾਵੈ।**
**ਕਰੋਧ ਕਰੈ ਰਾਣੀ ਡਰ ਪਾਵੈ।**

ਤਦ ਬ੍ਰਾਹਮਣਾਂ ਨੇ ਕਿਹਾ ਕਿ ਉਹ ਪਹਿਲਾਂ ਭੋਜਨ ਕਰਨਗੇ। ਇਸ ਤੋਂ ਬਾਅਦ ਜਿਵੇਂ ਤੁਹਾਡੀ ਮਰਜ਼ੀ ਹੋਵੇਗੀ ਤੁਸੀਂ ਕਰਨਾ। ਤਦ ਰਾਣਾ ਨੇ ਕਿਹਾ ਕਿ—

**ਰਾਣੀ ਕਹੀਓ ਨਾਹਿ ਮਨ ਧੀਜੈ,**
**ਗੁਰੂ ਪਹਿਲ ਤੁਮ ਕੋ ਕਿਉਂ ਦੀਜੈ।**

ਇਸ ਪ੍ਰਕਾਰ ਬਹੁਤ ਵਾਦ-ਵਿਵਾਦ ਹੋਣ ਲੱਗਾ। ਤਦ ਸ਼੍ਰੀ ਗੁਰੂ ਰਵਿਦਾਸ ਜੀ ਨੇ ਆਪਣੇ ਸ਼ਿਸ ਨੂੰ ਭੇਜਿਆ ਅਤੇ ਕਿਹਾ—

**ਹਮਰੇ ਨਾਹਿ ਹਾਰ ਔਰ ਜੀਤਿ। ਇਨਕੀ ਤੁਮ ਰਾਖੋ ਰਸਰੀਤਿ।**

ਭਾਵ ਕਿ ਮੈਨੂੰ ਹਾਰ ਜਿੱਤ ਨਾਲ ਕੋਈ ਮਤਲਬ ਨਹੀਂ ਹੈ ਜਿਸ ਤਰ੍ਹਾਂ ਇਹਨਾਂ ਦੀ ਇੱਛਾ ਹੈ ਉਸ ਅਨੁਸਾਰ ਹੀ ਇਹਨਾਂ ਨੂੰ ਭੋਜਨ ਛਕਾਉ। ਗੁਰੂ ਜੀ ਤੋਂ ਆਗਿਆ ਲੈ ਕੇ ਪਹਿਲਾਂ ਬ੍ਰਾਹਮਣਾਂ ਨੂੰ ਭੋਜਨ ਦਿੱਤਾ ਗਿਆ। ਜਦੋਂ ਬ੍ਰਾਹਮਣ ਭੋਜਨ ਕਰਨ ਲੱਗੇ ਤਾਂ ਸ਼੍ਰੀ ਗੁਰੂ ਰਵਿਦਾਸ ਜੀ ਨੇ ਵਿਰਾਟ ਰੂਪ ਧਾਰਨ ਕਰ ਲਿਆ ਅਤੇ ਇੱਕ-ਇੱਕ ਬ੍ਰਾਹਮਣ ਦੇ ਨਾਲ ਬੈਠ ਕੇ ਭੋਜਨ ਛਕਣ ਲੱਗੇ।

**ਸਬਹੀ ਕੇ ਸੰਗ ਜੀਮਨ ਬੈਠਾ,**
**ਇਨ ਵਾਪੈ ਉਨਿ ਵਾਪੈ ਡੀਠਾ।**
**ਸਬ ਕੋ ਅਚਿਰਜ ਭਯੋ ਤਮਾਸਾ, ਜੇਤੇ ਵਿਪਰ ਤੇਤੇ ਰਵਿਦਾਸਾ।**

ਜਿੰਨੇ ਬ੍ਰਾਹਮਣ ਬੈਠੇ ਭੋਜਨ ਛਕ ਰਹੇ ਸਨ, ਗੁਰੂ ਜੀ ਨੇ ਆਪਣੇ ਓਨੇ ਹੀ ਸਰੀਰ ਧਾਰਨ ਕਰ ਲਏ। ਇਹ ਦੇਖ ਕੇ ਜਾਤ ਦਾ ਅਭਿਮਾਨ ਕਰ ਵਾਲੇ ਬ੍ਰਾਹਮਣ ਬਹੁਤ ਹੈਰਾਨ ਹੋਏ ਤੇ ਸੋਚਣ ਲੱਗੇ ਕਿ ਇਹ ਲੀਲਾ ਰਵਿਦਾਸ ਜੀ ਦੀ ਹੀ ਹੈ ਜੋ ਪਰਮਾਤਮਾ ਦਾ ਹੀ ਰੂਪ ਹਨ।

**ਸਬਹਿਨ ਕੇ ਮਨਿ ਉਪਜੀ ਲਾਜਾ,**
**ਸਾਧ ਸਤਾਇਓ ਕਿਯਾ ਅਕਾਜਾ।**
**ਜੇ ਵੋ ਕੋਧ ਕਰੈ ਹਮ ਊਪਰਿ।**
**ਤੋ ਅਬ ਹੀ ਜਾਂਹਿ ਸਕਲ ਜਰਿ ਬਰਿ।**
**ਹਮ ਅਪਰਾਧੀ ਵੋ ਜਨ ਪੂਰਾ ਉਨ ਕੇ ਸਾਹਿਬ ਰਹਿਤ ਹਜ਼ੂਰਾ।**
**ਇਹੈ ਸੰਤ ਹਮ ਐਸਾ ਪਾਪੀ। ਭਗਤਨ ਸੋ ਲਰਿ ਐਸੀ ਥਾਪੀ।**
**ਸਾਚੇ ਹਰਿ ਸਾਚੈ ਹਰਿ ਜਨਾ, ਯੌਂ ਪਛਚਾਤਾਪ ਕਿਯੋ ਬ੍ਰਾਹਮਣਾਂ।**

ਬ੍ਰਾਹਮਣਾਂ ਨੇ ਕਿਹਾ ਕਿ ਅਸੀਂ ਅਗਿਆਨਤਾ ਕਾਰਨ ਇਹ ਅਪਰਾਧ



ਕੀਤਾ ਹੈ। ਸ਼੍ਰੀ ਗੁਰੂ ਰਵਿਦਾਸ ਜੀ ਪੂਰਨ ਮਹਾਂਪੁਰਸ਼ ਹਨ ਅਤੇ ਪਰਮਾਤਮਾ ਸਦਾ ਉਹਨਾਂ ਦੇ ਨਾਲ ਰਹਿੰਦਾ ਹੈ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਗੁਰੂ ਰਵਿਦਾਸ ਜੀ ਅਤੇ ਪਰਮਾਤਮਾ ਵਿਚ ਕੋਈ ਅੰਤਰ ਨਹੀਂ ਹੈ।

ਸਾਰੇ ਬ੍ਰਾਹਮਣ ਸਰਵ-ਸਹਿਮਤੀ ਨਾਲ ਗੁਰੂ ਜੀ ਦੇ ਸ਼ਿਸ ਬਣ ਗਏ। ਉਹਨਾਂ ਨੇ ਗੁਰੂ ਜੀ ਨੂੰ ਕਿਹਾ ਕਿ ਉਹਨਾਂ ਤੋਂ ਬਹੁਤ ਵੱਡੀ ਭੁੱਲ ਹੋਈ ਹੈ। ਗੁਰੂ ਜੀ ਨੇ ਬ੍ਰਾਹਮਣਾਂ ਨੂੰ ਕਿਹਾ ਕਿ ਪਰਮਾਤਮਾ ਦੀ ਭਗਤੀ ਕਰੋ ਕਿਉਂਕਿ ਭਗਤੀ ਅਤੇ ਸਿਮਰਨ ਤੋਂ ਬਿਨਾਂ ਸਾਰਾ ਸੰਸਾਰ ਸ਼ੂਦਰ ਹੈ। ਚਾਰੇ ਵਰਣ ਭਗਤੀ ਅਤੇ ਸਿਮਰਨ ਤੋਂ ਬਿਨਾਂ ਸ਼ੂਦਰ ਹਨ। ਰਮਾਇਣ ਵਿਚ ਤੁਲਸੀ ਦਾਸ ਜੀ ਨੇ ਵੀ ਅਜਿਹਾ ਕਿਹਾ ਹੈ—

**ਦੋਹਾ—ਕਿਯੇ ਭਗਤੀ ਮੋਹੇ ਭੌਉਸੁਧਾ, ਭਗਤੀ ਬਿਨਾ ਸਭ ਹੀ ਜਗ ਸੂਦਾ। ਜਾਤਿ ਪਾਤਿ ਕਾ ਨਾਹਿ ਅਧਿਕਾਰਾ, ਭਗਤਿ ਕਿਯੇ ਸਭ ਉਤਰੇ ਭਉ ਪਾਰਾ।**

ਸ਼੍ਰੀ ਗੁਰੂ ਰਵਿਦਾਸ ਜੀ ਦੀ ਅੰਮ੍ਰਿਤ ਭਰਪੂਰ ਬਾਣੀ ਨੂੰ ਸੁਣ ਕੇ ਬ੍ਰਾਹਮਣ ਕਹਿਣ ਲੱਗੇ—

**ਵਿਪਰ ਕਹੇ ਤੂ ਗੁਰੂ ਹਮਾਰਾ, ਅਪਨੀ ਤੋਰਿ ਜਨੇਊ ਡਾਰਾ।**
**ਮਾਥੇ ਹਾਥ ਦੇਹੁ ਅਬ ਸਵਾਮੀ, ਹਮ ਸੇਵਕ ਤੁਮ ਅੰਤਰਯਾਮੀ।**

ਆਪ ਸਾਡੇ ਗੁਰੂ ਹੋ, ਸਰਵ ਵਿਆਪਕ ਹੋ, ਅੰਤਰਯਾਮੀ ਹੋ। ਤੁਸੀਂ ਸਾਡੇ ਸਿਰ ਉਪਰ ਆਪਣਾ ਹੱਥ ਰੱਖ ਦਿਉ। ਤਦ ਸ਼੍ਰੀ ਗੁਰੂ ਰਵਿਦਾਸ ਜੀ ਦੀ ਜੈ-ਜੈ ਕਾਰ ਬੁਲਾਈ ਅਤੇ ਸਾਰਿਆਂ ਨੇ ਪ੍ਰਭੂ ਭਗਤੀ ਦਾ ਮਾਰਗ ਅਪਣਾ ਲਿਆ।

**'ਜਾਤਿ ਪਾਤਿ ਪੂਛੈ ਮਤਿ ਕੋਇ,**
**ਹਰਿ ਕੋ ਭਜੈ ਸੋ ਹਰਿ ਕਾ ਹੋਇ।'**

(ਲੰਗਰ ਪ੍ਰਥਾ-ਭਾਈ ਜੋਧ ਸਿੰਘ (ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ) ਵਲੋਂ ਰਚਿਤ 'ਭਗਤ ਰਵਿਦਾਸ—ਜੀਵਨ ਤੇ ਰਚਨਾ' ਚੌਥਾ ਐਡੀਸ਼ਨ, ਸਾਲ 2000 ਦੇ ਪੰਨਾ 5 ਅਨੁਸਾਰ ਮੈਕਾਲਿਫ ਅਤੇ ਹੋਰਨਾਂ ਸਭ ਜੀਵਨਕਾਰਾਂ ਨੇ ਲਿਖਿਆ ਹੈ ਕਿ "ਲੰਗਰ ਵਿਚ ਹੁਣ ਭੇਟਾ ਬਹੁਤ ਆਉਣ ਲੱਗ ਪਈ ਅਤੇ ਆਪ ਨੇ ਇਕ ਚੰਗਾ ਜੇਹਾ ਘਰ ਵੀ ਬਣਵਾ ਲਿਆ। ਸੰਗਤਾਂ ਜੋ ਦਰਸ਼ਨ ਕਰਨ ਆਉਂਦੀਆਂ ਉਹਨਾਂ ਦੇ ਠਹਿਰਨ ਲਈ ਇਕ ਸਰਾਂ ਵੀ ਬਣਵਾਈ। ਅੱਜ ਲੰਗਰ ਵਿਚ ਸਭ ਇਕੋ ਪੰਗਤ ਵਿਚ ਬੈਠ ਕੇ ਭੋਜਨ ਖਾਂਦੇ ਹਨ।")

# ਸ਼੍ਰੀ ਗੁਰੂ ਰਵਿਦਾਸ ਜੀ ਤੇ ਉਹਨਾਂ ਦੀ ਸ਼ਿਸ਼ ਮੀਰਾਂ ਬਾਈ

ਮੀਰਾਂ ਦੇ ਜਨਮ ਸਥਾਨ ਮੇੜਤਾ ਦੇ ਇਤਿਹਾਸ ਅਤੇ ਰਾਠੌਰ ਦੇ ਭੱਟਾ ਦੀਆਂ ਬਹੀਆਂ ਅਨੁਸਾਰ ਮੀਰਾਂ ਦਾ ਜਨਮ ਸਾਵਣੁ ਸੁਦੀ ਏਕਮ ਸ਼ੁੱਕਰਵਾਰ ਸੰਮਤ 1561 ਵਿਚ ਹੋਇਆ ਮੰਨਿਆ ਗਿਆ ਹੈ। ਬਚਪਨ ਵਿਚ ਹੀ ਮੀਰਾਂ ਦੀ ਮਾਂ ਦਾ ਦੇਹਾਂਤ ਹੋ ਗਿਆ। ਮੀਰਾਂ ਆਪਣੇ ਮਾਪਿਆਂ ਦੀ ਇਕਲੌਤੀ ਸੰਤਾਨ ਸੀ। ਬਚਪਨ ਵਿਚ ਮੀਰਾਂ ਨੂੰ ਨਾ ਤਾਂ ਭੈਣ-ਭਰਾ ਦਾ ਸਾਥ ਮਿਲਿਆ ਅਤੇ ਨਾ ਹੀ ਮਾਤਾ ਪਿਤਾ ਦਾ ਪਿਆਰ ਤੇ ਦੁਲਾਰ। ਮੀਰਾਂ ਦਾ ਪਿਤਾ ਰਤਨ ਸਿੰਘ ਰਾਣਾ ਸਾਂਗਾ ਦੇ ਨਾਲ ਤਤਕਾਲੀਨ ਰਾਜਨੀਤਿਕ ਉਥਲ ਪੁਥਲ ਅਤੇ ਯੁੱਧਾਂ ਵਿਚ ਉਲਝਿਆ ਰਹਿੰਦਾ ਸੀ। ਮੀਰਾਂ ਦਾ ਪਾਲਣ ਪੋਸ਼ਣ ਦੂਦਾ ਜੀ ਜੋ ਕਿ ਮੀਰਾਂ ਜੀ ਦੇ ਦਾਦਾ ਜੀ ਸਨ ਦੀ ਦੇਖ-ਰੇਖ ਵਿਚ ਹੋਇਆ। ਉਸਦੇ ਦਾਦਾ ਜੀ ਪ੍ਰਭੂ ਭਗਤੀ ਵਾਲੇ ਇਨਸਾਨ ਸਨ, ਇਸ ਲਈ ਮੀਰਾਂ ਦੇ ਜੀਵਨ ਉਸਦੇ ਦਾਦਾ ਜੀ ਦੇ ਭਗਤੀ ਭਾਵ ਦਾ ਪ੍ਰਭਾਵ ਪੈਣਾ ਸੁਭਾਵਿਕ ਸੀ। ਸੰਮਤ 1566 ਵਿਚ ਰਾਣਾ ਸਾਂਗਾ ਚਿਤੌੜ ਦੀ ਗੱਦੀ ਉੱਤੇ ਬੈਠਿਆ। ਉਸਦੀ ਪਤਨੀ ਰਾਣੀ ਝਾਲੀ ਝਾਲਾਵਾਰ ਦੇ ਰਾਜੇ ਦੀ ਲੜਕੀ ਵੀ ਪ੍ਰਭੂ ਭਗਤ ਸੀ। ਸੰਮਤ 1567-68 ਦੇ ਲਗਭਗ ਉਹਨਾਂ ਨੇ ਕਾਂਸ਼ੀ ਜਾ ਕੇ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਆਸ਼ਰਮ ਬਣਾ ਕੇ ਦਿੱਤਾ ਸੀ। ਇੱਧਰ ਮੇੜਤਾ ਤੋਂ ਪ੍ਰਭੂ ਭਗਤ ਦੂਦਾ ਜੀ ਸ਼੍ਰੀ ਗੁਰੂ ਰਵਿਦਾਸ ਜੀ ਦੇ ਚਿਤੌੜ ਸਥਿਤ ਆਸ਼ਰਮ ਵਿਚ ਅਧਿਆਤਮਕ ਸੰਮੇਲਨ ਵਿਚ ਸੱਚਾ ਉਪਦੇਸ਼ ਸੁਣਨ ਲਈ ਆਉਂਦੇ ਸਨ। (ਸੰਭਵ ਹੈ ਮੀਰਾ ਜੀ ਵੀ ਸ਼੍ਰੀ ਗੁਰੂ ਰਵਿਦਾਸ ਜੀ ਦਾ ਸਤਿਸੰਗ ਸੁਣਨ ਚਿਤੌੜ ਆਈ ਹੋਵੇ।) ਜਿਸ ਨਾਲ ਮੀਰਾਂ ਜੀ ਨੂੰ ਬਚਪਨ ਵਿਚ ਹੀ ਪ੍ਰਭੂ ਭਗਤੀ ਦਾ ਮਾਰਗ ਪ੍ਰਾਪਤ ਹੋਇਆ।

ਰਾਣੀ ਝਾਲੀ ਦਾ ਪੁੱਤਰ ਰਾਜਕੁਮਾਰ ਭੋਜਰਾਜ ਆਪਣੀ ਮਾਤਾ ਦੇ ਵਾਂਗ ਹੀ ਸ਼ਾਂਤ ਅਤੇ ਕੋਮਲ ਪ੍ਰਕਿਰਤੀ ਦਾ ਮਾਲਿਕ ਸੀ। ਰਾਜ ਕੁਮਾਰ ਭੋਜਰਾਜ ਦੀ ਉਮਰ ਉਸ ਸਮੇਂ ਲਗਭਗ 18 ਸਾਲਾਂ ਦੀ ਸੀ। ਰਾਣੀ ਝਾਲੀ ਨੇ ਆਪਣੇ ਪਤੀ ਰਾਣਾ ਸਾਂਗਾ ਦੀ ਸਹਿਮਤੀ ਅਤੇ ਸ਼੍ਰੀ ਗੁਰੂ ਰਵਿਦਾਸ ਜੀ ਦਾ ਅਸ਼ੀਰਵਾਦ ਲੈ ਕੇ ਰਾਜਕੁਮਾਰ ਭੋਜਰਾਜ ਦਾ ਮੀਰਾਂ ਨਾਲ ਵਿਆਹ ਕਰਨ ਦਾ ਪ੍ਰਸਤਾਵ ਦੂਦਾ ਜੀ ਅੱਗੇ ਰੱਖਿਆ। ਉਹ ਵੀ ਇਸ ਗੱਲ ਨਾਲ ਸਹਿਮਤ ਹੋ ਗਏ। ਦੋਨੋਂ ਪਰਿਵਾਰ ਵਿਆਹ ਸੰਬੰਧ ਸੂਤਰ ਵਿਚ ਬੱਝ ਗਏ। ਸੰਮਤ 1573 ਵਿਚ ਵਿਸਾਖੀ ਦੇ ਤਿਉਹਾਰ ਤੇ ਸ਼੍ਰੀ ਗੁਰੂ ਰਵਿਦਾਸ ਜੀ ਦੀ ਹਾਜ਼ਰੀ ਵਿਚ ਰਾਜ ਕੁਮਾਰ ਭੋਜਰਾਜ ਅਤੇ ਮੀਰਾਂ ਦਾ ਵਿਆਹ ਸੰਪੰਨ ਹੋਇਆ। ਮੀਰਾਂ ਦੀ ਉਮਰ ਉਸ ਸਮੇਂ ਬਾਰਾਂ ਸਾਲਾਂ ਦੀ ਸੀ। ਵਿਆਹ ਤੋਂ ਬਾਅਦ ਮੀਰਾਂ ਨੇ ਆਪਣੇ ਪਤੀ ਤੇ ਸੱਸ ਰਾਣੀ ਝਾਲੀ ਦੀ ਆਗਿਆ ਅਨੁਸਾਰ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਗੁਰੂ



ਧਾਰਨ ਕੀਤਾ। (ਡਾ. ਵੀ.ਪੀ. ਸ਼ਰਮਾ)

ਚਿਤੌੜ ਦੀ ਅਠਾਰਾਂ ਸੌ ਫੁੱਟ ਉੱਚੀ ਪਹਾੜੀ ਉੱਤੇ ਵਿਜੈ ਸਤੰਭ ਦੇ ਸਮਾਨ ਸੱਤ ਫੁੱਟ ਉੱਚੇ ਚੁਬਾਰੇ ਉੱਤੇ ਰਾਣਾ ਕੁੰਭਾ ਦੁਆਰਾ ਬਣਾਏ ਕੁੰਭ ਸ਼ਯਾਮ ਮੰਦਿਰ ਦੇ ਖੁੱਲ੍ਹੇ ਵਿਹੜੇ ਵਿਚ ਸ਼੍ਰੀ ਗੁਰੂ ਰਵਿਦਾਸ ਜੀ ਦਾ ਸਤਿਸੰਗ ਹੁੰਦਾ। ਚਿਤੌੜਗੜ੍ਹ ਦੇ ਇਸੇ ਵਿਹੜੇ ਵਿਚ 'ਪਦ ਘੁੰਗਰੂ ਬਾਂਧ ਮੀਰਾ ਨਾਚੀ ਰੇ' ਦੇ ਅਨੁਸਾਰ ਮੀਰਾਂ ਨੱਚਦੀ ਗਾਉਂਦੀ ਸੀ।

ਸਮਾਂ ਪਰਿਵਰਤਨ ਸ਼ੀਲ ਹੈ। ਵਿਧਾਤਾ ਨੇ ਮੀਰਾਂ ਦੀ ਕਿਸਮਤ ਵਿਚ ਗ੍ਰਹਿਸਤ ਜੀਵਨ ਭੋਗਣਾ ਨਹੀਂ ਲਿਖਿਆ ਸੀ। ਅਜਿਹਾ ਹੁੰਦਾ ਵੀ ਕਿਉਂ? ਭਗਤੀ ਦੇ ਖੇਤਰ ਵਿਚ ਦੂਰ ਦਿਸ਼ਾਵਾਂ ਤੱਕ ਭਗਤੀ ਦੀ ਸ਼ੋਭਾ ਕਿੱਵੇਂ ਪਹੁੰਚਦੀ। ਰਾਜਸਥਾਨ ਦੇ ਸੁੰਞੇ ਆਕਾਸ਼ ਵਿਚ ਅੱਜ ਵੀ ਮੀਰਾਂ ਦੇ ਘੁੰਗਰੂਆਂ ਦੀ ਛਣਕਾਹਟ ਦੀ ਆਵਾਜ਼ ਸੁਣਾਈ ਦਿੰਦੀ ਹੈ। ਮੀਰਾਂ ਦੇ ਬਿਰਹਾ ਭਰਪੂਰ ਗੀਤ ਅੱਜ ਵੀ ਰਾਜਸਥਾਨ ਦੀਆਂ ਘਾਟੀਆਂ ਅਤੇ ਰੇਗਿਸਤਾਨ ਵਿਚ ਸੁਣਾਈ ਦਿੰਦੇ ਹਨ। ਸੰਮਤ 1580 ਵਿਚ ਰਾਜ ਕੁਮਾਰ ਰਾਜਾ ਭੋਜ ਦਾ ਅਚਾਨਕ ਦੇਹਾਂਤ ਹੋ ਗਿਆ। ਸੰਮਤ 1585 (ਜਨਵਰੀ 1528) ਵਿਚ ਰਾਜਾ ਕੁੰਭਾ ਦਾ ਬਾਬਰ ਨਾਲ ਕਾਨਵਾ ਯੁੱਧ ਵਿਚ ਦੇਹਾਂਤ ਹੋ ਗਿਆ। ਰਾਣਾ ਕੁੰਭਾ ਦੇ ਪੁੱਤਰਾਂ ਰਤਨ ਸਿੰਘ ਅਤੇ ਵਿਕਰਮਜੀਤ ਵਿਚਕਾਰ ਗੱਦੀ ਪ੍ਰਾਪਤ ਕਰਨ ਲਈ ਸੰਘਰਸ਼ ਆਰੰਭ ਹੋ ਗਿਆ। ਮੀਰਾਂ ਅਤੇ ਰਾਣੀ ਝਾਲੀ ਦੋਵੇਂ ਵਿਧਵਾ ਹੋ ਗਈਆਂ। ਰਾਣੀ ਝਾਲੀ ਨੇ ਆਪਣੇ ਪਤੀ ਦੀ ਮੌਤ ਤੋਂ ਬਾਅਦ ਆਪਣਾ ਜੀਵਨ ਕਿਵੇਂ ਬਤੀਤ ਕੀਤਾ, ਇਸ ਬਾਰੇ ਇਤਿਹਾਸ ਚੁੱਪ ਹੈ। ਪਰ ਮੀਰਾਂ ਦਾ ਆਪਣੇ ਗੁਰੂ ਸ਼੍ਰੀ ਗੁਰੂ ਰਵਿਦਾਸ ਜੀ ਨਾਲ ਅਟੁੱਟ ਸੰਬੰਧ ਜੁੜਿਆ ਰਿਹਾ। ਕੁੰਭ ਸ਼ਯਾਮ ਦੇ ਨਾਲ ਹੀ ਬਣੇ ਮੀਰਾਂ ਮੰਦਿਰ ਦੇ ਨਾਲ ਗੁਰੂ ਰਵਿਦਾਸ ਛਤਰੀ ਦਾ ਨਿਰਮਾਣ ਨਿਸ਼ਚਿਤ ਹੀ ਮੀਰਾਂ ਅਤੇ ਰਾਣੀ ਝਾਲੀ ਦੇ ਯਤਨਾਂ ਸਦਕਾ ਤਤਕਾਲੀਨ ਪ੍ਰਸਥਿਤੀਆਂ ਵਿਚ ਹੀ ਸੰਭਵ ਹੋ ਗਿਆ ਹੋਵੇਗਾ। ਇਸ ਛਤਰੀ ਦੇ ਥੱਲੇ ਸ਼੍ਰੀ ਗੁਰੂ ਰਵਿਦਾਸ ਜੀ ਦੇ ਚਰਨ ਚਿੰਨ੍ਹ ਹਨ ਅਤੇ ਛੱਤ ਦੇ ਥੱਲੇ ਵਾਲੇ ਭਾਗ ਵਿਚ ਸ਼੍ਰੀ ਗੁਰੂ ਰਵਿਦਾਸ ਜੀ ਦੁਆਰਾ ਬਹੁ-ਚਰਚਿਤ ਪੰਜ ਵਿਕਾਰਾਂ ਦੀ ਪ੍ਰਤਿਮਾ ਇਕ ਸਿਲਾ ਉੱਪਰ ਉਕਰੀ ਹੋਈ ਹੈ।

ਰਾਣਾ ਕੁੰਭਾ ਦੀ ਮੌਤ ਤੋਂ ਬਾਅਦ ਮੀਰਾਂ ਨੂੰ ਪਰਿਵਾਰਿਕ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ। ਅਜਿਹਾ ਵੀ ਕਿਹਾ ਜਾਂਦਾ ਹੈ ਕਿ ਮੀਰਾਂ ਨੂੰ ਵਿਕਰਮਜੀਤ ਨੇ ਅੱਧੀ ਰਾਤ ਦੇ ਸਮੇਂ ਚਿਤੌੜ ਤੋਂ ਥੱਲੇ ਵਗਦੀ ਹੋਈ ਗੰਭੀਰੀ ਨਦੀ ਵਿਚ ਸੁੱਟਵਾ ਦਿੱਤਾ ਸੀ, ਪ੍ਰੰਤੂ ਸ਼੍ਰੀ ਗੁਰੂ ਰਵਿਦਾਸ ਜੀ ਦੀ ਕਿਰਪਾ ਸਦਕਾ ਉਹ ਮੀਰਾਂ ਦਾ ਕੁਝ ਨਹੀਂ ਵਿਗਾੜ ਸਕਿਆ। ਮੀਰਾਂ ਨਦੀ ਦੇ ਵਹਾਉ ਵਿਚੋਂ ਇਸ ਤਰ੍ਹਾਂ ਬਾਹਰ ਨਿਕਲੀ ਜਿਸ ਤਰ੍ਹਾਂ ਸੋਨਾ ਅੱਗ ਵਿਚੋਂ ਸ਼ੁੱਧ ਹੋ ਕੇ ਨਿਕਲਦਾ ਹੈ।

ਮੀਰਾਂ ਹੁਣ ਨਿਡਰ ਹੋ ਕੇ ਪਰਮਾਤਮਾ ਦੀ ਭਗਤੀ ਅਤੇ ਸਾਧੂ ਸੇਵਾ

ਕਰਨ ਲੱਗੀ ਪ੍ਰੰਤੂ ਰਾਜਾ ਵਿਕਰਮ ਸਿੰਘ ਨੂੰ ਇਸ ਤਰ੍ਹਾਂ ਮੀਰਾਂ ਕੋਲ ਸਾਧੂਆਂ ਦੀ ਭੀੜ ਲੱਗੀ ਰਹਿਣੀ ਬਿਲਕੁਲ ਪਸੰਦ ਨਹੀਂ ਸੀ। ਉਸਨੇ ਆਪਣੇ ਭਰੋਸੇ ਦੀਆਂ ਦੋ ਇਸਤਰੀਆਂ ਚੰਪਾ ਤੇ ਚਮੇਲੀ ਨੂੰ ਮੀਰਾਂ ਦੇ ਆਸ ਪਾਸ ਨਿਗਰਾਨੀ ਲਈ ਰੱਖਿਆ, ਤਾਂ ਜੋ ਉਹ ਮੀਰਾਂ ਨੂੰ ਸਾਧੂਆਂ ਦੇ ਨੇੜੇ ਬੈਠਣ ਤੋਂ ਰੋਕ ਸਕਣ। ਪਰ ਮੀਰਾਂ ਬਾਈ ਦੀ ਸੰਗਤ ਦੇ ਪ੍ਰਭਾਵ ਕਰਕੇ ਉਹਨਾਂ ਦੋਨਾਂ ਦੇ ਜੀਵਨ ਉੱਪਰ ਵੀ ਪ੍ਰਭੂ ਭਗਤੀ ਦਾ ਰੰਗ ਚੜ੍ਹ ਗਿਆ ਅਤੇ ਉਹ ਦੋਵੇਂ ਮੀਰਾਂ ਬਾਈ ਦੀਆਂ ਸਹਾਇਕ ਬਣ ਗਈਆਂ। ਇਹੋ ਦਸ਼ਾ ਹੀ ਉਹਨਾਂ ਹੋਰ ਦਾਸੀਆਂ ਦੀ ਹੋਈ ਜਿਹਨਾਂ ਨੂੰ ਮੀਰਾਂ ਦੀ ਨਿਗਰਾਨੀ ਲਈ ਰੱਖਿਆ ਗਿਆ ਸੀ। ਅਖੀਰ ਰਾਣਾ ਵਿਕਰਮ ਸਿੰਘ ਨੇ ਇਹ ਮੁਸ਼ਕਿਲ ਕੰਮ ਆਪਣੀ ਭੈਣ ਊਧਾ ਬਾਈ (ਮੀਰਾਂ ਦੀ ਨਣਾਨ) ਨੂੰ ਸੌਂਪਿਆ। ਉਹ ਕੁਝ ਸਮੇਂ ਤੱਕ ਆਪਣੇ ਕਾਰਜ ਨੂੰ ਤਨਦੇਹੀ ਨਾਲ ਕਰਦੀ ਰਹੀ। ਦਿਨ ਵਿਚ ਕਈ ਵਾਰ ਉਹ ਮੀਰਾਂ ਜੀ ਦੇ ਮਹਿਲ ਵਿਚ ਜਾਂਦੀ, ਉਹਨਾਂ ਨੂੰ ਸਮਝਾਉਂਦੀ ਤੇ ਰੋਕ ਟੋਕ ਕਰਦੀ ਰਹਿੰਦੀ। ਮੀਰਾਂ ਨੇ ਆਪਣੇ ਇਹਨਾਂ ਸਾਕ-ਸੰਬੰਧੀਆਂ ਦਾ ਵਰਨਣ ਆਪਣੀ ਬਾਣੀ ਵਿਚ ਵੀ ਕੀਤਾ ਹੈ।

ਇਸ ਤੋਂ ਬਾਅਦ ਰਾਜਾ ਵਿਕਰਮ ਸਿੰਘ ਨੇ ਮੰਤਰੀਆਂ ਦੀ ਸਲਾਹ ਨਾਲ ਮੀਰਾਂ ਨੂੰ ਜ਼ਹਿਰ ਦੇ ਕੇ ਮਾਰਨ ਦੀ ਸਾਜ਼ਿਸ ਰਚੀ। ਮੀਰਾਂ ਜੀ ਨੂੰ ਇਕ ਜ਼ਹਿਰ ਦਾ ਪਿਆਲਾ ਭਰ ਕੇ ਦਿੱਤਾ ਗਿਆ ਅਤੇ ਕਿਹਾ ਕਿ ਇਹ ਸ਼੍ਰੀ ਗੁਰੂ ਰਵਿਦਾਸ ਜੀ ਦੁਆਰਾ ਭੇਜਿਆ ਅੰਮ੍ਰਿਤ ਹੈ। ਊਧਾ ਬਾਈ ਇਸ ਭੇਦ ਬਾਰੇ ਜਾਣਦੀ ਸੀ ਅਤੇ ਉਸਨੇ ਮੋਹ-ਵਸ ਮੀਰਾਂ ਜੀ ਨੂੰ ਇਸ ਯੋਜਨਾ ਬਾਰੇ ਸਾਰਾ ਕੁਝ ਦੱਸ ਦਿੱਤਾ। ਉਸਨੇ ਮੀਰਾਂ ਜੀ ਨੂੰ ਉਸ ਜ਼ਹਿਰ ਪੀਣ ਤੋਂ ਰੋਕਿਆ ਪ੍ਰੰਤੂ ਮੀਰਾਂ ਜੀ ਨੇ ਕਿਹਾ ਕਿ ਜੋ ਪਦਾਰਥ ਸ਼੍ਰੀ ਗੁਰੂ ਰਵਿਦਾਸ ਜੀ ਦੇ ਚਰਨਾਂ ਅੰਮ੍ਰਿਤ ਦਾ ਨਾਮ ਲੈ ਕੇ ਦਿੱਤਾ ਗਿਆ ਹੈ, ਉਸਨੂੰ ਤ੍ਰਿਸਕਾਰਨਾ ਗੁਰੂ ਭਗਤੀ ਦੇ ਵਿਰੁੱਧ ਹੈ। ਮੀਰਾਂ ਨੇ ਉਸ ਜ਼ਹਿਰ ਦੇ ਪਿਆਲੇ ਨੂੰ ਆਪਣੇ ਮੱਥੇ ਨਾਲ ਲਾਇਆ ਤੇ ਪੀ ਲਿਆ। ਇਸ ਨਾਲ ਮੀਰਾਂ ਜੀ ਨੂੰ ਕੁਝ ਨਹੀਂ ਹੋਇਆ ਸਗੋਂ ਉਹਨਾਂ ਦੀ ਭਗਤੀ ਦਾ ਰੰਗ ਦੁੱਗਣਾ ਹੋ ਗਿਆ। ਅਜਿਹੀ ਭਗਤੀ ਦਾ ਕਮਾਲ ਦੇਖ ਕੇ ਊਧਾ ਬਾਈ ਮੀਰਾਂ ਦੀ ਮਿੱਤਰ ਬਣ ਗਈ।

ਇਕ ਵਾਰ ਰਾਣਾ ਵਿਕਰਮ ਨੇ ਸੱਪ ਪਿਟਾਰੀ ਵਿਚ ਬੰਦ ਕਰਕੇ ਮੀਰਾਂ ਜੀ ਕੋਲ ਭੇਜਿਆ ਅਤੇ ਕਿਹਾ ਕਿ ਇਹ ਹੀਰਿਆਂ ਦਾ ਹਾਰ ਤੁਹਾਡੇ ਲਈ ਸ਼੍ਰੀ ਗੁਰੂ ਰਵਿਦਾਸ ਜੀ ਨੇ ਭੇਜਿਆ ਹੈ। ਜਦੋਂ ਮੀਰਾਂ ਜੀ ਨੇ ਸ਼੍ਰੀ ਗੁਰੂ ਰਵਿਦਾਸ ਦਾ ਨਾਮ ਲੈ ਕੇ ਉਸ ਪਟਾਰੀ ਨੂੰ ਖੋਲ੍ਹਿਆ ਤਾਂ ਉਹ ਸੱਪ ਹੀਰਿਆਂ ਨਾਲ ਜੜਿਆ ਹੋਇਆ ਹਾਰ ਬਣ ਗਿਆ।

**ਕਵਿਤਾ**

**ਗਰਲ ਪਠਾਇਓ ਸੋ ਤੋ ਸੀਸ ਲੈ ਚੜਾਇਯੋ।**
**ਸੰਗ ਤਿਆਗ ਵਿਸ਼ ਭਾਰੀ ਤਾਕੀ ਘਾਰ ਨ ਸੰਭਾਰੀ ਹੈ।**



**ਰਾਣਾ ਨੇ ਲਗਾਇਓ ਚਰ, ਬੈਠੇ ਸਾਧੂ ਢੰਗ ਠਰ,**
**ਤਬ ਹੀ ਖਬਰ ਕਰ ਮਾਰੋਂ ਯਹੈ ਧਾਰੀ ਹੈ।**
**ਰਾਜੇ ਗਿਰਿਧਾਰੀ ਲਾਲ, ਤਿਨੀ ਸੋ ਰੰਗ ਜਾਤਿ**
**ਬੋਲਤੁ ਹਸਤੁ ਖਿਆਲ ਕਾਨਪਰੀ ਪਿਆਰੀ ਹੈ।**
**ਜਾਇ ਕੇ ਸੁਣਾਈ ਭਈ ਅਤਿ ਚਪਲਾਈ**
**ਆਯੋਂ ਲਿਯੇ ਤਲਵਾਰ ਦੇ ਕਿਬਾਰ ਖੋਲਿ ਨਿਆਰੀ ਹੈ।**

**ਕਵਿਤਾ**

**ਜਾਕੇ ਸੰਗਿ ਰੰਗ ਭੀਜਿ, ਕਰਤ ਪ੍ਰਸੰਗ ਨਾਨਾ,**
**ਕਹਾਂ ਵਹ ਨਰ ਗਇਓ, ਵੇਗ ਦੈ ਬਤਾਈਐ॥**
**ਆਗੇ ਹੀ ਬਿਰਾਜੈ, ਕਛੂ ਤੋ ਸੋ ਨਾਹਿ ਲਾਜੈ।**
**ਅਭੈ ਦੇਖਿ ਸੁਖ ਸਾਜੈ, ਆਂਖੇ ਖੋਲਿ ਦਰਸਾਈਐ।**
**ਭਇਓਈ ਖਿਸਾਨੋ ਰਾਣਾ, ਲਿਖਓ ਚਿਤਰ ਭੀਤ ਮਾਨੋ,**
**ਉਲਟਿ ਪਿਆਨੋ ਕਿਉ ਨੇਕੁ ਮਨ ਆਈਐ**
**ਦੇਖਉ ਹੂੰ ਪ੍ਰਭਾਵ ਏਪੈ ਭਾਵ ਮੈ ਨ ਭਿਦਓ ਜਾਈ,**
**ਬਿਨਾ ਹਰਿ ਕ੍ਰਿਪਾ ਕਹੋ ਕੈਸੇ ਕਰਿ ਪਾਈਐ।**

ਮੀਰਾਂ ਬਾਈ ਜੀ ਨੂੰ ਜਦੋਂ ਰਾਣਾ ਵਿਕਰਮ ਨੇ ਜ਼ਹਿਰ ਭੇਜਿਆ ਤਾਂ ਉਹ ਨਿਰਸੰਕੋਚ ਪੀ ਗਈ। ਇਸ ਤੋਂ ਬਾਅਦ ਰਾਣਾ ਨੇ ਦੂਤਾਵਾਸ ਨੂੰ ਕਿਹਾ ਕਿ ਤੁਸੀਂ ਕਾਰਜ ਕਰੋ। ਜਦੋਂ ਮੀਰਾਂ ਕਿਸੇ ਵੈਰਾਗੀ ਨਾਲ ਇਕੱਲੀ ਬੈਠੀ ਹੋਵੇ ਤਾਂ ਮੈਨੂੰ ਇਸ ਬਾਰੇ ਸਮਾਚਾਰ ਦੇਣਾ। ਮੈਂ ਉਸੇ ਪਲ ਆ ਕੇ ਉਸਨੂੰ ਮਾਰ ਦੇਵਾਂਗਾ। ਇਕ ਵਾਰ ਮੀਰਾਂ ਜੀ ਨੂੰ ਗੁਰੂ ਜੀ ਦੇ ਦਰਸ਼ਨ ਹੋਏ ਉਹ ਗੁਰੂ ਜੀ ਨਾਲ ਹੱਸ-ਹੱਸ ਕੇ ਗੱਲਾਂ ਕਰ ਰਹੀ ਸੀ ਤਾਂ ਇਕ ਖ਼ਬਰ ਰੱਖਣ ਵਾਲੇ ਨੇ ਰਾਜੇ ਨੂੰ ਜਾ ਕੇ ਕਿਹਾ ਕਿ ਮੀਰਾਂ ਕਿਸੇ ਦੇ ਨਾਲ ਹੱਸ-ਹੱਸ ਕੇ ਗੱਲਾਂ ਕਰ ਰਹੀ ਹੈ। ਰਾਣਾ ਤਲਵਾਰ ਲੈ ਕੇ ਮੀਰਾਂ ਦੇ ਮਹਿਲ ਵਿਚ ਗਿਆ ਅਤੇ ਆਵਾਜ਼ ਦਿੱਤੀ ਕਿ ਦਰਵਾਜ਼ਾ ਖੋਲ੍ਹੋ। ਮੀਰਾਂ ਨੇ ਆਵਾਜ਼ ਸੁਣਦੇ ਹੀ ਦਰਵਾਜ਼ਾ ਖੋਲ ਦਿੱਤਾ। ਰਾਣਾ ਮੀਰਾਂ ਜੀ ਨਾਲ ਕਿਸੇ ਨੂੰ ਨਾ ਦੇਖ ਕੇ ਕਹਿਣ ਲੱਗਾ ਕਿ ਜਿਸ ਨਾਲ ਤੂੰ ਅਨੇਕ ਪ੍ਰੇਮ ਪ੍ਰਸੰਗ ਕਰ ਰਹੀ ਸੀ ਉਹ ਇਨਸਾਨ ਕਿੱਥੇ ਹੈ? ਮੀਰਾਂ ਨੇ ਉੱਤਰ ਦਿੱਤਾ ਕਿ ਉਹ ਇਨਸਾਨ ਤੁਹਾਡੀਆਂ ਅੱਖਾਂ ਅੱਗੇ ਹੀ ਬੈਠਾ ਹੋਇਆ ਹੈ ਅਤੇ ਦਰਵਾਜ਼ਾ ਖੁਲ੍ਹਦੇ ਉਸਨੂੰ ਤੇਜ਼ ਪ੍ਰਕਾਸ਼ ਦਿਖਾਈ ਦਿੱਤਾ, ਜਿਸ ਨਾਲ ਰਾਣਾ ਬੇਹੋਸ਼ ਹੋ ਕੇ ਧਰਤੀ ਤੇ ਡਿੱਗ ਪਿਆ ਹੋਸ਼ ਆਉਣ ਤੇ ਰਾਣਾ ਨੇ ਮੀਰਾਂ ਜੀ ਤੋਂ ਆਪਣੀ ਗਲਤੀ ਦੀ ਮੁਆਫ਼ੀ ਮੰਗ ਲਈ।

**ਕਵਿਤਾ**

**ਵਿਸ਼ਈ ਕੁਟਿਲ ਏਕ ਭੇਸ ਧਾਰਿ ਸਾਧੂ ਲਿਯੌਂ,**
**ਕਿਯੌਂ ਯੌਂ ਪ੍ਰਸੰਗ ਮੌਸੌਂ ਅੰਗ ਸੰਗ ਕੀਜਿਏ।**
**ਆਗਿਆ ਮੋਂ ਕੀ ਦਈ ਆਪ ਲਾਲ ਗਿਰਿਧਾਰੀ,**

ਅਹੋਂ ਸੀਸ ਧਰਿ ਲਈ ਕਰਿ ਭੋਜਨ ਹੂੰ ਲੀਜਿਐ।
ਸੰਤਨਿ ਸਮਾਜ ਮੇਂ ਵਿਛਾਇ ਸੇਜ ਬੋਲ ਲਿਯੋਂ,
ਸੰਕ ਆਬ ਕੌਨ ਕੀ ਨਿਸੰਕ ਰਸ ਭੀਜਿਐ।
ਸੇਤੁ ਮੁਖ ਭਯੌ, ਵਿਸ਼ੈਭਾਵ ਸਭ ਗਯੌ
ਨਿਯੌ ਪਾਇਨ ਪੈ ਆਪ, ਮੋਕੋ ਭਗਤਿ ਦਾਨ ਦੀਜੀਏ।

ਇਕ ਵਾਰ ਇਕ ਕਾਮੀ, ਪਾਪੀ, ਦੁਸ਼ਟ ਮਨੁੱਖ ਸਾਧੂ ਦਾ ਰੂਪ ਧਾਰਨ ਕਰਕੇ ਮੀਰਾਂ ਜੀ ਪਾਸ ਆਇਆ ਤੇ ਕਹਿਣ ਲੱਗਾ ਕਿ ਮੈਨੂੰ ਪਰਮਾਤਮਾ ਨੇ ਖੁਦ ਆਗਿਆ ਦਿੱਤੀ ਹੈ ਕਿ ਤੁਸੀਂ ਜਾ ਕੇ ਮੀਰਾਂ ਨੂੰ ਪੁਰਸ਼ ਸਾਥ ਦਾ ਸੁੱਖ ਦਿਉ। ਮੀਰਾਂ ਜੀ ਨੇ ਉੱਤਰ ਦਿੱਤਾ ਕਿ ਆਗਿਆ ਮੇਰੇ ਸਿਰ ਉੱਪਰ, ਪਹਿਲਾਂ ਤੁਸੀਂ ਭੋਜਨ ਕਰ ਲਉ। ਮੈਂ ਤੁਹਾਡੀ ਸੇਵਾ ਲਈ ਹਾਜ਼ਰ ਹਾਂ।

ਮੀਰਾਂ ਜੀ ਸੰਤ ਸਮਾਜ ਵਿਚ ਸੇਜ ਵਿਛਾ ਕੇ ਉਸ ਸਾਧੂ ਨੂੰ ਕਹਿਣ ਲੱਗੀ ਕਿ ਤੁਸੀਂ ਇਸ ਪਲੰਘ ਉੱਤੇ ਸੁੱਖ ਪੂਰਵਕ ਬਿਰਾਜੋ ਅਤੇ ਮੈਨੂੰ ਵੀ ਆਗਿਆ ਦਿਉ, ਜੇਕਰ ਪ੍ਰਭੂ ਦੀ ਆਗਿਆ ਹੈ ਤਾਂ ਹੁਣ ਸ਼ੰਕਾ ਕਿਸ ਗੱਲ ਦੀ? ਆਓ ਬਿਨਾਂ ਸ਼ੰਕਾ ਰਸ ਰੰਗ ਵਿਚ ਡੁੱਬ ਕੇ ਅੰਗ ਸੰਗ ਕਰੋ। ਮੀਰਾਂ ਜੀ ਦੇ ਅਜਿਹੇ ਬਚਨ ਸੁਣ ਕੇ ਉਸ ਆਦਮੀ ਦਾ ਮੂੰਹ ਫਿੱਕਾ ਪੈ ਗਿਆ। ਉਸਦੇ ਸਰੀਰ ਵਿਚ ਜਾਨ ਨਾ ਰਹੀ। ਉਹ ਮੀਰਾਂ ਜੀ ਦੇ ਚਰਨਾਂ ਵਿਚ ਡਿੱਗ ਪਿਆ ਅਤੇ ਭਗਤੀ ਦਾ ਦਾਨ ਮੰਗਣ ਲੱਗਾ।

ਅਖੀਰ ਸੰਮਤ 1603 ਵਿਚ ਦੁਆਰਕਾ ਸਥਿਤ ਰਣਛੋੜ ਦੇ ਮੰਦਿਰ ਵਿਚ ਨੱਚਦੀ ਗਾਉਂਦੀ ਮੀਰਾਂ ਬੇਹੋਸ਼ ਹੋ ਕੇ ਡਿੱਗ ਪਈ ਅਤੇ ਉੱਠੀ ਨਹੀਂ, ਸਦਾ ਲਈ ਆਪਣੇ ਪ੍ਰੀਤਮ ਪਿਆਰੇ ਵਿਚ ਸਮਾ ਗਈ।

(ਰਾਧਾ ਸੁਆਮੀ ਸਤਿਸੰਗ ਬਿਆਸ ਵਲੋਂ 'ਮੀਰਾਂ-ਪ੍ਰੇਮ ਦੀਵਾਨੀ' ਸਾਲ 1999 ਦੇ ਪੰਨਾ 26 'ਤੇ ਲਿਖਿਆ ਹੈ ਕਿ 'ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਸ਼ਿਸ਼ ਸੰਤ ਮੀਰਾਂ ਬਾਈ ਦੀ ਸ਼ਖਸੀਅਤ ਦਾ ਅਕਬਰ ਤੇ ਡੂੰਘਾ ਪ੍ਰਭਾਵ ਪਿਆ ਜਿਸ ਨਾਲ ਉਸ ਦੇ ਮਨ ਵਿਚ ਸਹਿਣ-ਸ਼ੀਲਤਾ ਦੀਆਂ ਭਾਵਨਾਵਾਂ ਪੈਦਾ ਹੋਣੀਆਂ ਸ਼ੁਰੂ ਹੋ ਗਈਆਂ। ਇਹਨਾਂ ਭਾਵਨਾਵਾਂ ਕਾਰਨ ਹੀ ਅਕਬਰ ਨੇ ਇਕ ਸਰਬ-ਸਾਂਝਾ ਧਰਮ ਚਲਾਉਣ ਦਾ ਯਤਨ ਕੀਤਾ।)

# ਸਤਿਗੁਰੂ ਰਵਿਦਾਸ ਮਹਾਰਾਜ ਦੀ ਸ਼ਿਸ਼ ਕਰਮਾ ਬਾਈ ਜੀ

ਕਰਮਾ ਬਾਈ ਜੀ ਦੀ ਸ਼ਕਤੀ ਦੀ ਵਡਿਆਈ ਦੂਰ-ਦੂਰ ਤੱਕ ਫੈਲੀ ਹੋਈ ਸੀ। ਸਾਰੇ ਸੰਤ ਸਮਾਜ ਵਿਚੋਂ ਮਹਾਂਪੁਰਸ਼ ਉਸਨੂੰ ਮਿਲਣ ਵਾਸਤੇ ਆਉਂਦੇ ਸਨ, ਇਕ ਐਸੇ ਹੀ ਵਿਚਰਦੇ ਹੋਏ ਇਕ ਮਹਾਂਪੁਰਸ਼ ਆਏ ਤੇ ਕਿਹਾ ਕਿ ਕਰਮਾ ਭਗਵਾਨ ਹਨ ਰੋਜ਼ ਤੇਰੇ ਘਰ ਭੋਜਨ ਛਕਣ ਵਾਸਤੇ ਆਉਂਦੇ ਹਨ। ਤੂੰ ਕਿਹੜੇ ਭਗਵਾਨ ਵਾਸਤੇ ਲੰਗਰ ਤਿਆਰ ਕਰਦੀ ਹੈ? ਕਰਮਾ ਨੇ ਆਪਣੇ ਸਿੱਧੇ ਸਭਾਓਂ ਅਨੁਸਾਰ ਕਹਿ ਦਿੱਤਾ ਕਿ ਜੀ ਮੈਂ ਮਹਾਰਾਜ ਜੀ ਦਾ ਸਿਮਰਨ



ਕਰਦੀ ਕਰਦੀ ਪ੍ਰਸ਼ਾਦੇ ਬਣਾਉਂਦੀ ਹਾਂ ਖਿਚੜੀ ਬਣਾਉਂਦੀ ਹਾਂ ਜਿਸ ਵੇਲੇ ਲੰਗਰ ਤਿਆਰ ਹੋ ਜਾਂਦਾ ਹੈ, ਪਰੋਸ ਕੇ ਰੱਖ ਦਿੰਦੀ ਹਾਂ ਭਗਵਾਨ ਆ ਕੇ ਛਕ ਜਾਂਦੇ ਹਨ ਤਾਂ ਅੱਗੋਂ ਕਹਿਣ ਲੱਗੇ ਕਰਮਾਂ ਤੈਨੂੰ ਐਸਾ ਨਹੀਂ ਕਰਨਾ ਚਾਹੀਦਾ, ਤੈਨੂੰ ਭਗਵਾਨ ਵਾਸਤੇ ਪਹਿਲਾਂ ਪੂਰਨ ਇਸ਼ਨਾਨ ਕਰਕੇ, ਅਤੇ ਜਿਹਨਾਂ ਲੱਕੜੀਆਂ ਨਾਲ ਅੱਗ ਬਾਲਣੀ ਹੈ, ਉਹਨਾਂ ਨੂੰ ਚੰਗੀ ਤਰ੍ਹਾਂ ਧੋ ਕੇ ਸੁਕਾ ਕੇ ਤੇ ਲੇਪਣ ਪੋਚਣ ਆਦਿਕ ਕਰਕੇ ਫਿਰ ਭੋਜਨ ਤਿਆਰ ਕਰਨਾ ਚਾਹੀਦਾ। ਇਹ ਸੁਣ ਕੇ ਕਰਮਾਂ ਜੀ ਦੇ ਮਨ ਨੂੰ ਵਿਯੋਗ ਲੱਗ ਗਿਆ ਕਿ ਮੈਂ ਇਹ ਕਦੀ ਸੋਚਿਆ ਹੀ ਨਹੀਂ।

ਉਸ ਨੇ ਦੂਸਰੇ ਦਿਨ ਲਕੜੀਆਂ ਧੋ ਕੇ ਰੱਖ ਦਿੱਤੀਆਂ, ਇਸ਼ਨਾਨ ਕੀਤਾ, ਚੌਂਕਾ ਦੇ ਦਿੱਤਾ ਤੇ ਫੇਰ ਜਾ ਕੇ ਪ੍ਰਸ਼ਾਦਾ ਤਿਆਰ ਕਰਨ ਲੱਗੀ, ਭਗਵਾਨ ਰੋਜ਼ ਦੇ ਨਿਸ਼ਚਿਤ ਸਮੇਂ ਅਨੁਸਾਰ ਆਏ ਦੇਖਿਆ ਕਿ ਅੱਜ ਕਰਮਾਂ ਨੇ ਦੇਰੀ ਕਰ ਦਿੱਤੀ ਹੈ, ਅਜੇ ਤੱਕ ਲੰਗਰ ਤਿਆਰ ਹੀ ਨਹੀਂ ਕੀਤਾ ਤੇ ਇਹ ਦੇਖ ਭਗਵਾਨ ਵਾਪਸ ਚਲੇ ਗਏ। ਫਿਰ ਭਗਵਾਨ ਵਾਪਸ ਆਏ, ਫੇਰ ਵੀ ਕਰਮਾਂ ਨੇ ਅਜੇ ਤੱਕ ਭੋਜਨ ਤਿਆਰ ਨਹੀਂ ਕੀਤਾ, ਕਾਫੀ ਦੇਰ ਮਗਰੋਂ ਕਰਮਾਂ ਨੇ ਭੋਜਨ ਤਿਆਰ ਕੀਤਾ। ਭਗਵਾਨ ਆਏ ਭੋਜਨ ਛਕਿਆ ਤੇ ਅੰਤ ਜਦੋਂ ਹੱਥ ਸਾਫ਼ ਕਰ ਰਹੇ ਸਨ ਤੇ ਉਹਨਾਂ ਦੇ ਹੱਥਾਂ ਤੇ ਮੂੰਹ ਨੂੰ ਅਜੇ ਖਿਚੜੀ ਲੱਗੀ ਹੋਈ ਸੀ, ਤੇ ਉਸੇ ਸਮੇਂ ਸਵਾਮੀ ਰਾਮਾ ਨੰਦ ਜੀ ਦੇ ਦਰਬਾਰ ਵਿਚ ਵੀ ਭਗਵਾਨ ਲਈ ਸੀਧਾ ਤਿਆਰ ਕਰਕੇ ਭੋਗ ਲਗਾਉਣ ਵਾਸਤੇ ਲਿਆ ਰੱਖਿਆ ਤਾਂ ਰਾਮਾ ਨੰਦ ਜੀ ਨੇ ਭਗਵਾਨ ਨੂੰ ਬੁਲਾਇਆ ਤੇ ਭਗਵਾਨ ਜਦੋਂ ਕਾਹਲੀ-ਕਾਹਲੀ ਉੱਥੇ ਗਏ ਤਾਂ ਕੀ ਹੋਇਆ, ਅਕਸਰ ਕੀ ਕੀਤਾ ਜਾਂਦਾ ਹੈ ਕਿ ਭੋਜਨ ਅੰਦਰ ਰੱਖ ਕੇ ਪਰਦਾ ਦੇ ਦਿੱਤਾ ਜਾਂਦਾ ਹੈ, ਸੋ ਭਗਵਾਨ ਦੇ ਵਾਸਤੇ ਭੋਜਨ ਰੱਖ ਕੇ ਭਗਵਾਨ ਨੂੰ ਅਵਾਹਨ ਕੀਤਾ ਗਿਆ, ਪ੍ਰੰਤੂ ਅੱਜ ਭਗਵਾਨ ਕਾਹਲੀ ਵਿਚ ਆਏ ਤਾਂ ਕੀ ਦੇਖਦੇ ਹਨ ਕਿ ਭਗਵਾਨ ਜੀ ਦੇ ਹੱਥਾਂ ਨੂੰ ਵੀ ਖਿਚੜੀ ਲੱਗੀ ਹੋਈ ਹੈ ਅਤੇ ਮੂੰਹ ਤੇ ਵੀ ਲੱਗੀ ਹੋਈ ਹੈ, ਤਾਂ ਪੁੱਛਣ ਲੱਗੇ ਮਹਾਰਾਜ, ਕਿ ਇਹ ਖਿਚੜੀ ਤੁਸੀਂ ਕਿਥੋਂ ਖਾ ਕੇ ਆਏ ਹੋ? ਅੱਜ ਤੁਸੀਂ ਕਿੱਵੇਂ ਇਸ ਸਰੂਪ ਵਿਚ ਆ ਗਏ, ਤਾਂ ਅੱਗੋਂ ਭਗਵਾਨ ਜੀ ਕਹਿੰਦੇ, ਕਿ ਮੈਂ ਕਰਮਾਂ ਬਾਈ ਦੇ ਹਰ ਰੋਜ਼ ਖਿਚੜੀ ਖਾਣ ਜਾਂਦਾ ਹਾਂ, ਅੱਜ ਕਿਸੇ ਸੰਤ ਨੇ ਉਸਨੂੰ ਬਹਿਕਾ ਦਿੱਤਾ, ਜਿਸ ਕਾਰਨ ਉਸ ਨੇ ਖਿਚੜੀ ਦੇਰ ਨਾਲ ਖਿਲਾਈ, ਅਜੇ ਹੱਥ ਧੁਲਾਉਣੇ ਬਾਕੀ ਸਨ ਇੱਧਰ ਤੁਸਾਂ ਯਾਦ ਕੀਤਾ ਮੈਨੂੰ ਉਵੇਂ ਹੀ ਉਠ ਕੇ ਆਉਣਾ ਪਿਆ, ਹੱਥ ਸਾਫ ਕਰਨ ਦਾ ਸਮਾਂ ਵੀ ਨਹੀਂ ਮਿਲਿਆ। ਇਹ ਸੁਣ ਕੇ ਪੁਜਾਰੀ ਹੈਰਾਨ ਹੋ ਗਿਆ ਕਿ ਕਰਮਾਂ ਬਾਈ ਦੇ ਹਰ ਰੋਜ਼ ਆਪ ਖਿਚੜੀ ਖਾਣ ਜਾਂਦੇ ਹੋ, ਤਾਂ ਸਵਾਮੀ ਰਾਮਾ ਨੰਦ ਬੀਬੀ ਕਰਮਾਂ ਬਾਈ ਦੇ ਦਰਵਾਜ਼ੇ ਤੇ ਗਏ, ਤੇ ਕਿਹਾ ਬੀਬੀ ਕਰਮਾਂ ਇਹ ਦੱਸ ਕਿ ਤੂੰ ਭਗਵਾਨ ਵਾਸਤੇ ਭੋਜਨ ਤਿਆਰ ਕਰਦੀ ਹੈਂ, ਤੇ ਹਰ ਰੋਜ਼ ਭਗਵਾਨ ਤੇਰੇ ਘਰ ਖਿਚੜੀ ਖਾਣ ਵਾਸਤੇ

ਆਉਂਦੇ ਹਨ ਤੂੰ ਸਾਧਨ ਕੀ ਕੀਤਾ ਹੈ? ਜਿਸ ਕਾਰਨ ਭਗਵਾਨ ਤੇਰੇ ਤੇ ਇਤਨੇ ਦਿਆਲੂ ਹੋਏ ਹਨ।

ਕਰਮਾ ਬਾਈ ਕਹਿਣ ਲੱਗੀ ਕਿ ਮੈਂ ਤਾਂ ਕੋਈ ਖਾਸ ਸਾਧਨ ਨਹੀਂ ਕੀਤਾ। ਗੁਰਦੇਵ ਜੀ ਦੀ ਦੱਸੀ ਹੋਈ ਮਰਿਆਦਾ ਅਨੁਸਾਰ, ਉਹਨਾਂ ਦਾ ਦੱਸਿਆ ਹੋਇਆ ਨਾਮ ਜਪਦੀ ਹਾਂ, ਤੇ ਭਗਵਾਨ ਵਾਸਤੇ ਰੋਜ਼ ਮਰਿਆਦਾ ਅਨੁਸਾਰ ਭੋਜਨ ਤਿਆਰ ਕਰਦੀ ਹਾਂ। ਮੇਰੇ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੀ ਮੇਰੇ 'ਤੇ ਸਾਰੀ ਬਖਸ਼ਿਸ਼ ਹੋਈ ਹੈ, ਉਹਨਾਂ ਦੀ ਕਿਰਪਾ ਨਾਲ ਹੀ ਇਹ ਦਾਸੀ ਨੂੰ ਸੇਵਾ ਮਿਲੀ ਹੈ। ਤਾਂ ਕਰਮਾਂ ਦੇ ਚਰਨਾਂ ਵਿਚ ਸਵਾਮੀ ਰਾਮਾ ਨੰਦ ਜੀ ਨੇ ਇਕ ਬੇਨਤੀ ਕੀਤੀ, ਕਿ ਕਰਮਾਂ ਜਿਸ ਤਰ੍ਹਾਂ ਤੇਰੇ ਘਰ ਵਿਚ ਸਾਖਸ਼ਾਤ ਰੂਪ ਵਿਚ ਭਗਵਾਨ ਆ ਕੇ ਤੇਰੇ ਪਾਸ ਬੈਠ ਕੇ ਭੋਜਨ ਛਕਦੇ ਹਨ, ਮੇਰੇ ਪ੍ਰਤੀ ਵੀ ਭਗਵਾਨ ਜੀ ਦੇ ਚਰਨਾਂ ਵਿਚ ਬੇਨਤੀ ਕਰਨੀ ਕਿ ਮੈਨੂੰ ਵੀ ਸਾਖਸ਼ਾਤ ਦਰਸ਼ਨ ਦੇਣ। ਮੈਨੂੰ ਭਗਵਾਨ ਦੇ ਪੂਰੇ ਦਰਸ਼ਨ ਨਹੀਂ ਹੁੰਦੇ।

ਦੂਸਰੇ ਦਿਨ ਫਿਰ ਭਗਵਾਨ ਆਏ, ਔਰ ਭਗਵਾਨ ਜਿਸ ਵੇਲੇ ਖਿਚੜੀ ਖਾਣ ਲੱਗੇ, ਫਿਰ ਕਰਮਾਂ ਬਾਈ ਨੇ ਸਵਾਮੀ ਰਾਮਾ ਨੰਦ ਜੀ ਦੀ ਗਰਜ਼ ਭਰੀ ਅਰਜ਼ ਭਗਵਾਨ ਦੇ ਚਰਨਾਂ ਵਿਚ ਕੀਤੀ, ਮਹਾਰਾਜ ਜੀ ਇਉਂ ਸੁਆਮੀ ਰਾਮਾ ਨੰਦ ਜੀ ਕਹਿੰਦੇ ਹਨ। ਭਗਵਾਨ ਕਹਿਣ ਲੱਗੇ ਕਰਮਾਂ ਉਸ ਦੇ ਦਿਲ ਦੇ ਵਿਚ ਕੁਝ ਦਵੈਤ ਹੈ ਤੇਰਾ ਸਿੱਧਾ ਸੁਭਾਵ ਹੈ, ਤੇਰਾ ਅੰਤਿਸ਼ਕਰਣ ਪਵਿੱਤਰ ਹੈ, ਤੇਰੇ ਮਨ ਵਿਚ ਕੋਈ ਵਿਰੋਧ ਨਹੀਂ, ਤੇਰਾ ਕਿਸੇ ਨਾਲ ਵੈਰ ਨਹੀਂ ਹੈ।

ਤੇਰਾ ਸ਼ਾਂਤ ਚਿਤ ਹੈ, ਸਮਦਰਸ਼ੀ ਹੈ, ਇਸ ਕਰਕੇ ਤੈਨੂੰ ਸਾਖਸ਼ਾਤ ਦਰਸ਼ਨ ਹੁੰਦੇ ਨੇ। ਤਾਂ ਫਿਰ ਉਹਨਾਂ ਨੇ ਬੇਨਤੀ ਕੀਤੀ ਕਿ ਮਹਾਰਾਜ ਮੇਰੀ ਆਪ ਜੀ ਦੇ ਚਰਨਾਂ ਵਿਚ ਬੇਨਤੀ ਹੈ, ਇਕ ਵਾਰੀ ਸੁਆਮੀ ਜੀ ਨੂੰ ਜ਼ਰੂਰ ਦਰਸ਼ਨ ਦਿਓ। ਸੋ ਸਵਾਮੀ ਰਾਮਾ ਨੰਦ ਜੀ ਨੂੰ ਕਰਮਾਂ ਬਾਈ ਜੀ ਦੇ ਬੇਨਤੀ ਕਰਨ ਤੇ ਭਗਵਾਨ ਦੇ ਦਰਸ਼ਨ ਹੋਏ। ਐਸਾ ਗੁਰੂ ਗੋਬਿੰਦ ਸਿੰਘ ਜੀ ਨੇ ਕਥਨ ਕੀਤਾ ਹੈ।

ਸੋ ਗੁਰੂ ਰੂਪ ਸਾਧ ਸੰਗਤ ਜੀ ਕਰਮਾਂ ਬਾਈ ਤੇ ਇਕ ਦਿਨ ਭਗਵਾਨ ਬਹੁਤ ਖੁਸ਼ ਹੋਏ ਕਹਿੰਦੇ ਕਰਮਾਂ, ਕੁਛ ਵਰ ਮੰਗ ਲੈ। ਕਹਿਣ ਲੱਗੀ ਸੱਚੇ ਪਾਤਸ਼ਾਹ ਜੀ ਮੈਨੂੰ ਕੋਈ ਇੱਛਾ ਨਹੀਂ ਹੈ, ਕਹਿਣ ਲੱਗੀ ਮਹਾਰਾਜ ਦੁਨੀਆਂ ਦੇ ਪਦਾਰਥਾਂ ਦਾ ਕੋਈ ਲਾਭ ਨਹੀਂ। ਮੈਂ ਤਾਂ ਮਹਾਰਾਜ ਜੀ ਤੁਸਾਂ ਦੇ ਚਰਨਾਂ ਦੀ ਭਗਤੀ ਹੀ ਮੰਗਦੀ ਹਾਂ, ਦੁਨੀਆਂ ਦੀ ਤਾਂ ਕੋਈ ਚੀਜ਼ ਸਦਾ ਰਹਿਣ ਵਾਲੀ ਨਹੀਂ ਹੈ। ਤੇ ਕਰਮਾਂ ਬਾਈ ਨੇ ਕਿਹਾ ਮਹਾਰਾਜ ਜੀ ਮੇਰੇ ਮਨ ਦੇ ਵਿਚ ਇਕ ਖਿਆਲ ਹੈ ਕਿ ਆਪ ਜੀ ਤਾਂ ਅਵਿਨਾਸ਼ੀ ਹੋ, ਸਦਾ ਵਾਸਤੇ ਹੀ ਰਹਿਣ ਵਾਲੇ ਹੋ ਅਤੇ ਮੇਰਾ ਸਰੀਰ ਜੋ ਹੈ ਉਹ ਨਾਸ਼ ਹੋਣ ਵਾਲਾ ਹੈ, ਸਦਾ ਵਾਸਤੇ ਰਹਿਣ ਵਾਲਾ ਨਹੀਂ ਹੈ। ਅਤੇ ਦਾਸੀ ਇਹ ਚਾਹੁੰਦੀ ਹੈ, ਕਿ ਸਦਾ ਵਾਸਤੇ ਹੀ



ਖਿਚੜੀ ਨੂੰ ਇਹ ਭੋਗ ਲੱਗਦਾ ਹੀ ਰਹੇ। ਮੇਰੀ ਮੰਗ ਹੈ ਕਿ ਪ੍ਰਭੂ ਜੀ ਆਪ ਜੀ ਨੂੰ ਹਰ ਰੋਜ਼ ਹੀ ਇਸ ਤਰ੍ਹਾਂ, ਜਿਵੇਂ ਤੁਸੀਂ ਖਿਚੜੀ ਖਾਂਦੇ ਹੋ, ਪ੍ਰਾਰਥਨਾ ਹੈ ਇਸੇ ਤਰ੍ਹਾਂ ਕਿ ਹਰ ਰੋਜ਼ ਦਾਸੀ ਵਲੋਂ ਆਪ ਜੀ ਨੂੰ ਭੋਗ ਲੱਗਦੇ ਰਹਿਣ। ਭਗਵਾਨ ਕਹਿਣ ਲੱਗੇ ਅੱਛਾ ਐਸਾ ਹੀ ਹੋਵਗਾ।

ਸਾਧ ਸੰਗਤਿ ਜੀ ਜਗਨ ਨਾਥ ਪੁਰੀ ਵਿਚ, ਹਰ ਰੋਜ਼ ਇਥੇ ਭਗਵਾਨ ਦੇ ਵਾਸਤੇ ਛੱਤੀ ਪ੍ਰਕਾਰ ਦੇ ਭੋਜਨ ਤਿਆਰ ਕਰਕੇ ਭੋਗ ਲਗਵਾਏ ਜਾਂਦੇ ਹਨ, ਉਥੇ ਕਰਮਾਂ ਬਾਈ ਦੀ ਸਵਾਦੀ ਖਿਚੜੀ ਬਣਾ ਕੇ ਵੀ ਕਰਮਾਂ ਜੀ ਵਲੋਂ ਭਗਵਾਨ ਨੂੰ ਭੇਟਾ ਕਰਕੇ ਭੋਗ ਲਗਵਾਏ ਜਾਂਦੇ ਹਨ। ਗੱਜ ਕੇ ਆਖੋ ਸਤਿਨਾਮ ਸ੍ਰੀ ਵਾਹਿਗੁਰੂ। ਇਹ ਖਿਚੜੀ, ਅੱਜ ਵੀ, ਜੋ ਉੱਥੇ ਜਾਂਦੇ ਹਨ ਦਰਸ਼ਨਾਂ ਵਾਸਤੇ, ਅਤੇ ਭਾਈ ਗਿਆਨ ਸਿੰਘ, ਜਿਨਾਂ ਇਹ ਕਥਾ ਲਿਖੀ ਹੈ, ਗੁਰੂ ਸਾਹਿਬਾਂ ਦੇ ਮੁਖਾਰਬਿੰਦ ਤੋਂ ਸਰਵਣ ਕੀਤੀ ਹੋਈ ਲਿਖੀ ਹੈ, ਲਿਖਦੇ ਹਨ ਕਿ ਜਦੋਂ ਮੈਂ ਵੀ (ਸੰਮਤ ਲਿਖਿਆ ਉਹਨਾਂ ਨੇ) ਉੱਥੇ ਗਿਆ ਤਾਂ ਉਹ ਖਿਚੜੀ ਖਾ ਕੇ ਆਇਆ ਹਾਂ, ਅਤੇ ਸਭਨਾਂ ਨੂੰ ਹੀ ਖਿਚੜੀ ਮਿਲਦੀ ਹੈ।

## ਕੰਨਿਆ ਦੇ ਰੂਪ ਵਿਚ ਗੰਗਾ ਜੀ ਦਾ ਆਉਣਾ ਤੇ ਬਰਾਤ ਡੋਬਣਾ

ਇਕ ਵਾਰ ਸ਼੍ਰੀ ਗੁਰੂ ਰਵਿਦਾਸ ਜੀ ਨੇ ਭੰਡਾਰਾ ਕੀਤਾ। ਇਸ ਭੰਡਾਰੇ ਵਿਚ ਕੰਨਿਆ ਦੇ ਰੂਪ ਵਿਚ ਖੁਦ ਗੰਗਾ ਜੀ ਹਾਜ਼ਰ ਹੋਏ। ਕੰਨਿਆ ਦੇ ਅਲੌਕਿਕ ਰੂਪ ਨੂੰ ਦੇਖ ਕੇ ਰਾਜਾ ਮੋਹਿਤ ਹੋ ਗਿਆ। ਉਸਨੇ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਸੰਦੇਸ਼ ਭੇਜਿਆ ਕਿ ਉਸ ਕੰਨਿਆ ਨਾਲ ਮੇਰਾ ਵਿਆਹ ਕਰ ਦਿੱਤਾ ਜਾਵੇ ਨਹੀਂ ਤਾਂ ਤੁਹਾਨੂੰ ਤੋਪਦਮ ਕਰ ਦਿੱਤਾ ਜਾਵੇਗਾ। ਸ਼੍ਰੀ ਗੁਰੂ ਰਵਿਦਾਸ ਜੀ ਨੇ ਇਹ ਗੱਲ ਗੰਗਾ ਜੀ ਨੂੰ ਦੱਸੀ। ਗੰਗਾ ਜੀ ਨੇ ਗੁਰੂ ਰਵਿਦਾਸ ਜੀ ਦੀ ਗੱਲ ਸੁਣ ਕੇ ਕਿਹਾ ਕਿ ਉਹ ਰਾਜਾ ਹੈ ਅਤੇ ਉਂਝ ਸਿਧੇ ਢੰਗ ਨਾਲ ਨਹੀਂ ਮੰਨੇਗਾ। ਉਹ ਤੁਹਾਨੂੰ ਪ੍ਰੇਸ਼ਾਨ ਕਰੇਗਾ। ਰਾਜੇ ਨੂੰ ਬਰਾਤ ਲੈ ਕੇ ਆਉਣ ਦਿਉ। ਰਾਜਾ ਬਹੁਤ ਧੂਮ-ਧਾਮ ਨਾਲ ਬਰਾਤ ਲੈ ਕੇ ਗੁਰੂ ਰਵਿਦਾਸ ਜੀ ਦੇ ਦਰਵਾਜ਼ੇ ਉੱਤੇ ਆ ਗਿਆ।

ਲੜਕੀ ਦੇ ਰੂਪ ਵਿਚ ਗੰਗਾ ਜੀ ਸੋਲ੍ਹਾਂ ਸ਼ਿੰਗਾਰ ਕਰਕੇ ਬਾਹਰ ਆਈ ਅਤੇ ਰਾਜੇ ਨੂੰ ਦੇਖਦੀ ਹੋਈ ਉਸ ਕੁੰਭ ਵਿਚ ਕੁੱਦ ਪਈ ਜਿਸ ਵਿਚੋਂ ਸ਼੍ਰੀ ਗੁਰੂ ਰਵਿਦਾਸ ਜੀ ਨੇ ਕੰਗਣ ਕੱਢੇ ਸਨ। ਗੰਗਾ ਜੀ ਉਸ ਕੁੰਭ ਦਾਉਰੀ ਵਿਚ ਸਮਾ ਗਈ। ਦਾਉਰੀ ਵਿਚੋਂ ਪਾਣੀ ਦੀ ਵਗਦੀ ਹੋਈ ਇਕ ਅਜਿਹੀ ਧਾਰਾ ਨਿਕਲੀ, ਜਿਸ ਵਿਚ ਸਾਰੀ ਬਰਾਤ ਡੁੱਬ ਗਈ। ਸਾਰਿਆਂ ਨੂੰ ਇਸ ਗੱਲ ਦਾ ਗਿਆਨ ਹੋ ਗਿਆ ਕਿ ਗੰਗਾ ਜੀ ਖੁਦ ਕੰਨਿਆ ਦੇ ਰੂਪ ਵਿਚ ਸਨ, ਜੋ ਸ਼੍ਰੀ ਗੁਰੂ ਰਵਿਦਾਸ ਜੀ ਦੇ ਦਰਸ਼ਨ ਕਰਨ ਲਈ ਆਏ ਹੋਏ ਸਨ।

# ਉਲਟੀ ਗੰਗਾ ਵਹਾਉਣਾ

ਸਮੇਂ ਦੀ ਗਤੀ ਅਨੁਸਾਰ ਸ਼੍ਰੀ ਗੁਰੂ ਰਵਿਦਾਸ ਜੀ ਦੇ ਪਿਤਾ ਜੀ ਜੀਵਨ ਯਾਤਰਾ ਪੂਰਨ ਕਰਕੇ ਪ੍ਰਭੂ ਚਰਨਾਂ ਵਿਚ ਜਾ ਬਿਰਾਜੇ। ਸ਼੍ਰੀ ਗੁਰੂ ਰਵਿਦਾਸ ਜੀ ਉਹਨਾਂ ਦੀ ਪਾਲਕੀ ਲੈ ਕੇ ਗੰਗਾ ਜੀ ਦੇ ਕਿਨਾਰੇ ਸੰਸਕਾਰ ਕਰਨ ਲਈ ਪਹੁੰਚ ਗਏ। ਜਦੋਂ ਸ਼੍ਰੀ ਗੁਰੂ ਰਵਿਦਾਸ ਜੀ ਆਪਣੇ ਪਿਤਾ ਜੀ ਦਾ ਸੰਸਕਾਰ ਕਰਨ ਲੱਗੇ ਤਾਂ ਪੰਡਿਤਾਂ ਨੇ ਉਹਨਾਂ ਨੂੰ ਗੰਗਾ ਦੇ ਕਿਨਾਰੇ ਅਜਿਹਾ ਕਰਨ ਤੋਂ ਰੋਕਿਆ ਅਤੇ ਕਿਹਾ ਕਿ ਇਥੋਂ ਅੱਧ ਮੀਲ ਦੀ ਦੂਰੀ ਤੇ ਲੈ ਜਾਉ। ਉਥੇ ਚਿਤਾ ਬਣਾਈ ਗਈ ਅਤੇ ਅਗਨੀ ਭੇਟ ਕੀਤੀ ਗਈ। ਇੰਨੇ ਵਿਚ ਗੰਗਾ ਜੀ ਦੀ ਇਕ ਵੱਡੀ ਲਹਿਰ ਆਈ ਤੇ ਉਸ ਚਿਤਾ ਨੂੰ ਆਪਣੀ ਲਪੇਟ ਵਿਚ ਲੈ ਗਈ। ਉਥੋਂ ਗੰਗਾ ਜੀ ਦਾ ਉਲਟਾ ਵਹਾਓ ਆਇਆ। ਇਸ ਲਈ ਇਸ ਸਥਾਨ ਦਾ ਨਾਮ 'ਉਲਟੀ ਗੰਗਾ' ਪੈ ਗਿਆ। ਅੱਜ ਵੀ ਉਸ ਸਥਾਨ ਦੀ ਸਥਿਤੀ ਉਸੇ ਤਰ੍ਹਾਂ ਹੀ ਦਿਖਾਈ ਦਿੰਦੀ ਹੈ।

# ਸਤਿਗੁਰੂ ਰਵਿਦਾਸ ਜੀ ਅਤੇ ਸਿੰਕਦਰ ਲੋਧੀ

ਸਾਖੀ ਸ਼੍ਰੀ ਗੁਰੂ ਰਵਿਦਾਸ ਜੀ ਮਿਸ਼ਨ ਵਿਚ ਐਮ.ਐਂਰ. ਬਾਹੜਵਾਲ ਨੇ ਸਤਿਗੁਰੂ ਰਵਿਦਾਸ ਜੀ ਅਤੇ ਸਤਿਗੁਰੂ ਕਬੀਰ ਸਾਹਿਬ ਜੀ ਦੇ ਜੀਵਨ ਦੀ ਕਥਾ ਨੂੰ ਸਿੰਕਦਰ ਲੋਧੀ (ਜੋ ਉਹਨਾਂ ਦੇ ਸਮਕਾਲੀਨ ਸਨ) ਨਾਲ ਜੋੜਿਆ ਹੈ। ਸੰਤ ਕਬੀਰ ਜੀ ਨੂੰ ਮੁਸਲਮਾਨ ਬਣਾਉਣ ਲਈ ਬਹੁਤ ਯਤਨ ਕੀਤੇ ਗਏ। ਪ੍ਰੰਤੂ ਸਤਿਗੁਰੂ ਕਬੀਰ ਸਾਹਿਬ 'ਤੇ ਇਸ ਗੱਲ ਦਾ ਕੋਈ ਪ੍ਰਭਾਵ ਨਾ ਪਿਆ। ਸਤਿਗੁਰੂ ਕਬੀਰ ਜੀ ਨੂੰ ਸ਼ਰਾਬੀ (ਮਸਤ) ਹਾਥੀ ਅੱਗੇ ਸੁੱਟਿਆ ਗਿਆ ਪਰ ਹਾਥੀ ਕਬੀਰ ਸਾਹਿਬ ਨੂੰ ਨਮਸਕਾਰ ਕਰਕੇ ਵਾਪਿਸ ਚਲਾ ਗਿਆ। ਇਸ ਤੋਂ ਬਾਅਦ ਸਤਿਗੁਰੂ ਕਬੀਰ ਜੀ ਨੂੰ ਜੰਜ਼ੀਰ ਵਿਚ ਜਕੜ (ਬੰਨ) ਕੇ ਗੰਗਾ ਜੀ ਵਿਚ ਸੁੱਟਿਆ ਗਿਆ। ਗੰਗਾ ਜੀ ਦੀਆਂ ਲਹਿਰਾਂ ਨੇ ਉਹਨਾਂ ਦੀਆਂ ਬੇੜੀਆਂ ਕੱਟ ਦਿੱਤੀਆਂ।

ਇਸ ਤਰ੍ਹਾਂ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਇਕ ਹਨੇਰੀ ਕੋਠੜੀ ਵਿਚ ਬੰਦ ਕਰ ਦਿੱਤਾ ਗਿਆ। ਸਾਰੇ ਸ਼ਰਧਾਲੂਆਂ ਨੂੰ ਇਸ ਤਰ੍ਹਾਂ ਪ੍ਰਤੀਤ ਹੋ ਰਿਹਾ ਸੀ ਜਿਵੇਂ ਗੁਰੂ ਜੀ ਕਿਸੇ ਸਿੰਘਾਸਨ ਤੇ ਬੈਠੇ ਹੋਣ। ਜੇਲ੍ਹ ਦੇ ਅਧਿਕਾਰੀਆਂ ਨੇ ਸਿੰਕਦਰ ਲੋਧੀ ਨੂੰ ਇਹ ਜਾਣਕਾਰੀ ਦਿੱਤੀ ਕਿ ਗੁਰੂ ਜੀ ਬਹੁਤ ਗਿਆਨਵਾਨ ਹਨ। ਬਾਦਸ਼ਾਹ ਸਿੰਕਦਰ ਨੇ ਸੋਚਿਆ ਕਿ ਉਸਨੇ ਗੁਰੂ ਜੀ ਨੂੰ ਕੋਠੜੀ ਵਿਚ ਬੰਦ ਕਰਕੇ ਗ਼ਲਤ ਕੀਤਾ ਹੈ। ਬਾਦਸ਼ਾਹ ਨੇ ਸ਼੍ਰੀ ਗੁਰੂ ਰਵਿਦਾਸ ਜੀ ਪਾਸੋਂ ਗਲਤੀ ਦੀ ਮੁਆਫੀ ਮੰਗੀ ਅਤੇ ਮੁੱਲਾਂ ਮੌਲਵੀਆਂ ਨੂੰ ਤਾੜਨਾ ਕੀਤੀ ਕਿ ਅੱਗੋਂ ਤੋਂ ਇਹਨਾਂ ਮਹਾਂਪੁਰਸ਼ਾਂ ਦੇ ਵਿਰੋਧ ਵਿਚ ਕੁਝ ਨਾ ਕਹਿਣ।

ਇਕ ਵਾਰ ਫਿਰ ਸਿਕੰਦਰ ਲੋਧੀ ਨੇ ਮੁਸਲਮਾਨਾਂ ਅਤੇ ਬ੍ਰਾਹਮਣਾਂ ਦੇ ਕਹਿਣ ਤੇ ਸਤਿਗੁਰੂ ਰਵਿਦਾਸ ਜੀ ਨੂੰ ਕੈਦ ਕਰ ਲਿਆ। ਜਦੋਂ ਰਾਤ ਹੋਈ ਤਾਂ



ਸੰਤ ਰਵਿਦਾਸ ਜੀ ਦੀ ਨੂਰੀ ਸ਼ਕਤੀ ਨੇ ਇਕ ਜਲਵਾ ਦਿਖਾਇਆ। ਇਸ ਦ੍ਰਿਸ਼ ਵਿਚ ਸਿਕੰਦਰ ਲੋਧੀ ਨੇ ਦੇਖਿਆ ਕਿ ਸ਼੍ਰੀ ਗੁਰੂ ਰਵਿਦਾਸ ਜੀ ਉਹਨਾਂ ਦੀ ਸਹਾਇਤਾ ਕਰਕੇ ਉਹਨਾਂ ਨੂੰ ਬਚਾ ਰਹੇ ਹਨ। ਇਸ ਗੱਲ ਦਾ ਬਾਦਸ਼ਾਹ ਦੇ ਮਨ ਉੱਪਰ ਬਹੁਤ ਗਹਿਰਾ ਪ੍ਰਭਾਵ ਪਿਆ। ਬਾਦਸ਼ਾਹ ਨੂੰ ਮਹਿਸੂਸ ਹੋਇਆ ਕਿ ਉਸਨੇ ਗੁਰੂ ਜੀ ਨੂੰ ਜੇਲ੍ਹ ਵਿਚ ਬੰਦ ਕਰਕੇ ਬਹੁਤ ਵੱਡੀ ਭੁੱਲ ਕੀਤੀ ਹੈ। ਅਗਲੇ ਦਿਨ ਸਵੇਰੇ ਬਾਦਸ਼ਾਹ ਨੇ ਜਦੋਂ ਕਚਿਹਰੀ ਲਗਾਈ ਤਾਂ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਉੱਥੇ ਬੁਲਾਇਆ ਅਤੇ ਉਹਨਾਂ ਕੋਲੋਂ ਮੁਆਫ਼ੀ ਮੰਗੀ। ਬਾਦਸ਼ਾਹ ਨੇ ਜੇਲ੍ਹ ਵਿਚ ਜਿੱਥੇ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਬੰਦ ਕੀਤਾ ਸੀ, ਉਸ ਸਥਾਨ ਤੇ ਮਸਜਿਦ ਬਣਵਾਈ। ਇਹ ਮਸਜਿਦ ਅੱਜ ਵੀ ਬਨਾਰਸ ਵਿਚ ਸਥਿਤ ਹੈ। ਸ਼੍ਰੀ ਹਰਭਜਨ ਰਤਨ ਨੇ ਵੀ ਆਪਣੇ ਮਹਾਂਕਾਵਿ 'ਗੁਰੂ ਰਵਿਦਾਸ ਮਹਾਨ' ਵਿਚ ਆਪਣੇ ਵਿਚਾਰ ਪ੍ਰਗਟ ਕੀਤੇ ਹਨ, ਜਿਹਨਾਂ ਤੋਂ ਸਿਕੰਦਰ ਲੋਧੀ ਦਾ ਪਛਤਾਵਾ ਪ੍ਰਗਟ ਹੁੰਦਾ ਹੈ। ਸ਼੍ਰੀ ਗੁਰੂ ਰਵਿਦਾਸ ਜੀ ਦੀ ਮਹਾਨਤਾ ਅੱਗੇ ਸਿਕੰਦਰ ਬਾਦਸ਼ਾਹ ਨੂੰ ਵੀ ਝੁਕਣਾ ਪਿਆ।

ਡਾ. ਧਰਮਪਾਲ ਸਿੰਗਲ ਨੇ ਲਿਖਿਆ ਹੈ ਕਿ 'ਜਦੋਂ ਸਿਕੰਦਰ ਲੋਧੀ ਬਨਾਰਸ ਆਇਆ ਤਾਂ ਉਸਨੇ ਗੁਰੂ ਜੀ ਦੀ ਬਹੁਤ ਮਹਿਮਾ ਸੁਣੀ। ਉਹਨਾਂ ਦੀ ਮਹਿਮਾ ਸੁਣਕੇ ਸਿਕੰਦਰ ਲੋਧੀ ਨੇ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਆਪਣੇ ਦਰਬਾਰ ਵਿਚ ਬੁਲਾਇਆ। ਗੁਰੂ ਜੀ ਦੀ ਭਗਤੀ ਗਿਆਨ ਅਤੇ ਅਲੌਕਿਕ ਮਹਿਮਾ ਦੇਖ ਕੇ ਸਿਕੰਦਰ ਲੋਧੀ ਬਹੁਤ ਹੈਰਾਨ ਹੋਇਆ।'

ਸ਼੍ਰੀ ਗੁਰੂ ਰਵਿਦਾਸ ਜੀ ਦੀ ਭਗਤੀ ਅਤੇ ਗਿਆਨ ਕਾਰਨ ਉਹਨਾਂ ਦੇ ਸਮਕਾਲੀਨ ਬ੍ਰਾਹਮਣ ਉਹਨਾਂ ਤੋਂ ਬਹੁਤ ਈਰਖਾ ਕਰਦੇ ਹਨ। ਬਾਦਸ਼ਾਹ ਸਿਕੰਦਰ ਲੋਧੀ ਕੋਲ ਬ੍ਰਾਹਮਣਾਂ ਨੇ ਸ਼ਿਕਾਇਤ ਕੀਤੀ। ਇਸ ਸ਼ਿਕਾਇਤ ਦੇ ਫੈਸਲੇ ਲਈ ਇਕ ਸ਼ਰਾਬੀ (ਮਸਤ) ਹਾਥੀ ਨੂੰ ਸ਼੍ਰੀ ਗੁਰੂ ਰਵਿਦਾਸ ਜੀ ਅੱਗੇ ਛੱਡਿਆ ਗਿਆ। ਉਹ ਹਾਥੀ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਨਮਸਕਾਰ ਕਰਕੇ ਵਾਪਿਸ ਚਲਾ ਗਿਆ। ਇਹ ਦੇਖ ਕੇ ਸਿਕੰਦਰ ਬਾਦਸ਼ਾਹ ਤੇ ਬਾਕੀ ਸਾਰੇ ਲੋਕ ਬਹੁਤ ਹੈਰਾਨ ਹੋਏ। ਸਿਕੰਦਰ ਬਾਦਸ਼ਾਹ ਨੇ ਸ਼੍ਰੀ ਗੁਰੂ ਰਵਿਦਾਸ ਜੀ ਪਾਸੋਂ ਮੁਆਫੀ ਮੰਗੀ।

# ਗੁਰੂ ਰਵਿਦਾਸ ਜੀ ਦੀਆਂ ਉਦਾਸੀਆਂ/ਯਾਤਰਾਵਾਂ

ਗੁਰੂ ਰਵਿਦਾਸ ਜੀ ਨੇ ਭਾਰਤ ਦੇਸ਼ ਵਿਚ ਭੁੱਲੀ-ਭਟਕੀ ਲੋਕਾਈ ਨੂੰ ਸਿੱਧੇ ਰਾਹੇ ਪਾਉਣ ਲਈ ਕਈ ਸਾਲ ਯਾਤਰਾਵਾਂ ਕੀਤੀਆਂ। ਪ੍ਰੰਤੂ ਛੂਆ-ਛੂਤ ਛਾਤ ਦਾ ਜ਼ੋਰ ਜ਼ਿਆਦਾ ਹੋਣ ਕਰਕੇ ਉਨ੍ਹਾਂ ਦੇ ਜਾਣ ਮਗਰੋਂ ਉਨ੍ਹਾਂ ਦੀਆਂ ਸਾਰੀਆਂ ਨਿਸ਼ਾਨੀਆਂ ਮਿਟਾ ਦਿੱਤੀਆਂ ਗਈਆਂ। ਗਰੀਬ ਅਤੇ ਦੂਜਿਆਂ ਦੀ ਕਿਰਪਾ 'ਤੇ ਜਿਊਣ ਵਾਲੇ ਸਮਾਜ ਨੇ ਉਨ੍ਹਾਂ ਦੀਆਂ ਯਾਦਾਂ ਕਿਵੇਂ ਸਾਂਭ ਕੇ ਰੱਖਣੀਆਂ ਸਨ!

ਗੁਰੂ ਰਵਿਦਾਸ ਜੀ ਨੇ ਆਪਣੇ ਜੀਵਨ ਆਦਰਸ਼ ਨੂੰ ਭਾਰਤੀ ਸਮਾਜ

ਤੱਕ ਪਹੁੰਚਾਉਣ ਲਈ ਕੇਵਲ ਲਿਖਤੀ ਬਾਣੀ ਰਾਹੀਂ ਹੀ ਨਹੀਂ ਬਲਕਿ ਭਾਰਤ ਦੇ ਕੋਨੇ-ਕੋਨੇ 'ਚ ਜਾ ਕੇ ਮਨੁੱਖ ਨੂੰ ਸੁਧਾਰਨ ਦਾ ਬੀੜਾ ਚੁੱਕਿਆ।

ਭਾਰਤੀ ਸਮਾਜ ਨੂੰ ਜ਼ਾਤ-ਪਾਤ, ਭੇਦ-ਭਾਵ, ਅਨਪੜ੍ਹਤਾ-ਜ਼ਹਾਲਤ, ਪਾਖੰਡਵਾਦ, ਔਰਤ ਦੀ ਹੋ ਰਹੀ ਅਧੋਗਤੀ ਜਿਹੇ ਭਿਆਨਕ ਮਸਲਿਆਂ ਤੋਂ ਨਜਾਤ ਦਿਵਾਉਣ ਲਈ ਗੁਰੂ ਰਵਿਦਾਸ ਜੀ ਨੇ ਹੇਠ ਲਿਖੀਆਂ ਯਾਤਰਾਵਾਂ ਆਰੰਭੀਆਂ। ਵਿਦਵਾਨ ਬੁੱਧੀਜੀਵੀਆਂ ਅਨੁਸਾਰ ਉਹ ਯਾਤਰਾਵਾਂ ਹਨ :-

**ਉਦਾਸੀ**-1 :-

(1) ਰਾਣੀਪੁਰ, ਮਾਲਪੀ, ਮਾਧੋਪੁਰ, ਭਾਗਲਪੁਰ, ਨਾਰਾਇਣਗੜ੍ਹ, ਕਾਲਪੀ ਅਤੇ ਨਾਗਪੁਰ।
(2) ਬਰਹਾਨਪੁਰ, ਬੀਜਾਪੁਰ ਅਤੇ ਭੂਪਾਲ।
(3) ਚੰਦੇਹੀ, ਝਾਂਸੀ, ਟੋਡ, ਬੂੰਦੀ ਅਤੇ ਫਿਰ ਉਦੇਪੁਰ।
(4) ਜੋਧਪੁਰ, ਅਜਮੇਰ ਤੇ ਫਿਰ ਬੰਬਈ।
(5) ਅਮਰਕੋਟ, ਹੈਦਰਾਬਾਦ, ਕਾਠੀਆਵਾੜ ਤੇ ਫਿਰ ਬੰਬਈ।
(6) ਬੰਬਈ ਤੋਂ ਕਰਾਚੀ, ਜੈਸਲਮੇਰ, ਜੋਧਪੁਰ ਤੇ ਬਹਾਵਲਪੁਰ।
(7) ਕਾਲਾਬਾਗ਼ ਕੋਹਾਟ, ਦੱਰਾ ਖੈਬਰ ਤੇ ਜਲਾਲਾਬਾਦ।
(8) ਜਲਾਲਾਬਾਦ ਤੋਂ ਕਾਫਰਸਤਾਨ ਤੇ ਫਿਰ ਏਥੋਂ ਸ੍ਰੀਨਗਰ।
(9) ਡਲਹੌਜੀ ਤੋਂ ਗੋਰਖਪੁਰ (ਨਾਥਾਂ ਨਾਲ ਵਾਰਤਾਲਾਪ) ਤੇ ਗੋਰਖਪੁਰ ਤੋਂ ਕਾਸ਼ੀਪੁਰ।

**ਉਦਾਸੀ**-2 :

ਕਾਸ਼ੀਪੁਰ ਤੋਂ ਗੋਰਖਪੁਰ ਫਿਰ ਇਥੋਂ ਪਰਤਾਪਗੜ੍ਹ, ਸ਼ਾਹਜਹਾਨਪੁਰ ਤੇ ਇਸ ਤੋਂ ਬਾਅਦ ਉਹ ਹਿਮਾਲਾ ਪਰਬਤ 'ਤੇ ਚੜ੍ਹ ਗਏ। ਸੰਗਤ ਸਾਰੀ ਮੋੜ ਦਿੱਤੀ ਤੇ ਹੁਕਮ ਦਿੱਤਾ ਕਿ ਉਨ੍ਹਾਂ ਦਾ ਪੁੱਤਰ ਉਨ੍ਹਾਂ ਤੋਂ ਬਾਅਦ ਸੰਗਤ ਨੂੰ ਨਾਮ/ਗੁਰੂਦੀਖਿਆ ਦੇਵੇਗਾ ਅਤੇ ਉਹ ਕਾਫੀ ਦੇਰ ਬਾਅਦ ਆਉਣਗੇ।

ਇਨ੍ਹਾਂ ਯਾਤਰਾਵਾਂ ਦੌਰਾਨ ਗੁਰੂ ਜੀ ਨੇ ਬਹੁਤ ਸਾਰੇ ਕ੍ਰਾਂਤੀਕਾਰੀ ਸੁਧਾਰ ਲਿਆਂਦੇ। ਗੁਰੂ ਜੀ ਦੇ ਚਰਨਾਂ ਵਿਚ ਢਹਿ ਕੇ ਬਹੁਤ ਸਾਰੇ ਪਾਪੀਆਂ ਨੇ ਆਪਣੀਆਂ ਭੁੱਲਾਂ ਬਖ਼ਸ਼ਾਈਆਂ, ਧਰਮ ਦੇ ਕੱਟੜ ਤੋਂ ਵੀ ਕੱਟੜ ਠੇਕੇਦਾਰਾਂ ਨੇ ਗੁਰੂ ਜੀ ਦੁਆਰਾ ਦਰਸਾਏ ਰਾਹ 'ਤੇ ਚੱਲਕੇ ਆਪਣਾ ਜੀਵਨ ਸਫ਼ਲ ਕੀਤਾ। ਇਸ ਦੌਰਾਨ ਗੁਰੂ ਜੀ ਨੇ ਕਈ ਲਾਇਲਾਜ ਰੋਗੀਆਂ 'ਤੇ ਵੀ ਕਿਰਪਾ ਕੀਤੀ। ਗੁਰੂ ਜੀ ਨੇ ਕਈ ਅੰਨ੍ਹਿਆਂ ਨੂੰ ਨਜ਼ਰਾਂ ਦਿੱਤੀਆਂ। ਜੋ ਵੀ ਪ੍ਰਾਣੀ ਉਨ੍ਹਾਂ ਦੀ ਸ਼ਰਨ ਵਿਚ ਆਇਆ ਚਾਹੇ ਉਹ ਹਿੰਦੂ ਸੀ ਜਾਂ ਮੁਸਲਮਾਨ, ਚਾਹੇ ਉਹ ਬ੍ਰਾਹਮਣ, ਖੱਤਰੀ, ਵੈਸ਼ ਜਾਂ ਸ਼ੂਦਰ ਸੀ, ਸਭ 'ਤੇ ਗੁਰੂ ਜੀ ਨੇ ਆਪਣੀ ਮਿਹਰ ਭਰੀ ਨਜ਼ਰ ਕੀਤੀ।



**ਉਦਾਸੀ**-3

**(ਗੁਰੂ ਰਵਿਦਾਸ ਜੀ ਦੀ ਅਰਬ ਦੇਸ਼ਾਂ ਦੀ ਯਾਤਰਾ)** :

ਗੁਰੂ ਜੀ ਨੇ ਹਰ ਧਰਮ ਦੇ ਮੁਖੀਆਂ ਨਾਲ ਵਿਚਾਰ ਗੋਸ਼ਟੀਆਂ ਕੀਤੀਆਂ ਅਤੇ ਅਣਗਿਣਤ ਲੋਕਾਂ ਨੂੰ ਸਤਿ ਉਪਦੇਸ਼ ਦਿੱਤੇ।

ਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਆਏ ਸਥਾਨਾਂ ਦੇ ਨਾਵਾਂ ਤੇ ਸਥਾਨਾਂ ਦੇ ਗੂੜ੍ਹੇ ਭੇਦਾਂ ਤੋਂ ਵੀ ਵਾਕਫ਼ੀ ਹੁੰਦੀ ਹੈ ਕਿ ਆਪ ਨੇ ਦੂਰ ਦੂਰ ਤੱਕ ਗਵਨ ਕੀਤਾ। ਆਪ ਜੀ ਦਾ ਇਕ ਸ਼ਬਦ 'ਬੇਗ਼ਮਪੁਰਾ ਸਹਿਰ ਕੋ ਨਾਓ' ਵਿਚ ਦਰਜ 'ਆਬਾਦਾਨ' 'ਤੇ ਵਿਚਾਰ ਕਰੀਏ ਤਾਂ ਆਪ ਜੀ ਦੀ ਅਰਬ ਦੇਸ਼ਾਂ ਦੀ ਯਾਤਰਾ ਦੇ ਸੰਕੇਤ ਮਿਲਦੇ ਹਨ।

ਮੈਂ ਜਦੋਂ ਗੁਰੂ ਰਵਿਦਾਸ ਜੀ ਦੀ ਬਾਣੀ ਦੀ ਵਿਆਖਿਆ ਦੇ ਸੰਬੰਧ ਵਿਚ ਬਾਣੀ ਦੇ ਵਿਚ ਪ੍ਰਯੋਗ ਕੀਤੇ ਲਫ਼ਜ਼ਾਂ ਦੇ ਅਰਥਾਂ ਨੂੰ ਡੂੰਘਾਈ ਨਾਲ ਵਾਚ ਰਿਹਾ ਸੀ ਤਾਂ ਆਬਾਦਾਨੁ ਦਾ ਅਰਥ ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਵਿਚ ਦੇਖ ਕੇ ਹੈਰਾਨ ਰਹਿ ਗਿਆ ਜਦਕਿ ਬਹੁਤੇ ਵਿਆਖਿਆਕਾਰ 'ਆਬਾਦਾਨੁ' ਦਾ ਅਰਥ ਸਿਰਫ਼ 'ਆਬਾਦ' ਹੀ ਕੱਢਦੇ ਆਏ ਹਨ। 'ਮਹਾਨ ਕੋਸ਼' ਵਿਚ ਇਸਦਾ ਅਰਥ 'ਇਰਾਕ ਅਰਬ ਦਾ ਇਕ ਪ੍ਰਸਿੱਧ ਸ਼ਹਿਰ' ਹੈ। ਪ੍ਰੰਤੂ ਲੇਖਕ ਥੋੜ੍ਹਾ ਜਿਹਾ ਟਪਲਾ ਖਾ ਗਿਆ ਕਿਉਂਕਿ ਖੋਜ ਕਰਨ ਉਪਰੰਤ ਪਤਾ ਲੱਗਾ ਹੈ ਕਿ ਆਬਾਦਾਨ ਇਰਾਕ ਦਾ ਨਹੀਂ ਈਰਾਨ ਦਾ ਪ੍ਰਸਿੱਧ ਸ਼ਹਿਰ ਹੈ।

ਗੁਰੂ ਰਵਿਦਾਸ ਜੀ ਦੀ ਬਾਣੀ ਤੋਂ ਇਹ ਪ੍ਰਮਾਣ ਮਿਲਦਾ ਹੈ ਕਿ ਗੁਰੂ ਜੀ ਨੇ ਆਪਣੀ ਬਾਣੀ ਖ਼ੁਦ ਦੇ ਨਿੱਜੀ ਅਨੁਭਵ ਦੁਆਰਾ ਹੀ ਲਿਖੀ ਹੈ। ਬਾਹਰੀ ਕਿਰਿਆਵਾਂ ਨੂੰ ਅੰਦਰੂਨੀ ਅਨੁਭਵ ਨਾਲ ਸੁਮੇਲ ਕਰਕੇ ਸ੍ਰੋਤਿਆਂ ਨੂੰ ਰੁਚਿਤ ਕਰਨ ਵਾਸਤੇ ਅਤੇ ਜਨ ਕਲਿਆਣ ਵਾਸਤੇ ਆਪਣੀ ਬਾਣੀ ਨੂੰ ਬਹੁਤ ਸੁੰਦਰ ਢੰਗ-ਤਰੀਕਿਆਂ ਨਾਲ ਉਚਾਰਨ ਕੀਤਾ ਹੈ-

ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ॥
ਰਮਈਏ ਸਿਉ ਇਕ ਬੇਨਤੀ ਮੇਰੀ ਪੂੰਜੀ ਰਾਖੁ ਮੁਰਾਰਿ॥੧॥
ਕੋ ਬਨਜਾਰੋ ਰਾਮ ਕੋ ਮੇਰਾ ਟਾਂਡਾ ਲਾਦਿਆ ਜਾਇ ਰੇ॥

(ਭਾਵ—ਜੇਕਰ ਰਾਮ ਨਾਮ ਦਾ ਵਣਜ ਕਰਨ ਵਾਲਾ ਕੋਈ ਵਪਾਰੀ ਹੈ ਤਾਂ ਮੇਰੇ ਪਾਸ ਆ ਕੇ ਪਰਮਾਤਮਾ ਦੇ ਰਾਮ-ਨਾਮ ਦਾ ਵਪਾਰ ਕਰ ਲਵੇ। ਮੇਰਾ ਟਾਂਡਾ ਪਰਮਾਤਮਾ ਦੇ ਨਾਮ ਨਾਲ ਲੱਦਿਆ ਹੋਇਆ ਹੈ। ਜਿਵੇਂ ਇਕ ਗੁਣ-ਹੀਣ ਬੈਲ ਲਈ ਪਹਾੜੀ ਦਾ ਬਿਖੜਾ ਅਤੇ ਸੰਘਣਾ ਰਸਤਾ ਤਹਿ ਕਰਕੇ ਆਪਣੀ ਮੰਜ਼ਿਲ ਦੀ ਪ੍ਰਾਪਤੀ ਕਰਨਾ ਔਖਾ ਹੈ। ਇਸੇ ਤਰ੍ਹਾਂ ਸੰਸਾਰੀ ਜੀਵ ਲਈ ਦੁਰਲੱਭ ਮਨੁੱਖ ਜਨਮ ਪ੍ਰਾਪਤ ਕਰਕੇ ਪਰਮਾਤਮਾ ਦੀ ਪ੍ਰਾਪਤੀ ਦਾ ਰਸਤਾ ਅਗਿਆਨਤਾ ਅਤੇ ਸੰਸਾਰੀ ਝੂਠੇ ਬੰਧਨਾਂ ਕਾਰਨ ਬਹੁਤ ਖਤਰਨਾਕ, ਪਹਾੜੀ ਵਾਂਗ ਕਠਿਨ ਅਤੇ ਜੰਗਲ ਵਾਂਗ ਘਣਾ ਹੈ। ਇਸ ਰਸਤੇ ਤੋਂ ਲੰਘਣ ਵਾਲੇ ਜੀਵ ਦਾ ਮਨ-ਰੂਪੀ ਬੈਲ ਬਹੁਤ ਕਮਜ਼ੋਰ ਹੈ। ਹੇ ਪਰਮਾਤਮਾ! ਮੇਰੀ

ਆਪ ਜੀ ਅੱਗੇ ਬੇਨਤੀ ਹੈ ਕਿ ਸੰਸਾਰੀ ਜੀਵ ਦੀ ਸੁਆਸਾਂ ਰੂਪੀ ਪੂੰਜੀ ਦੀ ਰੱਖਿਆ ਕਰੋ ਜੀ।)

–

ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ॥
ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾਪਾਰੁ ਨ ਸੂਝ॥

(ਭਾਵ–ਹੇ ਪਰਮਾਤਮਾ ਜੀ, ਜਿਵੇਂ ਖੂਹ ਵਿਚ ਡੱਡੂ ਪਿਆ ਹੁੰਦਾ ਹੈ ਉਸ ਨੂੰ ਖੂਹ ਤੋਂ ਬਾਹਰੀ ਦੁਨੀਆਂ ਦੀ ਕੋਈ ਖਬਰ ਨਹੀਂ ਹੁੰਦੀ। ਕਿਉਂਕਿ ਡੱਡੂ ਦਾ ਮਨ ਅਗਿਆਨਤਾ–ਵੱਸ ਹੋ ਕੇ ਵਿਸ਼ੇ ਵਿਕਾਰਾਂ ਨਾਲ ਲਿਪਤ ਹੋਏ ਨੂੰ ਖੂਹ ਤੋਂ ਬਾਹਰੀ ਦੁਨੀਆਂ ਦੀ ਕੋਈ ਖ਼ਬਰ ਨਹੀਂ ਹੈ। ਇਸੇ ਪ੍ਰਕਾਰ ਦੀ ਹਾਲਤ ਇਸ ਜੀਵ ਦੀ ਹੈ, ਜਿਸ ਦਾ ਮਨ ਅਗਿਆਨਤਾ ਵੱਸ ਹੋ ਕੇ ਭਰਮ ਰੂਪੀ ਖੂਹ ਵਿਚ ਫਸਿਆ ਹੈ।)

–

ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ॥
ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ॥੫॥
ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ॥
ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ॥੬॥

(ਭਾਵ–ਜਿਵੇਂ ਇਹ ਮਹਾਨ ਸੱਚਾਈ ਹੈ ਕਿ ਸੂਰਜ ਦੇ ਪਰਕਾਸ਼ ਨਾਲ ਰਾਤ ਦਾ ਹਨ੍ਹੇਰਾ ਦੂਰ ਹੋ ਜਾਂਦਾ ਹੈ। ਇਸ ਗੱਲ ਨੂੰ ਸੰਸਾਰ ਦੇ ਲੋਕ ਬਹੁਤ ਚੰਗੀ ਤਰ੍ਹਾਂ ਜਾਣਦੇ ਹਨ। ਇਸੇ ਤਰ੍ਹਾਂ ਜਦ ਤੱਕ ਜੀਵ ਦੇ ਮਨ ਵਿਚ ਗੁਰੂ ਦੇ ਗਿਆਨ ਦਾ ਪ੍ਰਕਾਸ਼ ਨਹੀਂ ਹੁੰਦਾ ਓਨਾ ਚਿਰ ਅਗਿਆਨਤਾ ਦੇ ਹਨੇਰੇ ਦਾ ਨਾਸ਼ ਨਹੀਂ ਹੁੰਦਾ। ਜੀਵ ਦੇ ਪੂਰਵਲੇ ਕਰਮ ਚੰਗੇ ਤਾਂ ਹੀ ਸਮਝਣੇ ਚਾਹੀਦੇ ਹਨ ਜਦੋਂ ਉਸਦਾ ਪਰਸ ਪਾਰਸ ਗੁਰੂ ਨਾਲ ਮਿਲਾਪ ਹੋ ਜਾਂਦਾ ਹੈ ਜਿਸਦੇ ਮਿਲਣ ਨਾਲ ਜੀਵ ਦੇ ਅਗਿਆਨਤਾ ਦੇ ਸਖਤ ਦਰਵਾਜ਼ੇ ਖੁੱਲ੍ਹ ਜਾਂਦੇ ਹਨ ਅਤੇ ਜੀਵ ਤੁਰੀਆ ਅਵਸਥਾ, ਵਿਚ ਪਹੁੰਚ ਜਾਂਦਾ ਹੈ।)

–

ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ॥
ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ॥੧॥

(ਭਾਵ–ਹੇ ਪਰਮਾਤਮਾ ਜੀ! ਆਪ ਸੰਸਾਰ ਵਿਚ ਚੰਦਨ ਵਾਂਗ ਸ੍ਰੇਸ਼ਟ ਹੋ। ਅਸੀਂ ਸੰਸਾਰੀ ਜੀਵ ਵਿਕਾਰਾਂ ਕਰਕੇ ਇਰੰਡ ਵਾਂਗ ਗੁਣਹੀਨ ਹਾਂ। ਪਰ ਜਿਵੇਂ ਚੰਦਨ ਪਾਸ ਅਰਿੰਡ ਦਾ ਵਾਸਾ ਹੁੰਦਾ ਹੈ, ਇਸੇ ਤਰ੍ਹਾਂ ਪ੍ਰਭੂ ਜੀ ਸਾਡਾ ਵਾਸਾ ਆਪ ਪਾਸ ਹੈ। ਜਿਵੇਂ ਚੰਦਨ ਦੇ ਕੋਲ ਰਹਿਣ ਕਰਕੇ ਇਰੰਡ ਵਿਚ ਵੀ ਚੰਦਨ ਵਰਗੀ ਸੁਗੰਧੀ ਆ ਜਾਂਦੀ ਹੈ ਅਤੇ ਨੀਚ ਕਿਹਾ ਜਾਣ ਵਾਲਾ ਇਰੰਡ ਚੰਦਨ ਵਰਗਾ ਹੀ ਉੱਤਮ ਬਣ ਜਾਂਦਾ ਹੈ। ਇਸੇ ਪ੍ਰਕਾਰ ਪਰਮਾਤਮਾ ਜੀ, ਆਪ ਦੀ ਸੰਗਤ ਕਰਕੇ ਅਸੀਂ ਆਪ ਦਾ ਰੂਪ ਹੋ ਗਏ ਹਾਂ।)



–

ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ
ਜੈਸੇ ਕਾਗਰਾ ਕਰਤ ਬੀਚਾਰੰ॥
ਭਗਤਿ ਭਾਗਉਤੁ ਲਿਖੀਐ ਤਿਹ ਊਪਰੇ
ਪੂਜੀਐ ਕਰਿ ਨਮਸਕਾਰੰ॥੨॥

–

(ਭਾਵ–ਜਿਵੇਂ ਤਾੜ ਦਾ ਰੁੱਖ ਅਪਵਿੱਤਰ ਮੰਨਿਆ ਜਾਂਦਾ ਹੈ ਕਿਉਂਕਿ ਉਸ ਵਿਚ ਨਸ਼ੇ ਵਰਗਾ (ਜਲ) ਪਦਾਰਥ ਹੁੰਦਾ ਹੈ। ਵਿਚਾਰ ਕਰਨ ਵਾਲੇ ਤਾੜ ਦੇ ਰੁੱਖ ਦੇ ਪੱਤਿਆਂ ਤੋਂ ਬਣੇ ਕਾਗਜ਼ਾਂ ਨੂੰ ਅਪਵਿੱਤਰ ਸਮਝਦੇ ਹਨ। ਪ੍ਰੰਤੂ ਜਦੋਂ ਉਹਨਾਂ 'ਤੇ ਪ੍ਰਭੂ ਦਾ ਨਾਮ ਅਤੇ ਪ੍ਰਭੂ ਦੀ ਸਿਫਤ ਸਲਾਹ ਲਿਖ ਦਿੱਤੀ ਜਾਂਦੀ ਹੈ ਤਾਂ ਨਮਸਕਾਰਾਂ ਕਰਕੇ ਪੂਜੇ ਜਾਂਦੇ ਹਨ। ਇਸੇ ਤਰ੍ਹਾਂ ਜਿਹਨਾਂ ਜੀਵਾਂ ਨੂੰ ਸੰਸਾਰੀ ਲੋਕ ਅਗਿਆਨਤਾ ਕਰਕੇ ਨੀਚ ਸਮਝਦੇ ਸਨ, ਜਦੋਂ ਉਨ੍ਹਾਂ ਨੇ ਪਰਮਾਤਮਾ ਦਾ ਨਾਮ ਜਪਿਆ ਤਾਂ ਉਹ ਵੀ ਇਸ ਸੰਸਾਰ ਵਿਚ ਨਮਸਕਾਰਾਂ ਕਰਕੇ ਪੂਜੇ ਜਾਂਦੇ।)

–

ਤੂ ਕਾਂਇ ਗਰਬਹਿ ਬਾਵਲੀ॥
ਜੈਸੇ ਭਾਦਉ ਖੂੰਬ ਰਾਜੁ ਤੂ ਤਿਸ ਤੇ ਖਰੀ ਉਤਾਵਲੀ॥੧॥ ਰਹਾਉ॥
ਜੈਸੇ ਕੁਰੰਕ ਨਹੀ ਪਾਇਓ ਭੇਦੁ॥
ਤਨਿ ਸੁਗੰਧ ਢੂਢੈ ਪ੍ਰਦੇਸੁ॥

(ਭਾਵ–ਹੇ ਝੱਲੀਏ, ਤੂੰ ਝੂਠਾ ਹੰਕਾਰ ਕਿਉਂ ਕਰਦੀ ਹੈ। ਜਿਵੇਂ ਭਾਦੋਂ ਦੇ ਮਹੀਨੇ ਵਿਚ ਖੁੰਬਾਂ ਦਾ ਜੀਵਨ ਕੁਝ ਕੁ ਸਮੇਂ ਲਈ ਹੀ ਹੁੰਦਾ ਹੈ। ਤੇਰਾ ਤਾਂ ਕੋਈ ਭਰੋਸਾ ਹੀ ਨਹੀਂ ਤੂੰ ਤਾਂ ਉਸ ਤੋਂ ਵੀ ਛੇਤੀ ਸਮਾਪਤ ਹੋਣ ਵਾਲੀ ਹੈ।)

–

ਮੈਲੇ ਕਪਰੇ ਕਹਾ ਲਉ ਧੋਵਉ॥
ਆਵੈਗੀ ਨੀਦ ਕਹਾ ਲਗੁ ਸੋਵਉ॥

(ਭਾਵ–ਸੰਤਾਂ ਦੀ ਸੰਗਤ ਤੋਂ ਬਿਨਾਂ ਜੀਵ ਅੰਤਹਿ–ਕਰਣ ਰੂਪੀ ਮੈਲੇ ਕੱਪੜਿਆਂ ਨੂੰ ਕਿੱਥੇ ਜਾ ਕੇ ਧੋਵੇਗਾ? ਅਤੇ ਅਗਿਆਨਤਾ ਰੂਪੀ ਨੀਂਦ ਵਿਚ ਕਦੋਂ ਤੱਕ ਸੋਵੇਂਗਾ?)

ਗੁਰੂ ਜੀ ਨੇ ਹੇਠ ਲਿਖਿਆ ਪੂਰਾ ਸ਼ਬਦ ਹੀ ਆਪਣੇ ਸਮਾਜ ਦੇ ਰੋਜ਼ਾਨਾ ਕੰਮ–ਕਾਜ ਨਾਲ ਜੋੜ ਕੇ ਲਿਖ ਦਿੱਤਾ:

ਚਮਰਟਾ ਗਾਂਠਿ ਨ ਜਨਈ॥
ਲੋਗੁ ਗਠਾਵੈ ਪਨਹੀ॥੧॥ ਰਹਾਉ॥
ਆਰ ਨਹੀ ਜਿਹ ਤੋਪਉ॥
ਨਹੀ ਰਾਂਬੀ ਠਾਉ ਰੋਪਉ॥੧॥

ਲੋਗੁ ਗੰਠਿ ਗੰਠਿ ਖਰਾ ਬਿਗੂਚਾ॥
ਹਉ ਬਿਨੁ ਗਾਂਠੇ ਜਾਇ ਪਹੂਚਾ॥੨॥
ਰਵਿਦਾਸੁ ਜਪੈ ਰਾਮ ਨਾਮਾ॥
ਮੋਹਿ ਜਮ ਸਿਉ ਨਾਹੀ ਕਾਮਾ॥੩॥੭॥

ਇਥੋਂ ਤੱਕ ਕਿ ਉਨ੍ਹਾਂ ਨੇ ਆਪਣੇ ਸਮਕਾਲੀ ਸੰਤਾਂ ਦਾ ਨਾਮ ਵੀ ਆਪਣੀ ਬਾਣੀ ਵਿਚ ਦਰਜ ਕੀਤਾ

ਨਾਮਦੇਵ 'ਕਬੀਰੁ' ਤਿਲੋਚਨੁ 'ਸਧਨਾ' 'ਸੈਨੁ' ਤਰੈ॥

–

ਫਲ ਕਾਰਨ ਫੂਲੀ ਬਨਰਾਇ॥
ਫਲੁ ਲਾਗਾ ਤਬ ਫੂਲੁ ਬਿਲਾਇ॥

(ਭਾਵ–ਜਿਵੇਂ ਸਾਰੀ ਸ੍ਰਿਸ਼ਟੀ ਦੀ ਬਨਸਪਤੀ ਫਲ ਦੇਣ ਲਈ ਪ੍ਰਫੁਲਿਤ ਹੁੰਦੀ ਹੈ ਅਤੇ ਉਸਨੂੰ ਫੁੱਲ ਲੱਗਦੇ ਹਨ ਪਰ ਜਿਸ ਵੇਲੇ ਫਲ ਲੱਗ ਜਾਂਦੇ ਹਨ, ਤਾਂ ਉਸ ਵੇਲੇ ਫੁੱਲ ਝੜ ਜਾਂਦੇ ਹਨ।)

–

ਘ੍ਰਿਤ ਕਾਰਨ ਦਧਿ ਮਥੈ ਸਇਆਨ॥
ਜੀਵਤ ਮੁਕਤ ਸਦਾ ਨਿਰਬਾਨ॥

(ਭਾਵ–ਜਿਵੇਂ ਸਿਆਣੀ ਇਸਤਰੀ ਘਿਉ ਦੀ ਪ੍ਰਾਪਤੀ ਲਈ ਦਹੀਂ ਨੂੰ ਰਿੜਕਦੀ ਹੈ, ਜਦੋਂ ਮੱਖਣ ਨਿਕਲ ਆਉਂਦਾ ਹੈ ਤਾਂ ਰਿੜਕਣਾ ਬੰਦ ਕਰ ਦਿੰਦੀ ਹੈ। ਇਸੇ ਤਰ੍ਹਾਂ ਬ੍ਰਹਮ ਗਿਆਨ ਦੀ ਪ੍ਰਾਪਤੀ ਵਾਸਤੇ ਜਗਿਆਸੂ ਸ੍ਰੇਸ਼ਟ ਕਰਮ ਕਰਦਾ ਹੈ। ਜਿਸ ਵੇਲੇ ਬ੍ਰਹਮ ਗਿਆਨ ਹੋ ਜਾਂਦਾ ਹੈ ਤਾਂ ਜਿਉਂਦੇ ਜੀਅ ਮੁਕਤ ਅਵਸਥਾ ਪ੍ਰਾਪਤ ਕਰਕੇ ਹਮੇਸ਼ਾਂ ਰਹਿਣ ਵਾਲੇ ਨਿਰਵਾਣ–ਪਦ ਨੂੰ ਪ੍ਰਾਪਤ ਕਰ ਲੈਂਦਾ ਹੈ।)

ਉਪਰੋਕਤ ਸ਼ਬਦਾਂ ਨੂੰ ਵਿਚਾਰਨ ਤੋਂ ਬਾਅਦ ਅਸੀਂ ਇਸ ਸਿੱਟੇ 'ਤੇ ਪਹੁੰਚ ਸਕਦੇ ਹਾਂ ਕਿ ਗੁਰੂ ਜੀ ਨੇ ਕਿੰਨੇ ਸੋਹਣੇ ਢੰਗ ਨਾਲ ਆਪਣੇ ਜੀਵਨ ਵਿਚਲੀਆਂ ਉਦਾਹਰਨਾਂ ਨੂੰ ਪੇਸ਼ ਕੀਤਾ ਹੈ। ਹੋ ਸਕਦਾ ਹੈ ਕਿ ਗੁਰੂ ਜੀ ਦੇ ਸ਼ਿਸ਼ ਮੁਸਲਮਾਨ ਰਾਜਿਆਂ ਦੀ ਬੇਨਤੀ ਸਵਿਕਾਰਦੇ ਹੋਏ ਧਰਮ ਪ੍ਰਚਾਰ ਹਿੱਤ ਇਸ ਮਸ਼ਹੂਰ ਸ਼ਹਿਰ 'ਆਬਾਦਨ' ਵਿਚ ਚਰਨ ਪਾਏ ਹੋਣ।* ਜਿਸ ਦਾ ਸਾਰਾ ਦ੍ਰਿਸ਼ ਉਨ੍ਹਾਂ ਨੇ ਆਪਣੀ ਬਾਣੀ ਵਿਚ ਉਲੀਕ ਦਿੱਤਾ ਜੋ ਉਨ੍ਹਾਂ ਦੀ ਉੱਚ ਪਾਇ ਦੀ ਕਾਵਿ ਦ੍ਰਿਸ਼ਟੀ ਮੰਨੀ ਜਾ ਸਕਦੀ ਹੈ। ਜਦੋਂ ਕੋਈ ਕਵੀ ਕਵਿਤਾ ਲਿਖਦਾ ਹੈ ਤਾਂ ਉਹ ਆਪਣੇ ਆਲੇ–ਦੁਆਲੇ ਅਤੇ ਆਪਣੇ ਜੀਵਨ ਵਿਚੋਂ ਸੰਕਲਪ ਪੇਸ਼ ਕਰਦਾ ਹੈ। ਇਹੋ ਸੰਕਲਪ ਗੁਰੂ ਰਵਿਦਾਸ ਬਾਣੀ 'ਤੇ ਢੁੱਕਦੇ ਹਨ। ਆਪ ਦੀ ਉੱਚ–ਕੋਟੀ ਦੀ ਕਾਵਿਕ–ਦ੍ਰਿਸ਼ਟੀ ਦਾ ਨਤੀਜਾ ਹੀ ਹੈ ਕਿ 'ਬੇਗ਼ਮਪੁਰਾ ਸਹਰ ਕੋ ਨਾਉ' ਵਰਗਾ ਰਲਦਾ ਸ਼ਬਦ ਹੋਰ ਕਿਸੇ ਮਹਾਂਪੁਰਖ ਦੀ ਬਾਣੀ ਵਿਚ ਉਪਸਥਿਤ ਨਹੀਂ ਹੈ।



ਗੁਰੂ ਰਵਿਦਾਸ ਜੀ ਨੇ ਅਰਬ ਦੀ ਯਾਤਰਾ ਕਰਨ ਤੋਂ ਬਾਅਦ ਓਥੋਂ ਦੇ ਸੁੰਦਰ ਸ਼ਹਿਰ 'ਆਬਾਦਾਨ' ਨੂੰ ਦੇਖ ਕੇ ਬੇਗ਼ਮਪੁਰੇ ਦੇ ਸੰਕਲਪ ਵਾਲਾ ਸ਼ਬਦ ਉਚਾਰਿਆ, ਆਪ ਜੀ ਨੇ ਬੜੇ ਸੁੰਦਰ ਢੰਗ ਨਾਲ ਫ਼ਰਮਾਇਆ :

ਬੇਗਮਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾਂ ਤਸਵੀਸ ਖਿਰਾਜੁ ਨ ਮਾਲੁ॥ ਖਉਫੁ ਨ ਖਤਾ ਨ ਤਰਸੁ ਜਵਾਲੁ॥੧॥
ਅਬ ਮੋਹਿ ਖੂਬ ਵਤਨ ਗਹ ਪਾਈ॥
ਊਹਾਂ ਖੈਰਿ ਸਦਾ ਮੇਰੇ ਭਾਈ॥੧॥ ਰਹਾਉ॥
ਕਾਇਮੁ ਦਾਇਮੁ ਸਦਾ ਪਾਤਿਸਾਹੀ॥ ਦੋਮ ਨ ਸੇਮ ਏਕ ਸੋ ਆਹੀ॥
ਆਬਾਦਾਨੁ ਸਦਾ ਮਸਹੂਰ॥ ਊਹਾਂ ਗਨੀ ਬਸਹਿ ਮਾਮੂਰ॥੨॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ॥ ਮਹਰਮ ਮਹਲ ਨ ਕੋ ਅਟਕਾਵੈ॥
ਕਹਿ ਰਵਿਦਾਸ ਖਲਾਸ ਚਮਾਰਾ॥ ਜੋ ਹਮ ਸਹਰੀ ਸੁ ਮੀਤੁ ਹਮਾਰਾ॥੩॥੨॥ (ਪੰਨਾ 345)

ਉਪਰੋਕਤ ਸ਼ਬਦ ਨੂੰ ਪੜ੍ਹਨ, ਸੁਨਣ, ਪਰਖਣ ਤੋਂ ਬਾਅਦ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਆਪ ਜੀ ਨੇ ਦੂਰ–ਦੂਰ ਤੱਕ ਯਾਤਰਾਵਾਂ ਕੀਤੀਆਂ ਸਨ। 'ਆਬਾਦਾਨ' ਸ਼ਹਿਰ ਦੇ ਲੋਕਾਂ ਅਤੇ ਰਹਿਣ–ਸਹਿਣ ਬਾਰੇ ਪੂਰੀ ਜਾਣਕਾਰੀ ਹਾਸਲ ਕਰਨ ਲਈ ਹੋਰ ਖੋਜ ਦੀ ਲੋੜ ਹੈ। ਇੱਥੇ ਤਾਂ ਇਸ ਸ਼ਹਿਰ ਦੀ ਸੁੰਦਰਤਾ ਦਾ ਅਸੀਂ ਅੰਦਾਜ਼ਾ ਸਿਰਫ਼ ਗੁਰੂ ਰਵਿਦਾਸ ਜੀ ਦੇ ਸ਼ਬਦ 'ਬੇਗਮਪੁਰਾ ਸਹਿਰ ਕੋ ਨਾਉ' ਤੋਂ ਹੀ ਲਗਾ ਸਕਦੇ ਹਾਂ।

ਫ਼ਾਰਸੀ ਦੇ ਮਸ਼ਹੂਰ ਲੇਖਕ ਸ਼ੇਖ ਸਾਅਦੀ ਦੀਆਂ ਰਚਨਾਵਾਂ ਵਿਚ ਵੀ ਇਸ ਸ਼ਹਿਰ ਦਾ ਜ਼ਿਕਰ ਮਿਲਦਾ ਹੈ। ਇਹ ਸ਼ਹਿਰ ਈਰਾਨ 'ਚ ਉਪਸਥਿਤ ਹੈ ਜੋ ਅਫ਼ਗਾਨਿਸਤਾਨ ਦੇ ਪਰਲੇ ਪਾਸੇ ਹੈ। ਇਹ ਪਰਸ਼ੀਅਨ ਜ਼ੁਬਾਨ ਵਾਲੇ ਲੋਕਾਂ ਦਾ ਇਲਾਕਾ ਮੰਨਿਆ ਜਾਂਦਾ ਹੈ ਜਿਸ 'ਚੋਂ ਫ਼ਾਰਸੀ ਭਾਸ਼ਾ ਦਾ ਜਨਮ ਹੋਇਆ। ਇਥੋਂ ਹੀ ਆਰੀਅਨ ਲੋਕ ਜਾਰਜੀਆ ਤੋਂ ਹੁੰਦੇ ਹੋਏ ਭਾਰਤ ਅੰਦਰ ਦਾਖ਼ਲ ਹੋਏ ਸਨ।

ਗੁਰੂ ਰਵਿਦਾਸ ਜੀ ਧਰਮ ਪ੍ਰਚਾਰ ਹਿੱਤ ਆਪਣੇ ਸੇਵਕਾਂ ਨੂੰ ਨਾਲ ਲੈ ਕੇ ਉੱਤਰੀ ਭਾਰਤ ਤੋਂ ਧਰਮ ਪ੍ਰਚਾਰ ਕਰਦੇ ਕਰਦੇ ਈਰਾਨ ਪਹੁੰਚੇ। ਫਿਰ ਆਪ ਜੀ ਕਵੈਤ ਤੋਂ ਸਊਦੀ ਅਰਬ ਫਿਰ ਮਦੀਨਾ ਅਤੇ ਮੁਸਲਮਾਨਾਂ ਦੇ ਧਾਰਮਿਕ ਅਸਥਾਨ ਮੱਕੇ ਵੀ ਗਏ। ਇਹ ਨਹੀਂ ਹੋ ਸਕਦਾ ਕਿ ਗੁਰੂ ਜੀ ਬਨਾਰਸ ਤੋਂ ਇੰਨੀ ਜ਼ਿਆਦਾ ਦੂਰ ਆਬਾਦਨ ਗਏ ਹੋਣ ਅਤੇ ਫਿਰ ਓਥੋਂ ਅਗਾਂਹ ਮੁਸਲਮਾਨ ਸੇਵਕਾਂ ਨੂੰ ਨਾਲ ਲੈ ਕੇ ਮੱਕੇ ਨਾ ਪਹੁੰਚੇ ਹੋਣ ਕਿਉਂਕਿ ਅਜਿਹਾ ਕਰਨ ਲਈ ਗੁਰੂ ਜੀ ਨੂੰ ਉਨ੍ਹਾਂ ਦੇ ਮੁਸਲਮਾਨ ਸੇਵਕਾਂ ਨੇ ਜ਼ਰੂਰ ਉਤਸ਼ਾਹਿਤ ਕੀਤਾ। ਆਬਾਦਨ ਫ਼ਾਰਸੀ ਜ਼ੁਬਾਨ ਦਾ ਸਾਹਿਤਕ ਕੇਂਦਰ ਵੀ ਸੀ, ਜਿਸਦੇ ਨਾਲ ਫ਼ਾਰਸ ਦੀ ਖਾੜੀ ਦੇ ਸਮੁੰਦਰ ਦਾ ਹਿੱਸਾ ਲੱਗਦਾ ਹੈ। ਫਾਰਸੀ ਭਾਸ਼ਾ ਕਰਕੇ ਹੀ ਇਰਾਨ ਨੂੰ ਫ਼ਾਰਸ ਵੀ ਕਹਿੰਦੇ ਹਨ।

(ਸੰਸਾਰ ਪ੍ਰਸਿੱਧ ਯਾਤਰੀ 'ਇਬਨ ਬਤੂਤਾ' (Ibn Batuta) ਨੇ ਪੂਰੇ ਏਸ਼ੀਆ ਦੀ ਯਾਤਰਾ ਕੀਤੀ। ਉਸਨੇ 1,17,000 ਕਿਲੋਮੀਟਰ ਦੀ ਯਾਤਰਾ ਵਿਚ 40 ਦੇਸ਼ ਘੁੰਮੇ। ਇਸ ਦੌਰਾਨ ਇਬਨ ਬਤੂਤਾ ਵੀ ਅਬਾਦਾਨ ਠਹਿਰਿਆ ਸੀ। ਜੋ ਇਥੋਂ ਦੀ ਰੌਣਕ ਤੋਂ ਬਹੁਤ ਪ੍ਰਭਾਵਿਤ ਹੋਇਆ। ਇਹ ਸ਼ਹਿਰ ਇਰਾਨ ਵਿਚ ਇਰਾਕ ਦੀ ਸਰਹੱਦ ਦੇ ਨਾਲ ਹੀ ਸਥਿਤ ਹੈ। ਉਸ ਸਮੇਂ ਇਹ ਸ਼ਹਿਰ ਏਸ਼ੀਆ ਦਾ ਬਹੁਤ ਵੱਡਾ ਵਪਾਰਕ ਕੇਂਦਰ ਸੀ। ਭਾਰਤ, ਇਰਾਨ, ਇਰਾਕ ਤੇ ਅਫ਼ਗਾਨਿਸਤਾਨ ਅਤੇ ਮੱਧ ਏਸ਼ੀਆ ਤੋਂ ਯਾਤਰੀ ਆਬਾਦਨ ਦੇ ਰਸਤਿਓਂ ਆਉਂਦੇ-ਜਾਂਦੇ ਸਨ। ਅਬਾਦਾਨ ਤੋਂ ਅਗਾਂਹ ਇਰਾਕ ਵਿਚ ਬਸਰਾ ਪੈਂਦਾ ਹੈ ਜਿੱਥੇ ਜਾ ਕੇ ਪੰਜਾਬੀ ਫੌਜ ਨੇ ਦੂਜੀ ਵਿਸ਼ਵ ਜੰਗ (1938-45) ਅੰਗਰੇਜ਼ਾਂ ਵਲੋਂ ਲੜੀ ਸੀ।)

ਗੁਰੂ ਰਵਿਦਾਸ ਜੀ ਦੀਆਂ ਅਰਬ ਦੇ ਇਨ੍ਹਾਂ ਇਲਾਕਿਆਂ ਵਿਚ ਮੁਸਲਮਾਨ ਪੀਰ-ਫ਼ਕੀਰਾਂ ਨਾਲ ਗਿਆਨ-ਗੋਸ਼ਟੀਆਂ ਹੋਈਆਂ। ਗੁਰੂ ਜੀ ਦੀ ਉੱਚੇ ਸੁੱਚੇ ਅਧਿਆਤਮਿਕ ਉਪਦੇਸ਼ਾਂ ਨੂੰ ਸੁਣ ਕੇ ਇੱਥੇ ਵੱਡੀ ਗਿਣਤੀ ਵਿਚ ਲੋਕ ਆਪ ਜੀ ਦੇ ਪੱਕੇ ਮੁਰੀਦ ਬਣੇ ਗਏ।

ਗੁਰੂ ਰਵਿਦਾਸ ਜੀ ਨੇ ਅਫ਼ਗਾਨਿਸਤਾਨ ਦੀ ਯਾਤਰਾ ਵੀ ਕੀਤੀ।* ਜੋ ਇਸੇ ਦੌਰਾਨ ਹੀ ਕੀਤੀ ਹੋਵੇਗੀ। ਅਬਾਦਾਨ ਸ਼ਹਿਰ ਸ਼ਾਹੀ ਸ਼ਹਿਰ ਸੀ। ਜਿਸ ਦੀ ਸੁੰਦਰਤਾ ਤੋਂ ਗੁਰੂ ਰਵਿਦਾਸ ਜੀ ਨੇ ਪ੍ਰਭਾਵਿਤ ਹੋ ਕੇ ਇਸ ਨੂੰ ਆਪਣੀ ਬਾਣੀ ਵਿਚ ਦਰਜ ਕਰ ਲਿਆ। ਹੋ ਸਕਦਾ ਹੈ ਕਿ ਆਪ ਜੀ ਦੇ ਬਣ ਚੁੱਕੇ ਸ਼ਿਸ਼ਾਂ ਨੇ ਆਪ ਜੀ ਦੀ ਯਾਦ ਵਿਚ ਓਥੇ ਕੋਈ ਨਾ ਕੋਈ ਨਿਸ਼ਾਨੀ ਵੀ ਬਣਾਈ ਹੋਵੇ ਪਰ ਬਾਅਦ ਵਿਚ ਗੁਰੂ ਰਵਿਦਾਸ ਸਮਾਜ ਦੀ ਪਹੁੰਚ ਤੋਂ ਬਾਹਰ ਹੋਣ ਕਾਰਨ ਉਨ੍ਹਾਂ ਨੂੰ ਨਾ ਸਾਂਭਿਆ ਗਿਆ ਹੋਵੇ।

## ਸਤਿਗੁਰੂ ਰਵਿਦਾਸ ਜੀ ਦੀ ਹਿਮਾਚਲ ਅਤੇ ਸਿਰਧਾਰ ਪਰਬਤ ਦੀ ਯਾਤਰਾ

ਇਹ ਦ੍ਰਿਸ਼ਟਾਂਤ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਸਾਖੀ ਪੰਨਾ 182 ਤੋਂ 186 ਉੱਤੇ ਅੰਕਿਤ ਹੈ। ਜਦੋਂ ਸ਼੍ਰੀ ਗੁਰੂ ਨਾਨਕ ਦੇਵ ਜੀ ਅੰਤਰ ਧਿਆਨ ਹੋ ਕੇ ਹਿਮਾਚਲ ਪਰਬਤ ਉੱਪਰ ਪਹੁੰਚੇ ਤਾਂ ਭਾਈ ਮਰਦਾਨੇ ਨੇ ਪੁੱਛਿਆ ਕਿ ਗੁਰੂ ਜੀ ਇਹ ਕਿਹੜੀ ਜਗ੍ਹਾ ਹੈ? ਤਦ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਦੱਸਿਆ ਕਿ ਇਹ ਵਗਦੀ ਹੋਈ ਬਰਫ਼ ਹੈ। ਇਸਦਾ ਨਾਂ 'ਹਿਮਾਚਲ' ਹੈ। ਇਸ ਵਿਚ ਜੇਕਰ ਕੋਈ ਮਨੁੱਖ ਜਾਂ ਪ੍ਰਾਣੀ ਪੈਰ ਰੱਖਦਾ ਹੈ ਤਾਂ ਉਹ ਗਲ਼ ਜਾਂਦਾ ਹੈ। ਇਥੇ ਆਦਮੀ ਦੇ ਆਉਣ ਲਈ ਕੋਈ ਰਸਤਾ ਨਹੀਂ ਹੈ। ਤਦ ਮਰਦਾਨੇ ਨੇ ਕਿਹਾ ਕਿ ਅਸੀਂ ਇਥੇ ਕਿਉਂ ਆਏ ਹਾਂ? ਤਦ ਗੁਰੂ ਨਾਨਕ ਦੇਵ ਜੀ ਨੇ ਉੱਤਰ ਦਿੱਤਾ ਕਿ ਅਸੀਂ ਉਸ ਅਕਾਲਪੁਰਖ ਦੀ ਆਗਿਆ ਨਾਲ ਇਥੇ ਆਏ ਹਾਂ। ਫਿਰ ਮਰਦਾਨੇ ਨੇ ਪੁੱਛਿਆ ਕਿ ਇਸ ਤੋਂ ਅੱਗੇ ਵੀ ਕੋਈ ਜਗ੍ਹਾ ਜਾਂ ਸਥਾਨ ਹੈ?



ਫਿਰ ਗੁਰੂ ਨਾਨਕ ਦੇਵ ਜੀ ਨੇ ਦੱਸਿਆ ਕਿ ਇਸ ਤੋਂ ਅੱਗੇ ਹੇਮ ਪਰਬਤ ਹੈ ਅਤੇ ਅੱਗੇ ਚਲੇ ਗਏ। ਜਦੋਂ ਗੁਰੂ ਨਾਨਕ ਦੇਵ ਜੀ ਸਿਰਧਾਰ ਪਰਬਤ ਉੱਤੇ ਪਹੁੰਚੇ ਤਾਂ ਭਾਈ ਬਾਲਾ ਜੀ ਤੇ ਮਰਦਾਨਾ ਜੀ ਨੇ ਪੁੱਛਿਆ ਕਿ ਇਸ ਹੇਮ ਪਰਬਤ ਦਾ ਨਾਂ ਸਿਰਧਾਰ ਕਿਉਂ ਹੈ? ਤਦ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਦੱਸਿਆ ਕਿ ਇਹ ਪਰਬਤ ਸਿਰ ਤਲਵਾਇਆ ਅਤੇ ਸਿਰਧਾਰ ਦੀ ਜਗ੍ਹਾ ਹੈ। ਇਥੇ ਆਉਣ ਦਾ ਕੋਈ ਰਸਤਾ ਨਹੀਂ। ਇਥੇ ਉਹੀ ਮਨੁੱਖ ਜਾਂ ਪ੍ਰਾਣੀ ਪਹੁੰਚਦਾ ਹੈ, ਜੋ ਉਪਰਲੇ ਦੇ ਸਹਾਰੇ ਚਲਦਾ ਹੈ। ਅੱਜ ਤੋਂ ਪਹਿਲਾਂ ਇਥੇ ਸਿਰਫ਼ ਭਗਤ ਕਬੀਰ ਅਤੇ ਰਵਿਦਾਸ ਭਗਤ ਹੀ ਪਹੁੰਚ ਸਕੇ ਹਨ। ਇਸ ਦ੍ਰਿਸ਼ਟਾਂਤ ਤੋਂ ਸਿੱਧ ਹੁੰਦਾ ਹੈ ਕਿ ਸ਼੍ਰੀ ਗੁਰੂ ਰਵਿਦਾਸ ਜੀ ਮਹਾਰਾਜ ਨੇ ਸਾਰੇ ਭਾਰਤ ਦੀ ਯਾਤਰਾ ਕੀਤੀ ਹੈ ਅਤੇ ਇੰਨੇ ਉੱਚੇ ਸਥਾਨ ਤੇ ਆਪਣੀ ਆਤਮਿਕ ਸ਼ਕਤੀ ਕਾਰਨ ਸ਼੍ਰੀ ਗੁਰੂ ਰਵਿਦਾਸ ਜੀ ਪਹੁੰਚੇ ਸਨ।

## ਰਾਜਾ ਪੀਪਾ ਦੁਆਰਾ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਗੁਰੂ ਧਾਰਨ ਕਰਨਾ

ਰਾਜਾ ਪੀਪਾ ਇਕ ਸ਼ਕਤੀਸ਼ਾਲੀ ਖੱਤਰੀ ਰਾਜਾ ਸੀ। ਉਸਦੇ ਮਨ ਵਿਚ ਪਰਮਾਤਮਾ ਦੇ ਪ੍ਰਤੀ ਵੈਰਾਗ ਪੈਦਾ ਹੋਇਆ। ਇਸ ਤਲਾਸ਼ ਦੌਰਾਨ ਉਸਨੂੰ ਜਾਣਕਾਰੀ ਪ੍ਰਾਪਤ ਹੋਈ ਕਿ ਸ਼੍ਰੀ ਗੁਰੂ ਰਵਿਦਾਸ ਜੀ ਇਕ ਪਹੁੰਚੇ ਹੋਏ ਪੂਰਨ ਸੰਤ ਹਨ। ਖੱਤਰੀ ਹੋਣ ਕਰਕੇ ਉਸਦੇ ਮਨ ਵਿਚ ਜਾਤ ਦਾ ਅਭਿਮਾਨ ਵੀ ਸੀ। ਇਸੇ ਕਾਰਨ, ਸਭ ਦੇ ਸਾਹਮਣੇ ਚਮਾਰ ਸੰਤ ਦੇ ਕੋਲ ਜਾਂਦੇ ਹੋਏ ਉਸਨੂੰ ਸ਼ਰਮ ਮਹਿਸੂਸ ਹੋ ਰਹੀ ਸੀ। ਇਕ ਦਿਨ ਮੌਕਾ ਦੇਖ ਕੇ ਉਹ ਸ਼੍ਰੀ ਗੁਰੂ ਰਵਿਦਾਸ ਜੀ ਪਾਸ ਪਹੁੰਚ ਗਿਆ। ਪਹੁੰਚਦੇ ਹੀ ਉਸਨੇ ਸ਼੍ਰੀ ਗੁਰੂ ਰਵਿਦਾਸ ਜੀ ਪਾਸੋਂ ਨਾਮਦਾਨ ਲਈ ਬੇਨਤੀ ਕੀਤੀ। ਸ਼੍ਰੀ ਗੁਰੂ ਰਵਿਦਾਸ ਜੀ ਸਮਝ ਗਏ ਕਿ ਇਕ ਖੱਤਰੀ ਰਾਜਾ ਉਹਨਾਂ ਕੋਲ ਆਇਆ ਹੈ। ਉਸ ਸਮੇਂ ਗੁਰੂ ਜੀ ਚਮੜਾ ਭਿਉਂਣ ਵਾਲੀ ਦੌਰੀ ਵਿਚੋਂ ਪਾਣੀ ਬਾਹਰ ਕੱਢ ਰਹੇ ਸਨ। ਬਰਤਨ ਉਹਨਾਂ ਦੇ ਹੱਥ ਵਿਚ ਸੀ। ਗੁਰੂ ਜੀ ਦੇ ਮਨ ਵਿਚ ਵਿਚਾਰ ਆਇਆ ਕਿ ਇਕ ਰਾਜਾ ਉਹਨਾਂ ਦੇ ਦਰਬਾਰ ਵਿਚ ਆਇਆ ਹੈ ਅਤੇ ਉਸਨੂੰ ਕੋਈ ਅਜਿਹੀ ਵਸਤੂ ਦਿੱਤੀ ਜਾਵੇ, ਜਿਸਨੂੰ ਉਹ ਹਮੇਸ਼ਾ ਯਾਦ ਰੱਖੇ। ਉਸ ਪਾਣੀ ਨਾਲ ਭਰੇ ਬਰਤਨ ਨੂੰ ਰਾਜੇ ਵਲ ਵਧਾਉਂਦੇ ਹੋਏ ਗੁਰੂ ਜੀ ਨੇ ਕਿਹਾ ਰਾਜਨ ਲਉ ਇਹ ਚਰਨਾਮ੍ਰਿਤ ਪੀ ਲਓ। ਰਾਜੇ ਦੇ ਮਨ ਵਿਚ ਉਸ ਪਾਣੀ ਪ੍ਰਤੀ ਘ੍ਰਿਣਾ ਪੈਦਾ ਹੋਈ ਕਿ ਇਕ ਖੱਤਰੀ ਰਾਜਾ ਹੋਣ ਕਰਕੇ ਚਮਾਰ ਦੇ ਕੁੰਭ ਦਾ ਪਾਣੀ ਕਿਵੇਂ ਪੀ ਸਕਦਾ ਹੈ? ਪਰ ਗੁਰੂ ਜੀ ਸਾਹਮਣੇ ਪ੍ਰਤੱਖ ਰੂਪ ਵਿਚ ਇਨਕਾਰ ਕਰਨਾ ਉਸ ਲਈ ਬਹੁਤ ਕਠਿਨ ਸੀ। ਉਸਨੇ ਹੱਥ ਅੱਗੇ ਕਰਕੇ ਹਥੇਲੀ ਵਿਚ ਉਹ ਅੰਮ੍ਰਿਤ ਰੂਪ ਪਾਣੀ ਤਾਂ ਲੈ ਲਿਆ ਪਰ ਗੁਰੂ ਜੀ ਤੋਂ ਨਜ਼ਰਾ ਬਚਾ ਕੇ ਉਸਨੇ ਉਹ ਪਾਣੀ ਆਪਣੇ ਕੁੜਤੇ ਦੀ ਖੁੱਲ੍ਹੀ ਬਾਂਹ ਵਿਚ ਪਾ ਕੇ ਥੱਲੇ ਸੁੱਟ ਦਿੱਤਾ। ਗੁਰੂ

ਜੀ ਇਸ ਗੱਲ ਨੂੰ ਸਮਝ ਗਏ ਪਰ ਉਹਨਾਂ ਬੋਲ ਕੇ ਕੁਝ ਨਹੀਂ ਕਿਹਾ।

ਰਾਜਾ ਜਲਦੀ ਜਲਦੀ ਘਰ ਵਾਪਿਸ ਜਾਂਦੇ ਸਮੇਂ ਸੋਚ ਰਿਹਾ ਸੀ ਕਿ ਅੱਜ ਤਾਂ ਰਵਿਦਾਸ ਮੈਨੂੰ ਚਮਾਰ ਬਣਾਉਣ ਤੇ ਤੁਲਿਆ ਹੋਇਆ ਸੀ। ਬੜੀ ਮੁਸ਼ਕਿਲ ਨਾਲ ਬਚ ਕੇ ਆਇਆ ਹਾਂ। ਮਹਿਲ ਵਿਚ ਆ ਕੇ ਉਸਨੇ ਧੋਬੀ ਨੂੰ ਹੁਕਮ ਦਿੱਤਾ ਕਿ ਉਸਦੇ ਕੁੜਤੇ ਦੀ ਬਾਂਹ ਤੇ ਲੱਗੇ ਹੋਏ ਦਾਗ ਨੂੰ ਚੰਗੀ ਤਰ੍ਹਾਂ ਸਾਫ਼ ਕਰਕੇ ਲਿਆਵੇ। ਧੋਬੀ ਨੇ ਘਰ ਆ ਕੇ ਆਪਣੀ ਲੜਕੀ ਨੂੰ ਕਿਹਾ ਕਿ ਬੇਟੀ ਮੈਂ ਚੂਨੇ ਦਾ ਪਾਣੀ ਤਿਆਰ ਕਰਦਾ ਹਾਂ ਤੂੰ ਇਸ ਦਾਗ਼ ਨੂੰ ਚੂਸ ਕੇ ਸਾਫ਼ ਕਰ ਦੇ। ਜਿਵੇਂ ਹੀ ਉਸ ਲੜਕੀ ਨੇ ਉਸ ਦਾਗ਼ ਨੂੰ ਉਤਾਰਨ ਲਈ ਕੱਪੜਾ ਮੂੰਹ ਵਿਚ ਪਾਇਆ ਤਾਂ ਉਹ ਦਾਗ਼ ਚੂਸ ਕੇ ਅੰਦਰ ਲੰਘਾਉਣ ਲਗ ਪਈ। ਜਿਸ ਨਾਲ ਉਸਦੇ ਕਪਾਟ ਖੁੱਲ ਗਏ, ਗਿਆਨ ਦਾ ਪਰਦਾ ਖੁੱਲ ਗਿਆ ਅਤੇ ਉਹ ਅਧਿਆਤਮਿਕ ਗਿਆਨ ਦੀਆਂ ਗੱਲਾਂ ਕਰਨ ਲੱਗੀ।

ਹੌਲੀ-ਹੌਲੀ ਸ਼ਹਿਰ ਵਿਚ ਇਹ ਚਰਚਾ ਫੈਲ ਗਈ ਕਿ ਇਕ ਧੋਬੀ ਦੀ ਲੜਕੀ ਕਰਮਾ ਬਾਈ ਬਹੁਤ ਵੱਡੀ ਭਗਤਣੀ ਹੈ, ਜੋ ਪਰਮਾਰਥ ਦਾ ਗਿਆਨ ਜਾਣਦੀ ਹੈ। ਰਾਜੇ ਪੀਪੇ ਨੂੰ ਜਦੋਂ ਇਹ ਖ਼ਬਰ ਮਿਲੀ ਤਾਂ ਉਹ ਇਕ ਰਾਤ ਹੌਲੀ ਜਿਹੇ ਧੋਬੀ ਦੇ ਘਰ ਪਹੁੰਚ ਗਿਆ, ਕਿਉਂਕਿ ਅਧਿਆਤਮ ਗਿਆਨ ਪ੍ਰਤੀ ਖਿੱਚ ਉਸਦੇ ਦਿਲ ਵਿਚ ਪਹਿਲਾਂ ਹੀ ਬਹੁਤ ਸੀ। ਰਾਜੇ ਨੂੰ ਦੇਖ ਕੇ ਧੋਬੀ ਦੀ ਲੜਕੀ ਖੜੀ ਹੋਈ ਤਾਂ ਰਾਜੇ ਪੀਪੇ ਨੇ ਕਿਹਾ ਕਿ ਬੇਟੀ ਮੈਂ ਤੇਰੇ ਕੋਲ ਇਕ ਰਾਜੇ ਦੇ ਰੂਪ ਵਿਚ ਨਹੀਂ ਸਗੋਂ ਇਕ ਭਿਖਾਰੀ ਦੇ ਰੂਪ ਵਿਚ ਆਇਆ ਹਾਂ। ਉਸ ਲੜਕੀ ਨੇ ਕਿਹਾ ਕਿ ਮੈਂ ਜਾਣਦੀ ਹਾਂ ਕਿ ਤੁਸੀਂ ਰਾਜਾ ਹੋ ਪ੍ਰੰਤੂ ਮੈਂ ਇਸ ਲਈ ਖੜੀ ਹੋਈ ਹਾਂ ਕਿ ਮੈਨੂੰ ਜੋ ਕੁਝ ਪ੍ਰਾਪਤ ਹੋਇਆ ਹੈ ਤੁਹਾਡੀ ਕ੍ਰਿਪਾ ਨਾਲ ਪ੍ਰਾਪਤ ਹੋਇਆ ਹੈ। ਤੁਹਾਡੇ ਕੁੜਤੇ ਵਿਚ ਲੱਗੇ ਦਾਗ਼ ਨੂੰ ਚੂਸਣ ਕਰਕੇ ਹੀ ਮੈਨੂੰ ਇਸ ਆਂਤਰਿਕ ਗਿਆਨ ਦੀ ਪ੍ਰਾਪਤੀ ਹੋਈ ਹੈ। ਇਹ ਸੁਣਕੇ ਰਾਜਾ ਸਭ ਕੁਝ ਸਮਝ ਗਿਆ ਅਤੇ ਆਪਣੇ ਆਪ ਨੂੰ ਕੋਸਣ ਲੱਗਾ ਕਿ ਲਾਹਣਤ ਹੈ ਮੇਰੇ ਖੱਤਰੀ ਹੋਣ ਤੇ। ਲਾਹਣਤ ਹੈ ਮੇਰੇ ਰਾਜਾ ਹੋਣ ਤੇ, ਲਾਹਣਤ ਹੈ ਮੇਰੀ ਲੋਕ ਲਾਜ ਤੇ, ਲਾਹਣਤ ਹੈ ਇਸ ਜਾਤਪਾਤ ਦੇ ਭੇਦ ਭਾਵ ਤੇ ਜਿਸ ਕਾਰਨ ਮੈਂ ਪਰਮਾਰਥ ਦੇ ਗਿਆਨ ਤੋਂ ਵੰਚਿਤ ਰਹਿ ਗਿਆ। ਹੁਣ ਕਿਸੇ ਗੱਲ ਦੀ ਪ੍ਵਾਹ ਕੀਤੇ ਬਿਨਾਂ ਰਾਜਾ ਪੀਪਾ ਸਿੱਧਾ ਗੁਰੂ ਰਵਿਦਾਸ ਜੀ ਕੋਲ ਪਹੁੰਚ ਗਿਆ ਅਤੇ ਬੇਨਤੀ ਕੀਤੀ ਕਿ ਹੇ ਗੁਰਦੇਵ! ਮੈਨੂੰ ਅੰਮ੍ਰਿਤ ਪਿਲਾਉ। ਸ਼੍ਰੀ ਗੁਰੂ ਰਵਿਦਾਸ ਜੀ ਨੇ ਕਿਹਾ ਕਿ ਉਹ ਅੰਮ੍ਰਿਤ ਤਾਂ ਧੋਬੀ ਦੀ ਲੜਕੀ ਕੋਲ ਪਹੁੰਚ ਗਿਆ ਹੈ। ਮੈਂ ਇਹ ਸੋਚ ਕੇ ਤੈਨੂੰ ਉਹ ਅੰਮ੍ਰਿਤ ਦਿੱਤਾ ਸੀ ਕਿ ਮੈਂ ਉਸ ਅੰਮ੍ਰਿਤ ਨੂੰ ਹਰ ਰੋਜ਼ ਪੀਂਦਾ ਹਾਂ। ਮੈਂ ਸੋਚਿਆ ਅੱਜ ਖੱਤਰੀ ਰਾਜਾ ਮੇਰੇ ਘਰ ਆਇਆ ਹੈ ਅੱਜ ਇਹ ਅੰਮ੍ਰਿਤ ਇਸ ਨੂੰ ਦੇ ਦਿੱਤਾ ਜਾਵੇ। ਪਰ ਤੂੰ ਮੈਨੂੰ ਨੀਚ ਜਾਤ ਦਾ ਸਮਝ ਕੇ ਉਹ ਅੰਮ੍ਰਿਤ ਥੱਲੇ ਸੁੱਟ ਦਿੱਤਾ ਤੇ ਉਸੇ ਪਾਣੀ ਦੇ ਦਾਗ਼ ਨੂੰ ਚੂਸ ਕੇ ਧੋਬੀ ਦੀ ਲੜਕੀ ਕਰਮਾ ਬਾਈ ਮਹਾਤਮਾ ਬਣ ਗਈ। ਗੁਰੂ ਜੀ ਨੇ



ਕਿਹਾ ਹੇ ਰਾਜਨ! ਜਦ ਤੱਕ ਤੇਰੇ ਮਨ ਵਿਚੋਂ ਜਾਤਪਾਤ ਤੇ ਊਚ ਨੀਚ ਦਾ ਭੇਦ ਭਾਵ ਨਹੀਂ ਜਾਂਦਾ, ਤੇਰਾ ਕਲਿਆਣ ਨਹੀਂ ਹੋ ਸਕਦਾ। ਇਕ ਪਰਮਾਤਮਾ ਦੇ ਭਗਤ ਦੀ ਕੋਈ ਜਾਤ ਨਹੀਂ ਹੁੰਦੀ। ਨੀਚ ਤੋਂ ਨੀਚ ਕਹੀ ਜਾਣ ਵਾਲੀ ਜਾਤੀ ਵਿਚ ਵੀ ਜੇਕਰ ਕੋਈ ਪਰਮਾਤਮਾ ਦਾ ਭਗਤ ਪੈਦਾ ਹੋ ਜਾਵੇ ਤਾਂ ਉਹ ਜਾਤ ਹੀ ਨਹੀਂ, ਉਹ ਪਰਿਵਾਰ, ਉਹ ਪਿੰਡ, ਉਹ ਰਾਜ ਸਭ ਕੁਝ ਪਵਿੱਤਰ ਹੋ ਜਾਂਦਾ ਹੈ, ਕਿਉਂਕਿ ਅਜਿਹੇ ਭਗਤ ਦਾ ਜਸ ਸਾਰੇ ਸੰਸਾਰ ਵਿਚ ਫੈਲ ਜਾਂਦਾ ਹੈ। ਤਦ ਰਾਜੇ ਪੀਪੇ ਨੂੰ ਉਪਦੇਸ਼ ਦਿੰਦੇ ਹੋਏ ਸ਼੍ਰੀ ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਦਾ ਸ਼ਬਦ ਉਚਾਰਨ ਕੀਤਾ—

**ਜਿਹ ਕੁਲ ਸਾਧੁ ਬੈਸਨੌ ਹੋਇ॥**
**ਬਰਨ ਅਬਰਨ ਰੰਕੁ ਨਹੀ ਈਸੁਰੁ**
**ਬਿਮਲ ਬਾਸੁ ਜਾਨੀਐ ਜਗਿ ਸੋਇ॥੧॥ ਰਹਾਉ॥**
**ਬ੍ਰਹਮਨ ਬੈਸ ਸੂਦ ਅਰੁ ਖਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ॥**
**ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ॥੧॥**
**ਧੰਨਿ ਸੁ ਗਾਉ ਧੰਨਿ ਸੋ ਠਾਉ ਧੰਨਿ ਪੁਨੀਤ ਕੁਟੰਬ ਸਭ ਲੋਇ॥**
**ਜਿਨਿ ਪੀਆ ਸਾਰ ਰਸੁ ਤਜੇ ਆਨ ਰਸ**
**ਹੋਇ ਰਸ ਮਗਨ ਡਾਰੇ ਬਿਖੁ ਖੋਇ॥੨॥**
**ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ॥**
**ਜੈਸੇ ਪੁਰੈਨ ਪਾਤ ਰਹੈ ਜਲ ਸਮੀਪ**
**ਭਨਿ ਰਵਿਦਾਸ ਜਨਮੇ ਜਗਿ ਓਇ॥੩॥੨॥** (ਪੰਨਾ ੮੫੮)

ਸ਼੍ਰੀ ਗੁਰੂ ਰਵਿਦਾਸ ਜੀ ਨੇ ਰਾਜੇ ਪੀਪੇ ਨੂੰ ਕਿਹਾ ਕਿ ਜਿਸ ਅੰਮ੍ਰਿਤ ਦੀ ਉਮੀਦ ਲੈ ਕੇ ਤੁਸੀਂ ਮੇਰੇ ਕੋਲ ਦੁਬਾਰਾ ਆਏ ਹੋ, ਉਹ ਤੁਹਾਨੂੰ ਨਹੀਂ ਮਿਲੇਗਾ। ਹੁਣ ਸੇਵਾ ਸਿਮਰਨ ਵਿਚ ਲੱਗ ਕੇ ਪਰਮਗਤੀ ਨੂੰ ਪ੍ਰਾਪਤ ਕਰੋ। ਚੰਗੇ ਮੌਕੇ ਨੂੰ ਤੁਸੀਂ ਆਪਣੀ ਉੱਚੀ ਜਾਤ ਦੇ ਅਭਿਮਾਨ (ਹੰਕਾਰ) ਕਾਰਨ ਗਵਾ ਦਿੱਤਾ ਹੈ। ਮੈਂ ਤੁਹਾਨੂੰ ਨਾਮ ਦਾਨ ਦਿੰਦਾ ਹਾਂ, ਤੁਸੀਂ ਉਸ ਨਾਮ ਦੀ ਕਮਾਈ ਕਰਕੇ ਖੁਦ ਅੰਮ੍ਰਿਤ ਪ੍ਰਾਪਤ ਕਰੋ। ਜਾਤਪਾਤ ਦਾ ਭੇਦ-ਭਾਵ ਅਤੇ ਊਚ ਨੀਚ ਦੀ ਭਾਵਨਾ ਨੂੰ ਤਿਆਗ ਕੇ ਭਗਤੀ ਕਰੋ ਤਾਂ ਤੁਹਾਡਾ ਜੀਵਨ ਜ਼ਰੂਰ ਸਫਲ ਹੋਵੇਗਾ।

## ਚੌਹਾਂ ਯੁੱਗਾਂ ਦੇ ਜਨੇਊ ਦਿਖਾਉਣਾ

ਇਹ ਲੋਕ ਗਾਥਾ ਆਮ ਪ੍ਰਚਲਿਤ ਹੈ ਕਿ ਜਦੋਂ ਸਤਿਗੁਰੂ ਰਵਿਦਾਸ ਜੀ ਮਹਾਰਾਜ ਨੇ ਦੇਖਿਆ ਕਿ ਸਮਾਜ ਭੇਦ ਭਾਵ ਦਾ ਸ਼ਿਕਾਰ ਹੈ ਅਤੇ ਸ਼ੂਦਰ ਸਮਝੇ ਜਾਂਦੇ ਸਮਾਜ ਨੂੰ ਸਦੀਆਂ ਤੋਂ ਪ੍ਰਭੂ ਦਾ ਨਾਮ ਜੱਪਣ ਤੋਂ ਵਰਜਿਤ ਕੀਤਾ ਗਿਆ ਹੈ। ਉਸ ਸਮੇਂ ਗੁਰੂ ਜੀ ਨੇ ਬ੍ਰਾਹਮਣਾਂ ਵਾਲੇ ਕਰਮ-ਕਾਂਡ ਮੱਥੇ ਉੱਤੇ

ਤਿਲਕ ਲਗਾਉਣਾ, ਧੋਤੀ ਬੰਨਣੀ ਅਤੇ ਜਨੇਊ ਪਹਿਨਣਾ ਆਦਿ ਕਰਮ ਕਰਨੇ ਸ਼ੁਰੂ ਕਰ ਦਿੱਤੇ। ਉਸ ਸਮੇਂ ਤਾਂ ਜਨੇਊ ਕੇਵਲ ਬ੍ਰਾਹਮਣ ਹੀ ਪਹਿਨ ਸਕਦੇ ਸਨ। ਉਸ ਸਮੇਂ ਸ਼ੂਦਰ ਸਮਝੇ ਜਾਂਦੇ ਸਮਾਜ ਵਿਚ ਪੈਦਾ ਹੋ ਕੇ ਅਜਿਹੇ ਕਰਮ ਕਰਨੇ ਇਕ ਕ੍ਰਾਂਤੀ ਸੀ। ਅਜਿਹਾ ਦੇਖ ਕੇ ਜਾਤ ਅਭਿਮਾਨੀ ਲੋਕ ਤੜਫ ਉੱਠੇ ਅਤੇ ਉਨ੍ਹਾਂ ਨੇ ਰਾਜੇ ਨਾਗਰ ਮੱਲ ਦੇ ਦਰਬਾਰ ਵਿਚ ਜਾ ਕੇ ਗੁਰੂ ਜੀ ਦੇ ਵਿਰੁੱਧ ਸ਼ਿਕਾਇਤ ਕੀਤੀ ਕਿ ਇਕ ਸ਼ੂਦਰ ਸਾਡੇ ਵਾਲੇ ਕਰਮ ਕਰਦਾ ਹੈ। ਬ੍ਰਾਹਮਣਾਂ ਦੀ ਸ਼ਿਕਾਇਤ ’ਤੇ ਰਾਜੇ ਨਗਰ ਮੱਲ ਨੇ ਗੁਰੂ ਜੀ ਨੂੰ ਕਚਹਿਰੀ ਵਿਚ ਬੁਲਾਇਆ ਤੇ ਕਿਹਾ ਬ੍ਰਾਹਮਣਾਂ ਨੂੰ ਆਪ ਦੇ ਵਿਰੁੱਧ ਸ਼ਿਕਾਇਤ ਹੈ ਕਿ ਆਪ ਸ਼ੂਦਰ ਹੋ ਕੇ ਬ੍ਰਾਹਮਣਾਂ ਵਾਲੇ ਕਰਮ ਕਰਦੇ ਹੋ। ਗੁਰੂ ਜੀ ਨੇ ਉੱਤਰ ਦਿੱਤਾ ਕਿ ਸੰਸਾਰ ਦੇ ਸਭ ਜੀਵ ਬਰਾਬਰ ਹਨ ਅਤੇ ਜਨਮ ਕਰਕੇ ਕੋਈ ਜੀਵ ਛੋਟਾ ਵੱਡਾ ਨਹੀਂ ਹੈ। ਭਾਵੇਂ ਕੋਈ ਬ੍ਰਾਹਮਣ ਹੋਵੇ, ਭਾਵੇਂ ਕੋਈ ਸ਼ੂਦਰ ਸਭ ਜੀਵ ਪੰਜਾਂ ਤੱਤਾਂ ਤੋਂ ਬਣੇ ਹਨ। ਸਭ ਜੀਵਾਂ ਵਿਚ ਪਰਮਾਤਮਾ ਦੀ ਜੋਤ ਨਿਵਾਸ ਕਰਦੀ ਹੈ। ਇਸ ਲਈ ਸਭ ਜੀਵਾਂ ਨੂੰ ਆਪਣੀ ਇੱਛਾ ਅਨੁਸਾਰ ਪ੍ਰਭੂ ਦੀ ਪੂਜਾ ਕਰਨ ਦਾ ਬਰਾਬਰ ਅਧਿਕਾਰ ਹੈ। ਰਾਜਾ ਗੁਰੂ ਜੀ ਦੇ ਬਚਨ ਸੁਣਕੇ ਬੜਾ ਹੈਰਾਨ ਹੋਇਆ ਪਰ ਪੰਡਿਤਾਂ ਨੇ ਕਿਹਾ ਕਿ ਤੁਸੀਂ ਸ਼ੂਦਰ ਹੋ ਕੇ ਜਨੇਊ ਨਹੀਂ ਪਹਿਨ ਕਰਦੇ। ਆਪ ਜਨੇਊ ਉਤਾਰ ਦਿਉ। ਗੁਰੂ ਜੀ ਨੇ ਫਰਮਾਇਆ ਕਿ ਮੈਂ ਹੁਣ ਕੋਈ ਨਵਾਂ ਜਨੇਊ ਨਹੀਂ ਪਹਿਨਿਆ ਸਗੋਂ ਚਾਰਾ ਯੁੱਗਾਂ ਤੋਂ ਜਨੇਊ ਪਹਿਨਦਾ ਆ ਰਿਹਾ ਹਾਂ। ਉਸ ਸਮੇਂ ਬ੍ਰਾਹਮਣਾਂ ਨੇ ਕਿਹਾ ਕਿ ਦੇਖੋ ਰਾਜਾ ਕਿ ਇਹ ਕਿੰਨਾ ਝੂਠ ਬੋਲ ਰਿਹਾ ਹੈ? ਇਕ ਆਦਮੀ ਚਾਰ ਯੁੱਗਾਂ ਤੋਂ ਜਨੇਊ ਕਿਵੇਂ ਪਹਿਨ ਸਕਦਾ ਹੈ? ਜੇਕਰ ਆਪ ਚਾਰਾ ਯੁੱਗਾਂ ਤੋਂ ਜਨੇਊ ਪਹਿਨਦੇ ਆ ਰਹੇ ਹੋ ਤਾਂ ਆਪ ਚੋਹਾਂ ਯੁੱਗਾਂ ਵਾਲੇ ਜਨੇਊ ਦਿਖਾਓ? ਉਸ ਸਮੇਂ ਗੁਰੂ ਜੀ ਨੇ ਰੰਬੀ ਨਾਲ ਆਪਣਾ ਖੱਬਾ ਕੰਧਾਂ ਚੀਰ ਕੇ ਚੋਹਾਂ ਯੁੱਗਾਂ ਦੇ ਚਾਰ ਜਨੇਊ ਦਿਖਾਏ ਕਿ ਸਤਿਯੁੱਗ ਵਿਚ ਮੈਂ ਸੋਨੇ ਦਾ ਜਨੇਊ, ਤ੍ਰੇਤੇ ਯੁੱਗ ਵਿਚ ਚਾਂਦੀ ਦਾ, ਦੁਆਪਰ ਯੁੱਗ ਵਿਚ ਕਾਂਸੇ ਦਾ, ਅਤੇ ਕਲਯੁੱਗ ਵਿਚ ਸੂਤ ਦਾ ਜਨੇਊ ਪਹਿਨਦਾ ਆ ਰਿਹਾ ਹਾਂ। ਗੁਰੂ ਜੀ ਦਾ ਇਹ ਕੌਤਕ ਦੇਖ ਕੇ ਰਾਜੇ ਨਾਗਰ ਮੱਲ ਅਤੇ ਬ੍ਰਾਹਮਣ ਸਭਨਾਂ ਨੇ ਗੁਰੂ ਜੀ ਦੇ ਚਰਨਾਂ ਵਿਚ ਨਮਸਕਾਰ ਕਰ ਕੇ ਆਪਣੀਆਂ ਭੁੱਲਾਂ ਬਖਸ਼ਾਈਆਂ। ਗੁਰੂ ਜੀ ਨੇ ਪਹਿਲਾਂ ਵਾਲਾ ਸੂਤ ਦਾ ਜਨੇਊ ਉਤਾਰ ਦਿੱਤਾ ਅਤੇ ਸਭਨਾਂ ਨੂੰ ਭੇਦ ਭਾਵ ਤੋਂ ਉੱਪਰ ਉਠ ਕੇ ਜੀਵਾਂ ਨਾਲ ਪ੍ਰੇਮ ਕਰਨ ਦਾ ਅਤੇ ਪ੍ਰਭੂ ਦਾ ਸਿਮਰਨ ਕਰਨ ਦਾ ਪਾਵਨ ਉਪਦੇਸ਼ ਦਿੱਤਾ।

## ਗਊਆਂ ਵਿਚ ਜਾਨ ਪਾਉਣੀ

ਜਦੋਂ ਗੁਰੂ ਰਵਿਦਾਸ ਜੀ ਦੀ ਮਹਿਮਾ ਅਤੇ ਅਧਿਆਤਮਕਤਾ ਪੂਰੇ ਸੰਸਾਰ ਵਿਚ ਫੈਲਣ ਲੱਗੀ ਤਾਂ ਉਨ੍ਹਾਂ ਪਾਸ ਸੰਗਤ ਦਾ ਆਉਣਾ ਜਾਣਾ



ਬਹੁਤ ਵੱਧ ਗਿਆ। ਰਾਜੇ-ਮਹਾਰਾਜੇ ਉਨ੍ਹਾਂ ਪਾਸ ਅਕਸਰ ਹੀ ਉਨ੍ਹਾਂ ਦੇ ਦਰਸ਼ਨਾਂ ਨੂੰ ਆਉਂਦੇ ਸਨ। ਇਕ ਦਿਨ ਗੁਰੂ ਜੀ ਰਾਜਾ ਨਾਗਰ ਮੱਲ ਉਰਫ਼ ਰਾਜਾ ਹਰਦੇਵ ਸਿੰਘ ਦੀ ਬੇਨਤੀ ’ਤੇ ਉਨ੍ਹਾਂ ਪਾਸ ਗਏ ਅਤੇ ਉੱਥੇ ਪੰਡਤ-ਪ੍ਰੋਹਿਤ ਕਿਸੇ ਕਾਰਜ ਨੂੰ ਸੰਪੰਨ ਕਰ ਰਹੇ ਸੀ। ਮੰਤਰ ਉਚਾਰਣ ਹੋ ਰਹੇ ਸੀ ਅਤੇ ਸਾਰੇ ਲੋਕ ਇਸ ਧਾਰਮਕ ਕਾਰਜ ਨੂੰ ਦੇਖ ਰਹੇ ਸੀ। ਗੁਰੂ ਜੀ ਵੀ ਉੱਥੇ ਆਪਣੇ ਆਸਣ ’ਤੇ ਬਿਰਾਜਮਾਨ ਸਨ। ਇੰਨੇ ਨੂੰ ਉੱਥੇ ਬਾਦਸ਼ਾਹ ਆਇਆ ਤੇ ਗੁਰੂ ਰਵਿਦਾਸ ਜੀ ਨੂੰ ਬੇਨਤੀ ਕੀਤੀ ਕਿ ਗੁਰੂ ਜੀ ਵਿਧੀ-ਵਿਧਾਨ ਅਨੁਸਾਰ ਜੋ ਵੀ ਸਮੱਗਰੀ ਦਾਨ ਵਿਚ ਦੇਣੀ ਹੈ ਉਸ ਨੂੰ ਇਕ ਵਾਰ ਦੇਖ ਲਓ ਜੀ। ਤਦ ਸ੍ਰੀ ਗੁਰੂ ਰਵਿਦਾਸ ਜੀ ਨੇ ਕਿਹਾ ਕਿ ਬਾਦਸ਼ਾਹ ਤੁਸੀਂ ਜਾਣਦੇ ਹੋ ਕਿ ਮੈਂ ਕੇਵਲ ਪਰਮ-ਪਿਤਾ ਪਰਮਾਤਮਾ ਦਾ ਉਪਾਸਕ ਹਾਂ। ਇਸ ਲਈ ਇਹ ਕਾਰਜ ਜਿਨ੍ਹਾਂ ਪ੍ਰੋਹਿਤਾਂ ਨੇ ਆਰੰਭ ਕਰਵਾਇਆ ਹੈ, ਉਨ੍ਹਾਂ ਦੀ ਦੇਖ-ਰੇਖ ਵਿਚ ਹੀ ਸੰਪਨ ਕਰਵਾਇਆ ਜਾਵੇ ਤਾਂ ਹੀ ਠੀਕ ਹੈ। ਬਾਦਸ਼ਾਹ ਵੀ ਸਮਝ ਗਿਆ ਅੱਜ ਕੋਈ ਨਵੀਂ ਲੀਲਾ ਆਰੰਭ ਹੋਣ ਜਾ ਰਹੀ ਹੈ ਨਹੀਂ ਤਾਂ ਗੁਰੂ ਜੀ ਕਦੀ ਵੀ ਸਾਡੀ ਬੇਨਤੀ ਨੂੰ ਨਹੀਂ ਟਾਲਦੇ। ਕੁਝ ਸੋਚ-ਸਮਝ ਕੇ ਬਾਦਸ਼ਾਹ ਨੇ ਫਿਰ ਗੁਰੂ ਜੀ ਨੂੰ ਕਿਹਾ ਕਿ ਮੇਰੀ ਬੇਨਤੀ ਨੂੰ ਸਵੀਕਾਰ ਕਰੋ ਜੀ ਅਤੇ ਮੇਰੇ ਨਾਲ ਚੱਲੋ ਜੀ ਇਹੀ ਮੇਰੇ ਪਰਿਵਾਰ ਲਈ ਠੀਕ ਹੋਵੇਗਾ।

ਜਦੋਂ ਗੁਰੂ ਰਵਿਦਾਸ ਜੀ ਆਪਣੇ ਆਸਣ ’ਤੋਂ ਉੱਠਣ ਲੱਗੇ ਤਾਂ ਸਹਿਜ ਹੀ ਉਨ੍ਹਾਂ ਦੇ ਮੁੱਖੋਂ ਇਹ ਸ਼ਬਦ ਨਿਕਲੇ ਕਿ ਹੇ ਰਾਜਨ! ਜੈਸੀ ਤੁਹਾਡੀ ਇੱਛਾ ਦੇਖੋ ਮੇਰੇ ਮਾਲਿਕ ਨੂੰ ਕੀ ਮਨਜ਼ੂਰ ਹੈ? ਇਹ ਕਹਿ ਕੇ ਗੁਰੂ ਜੀ ਅਤੇ ਰਾਜਾ ਹਵਨ ਕੱਕਸ਼ ’ਤੇ ਪਹੁੰਚੇ। ਸਾਰਾ ਕੰਮ ਸਮਾਪਤ ਹੋਣ ਤੋਂ ਬਾਅਦ ਬਾਦਸ਼ਾਹ ਨੇ ਪ੍ਰੋਹਿਤਾਂ ਨੂੰ ਸੋਨੇ ਦੀਆਂ ਗਊਆਂ ਦਾਨ ਵਿਚ ਦਿੱਤੀਆਂ। ਇਹ ਦੇਖ ਕੇ ਗੁਰੂ ਜੀ ਨੇ ਕਿਹਾ ਰਾਜਨ ਠਹਿਰੋ! ਮੈਂ ਨੀਤੀ ਦੀ ਗੱਲ ਕਰਨਾ ਚਾਹੁੰਦਾ ਹਾਂ ਇਹ ਸੋਨੇ ਦੀਆਂ ਗਊਆਂ ਕਿਸ ਮਨੋਰਥ ਸਿੱਧ ਲਈ ਤੁਸੀਂ ਦੇ ਰਹੇ ਹੋ? ਤਾਂ ਰਾਜੇ ਨੇ ਕਿਹਾ ਪੰਡਤਾਂ ਤੇ ਪ੍ਰੋਹਿਤਾਂ ਨੂੰ ਸੋਨੇ ਦੀਆਂ ਗਊਆਂ ਦੇਣ ਨਾਲ ਸਵਰਗ ਲੋਕ ਪ੍ਰਾਪਤ ਹੁੰਦਾ ਹੈ। ਗੁਰੂ ਜੀ ਕਹਿਣ ਲੱਗੇ ਹੇ ਪੰਡਤ ਜੀ! ਦਾਨ ਜੀਵਤ ਗਊਆਂ ਦਾ ਦਿੱਤਾ ਜਾਂਦਾ ਹੈ ਜਾਂ ਮਰੀਆਂ ਹੋਈਆਂ ਦਾ। ਤਾਂ ਪੰਡਤਾਂ ਨੇ ਜਵਾਬ ਦਿੱਤਾ ਸੱਚ ਕਹੋ ਤਾਂ ਦਾਨ ਹਮੇਸ਼ਾ ਜਿਊਂਦੀਆਂ ਗਊਆਂ ਦਾ ਦਿੱਤਾ ਜਾਂਦਾ ਹੈ। ਫਿਰ ਗੁਰੂ ਜੀ ਕਹਿਣ ਲੱਗੇ ਜੇਕਰ ਤੁਸੀਂ ਜੋ ਕਹਿ ਰਹੇ ਹੋ ਇਹ ਸੱਚ ਹੈ ਤਾਂ ਤੁਸੀਂ ਰਾਜਾ ਨਾਲ ਛਲ-ਕਪਟ ਕਰਨ ਜਾ ਰਹੇ ਹੋ। ਇਹ ਗੱਲ ਸੁਣ ਕੇ ਪ੍ਰੋਹਿਤ ਲੋਕ ਤੇ ਰਾਜਾ ਹੈਰਾਨ ਰਹਿ ਗਏ। ਗੁਰੂ ਰਵਿਦਾਸ ਜੀ ਕਹਿਣ ਲੱਗੇ ਪੰਡਤ ਜੀ! ਤੁਹਾਡਾ ਵਿਧੀ-ਵਿਧਾਨ ਤੁਹਾਡੇ ਸ਼ਾਸਤਰ, ਵੇਦ ਤੇ ਸਿਮਰਤੀਆਂ ਇਹ ਜਣਦੇ ਹੋਏ ਵੀ ਕਿ ਪਰਮਾਤਮਾ ਹਰ ਜੀਵ ਵਿਚ ਰਹਿੰਦਾ ਹੈ ਫਿਰ ਵੀ ਜਾਤ ਪਾਤ ਵਿਚ ਵਿਸ਼ਵਾਸ਼ ਕਰਦੇ ਹਨ। ਆਪ ਜਾਣਦੇ ਹੋ ਕਿ ਪਰਮਾਤਮਾ ਦੀ ਰਚਨਾ ਦੇ ਆਧਾਰ ’ਤੇ ਨਹੀਂ ਬਲਕਿ ਆਪ ਦੀ ਨੀਤੀ

ਦੇ ਆਧਾਰ 'ਤੇ ਮੈਂ ਚਮਾਰ ਜਾਤੀ ਨਾਲ ਸੰਬੰਧਤ ਹਾਂ। ਤੁਹਾਡੀ ਨੀਤੀ ਅਨੁਸਾਰ ਹਰ ਜੀਵਤ ਵਸਤੂ ਤੇ ਪ੍ਰਾਣੀ ਤੁਹਾਡਾ ਹੈ ਅਤੇ ਮਰੇ ਹੋਏ ਪ੍ਰਾਣੀ ਸਾਡੇ ਕਿਉਂਕਿ ਮੇਰੀ ਜਾਤੀ ਦੇ ਲੋਕ ਸ਼ਹਿਰ ਦੇ ਆਸ-ਪਾਸ ਮਰੇ ਹੋਏ ਪਸ਼ੂਆਂ ਨੂੰ ਢੋਣ ਦਾ ਕੰਮ ਕਰਦੇ ਹਨ। ਮੇਰੀ ਮਤ ਅਨੁਸਾਰ ਗਊਆਂ ਦੀਆਂ ਮੂਰਤੀਆਂ ਅਤੇ ਮਰੇ ਹੋਏ ਪਸ਼ੂਆਂ ਵਿਚ ਕੋਈ ਅੰਤਰ ਨਹੀਂ ਹੈ। ਨਿਰਜੀਵ ਵਸਤੂ ਸੋਨੇ ਦੀਆਂ ਹੋਣ ਜਾਂ ਚਮੜੇ ਦੀਆਂ ਉਸ ਉੱਤੇ ਤੁਹਾਡਾ ਕੋਈ ਅਧਿਕਾਰ ਨਹੀਂ ਕਿਉਂਕਿ ਇਹ ਸਾਰੀਆਂ ਗਊਆਂ ਨਿਰਜੀਵ ਹਨ ਇਸ ਲਈ ਇਨ੍ਹਾਂ 'ਤੇ ਮੇਰਾ ਪੈਦਾਇਸ਼ੀ ਹੱਕ ਹੈ। ਸੁਭਾਵਿਕ ਹੀ ਇਹ ਗੱਲ ਵਿਵਾਦ ਦਾ ਵਿਸ਼ਾ ਬਣ ਗਈ ਰਾਜਾ ਤਾਂ ਪਹਿਲਾਂ ਹੀ ਗੁਰੂ ਜੀ ਦੀ ਸੱਚਾਈ, ਇਮਾਨਦਾਰੀ, ਪੂਜਾ, ਪੱਦਵੀ ਅਤੇ ਪ੍ਰਭੂ-ਗਿਆਨ ਦਾ ਕਾਇਲ ਸੀ। ਇਸ ਲਈ ਉਸ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਪੰਡਤ ਜੀ ਮੈਂ ਵਿਚਾਲੇ ਨਹੀਂ ਪੈਣਾ ਚਾਹੁੰਦਾ ਪ੍ਰੰਤੂ ਆਪ ਲੋਕਾਂ ਨੂੰ ਗੁਰੂ ਜੀ ਦੇ ਇਸ ਪ੍ਰਸ਼ਨ ਦਾ ਉੱਤਰ ਜ਼ਰੂਰ ਦੇਣਾ ਪਵੇਗਾ। ਅੰਤ ਫੈਸਲਾ ਇਹ ਹੋਇਆ ਕਿ ਜਾਂ ਤਾਂ ਪ੍ਰੋਹਿਤ ਆਪਣੀ ਵਿੱਦਿਆ ਸ਼ਕਤੀ ਨਾਲ ਇਨ੍ਹਾਂ ਨੂੰ ਜੀਵਤ ਕਰੇ ਤੇ ਆਪਣੇ ਨਾਲ ਲੈ ਜਾਵੇ ਨਹੀਂ ਤਾਂ ਇਨ੍ਹਾਂ ਸੋਨੇ ਦੀਆਂ ਗਊਆਂ ਨੂੰ ਗੁਰੂ ਜੀ ਲੈ ਜਾਣ। ਲਾਲਚ ਵਿਚ ਆਏ ਪੰਡਤ ਇੰਨਾ ਸੋਨਾ ਨਹੀਂ ਛੱਡਣਾ ਚਾਹੁੰਦੇ ਸਨ ਉਨ੍ਹਾਂ ਨੇ ਵਿਸ਼ਵਾਸ਼ ਅਨੁਸਾਰ ਕਈ ਮੰਤਰ ਪੜ੍ਹੇ ਪਰ ਕੰਮ ਨਾ ਬਣਦਾ ਦੇਖ ਅੰਤ ਕਹਿਣ ਲੱਗੇ "ਰਾਜਨ! ਤੁਸੀਂ ਆਪਣੇ ਗੁਰੂ ਨੂੰ ਕਹੋ ਕਿ ਕੁਝ ਐਸਾ ਕਰੋ ਜਿਸ ਨਾਲ ਸੋਨੇ ਦੀਆਂ ਗਊਆਂ ਖ਼ੁਦ ਚੱਲਕੇ ਉਨ੍ਹਾਂ ਪਾਸ ਆ ਜਾਣ"। ਇਤਿਹਾਸ ਵਿਚ ਦਰਜ ਹੈ ਕਿ ਗੁਰੂ ਜੀ ਨੇ ਉਨ੍ਹਾਂ ਦੇ ਪ੍ਰਸਤਾਵ ਨੂੰ ਮਨਜ਼ੂਰ ਕੀਤਾ ਤੇ ਸਮਾਧੀ ਲਾ ਕੇ ਬੈਠ ਗਏ। ਤਦ ਸਾਰੇ ਲੋਕਾਂ ਨੇ ਦੇਖਿਆ ਕਿ ਸੋਨੇ ਦੀਆਂ ਗਊਆਂ ਗੁਰੂ ਜੀ ਦੇ ਚਰਨਾਂ ਵਿਚ ਆ ਕੇ ਬੈਠ ਗਈਆਂ। ਇਹ ਚਮਤਕਾਰ ਦੇਖ ਕੇ ਗੁਰੂ ਜੀ ਦੀ ਮਹਿਮਾਂ ਚਾਰੇ ਪਾਸੇ ਫੈਲ ਗਈ।

***

## ਕਿਰਦਾਰ ਪਾਂਡੇ ਅਤੇ ਉਸਦੇ ਸਾਥੀਆਂ ਦੁਆਰਾ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਖਤਮ ਕਰਨ ਦੀ ਯੋਜਨਾ

ਰਾਜਾ ਨਾਗਰ ਮੱਲ ਦੇ ਦਰਬਾਰ ਵਿਚ ਜਦੋਂ ਪਾਖੰਡੀ ਲੋਕਾਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਤਾਂ ਮਜ਼ਬੂਰ ਹੋ ਕੇ ਉਹਨਾਂ ਨੇ ਸ਼੍ਰੀ ਗੁਰੂ ਰਵਿਦਾਸ ਜੀ ਅੱਗੇ ਹਾਰ ਤਾਂ ਮੰਨ ਲਈ ਪ੍ਰੰਤੂ ਉਹਨਾਂ ਦੇ ਮਨ ਵਿਚ ਬਦਲਾ ਲੈਣ ਦੀ ਭਾਵਨਾ ਪਹਿਲਾਂ ਨਾਲੋਂ ਜ਼ਿਆਦਾ ਵਧਣ ਲੱਗੀ। ਉਹ ਹਰ ਸਮੇਂ ਸ਼੍ਰੀ ਗੁਰੂ ਰਵਿਦਾਸ ਜੀ ਤੋਂ ਬਦਲਾ ਲੈਣ ਦੀਆਂ ਯੋਜਨਾਵਾਂ ਬਣਾਉਂਦੇ ਰਹਿੰਦੇ।



ਕਿਦਾਰ ਪਾਂਡੇ ਉਹਨਾਂ ਦਾ ਮੁਖੀਆ ਸੀ ਜੋ ਆਪਣੀ ਹਾਰ ਨੂੰ ਭੁੱਲ ਨਹੀਂ ਸੀ ਸਕਿਆ। ਉਸਨੇ ਗੁਰੂ ਜੀ ਤੋਂ ਬਦਲਾ ਲੈਣ ਦੀ ਯੋਜਨਾ ਬਣਾਈ ਕਿ ਉਹਨਾਂ ਨੂੰ ਧੋਖੇ ਨਾਲ ਬੁਲਾ ਕੇ ਖਤਮ ਕਰ ਦਿੱਤਾ ਜਾਵੇ। ਉਸਨੇ ਆਪਣੇ ਸਾਥੀਆਂ ਨੂੰ ਕਿਹਾ ਕਿ ਰਵਿਦਾਸ ਉਹਨਾਂ ਦੇ ਰਸਤੇ ਦੀ ਰੁਕਾਵਟ ਹੈ ਅਤੇ ਜੇਕਰ ਰਵਿਦਾਸ ਨੂੰ ਮਾਰ ਦਿੱਤਾ ਜਾਵੇ ਤਾਂ ਇਹ ਰੁਕਾਵਟ ਆਪਣੇ ਆਪ ਖਤਮ ਹੋ ਜਾਵੇਗੀ। ਇਸ ਕੰਮ ਦੀ ਜ਼ਿੰਮੇਵਾਰੀ ਉਸਨੇ ਆਪਣੇ ਸਿਰ ਲਈ।

ਉਸਨੇ ਗੁਰੂ ਜੀ ਕੋਲ ਜਾ ਕੇ ਕਿਹਾ ਕਿ ਸਾਡਾ ਇਕ ਫੈਸਲਾ ਉਲਝ ਗਿਆ ਹੈ, ਤੁਸੀਂ ਸਤਿਪੁਰਸ਼ ਹੁੰਦੇ ਹੋਏ ਜਿਹੜਾ ਵੀ ਫੈਸਲਾ ਕਰੋਗੇ ਸਾਨੂੰ ਮਨਜ਼ੂਰ ਹੋਵੇਗਾ। ਮੈਨੂੰ ਵਿਸ਼ਵਾਸ ਹੈ ਕਿ ਤੁਸੀਂ ਗ਼ਲਤ ਫੈਸਲਾ ਨਹੀਂ ਦੇਵੋਗੇ। ਤੁਸੀਂ ਮੇਰੇ ਨਾਲ ਚੱਲੋ। ਗੁਰੂ ਜੀ ਉਹਨਾਂ ਦੀ ਚਾਲ ਸਮਝ ਤਾਂ ਗਏ ਪਰ ਪਰਮਾਤਮਾ ਨੂੰ ਪ੍ਰਤੱਖ ਫੈਸਲਾ ਦੇਣ ਵਾਲਾ ਮੰਨ ਕੇ ਉਹ ਕਿਦਾਰ ਪਾਂਡੇ ਦੇ ਨਾਲ ਚਲ ਪਏ। ਉਹਨਾਂ ਨੂੰ ਪੂਰਾ ਵਿਸ਼ਵਾਸ ਸੀ ਕਿ ਪਰਮਾਤਮਾ ਉਹਨਾਂ ਦੀ ਮਦਦ ਜ਼ਰੂਰ ਕਰੇਗਾ। ਕਿਦਾਰ ਪਾਂਡੇ ਉਹਨਾਂ ਨੂੰ 'ਲੋਟਾ ਵੀਰ' ਦੇ ਜੰਗਲਾਂ ਵਿਚ ਲੈ ਗਿਆ। ਉਥੇ ਪਹੁੰਚ ਕੇ ਉਸਨੇ ਗੁਰੂ ਜੀ ਨੂੰ ਕਿਹਾ ਕਿ ਤੁਸੀਂ ਪ੍ਰਭੂ ਦੀ ਭਗਤੀ ਛੱਡਣ ਨਾਲ ਸਹਿਮਤ ਹੋ ਜਾਂ ਨਹੀਂ? ਤਾਂ ਸ਼੍ਰੀ ਗੁਰੂ ਰਵਿਦਾਸ ਜੀ ਨੇ ਕਿਹਾ ਕਿ ਮੈਂ ਰਾਮ ਦੇ ਨਾਮ ਦਾ ਸਿਮਰਨ ਕਰਨਾ ਨਹੀਂ ਛੱਡਾਂਗਾ, ਚਾਹੇ ਮੇਰੇ ਪ੍ਰਾਣ ਚਲੇ ਜਾਣ। ਜੰਗਲ ਵਿਚ ਕਿਦਾਰ ਪਾਂਡੇ ਦੇ ਬਾਕੀ ਸਾਥੀ ਵੀ ਸਨ। ਜਿਵੇਂ ਹੀ ਉਹਨਾਂ ਨੇ ਗੁਰੂ ਜੀ ਉੱਪਰ ਹਮਲਾ ਕਰਨਾ ਚਾਹਿਆ ਤਾਂ ਉਹਨਾਂ ਦੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ। ਉਹਨਾਂ ਨੇ ਗ਼ਲਤੀ ਨਾਲ ਆਪਣੇ ਸਾਥੀ ਕਿਦਾਰ ਪਾਂਡੇ ਨੂੰ ਹੀ ਮਾਰ ਦਿੱਤਾ। ਸ਼੍ਰੀ ਗੁਰੂ ਰਵਿਦਾਸ ਜੀ ਘਰ ਵਾਪਿਸ ਪਰਤ ਆਏ। ਬ੍ਰਾਹਮਣ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਮਰਿਆ ਸਮਝ ਕੇ ਉਸ ਲਾਸ਼ ਨੂੰ ਨਾਗਰ ਮੱਲ ਦੇ ਦਰਬਾਰ ਵਿਚ ਲੈ ਗਏ। ਉਹਨਾਂ ਨੇ ਰਾਜੇ ਨਾਗਰ ਮੱਲ ਨੂੰ ਸੂਚਨਾ ਦਿੱਤੀ ਕਿ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਕਿਸੇ ਨੇ ਮਾਰ ਦਿੱਤਾ ਹੈ। ਰਾਜੇ ਨੂੰ ਇਸ ਗੱਲ ਤੇ ਵਿਸ਼ਵਾਸ ਨਹੀਂ ਹੋਇਆ। ਰਾਜਾ ਆਪ ਉਸ ਲਾਸ਼ ਨੂੰ ਦੇਖਣ ਗਿਆ। ਰਾਜੇ ਨੇ ਲਾਸ਼ ਉੱਤੋਂ ਪਰਦਾ ਚੁੱਕ ਕੇ ਬ੍ਰਾਹਮਣਾਂ ਨੂੰ ਕਿਹਾ ਕਿ ਪਹਿਚਾਣੋ! ਇਹ ਲਾਸ਼ ਕਿਸਦੀ ਹੈ? ਤਦ ਬ੍ਰਾਹਮਣ ਆਪਣੇ ਹੀ ਸਾਥੀ ਕਿਦਾਰ ਪਾਂਡੇ ਦੀ ਲਾਸ਼ ਦੇਖ ਕੇ ਹੈਰਾਨ ਰਹਿ ਗਏ। ਅੰਤ ਉਹਨਾਂ ਨੂੰ ਆਪਣੀ ਕੀਤੀ ਹੋਈ ਗਲਤੀ ਨੂੰ ਸਵੀਕਾਰ ਕਰਨਾ ਪਿਆ।

## ਸ਼੍ਰੀ ਗੁਰੂ ਰਵਿਦਾਸ ਜੀ ਦੀ ਅਲਾਵਦੀ ਬਾਦਸ਼ਾਹ ਨਾਲ ਗੋਸ਼ਟੀ

ਇਹ ਗੋਸ਼ਟੀ ਇਕ ਹੱਥਲਿਖਤ ਗ੍ਰੰਥ ਸਿੱਖ ਰੈਫਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਵਿਚ ਮੌਜੂਦ ਹੈ ਜੋ ਸੰਮਤ 1786 ਵਿਚ ਲਿਖਿਆ ਹੈ ਅਤੇ ਇਹ ਉਸਦੇ ਪੰਨਾ 463, 466 ਅਤੇ 487 ਉੱਪਰ ਅੰਕਿਤ ਹੈ।

(ਪੰਨਾ 71, 'ਭਗਤ ਰਵਿਦਾਸ' ਸ੍ਰੀ ਜਸਵੀਰ ਸਿੰਘ ਸਾਬਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ)

ਕਾਂਸ਼ੀ ਵਿਚ ਕਾਜੀਆਂ ਨੇ ਅਲਾਵਦੀ ਬਾਦਸ਼ਾਹ ਨੂੰ ਕਿਹਾ ਕਿ ਰਵਿਦਾਸ ਜੀ ਇਕ ਚਮਾਰ ਹੈ। ਇਸ ਸੰਸਾਰ ਦੇ ਲੋਕ ਉਸਨੂੰ ਪੂਜਨੀਕ ਮੰਨਦੇ ਹਨ। ਉਹ ਆਪਣੇ ਆਪ ਨੂੰ ਪੀਰ ਕਹਿੰਦਾ ਹੈ ਤੇ ਸਾਰੇ ਲੋਕ ਉਸ ਕੋਲ ਮੁਰੀਦ ਬਣ ਕੇ ਜਾਂਦੇ ਹਨ। ਤੁਸੀਂ ਉਸਨੂੰ ਬੁਲਾ ਕੇ ਪੁੱਛੋ ਕਿ ਉਸ ਨੇ ਇਹ ਕੀ ਪਾਖੰਡ ਰਚਿਆ ਹੋਇਆ ਹੈ? ਤਦ ਅਲਾਵਦੀ ਬਾਦਸ਼ਾਹ ਨੇ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਆਪਣੇ ਦਰਬਾਰ ਵਿਚ ਬੁਲਾਇਆ। ਉਸ ਸਮੇਂ ਹੀ ਗੁਰੂ ਜੀ ਦੇ ਸਕੇ ਸੰਬੰਧੀ ਚਮੜਾ ਸਿਰ ਉਪਰ ਰੱਖ ਕੇ ਰਵਿਦਾਸ ਜੀ ਦੇ ਪੱਖ ਵਿਚ ਕਹਿਣ ਲਈ ਸੁਲਤਾਨ ਦੇ ਦਰਬਾਰ ਵਿਚ ਆਏ। ਜਦੋਂ ਗੁਰੂ ਰਵਿਦਾਸ ਜੀ ਬਾਦਸ਼ਾਹ ਕੋਲ ਗਏ ਤਾਂ ਉਸਨੇ ਬਹੁਤ ਆਦਰ ਸਤਿਕਾਰ ਨਾਲ ਗੁਰੂ ਜੀ ਨੂੰ ਆਪਣੇ ਕੋਲ ਬਿਠਾ ਲਿਆ। ਉਸ ਸਮੇਂ ਹੀ ਬਾਦਸ਼ਾਹ ਨੂੰ ਚਮੜੇ ਦੀ ਬਦਬੂ ਆਈ, ਕਿਉਂਕਿ ਗੁਰੂ ਜੀ ਦੇ ਸਾਕ-ਸੰਬੰਧੀਆਂ ਨੇ ਚਮੜਾ ਸਿਰ ਉੱਪਰ ਚੁੱਕਿਆ ਹੋਇਆ ਸੀ। ਬਾਦਸ਼ਾਹ ਨੇ ਉਹਨਾਂ ਨੂੰ ਮਾਰ-ਮਾਰ ਕੇ ਦਰਬਾਰ ਵਿਚੋਂ ਬਾਹਰ ਕੱਢ ਦਿੱਤਾ ਅਤੇ ਰਵਿਦਾਸ ਜੀ ਨੂੰ ਕਿਹਾ ਤੁਸੀਂ ਲੋਕਾਂ ਨੂੰ ਆਪਣੇ ਚੇਲੇ ਬਣਾਉਂਦੇ ਹੋ, ਕੋਈ ਕਰਾਮਾਤ ਤਾਂ ਕਰਕੇ ਦਿਖਾਉ? ਤਦ ਸ਼੍ਰੀ ਗੁਰੂ ਰਵਿਦਾਸ ਜੀ ਨੇ ਕਿਹਾ ਕਿ ਕਰਾਮਾਤ ਤਾਂ ਮੈਂ ਦਿਖਾ ਚੁੱਕਾ ਹਾਂ, ਤੁਸੀਂ ਹੀ ਨਹੀਂ ਸਮਝੇ। ਬਾਦਸ਼ਾਹ ਨੇ ਕਿਹਾ ਕਿ ਕਿਹੜੀ ਕਰਾਮਾਤ ਦਿਖਾਈ ਹੈ? ਤਦ ਸ਼੍ਰੀ ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਉਚਾਰਨ ਕੀਤਾ—

**ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ ॥**
**ਰਿਦੈ ਰਾਮ ਗੋਬਿੰਦ ਗੁਨ ਸਾਰੰ ॥੧॥ਰਹਾਉ ॥**

(ਪੰਨਾ ੧੨੯੩)

ਬਾਦਸ਼ਾਹ ਨੇ ਕਿਹਾ ਕਿ ਇਸਦਾ ਪਰਮਾਰਥ ਕੀ ਹੈ? ਤਦ ਸ਼੍ਰੀ ਗੁਰੂ ਰਵਿਦਾਸ ਜੀ ਨੇ ਸਮਝਾਉਂਦੇ ਹੋਏ ਕਿਹਾ ਕਿ ਮੇਰੀ ਜਾਤ ਨੀਚ ਸਮਝੀ ਜਾਂਦੀ ਹੈ, ਜਿਸ ਵਿਚ ਮੈਂ ਪੈਦਾ ਹੋਇਆ ਹਾਂ। ਮੇਰੇ ਸਾਕ ਸੰਬੰਧੀਆਂ ਨੂੰ ਤਾਂ ਤੁਸੀਂ ਮਾਰ ਕੇ ਦੌੜਾ ਦਿੱਤਾ, ਕਿਉਂਕਿ ਉਹਨਾਂ ਕੋਲੋਂ ਚਮੜੇ ਦੀ ਬਦਬੂ ਆ ਰਹੀ ਸੀ। ਪਰੰਤੂ ਮੇਰੇ ਹਿਰਦੇ ਵਿਚ ਰਾਮ ਨਾਮ ਦੇ ਗੁਣਾਂ ਦਾ ਵਾਸ ਹੈ, ਇਸ ਲਈ ਤੁਸੀਂ ਮੈਨੂੰ ਆਪਣੇ ਨੇੜੇ ਬਿਠਾਇਆ ਹੈ ਨਹੀਂ ਤਾਂ ਮੈਂ ਅਛੂਤ (ਚਮਾਰ) ਤੁਹਾਡੇ ਨੇੜੇ ਕਿਵੇਂ ਆ ਸਕਦਾ ਸੀ। ਗੁਰੂ ਜੀ ਨੇ ਬਾਣੀ ਉਚਾਰਨ ਕਰਦੇ ਹੋਏ ਕਿਹਾ—

**ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ**
**ਸੰਤ ਜਨ ਕਰਤ ਨਹੀ ਪਾਨੰ ॥**
**ਸੁਰਾ ਅਪਵਿਤ੍ਰ ਨਤ ਅਵਰ ਜਲ ਰੇ**
**ਸੁਰਸਰੀ ਮਿਲਤ ਨਹਿ ਹੋਇ ਆਨੰ ॥੧॥** (ਪੰਨਾ ੧੨੯੩)

ਬਾਦਸ਼ਾਹ ਨੇ ਕਿਹਾ ਕਿ ਇਸਦਾ ਪਰਮਾਰਥ ਕੀ ਹੈ? ਤਦ ਸ਼੍ਰੀ ਗੁਰੂ



ਰਵਿਦਾਸ ਜੀ ਨੇ ਉੱਤਰ ਦਿੱਤਾ ਕਿ ਬਾਦਸ਼ਾਹ ਸਲਾਮਤ ਜਦੋਂ ਕੋਈ ਗੰਗਾ ਜੀ ਵਿਚੋਂ ਪਾਣੀ ਕੱਢ ਕੇ ਸ਼ਰਾਬ ਬਣਾਉਂਦਾ ਹੈ ਤਾਂ ਉਸ ਸ਼ਰਾਬ ਨੂੰ ਹਰ ਕੋਈ ਅਪਵਿੱਤਰ ਆਖਦਾ ਹੈ ਪਰ ਜੇਕਰ ਖੂਹ ਦਾ ਪਾਣੀ ਲੈ ਕੇ, ਉਸ ਨਾਲ ਸ਼ਰਾਬ ਬਣਾ ਕੇ ਉਸ ਸ਼ਰਾਬ ਨੂੰ ਗੰਗਾ ਜੀ ਵਿਚ ਮਿਲਾ ਦਿੱਤਾ ਜਾਵੇ ਤਾਂ ਉਹ ਗੰਗਾ ਦਾ ਹੀ ਰੂਪ ਹੋ ਜਾਂਦੀ ਹੈ। ਇਸ ਪ੍ਰਕਾਰ ਮੈਂ ਵੀ ਸ਼ਰਾਬ ਦੀ ਤਰ੍ਹਾਂ ਅਛੂਤ (ਚਮਾਰ) ਜਾਤ ਦਾ ਸੀ ਪਰ ਜਦੋਂ ਤੋਂ ਮੈਂ ਪਰਮਾਤਮਾ ਦੀ ਸ਼ਰਨ ਵਿਚ ਆਇਆ ਹਾਂ ਉਦੋਂ ਤੋਂ ਹੀ ਮੈਂ ਪਵਿੱਤਰ ਹੋ ਗਿਆ ਹਾਂ। ਗੁਰੂ ਜੀ ਅੱਗੋਂ ਫਰਮਾਉਂਦੇ ਹਨ—

**ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ**
**ਜੈਸੇ ਕਾਗਰਾ ਕਰਤ ਬੀਚਾਰੰ ॥**
**ਭਗਤਿ ਭਾਗਉਤ ਲਿਖੀਐ ਤਿਹ ਊਪਰੇ**
**ਪੂਜੀਐ ਕਰਿ ਨਮਸਕਾਰੰ ॥੨॥**

ਬਾਦਸ਼ਾਹ ਨੇ ਕਿਹਾ ਕਿ ਇਸਦਾ ਪਰਮਾਰਥ ਕੀ ਹੈ? ਗੁਰੂ ਜੀ ਨੇ ਕਿਹਾ ਕਿ ਬਾਦਸ਼ਾਹ ਜੀ ਕਾਗਜ਼ ਤਾੜੀ ਦੇ ਦਰੱਖਤ ਤੋਂ ਬਣਦਾ ਹੈ ਅਤੇ ਤਾੜ ਨੂੰ ਵੇਦਾਂ ਵਿਚ ਅਪਵਿੱਤਰ ਮੰਨਿਆ ਗਿਆ ਹੈ। ਜਦੋਂ ਪਰਮਾਤਮਾ ਦੀ ਭਗਤੀ ਦਾ ਵਿਚਾਰ ਉਸ ਕਾਗਜ਼ ਉੱਪਰ ਲਿਖ ਦਿੱਤਾ ਜਾਂਦਾ ਹੈ ਤਾਂ ਉਸ ਕਾਗਜ਼ ਨੂੰ ਪੂਜਿਆ ਜਾਂਦਾ ਹੈ। ਇਸ ਪ੍ਰਕਾਰ ਹੀ ਮੇਰੀ ਜਾਤ ਵੀ ਤਾੜੀ ਵਾਂਗ ਅਪਵਿੱਤਰ ਸਮਝੀ ਜਾਂਦੀ ਸੀ। ਪਰ ਪ੍ਰਭੂ ਪ੍ਰੇਮ ਦੇ ਰੰਗ ਵਿਚ ਭਿੱਜ ਕੇ ਮੈਂ ਪੂਜਣਯੋਗ ਬਣ ਗਿਆ ਹਾਂ। ਭਾਵ ਪ੍ਰਭੂ ਦੇ ਨਾਮ ਦੇ ਸਿਮਰਨ ਕਾਰਨ ਮੈਂ ਪਵਿੱਤਰ ਹੋ ਗਿਆ ਹਾਂ। ਆਪਣੀ ਬਾਣੀ ਦਾ ਉਚਾਰਨ ਕਰਦੇ ਹੋਏ ਗੁਰੂ ਜੀ ਫਰਮਾਉਂਦੇ ਹਨ—

**ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ**
**ਨਿਤਹਿ ਬਾਨਾਰਸੀ ਆਸ ਪਾਸਾ ॥**
**ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ**
**ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ ॥੩॥੧॥**

(ਪੰਨਾ ੨੯੩)

ਬਾਦਸ਼ਾਹ ਨੇ ਇਸਦੇ ਪਰਮਾਰਥ ਬਾਰੇ ਪੁੱਛਿਆ? ਤਾਂ ਸ਼੍ਰੀ ਗੁਰੂ ਰਵਿਦਾਸ ਜੀ ਨੇ ਕਿਹਾ ਕਿ ਮੇਰੀ ਚਮਾਰ ਜਾਤ ਚਮੜੇ ਦਾ ਕੰਮ ਕਰਦੀ ਹੈ। ਮੇਰੀ ਜਾਤ ਦੇ ਲੋਕ ਮਰੇ ਹੋਏ ਪਸ਼ੂਆਂ ਨੂੰ ਹਰ ਰੋਜ਼ ਬਨਾਰਸ ਦੇ ਆਸ ਪਾਸ ਢੋਂਦੇ (ਉਠਾਉਂਦੇ) ਹਨ। ਪਰ ਪਰਮਾਤਮਾ ਦੇ ਨਾਮ ਸਿਮਰਨ ਕਰਕੇ ਵੱਡੇ-ਵੱਡੇ ਬਾਦਸ਼ਾਹ, ਪ੍ਰਧਾਨ, ਬ੍ਰਾਹਮਣ ਅਤੇ ਖੱਤਰੀ ਵੀ ਝੁਕ ਕੇ ਮੈਨੂੰ ਨਮਸਕਾਰ ਕਰਦੇ ਹਨ।

ਪਰਮਾਰਥ ਦੀਆਂ ਇਹ ਸਾਰੀਆਂ ਗੱਲਾਂ ਸੁਣ ਕੇ ਬਾਦਸ਼ਾਹ ਇੰਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਬਹੁਤ ਸਾਰੀ

ਮਾਇਆ ਭੇਂਟ ਕੀਤੀ ਅਤੇ ਸੋਨੇ ਨਾਲ ਜੁੜੀ ਹੋਈ ਸੇਜ ਵੀ ਸ਼ਰਧਾ ਵਜੋਂ ਭੇਂਟ ਕੀਤੀ। ਗੁਰੂ ਜੀ ਨੇ ਪਰਮਾਤਮਾ ਦੇ ਨਾਮ ਤੇ ਉਹ ਸਾਰੀ ਮਾਇਆ ਗਰੀਬਾਂ ਵਿਚ ਵੰਡ ਦਿੱਤੀ ਅਤੇ ਸੋਨੇ ਨਾਲ ਜੜੀ ਹੋਈ ਸੇਜ ਗੰਗਾ ਜੀ ਨੂੰ ਭੇਂਟ ਕਰ ਦਿੱਤੀ। ਕਾਜ਼ੀਆਂ ਨੇ ਦੁਬਾਰਾ ਬਾਦਸ਼ਾਹ ਕੋਲ ਸ਼ਿਕਾਇਤ ਕੀਤੀ ਕਿ ਰਵਿਦਾਸ ਜੀ ਨੇ ਸਾਰੀ ਮਾਇਆ ਲੁਟਾ ਦਿੱਤੀ ਹੈ ਅਤੇ ਤੁਹਾਡੇ ਦੁਆਰਾ ਦਿੱਤੀ ਹੋਈ ਸੋਨੇ ਦੀ ਸੇਜ ਗੰਗਾ ਜੀ ਵਿਚ ਪ੍ਰਵਾਹਿਤ ਕਰ ਦਿੱਤੀ ਹੈ। ਉਸ ਸੇਜ ਉਪਰ ਹੁਣ ਮਛੇਰੇ ਜਾਂ ਸਾਡੇ ਵਰਗੇ ਲੋਕ ਬੈਠਣਗੇ। ਇਹ ਰਵਿਦਾਸ ਜੀ ਨੇ ਠੀਕ ਨਹੀਂ ਕੀਤਾ।

ਸੁਲਤਾਨ ਨੇ ਉਹਨਾਂ ਦੀ ਸ਼ਿਕਾਇਤ ਸੁਣ ਕੇ ਰਵਿਦਾਸ ਜੀ ਨੂੰ ਆਪਣੇ ਕੋਲ ਬੁਲਾਇਆ ਤੇ ਕਿਹਾ ਕਿ ਮੇਰੀ ਸੇਜ ਮੈਨੂੰ ਵਾਪਿਸ ਕਰ ਦਿਉ। ਮੈਂ ਤੁਹਾਨੂੰ ਦੂਸਰੀ ਸੇਜ ਦੇ ਦੇਵਾਂਗਾ। ਜਦੋਂ ਰਵਿਦਾਸ ਜੀ ਨੇ ਪੁੱਛਿਆ ਕਿ ਤੁਹਾਨੂੰ ਉਹੀ ਸੇਜ ਚਾਹੀਦੀ ਹੈ ਤਾਂ ਬਾਦਸ਼ਾਹ ਨੇ ਕਿਹਾ ਕਿ ਮੈਨੂੰ ਉਹੀ ਦਿੱਤੀ ਹੋਈ ਸੇਜ ਚਾਹੀਦੀ ਹੈ। ਗੁਰੂ ਜੀ ਨੇ ਬਾਦਸ਼ਾਹ ਨੂੰ ਕਿਹਾ ਕਿ ਤੁਸੀਂ ਮੇਰੇ ਨਾਲ ਉਥੇ ਚਲੋ ਜਿੱਥੇ ਮੈਂ ਤੁਹਾਡੀ ਸੇਜ ਰੱਖੀ ਹੋਈ ਹੈ। ਮੈਂ ਤੁਹਾਨੂੰ ਉਹ ਸੇਜ ਉਥੋਂ ਕੱਢ ਦੇਵਾਂਗਾ। ਫਿਰ ਗੁਰੂ ਰਵਿਦਾਸ ਜੀ ਅਤੇ ਬਾਦਸ਼ਾਹ ਗੰਗਾ ਦੇ ਕਿਨਾਰੇ ਤੇ ਆਏ। ਗੁਰੂ ਜੀ ਨੇ ਗੰਗਾ ਜੀ ਨੂੰ ਫਰਮਾਇਆ ਕਿ ਮੇਰੀ ਅਮਾਨਤ ਮੈਨੂੰ ਵਾਪਿਸ ਕਰ ਦਿਉ। ਤਦ ਗੰਗਾ ਜੀ ਨੇ ਆਪਣੀ ਲਹਿਰ ਨਾਲ ਉਸ ਸੇਜ ਵਰਗੀਆਂ ਸੱਤ ਸੇਜਾਂ ਬਾਹਰ ਕੱਢ ਦਿੱਤੀਆਂ। ਗੁਰੂ ਜੀ ਨੇ ਬਾਦਸ਼ਾਹ ਨੂੰ ਕਿਹਾ ਕਿ ਉਹ ਆਪਣੀ ਸੇਜ ਪਹਿਚਾਣ ਲੈਣ। ਬਾਦਸ਼ਾਹ ਨੇ ਕਿਹਾ ਕਿ ਮੇਰੀ ਤਾਂ ਸਿਰਫ ਇਕ ਹੀ ਸੇਜ ਹੈ ਪਰ ਇਹ ਸੱਤ ਸੇਜਾਂ ਕਿਥੋਂ ਆਈਆਂ? ਗੁਰੂ ਜੀ ਨੇ ਕਿਹਾ ਬਾਦਸ਼ਾਹ ਜੀ ਇਹ ਇਕ ਦਿਨ ਵਿਚ ਹੀ ਇਕ ਤੋਂ ਸੱਤ ਹੋ ਗਈਆਂ ਹਨ। ਜੇਕਰ ਇਹ ਸੇਜ ਹੋਰ ਸਮਾਂ ਗੰਗਾ ਜੀ ਵਿਚ ਰਹਿੰਦੀਆਂ ਤਾਂ ਇਹਨਾਂ ਦੀ ਗਿਣਤੀ ਹੋਰ ਵੱਧ ਜਾਣੀ ਸੀ। ਇਹ ਸਾਰੀਆਂ ਸੇਜਾਂ ਤੇਰੇ ਹੀ ਕੰਮ ਆਉਣੀਆਂ ਸਨ। ਹੁਣ ਸੱਤ ਸੇਜਾਂ ਤੁਹਾਡੀਆਂ ਹੀ ਹਨ ਤੁਸੀਂ ਇਹਨਾਂ ਨੂੰ ਲੈ ਲਉ। ਬਾਦਸ਼ਾਹ ਨੇ ਗੁਰੂ ਜੀ ਨੂੰ ਕਿਹਾ ਕਿ ਇਹਨਾਂ ਸੇਜਾਂ ਨੂੰ ਗੰਗਾ ਜੀ ਵਿਚ ਪਾ ਦਿਉ ਤਾਂ ਇਹ ਹੋਰ ਵੱਧ ਜਾਣ। ਗੁਰੂ ਜੀ ਨੇ ਬਾਦਸ਼ਾਹ ਨੂੰ ਕਿਹਾ ਕਿ ਹੁਣ ਇਹ ਹੋਰ ਨਹੀਂ ਵੱਧਣਗੀਆਂ, ਕਿਉਂਕਿ ਇਹਨਾਂ ਦਾ ਤਾਂ ਬੀਜ ਹੀ ਉਖੜ ਗਿਆ ਹੈ। ਸ਼੍ਰੀ ਗੁਰੂ ਰਵਿਦਾਸ ਜੀ ਦੀ ਅਜਿਹੀ ਲੀਲਾ ਦੇਖ ਕੇ ਬਾਦਸ਼ਾਹ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ। ਬਾਦਸ਼ਾਹ ਨੇ ਉੱਠ ਕੇ ਸ਼੍ਰੀ ਗੁਰੂ ਰਵਿਦਾਸ ਜੀ ਦੇ ਚਰਨਾਂ ਵਿਚ ਨਮਸਕਾਰ ਕੀਤੀ।



# ਸ਼੍ਰੀ ਗੁਰੂ ਰਵਿਦਾਸ ਜੀ ਦੀ ਗੁਰੂ ਕਬੀਰ ਜੀ ਅਤੇ ਗੁਰੂ ਨਾਨਕ ਦੇਵ ਜੀ ਨਾਲ ਗਿਆਨ ਗੋਸ਼ਟੀਆਂ

ਅਜਿਹਾ ਪ੍ਰਮਾਣ ਮਿਲਦਾ ਹੈ ਕਿ ਸ਼੍ਰੀ ਗੁਰੂ ਰਵਿਦਾਸ ਜੀ ਮਹਾਰਾਜ 'ਮਡੂਰ ਨਗਰ' ਜਿਸਨੂੰ ਅੱਜਕਲ੍ਹ 'ਸੀਰ ਗੋਵਰਧਨਪੁਰ' ਕਿਹਾ ਜਾਂਦਾ ਹੈ, ਵਿਖੇ ਆਪਣਾ ਸਤਿਸੰਗ ਕਰਿਆ ਕਰਦੇ ਸਨ। ਉਸ ਸਮੇਂ ਗੁਰੂ ਜੀ ਦੀ ਉਮਰ ਲਗਭਗ 73 ਸਾਲਾਂ ਦੀ ਸੀ। ਕਬੀਰ ਜੀ ਬਨਾਰਸ (ਅੱਜਕਲ੍ਹ ਕਬੀਰ ਚੌਰਾ) ਵਿਖੇ ਸਤਿਸੰਗ ਕਰਿਆ ਕਰਦੇ ਸਨ। ਅਕਸਰ ਦੋਨੋਂ ਮਹਾਤਮਾ ਇਕੱਠੇ ਬੈਠ ਕੇ ਗਿਆਨ ਗੋਸ਼ਟੀਆਂ ਕਰਦੇ ਸਨ।

ਡਾ. ਲੇਖ ਰਾਜ ਪਰਵਾਨਾ ਆਪਣੀ ਕਿਤਾਬ 'ਸ੍ਰੀ ਗੁਰੂ ਰਵਿਦਾਸ ਜੀਵਨ ਅਤੇ ਕਿਰਤਾਂ' ਵਿਚ ਗੁਰੂ ਰਵਿਦਾਸ ਜੀ ਦੀਆਂ ਗੁਰੂ ਨਾਨਕ ਦੇਵ ਜੀ ਨਾਲ ਗੋਸ਼ਟੀਆਂ ਬਾਰੇ ਲਿਖਦੇ ਹਨ—

ਇਹ ਤੱਥ ਇਤਿਹਾਸਕ ਤੌਰ ਤੇ ਸਾਬਤ ਹੋ ਚੁੱਕਾ ਹੈ ਕਿ ਗੁਰੂ ਨਾਨਕ ਦੇਵ ਜੀ ਗੁਰੂ ਰਵਿਦਾਸ ਜੀ ਤੋਂ ਪਹਿਲਾ ਜੋਤੀ ਜੋਤ ਸਮਾ ਗਏ ਸਨ। "ਗੁਰੂ ਰਵਿਦਾਸ ਜੀ (ਸੰਮਤ 1433–1584) 151 ਵਰ੍ਹਿਆਂ ਦੇ ਹੋ ਕੇ ਜੋਤੀ ਜੋਤ ਸਮਾਏ ਸਨ।" "ਗੁਰੂ ਨਾਨਕ ਦੇਵ ਜੀ 70 ਵਰ੍ਹਿਆਂ, 5 ਮਹੀਨੇ ਅਤੇ 3 ਦਿਨਾਂ ਦੀ (1526–1596) ਆਯੂ ਭੋਗ ਕੇ ਅਕਾਲ ਪੁਰਖ ਦੇ ਸੰਗ ਸਦੀਵੀ ਤੌਰ 'ਤੇ ਜਾ ਮਿਲੇ ਸਨ।" ਇਸ ਸਮੇਂ ਵਿਚ ਗੁਰੂ ਨਾਨਕ ਸਾਹਿਬ ਦੀਆਂ ਗੁਰੂ ਰਵਿਦਾਸ ਜੀ ਨਾਲ ਤਿੰਨ ਮੁਲਾਕਾਤਾਂ ਹੋਈਆਂ ਦੱਸੀਆਂ ਜਾਂਦੀਆਂ ਹਨ। ਪਹਿਲੀ ਗੋਸ਼ਟੀ ਚੂੜਕਾਣੇ (ਨਨਕਾਣਾ ਸਾਹਿਬ) ਵਿਖੇ ਉਦੋਂ ਹੋਈ, ਜਦੋਂ ਗੁਰੂ ਨਾਨਕ ਸਾਹਿਬ ਅਜੇ ਕਿਸ਼ੋਰ ਅਵਸਥਾ ਵਿਚ ਸਨ। ਪੰਜ ਸੰਤ–ਕਬੀਰ ਜੀ, ਰਵਿਦਾਸ ਜੀ, ਸੇਨ ਜੀ, ਪੀਪਾ ਜੀ ਅਤੇ ਧੰਨਾ ਜੀ ਧਰਮ ਪ੍ਰਚਾਰ ਹਿਤ ਪੰਜਾਬ ਆਏ ਸਨ। ਗੁਰੂ ਨਾਨਕ ਦੇਵ ਜੀ ਨੇ ਜਿਹੜੇ ਵੀਹ ਰੁਪਏ ਆਪਣੇ ਪਿਤਾ ਮਹਿਤਾ ਕਾਲੂ ਜੀ ਪਾਸੋਂ ਵਪਾਰ ਲਈ ਪ੍ਰਾਪਤ ਕੀਤੇ ਸਨ, ਉਹ ਇਨ੍ਹਾਂ ਸੰਤਾਂ ਦੀ ਸੇਵਾ ਤੇ ਹੀ ਲਾ ਕੇ ਸੱਚਾ ਸੌਦਾ ਕੀਤਾ ਸੀ ਤੇ ਸੰਤਾਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਸੀ। ਬਾਬਾ ਜੀ ਜਾਣੀ–ਜਾਣ ਸਨ। ਉਨ੍ਹਾਂ ਨੇ ਸੰਤਾਂ ਅੰਦਰ ਜ਼ਰੂਰ ਕੋਈ ਸਾਤਵਿਕ ਤੇ ਆਤਮਿਕ ਸ਼ਕਤੀ ਦੇਖੀ ਹੋਵੇਗੀ, ਜਿਸ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੇ ਸੰਤਾਂ ਦੀ ਸੇਵਾ ਕੀਤੀ। ਪਿਤਾ ਕਾਲੂ ਜੀ ਨੂੰ ਜਦੋਂ ਪਤਾ ਲੱਗਾ ਕਿ ਇਨ੍ਹਾਂ ਸੰਤਾਂ ਵਿਚ ਨੀਚ ਜਾਤੀ ਨਾਲ ਸੰਬੰਧ ਰੱਖਣ ਵਾਲੇ ਵੀ ਹਨ ਤਾਂ ਲੋਕ–ਲਾਜ ਦੇ ਮਾਰੇ ਉਨ੍ਹਾਂ ਨੇ ਬਾਬੇ ਦੇ ਥੱਪੜ ਮਾਰੇ ਤੇ ਝਿੜਕਿਆ ਕਿ "ਰਵਿਦਾਸ–ਕਬੀਰ ਨੀਚੀ ਜਾਤੀ ਦੇ ਹਨ, ਤੂੰ ਉਨ੍ਹਾਂ ਨਾਲ ਕਿਉਂ ਸ਼ਿਸ਼ਟਾਚਾਰ ਵਧਾਇਆ?" ਗੁਰੂ ਜੀ ਨੇ ਆਪਣੇ ਪਿਤਾ ਜੀ ਨੂੰ ਨਿਝੱਕ ਹੋ ਕੇ ਸਪੱਸ਼ਟ ਉੱਤਰ ਦਿੱਤਾ ਕਿ ਜਾਤ–ਪਾਤ ਦਾ ਖੰਡਨ ਕਰਦਿਆਂ ਨਿਧੜਕ ਹੋ ਕੇ

ਕਿਹਾ ਸੀ–

**ਨੀਚਾ ਅੰਦਰ ਨੀਚੁ ਜਾਤਿ ਨੀਚੀ ਹੂੰ ਅਤਿ ਨੀਚ ॥**
**ਨਾਨਕ ਤਿਨ ਕੇ ਸੰਗ ਸਾਥ ਵਡਿਆ ਸੋ ਕਿਆ ਰੀਸ ॥**

ਦੂਜੀ ਗੋਸ਼ਟੀ ਬਾਬਾ ਜੀ ਨਾਲ ਸੰਤ ਰਵਿਦਾਸ ਜੀ ਦੀ ਉਸ ਸਮੇਂ ਹੋਈ ਜਦੋਂ ਸੰਤ ਰਵਿਦਾਸ ਜੀ ਆਪਣੇ ਹੋਰ ਸੰਤ ਸਾਥੀਆਂ ਨਾਲ ਉੱਤਰੀ ਭਾਰਤ ਦਾ ਦੌਰਾ ਕਰਦੇ-ਕਰਦੇ ਬਾਰਾਂ ਵਰ੍ਹੇ ਬਾਅਦ ਦੁਬਾਰਾ ਪੰਜਾਬ ਆਏ ਸਨ। ਆਪਣੇ ਮਿੱਤਰਾਂ, ਸ਼ਰਧਾਲੂਆਂ, ਸੰਤਾਂ, ਭਗਤਾਂ ਨੂੰ ਮਿਲਦੇ-ਮਿਲਾਂਦੇ ਉਹ ਸੁਲਤਾਨਪੁਰ ਪੁੱਜੇ। ਸੰਤਘਾਟ ਗੁਰਦੁਆਰੇ ਵਾਲੀ ਸਥਾਨ ਤੇ ਸੰਤ ਸਮਾਗਮ ਹੋਣਾ ਨਿਯਤ ਸੀ।

ਗੁਰੂ ਨਾਨਕ ਦੇਵ ਜੀ ਦਾ ਜੀਜਾ ਜੈਰਾਮ ਤੇ ਭੈਣ ਬੇਬੇ ਨਾਨਕੀ ਨਾਨਕ ਜੀ ਦਾ ਬਹੁਤ ਖਿਆਲ ਕਰਦੇ ਸਨ ਕਿ ਉਹ ਘਰ-ਬਾਰ ਛੱਡ ਕੇ ਕਿਤੇ ਸੰਨਿਆਸੀ ਹੀ ਨਾ ਹੋ ਜਾਣ। ਸੁਲਤਾਨਪੁਰ ਦਾ ਬੇਰ ਸਾਹਿਬ ਗੁਰਦੁਆਰਾ ਉਸ ਸਮੇਂ ਹੋਂਦ ਵਿਚ ਨਹੀਂ ਸੀ, ਪਰ ਬੇਈਂ ਨਦੀ ਉਥੇ ਵਹਿੰਦੀ ਸੀ। ਗੁਰੂ ਨਾਨਕ ਸਾਹਿਬ ਦੇ ਇਸ ਨਦੀ ਵਿਚ ਟੁੱਬੀ ਮਾਰਨ ਨਾਲ ਇਸ ਨਦੀ ਦਾ ਮਾਣ-ਇੱਜ਼ਤ ਬਣ ਗਿਆ। ਇਸ ਜਗ੍ਹਾ ਤੋਂ ਤਿੰਨ ਕੁ ਮੀਲ ਉੱਤਰ ਵੱਲ ਕਪੂਰਥਲਾ-ਸੁਲਤਾਨਪੁਰ ਸੜਕ ਤੇ ਸੰਤ ਘਾਟ ਗੁਰਦੁਆਰਾ ਵਿਖੇ, ਜੋ ਬੇਈਂ ਨਦੀ ਦੇ ਬਿਲਕੁੱਲ ਕੰਢੇ ਤੇ ਸਥਿਤ ਹੈ, ਅਤੇ ਜਿਸ ਦੀ ਇਮਾਰਤ ਅਜੇ ਵੀ ਅਧੂਰੀ ਪਈ ਹੈ (ਜਿਥੇ ਭਾਈ ਉਧਮ ਸਿੰਘ 30 ਕੁ ਸਾਲ ਪਹਿਲਾਂ ਛੱਡ ਗਏ ਸਨ, ਉਸੇ ਹਾਲਤ ਵਿਚ ਹੈ) ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਸ਼ਸ਼ੋਭਤ ਹੈ, ਚੁੱਬੀ ਮਾਰਨ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਪ੍ਰਗਟ ਹੋਏ ਸਨ। ਇਥੇ ਪਹਿਲਾਂ ਗੁਰਦੁਆਰਾ ਨਹੀਂ ਸੀ, ਸਮਾਧਾਂ ਦੱਸੀਆਂ ਗਈਆਂ ਹਨ। ਸਮਾਧਾਂ ਅਜੇ ਵੀ ਹਨ, ਪਰ ਉਹ ਥੋੜ੍ਹਾ ਦੂਰ ਸੁਲਤਾਨਪੁਰ ਸ਼ਹਿਰ ਵਲ ਨੂੰ ਹਨ। ਬਾਬਾ ਜੀ ਨੂੰ ਇਕੱਲਿਆਂ ਬਾਹਰ ਘੱਟ ਭੇਜਿਆ ਜਾਂਦਾ ਸੀ। ਭਾਈ ਭਾਗੀਰਥ, ਜੋ ਉਨ੍ਹਾਂ ਦਾ ਸਹਾਇਕ ਸੀ, ਹਰ ਵੇਲੇ ਗੁਰੂ ਜੀ ਨਾਲ ਹੀ ਰਹਿੰਦਾ ਸੀ। ਸੰਤ ਸਮਾਗਮ ਵਾਲੇ ਦਿਨ ਗੱਲਾਂ ਕਰਦੇ-ਕਰਦੇ ਬਹਾਨੇ ਨਾਲ ਬੇਰ ਸਾਹਿਬ ਗੁਰਦੁਆਰੇ ਵਾਲੀ ਜਗ੍ਹਾ ਤੇ ਬੇਈਂ ਕਿਨਾਰੇ ਆ ਗਏ। ਕੱਪੜੇ ਉਤਾਰ ਕੇ ਭਾਈ ਭਾਗੀਰਥ ਜੀ ਨੂੰ ਫੜਾ ਦਿੱਤੇ ਤੇ ਖ਼ੁਦ ਲੰਗੋਟੀ ਨਾਲ ਬੇਈਂ ਵਿਚ ਇਸ਼ਨਾਨ ਕਰਨ ਦੇ ਬਹਾਨੇ ਕੁੱਦ ਪਏ ਅਤੇ ਹਨ੍ਹੇਰੇ ਵਿਚ ਅਲੋਪ ਹੋ ਗਏ। ਗੁਰਦੁਆਰਾ ਬੇਰ ਸਾਹਿਬ ਤੋਂ ਤਿੰਨ ਕਿਲੋਮੀਟਰ ਦੂਰ 'ਸੰਤ ਘਾਟ ਗੁਰਦੁਆਰਾ' ਹੈ ਜਿੱਥੇ ਸਤਿਸੰਗ ਹੋਣਾ ਨਿਸ਼ਚਿਤ ਸੀ, ਸੰਤ ਸਤਿਸੰਗ ਲਈ ਪਹੁੰਚ ਗਏ ਸਨ। ਇਹ ਪਹਿਲਾਂ ਵਾਲੇ ਹੀ ਸੰਤ ਸਨ, ਜੋ ਪੰਜਾਬ ਵਿਚ ਆਪਣੇ ਮਿਸ਼ਨ ਦਾ ਪ੍ਰਚਾਰ ਕਰਨ ਆਏ ਸਨ। ਇਨ੍ਹਾਂ ਪੰਜਾਂ ਸੰਤਾਂ ਵਿਚ ਗੁਰੂ ਰਵਿਦਾਸ ਜੀ ਵੀ ਸਨ। ਇਸੇ ਸੰਤ ਸਮਾਗਮ ਵਿਚ, ਮਾਲੂਮ ਹੁੰਦਾ ਹੈ, ਸਰਵ ਸ਼ਕਤੀ ਮਾਨ, ਨਿਰ-ਆਕਾਰ, ਸਰਵ-ਵਿਆਪਕ ਪਰਮਾਤਮਾ ਦਾ ਸੰਕਲਪ ਮਿਥਿਆ ਗਿਆ ਹੋਵੇ। ਇਸੇ ਗੁਰਦੁਆਰੇ (ਸੰਤ ਘਾਟ) ਦੀ ਦੀਵਾਰ ਤੇ ਲੱਗੇ ਬੋਰਡ ਤੇ ਲਿਖੇ ਇਨ੍ਹਾਂ ਸ਼ਬਦ ੴ ਗੁਰਦੁਆਰਾ ਸ਼੍ਰੀ ਸੰਤ ਘਾਟ ਸਾਹਿਬ ਜੀ। ਇਥੇ ਸ੍ਰੀ ਗੁਰੂ



ਨਾਨਕ ਦੇਵ ਜੀ ਮਹਾਰਾਜ ਸ਼੍ਰੀ ਬੇਰ ਸਾਹਿਬ ਤੋਂ ਬੇਈਂ ਨਦੀ ਵਿਚ ਟੁੱਬੀ ਲਾ ਕੇ ਤੀਸਰੇ ਦਿਨ ਪ੍ਰਗਟ ਹੋਏ ਅਤੇ ਇਥੇ ਹੀ ਮੂਲ ਮੰਤਰ ਉਚਾਰਨ ਕੀਤਾ' ਤੋਂ ਸਪੱਸ਼ਟ ਹੈ ਕਿ ਨਿਰੰਕਾਰ ਰੂਪੀ ਪਰਮਾਤਮਾ ਦੀ ਪ੍ਰਸ਼ੰਸਾ ਵਿਚ 'ਪੱਟੀ' ਨਾਮੀ ਰਚਨਾ ਗੁਰੂ ਨਾਨਕ ਸਾਹਿਬ ਨੇ ਇਸੇ ਵੇਲੇ ਕੀਤੀ ਸੀ ਅਤੇ ਸਾਰ-ਤੱਤ ਇਸ ਤੋਂ ਬਾਅਦ ਮੂਲ ਮੰਤਰ ਦੀ ਸ਼ਕਲ ਵਿਚ ਸਿਰਜਨਾ ਕੀਤੀ ਹੋਵੇਗੀ। ਮੂਲ ਮੰਤਰ ਨਾਲ-ਨਾਲ ਉਨ੍ਹਾਂ ਦੀ ਨਿਮਨ ਲਿਖਤ ਸ਼ਬਦ ਮੁਕਤੀ ਜਾਪ ਵਲ ਵੀ ਇਸ਼ਾਰਾ ਕਰਦਾ ਹੈ—

**ਝਾੜ ਮਿੱਟੀ ਆਤਮ ਦਰਸਾਨਾ।**
**ਪ੍ਰਗਟੈ ਗਿਆਨ ਜੋਤ ਤਬ ਭਾਨਾ॥**
**ਲਿਵ ਲੀਨ ਭਹੈ ਮਾਧੋ ਆਤਮ ਐਸੇ।**
**ਜਲ ਤਰੰਗ ਭੇਦ ਕੁ ਕੈਸੇ॥**
**ਨਾਨਕ ਓਅੰਗ ਸੋਹੰਗ ਆਤਮਾ ਸੋਊ॥**

ਤਿੰਨਾਂ ਦਿਨਾਂ ਦੇ ਸੰਤ ਸਮਾਗਮ ਵਿਚ ਲਏ ਗਏ ਫੈਸਲੇ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੀ ਤਿਆਰੀ ਦਾ ਮੁੱਢ ਵੀ ਇਸੇ 'ਸੰਤ ਘਾਟ' ਗੁਰਦੁਆਰਾ ਵਾਲੀ ਸਥਾਨ ਤੋਂ ਹੀ ਆਰੰਭ ਹੋਇਆ ਦੱਸਿਆ ਗਿਆ ਹੈ। ਇਸ ਕਥਨ ਦੀ ਪੂਰਤੀ ਸੰਤ ਕਰਤਾਰ ਸਿੰਘ ਜੀ ਨੇ, ਜੋ ਗੁਰਦੁਆਰਿਆਂ ਦੀ ਉਸਾਰੀ ਤੇ ਉਨ੍ਹਾਂ ਦੀ ਮੁਰੰਮਤ ਕਰਵਾਉਣ ਅਤੇ ਸਿੱਖ ਇਤਿਹਾਸ ਅਤੇ ਬਾਣੀ ਦੇ ਪ੍ਰਬੀਨ ਬੁਲਾਰੇ ਅਤੇ ਤਰਜਮਾਨ ਮੰਨੇ ਜਾਂਦੇ ਹਨ, ਨੇ ਵੀ ਇਸੇ ਸੰਤ ਸਮਾਗਮ ਦੀ ਸੰਭਾਵਨਾ ਦੀ ਹੋਂਦ ਦੀ ਪੁਸ਼ਟੀ ਗੁਰਦੁਆਰਾ ਬੇਰ ਸਾਹਿਬ ਸੁਲਤਾਨਪੁਰ ਮਿਤੀ 31-3-1983 ਨੂੰ ਮੇਰੇ ਨਾਲ ਇਕ ਵਿਚਾਰਗੋਸ਼ਟੀ ਵਿਚ ਕੀਤੀ ਸੀ। ਗੁਰੂ ਨਾਨਕ ਸਾਹਿਬ ਦੀ ਸੰਤਾਂ ਨਾਲ ਇਹ ਦੂਜੀ ਮਿਲਣੀ ਸੀ। ਸੱਚਖੰਡ ਦੇ ਸੰਕਲਪ ਨੂੰ ਵਿਕਾਸ ਇਸੇ ਸਮੇਂ ਮਿਲਿਆ ਸੀ ਅਤੇ ਮੂਲ ਮੰਤਰ ਦੀ ਰਚਨਾ ਵੀ ਇਸੇ ਜਗ੍ਹਾ ਹੋਈ ਦੱਸੀ ਗਈ ਹੈ।

ਗੁਰੂ ਨਾਨਕ ਦੇਵ ਜੀ ਵੀ ਭਾਰਤੀ ਸਮਾਜ ਦੀ ਬਦਕਿਸਮਤੀ 'ਤੇ ਗਿਲਾਨੀ ਤੋਂ ਪੂਰੀ ਤਰ੍ਹਾਂ ਵਾਕਿਫ਼ ਹੋ ਚੁੱਕੇ ਸਨ। ਜਾਤਪਾਤ ਦੇ ਬੰਧਨਾਂ ਅਤੇ ਵਰਣ ਵਿਵਸਥਾ ਦੁਆਰਾ ਪੈਦਾ ਹੋਈਆਂ ਤੇ ਕੌੜਾ-ਰੂਪ ਧਾਰਣ ਕਰ ਚੁੱਕੀਆਂ ਸਮੱਸਿਆਵਾਂ ਤੋਂ ਵੀ ਚੇਤੰਨ ਹੋ ਚੁੱਕੇ ਸਨ ਤੇ ਬ੍ਰਾਹਮਣਵਾਦ ਦੀ ਪ੍ਰਭੂਸੱਤਾ ਤੇ ਅਜਾਰਾਦਾਰੀ ਤੋਂ ਵੀ ਚੰਗੀ ਤਰ੍ਹਾਂ ਜਾਗਰਤ ਹੋ ਚੁੱਕੇ ਸਨ। ਇਸਤਰੀ ਤੇ ਜ਼ੁਲਮ ਅਤੇ ਰਾਜਿਆਂ ਦੀਆਂ ਜ਼ਬਰਦਸਤ ਗ਼ਲਤ ਕਾਰਗੁਜ਼ਾਰੀਆਂ ਤੋਂ ਵੀ ਉਹ ਪੂਰੀ ਤਰ੍ਹਾਂ ਸੁਚੇਤ ਸਨ। ਇਸ ਲਈ ਗੁਰੂ ਨਾਨਕ ਸਾਹਿਬ ਨੇ ਉੱਤਰੀ ਭਾਰਤ ਵਿਚ ਆਪਣੇ ਦੋ ਸਾਥੀਆਂ ਭਾਈ ਬਾਲਾ ਅਤੇ ਮਰਦਾਨਾ ਸਮੇਤ ਉਕਤ ਸਮੱਸਿਆਵਾਂ ਵਿਰੁੱਧ ਸੰਘਰਸ਼ ਕੀਤਾ। ਗੁਰੂ ਸਾਹਿਬਾਨ ਦੀ ਆਸ਼ਾ ਵੀ ਉਹੀ ਸੀ, ਜੋ ਗੁਜਰਾਤ, ਰਾਜਸਥਾਨ, ਯੂ.ਪੀ. ਅਤੇ ਦੱਖਣੀ ਭਾਰਤ ਵਿਚ ਸੰਤਾਂ ਦੀ ਸੀ। ਬ੍ਰਾਹਮਣਵਾਦ ਦੀਆਂ ਧਾਰਮਿਕ ਅਤੇ ਸਮਾਜਿਕ ਬੇਇਨਸਾਫੀਆਂ ਭਰੇ ਵਤੀਰਿਆਂ ਵਿਰੁੱਧ ਗੁਰੂ ਨਾਨਕ ਸਾਹਿਬ ਨੇ ਬੀੜਾ ਉਠਾਇਆ ਸੀ।

ਖੱਤਰੀ, ਵੈਸ਼ ਅਤੇ ਸ਼ੂਦਰ ਅਤੇ ਨਾਰੀ ਚਹੁੰਆਂ ਨੂੰ ਦੁਪਾਸੀ ਮਾਰ ਪੈ ਰਹੀ ਸੀ। ਇਕ ਪਾਸੇ ਰਾਜਸੀ ਹਾਕਮ ਇਨ੍ਹਾਂ ਨੂੰ ਨਾਜਾਇਜ਼ ਦਬਾ ਰਹੇ ਸਨ ਅਤੇ ਦੂਜੇ ਪਾਸੇ ਬ੍ਰਾਹਮਣ ਆਪਣੀ ਆਜਾਰਾਦਾਰੀ ਤੇ ਬੌਧਿਕ ਰਾਜ ਕਾਇਮ ਰੱਖਣ ਦੀ ਖਾਤਰ ਜਾਤਪਾਤ, ਵਰਣ-ਭੇਦ ਅਤੇ ਉਚ-ਨੀਚ ਪ੍ਰਣਾਲੀਆਂ ਦੇ ਹੱਥ ਕੰਢੇ ਵਰਤ ਕੇ ਭਾਰਤੀ ਸਮਾਜ ਨੂੰ ਤਕਸੀਮ ਕਰੀ ਬੈਠੇ ਸਨ। ਗੁਰੂ ਨਾਨਕ ਦੇਵ ਜੀ ਲਈ ਅਜਿਹਾ ਵਾਤਾਵਰਣ ਅਸਹਿ ਸੀ। ਉਹਨਾਂ ਨੇ ਸੰਤਾਂ ਦੇ ਆਦਰਸ਼ ਨੂੰ ਘੋਖ ਕੇ ਇਹ ਉੱਚਿਤ ਸਮਝਿਆ ਕਿ ਉੱਤਰੀ ਭਾਰਤ ਵਿਚ ਇਨ੍ਹਾਂ ਸਮਾਜਿਕ ਬੁਰਾਈਆਂ ਵਿਰੁੱਧ ਆਵਾਜ਼ ਉਠਾਈ ਜਾਵੇ। ਉਹ ਇਹ ਸਮਝ ਚੁੱਕੇ ਸਨ ਕਿ ਆਵਾਜ਼ ਸਾਰੇ ਭਾਰਤ ਵਿਚ ਉਠਣੀ ਚਾਹੀਦੀ ਹੈ। ਇਹ ਆਵਾਜ਼ ਉਠਾਉਣੀ ਗੁਰੂ ਨਾਨਕ ਸਾਹਿਬ ਦਾ ਪ੍ਰਮੁੱਖ ਨਿਸ਼ਾਨਾ ਸੀ।

ਇਸ ਪ੍ਰਯੋਜਨ ਲਈ ਗੁਰੂ ਜੀ ਨੇ ਤੀਜੀ ਗੋਸ਼ਟੀ "ਕਾਸ਼ੀ ਵਿਚ ਗੋਪਾਲਦਾਸ ਦੀ ਬਗੀਚੀ ਵਿਚ, ਜਿੱਥੇ ਹੁਣ ਗੁਰੂ ਕਾ ਬਾਗ ਗੁਰਦੁਆਰਾ ਹੈ, ਸੰਤ ਕਬੀਰ ਜੀ ਅਤੇ ਸੰਤ ਰਵਿਦਾਸ ਜੀ ਨਾਲ" ਕੀਤੀ ਅਤੇ ਭਗਤੀ ਅੰਦੋਲਨ ਨੂੰ ਮਾਨਵੀ ਹਿੱਤ ਲਈ ਅਤੇ ਸਹੀ ਲੀਹਾਂ ਤੇ ਚਲਾਉਣ ਲਈ ਯੋਜਨਾ ਵੀ ਤਿਆਰ ਕੀਤੀ। ਇਸੇ ਯਾਤਰਾ ਸਮੇਂ ਗੁਰੂ ਨਾਨਕ ਸਾਹਿਬ ਨੇ ਸੁਆਮੀ ਰਾਮਾਨੰਦ ਅਤੇ ਸੁਆਮੀ ਸ਼ੰਕਰਾਚਾਰੀਆ ਨਾਲ ਵੀ ਆਤਮਿਕ ਗਿਆਨ ਸਬੰਧੀ ਗੋਸ਼ਟੀਆਂ ਕੀਤੀਆਂ ਅਤੇ ਨਿਰਾਕਾਰ ਰੂਪੀ ਪਰਮ ਪਿਤਾ ਪਰਮਾਤਮਾ ਦੀ ਹੋਂਦ, ਸ਼ਕਤੀ, ਲੀਲਾ ਅਤੇ ਸਰਬੰਗੀ ਪਸਾਰ ਵਰਗੇ ਮਲੂਕ ਅਤੇ ਨਾਜ਼ੁਕ ਮਸਲਿਆਂ ਤੇ ਵਾਦ-ਵਿਵਾਦ ਕੀਤਾ। ਇਸ ਤੋਂ ਬਾਅਦ ਸੰਤਾਂ ਦੀ ਮਹਿਫ਼ਲ ਵੀ ਲੱਗੀ। ਸੰਤਾਂ ਦੀ ਮਹਿਫ਼ਲ ਦੇ ਮੁੱਖ ਸੰਤ ਰਵਿਦਾਸ ਨਾਲ ਸਵਿਸਥਾਰ ਧਾਰਮਿਕ ਅਤੇ ਆਤਮਿਕ ਮਾਮਲਿਆਂ ਤੇ ਵਿਚਾਰ-ਵਟਾਂਦਰਾ ਹੋਇਆ ਅਤੇ ਆਗਾਮੀ ਧਾਰਮਿਕ-ਸਮਾਜਿਕ ਸਰਗਰਮੀਆਂ ਦੀ ਰੂਪ-ਰੇਖਾ ਇਸੇ ਤੀਜੇ ਸੰਤ ਸਮਾਗਮ ਵਿਚ ਉਲੀਕੀ ਗਈ। ਹਜ਼ਾਰਾਂ ਦੀ ਗਿਣਤੀ ਵਿਚ ਫਸੇ ਵਹਿਮਾਂ-ਭਰਮਾਂ ਵਿਚੋਂ ਲੋਕਾਂ ਨੂੰ ਕੱਢ ਕੇ ਸੱਚੇ ਨਿਰੰਕਾਰ ਅਕਾਲ-ਪੁਰਖ ਦਾ ਗਿਆਨ ਦਿੱਤਾ। ਉਥੇ ਉਨ੍ਹਾਂ ਦਾ ਅੰਤਰਿਮ ਤੌਰ 'ਤੇ ਸਮਾਜਿਕ ਨਾ-ਬਰਾਬਰੀ ਵਿਰੁੱਧ ਪ੍ਰਚਾਰ ਅਤੇ "ਏਕ ਪਿਤਾ ਏਕਸ ਕੇ ਹਮ ਬਾਰਕ" ਨਾਮੀ ਮਹਾਂਵਾਕ ਦੇ ਸੱਚ ਨੂੰ ਸਾਕਾਰ ਕਰਨਾ ਸੀ ਅਤੇ "ਸਰਬਤ ਦਾ ਭਲਾ" ਸਿਧਾਂਤ ਨੂੰ ਅਮਲੀ ਰੂਪ ਵਿਚ ਲਿਆ ਕੇ ਸੀਮਤ ਸਗੁਣ ਦੀਆਂ ਹੱਦਾਂ ਨੂੰ ਖੋਲ੍ਹਣਾ ਸੀ। ਇਹ ਗੋਸ਼ਟੀਆਂ ਬੇਹੱਦ ਭਾਵ-ਮੂਲਕ ਸਨ। ਸੰਤ ਰਵਿਦਾਸ ਦਾ ਆਦਰਸ਼ ਪਾਖੰਡ ਵਿਚ ਫਸੇ ਵਿਦਵਾਨਾਂ, ਸੰਤਾਂ, ਸਿੱਧਾਂ, ਮਹਾਤਮਾਵਾਂ ਅਤੇ ਬ੍ਰਾਹਮਣਾਂ ਨੂੰ ਸਹੀ-ਨੂਰੀ-ਰਾਹ ਵਿਖਾਉਣਾ ਸੀ। ਇਸੇ ਮਨੋਰਥ ਦੀ ਸਹਿਕਾਰਤਾ ਅਤੇ ਸਮਰਥਨ ਦੀ ਪੁਸ਼ਟੀ ਲਈ, ਗੁਰੂ ਨਾਨਕ ਸਾਹਿਬ ਬਨਾਰਸ ਵਿਖੇ ਤਤਕਾਲੀ ਸਮਾਜਿਕ ਬੰਧਨਾਂ ਨੂੰ ਤੋੜ ਕੇ ਸੰਤਾਂ ਨੂੰ ਮਿਲੇ ਅਤੇ ਸੰਤ ਰਵਿਦਾਸ ਨਾਲ ਸਰਵ-ਸਾਂਝੇ ਮਾਮਲਿਆਂ ਤੇ ਵਿਚਾਰ ਵਟਾਂਦਰਾ ਹੋਇਆ, ਇਸ ਸਮਾਗਮ ਵਿਚ ਧਾਰਮਿਕ, ਸਮਾਜਿਕ ਅਤੇ ਰਾਜਸੀ ਮਸਲਿਆਂ ਤੇ ਵੀ ਵਿਚਾਰ ਹੋਇਆ।



ਜਿਸ ਵਿਚ ਸ਼ੂਦਰਾਂ ਅਤੇ ਇਸਤਰੀ ਵਰਗ ਦੀ ਆਜ਼ਾਦੀ ਅਤੇ ਉਸ ਦੀ ਉੱਚਤਾ ਅਤੇ ਸਮਾਜ ਵਿਚ ਬਰਾਬਰ ਦਾ ਸਥਾਨ ਦਿਵਾਉਣਾ, ਸਮਾਜਿਕ ਨਾ-ਬਰਾਬਰੀ ਅਤੇ ਬੇਇਨਸਾਫੀ ਵਿਰੁੱਧ ਅੰਦੋਲਨ ਕਰਨ ਅਤੇ ਤਤਕਾਲੀ ਰਾਜਸੱਤਾ ਦੇ ਜ਼ੁਲਮਾਂ ਵਿਰੁੱਧ ਸੰਘਰਸ਼ ਕਰਨ ਦਾ ਫੈਸਲਾ ਕੀਤਾ ਗਿਆ ਸੀ।

## ਰਾਜਾ ਚੰਦਰ ਪ੍ਰਤਾਪ

ਉਦੇਪੁਰ ਮਹਾਰਾਣਾ ਸਾਂਗਾ ਦੇ ਜੱਗ ਵਿਚ ਗਾਜ਼ੀਪੁਰ ਦਾ ਰਾਜਾ ਚੰਦਰ ਪ੍ਰਤਾਪ ਵੀ ਆਇਆ ਹੋਇਆ ਸੀ। ਪੂਰਨ ਚੰਦ ਜੱਖੂ ਨੇ ਆਪਣੀ ਰਚਨਾ "ਜੀਵਨ ਸਾਖੀ" ਵਿਚ ਲਿਖਿਆ ਹੈ—

> "ਗਾਜ਼ੀਪੁਰ ਦਾ ਰਾਜਾ ਚੰਦਰ ਪ੍ਰਤਾਪ ਗੁਰੂ ਜੀ ਦੀ ਮਹਾਨ ਸ਼ੋਭਾ ਸੁਣ ਕੇ ਦਰਸ਼ਨ ਕਰਨ ਲਈ ਆਇਆ। ਰਾਜੇ ਚੰਦਰ ਪ੍ਰਤਾਪ ਜੀ ਨੇ ਪਵਿੱਤਰ ਚਰਨਾਂ ਉੱਤੇ ਆਪਣਾ ਸਿਰ ਝੁਕਾ ਕੇ ਦੋਨੋਂ ਹੱਥ ਜੋੜ ਕੇ ਜੱਗ ਕਰਾਉਣ ਲਈ ਬੇਨਤੀ ਕੀਤੀ।"

ਸੰਤ ਰਵਿਦਾਸ ਜੀ ਨੇ ਰਾਜਾ ਚੰਦਰ ਪ੍ਰਤਾਪ ਦੀ ਬੇਨਤੀ ਪਰਵਾਨ ਕਰ ਲਈ। ਰਾਣਾ ਸਾਂਗਾ ਨੇ ਗਾਜ਼ੀਪੁਰ ਜਾਣ ਤੱਕ ਦੀ ਸੇਵਾ ਕਰਨ ਦਾ ਬਚਨ ਲੈ ਲਿਆ। ਮੀਰਾਂ ਬਾਈ ਤੇ ਕਰਮਾਂ ਬਾਈ ਵੀ ਨਾਲ ਹੀ ਗਾਜ਼ੀਪੁਰ ਆਈਆਂ। ਸ਼੍ਰੀ ਪੂਰਨ ਚੰਦ ਜੱਖੂ ਗਾਜ਼ੀਪੁਰ ਪਹੁੰਚਣ ਦਾ ਇਕ ਸੁੰਦਰ ਦ੍ਰਿਸ਼ ਪੇਸ਼ ਕਰਦੇ ਹਨ-

> "ਗੁਰੂ ਜੀ ਮਹਾਰਾਜ ਦੇ ਗਾਜ਼ੀਪੁਰ ਨਗਰੀ ਵਿਚ ਚਰਨ ਪਾਉਣ ਨਾਲ ਹੀ ਪਾਪਾਂ ਦੀ ਹਨ੍ਹੇਰੀ ਜੋ ਵਗ ਰਹੀ ਸੀ, ਸੋ ਬੰਦ ਹੋ ਗਈ। ਆਪ ਜੀ ਦੀ ਸੱਚੀ ਜੋਤ ਨੇ ਦੁਨੀਆਂ ਵਿਚ ਚਾਰੋਂ ਪਾਸੇ ਰੋਸ਼ਨੀ ਕਰ ਦਿੱਤੀ। ਰਾਜਾ ਚੰਦਰ ਪ੍ਰਤਾਪ ਤੇ ਉਸ ਦੀ ਰਾਣੀ ਅਤੇ ਗੋਲੀਆਂ, ਮੀਰਾਂ ਬਾਈ ਸਮੇਤ ਮਿਲ ਕੇ ਗੁਰੂ ਜੀ ਮਹਾਰਾਜ ਦੀ ਭੇਟਾ ਲਈ ਫੁੱਲਾਂ ਦੇ ਹਾਰ ਗਲ ਪਾ ਕੇ ਨਮਸਕਾਰਾਂ ਕੀਤੀਆਂ। ਸ਼ਾਹੀ-ਢੰਗ ਨਾਲ ਸਵਾਗਤ ਕਰਕੇ ਸ਼ਾਹੀ-ਕਿਲੇ ਵਿਚ ਨਿਵਾਸ ਕਰਾਇਆ....ਗੁਰੂ ਜੀ ਦੀ ਆਵੰਦ ਤੇ ਇਕ ਬਹੁਤ ਵੱਡਾ ਜੱਗ ਕੀਤਾ ਗਿਆ। ਸਭ ਰਾਜੇ ਮਹਾਰਾਜੇ, ਰਿਸ਼ਤੇਦਾਰ ਬੁਲਾਏ ਗਏ।"

## ਬੀਬੀ ਭਾਨਮਤੀ ਦਾ ਸ਼ਿਸ਼ ਹੋਣਾ

ਮੁਲਤਾਨ ਸ਼ਹਿਰ ਦੀ ਬੀਬੀ ਭਾਨਮਤੀ ਹਿੰਦੂ ਪਰਿਵਾਰ ਦੀ ਠਾਕੁਰ-ਪੂਜਾ ਵਿਚ ਮਸਤ ਰਹਿਣ ਵਾਲੀ ਇਕ ਦਲੇਰ ਔਰਤ ਸੀ। ਉਸਦੇ ਮਨ ਨੂੰ ਚੈਨ ਫਿਰ ਵੀ ਨਹੀਂ ਸੀ ਮਿਲਦਾ। ਕਿਸੇ ਸ਼੍ਰੀ ਗੁਰੂ ਰਵਿਦਾਸ ਪ੍ਰਸ਼ੰਸਕ ਨੇ ਦੱਸ ਪਾਈ ਕਿ ਉਹ ਜੇਕਰ ਆਤਮ ਸੰਤੁਸ਼ਟੀ ਚਾਹੁੰਦੀ ਹੈ ਅਤੇ ਜੀਵਨ-ਮੁਕਤੀ ਦੀ ਲੋੜ ਅਨੁਭਵ ਕਰਦੀ ਹੈ ਤਾਂ ਉਹ ਕਾਂਸ਼ੀ ਸ਼੍ਰੀ ਗੁਰੂ ਰਵਿਦਾਸ ਪਾਸ ਪਹੁੰਚ ਜਾਵੇ। ਬੀਬੀ ਭਾਨਮਤੀ ਅਤੇ ਪਤੀ ਨੂੰ ਨਾਲ ਲੈ ਕੇ ਕਾਂਸ਼ੀ ਪੁੱਜੀ ਅਤੇ ਗੁਰੂ ਰਵਿਦਾਸ ਜੀ ਦੇ ਦਰਸ਼ਨ ਕੀਤੇ। ਜਦੋਂ ਬੀਬੀ ਭਾਨਮਤੀ ਕਾਸ਼ੀ ਪਹੁੰਚੀ ਉਸ ਸਮੇਂ ਦੁਬਾਰਾ

ਗੁਰੂ ਗੋਰਖ ਨਾਥ ਜੀ ਗੋਸ਼ਟੀ ਲਈ ਆਏ ਦੱਸੇ ਗਏ ਹਨ। ਗੋਰਖ ਨਾਥ ਜੀ ਨੇ ਆਪਣੀਆਂ ਸਿੱਧੀਆਂ ਦੁਆਰਾ ਗੁਰੂ ਰਵਿਦਾਸ ਦੀ ਸ਼ਕਤੀ ਆਪਣੇ ਵੱਲ ਖਿੱਚਣੀ ਚਾਹੀ, ਪਰ ਉਹ ਅਜਿਹਾ ਕਰ ਨਾ ਸਕੇ। ਬੀਬੀ ਭਾਨਮਤੀ ਨੇ ਜਦੋਂ ਆਪਣੀ ਮਾਨਸਿਕ ਅਤੇ ਆਤਮਿਕ ਅਵਸਥਾ ਦੱਸੀ ਤਾਂ ਗੁਰੂ ਰਵਿਦਾਸ ਜੀ ਨੇ ਹੇਠ ਲਿਖਿਆ ਸ਼ਬਦ ਪੜ੍ਹ ਕੇ ਗੱਲ ਸਪੱਸ਼ਟ ਕੀਤੀ ਕਿ ਹਰਿ-ਸੰਗਤ ਤੋਂ ਬਿਨਾਂ ਇਨਸਾਨ ਆਵਾਗਵਣ ਤੋਂ ਨਹੀਂ ਬਚ ਸਕਦਾ-

**ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ।।**
**ਹਰਿ ਸਿਮਰਤ ਜਨ ਗਏ ਨਿਸਤਰਿ ਤਰੇ ॥੧॥ ਰਹਾਉ ॥**
**ਹਰਿ ਕੇ ਨਾਮ ਕਬੀਰ ਉਜਾਗਰ ॥**
**ਜਨਮ ਜਨਮ ਕੇ ਕਾਟੇ ਕਾਗਰ ॥੧॥**
**ਨਿਮਤ ਨਾਮਦੇਉ ਦੂਧੁ ਪੀਆਇਆ ॥**
**ਤਉ ਜਗ ਜਨਮ ਸੰਕਟ ਨਹੀ ਆਇਆ ॥੨॥**
**ਜਨ ਰਵਿਦਾਸ ਰਾਮ ਰੰਗਿ ਰਾਤਾ ॥**
**ਇਉ ਗੁਰ ਪਰਸਾਦਿ ਨਰਕ ਨਹੀ ਜਾਤਾ ॥੩॥**

—ਰਾਗ ਆਸਾ

ਇਸ ਸ਼ਬਦ ਨੂੰ ਸੁਣ ਕੇ ਅਤੇ ਇਸ ਦੇ ਅਰਥਾਂ ਨੂੰ ਜਾਣ ਕੇ ਬੀਬੀ ਭਾਨਮਤੀ ਬਹੁਤ ਪ੍ਰਭਾਵਿਤ ਹੋਈ ਅਤੇ ਉਨ੍ਹਾਂ ਦੀ ਸ਼ਿਸ਼ ਬਣ ਗਈ।

## ਬਾਜੀਗਰਾਂ ਦੀ ਬਾਜ਼ੀ

ਜਦੋਂ ਸੰਤ ਰਵਿਦਾਸ ਨੇ ਮੰਦਰ ਦੀਆਂ ਮੂਰਤੀਆਂ ਸ਼ਾਹੀ ਦਰਬਾਰ ਵਿਚ ਬੁਲਾ ਕੇ ਵਾਪਸ ਕੀਤੀਆਂ ਸਨ ਤਾਂ ਸ਼ਿਕਾਇਤੀ ਪੰਡਤਾਂ ਅੰਦਰ ਗੁਰੂ ਰਵਿਦਾਸ ਲਈ ਮਾਣ-ਇੱਜ਼ਤ ਵੱਧਣ ਦੀ ਬਜਾਇ ਸਗੋਂ ਹੋਰ ਘਿਰਣਾ ਵੱਧ ਗਈ। ਪਰ ਰਾਜਾ ਨਾਗਰ ਮੱਲ 'ਤੇ ਰਵਿਦਾਸ ਜੀ ਦੀ ਸ਼ਕਤੀ ਦਾ ਚੋਖਾ ਅਸਰ ਸੀ। ਉਹ ਰਵਿਦਾਸ ਜੀ ਦਾ ਮੁਰੀਦ ਬਣ ਗਿਆ ਸੀ। ਉਸ ਨੇ ਰਵਿਦਾਸ ਜੀ ਦੇ ਮਾਣ ਵਿਚ ਇਕ ਬ੍ਰਹਮ ਭੋਜ ਦਿੱਤਾ ਜਿਸ ਵਿਚ ਪਤਵੰਤੇ ਸੱਜਣ ਬੁਲਾਏ ਗਏ ਅਤੇ ਗੁਰੂ ਰਵਿਦਾਸ ਨੂੰ ਪਰਿਵਾਰ ਸਹਿਤ ਆਮੰਤ੍ਰਿਤ ਕੀਤਾ ਗਿਆ। ਪੰਡਤਾਂ ਨੇ ਛੜਯੰਤਰ ਰਚਿਆ। ਬਾਜੀਗਰਾਂ ਨਾਲ ਵਿਉਂਤਬੰਦੀ ਕੀਤੀ ਅਤੇ ਕਾਫ਼ੀ ਪੈਸੇ ਦੇਣੇ ਵੀ ਕੀਤੇ। ਉਨ੍ਹਾਂ ਨੇ ਉਥੇ ਬਾਜ਼ੀ ਪਾਉਣੀ ਸੀ ਤੇ ਚੰਗੀ ਰਕਮ ਨਾ ਬਣਨ ਤੇ ਉਨ੍ਹਾਂ ਨੇ ਗੁਰੂ ਰਵਿਦਾਸ ਜੀ ਦੀ ਹਾਜ਼ਰੀ ਵਿਚ ਉਨ੍ਹਾਂ ਦੀ ਨਿਖੇਧੀ ਕਰਨੀ ਸੀ। ਬ੍ਰਹਮ ਭੋਜ ਸਫ਼ਲ ਰਿਹਾ। ਬਾਜੀਗਰਾਂ ਨੇ ਬਾਜ਼ੀ ਸ਼ੁਰੂ ਕੀਤੀ ਤੇ ਪ੍ਰਸ਼ੰਸਾ ਵਜੋਂ ਗੁਰੂ ਰਵਿਦਾਸ ਜੀ ਨੇ ਸਭ ਤੋਂ ਪਹਿਲਾਂ ਦਸ ਮੋਹਰਾਂ ਥਾਲ ਵਿਚ ਰੱਖ ਦਿੱਤੀਆਂ। ਗੁਰੂ ਰਵਿਦਾਸ ਸੇਵਕਾਂ ਅਤੇ ਸਮਰਥਕਾਂ ਨੇ ਮੋਹਰਾਂ ਨਾਲ ਥਾਲ ਭਰ ਦਿੱਤਾ। ਜਿੰਨੇ ਪੈਸੇ ਬ੍ਰਾਹਮਣਾਂ ਨੇ ਦੇਣੇ ਸੀ ਉਨ੍ਹਾਂ ਨਾਲੋਂ ਕਈ ਗੁਣਾਂ ਉਨ੍ਹਾਂ ਨੂੰ ਮਿਲ ਗਏ। ਬਜਾਇ ਨਿਖੇਧੀ ਕਰਨ ਦੇ, ਬਾਜੀਗਰਾਂ ਨੇ ਗੁਰੂ ਰਵਿਦਾਸ ਜੀ ਦੀ ਖਿਆਤੀ ਅਤੇ ਪ੍ਰਸ਼ੰਸਾ ਦੇ ਪੁਲ ਬੰਨਣੇ ਆਰੰਭ ਕਰ ਦਿੱਤੇ। ਜਿੱਥੇ ਵੀ ਉਹ ਬਾਜ਼ੀ ਪਾਉਣ ਗੁਰੂ ਰਵਿਦਾਸ ਜੀ ਦੀ ਪ੍ਰਸ਼ੰਸਾ



ਕਰਨ। ਉਨ੍ਹਾਂ ਦੀ ਪ੍ਰਸ਼ੰਸਾ ਨੇ ਬਾਜੀਗਰਾਂ ਨੂੰ ਅਮੀਰ ਬਣਾ ਦਿੱਤਾ ਤੇ ਉਨ੍ਹਾਂ ਨੇ ਗੁਰੂ ਰਵਿਦਾਸ ਜੀ ਦੀ ਪ੍ਰਸਿੱਧਤਾ ਨੂੰ ਅਮੀਰ ਬਣਾ ਦਿੱਤਾ।

## ਗੋਸ਼ਟੀ ਗੁਰੂ ਰਵਿਦਾਸ ਜੀ ਅਤੇ ਗੋਰਖ ਨਾਥ

ਜਦੋਂ ਗੋਰਖ ਨਾਥ ਜੀ ਨੇ ਗੁਰੂ ਰਵਿਦਾਸ ਜੀ ਦੀ ਮਹਿਮਾ ਸੁਣੀ ਕਿ ਉਹ ਇਕ ਚਮਾਰ ਹੋ ਕੇ ਪ੍ਰਭੂ ਦੀ ਭਗਤੀ ਕਰਦੇ ਹਨ ਅਤੇ ਸ਼ਕਤੀਵਾਨ ਵੀ ਹਨ। ਤਦ ਗੋਰਖ ਨਾਥ ਜੀ ਆਪਣੇ ਮਨ ਵਿਚ ਵਿਚਾਰਦੇ ਹਨ ਕਿ ਐਸਾ ਚਮਾਰ ਕੌਣ ਹੈ ਉਸਨੂੰ ਦੇਖਣਾ ਚਾਹੀਦਾ ਹੈ ਅਤੇ ਉਸਦੇ ਆਚਾਰ ਵਿਚਾਰ ਅਤੇ ਕਰਮ ਵੀ ਸਮਝਣੇ ਚਾਹੀਏ।

ਤਦ ਗੋਰਖ ਨਾਥ ਜੀ ਬਨਾਰਸ ਵਿਚ ਆ ਕੇ ਲੋਕਾਂ ਤੋਂ ਪੁੱਛਦੇ ਹਨ ਕਿ ਰਵਿਦਾਸ ਜੀ ਕੌਣ ਹਨ? ਅਤੇ ਕਿਸ ਅਸਥਾਨ ਤੇ ਰਹਿੰਦੇ ਹਨ? ਤਦ ਲੋਕ ਦੱਸਦੇ ਹਨ ਕਿ ਉਹ ਝੌਂਪੜੀ ਹੈ ਜਿਸ ਦੇ ਉਪਰ ਖਪਰੀ ਪਈ ਹੈ। ਤਦ ਗੋਰਖ ਨਾਥ ਜੀ ਨੇ ਆ ਕੇ ਅਲੱਖ ਜਗਾਈ। ਤਦ ਗੁਰੂ ਰਵਿਦਾਸ ਜੀ ਨੇ ਨਾਥ ਜੀ ਨੂੰ ਆਦੇਸ਼ ਬੁਲਾਇਆ ਅਤੇ ਗੋਰਖ ਨਾਥ ਜੀ ਨੂੰ ਬੈਠਣ ਨੂੰ ਆਸਣ ਦਿੱਤਾ ਅਤੇ ਕਿਹਾ ਕਿ ਆਪ ਜੀ ਨੇ ਬੜੀ ਕ੍ਰਿਪਾ ਕੀਤੀ ਜੋ ਦਰਸ਼ਨ ਦਿੱਤੇ, ਬੈਠੋ ਜੀ ਕੋਈ ਸੇਵਾ ਫਰਮਾਓ ਜੀ, ਤਦ ਗੋਰਖ ਨਾਥ ਜੀ ਨੇ ਕਿਹਾ ਕਿ ਸਾਡਾ ਜੋੜਾ ਟੁੱਟਿਆ ਹੋਇਆ ਹੈ। ਮੈਂ ਤੁਹਾਡੀ ਬਹੁਤ ਉਪਮਾ ਸੁਣੀ ਹੈ ਕਿ ਰਵਿਦਾਸ ਜੀ ਬਹੁਤ ਵੱਡੇ ਪਰਮੇਸ਼ਵਰ ਦੇ ਭਗਤ ਅਤੇ ਪਿਆਰੇ ਹਨ। ਤਦ ਆਪ ਦੇ ਦਰਸ਼ਨ ਕਰਨ ਆਏ ਹਾਂ।

ਗੁਰੂ ਰਵਿਦਾਸ ਜੀ ਕਹਿੰਦੇ ਹਨ ਕਿ ਆਪ ਸੰਤਾਂ ਦੇ ਦਰਸ਼ਨ ਈਸ਼ਵਰ ਦੇ ਦਰਸ਼ਨ ਸਮਾਨ ਹਨ। ਜਿਵੇਂ ਪਰਮੇਸ਼ਵਰ ਦਾ ਦਰਸ਼ਨ ਕਰਨ ਨਾਲ ਜੀਵ ਦਾ ਚੌਰਾਸੀ ਲੱਖ ਜੂਨਾਂ ਦਾ ਦੁੱਖ ਕੱਟਿਆ ਜਾਂਦਾ ਹੈ, ਇਸ ਤਰ੍ਹਾਂ ਸੰਤਾਂ ਦੇ ਦਰਸ਼ਨ ਕਰਨ ਨਾਲ ਵੀ ਚੌਰਾਸੀ ਲੱਖ ਜੂਨਾਂ ਦਾ ਗੇੜ ਕੱਟਿਆ ਜਾਂਦਾ ਹੈ। ਸੰਤਾਂ ਦੇ ਚਰਨ ਅਠ੍ਹਾਰਾਂ ਤੀਰਥਾਂ ਨਾਲੋਂ ਵੀ ਜ਼ਿਆਦਾ ਫਲ ਦੇਣ ਵਾਲੇ ਹਨ। ਜਿਵੇਂ ਤੀਰਥ ਇਸ਼ਨਾਨ ਕਰਨ ਨਾਲ ਪਾਪ ਦੂਰ ਹੁੰਦੇ ਹਨ ਇਸੇ ਤਰ੍ਹਾਂ ਸੰਤਾਂ ਦੇ ਚਰਨਾਂ ਵਿਚ ਸੀਸ ਝੁਕਾਉਣ ਨਾਲ ਪਾਪਾਂ ਦੀ ਨਵਿਰਤੀ ਹੁੰਦੀ ਹੈ। ਸੰਤਾਂ ਦੇ ਵਚਨ ਤਿੰਨਾਂ ਤਾਪਾ ਦਾ ਨਾਸ਼ ਕਰਦੇ ਹਨ। ਸੰਤਾਂ ਦੇ ਚਰਨਾਂ ਨਾਲ ਅਗਿਆਨਤਾ ਦੂਰ ਹੁੰਦੀ ਹੈ ਅਤੇ ਗਿਆਨ ਦਾ ਪ੍ਰਕਾਸ਼ ਹੁੰਦਾ ਹੈ ਅਤੇ ਚਾਰ ਪਦਾਰਥ ਕਾਮ, ਅਰਥ, ਧਰਮ, ਮੋਕਸ਼ ਦੀ ਪ੍ਰਾਪਤੀ ਹੁੰਦੀ ਹੈ। ਇਸ ਤਰ੍ਹਾਂ ਗੁਰੂ ਰਵਿਦਾਸ ਜੀ ਨੇ ਸੰਤਾਂ ਦੀ ਮਹਿਮਾ ਕੀਤੀ।

ਤਦ ਗੋਰਖ ਨਾਥ ਜੀ ਨੇ ਕਿਹਾ ਕਿ ਚਮਾਰ ਜਾਤ ਤਾਂ ਮਲੀਨ ਹੈ ਅਤੇ ਤੁਸੀਂ ਬੜੇ ਪ੍ਰਵੀਨ ਭਗਤ ਹੋ, ਤੁਹਾਡੇ ਉਪਰ ਪਰਮਾਤਮਾ ਦੀ ਬੜੀ ਕਿਰਪਾ ਹੈ ਪ੍ਰੰਤੂ ਮੈਂ ਇਕ ਗੱਲ ਕਹਿੰਦਾ ਹਾਂ ਕਿ ਤੁਸੀਂ ਟੁੱਟੇ ਹੋਏ ਜੋੜੇ ਕਿਉਂ ਗੰਢਦੇ ਹੋ। ਇਹ ਕੰਮ ਮਲੀਨ ਹੈ ਸੋ ਤੁਸੀਂ ਉਪਜੀਵਕਾ ਦੇ ਵਾਸਤੇ ਏਸਾ ਕਰਮ ਨਾ ਕਰੋ ਤੁਹਾਡੀ ਉਪਜੀਵਕਾ ਲਈ ਮੈਂ ਤੁਹਾਨੂੰ ਕੁਝ ਦਿੰਦਾ ਹਾਂ।

ਤਦ ਗੋਰਖ ਨਾਥ ਜੀ ਇਕ ਜੜੀ ਕੱਢੀ ਅਤੇ ਗੁਰੂ ਰਵਿਦਾਸ ਜੀ ਨੂੰ

ਕਿਹਾ ਕਿ ਸੁਣੋ ਇਹ ਬਹੁਤ ਕੀਮਤੀ ਹੈ। ਇਸਦੇ ਭੇਦ ਨੂੰ ਜਾਣ ਲਉ ਕਿ ਇਹ ਜੜੀ ਗਰਮ ਕਰਕੇ ਜਿਸ ਵੀ ਧਾਂਤ ਨਾਲ ਲਗਾਉਗੇ ਉਹ ਸੋਨਾ ਬਣ ਜਾਏਗੀ ਪਰ ਕਿਸੇ ਨੂੰ ਦਿਖਾਉ ਮੱਤ ਅਤੇ ਝੌਂਪੜੀ ਦੀ ਜਗ੍ਹਾ ਸੁੰਦਰ ਮੰਦਰ ਬਣਾ ਲਉ ਅਤੇ ਪੁਰਾਣੇ ਬਸਤਰ ਉਤਾਰ ਕੇ ਨਵੇਂ ਬਸਤਰ ਪਹਿਨ ਲਉ। ਹੁਣ ਮੈਂ ਚਲਿਆ ਹਾਂ ਮੇਰਾ ਜੋੜਾ ਗੰਢ ਦਿਉ ਅਤੇ ਗੁਰੂ ਰਵਿਦਾਸ ਜੀ ਨੇ ਉੱਤਰ ਦਿੱਤਾ ਕਿ ਹੇ ਨਾਥ ਜੀ ਟੁੱਟੇ ਹੋਏ ਨੂੰ ਗੰਢਣ ਲਈ ਮੈਂ ਜਨਮ ਧਾਰਨ ਕੀਤਾ ਹੈ। ਜੋ ਜੀਵ ਪ੍ਰਭੂ ਨਾਲੋਂ ਟੁੱਟਾ ਹੈ, ਉਸਦੇ ਮਨ ਨੂੰ ਸ਼ੁੱਧ ਕਰਕੇ ਉਸਨੂੰ ਪ੍ਰਭੂ ਨਾਲ ਗੰਢਣਾ ਭਾਵ ਜੋੜਨਾ ਹੈ। ਕੁਚੱਮ ਜੋ ਹੈ ਜਿਸ ਵਿਚ ਕਠੋਰਤਾ, ਲੋਭ, ਕ੍ਰੋਧ ਆਦਿ ਦੀ ਹੈ। ਉਸਨੂੰ ਸੀਲ ਸੰਤੋਖ ਆਦਿਕ ਰੰਬੀ ਨਾਲ ਕੱਟ ਕੇ ਸ਼ੁੱਧ ਕਰਕੇ ਪ੍ਰਮੇਸ਼ਵਰ ਨਾਲ ਜੋੜਨਾ ਹੈ ਇਸ ਪ੍ਰਕਾਰ ਦਾ ਸੰਦੇਸ਼ ਦੇ ਕੇ ਜਨਮ ਮਰਨ ਰੂਪੀ ਭਵ-ਸਾਗਰ ਤੋਂ ਜੀਵਾਂ ਨੂੰ ਪਾਰ ਕਰਾਉਣਾ ਹੈ। ਭਾਵ ਪਰਮੇਸ਼ਰ ਨਾਲ ਮਿਲਾਉਂਦਾ ਹਾਂ। ਗੁਰੂ ਰਵਿਦਾਸ ਜੀ ਫ਼ਰਮਾਉਂਦੇ ਹਨ, ਹੇ ਨਾਥ ਜੀ ਪਰਮਾਤਮਾ ਨਾਲ ਜੋੜਨਾ ਗੰਢਣਾ ਇਕੋ ਹੀ ਗੱਲ ਹੈ ਇਸ ਲਈ ਤੁਹਾਡਾ ਸਾਡਾ ਮੱਤ ਇਕ ਹੈ। ਏਸੇ ਵਚਨ ਉਚਾਰਦੇ ਹੋਏ ਟਾਕੀ ਕੱਟ ਕੇ ਜੋੜੇ ਤੇ ਲਗਾਉਣ ਲਈ ਤਿਆਰ ਕੀਤੀ ਅਤੇ ਧਾਗਾ ਲਗਾਉਣ ਲਈ ਮੂੰਹ ਵਿਚ ਫੇਰਿਆ, ਮੁੱਖ ਨਾਲ ਧਾਗਾ ਲੱਗਣ ਨਾਲ ਹੀ ਸੋਨਾ ਹੋ ਗਿਆ। ਤਦ ਟੁੱਟੇ ਹੋਏ ਜੋੜੇ ਨੂੰ ਸੋਨੇ ਦੀ ਟਾਕੀ ਲਗਾਉਣ ਲੱਗੇ। ਤਦ ਗੋਰਖ ਨਾਥ ਜੀ ਇਹ ਕੌਤਕ ਦੇਖ ਕੇ ਬਹੁਤ ਹੈਰਾਨ ਹੋ ਗਏ ਅਤੇ ਮਨ ਵਿਚ ਵਿਚਾਰ ਕਰਦੇ ਹਨ ਕਿ ਇਹ ਤਾਂ ਕੋਈ ਪ੍ਰਭੂ ਰੂਪ ਸ਼ਕਤੀਵਾਨ ਹੈ ਅਤੇ ਅਨਜਾਣ ਲੋਕ ਇਸ ਨੂੰ ਚਮਾਰ ਕਹਿੰਦੇ ਹਨ। ਜਦੋਂ ਮੈਂ ਇਸਨੂੰ ਕੋਈ ਸਿੱਧੀ ਦਿਖਾਵਾਂਗਾ ਤਾਂ ਇਹ ਮੇਰੀ ਸ਼ਕਤੀ ਦੇਖ ਕੇ ਮੇਰਾ ਚੇਲਾ ਬਣ ਜਾਏਗਾ, ਤਦ ਗੋਰਖ ਨਾਥ ਜੀ ਕੋਲ ਇਕ ਛੋਟੀ ਜਿਹੀ ਤੂੰਬੀ ਸੀ। ਤਦ ਗੋਰਖ ਨਾਥ ਜੀ ਕਹਿੰਦੇ ਹਨ ਕਿ ਹੇ ਰਵਿਦਾਸ ਜੀ ਮੇਰੀ ਤੂੰਬੀ ਵਿਚ ਦੇਖੋ ਕਿੰਨਾ ਜਲ ਹੈ। ਜੋ ਦੇਖੋਗੇ ਸੱਚਮੁੱਚ ਕਹਿਣਾ ਤਦ ਗੁਰੂ ਰਵਿਦਾਸ ਜੀ ਨੇ ਧਿਆਨ ਲਗਾ ਕੇ ਦੇਖਿਆ ਕਿ ਤੂੰਬੀ ਵਿਚ ਹੀਰੇ, ਰਤਨ, ਜਵਾਹਰ, ਮਨੀਆ ਅਤੇ ਸੋਨੇ ਦਾ ਸਮੇਰ ਪਰਬਤ ਦਿਖਾਈ ਦਿੱਤੇ। ਤਦ ਗੁਰੂ ਰਵਿਦਾਸ ਜੀ ਕਹਿੰਦੇ ਹਨ ਕਿ ਆਪ ਧੰਨ ਹੋ, ਮੈਂ ਆਪ ਤੋਂ ਬਲਿਹਾਰ ਜਾਂਦਾ ਹਾਂ, ਤੁਸੀਂ ਮਹਾਨ ਸਿੱਧ ਹੋ। ਤਦ ਗੁਰੂ ਰਵਿਦਾਸ ਜੀ ਕਹਿੰਦੇ ਹਨ ਕਿ ਮੇਰੇ ਜੋੜੇ ਗੰਢਣ ਵਾਲੀ ਦੌਰੀ ਵਿਚ ਧਿਆਨ ਲਗਾ ਕੇ ਵੇਖੋ ਜਦੋਂ ਗੋਰਖ ਨਾਥ ਜੀ ਨੇ ਵੇਖਿਆ ਉਸ ਦੌਰੀ ਦੇ ਪਾਣੀ ਵਿਚ ਬਿਰਾਟ ਰੂਪ ਦਿਖਾਈ ਦਿੱਤਾ ਜੜ੍ਹ, ਚੇਤਨ, ਅਸਥਾਵਰ, ਜੰਗਮ, ਜੀਵ-ਪੰਜੇ ਤੱਤ, ਆਕਾਸ਼, ਹਵਾ, ਅੱਗ, ਜਲ, ਪ੍ਰਿਥਵੀ ਅਤੇ ਵਰੁਣ, ਕੁਬੇਰ, ਇੰਦ੍ਰ, ਇੰਦ੍ਰਦਿ, ਦੇਵਤੇ, ਚੰਦ, ਸੂਰਜ, ਨਛੱਤਰ, ਤਾਰੇ ਅਤੇ ਵਿਸ਼ਨੂੰ, ਬ੍ਰਹਮਾ, ਸ਼ਿਵ ਜੋ ਜਗਤ ਦੇ ਅਧਿਪਤ ਦੇਵਤੇ ਅਤੇ ਖੰਡ-ਬ੍ਰਹਿਮੰਡ ਹੈ। ਇਹ ਸਾਰਾ ਬਿਰਾਟ ਰੂਪ ਦਿਖਾਈ ਦਿੱਤਾ। ਦੇਖਦੇ ਹੀ ਗੋਰਖ ਨਾਥ ਅਸਚਰਜ ਹੋਏ ਅਤੇ ਉਨ੍ਹਾਂ ਦਾ ਹੰਕਾਰ ਟੁੱਟ ਗਿਆ ਅਤੇ ਗੋਰਖ ਨਾਥ ਗੁਰੂ ਰਵਿਦਾਸ ਜੀ ਅੱਗੇ ਬੇਨਤੀ ਕਰਦੇ ਹਨ ਕਿ ਤੁਸੀਂ ਧੰਨ ਹੋ ਤੁਹਾਡੀ



ਮਹਿਮਾ ਬੇਅੰਤ ਹੈ ਜਿਸਦਾ ਕੋਈ ਅੰਤ ਨਹੀਂ ਪਾ ਸਕਦਾ। ਇਹ ਸਾਰਾ ਕੌਤਕ ਦੇਖ ਕੇ ਗੋਰਖ ਨਾਥ ਜੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਚਰਨੀਂ ਪੈ ਗਏ। ਗੁਰੂ ਰਵਿਦਾਸ ਜੀ ਮਹਾਰਾਜ ਨੇ ਫਰਮਾਇਆ, ਹੇ ਨਾਥ! ਇਹ ਰਿੱਧੀਆਂ-ਸਿੱਧੀਆਂ ਪ੍ਰਭੂ ਦੇ ਨਾਮ ਅੱਗੇ ਕੁਝ ਵੀ ਨਹੀਂ ਹਨ। ਉਸ ਪ੍ਰਭੂ ਦਾ ਨਾਮ ਸੁੱਖਾਂ ਦਾ ਸਮੁੰਦਰ ਹੈ ਜਿਸ ਦੇ ਅਧੀਨ ਸੁਰਤਰ ਕਲਪਬ੍ਰਿਖ, ਚਿੰਤਾਮਨਿ, ਕਾਮਧੇਨ ਗਊ, ਚਾਰ ਪਦਾਰਥ, ਅਠਾਰਾਂ ਸਿੱਧੀਆਂ ਅਤੇ ਨੌ-ਨਿੱਧੀਆਂ ਹਨ। ਜਿਹੜਾ ਜੀਵ ਉਸ ਪ੍ਰਭੂ ਨਾਲ ਇਕ ਮਿੱਕ ਹੋ ਜਾਂਦਾ ਹੈ। ਇਹ ਸਾਰਾ ਕੁਝ ਉਸ ਦੀ ਹੱਥ ਦੀ ਤਲੀ ਤੇ ਆ ਜਾਂਦਾ ਹੈ। ਐਸਾ ਸਤਿ ਉਪਦੇਸ਼ ਗੁਰੂ ਰਵਿਦਾਸ ਜੀ ਨੇ ਗੋਰਖ ਨਾਥ ਨੂੰ ਦਿੱਤਾ।

## ਸ਼੍ਰੀ ਗੁਰੂ ਰਵਿਦਾਸ ਜੀ ਦੀ ਸਧਨਾ ਜੀ ਨਾਲ ਭੇਂਟ ਅਤੇ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਸਿਕੰਦਰ ਲੋਧੀ ਦੁਆਰਾ ਜੇਲ੍ਹ ਵਿਚ ਬੰਦ ਕਰਨਾ

ਸਧਨਾ ਪੀਰ ਮੁਸਲਮਾਨ ਸੀ। ਉਹ ਜੀਵਾਂ ਨੂੰ ਮਾਰ ਕੇ ਉਸਦਾ ਮਾਸ ਵੇਚਦਾ ਸੀ। ਸ਼੍ਰੀ ਗੁਰੂ ਰਵਿਦਾਸ ਜੀ ਸੰਗਤ ਨੂੰ ਜੀਵ ਹੱਤਿਆ ਦੇ ਵਿਰੋਧ ਵਿਚ ਉਪਦੇਸ਼ ਦਿੰਦੇ ਸਨ। ਸਧਨਾ ਜੀ ਨੂੰ ਗੁਰੂ ਜੀ ਦੁਆਰਾ ਅਜਿਹਾ ਉਪਦੇਸ਼ ਦੇਣਾ ਚੰਗਾ ਨਾ ਲੱਗਾ। ਇਕ ਦਿਨ ਸਧਨਾ ਜੀ ਗੁਰੂ ਜੀ ਕੋਲ ਗਏ ਅਤੇ ਕਹਿਣ ਲੱਗੇ ਕਿ ਸਾਰੇ ਧਰਮ ਇਕ ਹੀ ਪਰਮਾਤਮਾ ਦੀ ਦੇਣ ਹਨ। ਇਸ ਲਈ ਤੁਸੀਂ ਮੁਸਲਿਮ ਧਰਮ ਅਪਣਾ ਲਉ, ਕਿਉਂਕਿ ਮੁਸਲਿਮ ਧਰਮ ਵਿਚ ਜਾਤ-ਪਾਤ ਨਹੀਂ ਹੈ। ਸਾਡਾ ਧਰਮ ਬਹੁਤ ਹੀ ਪਵਿੱਤਰ ਧਰਮ ਹੈ। ਤੁਸੀਂ ਇਸ ਧਰਮ ਨੂੰ ਅਪਣਾ ਕੇ ਲਾਭ ਵਿਚ ਰਹੋਗੇ। ਗੁਰੂ ਜੀ ਸਧਨਾ ਜੀ ਨੂੰ ਉਪਦੇਸ਼ ਦਿੰਦੇ ਹਨ ਤੁਸੀਂ ਆਪਣੇ ਅਭਿਮਾਨ ਨੂੰ ਤਿਆਗ ਕੇ ਪਰਮਾਤਮਾ ਦੇ ਨਾਮ ਦਾ ਸਿਮਰਨ ਕਰੋ ਤਾਂ ਜੋ ਤੁਹਾਡਾ ਜੀਵਨ ਸਫਲ ਹੋ ਸਕੇ। 'ਮੈਂ' ਤੇ ਮੇਰੀ ਭਾਵਨਾ ਨੂੰ ਛੱਡ ਦਿਉ। ਅਜਿਹਾ ਉਪਦੇਸ਼ ਸੁਣ ਕੇ ਸਧਨਾ ਜੀ ਸ਼੍ਰੀ ਗੁਰੂ ਰਵਿਦਾਸ ਜੀ ਦੇ ਸ਼ਰਧਾਲੂ ਬਣ ਗਏ।

ਸਧਨਾ ਜੀ ਨੇ ਸਿਕੰਦਰ ਲੋਧੀ ਦੇ ਦਰਬਾਰ ਵਿਚ ਜਾ ਕੇ ਗੁਰੂ ਜੀ ਦੀ ਬਹੁਤ ਪ੍ਰਸੰਸਾ ਕੀਤੀ ਅਤੇ ਕਿਹਾ ਕਿ ਮੈਂ ਗੁਰੂ ਰਵਿਦਾਸ ਜੀ ਨੂੰ ਗੁਰੂ ਧਾਰਨ ਕਰ ਲਿਆ ਹੈ। ਅਜਿਹਾ ਕਰਨ ਤੇ ਸਿਕੰਦਰ ਲੋਧੀ ਬਹੁਤ ਗੁੱਸੇ ਹੋਇਆ। ਬਾਦਸ਼ਾਹ ਨੇ ਗੁਰੂ ਰਵਿਦਾਸ ਜੀ ਨੂੰ ਦਰਬਾਰ ਵਿਚ ਹਾਜ਼ਰ ਹੋਣ ਲਈ ਸਧਨਾ ਜੀ ਨੂੰ ਇਕ ਪੱਤਰ ਦਿੱਤਾ। ਸਧਨਾ ਜੀ ਪੱਤਰ ਲੈ ਕੇ ਗੁਰੂ ਜੀ ਕੋਲ ਪਹੁੰਚ ਗਏ ਅਤੇ ਰਾਜਾ ਦਾ ਸੰਦੇਸ਼ ਦਿੱਤਾ। ਸਿਕੰਦਰ ਲੋਧੀ ਇਕ ਅਤਿਆਚਾਰੀ ਰਾਜਾ ਸੀ। ਜਦੋਂ ਸ਼੍ਰੀ ਗੁਰੂ ਰਵਿਦਾਸ ਜੀ ਸਿਕੰਦਰ ਲੋਧੀ ਦੇ ਦਰਬਾਰ ਵਿਚ ਹਾਜ਼ਰ ਹੋਏ ਤਾਂ ਸਿਕੰਦਰ ਲੋਧੀ ਨੇ ਗੁਰੂ ਜੀ ਨੂੰ ਕਿਹਾ ਕਿ ਤੁਸੀਂ ਮੁਸਲਿਮ ਧਰਮ ਗ੍ਰਹਿਣ ਕਰ ਲਉ, ਪਰ ਗੁਰੂ ਜੀ ਨੇ ਅਜਿਹਾ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ। ਸਿਕੰਦਰ ਲੋਧੀ ਨੇ ਗੁਰੂ ਜੀ ਨੂੰ ਕੈਦ ਕਰ ਲਿਆ। ਗੁਰੂ ਜੀ ਜੇਲ੍ਹ

ਵਿਚ ਪ੍ਰਭੂ ਭਗਤੀ ਵਿਚ ਲੀਨ ਹੋ ਗਏ। ਪਰਮਾਤਮਾ ਨੇ ਪ੍ਰਗਟ ਹੋ ਕੇ ਗੁਰੂ ਜੀ ਨੂੰ ਜੇਲ੍ਹ ਵਿਚ ਦਰਸ਼ਨ ਦਿੱਤੇ। ਜਦੋਂ ਸਿਕੰਦਰ ਲੋਧੀ ਜੇਲ੍ਹ ਵਿਚ ਆਇਆ ਤਾਂ ਆਕਾਸ਼ ਵਿਚੋਂ ਆਵਾਜ਼ ਆਈ ਕਿ ਤੁਸੀਂ ਮੇਰੇ ਸਰੂਪ ਨੂੰ ਸਤਾਇਆ ਹੈ। ਮੈਂ ਤੇਰੇ ਵੰਸ਼ ਦਾ ਨਾਸ਼ ਕਰ ਦੇਵਾਂਗਾ। ਬਾਦਸ਼ਾਹ ਇਹ ਸੁਣਕੇ ਬਹੁਤ ਹੈਰਾਨ ਹੋਇਆ। ਗੁਰੂ ਜੀ ਉਸ ਸਮੇਂ ਪ੍ਰਭੂ ਭਗਤੀ ਵਿਚ ਲੀਨ ਸਨ। ਰਾਜੇ ਨੇ ਸ੍ਰੀ ਗੁਰੂ ਰਵਿਦਾਸ ਜੀ ਪਾਸੋਂ ਆਪਣੀ ਗਲਤੀ ਦੀ ਮੁਆਫੀ ਮੰਗੀ ਅਤੇ ਅੱਗੇ ਤੋਂ ਇਹ ਪ੍ਰਣ ਕੀਤਾ ਕਿ ਉਹ ਕਦੇ ਵੀ ਕਿਸੇ ਵੀ ਜੀਵ ਨੂੰ ਨਹੀਂ ਸਤਾਵੇਗਾ।

ਸਿਕੰਦਰ ਲੋਧੀ ਕੋਲ ਬੇਸ਼ਕੀਮਤੀ ਕੋਹੇਨੂਰ ਦਾ ਹੀਰਾ ਸੀ। ਉਸਨੇ ਕੋਹੇਨੂਰ ਦਾ ਹੀਰਾ ਗੁਰੂ ਜੀ ਨੂੰ ਭੇਂਟ ਕਰਨਾ ਚਾਹਿਆ, ਉਸਨੇ ਸੋਚਿਆ ਕਿ ਗੁਰੂ ਰਵਿਦਾਸ ਜੀ ਮੇਰੀ ਇਹ ਭੇਟਾ ਜਰੂਰ ਸਵਿਕਾਰ ਕਰ ਲੈਣਗੇ। ਪਰ ਗੁਰੂ ਜੀ ਨੇ ਇਸ ਹੀਰੇ ਨੂੰ ਲੈਣੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਅਸੀਂ 'ਹਰਿ ਸੋ ਹੀਰੇ' ਦੇ ਉਪਾਸਕ ਹਾਂ। ਗੁਰੂ ਜੀ ਨੇ ਉਸਨੂੰ ਫ਼ਰਮਾਇਆ "ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ। ਤੇ ਨਰ ਦੋਜਖਿ ਜਾਹਿੰਗੇ ਸਤਿ ਭਾਖੈ ਰਵਿਦਾਸ॥"

## ਬਾਬਰ 'ਤੇ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਦਾ ਪ੍ਰਭਾਵ

ਬਾਬਰ ਇਕ ਕੱਟੜ ਸੁੰਨੀ ਮੁਸਲਮਾਨ ਸੀ। ਉਹ ਕਾਫ਼ਿਰਾਂ ਦਾ ਨਾਸ਼ ਕਰਨਾ, ਮੂਰਤੀ ਪੂਜਾ ਨੂੰ ਖ਼ਤਮ ਕਰਨਾ ਅਤੇ ਤਲਵਾਰ ਦੇ ਜ਼ੋਰ 'ਤੇ ਇਸਲਾਮ ਦਾ ਪ੍ਰਚਾਰ ਕਰਨਾ ਆਪਣਾ ਧਾਰਮਕ ਕਰਤੱਵ ਸਮਝਦਾ ਸੀ। ਉਹ ਇਸਲਾਮ ਜਗਤ ਵਿਚ ਆਪਣਾ ਨਾਂ ਚਮਕਾਉਣਾ ਚਾਹੁੰਦਾ ਸੀ। ਬਾਬਰ ਨੇ ਪਹਿਲੀ ਵਾਰ 1519 ਈ. ਵਿਚ ਭਾਰਤ 'ਤੇ ਚੜ੍ਹਾਈ ਕੀਤੀ। ਦੂਜੀ ਚੜ੍ਹਾਈ ਵੀ 1519 ਈ. ਕੀਤੀ। ਤੀਜੀ 1520 ਈ. ਅਤੇ ਚੌਥੀ ਚੜ੍ਹਾਈ 1524 ਈ. ਵਿਚ ਕੀਤੀ।

ਬਾਬਰ ਦਾ ਪੰਜਵਾਂ ਹਮਲਾ 1525 ਈ. ਦੇ ਅੰਤ ਵਿਚ ਹੋਇਆ। ਉਸਨੇ ਪੰਜਾਬ ਦੇ ਨਵਾਬ ਦੌਲਤ ਖਾਂ ਲੋਧੀ ਨੂੰ ਕਰਾਰੀ ਹਾਰ ਦਿੱਤੀ। ਸਿੱਟੇ ਵਜੋਂ ਸਾਰਾ ਪੰਜਾਬ ਆਪਣੇ ਅਧੀਨ ਕਰ ਲਿਆ! ਪੰਜਾਬ ਵਿਚ ਕੀਤੇ ਕਤਲੇਆਮ ਦਾ ਵਰਣਨ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ 'ਬਾਬਰ ਵਾਣੀ' ਵਿਚ ਸਪੱਸ਼ਟ ਰੂਪ 'ਚ ਮਿਲਦਾ ਹੈ। ਪੰਜਾਬ ਵਿਚ ਰਹਿ ਕੇ ਹੀ ਉਸਨੇ ਦਿੱਲੀ 'ਤੇ ਚੜ੍ਹਾਈ ਕਰਨ ਦਾ ਫ਼ੈਸਲਾ ਕੀਤਾ ਅਤੇ ਇਬਰਾਹਿਮ ਲੋਧੀ ਨਾਲ ਦੋ ਹੱਥ ਕਰਨ ਲਈ ਚੱਲ ਪਿਆ। ਇਹ ਲੜਾਈ ਪਾਨੀਪਤ ਦੀ ਜੰਗ ਦੇ ਨਾਂ ਨਾਲ ਭਾਰਤ ਦੇ ਇਤਿਹਾਸ ਵਿਚ ਹੀ ਨਹੀਂ ਸਗੋਂ ਵਿਸ਼ਵ ਦੇ ਇਤਿਹਾਸ ਵਿਚ ਦਰਜ ਹੈ। ਇਸ ਲੜਾਈ ਦੀ ਤੁਲਨਾ ਬਿਜਲੀ ਦੀ ਚਮਕ ਨਾਲ ਕੀਤੀ ਜਾਂਦੀ ਹੈ। ਜਿਸ ਤਰ੍ਹਾਂ ਆਕਾਸ਼ ਵਿਚ ਬਿਜਲੀ ਚਮਕ ਪੈਦਾ ਕਰਦੀ ਹੈ ਅਤੇ ਅਚਾਨਕ



ਅਲੋਪ ਹੋ ਜਾਂਦੀ ਹੈ ਠੀਕ ਉਸੇ ਤਰ੍ਹਾਂ ਇਹ ਲੜਾਈ ਵੀ ਕੁਝ ਘੰਟਿਆਂ ਵਿਚ ਹੀ ਸਮਾਪਤ ਹੋ ਗਈ। ਪ੍ਰੰਤੂ ਇਸ ਲੜਾਈ ਦੇ ਸਿੱਟੇ ਬਹੁਤ ਨਿਰਣਾਇਕ ਨਿਕਲੇ। ਸਿੱਟੇ ਵਜੋਂ ਦਿੱਲੀ ਸਲਤਨਤ ਅਤੇ ਸੁਲਤਾਨ ਦਾ ਅੰਤ ਹੋ ਗਿਆ। ਬਾਬਰ ਦਿੱਲੀ ਦਾ ਸ਼ਾਸਕ ਬਣ ਗਿਆ।

ਪਾਨੀਪਤ ਦੀ ਲੜਾਈ ਵਿਚ ਇਬਰਾਹੀਮ ਲੋਧੀ ਹਾਰ ਗਿਆ। ਇਸ ਜਿੱਤ ਸੰਬੰਧੀ ਬਾਬਰ ਨੇ ਆਪਣੀ ਆਤਮ-ਕਥਾ ਵਿਚ ਆਪ ਲਿਖਿਆ ਹੈ ਕਿ "ਸਰਬ ਸ਼ਕਤੀਮਾਨ ਪਰਮਾਤਮਾ ਦੀ ਕਿਰਪਾ ਅਤੇ ਦਇਆ ਨਾਲ ਦਿੱਲੀ ਦੀਆਂ ਸ਼ਕਤੀਸ਼ਾਲੀ ਸੈਨਾਵਾਂ ਅੱਧੇ ਦਿਨ ਵਿਚ ਧੂੜ 'ਚ ਮਿਲ ਗਈਆਂ।"

ਹੁਣ ਬਾਬਰ ਪੰਜਾਬ ਅਤੇ ਦਿੱਲੀ ਦਾ ਸ਼ਾਸਕ ਬਣ ਗਿਆ ਸੀ, ਪਰ ਉਸਦਾ ਅਜੇ ਪੂਰੇ ਭਾਰਤ 'ਤੇ ਕਬਜ਼ਾ ਨਹੀਂ ਸੀ ਹੋਇਆ। ਭਾਰਤ ਵਿਚ ਇਸ ਦੇ ਰਾਹ 'ਚ ਸਭ ਤੋਂ ਵੱਡੀ ਰੁਕਾਵਟ ਮੇਵਾੜ ਦਾ ਰਾਜਾ ਰਾਣਾ ਸਾਂਗਾ ਸੀ। ਉਹ ਪ੍ਰਸਿੱਧ ਰਾਜਾ ਕੁੰਭਾ ਦੇ ਖਾਨਦਾਨ ਵਿਚੋਂ ਸੀ। ਰਾਣਾ ਸਾਂਗਾ ਆਪਣੀ ਵੀਰਤਾ ਕਾਰਨ ਵਿਸ਼ਵ ਪ੍ਰਸਿੱਧ ਰਾਜਾ ਸੀ। ਉਸ ਦੇ ਸਰੀਰ 'ਤੇ ਯੁੱਧਾਂ ਦੇ ਕਾਰਨ 80 ਵੱਢ-ਟੁੱਕ ਦੇ ਨਿਸ਼ਾਨ ਸਨ। ਜਿਸ ਵਿਚ ਉਹ ਆਪਣੀ ਇਕ ਅੱਖ ਤੇ ਇਕ ਲੱਤ ਯੁੱਧਾਂ ਵਿਚ ਗੁਆ ਚੁੱਕਾ ਸੀ। ਉਸ ਨੇ ਇਬਰਾਹਿਮ ਲੋਧੀ ਨੂੰ ਵੀ ਦੋ ਵਾਰ ਹਰਾਇਆ ਸੀ। ਇਹ ਗੱਲ ਸਾਰੇ ਸ਼ਾਸਕ ਜਾਣਦੇ ਸਨ ਕਿ ਜੇਕਰ ਕੋਈ ਭਾਰਤ ਨੂੰ ਜਿੱਤਣ ਦਾ ਯਤਨ ਕਰੇਗਾ ਤਾਂ ਉਸ ਨੂੰ ਪਹਿਲਾਂ ਮੇਵਾੜ ਦੇ ਇਸ ਸ਼ਕਤੀਸ਼ਾਲੀ ਯੁੱਧ-ਪ੍ਰੇਮੀ ਰਾਜੇ ਨਾਲ ਟੱਕਰ ਲੈਣੀ ਪਵੇਗੀ।

15 ਮਾਰਚ, 1527 ਦੀ ਸਵੇਰ ਨੂੰ ਠੀਕ 9 ਵਜੇ ਮੁਗ਼ਲ ਅਤੇ ਰਾਜਪੂਤ ਸੈਨਾਵਾਂ ਆਪਸ ਵਿਚ ਭਿੜ ਪਈਆਂ। ਇਸ ਯੁੱਧ ਵਿਚ ਬਾਬਰ ਦੀ ਜਿੱਤ ਨਿਸ਼ਚਿਤ ਸੀ, ਕਿਉਂਕਿ ਉਸਦੀ ਸੈਨਾ ਦੇ ਪਿੱਛੇ ਉਸਤਾਦ ਅਲੀ ਖਾਂ ਦਾ ਤੋਪਖ਼ਾਨਾ ਸੀ। ਹੁਮਾਯੂੰ ਅਤੇ ਮੇਹੰਦੀ ਖ਼ਵਾਜਾ ਵਰਗੇ ਮਾਹਰ ਸੈਨਾਪਤੀ ਉਸ ਦੇ ਸੱਜੇ ਪਾਸੇ ਸਨ। ਖੱਬੇ ਪਾਸੇ ਭਾਰੀ ਸੈਨਾ ਦੀਆਂ ਟੁਕੜੀਆਂ ਖੜ੍ਹੀਆਂ ਸਨ।

ਯੁੱਧ ਦਾ ਆਰੰਭ ਰਾਜਪੂਤਾਂ ਨੇ ਕੀਤਾ। ਉਨ੍ਹਾਂ ਨੇ ਬਾਬਰ ਦੇ ਸੱਜੇ ਪਾਸੇ ਹਮਲਾ ਕੀਤਾ। ਕੁਝ ਸਮੇਂ ਲਈ ਅਜਿਹਾ ਲੱਗਾ ਕਿ ਰਾਣਾ ਸਾਂਗਾ ਦੀ ਜਿੱਤ ਹੋਵੇਗੀ ਪ੍ਰੰਤੂ ਉਸਤਾਦ ਅਲੀ ਖਾਂ ਦੇ ਤੋਪਖਾਨੇ ਦੇ ਲਗਾਤਾਰ ਵਰਦੇ ਗੋਲਿਆਂ ਨੇ ਉਸਦੀ ਸੈਨਾ ਵਿਚ ਹਫੜਾ-ਦਫੜੀ ਮਚਾ ਦਿੱਤੀ। ਗੋਲਿਆਂ ਤੋਂ ਬਚਣ ਲਈ ਰਾਣਾ ਸਾਂਗਾ ਦੀ ਸੈਨਾ ਚਾਰੇ ਪਾਸੇ ਨੱਠ ਗਈ। ਰਾਣਾ ਸਾਂਗਾ ਰਣ-ਖੇਤਰ ਵਿਚ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ ਅਤੇ ਓਥੋਂ ਭੱਜ ਨਿਕਲਿਆ। ਇਸ ਤਰ੍ਹਾਂ ਬਾਬਰ ਜੇਤੂ ਰਿਹਾ। ਯੁੱਧਾਂ ਦੌਰਾਨ ਹੀ ਬਾਬਰ ਨੂੰ ਭਾਰਤ ਦੇ ਪੌਣਪਾਣੀ ਅਤੇ ਇਥੋਂ ਦੀ ਉਪਜਾਊ ਭੂਮੀ, ਧਨ-ਦੌਲਤ ਨਾਲ ਭਰੇ ਭੰਡਾਰਾਂ ਦੇ ਨਾਲ-ਨਾਲ ਇਥੋਂ ਦੇ ਪੀਰ-ਪੈਗੰਬਰਾਂ ਬਾਰੇ ਵੀ ਜਾਣਕਾਰੀ ਮਿਲਦੀ ਗਈ, ਫਿਰ ਉਹ ਗੁਰੂ ਰਵਿਦਾਸ ਜੀ ਮਹਾਰਾਜ ਵਰਗੀ ਅਵਤਾਰੀ ਸ਼ਖ਼ਸੀਅਤ ਤੋਂ

ਨਾ-ਵਾਕਫ਼ ਕਿਵੇਂ ਰਹਿ ਸਕਦਾ ਸੀ। ਗੁਰੂ ਰਵਿਦਾਸ ਜੀ ਉਸ ਸਮੇਂ ਆਪਣੀ ਜ਼ਿੰਦਗੀ ਦੇ ਆਖਰੀ ਪੜਾਅ 'ਤੇ ਸਨ। ਭਾਵੇਂ ਬਾਬਰ ਪੰਜਾਬ, ਦਿੱਲੀ, ਮੇਵਾੜ ਆਦਿ ਮਹਾਂਸ਼ਕਤੀਸ਼ਾਲੀ ਸ਼ਾਸਨ ਨੂੰ ਜਿੱਤ ਚੁੱਕਿਆ ਸੀ ਪਰ ਆਪਣੀਆਂ ਸਫਲਤਾਵਾਂ ਦਾ ਸਿਹਰਾ ਆਪਣੇ ਸਿਰ ਬੰਨ੍ਹਣ ਦੀ ਬਜਾਇ ਉਸ ਨੇ ਇਹਨਾਂ ਨੂੰ ਸਦਾ ਈਸ਼ਵਰੀ ਦੇਣ ਕਿਹਾ। ਬਾਬਰ ਦਾ ਕਥਨ ਸੀ, "ਅੱਲਾਹ ਦੀ ਇੱਛਾ ਬਿਨਾਂ ਕੁਝ ਨਹੀਂ ਹੁੰਦਾ। ਸਾਨੂੰ ਉਸ ਦਾ ਸਹਾਰਾ ਲੈ ਕੇ ਅੱਗੇ ਵਧਣਾ ਚਾਹੀਦਾ ਹੈ।" ਬਾਬਰ ਰੱਬੀ ਨੂਰ ਗੁਰੂ ਰਵਿਦਾਸ ਜੀ ਜਿਹੇ ਮਹਾਨ ਸੰਤਪੁਰਸ਼ ਦੇ ਦਰਸ਼ਨ ਕਰਨ ਤੋਂ ਬਗੈਰ ਰਹਿ ਨਾ ਸਕਿਆ।

ਉਸਨੂੰ ਜਦੋਂ ਪਤਾ ਲੱਗਾ ਕਿ ਗੁਰੂ ਰਵਿਦਾਸ ਜੀ ਬਹੁਤ ਬਿਰਧ ਹੋ ਚੁੱਕੇ ਹਨ ਤਾਂ ਉਹ ਹੁਮਾਯੂ ਨੂੰ ਨਾਲ ਲੈ ਕੇ ਗੁਰੂ ਰਵਿਦਾਸ ਜੀ ਪਾਸ ਉਨ੍ਹਾਂ ਦੇ ਦਰਸ਼ਨ ਕਰਨ ਲਈ ਗਿਆ ਤਾਂ ਗੁਰੂ ਜੀ ਆਪਣੇ ਸਿੰਘਾਸਨ 'ਤੇ ਬਿਰਾਜਮਾਨ ਸਨ। ਉਨ੍ਹਾਂ ਨੇ ਬਾਬਰ ਨੂੰ ਦੇਖ ਕੇ ਉਸ ਦੁਆਰਾ ਕੀਤੇ ਬੇਕਸੂਰਾਂ ਦੇ ਖ਼ੂਨ-ਖਰਾਬੇ ਲਈ ਉਸਨੂੰ ਝਿੜਕਿਆ ਅਤੇ ਸਮਝਾਇਆ:-

ਕਿਉਂ ਬਾਬਰ ਹੂਆ ਬਾਬਰਾ, ਮਨ ਮੇਂ ਅਧਿਕ ਗੁਮਾਨ।
ਕਰੋੜੋਂ ਪ੍ਰਾਨੀ ਮਾਰ ਕਰ, ਤੂੰਨੇ ਕੀਆ ਪਾਪ ਮਹਾਨ॥
(ਗੁਰੂ ਰਵਿਦਾਸ ਜੀ)

ਹੌਲੀ ਹੌਲੀ ਜਦੋਂ ਬਾਬਰ ਨੂੰ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਅਤੇ ਸਮਾਜ 'ਤੇ ਕੀਤੇ ਪਰਉਪਕਾਰਾਂ ਦਾ ਪਤਾ ਚੱਲਦਾ ਗਿਆ ਤਾਂ ਉਸਨੇ ਬੇਵਜ੍ਹਾ ਖ਼ੂਨ ਖਰਾਬਾ ਕਰਨਾ ਬੰਦ ਕਰ ਦਿੱਤਾ। ਇਥੋਂ ਤੱਕ ਕਿ ਸਭ ਬਾਬਰ ਦੇ ਸੁਭਾਅ ਦੀ ਦਿਆਲਤਾ ਤੋਂ ਹੈਰਾਨ ਰਹਿਣ ਲੱਗ ਪਏ। ਉਸ ਨੇ ਆਪਣੀ ਉਦਾਰਤਾ ਕਾਰਨ ਹੀ ਦਿੱਲੀ ਅਤੇ ਆਗਰੇ ਦਾ ਸ਼ਾਹੀ ਖ਼ਜ਼ਾਨਾ ਲੋਕਾਂ ਵਿਚ ਵੰਡ ਦਿੱਤਾ। ਉਸ ਦੀ ਇੰਨੀ ਉਦਾਰਤਾ ਨੂੰ ਦੇਖਦਿਆਂ ਲੋਕ ਬਾਬਰ ਨੂੰ ਹੁਣ ਪਿਆਰ ਨਾਲ ਕਲੰਦਰ ਜਾਂ ਮਸਤ ਫ਼ਕੀਰ ਕਹਿ ਕੇ ਸੱਦਦੇ ਸਨ। ਦੱਸਣਯੋਗ ਹੈ ਕਿ ਮੀਰਾਂ ਦੁਆਰਾ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਦਾ ਪ੍ਰਭਾਵ ਅਕਬਰ 'ਤੇ ਪਿਆ ਸੀ। ਹੋ ਸਕਦਾ ਹੈ ਕਿ ਗੁਰੂ ਰਵਿਦਾਸ ਜੀ ਦਾ ਕੋਈ ਪਰਮ ਸ਼ਿਸ਼ ਬਾਬਰ ਨੂੰ ਵੀ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਤੋਂ ਜਾਣੂ ਕਰਵਾਉਂਦਾ ਰਿਹਾ ਹੋਵੇ।

ਵਰਣਨਯੋਗ ਹੈ ਕਿ ਬਾਬਰ ਦਾ ਸਾਮਰਾਜ ਕਾਬਲ ਤੋਂ ਲੈ ਕੇ ਬਿਹਾਰ ਤੱਕ ਅਤੇ ਹਿਮਾਲਾ ਤੋਂ ਲੈ ਕੇ ਗਵਾਲੀਅਰ ਅਤੇ ਚੰਦੇਰੀ ਤੱਕ ਫੈਲਿਆ ਹੋਇਆ ਸੀ!



# ਸ਼੍ਰੀ ਗੁਰੂ ਰਵਿਦਾਸ ਜੀ ਦਾ ਸੱਚਖੰਡ ਪਧਾਰਨਾ

ਕਬੀਰ ਜੀ, ਨਾਮਦੇਵ ਜੀ, ਤ੍ਰਿਲੋਚਨ ਜੀ ਅਤੇ ਧੰਨਾ ਜੀ ਇਹਨਾਂ ਸਾਰੇ ਸੰਤਾਂ ਨੂੰ ਪਾਰਬ੍ਰਹਮ ਅਕਾਲਪੁਰਖ ਜੀ ਦੀ ਆਗਿਆ ਹੋਈ ਅਤੇ ਆਦੇਸ਼ ਮਿਲਿਆ ਕਿ ਸ਼੍ਰੀ ਗੁਰੂ ਰਵਿਦਾਸ ਜੀ ਕੋਲ ਜਾਉ। ਉਹਨਾਂ ਨੂੰ ਜਾ ਕੇ ਕਹੋ ਕਿ ਤੁਹਾਡੀ ਭਗਤੀ ਸੰਪੂਰਨ ਹੋਈ ਅਤੇ ਤੁਹਾਨੂੰ ਪਰਮਾਤਮਾ ਨੇ ਸੱਚਖੰਡ ਵਿਚ ਬਲਾਇਆ ਹੈ। ਸਾਰਿਆਂ ਨੂੰ ਬੁਲਾ ਕੇ ਕਿਹਾ ਕਿ ਇੱਕੀ ਦਿਨਾਂ ਦਾ ਸਮਾਂ ਹੈ, ਜੋ ਕੁਝ ਕਰਨਾ ਹੈ ਕਰ ਲਉ ਅਤੇ ਗੁਰੂ ਜੀ ਨੂੰ ਇਥੇ ਲੈ ਕੇ ਆਉ। ਇਹ ਸਾਰੇ ਸੰਤ ਸ਼੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਪਾਸ ਜਿੱਥੇ ਠਾਕੁਰ ਜੀ ਦਾ ਆਸਣ ਸੀ ਉਥੇ ਪਹੁੰਚ ਗਏ ਅਤੇ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਸੰਦੇਸ਼ ਦਿੱਤਾ ਕਿ ਅਸੀਂ ਤੁਹਾਨੂੰ ਲੈਣ ਆਏ ਹਾਂ। ਇੱਕੀ ਦਿਨ ਦਾ ਸਮਾਂ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਹੀ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਖਬਰ ਹੋ ਗਈ ਸੀ ਕਿ ਸੰਤ ਕਬੀਰ ਜੀ, ਸੰਤ ਨਾਮਦੇਵ ਜੀ, ਸੰਤ ਤ੍ਰਿਲੋਚਨ ਜੀ ਅਤੇ ਸੰਤ ਧੰਨਾ ਜੀ ਮੇਰੇ ਘਰ ਆ ਰਹੇ ਹਨ। ਉਹ ਬਹੁਤ ਪ੍ਰਸੰਨ ਹੋਏ। ਤਨ, ਮਨ ਪਵਿੱਤਰ ਹੋਇਆ ਅਤੇ ਧਰਮਸ਼ਾਲਾ ਨੂੰ ਸਾਫ ਕੀਤਾ। ਸਾਫ਼-ਸੁਥਰੀਆਂ ਸੇਜਾਂ ਲਗਾ ਕੇ ਸਾਵਧਾਨ ਖੜੇ ਹੋ ਗਏ ਅਤੇ ਕਿਹਾ ਮੈਂ ਆਪ ਦਾ ਦਾਸ ਹਾਂ, ਆਪ ਮੇਰੇ ਘਰ ਆਏ, ਮੈਂ ਆਪ ਜੀ ਦੇ ਦਰਸ਼ਨ ਕਰਕੇ ਧੰਨ ਹੋ ਗਿਆ ਹਾਂ। ਗੁਰੂ ਜੀ ਉਹਨਾਂ ਸੰਤਾਂ ਨਾਲ ਇਸ ਤਰ੍ਹਾਂ ਮਿਲੇ ਜਿਸ ਤਰ੍ਹਾਂ ਪ੍ਰਭੂ ਮਿਲ ਗਏ ਹੋਣ। ਚਰਨਾਂ ਵਿਚ ਪ੍ਰਣਾਮ ਕਰਕੇ ਕਹਿੰਦੇ ਹਨ ਕਿ ਮੈਂ ਸ਼ਰਨ ਵਿਚ ਆਇਆ ਹਾਂ। ਮੈਂ ਵਾਰ-ਵਾਰ ਬਲਿਹਾਰੇ ਜਾਂਦਾ ਹੈ। ਤੁਹਾਡੇ ਦਰਸ਼ਨ ਕਰਕੇ ਮੇਰੀ ਪਰਮਗਤੀ ਹੋਈ ਹੈ। ਸੰਤਾਂ ਦਾ ਮਿਲਣਾ ਦੀਨ ਹੋ ਕੇ ਮਿਲਣ ਦੇ ਬਰਾਬਰ ਹੈ। ਸੰਤਾਂ ਦਾ ਮਿਲਣਾ ਇਸ ਤਰ੍ਹਾਂ ਹੁੰਦਾ ਹੈ ਜਿਵੇਂ ਇਕ ਦੂਜੇ ਨੂੰ ਚੰਗੀ ਤਰ੍ਹਾਂ ਜਾਣਦੇ ਹੋਣ। ਇਸ ਤਰ੍ਹਾਂ ਮਿਲਦੇ ਹਨ ਉਹ ਉਸਨੂੰ ਪਰਮੇਸ਼ਵਰ ਸਮਝੇ ਅਤੇ ਦੂਸਰਾ ਉਸਨੂੰ ਠਾਕੁਰ ਸਮਝੇ। ਦੋਹਾਂ ਪੱਖਾਂ ਵਿਚ ਅਜਿਹੀ ਨਿਮਰਤਾ ਦੇਖ ਕੇ ਪਰਮਾਤਮਾ ਖੁਸ਼ ਹੁੰਦਾ ਹੈ।

ਜੋ ਆਪਣੇ ਅੰਦਰ ਵੱਡੇ ਹੋਣ ਦਾ ਅਭਿਮਾਨ ਰੱਖ ਕੇ ਦੂਜਿਆਂ ਨੂੰ ਦਿਖਾਉਂਦਾ ਹੈ, ਉਹ ਆਪਣੇ ਗੁਣ ਅਤੇ ਸੇਵਾ ਖਤਮ ਕਰ ਲੈਂਦੇ ਹਨ। ਪਰ ਪ੍ਰਭੂ ਦੇ ਸੇਵਕ ਉਹੀ ਹੁੰਦੇ ਹਨ, ਜਿਹਨਾਂ ਦੀ ਬਿਰਤੀ ਸ਼ੁੱਧ ਹੁੰਦੀ ਹੈ। ਦੂਜੇ ਪਾਸੇ ਜੇਕਰ ਕੋਈ ਹੰਕਾਰ ਵਸ ਅਜਿਹਾ ਸਮਝਦਾ ਹੈ ਕਿ ਉਸਦੇ ਬਰਾਬਰ ਹੋਰ ਕੋਈ ਸਾਧੂ ਨਹੀਂ ਹੈ ਤਾਂ ਉਹ ਆਪਣੀ ਭਗਤੀ ਰੂਪੀ ਕਮਾਈ (ਗਵਾ) ਦਿੰਦਾ ਹੈ। ਜਿਸ ਤਰ੍ਹਾਂ ਰੇਸ਼ਮ ਜਲ ਕੇ ਸੁਆਹ (ਰਾਖ) ਹੋ ਜਾਂਦਾ ਹੈ, ਉਸੇ ਤਰ੍ਹਾਂ ਔਗੁਣਾਂ ਨਾਲ ਭਰਿਆ ਹੋਇਆ ਸਰੀਰ ਵੀ ਜਲ ਕੇ ਭਗਤੀ-ਹੀਨ ਹੋ ਜਾਂਦਾ ਹੈ। ਸਾਧੂ ਜਨਾਂ ਦਾ ਮਿਲਣਾ ਹੰਕਾਰ ਨੂੰ ਛੱਡ ਕੇ ਸੇਵਾ ਕਰਨ ਦੇ ਬਰਾਬਰ ਹੁੰਦਾ ਹੈ। ਸਾਧੂ ਨੂੰ ਸਾਧੂ ਨਿਮਰਤਾ ਸਹਿਤ ਇਸ ਤਰ੍ਹਾਂ ਮਿਲਦਾ ਹੈ ਜਿਸ ਤਰ੍ਹਾਂ ਆਪਣੇ ਸਾਕ-ਸੰਬੰਧੀ ਨੂੰ ਮਿਲਦਾ ਹੈ। ਉਹਨਾਂ ਦੀ ਨਿਮਰਤਾ ਗਰੀਬ ਦੇ ਘਰ ਵਰਗੀ ਹੁੰਦੀ ਹੈ। ਅਜਿਹੇ ਸਾਧੂ ਦਾ ਮਿਲਣਾ ਸਮਝੋ, ਭਗਤ ਬਣਨਾ ਆਸਾਨ

ਹੈ, ਸਾਧੂ ਹੋਣਾ ਕਠਿਨ ਹੈ। ਸਾਧੂ ਭਾਵ ਨੂੰ ਉਹੀ ਪ੍ਰਾਪਤ ਕਰ ਸਕਦਾ ਹੈ ਜੋ ਗਰੀਬਾਂ ਵਿਚ ਵਿਚਰਦਾ ਹੋਵੇ। ਇਹੀ ਗੱਲ ਵਿਚਾਰ ਕਰਨ ਉਪਰੰਤ ਸੰਤ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਦੱਸਣ ਆਏ ਕਿ ਰਵਿਦਾਸ ਜੀ ਪਾਸ ਠਾਕੁਰ ਜੀ ਦਾ ਵਰਨਣ ਕਹਿਣਗੇ, ਜਿਸ ਨਾਲ ਰਵਿਦਾਸ ਜੀ ਖੁਸ਼ ਹੋਣਗੇ। ਉਹਨਾਂ ਨੇ ਠਾਕੁਰ ਜੀ ਦੇ ਮਹਿਲ ਬਾਰੇ ਰਵਿਦਾਸ ਜੀ ਨੂੰ ਦੱਸਿਆ ਤਾਂ ਗੁਰੂ ਜੀ ਬਹੁਤ ਨਿਹਾਲ ਹੋਏ। ਜਦੋਂ ਸੰਤ ਰਵਿਦਾਸ ਜੀ ਪਾਸ ਗਏ ਤਾਂ ਉਹਨਾਂ ਨੂੰ ਠਾਕੁਰ ਜੀ ਦਾ ਉਹੀ ਸਰੂਪ ਉਥੇ ਨਜ਼ਰ ਆਇਆ। ਉਹ ਕਹਿਣ ਲੱਗੇ ਕਿ ਇਹਨਾਂ ਠਾਕੁਰਾਂ ਨੂੰ ਹੀ ਅਸੀਂ ਬੈਕੁੰਠ ਵਿਚ ਦੇਖ ਕੇ ਆਏ ਹਾਂ, ਇਹ ਤਾਂ ਸੰਤ ਰਵਿਦਾਸ ਜੀ ਪਾਸ ਹੀ ਹਨ। ਸੰਭਵ ਹੈ ਕਿ ਰਵਿਦਾਸ ਜੀ ਇਹਨਾਂ ਨੂੰ ਬੈਕੁੰਠ ਤੋਂ ਹੀ ਲੈ ਕੇ ਆਏ ਹੋਣਗੇ। ਸੰਤ ਰਵਿਦਾਸ ਜੀ ਨੇ ਸਾਰਿਆਂ ਲਈ ਸੇਜ ਲਗਾ ਦਿੱਤੀ। ਸੰਤਾਂ ਨੇ ਸਮਝਿਆ ਸੰਤ ਰਵਿਦਾਸ ਜੀ ਤਾਂ ਬੈਕੁੰਠ ਵਿਚ ਹੀ ਰਹਿੰਦੇ ਹਨ, ਇਹੀ ਭਗਵਾਨ ਹਨ। ਤਦ ਉਹਨਾਂ ਨੇ ਗੁਰੂ ਜੀ ਨੂੰ ਪਾਰਬ੍ਰਹਮ ਦੀ ਆਗਿਆ ਬਾਰੇ ਦੱਸਿਆ ਕਿ ਇੱਕੀਵੇਂ ਦਿਨ ਉਥੇ ਪਹੁੰਚਣਾ ਹੈ। ਇਸ ਸੰਦੇਸ਼ ਨੂੰ ਪਾ ਕੇ ਗੁਰੂ ਜੀ ਨੇ ਆਪਣੇ ਸੇਵਕਾਂ ਨੂੰ ਦੱਸ ਦਿੱਤਾ ਕਿ ਉਹ ਬੈਕੁੰਠ ਜਾ ਰਹੇ ਹਨ ਭਾਵ ਉਹਨਾਂ ਨੂੰ ਹਰਿ ਜਪਣ ਦਾ ਹੁਕਮ ਦਿੱਤਾ।

ਅਕਾਲਪੁਰਖ ਦੀ ਆਗਿਆ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਦੱਸ ਕੇ ਸੰਤ ਕਬੀਰ ਜੀ, ਸੰਤ ਨਾਮਦੇਵ ਜੀ, ਸੰਤ ਤ੍ਰਿਲੋਚਨ ਜੀ ਅਤੇ ਸੰਤ ਧੰਨਾ ਜੀ, ਸਾਰੇ ਸੰਤ ਵਿਦਾ ਹੋਏ। ਤਦ ਸ਼੍ਰੀ ਗੁਰੂ ਰਵਿਦਾਸ ਜੀ ਨੇ ਆਪਣੇ ਸੰਬੰਧੀਆਂ ਅਤੇ ਸੇਵਕਾਂ ਨੂੰ ਸੱਚਖੰਡ ਜਾਣ ਬਾਰੇ ਦੱਸ ਦਿੱਤਾ ਅਤੇ ਸੰਗਤ ਨੂੰ ਉਪਦੇਸ਼ ਦਿੰਦੇ ਰਹੇ। ਸਾਰੇ ਸੇਵਕ ਉਹਨਾਂ ਦੇ ਚਰਨ ਸਪਰਸ਼ ਕਰਕੇ ਤੇ ਅਸ਼ੀਰਵਾਦ ਲੈ ਕੇ ਵਿਦਾ ਹੁੰਦੇ ਗਏ।

ਜਦੋਂ ਇੱਕੀਵਾਂ ਦਿਨ ਆਇਆ ਤਾਂ ਪ੍ਰਭਾਤ ਵੇਲੇ ਗੁਰੂ ਜੀ ਨੇ ਤਿਆਰ ਹੋ ਕੇ ਪਰਮੇਸ਼ਰ ਦਾ ਧਿਆਨ ਲਗਾਇਆ। ਅਨਹਦ ਸ਼ਬਦ ਉਚਾਰਦੇ ਹੋਏ ਸੰਤ ਰਵਿਦਾਸ ਜੀ ਪਰਮਾਤਮਾ ਵਿਚ ਸਮਾ ਗਏ। ਤਦ ਵਿਸ਼ਵਨਾਥ ਸੁਖਾਸਨ (ਸਿੰਘਾਸਨ) ਉੱਪਰ ਬਿਰਾਜਮਾਨ ਹੋ ਕੇ ਸੰਤ ਰਵਿਦਾਸ ਜੀ ਨੂੰ ਨਾਲ ਲੈ ਕੇ ਗਏ। ਸਾਵਧਾਨ ਹੋ ਕੇ ਜਦੋਂ ਠਾਕੁਰ ਜੀ ਉਥੇ ਆਏ ਤਾਂ ਸੰਤ ਰਵਿਦਾਸ ਜੀ ਨੂੰ ਸਿੰਘਾਸਨ ਉੱਪਰ ਬਿਠਾ ਕੇ ਸੱਚਖੰਡ ਬੈਕੁੰਠ ਵਿਚ ਚਲੇ ਗਏ। ਨਿਰਗੁਣ-ਬ੍ਰਹਮ ਵਿਚ ਲੀਨ ਹੋ ਕੇ ਗੁਰੂ ਜੀ ਬ੍ਰਹਮ ਵਿਚ ਸਮਾ ਗਏ। ਸਭ ਸੰਗਤ ਗੁਰੂ ਰਵਿਦਾਸ ਜੀ ਨੂੰ ਪ੍ਰੇਮ ਸਹਿਤ ਯਾਦ ਕਰ ਰਹੀ ਸੀ ਸਾਰੇ ਪਾਸੇ ਸ਼੍ਰੀ ਗੁਰੂ ਰਵਿਦਾਸ ਜੀ ਦੀ ਜੈ-ਜੈਕਾਰ ਹੋ ਰਹੀ ਸੀ। ਇਸ ਪ੍ਰਕਾਰ ਸਤਿਗੁਰੂ ਰਵਿਦਾਸ ਮਹਾਰਾਜ ਜੀ ਹਾੜ ਦੀ ਸੰਗਰਾਂਦ 1584 ਵਿਕ੍ਰਮੀ (ਸੰਨ 1528) ਸੰਮਤ ਨੂੰ ਬਨਾਰਸ ਵਿਖੇ ਬ੍ਰਹਮਲੀਨ ਹੋ ਗਏ।

*******

ਜਗਤ ਗੁਰੂ ਰਵਿਦਾਸ ਜੀ ਮਹਾਰਾਜ ਨੇ ਲਗਭਗ 151 ਸਾਲ ਤੱਕ ਸੰਸਾਰ ਭਰ ਦੇ ਕੋਨੇ-ਕੋਨੇ ਵਿਚ ਜਾ ਕੇ ਕੁਲ ਲੁਕਾਈ ਨੂੰ ਸਮਾਨਤਾ, ਭਾਈਚਾਰੇ



ਅਤੇ ਪ੍ਰਭੂ ਬੰਦਗੀ ਦਾ ਸਤਿ ਉਪਦੇਸ਼ ਦਿੱਤਾ। ਜਿੱਥੇ ਵੀ ਗੁਰੂ ਜੀ ਗਏ ਉਥੇ-ਉਥੇ ਉਹਨਾਂ ਦੀਆਂ ਪਾਵਨ ਯਾਦਗਾਰਾਂ ਕਿਸੇ ਨਾ ਕਿਸੇ ਰੂਪ ਵਿਚ ਸਥਾਪਿਤ ਜ਼ਰੂਰ ਹੋਣਗੀਆਂ। ਬਨਾਰਸ ਦੀ ਧਰਤੀ ਜਿਹੜੀ ਜਗਤ ਗੁਰੂ ਰਵਿਦਾਸ ਜੀ ਦੀ ਜਨਮ ਸਥੱਲੀ, ਕਰਮ ਭੂਮੀ ਅਤੇ ਤਪੋ ਅਸਥਾਨ ਦੇ ਨਾਮ ਨਾਲ ਇਤਿਹਾਸਕ ਰੂਪ ਵਿਚ ਜਗਤ ਪ੍ਰਸਿੱਧ ਹੈ। ਬੜੇ ਹੀ ਦੁੱਖ ਦੀ ਗੱਲ ਹੈ ਅਜਿਹੇ ਪਰਮਾਤਮਾ ਸਰੂਪ ਰਹਿਬਰ ਦੀ ਕੋਈ ਵੀ ਇਤਿਹਾਸਕ ਯਾਦਗਾਰ ਨਹੀਂ ਉਸਾਰੀ। ਤਕਰੀਬਨ 600 ਸਾਲ ਬੀਤ ਜਾਣ ਉਪਰੰਤ, ਬ੍ਰਹਮ ਗਿਆਨੀ ਸੰਤ ਸਵਾਮੀ ਸਰਵਣ ਦਾਸ ਜੀ ਮਹਾਰਾਜ ਨੇ ਮਹਿਸੂਸ ਕੀਤਾ ਕਿ ਮਾਨਵਤਾ ਦੇ ਪੁਜਾਰੀ, ਦੁਖੀਆਂ ਦੇ ਦਰਦੀ, ਸਮਾਜਵਾਦ ਦੇ ਮੋਢੀ, ਸਾਹਿਬ ਸ਼੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਜਨਮ ਸਥਾਨ ’ਤੇ ਇਕ ਵਿਸ਼ਾਲ ਮੰਦਰ ਹੋਵੇ। ਆਪ ਜੀ ਨੇ ਗੁਰੂ ਜੀ ਦੇ ਜਨਮ ਸਥਾਨ ਦੀ ਖੋਜ ਕਰਕੇ, ਸ਼੍ਰੀ ਗੁਰੂ ਰਵਿਦਾਸ ਜਨਮ ਸਥਾਨ ਮੰਦਿਰ ਸੀਰ ਗੋਵਰਧਨਪੁਰ, ਵਾਰਾਨਸੀ ਦੀ ਉਸਾਰੀ ਕਰਵਾਈ। ਜਿਸ ਦਾ ਪ੍ਰਬੰਧ ਸ਼੍ਰੀ ਗੁਰੂ ਰਵਿਦਾਸ ਜਨਮ ਸਥਾਨ ਪਬਲਿਕ ਚੈਰੀਟੇਬਲ ਟਰੱਸਟ ਚਲਾ ਰਿਹਾ ਹੈ। ਜਿਥੇ ਹਰ ਸਾਲ ਵਿਸ਼ਵ ਪੱਧਰ ’ਤੇ ਜਗਤ ਗੁਰੂ ਰਵਿਦਾਸ ਜੀ ਮਹਾਰਾਜ ਦਾ ਆਗਮਨ ਪੁਰਬ ਬਹੁਤ ਹੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਸੰਸਾਰ ਦੇ ਕੋਨੇ-ਕੋਨੇ ਤੋਂ ਸੰਗਤਾਂ ਆ ਕੇ ਨਤਮਸਤਕ ਹੁੰਦੀਆਂ ਹਨ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਕੇ ਜੀਵਨ ਨੂੰ ਸਫਲ ਕਰਦੀਆਂ ਹਨ।

ਅੰਤ ਵਿਚ ਸਾਰੀਆਂ ਸੰਗਤਾਂ ਨੂੰ ਇਹ ਬੇਨਤੀ ਹੈ ਕਿ ਜਗਤ ਗੁਰੂ ਰਵਿਦਾਸ ਜੀ ਦੇ ਸਮੂਹ ਪ੍ਰੇਮੀਆਂ ਨੂੰ ਮਹਾਰਾਜ ਜੀ ਦੇ ਪਵਿੱਤਰ ਚਰਨਾਂ-ਕਮਲਾਂ ਵਿਚ ਜਾ ਕੇ, ਗੁਰੂ ਚਰਨਾਂ ਦੀ ਧੂੜੀ ਵਿਚ ਇਸ਼ਨਾਨ ਕਰਕੇ ਅਤੇ ਗੁਰੂ ਮਹਾਰਾਜ ਜੀ ਦੀ ਪਾਵਨ ਬਾਣੀ ਨੂੰ ਬਾਰੰਬਾਰ ਪੜ੍ਹਕੇ ਅਤੇ ਇਹਨਾਂ ਪਾਵਨ ਵਿਚਾਰਾਂ ਨੂੰ ਜੀਵਨ ਵਿਚ ਧਾਰਨ ਕਰਕੇ ਆਪਣੇ ਅਨਮੋਲ ਜੀਵਨ ਦਾ ਸੱਚਾ ਲਾਹਾ ਖੱਟਣਾ ਚਾਹੀਦਾ ਹੈ। ਗੁਰੂ ਪ੍ਰੇਮੀ ਸੰਗਤਾਂ ਦੇ ਦਿਲ ਵਿਚ ਜੇਕਰ ਇਹ ਗੱਲ ਵਸ ਜਾਵੇ ਤਾਂ ਦਾਸ ਆਪਣੀ ਮਿਹਨਤ ਨੂੰ ਸਫਲ ਸਮਝੇਗਾ। ਇਹ ਪੁਸਤਕ ਲਿਖਣ ਦਾ ਕਾਰਜ ਗੁਰੂ ਰਵਿਦਾਸ ਜੀ ਮਹਾਰਾਜ ਦੇ ਪਵਿੱਤਰ ਚਰਨਾਂ ਵਿਚ ਅਰਦਾਸ ਕਰਕੇ ਅਤੇ ਧੰਨ-ਧੰਨ ਬ੍ਰਹਮਲੀਨ ਬਾਬਾ ਪਿੱਪਲ ਦਾਸ ਜੀ, ਧੰਨ-ਧੰਨ ਬ੍ਰਹਮਲੀਨ, ਬ੍ਰਹਮ ਗਿਆਨੀ ਸੰਤ ਸਰਵਣ ਦਾਸ ਜੀ, ਬ੍ਰਹਮਲੀਨ ਸੰਤ ਹਰੀ ਦਾਸ ਜੀ, ਬ੍ਰਹਮਲੀਨ ਸੰਤ ਗਰੀਬ ਦਾਸ ਜੀ, ਮਹਾਂਪੁਰਸ਼ਾਂ ਦੇ ਪਾਵਨ ਦਰਬਾਰ ਦੇ ਸੰਚਾਲਕ ਸ਼੍ਰੀ 108 ਸੰਤ ਨਿਰੰਜਣ ਦਾਸ ਜੀ ਦੀ ਆਗਿਆ ਲੈ ਕੇ ਆਰੰਭ ਕੀਤਾ ਸੀ। ਸਤਿਗੁਰੂ ਜੀ ਦੀ ਕ੍ਰਿਪਾ ਨਾਲ ਅੱਜ ਮਿਤੀ 6 ਫਰਵਰੀ 2005 ਮੁਤਾਬਿਕ ਇਹ ਕਾਰਜ ਸੰਪੂਰਨ ਹੋਇਆ ਹੈ। ਸਤਿਗੁਰੂ ਜੀ ਦੇ ਪਵਿੱਤਰ ਚਰਨਾਂ ਵਿਚ ਕੋਟਿ-ਕੋਟਿ ਨਮਸਕਾਰ ਕਰਦਾ ਹੋਇਆ ਸਤਿਗੁਰਾਂ ਦਾ ਧੰਨਵਾਦ ਕਰਦਾ ਹਾਂ।

(ਸੰਪੂਰਨ)

# ਧੰਨਵਾਦ ਸਹਿਤ ਪੁਸਤਕਾਂ

## ਡੇਰਾ ਸੱਚਖੰਡ ਬੱਲਾਂ ਵਲੋਂ ਪ੍ਰਕਾਸ਼ਿਤ ਪੁਸਤਕਾਂ

1. ਸ਼੍ਰੀ ਗੁਰੂ ਰਵਿਦਾਸ ਅੰਮ੍ਰਿਤ ਬਾਣੀ (ਗੁਟਕਾ)
2. श्री गुरु रविदास अमृत वाणी (गुटका)
3. श्री गुरु रविदास अमृत वाणी —संत रामा नंद जी
4. श्री गुरु रविदास दर्शन एवं मीरा पदावली —संत रामा नंद जी
5. ਸ਼੍ਰੀ ਗੁਰੂ ਰਵਿਦਾਸ ਅੰਮ੍ਰਿਤ ਬਾਣੀ (ਸਟੀਕ ਤੇ ਸੰਖੇਪ ਜੀਵਨ) -ਸੰਤ ਸੁਰਿੰਦਰ ਦਾਸ ਬਾਵਾ ਜੀ
6. ਗੁਰੂ ਉਪਦੇਸ਼ — ਕਵੀ ਤੋਤਾ ਰਾਮ ਪੰਛੀ (ਮੁਕੇਰੀਆਂ)
7. ਜਨਮ ਸਾਖੀ 'ਸ਼੍ਰੀ ਗੁਰੂ ਰਵਿਦਾਸ ਜੀ' ਅਰਥਾਤ ਤਵਾਰੀਖ਼ ,,
8. ਸੰਤ ਉਸਤਤ — ਕਵੀ ਕਰਮ ਚੰਦ ਪ੍ਰੇਮੀ (ਆਬਾਦੀ)
9. ਮਹਿਮਾ ਦਰਬਾਰ ਸੱਚਖੰਡ ਬੱਲਾਂ ,,
10. ਡੇਰਾ ਸੱਚਖੰਡ ਬੱਲਾਂ — ਗਿਆਨੀ ਬਿਸ਼ਨਾ ਰਾਮ ਵਿਰਦੀ
11. ਡੇਰਾ ਸੱਚਖੰਡ ਬੱਲਾਂ ਦੀ ਇਤਿਹਾਸਕ ਗਾਥਾ — ਸ਼੍ਰੀ ਕਾਂਸ਼ੀ ਰਾਮ ਕਲੇਰ (ਜੰਡੂ ਸਿੰਘਾ)
12. ਗੁਰੂ ਰਵਿਦਾਸ ਚਮਤਕਾਰ —ਸ਼੍ਰੀ ਚਰਨ ਸਿੰਘ ਸਫ਼ਰੀ
13. ਅੰਮ੍ਰਿਤ ਸਰੋਤ ਸ਼੍ਰੀ ਗੁਰੂ ਰਵਿਦਾਸ ਬਾਣੀ —ਸ਼੍ਰੀ ਅਮਰ ਨਾਥ ਕੌਸਤਵ
14. ਪਾਵਨ ਗਾਥਾ ਸ੍ਰੀ ਗੁਰੂ ਰਵਿਦਾਸ ਜੀ —ਡਾ. ਜਸਬੀਰ ਸਿੰਘ ਸਾਬਰ
15. ਸਗਲ ਭਵਨ ਕੇ ਨਾਇਕਾ ਡਾ. ਕ੍ਰਿਸ਼ਨਾ ਕਲਸੀਆ
16. ਅਮਰ ਜੋਤਾਂ ਕਵੀ ਭਗਤ ਰਾਮ ਦੀਵਾਨਾ
17. ਵਿਦੇਸ਼ ਯਾਤਰਾ (ਭਾਗ-1) —ਸ਼੍ਰੀ ਅਜੀਤ ਕੁਮਾਰ ਕੰਵਲ (ਯੂ. ਕੇ.)
18. ਵਿਦੇਸ਼ ਯਾਤਰਾ (ਭਾਗ-2) —ਸ਼੍ਰੀ ਅਜੀਤ ਕੁਮਾਰ ਕੰਵਲ (ਯੂ. ਕੇ.)
19. The Holy Hymns and Miracles of Guru Ravidass Ji -Mr. Satpal Jassi & Mr. Chain Ram Suman
20. ਇਹੁ ਜਨਮ ਤੁਮ੍ਹਾਰੇ ਲੇਖੇ —ਡਾ. ਕੁਲਵੰਤ ਕੌਰ
21. ਸਤਿ ਭਾਖੈ ਰਵਿਦਾਸ — ਸ਼੍ਰੀ ਗੁਰਦੇਵ ਸਿੰਘ
22. सटीक-श्री गुरू रविदास जी - संत वीर सिंह हितकारी, संत सुंदर दास शास्त्री
23. ਜਗਤਗੁਰੂ ਰਵਿਦਾਸ ਸੰਪ੍ਰਦਾਇ ਸੰਤ ਤੇ ਸਾਧਨਾ ਸਥੱਲ —ਸ਼੍ਰੀ ਸੋਮਨਾਥ ਭਾਰਤੀ

## ਹੋਰ ਸੰਦਰਭ ਪੁਸਤਕਾਂ

1.. ਬਾਣੀ ਗੁਰੂ ਰਵਿਦਾਸ —ਡਾ. ਰਤਨ ਸਿੰਘ ਜੱਗੀ
2. ਭਗਤ ਰਵਿਦਾਸ —ਡਾ. ਜਸਵੀਰ ਸਿੰਘ ਸਾਬਰ
3. ਬਾਣੀ ਸ੍ਰੀ ਗੁਰੂ ਰਵਿਦਾਸ ਜੀ ਅਤੇ ਤੱਤ ਸਿਧਾਂਤ —ਪ੍ਰੋ. ਲਾਲ ਸਿੰਘ
4. ਗੁਰੂਆਂ ਦੇ ਗੁਰੂ ਸ੍ਰੀ ਗੁਰੂ ਰਵਿਦਾਸ ਜੀ —ਸ੍ਰੀ ਰਤਨ ਰੀਹਲ
5. नितकर्त्तव्य और विवाह की विधि साहिब सतगुरू रविदास जी महाराज -हजूर स्वामी खजान दास गिर जी महाराज
6. The Chamars -G.W. Briggs
7. ਬਾਣੀ ਗੁਰੂ ਰਵਿਦਾਸ —ਡਾ. ਰਤਨ ਸਿੰਘ ਜੱਗੀ
8. ਗੁਰੂ ਰਵਿਦਾਸ ਦਰਪਣ —ਡਾ. ਧਰਮ ਪਾਲ ਸਿੰਗਲ
9. रविदास दर्शन -श्री पृथ्वी सिंह आजाद
10. ਸ੍ਰੀ ਗੁਰੂ ਰਵਿਦਾਸ (ਜੀਵਨ ਅਤੇ ਕਿਰਤਾਂ) —ਡਾ. ਲੇਖ ਰਾਜ 'ਪਰਵਾਨਾ'
11. ਸ੍ਰੀ ਗੁਰੂ ਰਵਿਦਾਸ ਪ੍ਰਕਾਸ਼ —ਸੰਤ ਜਸਵੰਤ ਸਿੰਘ ਜੀ
12. ਸ੍ਰੀ ਗੁਰੂ ਰਵਿਦਾਸ ਦੀਪ ਗ੍ਰੰਥ —ਸੰਤ ਹੀਰਾ ਦਾਸ ਜੀ 'ਫਗਵਾੜਾ'
13. संत गुरु रविदास वाणी -डा॰ बी॰पी॰ शर्मा
14. ਪਾਵਨ ਗਾਥਾ ਜਗਤਗੁਰੂ ਰਵਿਦਾਸ ਜੀ — ਵਿਜੈ ਕੁਮਾਰ 'ਹਜ਼ਾਰਾ'
15. ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ — ਵਿਜੈ ਕੁਮਾਰ 'ਹਜ਼ਾਰਾ'